# ਗੁਰ-ਇਤਿਹਾਸ

## ਪਾਤਸ਼ਾਹੀ ੨ ਤੋਂ ੯



ਪ੍ਰੋਫ਼ੈਸਰ ਸਾਹਿਬ ਸਿੰਘ


www.sikhbookclub.com

# ਗੁਰ-ਇਤਿਹਾਸ

## ਪਾਤਸ਼ਾਹੀ ੨ ਤੋਂ ੯

 www.sikhbookclub.com

ਏਸੇ ਕਲਮ ਤੋਂ :

ਬਾਬਾਣੀਆਂ ਕਹਾਣੀਆਂ, ਮੇਰੀ ਜੀਵਨ ਕਹਾਣੀ, ਗੁਰਬਾਣੀ ਵਿਆਕਰਣ, ਸਿਮਰਨ ਦੀਆਂ ਬਰਕਤਾਂ, ਆਦਿ ਬੀੜ ਬਾਰੇ, ਸਦਾਚਾਰਕ ਲੇਖ, ਸਰਬੱਤ ਦਾ ਭਲਾ, ਧਰਮ ਤੇ ਸਦਾਚਾਰ, ਬੁਰਾਈ ਦਾ ਟਾਕਰਾ, ਸਿਖੁ ਸਿਦਕੁ ਨਾ ਹਾਰੇ, ਗੁਰਬਾਣੀ ਤੇ ਇਤਿਹਾਸ ਬਾਰੇ, ਜੀਵਨ ਬ੍ਰਿਤਾਂਤ ਗੁਰੂ ਨਾਨਕ ਦੇਵ ਜੀ, ਜੀਵਨ ਬ੍ਰਿਤਾਂਤ ਗੁਰੂ ਅੰਗਦ ਦੇਵ ਜੀ, ਜੀਵਨ ਬ੍ਰਿਤਾਂਤ ਗੁਰੂ ਅਮਰਦਾਸ ਜੀ, ਜੀਵਨ ਬ੍ਰਿਤਾਂਤ ਗੁਰੂ ਰਾਮਦਾਸ ਜੀ, ਜੀਵਨ ਬ੍ਰਿਤਾਂਤ ਗੁਰੂ ਅਰਜਨ ਦੇਵ ਜੀ, ਜੀਵਨ ਬ੍ਰਿਤਾਂਤ ਗੁਰੂ ਹਰਿਗੋਬਿੰਦ ਜੀ, ਜੀਵਨ ਬ੍ਰਿਤਾਂਤ ਗੁਰੂ ਹਰਿ ਰਾਇ ਜੀ, ਜੀਵਨ ਬ੍ਰਿਤਾਂਤ ਗੁਰੂ ਹਰਿ ਕ੍ਰਿਸ਼ਨ ਜੀ, ਜੀਵਨ ਬ੍ਰਿਤਾਂਤ ਗੁਰੂ ਤੇਗ ਬਹਾਦਰ ਜੀ, ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ, ਬਾਰਹਮਾਹ ਤੁਖਾਰੀ ਤੇ ਮਾਝ ਸਟੀਕ, ਗੁਰ-ਇਤਿਹਾਸ ਪਾ: ੨ ਤੋਂ ੯ ਇਕੋ ਜਿਲਦ ਵਿਚ, ਸਲੋਕ ਗੁਰੂ ਅੰਗਦ ਸਾਹਿਬ ਸਟੀਕ, ਜਪੁ ਜੀ ਸਾਹਿਬ ਸਟੀਕ, ਆਸਾ ਦੀ ਵਾਰ ਸਟੀਕ, ਸੁਖਮਨੀ ਸਾਹਿਬ ਸਟੀਕ, ਨਿਤਨੇਮ ਸਟੀਕ, ਭੱਟਾਂ ਦੇ ਸਵਈਏ ਸਟੀਕ, ਸੱਤੇ ਬਲਵੰਡ ਦੀ ਵਾਰ ਸਟੀਕ, ਸਿਧ ਗੋਸਟਿ ਸਟੀਕ, ਰਾਮਕਲੀ ਸਦ ਸਟੀਕ, ਸਲੋਕ ਫ਼ਰੀਦ ਜੀ ਸਟੀਕ, ਸਲੋਕ ਕਬੀਰ ਜੀ ਸਟੀਕ, ਭਗਤ ਬਾਣੀ ਸਟੀਕ (ਪੰਜ ਜਿਲਦਾਂ), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ) ਦਸ ਜਿਲਦਾਂ, ਜਾਪੁ ਸਾਹਿਬ - ਸਵੱਈਏ - ਚੌਪਈ ਸਟੀਕ, ਜਪੁਜੀ ਸਾਹਿਬ ਟੀਕਾ (ਹਿੰਦੀ ਵਿਚ)।

 www.sikhbookclub.com

੧ਓ ਸਤਿਗੁਰਪ੍ਰਸਾਦਿ ॥

# ਗੁਰ-ਇਤਿਹਾਸ

## ਪਾਤਸ਼ਾਹੀ ੨ ਤੋਂ ੯

**ਪ੍ਰੋ.ਫੈਸਰ ਸਾਹਿਬ ਸਿੰਘ**
ਡੀ.ਲਿਟ.

**ਸਿੰਘ ਬ੍ਰਦਰਜ਼**
ਅੰਮ੍ਰਿਤਸਰ

ISBN 81-7205-172-7

1996, 1998, 2003, 2006
ਪੰਜਵੀਂ ਵਾਰ ਮਈ 2011

ਮੁੱਲ : 120-00 ਰੁਪਏ

ਪ੍ਰਕਾਸ਼ਕ :
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

 www.sikhbookclub.com

# ਤਤਕਰਾ

## ਸ੍ਰੀ ਗੁਰੂ ਅੰਗਦ ਸਾਹਿਬ


ਜਨਮ-ਅਸਥਾਨ ੧੧
ਜਨਮ-ਤਰੀਕ ੧੧
ਵਿਆਹ ੧੨
ਦੇਸ਼ ਵਿਚ ਬੇ-ਅਮਨੀ,
ਪਿੰਡ ਛੱਡਣਾ ੧੨
ਦੌਲਤ ਖ਼ਾਂ ਦਾ ਹਸ਼ਰ ੧੪
ਧਾਰਮਿਕ ਰੁਚੀਆਂ ੧੫
ਗੁਰੂ ਨਾਨਕ ਦੇਵ ਜੀ
ਨਾਲ ਮਿਲਾਪ ੧੫
ਗੁਰੂ ਨਾਨਕ ਸਾਹਿਬ ਦੀ ਸੰਗਤ ੧੬
ਜੀਵਨ ਵਿਚ ਤਬਦੀਲੀ ੧੬
ਗੁਰਿਆਈ ਤੇ ਪਰਚਾਰ ਕੇਂਦਰ ੨੦
ਨਿਸ਼ਕਾਮਤਾ ੨੧
ਵਰਨ-ਵੰਡ ਦਾ ਵਿਤਕਰਾ ੨੨
ਜਾਤਿ-ਅਭਿਮਾਨੀਆਂ ਦੀ ਈਰਖਾ ੨੩
ਰਾਜ-ਗਰਦੀ ੨੪
ਗੋਇੰਦਵਾਲ ਦਾ ਵੱਸਣਾ ੨੬
ਜੋਤੀ ਜੋਤਿ ਸਮਾਉਣਾ ੨੭
ਗੁਰੂ ਅੰਗਦ ਦੇਵ ਜੀ ਦੀ ਬਾਣੀ ੨੮
ਗੁਰੂ ਅੰਗਦ ਸਾਹਿਬ ਦੀ ਤਾਲੀਮ:
(੧) ਜੀਵਨ-ਸਾਖੀਆਂ ਵਿਚੋਂ ੩੦
(੨) ਉਨ੍ਹਾਂ ਦੀ ਬਾਣੀ ਵਿਚੋਂ ੩੨
ਗੁਰੂ ਨਾਨਕ ਦੇਵ ਜੀ ਦੀ ਬਾਣੀ
ਇਨ੍ਹਾਂ ਪਾਸ ਮੌਜੂਦ ਸੀ ੪੭


## ਸ੍ਰੀ ਗੁਰੂ ਅਮਰਦਾਸ ਜੀ


ਪਹਿਲਾ ਕਾਂਡ—
ਜਨਮ-ਪਿੰਡ ਤੇ ਜਨਮ-ਤਰੀਕ ੬੦
ਵਿਆਹ ਅਤੇ ਸੰਤਾਨ ੬੧
ਧਾਰਮਿਕ ਰੁਚੀਆਂ ੬੧
ਗੁਰੂ ਅੰਗਦ ਦੇਵ ਜੀ ਨਾਲ ਮੇਲ ੬੧
ਘਾਲ-ਕਮਾਈ ਅਤੇ ਗੁਰਿਆਈ ੬੩
ਪ੍ਰਚਾਰ-ਕੇਂਦਰ ਗੋਇੰਦਵਾਲ ੬੫
ਦੂਜਾ ਕਾਂਡ—
ਬੀਬੀ ਭਾਨੀ ਜੀ ਦੀ ਸ਼ਾਦੀ ੬੬
ਗੁਰੂ ਕਾ ਲੰਗਰ ੬੭
ਗੁਰਿਆਈ ਦਾ ਦਾਅਵੇਦਾਰ ੬੯
ਅਕਬਰ ਪਾਸ ਸ਼ਿਕਾਇਤ ੭੧
ਗੁਰੂ ਅਮਰਦਾਸ ਜੀ
ਕੁਰਖੇਤ ਗਏ ੭੩

**ਤੀਜਾ ਕਾਂਡ—**
ਲੰਗਰ ਦੀ ਮਰਯਾਦਾ ਤੇ ਉਹੀ ਵਿਰੋਧਤਾ ੭੫
ਬਾਉਲੀ ਬਣਨੀ ੭੬
ਕੜ ਤੋੜਨਾ, ਮਾਣਕ ਚੰਦ ੭੭
ਜੱਗ ੭੯
ਅਕਬਰ ਵਲੋਂ ਜਾਗੀਰ ੮੦
**ਚੌਥਾ ਕਾਂਡ—**
੨੨ ਮੰਜੀਆਂ ੮੨
**ਪੰਜਵਾਂ ਕਾਂਡ—**
ਗੁਰੂ-ਚੱਕ ਵਸਾਣਾ ੮੯
ਗੁਰਿਆਈ ੯੦
ਜੋਤੀ ਜੋਤਿ ਸਮਾਉਣਾ ੯੨
**ਛੇਵਾਂ ਕਾਂਡ—**
ਗੁਰੂ ਅਮਰਦਾਸ ਜੀ ਦੀ ਬਾਣੀ ੯੫
ਗੁਰੂ ਅਮਰਦਾਸ ਜੀ ਦੀ ਤਾਲੀਮ ੯੮
ਗੋਇੰਦਵਾਲ ਵਿਖੇ ਪ੍ਰਸਿੱਧ ਗੁਰ-ਅਸਥਾਨ ੧੦੧

## ਸ੍ਰੀ ਗੁਰੂ ਰਾਮਦਾਸ ਜੀ

**ਪਹਿਲਾ ਕਾਂਡ—**
ਜਨਮ-ਅਸਥਾਨ ੧੦੩
ਜਨਮ-ਤਰੀਕ ੧੦੩
ਬਾਲ-ਉਮਰ ੧੦੪
(ਗੁਰੂ) ਅਮਰਦਾਸ ਜੀ ਨਾਲ ਮਿਲਾਪ ੧੦੪
ਬਾਸਰਕੇ ਵਿਚ ਆਜੀਵਕਾ ੧੦੫
ਗੋਇੰਦਵਾਲ ਦਾ ਵੱਸਣਾ ੧੦੫
ਸ਼ਾਦੀ ੧੦੬
**ਦੂਜਾ ਕਾਂਡ—**
ਅਕਬਰ ਦੇ ਦਰਬਾਰ ਵਿਚ ੧੦੭
ਕੁਰਖੇਤ ਹਰਿਦੁਆਰ ਜਾਣਾ ੧੦੮
ਬਾਉਲੀ ਦੀ ਸੇਵਾ ੧੦੮
ਸੰਤਾਨ ੧੧੦
ਗੁਰਿਆਈ ਮਿਲਣੀ ੧੧੦
**ਤੀਜਾ ਕਾਂਡ—**
ਧਰਮ-ਕੇਂਦਰ ਮਾਝੇ ਦੀ ਧੁੰਨੀ ਵਿਚ ੧੧੨
ਮਸੰਦ ੧੧੪
ਸਰੋਵਰ ਦੀ ਪਵਿੱਤਰਤਾ ੧੧੫
ਸਿਫ਼ਤਿ-ਸਾਲਾਹ ਦੀਆਂ ਲਹਿਰਾਂ ੧੧੬
**ਚੌਥਾ ਕਾਂਡ—**
ਗੁਰਿਆਈ ਦੇਣੀ ੧੧੮
ਜੋਤੀ ਜੋਤਿ ਸਮਾਉਣਾ ੧੨੧
**ਪੰਜਵਾਂ ਕਾਂਡ—**
ਗੁਰੂ ਰਾਮਦਾਸ ਜੀ ਦੀ ਬਾਣੀ ੧੨੪
**ਛੇਵਾਂ ਕਾਂਡ—**
ਗੁਰੂ ਸਾਹਿਬ ਦੀ ਤਾਲੀਮ ੧੨੮
ਨਿਮ੍ਰਤਾ, ਗ਼ਰੀਬੀ ੧੨੮
ਖਾਲਕੁ ਖਲਕ ਮਹਿ ੧੨੯
ਗੁਰੂ ਦਾ ਸਤਿਕਾਰ ੧੩੦
ਬ੍ਰਾਹਮਣ ਦੇ ਰਸੂਖ਼ ਉੱਤੇ ਕਾਰੀ ਚੋਟ ੧੩੧

## ਸ੍ਰੀ ਗੁਰੂ ਅਰਜਨ ਦੇਵ ਜੀ


**ਪਹਿਲਾ ਕਾਂਡ—**

ਜਨਮ-ਅਸਥਾਨ ੧੩੪
ਜਨਮ-ਤਰੀਕ ੧੩੫
ਬਾਲ-ਉਮਰ ੧੩੫
ਪਿਤਾ-ਗੁਰੂ ਦੀਆਂ ਜ਼ਿੰਮੇਵਾਰੀਆਂ ੧੩੬

**ਦੂਜਾ ਕਾਂਡ—**

ਗੁਰਿਆਈ ੧੩੭
ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ ੧੩੮
ਦਸਤਾਰ ਬੰਦੀ, ਭੱਟਾਂ ਦਾ ਆਉਣਾ ੧੪੦

**ਤੀਜਾ ਕਾਂਡ—**

ਗੁਰੂ-ਘਰ ਦੀ ਨਾਕਾਬੰਦੀ ੧੪੨
ਬਲਵੰਡ ਤੇ ਸੱਤੇ ਦਾ ਰੁਸੇਵਾਂ ੧੪੪

**ਚੌਥਾ ਕਾਂਡ—**

ਸ਼ਹਿਰ ਦੀ ਤਰੱਕੀ, ਸੰਤੋਖਸਰ ੧੪੭
ਦਸਵੰਧ ੧੪੮
ਅੰਮ੍ਰਿਤ-ਸਰੋਵਰ,
ਹਰਿਮੰਦਰ ਸਾਹਿਬ ੧੪੯
ਸ਼ਾਦੀ ੧੫੦

**ਪੰਜਵਾਂ ਕਾਂਡ—**

ਮਾਝੇ ਦੇ ਪਿੰਡਾਂ ਦੀ ਸੰਭਾਲ ੧੫੧
(ੳ) ਦੱਖਣ ਪਾਸੇ ੧੫੨
(ਅ) ਬਿਆਸਾ ਤੋਂ ਪਾਰ ਤਕ ੧੫੪
(ੲ) ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ੧੫੪
(ਸ) ਲਾਹੌਰ ਚੂਨੀਆਂ,
ਬਹੜਵਾਲ ਵਲ ੧੫੫
(ਹ) ਪਹਾੜ ਪਾਸੇ ਤੇ
ਜ਼ਿਲ੍ਹਾ ਗੁਰਦਾਸਪੁਰ ੧੫੭

**ਛੇਵਾਂ ਕਾਂਡ—**

ਬਾਬਾ ਪ੍ਰਿਥੀਚੰਦ ਜੀ ਦੀ ਵਿਰੋਧਤਾ ੧੫੮
ਸਰਕਾਰੀ ਰਸੂਖ਼ ਬੀਰਬਲ ੧੬੧
ਹੇਹਰੀਂ ਦੁਖ ਨਿਵਾਰਨ ੧੬੩
ਸੁਲਹੀ ਖ਼ਾਂ ੧੬੩
ਗੁਰਬਾਣੀ ਵਿਰੁਧ ਸ਼ਿਕਾਇਤਾਂ ੧੬੪

**ਸੱਤਵਾਂ ਕਾਂਡ—**

ਅੰਮ੍ਰਿਤਸਰ ਵਿਚ ਵਾਪਸੀ ੧੬੭
(ਗੁਰੂ) ਹਰਿ ਗੋਬਿੰਦ ਸਾਹਿਬ
ਨੂੰ ਸੀਤਲਾ ੧੬੭

**ਅੱਠਵਾਂ ਕਾਂਡ—**

ਆਦਿ ਬੀੜ ੧੭੧
ਪਹਿਲਾ ਪਰਕਾਸ਼ ੧੭੨
ਭਾਈ ਬੰਨੋ ਵਾਲੀ ਬੀੜ ੧੭੩
ਉਤਾਰਾ ਕਿਵੇਂ ਹੋਇਆ ? ੧੭੪
ਖਾਰੀ ਬੀੜ ੧੭੫
ਹੋਰ ਉਤਾਰੇ ੧੭੫
ਫ਼ਾਲਤੂ ਨਕਲੀ ਬਾਣੀਆਂ ੧੭੬

**ਨੌਵਾਂ ਕਾਂਡ—**

ਗੁਰੂ ਅਰਜਨ ਸਾਹਿਬ ਦੇ ਵਿਰੋਧੀ ੧੭੭
ਚੰਦੂ ੧੭੮
ਜਹਾਂਗੀਰ ਦਾ ਤਖ਼ਤ ਉਤੇ ਬੈਠਣਾ ੧੭੯
ਵਿਰੋਧੀਆਂ ਦੀ ਸਾਜ਼ਸ਼ ੧੮੨
ਤਸੀਹੇ ਤੇ ਸ਼ਹੀਦੀ ੧੮੩
ਵਲੀ ਮੀਆਂ ਮੀਰ ੧੮੪
ਸ਼ਹੀਦੀ ਬਾਰੇ ਗਵਾਹੀਆਂ ੧੮੭

**ਦਸਵਾਂ ਕਾਂਡ—**

ਕੁਝ ਕੁ ਗੁਰ-ਅਸਥਾਨ ੧੯੦
ਗੁਰੂ ਅਰਜਨ ਸਾਹਿਬ ਦੀ ਬਾਣੀ ੧੯੦

**੧੧ਵਾਂ ਕਾਂਡ—**

ਗੁਰੂ ਅਰਜਨ ਸਾਹਿਬ ਦੀ
ਸ਼ਖ਼ਸੀਅਤ ੧੯੫
੧. ਸਹਿਨ ਸ਼ੀਲਤਾ ੧੯੫

२. ਆਪਾ ਵਾਰਨ ਦਾ ਇਸ਼ਕ ੧੯੬
ਗੁਰੂ ਅਰਜਨ ਸਾਹਿਬ ਦੀ ਤਾਲੀਮ ੧੯੭
(ੳ) ਖਾਲਕੁ ਖਲਕ ਮਹਿ
ਭਾਈ ਬਹਿਲੋ ੧੯੭
ਪੰਡਤ ਗੰਗਾ ਰਾਮ ੧੯੮
ਭਾਈ ਮੰਝ ੧੯੮
ਭਾਈ ਬੁੱਧੂ ੧੯੯
(ਅ) ਸ਼ਰਧਾ ਤੇ ਪਰਤੀਤ ੨੦੦


## ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ


**ਪਹਿਲਾ ਕਾਂਡ—**
ਜਨਮ-ਅਸਥਾਨ ੨੦੨
ਬਾਲ-ਉਮਰ ੨੦੩
ਸੀਤਲਾ ੨੦੪
ਵਿੱਦਿਆ ਆਦਿ ਦੀ
ਸਿਖਲਾਈ ੨੦੫
ਗੁਰਿਆਈ ੨੦੫

**ਦੂਜਾ ਕਾਂਡ—**
ਸ਼ਹੀਦੀ ਦਾ ਅਸਰ ੨੦੭
ਬੀਰ-ਰਸ ਲਈ ਸਹੀ ਅਗਵਾਈ ੨੦੭
ਘੋੜੇ ਅਤੇ ਸ਼ਸਤ੍ਰ ੨੦੭
ਸ਼ਿਕਾਰ ਅਤੇ ਸ਼ਸਤ੍ਰ-ਵਿੱਦਿਆ ੨੦੮
ਸ੍ਰੀ ਅਕਾਲ ਤਖ਼ਤ ੨੦੯
ਸ਼ਾਂਤ-ਰਸ ਤੇ ਬੀਰ-ਰਸ ੨੦੯
ਵਾਰਾਂ ਤੇ ਢਾਡੀ ੨੧੦

**ਤੀਜਾ ਕਾਂਡ—**
ਟਿਕਵਾਂ ਸਮਾ ੨੧੧
ਤਪੇ ਦਿਲਾਂ ਲਈ ਉੱਦਮ ੨੧੧
ਪਰਚਾਰ, ਦੁਆਬਾ ਮਾਲਵਾ ੨੧੨
ਪੈਂਦੇ ਖ਼ਾਂ ੨੧੪
ਭਾਈ ਸਾਈਂ ਦਾਸ ੨੧੪
ਕਸ਼ਮੀਰ ਜਾਣਾ ੨੧੫
ਅੰਮ੍ਰਿਤਸਰ ਦੀ ਉੱਨਤੀ ੨੧੭

**ਚੌਥਾ ਕਾਂਡ—**
ਨਜ਼ਰਬੰਦੀ ਤੇ ਰਿਹਾਈ ੨੧੯
ਜਹਾਂਗੀਰ ਦੇ ਨਾਲ
ਪੰਜਾਬ ਨੂੰ ਵਾਪਸੀ ੨੨੧
ਜਹਾਂਗੀਰ ਅੰਮ੍ਰਿਤਸਰ ਵਿਚ ੨੨੩
ਸਤਿਗੁਰੂ ਜੀ ਲਾਹੌਰ ਨੂੰ ੨੨੩
ਕੌਲਾਂ, ਘੋੜਾ ੨੨੪
ਕੌਲਾਂ ਲਈ ਮੌਤ ਦਾ ਫ਼ਤਵਾ ੨੨੫
ਜਹਾਂਗੀਰ ਕਸ਼ਮੀਰੋਂ ਵਾਪਸ ੨੨੬

**ਪੰਜਵਾਂ ਕਾਂਡ—**
ਮੁੜ ਅੰਮ੍ਰਿਤਸਰ ਵਿਚ ੨੨੭
ਸੁਲੱਖਣੀ ੨੨੮
ਜਹਾਂਗੀਰ ਦੇ ਅਖ਼ੀਰਲੇ ਸਾਲ ੨੨੯
ਕੁਝ ਸਿੱਖਾਂ ਦੇ ਤੌਖਲੇ ੨੨੯
ਗੁਰੂ ਸਾਹਿਬ ਦੀ ਅਗਵਾਈ ੨੩੦

**ਛੇਵਾਂ ਕਾਂਡ—**
ਹਕੂਮਤ ਨਾਲ ਟੱਕਰ ੨੩੨
ਲੋਹਗੜ੍ਹ ਦੀ ਲੜਾਈ ੨੩੩
ਬੀਬੀ ਵੀਰੋ ਦਾ ਵਿਆਹ ੨੩੫
ਪੈਂਦੇ ਖ਼ਾਂ ਦਾ ਅਹੰਕਾਰ ੨੩੫

**ਸੱਤਵਾਂ ਕਾਂਡ—**
ਰਮਦਾਸ ਤੇ ਹੋਰ ਪਿੰਡਾਂ
'ਚ ਪਰਚਾਰ ੨੩੭
ਬਾਬਾ ਸਿਰੀ ਚੰਦ ਜੀ ਦੀ ਸਾਦਗੀ ੨੩੭
ਉਦਾਸੀ ਸੰਪ੍ਰਦਾਇ ੨੩੮
ਅੰਮ੍ਰਿਤਸਰ ਤੇ ਬਾਬਾ ਅਟੱਲ ੨੩੯
ਭਾਈ ਗੁਰਦਾਸ ਜੀ ਦਾ ਦੇਹਾਂਤ ੨੪੦


 www.sikhbookclub.com

**ਅੱਠਵਾਂ ਕਾਂਡ—**

ਦੂਜਾ ਜੰਗ, ਕਰਤਾਰਪੁਰ ੨੪੧
ਕੀਰਤਪੁਰ ਵੱਸਣਾ ੨੪੨
ਨਾਨਕ ਮਤਾ ੨੪੨
ਡਰੌਲੀ ੨੪੩
ਧੱਕੇਸ਼ਾਹੀ ਤੇ ਘੋੜੇ ੨੪੩
ਤੀਜੀ ਲੜਾਈ ੨੪੩

**ਨੌਵਾਂ ਕਾਂਡ—**

ਕਰਤਾਰਪੁਰ ਆਉਣਾ ੨੪੬
ਚੌਥੀ ਲੜਾਈ ਤੇ ਪੈਂਦੇ ਖਾਂ ੨੪੬

**ਦਸਵਾਂ ਕਾਂਡ—**

ਕੀਰਤਪੁਰ ਨੂੰ ਜਾਣਾ ੨੪੯
ਦਾਰਾ ਸ਼ਿਕੋਹ ਤੇ ਪੰਜਾਬ ੨੫੦
ਸਿਖ ਧਰਮ ਦਾ ਪਰਚਾਰ ੨੫੧
ਬਾਬਾ ਗੁਰਦਿੱਤਾ ਜੀ ਦਾ ਦੇਹਾਂਤ ੨੫੩

**੧੧ਵਾਂ ਕਾਂਡ—**

ਜੋਤੀ ਜੋਤਿ ਸਮਾਉਣਾ ੨੫੪
ਸੰਤਾਨ ੨੫੪

**੧੨ਵਾਂ ਕਾਂਡ—**

ਗੁਰੂ ਸਾਹਿਬ ਦੀ ਸ਼ਖ਼ਸੀਅਤ ੨੫੫
ਗੁਰੂ ਸਾਹਿਬ ਦੀ ਤਾਲੀਮ ੨੫੮
ਗਰੀਬ ਦੀ ਸੇਵਾ ੨੫੮
ਲੰਮੀ ਉਮਰ ਤੇ ਧਰਮ ੨੫੯
ਕਰਾਮਾਤ ੨੬੦
ਗੁਰੂ-ਚਰਨ ਤੇ ਸੁਰਗ ੨੬੦

## ਸ੍ਰੀ ਗੁਰੂ ਹਰਿ ਰਾਇ ਸਾਹਿਬ

ਜਨਮ-ਤਰੀਕ ਤੇ ਅਸਥਾਨ ੨੬੨
ਗੁਰਿਆਈ ੨੬੩
ਔੜ ਅਤੇ ਕਾਲ ੨੬੩
ਮੰਦਰਾਂ ਵਿਰੁੱਧ ਸ਼ਾਹੀ ਹੁਕਮ ੨੬੪
ਸਹਿਮਿਆਂ ਨੂੰ ਸਹਾਰਾ ੨੬੬
ਦਾਰਾ ਸ਼ਿਕੋਹ ਉਤੇ ਅਸਰ ੨੬੮
ਆਗਰੇ ਦੀ ਥਾਂ ਦਿੱਲੀ ਰਾਜਧਾਨੀ ੨੬੯
ਸ਼ਾਹੀ ਤਖ਼ਤ ਵਾਸਤੇ ਦੌੜ-ਭੱਜ ੨੭੦
ਸਿੱਖ ਧਰਮ ਉਤੇ ਇਕ ਹੋਰ ਚੋਟ ੨੭੧
ਸ਼ਾਹੀ ਸੱਦਾ ੨੭੪
ਜੋਤੀ ਜੋਤਿ ਸਮਾਉਣਾ ੨੭੭
ਜੀਵਨ ਵਿਚੋਂ ਸਿੱਖ ਧਰਮ ਦੀ ਤਾਲੀਮ ੨੭੮
ਕੀਰਤਪੁਰ ਵਿਚ ਗੁਰ-ਅਸਥਾਨ ੨੮੬

## ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ

ਜਨਮ, ਗੁਰਿਆਈ ਤੇ ਸਿੱਖ-ਸ਼ਰਧਾ ਦੀ ਪਰਖ ੨੮੮
ਕੁਝ ਮਸੰਦਾਂ ਦੀ ਗਿਰਾਵਟ ੨੮੯
ਬਾਬਾ ਰਾਮ ਰਾਇ ਜੀ ਨੂੰ ਚੁੱਕਣਾ ੨੯੦
ਕੁਝ ਬ੍ਰਾਹਮਣਾਂ ਦੀਆਂ ਨਵੀਆਂ ਆਸਾਂ ੨੯੧
ਔਰੰਗਜ਼ੇਬ ਕਸ਼ਮੀਰ ਨੂੰ ੨੯੨
ਸ਼ਾਹੀ ਸੱਦਾ ਦੂਜੀ ਵਾਰ ੨੯੩
ਗੁਰੂ ਤੇ ਸਿੱਖ ਦੀ ਸਾਂਝ ੨੯੩
ਦਿੱਲੀ ਵੱਲ ਰਵਾਨਗੀ ੨੯੪
ਇਕ ਬ੍ਰਾਹਮਣ ਦੀ ਚਾਲ ਤੇ ਪਰਖ ੨੯੪
ਦਿੱਲੀ ਪਹੁੰਚਣਾ ੨੯੬
ਅਸਚਰਜ ਆਤਮਕ ਉੱਚਤਾ ੨੯੭
ਜੋਤੀ ਜੋਤਿ ੨੯੮
ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਤਾਲੀਮ ੩੦੦
ਦਿੱਲੀ ਵਿਚ ਗੁਰ-ਅਸਥਾਨ ੩੦੧

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ


**ਪਹਿਲਾ ਕਾਂਡ—**

ਜਨਮ ਅਸਥਾਨ ਤੇ ਤਰੀਕ ੩੦੩
ਬਾਲ-ਉਮਰ ੩੦੩
ਗੁਰਿਆਈ, ਬਾਈ ਦਾਅਵੇਦਾਰ ੩੦੪
ਗੁਰੂ ਲਾਧੋ ੩੦੫
ਵਿਰੋਧੀਆਂ ਦੀ ਚੋਟ ੩੦੬
ਸਤਿਗੁਰੂ ਜੀ ਦੀ ਉਦਾਰਤਾ ੩੦੭
ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ੩੦੭
ਪਿੰਡ ਵੱਲੇ ਦੀ ਸੰਗਤ ੩੦੮
ਅੰਤਰ ਸੜੀਏ ੩੦੮
ਅਨੰਦਪੁਰ ੩੦੯

**ਦੂਜਾ ਕਾਂਡ—**

ਔਰੰਗਜ਼ੇਬ ਦੀ ਮਜ਼ਹਬੀ ਨੀਤੀ ੩੧੦
ਪਾੜੋ ਤੇ ਰਾਜ ਕਰੋ ੩੧੧

**ਤੀਜਾ ਕਾਂਡ—**

ਪੂਰਬ ਦੇਸ ਵਲ ਜਾਣਾ ੩੧੩
ਮਾਲ੍ਵੇ ਵਿਚੋਂ ਦੀ ੩੧੪
ਮੂਲੋਵਾਲ ੩੧੫
ਸਰਵਰੀਏ ੩੧੬
ਸਾਬੋ ਕੀ ਤਲਵੰਡੀ ੩੧੬
ਬਾਂਗਰ ਦੇਸ, ਭਾਈ ਮੀਹਾਂ ੩੧੭
ਕੁਰਖੇਤ੍ਰ ੩੧੭

**ਚੌਥਾ ਕਾਂਡ—**

ਉੱਤਰ ਪ੍ਰਦੇਸ਼ ੩੧੯
ਬਿਹਾਰ ਪ੍ਰਾਂਤ ੩੧੯
ਗਯਾ, ਪਟਨਾ ੩੨੦
ਮੁੰਗੇਰ, ਬੰਗਾਲ ਪ੍ਰਾਂਤ, ਢਾਕਾ ੩੨੧

**ਪੰਜਵਾਂ ਕਾਂਡ—**

ਆਸਾਮ ਪ੍ਰਾਂਤ ਦਾ ਭੂਗੋਲ ੩੨੩
ਅਹੋਮੀ ਕਬੀਲਾ ੩੨੫
ਮੁਗ਼ਲਾਂ ਨਾਲ ਟੱਕਰ ੩੨੫

**ਛੇਵਾਂ ਕਾਂਡ—**

ਰਾਜਾ ਰਾਮ ਸਿੰਘ ਆਸਾਮ ਨੂੰ ੩੨੮
ਗੁਰੂ ਸਾਹਿਬ ਆਸਾਮ ਵਿਚ ੩੨੯

**ਸਤਵਾਂ ਕਾਂਡ—**

ਪੰਜਾਬ ਵਲ ਵਾਪਸੀ ੩੩੨
ਸਖ਼ਤੀ ਦਾ ਉਲਟਾ ਫਲ ੩੩੨
ਕਸ਼ਮੀਰੀ ਪੰਡਿਤ ੩੩੪
ਕੁਰਬਾਨੀ ਦੇ ਪੂਰਨੇ ੩੩੪
ਔਰੰਗਜ਼ੇਬ, ਹਸਨ ਅਬਦਾਲ ੩੩੫

**ਅੱਠਵਾਂ ਕਾਂਡ—**

ਸਤਿਗੁਰੂ ਜੀ ਦਾ ਦੇਸ-ਰਟਨ ੩੩੭
ਸੈਫ਼ਾਬਾਦ, ਸਮਾਣਾ ੩੩੭
ਕੈਥਲ, ਲੱਖਣ ਮਾਜਰਾ, ਰੋਹਤਕ ੩੩੮
ਤੁਰਕ ਹਾਕਮਾਂ ਵਲੋਂ ਰਪੋਟਾਂ ੩੩੮
ਗ੍ਰਿਫ਼ਤਾਰੀ ਦਾ ਹੁਕਮ ੩੩੯

**ਨੌਵਾਂ ਕਾਂਡ—**

ਕੈਦ ਤੇ ਸ਼ਹੀਦੀ ੩੪੧
ਭਾਈ ਜੈਤੇ ਦੀ ਹਿੰਮਤ ੩੪੨
ਰਕਾਬ ਗੰਜ, ਲੱਖੀ ਵਣਜਾਰਾ ੩੪੩
ਗੁਰੂ ਕੇ ਬੇਟੇ ੩੪੪
ਜੀਵਨ-ਸੰਖੇਪ ੩੪੪

**ਦਸਵਾਂ ਕਾਂਡ—**

ਗੁਰੂ ਸਾਹਿਬ ਦੀ ਬਾਣੀ ੩੪੬
ਪਰਸਿੱਧ ਗੁਰਦੁਆਰੇ ੩੪੭

**੧੧ਵਾਂ ਕਾਂਡ—**

ਗੁਰੂ ਸਾਹਿਬ ਦੀ ਸ਼ਖ਼ਸੀਅਤ ੩੪੮
ਤਾਲੀਮ ਬਾਣੀ ਵਿਚੋਂ ੩੫੦


 www.sikhbookclub.com

ੴ ਸਤਿਗੁਰਪ੍ਰਸਾਦਿ ॥

## ਜੀਵਨ-ਬ੍ਰਿਤਾਂਤ

# ਗੁਰੂ ਅੰਗਦ ਸਾਹਿਬ

**(੧੫੦੪-੧੫੫੨)**

ਮਾਪਿਆਂ ਨੇ ਇਨ੍ਹਾਂ ਦਾ ਨਾਂ ਲਹਿਣਾ ਰੱਖਿਆ ਸੀ, ਜਦੋਂ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਆਪਣੇ ਥਾਂ ਗੁਰੂ ਬਣਾਇਆ, ਉਸ ਵੇਲੇ ਇਨ੍ਹਾਂ ਦਾ ਨਾਮ ਗੁਰੂ ਅੰਗਦ ਰੱਖਿਆ ਗਿਆ।

## ਜਨਮ-ਅਸਥਾਨ

ਬਾਬਾ ਲਹਿਣਾ ਜੀ ਦਾ ਜਨਮ ਪਿੰਡ ਨਾਂਗੇ ਦੀ ਸਰਾਂ ਵਿਚ ਹੋਇਆ, ਓਦੋਂ ਉਸ ਪਿੰਡ ਦਾ ਨਾਂ ਮੱਤੇ ਦੀ ਸਰਾਂ ਸੀ। ਫ਼ੀਰੋਜ਼ਪੁਰ ਤੋਂ ਬਠਿੰਡੇ ਨੂੰ ਜਾਣ ਵਾਲੀ ਰੇਲਵੇ-ਲਾਈਨ ਉਤੇ ਫ਼ਰੀਦਕੋਟ ਤੋਂ ਅਗਲਾ ਸਟੇਸ਼ਨ ਕੋਟ ਕਪੂਰਾ ਹੈ। ਕੋਟ ਕਪੂਰੇ ਤੋਂ ਫ਼ਾਜ਼ਿਲਕਾ ਨੂੰ ਇਕ ਛੋਟੀ ਲਾਈਨ ਨਿਕਲਦੀ ਹੈ। ਇਸ ਲਾਈਨ ਉਤੇ ਕੋਟ ਕਪੂਰੇ ਤੋਂ ੧੫ ਕੁ ਮੀਲਾਂ ਦੀ ਵਿੱਥ ਉਤੇ ਮੁਕਤਸਰ ਸਟੇਸ਼ਨ ਹੈ। ਮੁਕਤਸਰ ਤੋਂ ਉੱਤਰ-ਪੂਰਬ ਪਾਸੇ ੭ ਕੋਹਾਂ ਦੀ ਵਿੱਥ ਉਤੇ ਪਿੰਡ ਨਾਂਗੇ ਕੀ ਸਰਾਂ ਹੈ। ਉੱਜੜੇ ਥੇਹ ਨੂੰ ਇਕ ਉਦਾਸੀ ਨਾਂਗੇ ਸਾਧੂ ਨੇ ਮੁੜ ਵਸਾਇਆ ਸੀ, ਇਸ ਕਰਕੇ ਇਸ ਦਾ ਨਾਮ 'ਨਾਂਗੇ ਕੀ ਸਰਾਇ' ਪਰਸਿੱਧ ਹੋ ਗਿਆ। ਗੁਰੂ ਅੰਗਦ ਦੇਵ ਜੀ ਦਾ ਜਨਮ-ਅਸਥਾਨ ਪਿੰਡ ਤੋਂ ਚਾਰ ਸੌ ਕਦਮ ਚੜ੍ਹਦੇ ਵਲ ਮੱਤੇ ਦੀ ਸਰਾਇ ਦੇ ਥੇਹ ਉਤੇ ਹੈ। ਇਥੇ ਵੈਸਾਖੀ ਨੂੰ ਮੇਲਾ ਲੱਗਦਾ ਹੈ। ਬੀ.ਬੀ.ਸੀ.ਆਈ. ਰੇਲਵੇ ਦੇ ਸਟੇਸ਼ਨ ਬਰੂਵਾਲੀ ਤੋਂ ਇਹ ਥਾਂ ਡੇਢ ਮੀਲ ਦੱਖਣ ਪਾਸੇ ਹੈ। ਬਾਬਾ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਫ਼ੀਰੋਜ਼ਪੁਰ ਦੇ ਪਠਾਣ ਹਾਕਮ ਦੇ ਖ਼ਜ਼ਾਨਚੀ ਸਨ।

## ਜਨਮ-ਤਰੀਕ

੫ ਵੈਸਾਖ ਸੰਮਤ ੧੫੬੧ ਨੂੰ ਇਨ੍ਹਾਂ ਦਾ ਜਨਮ ਹੋਇਆ ਸੀ, ਚੰਦਰਮਾ

 www.sikhbookclub.com

ਦੀਆਂ ਥਿੱਤਾਂ ਦੇ ਹਿਸਾਬ ਉਸ ਦਿਨ ਵੈਸਾਖ ਵਦੀ ੧ ਸੀ, ਭਾਵ,ਹਨੇਰਾ ਪੱਖ ਪੂਰਨਮਾਸ਼ੀ ਤੋਂ ਅਗਲਾ ਦਿਨ। ਈਸਵੀ ਸੰਨ ੧੫੦੪ ਸੀ ਅਤੇ ਮਾਰਚ ਦੀ ੩੧ ਤਰੀਕ ਸੀ।

## ਵਿਆਹ

ਸੰਨ ੧੫੧੯ (ਸੰਮਤ ੧੫੭੬) ਵਿਚ ੧੫ ਸਾਲ ਦੀ ਉਮਰੇ ਬਾਬਾ ਲਹਿਣਾ ਜੀ ਦੀ ਸ਼ਾਦੀ ਪਿੰਡ ਖਡੂਰ ਵਿਚ ਹੋਈ, ਉਥੋਂ ਦੇ ਇਕ ਖੱਤ੍ਰੀ ਦੇਵੀ ਚੰਦ ਦੀ ਲੜਕੀ (ਮਾਤਾ) ਖੀਵੀ ਨਾਲ। ਬਾਬਾ ਲਹਿਣਾ ਜੀ ਤੇਹਣ ਜਾਤਿ ਦੇ ਖੱਤ੍ਰੀ ਸਨ। ਮੱਤੇ ਦੀ ਸਰਾਂ ਤੋਂ ਖਡੂਰ ਉੱਤਰ ਪਾਸੇ ਹੈ, ਰਤਾ ਕੁ ਪੂਰਬ ਦੇ ਰੁਖ਼ ਪੰਜਾਹ ਕੁ ਮੀਲਾਂ ਦੀ ਵਿੱਥ ਉਤੇ।

## ਦੇਸ਼ ਵਿਚ ਬੇ-ਅਮਨੀ, ਪਿੰਡ ਛੱਡਣਾ

ਜਦੋਂ ਬਾਬਾ ਲਹਿਣਾ ਜੀ ਦਾ ਜਨਮ ਹੋਇਆ, ਤਦੋਂ ਦਿੱਲੀ ਦੇ ਤਖ਼ਤ ਉਤੇ ਲੋਦੀ ਖ਼ਾਨਦਾਨ ਦਾ ਦੂਜਾ ਬਾਦਸ਼ਾਹ ਸਿਕੰਦਰ ਲੋਦੀ ਸੀ। ਸੰਨ ੧੫੧੭ ਵਿਚ ਇਸ ਦੇ ਮਰਨ 'ਤੇ ਇਸ ਦਾ ਪੁੱਤਰ ਇਬਰਾਹੀਮ ਤਖ਼ਤ ਉਤੇ ਬੈਠਾ। ਪਰ ਲੋਦੀਆਂ ਦੀ ਤਾਕਤ ਦਾ ਤੇਜ ਨਹੀਂ ਸੀ ਰਿਹਾ। ਚੁਫੇਰੇ ਹੀ ਬਗ਼ਾਵਤਾਂ ਹੋ ਰਹੀਆਂ ਸਨ। ਵੱਖਰੇ ਵੱਖਰੇ ਸੂਬੇ ਆਕੀ ਹੁੰਦੇ ਜਾ ਰਹੇ ਸਨ। ਗੁਜਰਾਤ, ਕਾਠੀਆਵਾੜ, ਦੱਖਣ, ਮਾਲਵਾ, ਬੰਗਾਲ, ਚਿਤੌੜ, ਵਿਜੈ ਨਗਰ—ਇਹ ਸਾਰੇ ਨਾਮ-ਮਾਤ੍ਰ ਹੀ ਦਿੱਲੀ ਦੇ ਅਧੀਨ ਸਨ। ਲੋਦੀਆਂ ਦਾ ਰਾਜ ਜਿਹਲਮ ਦੇ ਕੰਢੇ ਭੇਰੇ ਤੋਂ ਲੈ ਕੇ ਬਿਹਾਰ ਤਕ ਸੀ, ਪਰ ਇਹ ਭੀ ਕਹਿਣ ਨੂੰ ਹੀ ਸੀ। ਲਾਹੌਰ ਦਾ ਸੂਬੇਦਾਰ ਦੌਲਤ ਖ਼ਾਂ ਲੋਦੀ ਆਕੀ ਹੋਣ ਨੂੰ ਫਿਰਦਾ ਸੀ। ਇਹ ਦੌਲਤ ਖ਼ਾਂ ਉਹੀ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਸਮੇ ਸੁਲਤਾਨਪੁਰ ਦਾ ਨਵਾਬ ਸੀ। ਤਦੋਂ ਇਸ ਦਾ ਪਿਉ ਤਾਤਾਰ ਖ਼ਾਂ ਲਾਹੌਰ ਦਾ ਸੂਬੇਦਾਰ ਸੀ। ਪਿਉ ਦੇ ਮਰਨ ਪਿਛੋਂ ਦੌਲਤ ਖ਼ਾਂ ਲਾਹੌਰ ਦਾ ਸੂਬੇਦਾਰ ਬਣਿਆ ਸੀ।

ਸੂਬੇਦਾਰਾਂ ਦੀਆਂ ਬਗ਼ਾਵਤਾਂ ਦੇ ਕਾਰਨ ਦੇਸ਼ ਵਿਚ ਬੇ-ਅਮਨੀ ਬਹੁਤ ਵਧ ਗਈ। ਮਨ-ਚਲੇ ਲੋਕਾਂ ਨੇ ਲੁੱਟ-ਮਾਰਾਂ ਸ਼ੁਰੂ ਕਰ ਦਿੱਤੀਆਂ। ਕਈ ਪਿੰਡ ਉੱਜੜੇ। ਪਿੰਡ 'ਮੱਤੇ ਦੀ ਸਰਾਂ' ਭੀ ਉੱਜੜ ਗਿਆ। ਪੰਜਾਬ ਵਿਚ ਇਹਨਾਂ ਲੁੱਟ-ਮਾਰਾਂ ਦਾ ਵਧੀਕ ਕਾਰਨ ਇਹ ਸੀ ਕਿ ਬਾਬਰ ਨੇ ਕਾਬਲ ਵਲੋਂ ਹਮਲੇ

ਸ਼ੁਰੂ ਕਰ ਦਿੱਤੇ ਸਨ। ਮੱਤੇ ਦੀ ਸਰਾਂ ਉਜੜਨ 'ਤੇ ਬਾਬਾ ਫੇਰੂ ਜੀ ਆਪਣੇ ਸਾਰੇ ਪਰਵਾਰ ਨੂੰ ਲੈ ਕੇ ਪਹਿਲਾਂ ਉੱਤਰ ਵੱਲ ਪਿੰਡ ਹਰੀਕੇ ਆ ਟਿਕੇ, ਜੋ ਲਾਹੌਰ ਤੋਂ ਦਿੱਲੀ ਜਾਣ ਵਾਲੀ ਸ਼ਾਹੀ ਸੜਕ ਉਤੇ ਬਿਆਸਾ ਦਾ ਮਸ਼ਹੂਰ ਪੱਤਣ ਸੀ। ਹਰੀਕੇ ਤੋਂ ਫਿਰ ਖਡੂਰ ਆ ਗਏ। ਬਿਆਸਾ ਤੋਂ ਉਰਲੇ ਪਾਸੇ ਖਡੂਰ ਹੀ ਵੱਡਾ ਨਗਰ ਸੀ। ਗੋਇੰਦਵਾਲ ਅਜੇ ਨਹੀਂ ਸੀ ਵੱਸਿਆ। ਖਡੂਰ ਵਿਚ ਬਾਬਾ ਲਹਿਣਾ ਜੀ ਦੀ ਭੂਆ ਭੀ ਵਿਆਹੀ ਹੋਈ ਸੀ, ਉਸੇ ਦੀ ਰਾਹੀਂ ਇਨ੍ਹਾਂ ਦਾ ਰਿਸ਼ਤਾ ਖਡੂਰ ਹੋਇਆ ਸੀ। ਖਡੂਰ ਆ ਕੇ ਬਾਬਾ ਫੇਰੂ ਜੀ ਨੇ ਪਰਚੂਣ ਦੀ ਹੱਟੀ ਪਾ ਲਈ। ਬਾਬਾ ਲਹਿਣਾ ਜੀ ਤਦੋਂ ੨੦ ਸਾਲਾਂ ਦੀ ਉਮਰ ਦੇ ਸਨ। ਪਿਤਾ ਦੇ ਨਾਲ ਰਲ ਕੇ ਥੋੜੇ ਹੀ ਚਿਰ ਵਿਚ ਇਹਨਾਂ ਹੱਟੀ ਦਾ ਕੰਮ ਚੰਗਾ ਚਲਾ ਲਿਆ। ਇਹ ਜ਼ਿਕਰ ਸੰਨ ੧੫੨੪ ਦਾ ਹੈ।

ਸੰਨ ੧੫੨੪ ਵਿਚ ਬਾਬਰ ਨੇ ਹਿੰਦੁਸਤਾਨ ਉਤੇ ਚੌਥਾ ਹਮਲਾ ਕੀਤਾ। ਲਾਹੌਰ ਦਾ ਸੂਬੇਦਾਰ ਦੌਲਤ ਖ਼ਾਂ ਲੋਦੀ ਦਿੱਲੀ ਦੇ ਤਖ਼ਤ ਦੇ ਅਧੀਨ ਨਹੀਂ ਰਹਿਣਾ ਚਾਹੁੰਦਾ ਸੀ। ਉਸ ਨੇ ਬਾਬਰ ਨੂੰ ਸੱਦਾ ਦਿੱਤਾ ਕਿ ਆਉ ਦਿੱਲੀ ਉੱਤੇ ਕਬਜ਼ਾ ਕਰੋ, ਮੈਂ ਮਦਦ ਕਰਾਂਗਾ। ਪਹਿਲੇ ਤਿੰਨ ਹਮਲਿਆਂ ਵਿਚ ਬਾਬਰ ਲਾਹੌਰ ਤੋਂ ਪਰਿਓਂ ਪਰਿਓਂ ਹੀ ਵਾਪਸ ਚਲਾ ਗਿਆ ਸੀ। ਚੌਥੀ ਵਾਰੀ ੧੫੨੪ ਵਿਚ ਲਾਹੌਰ ਆ ਪਹੁੰਚਿਆ। ਇਧਰੋਂ ਦਿੱਲੀ ਤੋਂ ਸ਼ਾਹੀ ਫ਼ੌਜ ਬਿਹਾਰ ਖ਼ਾਂ ਦੀ ਸਰਦਾਰੀ ਹੇਠ ਦੌਲਤ ਖ਼ਾਂ ਦੇ ਵਿਰੁੱਧ ਪਹੁੰਚ ਗਈ। ਬਾਬਰ ਦੀ ਫ਼ੌਜ ਅਤੇ ਲੋਦੀ-ਦਲ ਦਾ ਟਾਕਰਾ ਹੋਇਆ, ਜਿਸ ਵਿਚ ਬਾਬਰ ਜਿੱਤ ਗਿਆ। ਇਥੋਂ ਅਗਾਂਹ ਲੰਘ ਕੇ ਬਾਬਰ ਨੇ ਦੀਪਾਲਪੁਰ ਭੀ ਜਾ ਮਾਰਿਆ। ਦੌਲਤ ਖ਼ਾਂ ਭੀ ਆਪਣੇ ਦੋ ਪੁੱਤਰਾਂ ਗ਼ਾਜ਼ੀ ਖ਼ਾਂ ਅਤੇ ਦਿਲਾਵਰ ਖ਼ਾਂ ਸਮੇਤ ਉਥੇ ਪਹੁੰਚਿਆ। ਪਰ ਬਾਬਰ ਨੇ ਦੌਲਤ ਖ਼ਾਂ ਨੂੰ ਲਾਹੌਰ ਦੀ ਸੂਬੇਦਾਰੀ ਦੇ ਥਾਂ ਮੁੜ ਸੁਲਤਾਨਪੁਰ ਅਤੇ ਜਲੰਧਰ ਦੀ ਨਵਾਬੀ ਦੇਣੀ ਚਾਹੀ। ਦੌਲਤ ਖ਼ਾਂ ਦੀਆਂ ਆਸਾਂ ਦਾ ਲੱਕ ਟੁੱਟ ਗਿਆ। ਇਹ ਹੱਤਕ ਉਸ ਨੇ ਪਰਵਾਨ ਨਾ ਕੀਤੀ। ਬਾਬਰ ਨੇ ਉਸ ਦੇ ਪੁੱਤਰ ਦਿਲਾਵਰ ਖ਼ਾਂ ਨੂੰ ਨਵਾਬੀ ਦੇ ਦਿੱਤੀ। ਦੌਲਤ ਖ਼ਾਂ ਅਤੇ ਉਸ ਦਾ ਪੁੱਤਰ ਗ਼ਾਜ਼ੀ ਖ਼ਾਂ ਕਿਸੇ ਭਲੇ ਮੌਕੇ ਦੀ ਤਾੜ ਵਿਚ ਉਥੋਂ ਖਿਸਕ ਗਏ।

ਇਬਰਾਹੀਮ ਲੋਦੀ ਦਾ ਚਾਚਾ ਆਲਮ ਖ਼ਾਂ ਦਿੱਲੀ ਦਾ ਤਖ਼ਤ ਲੈਣਾ ਚਾਹੁੰਦਾ ਸੀ। ਉਸ ਨੇ ਬਾਬਰ ਤੋਂ ਮਦਦ ਮੰਗੀ ਤੇ ਆਖਿਆ ਕਿ ਜੇ ਮੈਨੂੰ ਦਿੱਲੀ ਦਿਵਾ ਦਿਉ, ਤਾਂ ਲਾਹੌਰ ਤੁਸੀ ਸਾਂਭ ਲਵੋ। ਬਾਬਰ ਨੂੰ ਇਹ ਸੌਦਾ ਪਸੰਦ



 www.sikhbookclub.com

ਆਇਆ, ਉਸ ਨੇ ਆਪਣੇ ਜਰਨੈਲਾਂ ਨੂੰ ਆਲਮ ਖ਼ਾਂ ਦੀ ਮਦਦ ਕਰਨ ਦਾ ਹੁਕਮ ਦਿੱਤਾ ਅਤੇ ਆਪ ਫਿਰ ਕਾਬਲ ਨੂੰ ਵਾਪਸ ਚਲਾ ਗਿਆ, ਕਿਉਂਕਿ ਉਸ ਦੇ ਪੁਰਾਣੇ ਵਿਰੋਧੀ ਸ਼ਰੀਕਾਂ ਉਜ਼ਬੇਗਾਂ ਨੇ ਬਲਖ਼ ਨੂੰ ਆ ਘੇਰਿਆ ਸੀ। ਬਲਖ਼ ਸ਼ਹਿਰ ਈਰਾਨ ਦੇ ਬਾਦਸ਼ਾਹ ਇਸਮਾਈਲ ਦੇ ਤਹਿਤ ਵਿਚ ਸੀ, ਪਰ ਇਸਮਾਈਲ ਅਤੇ ਬਾਬਰ ਦੋਹਾਂ ਦਾ ਭਲਾ ਇਸੇ ਗੱਲ ਵਿਚ ਸੀ ਕਿ ਬਲਖ਼ ਨੂੰ ਉਜ਼ਬੇਗਾਂ ਤੋਂ ਬਚਾਇਆ ਜਾਏ। ਦੋਹਾਂ ਦੀ ਆਪੋ ਵਿਚ ਰਾਜਸੀ ਮਿੱਤਰਤਾ ਸੀ।

ਇਹ ਸੀ ਬਦ-ਅਮਨੀ, ਜਿਸ ਨੇ ਪੰਜਾਬ ਵਿਚ ਹੇਠਲੀ ਉਤੇ ਲੈ ਆਂਦੀ ਹੋਈ ਸੀ। ਪਿੰਡਾਂ ਦੇ ਪਿੰਡ ਲੁੱਟੇ ਗਏ ਸਨ। ਮੱਤੇ ਦੀ ਸਰਾਂ ਭੀ ਲੁੱਟਿਆ ਤੇ ਉਜਾੜਿਆ ਗਿਆ ਸੀ, ਅਤੇ ਬਾਬਾ ਫੇਰੂ ਜੀ ਉਥੋਂ ਖਡੂਰ ਆ ਗਏ ਸਨ।

### ਦੌਲਤ ਖ਼ਾਂ ਦਾ ਹਸ਼ਰ

ਕਦੇ ਦੌਲਤ ਖ਼ਾਂ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਰਹਿ ਚੁਕਿਆ ਸੀ। ਪਾਠਕ ਇਸ ਵਾਸਤੇ ਉਸ ਦੇ ਆਖ਼ਰੀ ਦਿਨਾਂ ਦੇ ਹਾਲਾਤ ਵਿਚ ਦਿਲਚਸਪੀ ਰੱਖਦੇ ਹੋਣਗੇ।

ਜਦੋਂ ਬਾਬਰ ਦੇ ਕਾਬਲ ਵੱਲ ਮੁੜ ਜਾਣ ਦੀ ਖ਼ਬਰ ਦੌਲਤ ਖ਼ਾਂ ਨੇ ਸੁਣੀ, ਤਾਂ ਉਸ ਨੇ ਭੀ ਆ ਸਿਰ ਕੱਢਿਆ। ਆਲਮ ਖ਼ਾਂ ਨੂੰ ਦਿੱਲੀ ਦਾ ਤਖ਼ਤ ਲੈਣ ਵਿਚ ਮਦਦ ਦੇਣ ਦਾ ਇਕਰਾਰ ਕੀਤੋ ਸੁ। ਇਹ ਗੱਲ ਬਾਬਰ ਦੇ ਜਰਨੈਲਾਂ ਨੂੰ ਮਨਜ਼ੂਰ ਨਹੀਂ ਸੀ, ਕਿਉਂਕਿ ਬਾਬਰ ਅਤੇ ਦੌਲਤ ਖ਼ਾਂ ਦਾ ਅਜੋੜ ਹੋ ਚੁਕਿਆ ਸੀ। ਆਖ਼ਰ ਇਹ ਫ਼ੈਸਲਾ ਹੋਇਆ ਕਿ ਦੌਲਤ ਖ਼ਾਂ ਅਤੇ ਉਸ ਦਾ ਪੁੱਤਰ ਗ਼ਾਜ਼ੀ ਖ਼ਾਂ ਪੰਜਾਬ ਦੀ ਰਾਖੀ ਕਰਨ, ਬਾਬਰ ਦੇ ਜਰਨੈਲ ਆਲਮ ਖ਼ਾਂ ਦੀ ਮਦਦ 'ਤੇ ਜਾਣ। ਪਰ ਆਲਮ ਖ਼ਾਂ ਨੂੰ ਜੰਗ ਵਿਚ ਭਾਰੀ ਹਾਰ ਹੋਈ।

ਉਧਰੋਂ ਬਾਬਰ ਕਾਬਲ ਕੰਧਾਰ ਦਾ ਪੱਕਾ ਪਰਬੰਧ ਕਰ ਕੇ ਮੁੜ ਹਿੰਦੁਸਤਾਨ ਵਾਪਸ ਆਇਆ, ਸਿਆਲਕੋਟ ਆ ਪਹੁੰਚਿਆ। ਦੌਲਤ ਖ਼ਾਂ ਤੇ ਉਸ ਦੇ ਪੁੱਤਰ ਗ਼ਾਜ਼ੀ ਖ਼ਾਂ ਨੂੰ ਪਿਸੂ ਪਏ। ਇਹ ਲਾਹੌਰੋਂ ਭੱਜ ਕੇ ਦੱਖਣ ਪਾਸੇ ਮਲੋਤ ਦੇ ਕਿਲ੍ਹੇ ਵਿਚ ਜਾ ਲੁਕੇ। ਬਾਬਰ ਨੇ ਕਿਲ੍ਹੇ ਨੂੰ ਘੇਰ ਲਿਆ। ਦੌਲਤ ਖ਼ਾਂ ਨੂੰ ਈਨ ਮੰਨਣੀ ਪਈ। ਬਾਬਰ ਨੇ ਦੌਲਤ ਖ਼ਾਂ ਨੂੰ ਭੇਰੇ ਦੇ ਕਿਲ੍ਹੇ ਵਿਚ ਕੈਦ ਰੱਖਣ ਲਈ ਭੇਜ ਦਿਤਾ, ਪਰ ਰਸਤੇ ਵਿਚ ਹੀ ਉਹ ਮਰ ਗਿਆ। ਇਹ ਜ਼ਿਕਰ ਸੰਨ ੧੫੨੬ ਦਾ ਹੈ।


www.sikhbookclub.com

## ਧਾਰਮਿਕ ਰੁਚੀਆਂ

ਬਾਬਾ ਫੇਰੂ ਜੀ ਵੈਸ਼ਨੋ ਦੇਵੀ ਦੇ ਭਗਤ ਸਨ, ਹਰ ਸਾਲ ਦੇਵੀ ਦੇ ਦਰਸ਼ਨ ਨੂੰ ਜਾਂਦੇ ਸਨ। ਇਹ ਮੰਦਰ ਜੰਮੂ ਤੋਂ ਅਗਾਂਹ ਪਹਾੜਾਂ ਵਿਚ ਹੈ, ਜੰਮੂ ਤੋਂ ਪੈਦਲ ਦੋ ਦਿਨਾਂ ਦਾ ਪੈਂਡਾ ਹੈ। ਜਾਤਰੂ ਜੰਮੂ ਤੋਂ ਚੱਲ ਕੇ ਦੂਜੇ ਦਿਨ ਲੌਢੇ ਪਹਿਰ ਕਟੜੇ ਅਪੜਦੇ ਹਨ। ਰਾਤ ਕਟੜੇ ਰਹਿ ਕੇ ਪਿਛਲੀ ਰਾਤੇ ਉੱਠ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਵੈਸ਼ਨੋ ਦੇਵੀ ਦੇ ਮੰਦਰ ਜਾ ਪਹੁੰਚਦੇ ਹਨ। ਖਡੂਰ ਤੋਂ ਪੈਦਲ ਜਾਣ ਵਾਲਿਆਂ ਨੂੰ ਰਾਵੀ ਦੇ ਕੰਢੇ ਗੁਰੂ ਨਾਨਕ ਦੇਵ ਜੀ ਦਾ ਵਸਾਇਆ ਪਿੰਡ ਕਰਤਾਰਪੁਰ ਤਕਰੀਬਨ ਰਸਤੇ ਵਿਚ ਹੀ ਪੈਂਦਾ ਹੈ।

ਪਿਤਾ ਦੇ ਨਾਲ ਬਾਬਾ ਲਹਿਣਾ ਜੀ ਭੀ ਦੇਵੀ ਦੇ ਦਰਸ਼ਨ ਨੂੰ ਜਾਂਦੇ ਸਨ। ਸੰਨ ੧੫੨੬ (ਸੰਮਤ ੧੫੮੩) ਵਿਚ ਬਾਬਾ ਫੇਰੂ ਜੀ ਦਾ ਦੇਹਾਂਤ ਹੋ ਗਿਆ, ਉਨ੍ਹਾਂ ਦੇ ਪਿਛੋਂ ਭੀ ਬਾਬਾ ਲਹਿਣਾ ਜੀ ਦੇਵੀ ਦੇ ਮੰਦਰ ਦੀ ਜਾਤਰਾ ਦਾ ਨੇਮ ਹਰ ਸਾਲ ਨਿਬਾਹੁੰਦੇ ਰਹੇ। ਉਹਨੀਂ ਦਿਨੀਂ ਤੀਰਥਾਂ ਦੀ ਜਾਤਰਾ ਵਾਸਤੇ ਪੈਦਲ ਹੀ ਜਾਣਾ ਪੈਂਦਾ ਸੀ, ਇਸ ਵਾਸਤੇ ਜਾਤਰੂ ਇਕੱਠੇ ਰਲ ਕੇ 'ਸੰਗ' ਬਣਾ ਕੇ ਜਾਇਆ ਕਰਦੇ ਸਨ। ਇਸ ਤਰ੍ਹਾਂ ਰਾਹ ਦੀ ਲੁੱਟ-ਮਾਰ ਦਾ ਕੋਈ ਖ਼ਤਰਾ ਭੀ ਨਹੀਂ ਹੁੰਦਾ ਸੀ ਤੇ ਪੈਂਡਾ ਭੀ ਰੌਣਕ ਵਿਚ ਬੀਤ ਜਾਂਦਾ ਸੀ। ਬਾਬਾ ਲਹਿਣਾ ਜੀ ਦੇਵੀ-ਭਗਤਾਂ ਦੇ 'ਸੰਗ' ਦੇ ਜਥੇਦਾਰ ਹੋਇਆ ਕਰਦੇ ਸਨ। ਪਿਤਾ ਦੇ ਪਿਛੋਂ ਪੰਜ ਸਾਲ ਕਾਰ ਨਿਬਾਹੀਓ ਨੇ।

## ਗੁਰੂ ਨਾਨਕ ਦੇਵ ਜੀ ਨਾਲ ਮਿਲਾਪ

ਖਡੂਰ ਤੋਂ ਕਰਤਾਰਪੁਰ ਦੀ ਵਿੱਥ ਕੋਈ ਪੰਜਾਹ ਮੀਲਾਂ ਦੀ ਹੋਵੇਗੀ। ਅੰਮ੍ਰਿਤਸਰ ਤਾਂ ਅਜੇ ਵੱਸਿਆ ਹੀ ਨਹੀਂ ਸੀ। ਖਡੂਰ ਤੋਂ ਕਰਤਾਰਪੁਰ ਜਾਣ ਲਈ ਪੁਰਾਣਾ ਨਗਰ ਬਟਾਲਾ ਸੀ। ਬਟਾਲੇ ਗੁਰੂ ਨਾਨਕ ਦੇਵ ਜੀ ਵਿਆਹੇ ਹੋਏ ਸਨ। ਤਿੰਨ ਵੱਡੀਆਂ 'ਉਦਾਸੀਆਂ' ਮੁਕਾ ਕੇ ਗੁਰੂ ਨਾਨਕ ਸਾਹਿਬ ਸੰਨ ੧੫੨੧ ਤੋਂ ਕਰਤਾਰਪੁਰ ਵਿਚ ਟਿਕ ਬੈਠੇ ਸਨ, ਪਰ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਵਿਚ ਆਪਣੇ ਖ਼ਿਆਲਾਂ ਦਾ ਪਰਚਾਰ ਕਰਨ ਲਈ ਦੂਰ ਨੇੜੇ ਚੱਕਰ ਲਾਂਦੇ ਹੀ ਰਹਿੰਦੇ ਸਨ। ਖਡੂਰ ਵਿਚ ਉਹਨਾਂ ਦਾ ਇਕ ਸਿਖ ਭਾਈ ਜੋਧਾ ਰਹਿੰਦਾ ਸੀ। ਸੰਨ ੧੫੩੨ (ਸੰਮਤ ੧੫੮੯) ਵਿਚ ਬਾਬਾ ਲਹਿਣਾ ਜੀ

 www.sikhbookclub.com

ਨੇ ਪਹਿਲਾਂ ਪਹਿਲ ਭਾਈ ਜੋਧੇ ਤੋਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸੁਣੇ। ਸ਼ਾਇਦ ਇਹ ਪਹਿਲਾ ਹੀ ਮੌਕਾ ਹੋਵੇ, ਜਦੋਂ ਉਹਨਾਂ ਨੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਅਤੇ ਰੱਬੀ ਜੀਵਨ ਦੇ ਉਪਦੇਸ਼ ਆਪਣੀ ਮਾਤ-ਬੋਲੀ ਵਿਚ ਸੁਣੇ ਹੋਣ। ਪਹਿਲੇ ਤਾਂ ਸਦੀਆਂ ਤੋਂ ਮੁੱਕ-ਚੁੱਕੀ ਸੰਸਕ੍ਰਿਤ ਬੋਲੀ ਦੇ ਮੰਤਰ ਹੀ ਸੁਣਦੇ ਸਨ, ਜਿਨ੍ਹਾਂ ਦੀ ਕੋਈ ਖਿੱਚ ਨਹੀਂ ਪੈ ਸਕਦੀ ਸੀ। ਬਾਣੀ ਦੀ ਮਨ ਨੂੰ ਖਿੱਚ ਪਈ। ਭਾਈ ਜੋਧੇ ਤੋਂ ਗੁਰੂ ਨਾਨਕ ਦੇਵ ਜੀ ਦਾ ਪਤਾ ਪੁੱਛ ਕੇ ਆਪਣੇ ਮਨ ਵਿਚ ਇਹ ਫ਼ੈਸਲਾ ਕੀਤੋ ਨੇ ਕਿ ਐਤਕੀਂ ਦੇਵੀ ਦੇ ਦਰਸ਼ਨ ਨੂੰ ਜਾਂਦਿਆਂ ਰਸਤੇ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ। ਲੋਕ ਵੈਸ਼ਨੋ ਦੇਵੀ ਦੇ ਮੰਦਰ ਅੱਸੂ ਕੱਤਕ ਵਿਚ ਜਾਂਦੇ ਹਨ।

'ਸੰਗ' ਦੇ ਨਾਲ ਬਾਬਾ ਲਹਿਣਾ ਜੀ ਅਕਤੂਬਰ-ਨਵੰਬਰ ਸੰਨ ੧੫੩੨ ਵਿਚ ਜੰਮੂ ਜਾਂਦੇ ਹੋਏ ਰਾਹ ਵਿਚ ਕਰਤਾਰਪੁਰ ਠਹਿਰੇ। ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੋ ਨੇ। ਦਿਲ ਨੂੰ ਅਜਿਹੀ ਖਿੱਚ ਪਈ ਕਿ ਉਥੇ ਹੀ ਰਹਿ ਪਏ। ਸਾਥੀ-ਜਾਤਰੂਆਂ ਦੀ ਅਗਾਂਹ ਦੀ ਪ੍ਰੇਰਨਾ ਕੋਈ ਅਸਰ ਨਾ ਕਰ ਸਕੀ। ਇਹ ਬਹਾਰ ਮੁੰਜੀ ਦੀ ਫ਼ਸਲ ਦੀ ਹੁੰਦੀ ਹੈ, ਰਾਵੀਓਂ ਪਾਰ ਕਰਤਾਰਪੁਰ ਦੇ ਨਾਲ ਦੇ ਇਲਾਕੇ ਵਿਚ ਲੋਕ ਮੁੰਜੀ ਬਹੁਤ ਬੀਜਦੇ ਹਨ।

## ਗੁਰੂ ਨਾਨਕ ਸਾਹਿਬ ਦੀ ਸੰਗਤ

ਬਾਬਾ ਲਹਿਣਾ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਦਾਸੂ ਜੀ ਜਦੋਂ ਦਸ ਸਾਲਾਂ ਦੇ ਸਨ, ਅਤੇ ਹੱਟੀ ਦੇ ਕੰਮ ਵਿਚ ਥੋੜਾ-ਬਹੁਤ ਹੱਥ ਵਟਾਣ ਜੋਗੇ ਹੋ ਚੁਕੇ ਸਨ, ਕਾਰ-ਵਿਹਾਰ ਵਿਚੋਂ ਵਕਤ ਕੱਢ ਕੇ ਬਾਬਾ ਜੀ ਕਰਤਾਰਪੁਰ ਜਾਣ ਲੱਗ ਪਏ, ਅਤੇ ਗੁਰੂ ਨਾਨਕ ਸਾਹਿਬ ਭੀ ਰਾਵੀ ਬਿਆਸ ਦੇ ਵਿਚਕਾਰਲੇ ਇਲਾਕੇ ਦੇ ਪਿੰਡਾਂ ਦੀ ਕਿਸਾਨ-ਵੱਸੋਂ ਵਿਚ ਪਰਚਾਰ ਕਰਦੇ ਬਹੁਤ ਵਾਰੀ ਖਡੂਰ ਬਾਬਾ ਲਹਿਣਾ ਜੀ ਪਾਸ ਆਉਣ ਲੱਗ ਪਏ। ਜਿਉਂ ਜਿਉਂ ਬਾਬਾ ਦਾਸੂ ਜੀ ਘਰ ਦੇ ਕੰਮ ਨੂੰ ਸੰਭਾਲਦੇ ਗਏ, ਤਿਉਂ ਤਿਉਂ ਬਾਬਾ ਲਹਿਣਾ ਜੀ ਕਰਤਾਰਪੁਰ ਵਧੀਕ ਠਹਿਰਨ ਲੱਗ ਪਏ।

## ਬਾਬਾ ਲਹਿਣਾ ਜੀ ਦੇ ਜੀਵਨ ਵਿਚ ਤਬਦੀਲੀ

ਸਿੰਮ੍ਰਿਤੀਆਂ ਦੇ ਧਰਮ ਅਨੁਸਾਰ ਹਿੰਦੂ ਕੌਮ ਚਾਰ-ਵਰਨਾਂ ਵਿਚ ਵੰਡੀ

ਹੋਈ ਸੀ। ਸ਼ੂਦਰਾਂ ਨੂੰ ਬਹੁਤ ਨੀਵੇਂ ਸਮਝਿਆ ਜਾਂਦਾ ਸੀ। ਮੰਦਰਾਂ ਵਿਚ ਜਾਣ ਦੀ ਉਹਨਾਂ ਨੂੰ ਆਗਿਆ ਨਹੀਂ ਸੀ। ਇਸ ਤਾਲੀਮ ਦਾ ਅਸਰ ਇਹ ਸੀ ਕਿ ਉੱਚ-ਜਾਤੀ ਦਾ ਕੋਈ ਹਿੰਦੂ ਜਿਤਨਾ ਹੀ ਵਧੀਕ ਧਰਮੀ ਅਤੇ ਮੰਦਰਾਂ ਵਿਚ ਜਾਣ ਦਾ ਅਭਿਆਸੀ ਹੁੰਦਾ ਸੀ ਉਤਨਾ ਹੀ ਵਧੀਕ ਉਹ ਸੁੱਚ-ਭਿੱਟ ਦਾ ਧਿਆਨ ਰੱਖਦਾ ਸੀ, ਅਤੇ ਸ਼ੂਦਰਾਂ ਤੋਂ ਨਫ਼ਰਤ ਕਰਦਾ ਸੀ। ਆਪਣੇ ਇਸ ਰਵੱਈਏ ਵਿਚ ਉਸ ਨੂੰ ਕੋਈ ਭੈੜ ਨਹੀਂ ਸੀ ਜਾਪਦਾ। ਬਾਬਾ ਲਹਿਣਾ ਜੀ ਵੈਸ਼ਨੋ ਦੇਵੀ ਦੇ ਪੱਕੇ ਸ਼ਰਧਾਲੂ ਸਨ, ਹਰ ਸਾਲ ਉਸ ਦੇ ਮੰਦਰ ਦੀ ਜਾਤਰਾ ਕਰਦੇ ਸਨ। ਸ਼ੂਦਰਾਂ ਸੰਬੰਧੀ ਇਹਨਾਂ ਦਾ ਰਵੱਈਆ ਭੀ ਹਿੰਦੂ-ਧਰਮ ਅਨੁਸਾਰ ਹੀ ਹੋ ਸਕਦਾ ਸੀ। ਗੁਰੂ ਨਾਨਕ ਸਾਹਿਬ ਦੇ ਦ੍ਰਿਸ਼ਟੀਕੋਣ ਤੋਂ ਮਨੁੱਖਤਾ ਵਿਚ ਇਹ ਸਭ ਤੋਂ ਵੱਡਾ ਐਬ ਸੀ। ਸੋ, ਸਤਿਗੁਰੂ ਜੀ ਨੇ ਬਾਬਾ ਜੀ ਦੇ ਜੀਵਨ ਨੂੰ ਇਨਸਾਨੀ ਪਿਆਰ ਦੇ ਨਵੇਂ ਸੱਚੇ ਵਿਚ ਢਾਲਣਾ ਸ਼ੁਰੂ ਕੀਤਾ। ਸੰਨ ੧੫੩੨ ਤੋਂ ੧੫੩੯ ਤਕ ੭ ਸਾਲ ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਹਾਸਲ ਹੋਈ। ਗ਼ਰੀਬ ਸ਼ੂਦਰਾਂ ਵਾਸਤੇ ਬਾਬਾ ਲਹਿਣਾ ਜੀ ਦੇ ਦਿਲ ਵਿਚ ਥਾਂ ਬਣਾਣ ਲਈ ਗੁਰੂ ਨਾਨਕ ਸਾਹਿਬ ਨੇ ਕਈ ਉੱਦਮ ਕੀਤੇ।

ਉੱਚ-ਜਾਤੀ ਦੇ ਲੋਕ ਨੀਵੀਂ ਜਾਤਿ ਵਾਲਿਆਂ ਤੋਂ ਇਸ ਵਾਸਤੇ ਨੱਕ ਮਰੋੜਦੇ ਹਨ ਕਿ ਉਹਨਾਂ ਗ਼ਰੀਬਾਂ ਨੂੰ ਆਪਣੀ ਆਜੀਵਿਕਾ ਵਾਸਤੇ ਗੰਦੇ-ਮੰਦੇ ਕੰਮ ਕਰਨੇ ਪੈਂਦੇ ਹਨ। ਉਂਜ ਇਹ ਗੰਦੇ ਕੰਮ ਭੀ ਧਨਾਢ ਉੱਚ-ਜਾਤੀ ਦੇ ਲੋਕਾਂ ਨੇ ਗ਼ਰੀਬਾਂ ਦੇ ਸਿਰ ਮੜ੍ਹੇ ਹੋਏ ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦੇ ਦਿਲ ਵਿਚ ਗ਼ਰੀਬਾਂ ਦਾ ਪਿਆਰ ਭਰਨ ਲਈ ਇਹਨਾਂ ਤੋਂ ਕਈ ਵਾਰੀ ਉਹੀ ਕੰਮ ਕਰਾਏ ਜੋ ਹਿੰਦੂ ਨਿਯਮਾਵਲੀ ਅਨੁਸਾਰ ਸਿਰਫ਼ ਸ਼ੂਦਰਾਂ ਨੂੰ ਹੀ ਕਰਨੇ ਪੈਂਦੇ ਸਨ। ੭ ਸਾਲਾਂ ਦੇ ਸਮੇ ਵਿਚ ਸੈਂਕੜੇ ਐਸੇ ਅਵਸਰ ਬਣੇ ਹੋਣਗੇ, ਪਰ ਸਿਖ-ਇਤਹਾਸ ਨੇ ਉਹਨਾਂ ਬਾਰੇ ਵੰਨਗੀ ਵਜੋਂ ਹੀ ਕੁਝ ਕੁ ਸਾਖੀਆਂ ਦੱਸੀਆਂ ਹਨ :

(੧) ਪਹਿਲੀ ਹੀ ਵਾਰੀ ਸੰਨ ੧੫੩੨ ਵਿਚ ਦੇਵੀ ਵਾਲਾ ਪਾਸਾ ਛੱਡ ਕੇ ਜਦੋਂ ਬਾਬਾ ਲਹਿਣਾ ਜੀ ਕਰਤਾਰਪੁਰ ਕੁਝ ਕੁ ਦਿਨ ਰਹਿ ਕੇ ਆਪਣੇ ਪਿੰਡ ਖਡੂਰ ਆਏ ਤਾਂ ਫਿਰ ਦੂਜੀ ਵਾਰੀ ਸਤਿਗੁਰੂ ਜੀ ਦੇ ਦਰਸ਼ਨ ਲਈ ਕਰਤਾਰਪੁਰ ਗਏ। ਅੱਗੇ ਜਾਂਦਿਆਂ ਨੂੰ ਗੁਰੂ ਨਾਨਕ ਦੇਵ ਜੀ ਮੁੰਜੀ ਦੇ ਖੇਤਾਂ

 www.sikhbookclub.com

ਵਿਚੋਂ ਨਦੀਣ ਕਢਾ ਰਹੇ ਸਨ। ਪੱਠਿਆਂ ਦੀਆਂ ਤਿੰਨ ਪੰਡਾਂ ਬਣ ਗਈਆਂ। ਕਿਸਾਨ ਆਮ ਤੌਰ 'ਤੇ ਪੰਡਾਂ ਚੁਕਣ ਦਾ ਇਹੋ ਜਿਹਾ ਕੰਮ ਚੂਹੜੇ ਆਦਿਕ ਅਖਵਾਂਦੇ ਕੰਮੀਆਂ ਤੋਂ ਕਰਾਇਆ ਕਰਦੇ ਸਨ। ਪਰ ਗੁਰੂ ਨਾਨਕ ਸਾਹਿਬ ਨੇ ਬਾਬਾ ਲਹਿਣਾ ਜੀ ਨੂੰ ਹੁਕਮ ਦਿਤਾ ਕਿ ਪਸ਼ੂਆਂ ਲਈ ਇਹ ਪੰਡਾਂ ਚੁੱਕ ਕੇ ਲੈ ਚੱਲੋ। ਹੱਟੀ-ਪੱਟੀ ਦਾ ਕੰਮ ਕਰਨ ਗਿੱਝੇ ਹੋਏ ਬਾਬਾ ਜੀ ਵਾਸਤੇ ਜ਼ਿੰਦਗੀ ਵਿਚ ਇਹ ਪਹਿਲਾ ਅਨੋਖਾ ਤਜਰਬਾ ਸੀ ਕਿ ਚੂਹੜਿਆਂ ਨੂੰ ਚੁਕਾਈਆਂ ਜਾਣ ਵਾਲੀਆਂ ਪੰਡਾਂ ਚੁੱਕਣ। ਪਰ ਉਨ੍ਹਾਂ ਰਤਾ ਭੀ ਮੂੰਹ ਨਾ ਵੱਟਿਆ ਅਤੇ ਬਿਨਾ ਕਿਸੇ ਝਿਜਕ ਦੇ ਪੱਠੇ ਚੁੱਕ ਲਿਆਂਦੇ।

(੨) ਇਕ ਦਿਨ ਬਾਹਰ ਖੂਹਾਂ ਉਤੇ ਕੇਸੀ-ਇਸ਼ਨਾਨ ਕਰਨ ਗਏ। ਮੁੜਦੀ ਵਾਰੀ ਦਹੀਂ ਵਾਲਾ ਖ਼ਾਲੀ ਕਟੋਰਾ ਗੁਰੂ ਨਾਨਕ ਦੇਵ ਜੀ ਦੇ ਹੱਥੋਂ ਇਕ ਡੂੰਘੇ ਟੋਏ ਵਿਚ ਡਿੱਗ ਪਿਆ, ਜੋ ਗੰਦੇ ਪਾਣੀ ਨਾਲ ਭਰਿਆ ਹੋਇਆ ਸੀ। ਸਿੰਮ੍ਰਿਤੀਆਂ ਦੀ ਕੰਮ-ਵੰਡ ਅਨੁਸਾਰ ਗੰਦੀਆਂ ਨਾਲੀਆਂ ਅਤੇ ਗੰਦੇ ਟੋਇਆਂ ਵਿਚ ਵੜਨਾ ਜਾਂ ਹੱਥ ਪਾਉਣਾ ਚੂਹੜਿਆਂ ਦਾ ਕੰਮ ਹੈ। ਗੁਰੂ ਨਾਨਕ ਸਾਹਿਬ ਆਪਣੇ ਸੇਪੀ ਚੂਹੜੇ ਤੋਂ ਉਹ ਕਟੋਰਾ ਕਢਾ ਸਕਦੇ ਸਨ। ਪਰ ਉਨ੍ਹਾਂ ਬਾਬਾ ਲਹਿਣਾ ਜੀ ਨੂੰ ਆਗਿਆ ਕੀਤੀ। ਬਾਬਾ ਲਹਿਣਾ ਜੀ ਟੋਏ ਵਿਚ ਵੜ ਕੇ ਕਟੋਰਾ ਤੁਰੰਤ ਕੱਢ ਲਿਆਏ। ਗੰਦੇ ਥਾਂ ਹੱਥ ਪਾਉਣੋਂ ਉਨ੍ਹਾਂ ਰਤਾ ਭੀ ਸੰਕੋਚ ਨਹੀਂ ਕੀਤਾ।

(੩) ਇਕ ਦਿਨ ਸਵੇਰੇ ਧਰਮਸਾਲ ਦਾ ਬੂਹਾ ਖੋਲ੍ਹਿਆ ਤਾਂ ਅੰਦਰ ਇਕ ਚੂਹੀ ਮੋਈ ਪਈ ਸੀ। ਮੁਰਦਾਰ ਨੂੰ ਹੱਥ ਲਾਣਾ ਜਾਂ ਚੁੱਕਣਾ ਚੂਹੜਿਆਂ ਦਾ ਹੀ ਕੰਮ ਮੰਨਿਆ ਜਾਂਦਾ ਹੈ। ਕਈ ਇਲਾਕਿਆਂ ਵਿਚ ਇਹ ਕੰਮ ਚਮਾਰ ਭੀ ਕਰਦੇ ਹਨ, ਸਾਊਆਂ ਦਾ ਇਹ ਕੰਮ ਨਹੀਂ ਹੈ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਮੋਈ ਚੂਹੀ ਬਾਬਾ ਲਹਿਣਾ ਜੀ ਨੇ ਚੁੱਕ ਕੇ ਬਾਹਰ ਸੁੱਟੀ।

(੪) ਸਿਆਲੀ ਰਾਤੇ ਬੜੀ ਵਰਖਾ ਹੋ ਰਹੀ ਸੀ। ਧਰਮਸਾਲ ਦੀ ਕੰਧ ਢਹਿ ਪਈ। ਅੱਧੀ ਰਾਤ ਵੇਲੇ ਹੀ ਗੁਰੂ ਨਾਨਕ ਦੇਵ ਜੀ ਉੱਠ ਖਲੋਤੇ। ਕੰਧਾਂ ਬਣਾਣੀਆਂ ਗ਼ਰੀਬ ਮਜੂਰਾਂ ਦਾ ਕੰਮ ਹੀ ਹੁੰਦਾ ਹੈ। ਪਰ ਸਤਿਗੁਰੂ ਜੀ ਨੇ ਬਾਬਾ ਲਹਿਣਾ ਜੀ ਨੂੰ ਹੁਕਮ ਕੀਤਾ। ਹੱਟੀ ਦੇ ਹੀ ਕੰਮ ਵਿਚ ਗਿੱਝੇ ਹੋਏ ਨਰਮ ਹੱਥਾਂ ਲਈ ਇਹ ਇਕ ਨਵੀਂ ਹੱਡ-ਬੀਤੀ ਸੀ, ਵੇਲਾ ਭੀ ਸਿਆਲੀ ਰਾਤ ਦਾ, ਜਦੋਂ ਮੀਂਹ ਪੈ ਰਿਹਾ ਸੀ ਅਤੇ ਪਿੰਡਾ ਠਾਰਦੀ ਠੰਢੀ ਹਵਾ ਚੱਲ ਰਹੀ



 www.sikhbookclub.com

ਸੀ। ਅਜਿਹੀ ਹਾਲਤ ਵਿਚ ਉਂਜ ਹੀ ਨੰਗੇ ਹੱਥ ਪੈਰ ਸੁੰਨ ਹੁੰਦੇ ਜਾਂਦੇ ਹਨ। ਪਰ ਬਾਬਾ ਲਹਿਣਾ ਜੀ ਆਪਣੇ ਦਿਲ ਦੇ ਪਾਤਸ਼ਾਹ ਦੀ ਰਜ਼ਾ ਮੰਨਣ ਦੀ ਮੌਜ ਵਿਚ ਸਾਰੀ ਰਾਤ ਠਰੇ ਹੋਏ ਗਾਰੇ ਵਿਚ ਖਲੋਤੇ, ਠਰੀ ਹੋਈ ਗਿੱਲੀ ਮਿੱਟੀ ਨਾਲ ਕੰਧ ਬਣਾਂਦੇ ਰਹੇ।

(੫) ਸਿਆਲ ਦੀ ਬਹਾਰ ਸੀ। ਇਕ ਵਾਰੀ ਅੱਧੀ ਰਾਤੇ ਹੀ ਸਤਿਗੁਰੂ ਜੀ ਨੇ ਬਾਬਾ ਲਹਿਣਾ ਜੀ ਨੂੰ ਜਗਾਇਆ ਅਤੇ ਦਰਿਆ ਉਤੇ ਕਪੜੇ ਧੋਣ ਭੇਜ ਦਿੱਤਾ। ਦਰਿਆ ਰਾਵੀ ਕਰਤਾਰਪੁਰ ਦੇ ਨਾਲੋਂ ਦੀ ਹੀ ਵਗਦਾ ਹੈ। ਦਰਿਆ ਦਾ ਬਰਫ਼ਾਨੀ ਪਾਣੀ, ਉਹ ਭੀ ਭਰ-ਸਿਆਲੇ। ਪਰ ਜਿਨ੍ਹਾਂ ਗ਼ਰੀਬ ਧੋਬੀਆਂ ਨੇ ਕੱਪੜੇ ਧੋ ਕੇ ਰੋਜ਼ੀ ਕਮਾਣੀ ਹੁੰਦੀ ਹੈ, ਉਹ ਵਿਚਾਰੇ ਡੇਢ ਪਹਿਰ ਰਹਿੰਦੀ ਰਾਤੇ ਹੀ ਠੰਢੇ ਪਾਣੀ ਵਿਚ ਜਾ ਖਲੋਂਦੇ ਹਨ, ਅਤੇ ਠਰੀਂ ਹੱਥੀਂ ਪਟੜੇ ਉਤੇ ਛੂਹ ਛੂਹ ਪਟੱਕ ਪਟੱਕ ਪਏ ਕਰਦੇ ਹਨ। ਅਮੀਰਾਂ ਨੂੰ ਵਿਚਾਰੇ ਗ਼ਰੀਬਾਂ ਦੀ ਇਸ ਔਖਿਆਈ ਦੀ ਕੀ ਸਾਰ ? ਸਤਿਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਜੀਵਨ ਦੀ ਇਹ ਝਾਕੀ ਭੀ ਵਿਖਾਣੀ ਸੀ। ਆਗਿਆ ਅਨੁਸਾਰ ਉਹ ਦਰਿਆ ਉਤੇ ਗਏ ਅਤੇ ਕੱਪੜੇ ਧੋ ਲਿਆਏ।

(੬) ਹਿੰਦੂ ਧਰਮ ਦੀ ਮਰਯਾਦਾ ਅਨੁਸਾਰ ਹਿੰਦੂ ਸਮਾਜ ਵਿਚ ਕਰੋੜਾਂ ਐਸੇ ਕੰਗਾਲ ਸਨ ਅਤੇ ਹਨ, ਜਿਨ੍ਹਾਂ ਦੀ ਗ਼ਰੀਬੀ ਦਾ ਅਹਿਸਾਸ ਸਤਿਗੁਰੂ ਜੀ ਇਨ੍ਹਾਂ ਨਿੱਕੀਆਂ ਨਿੱਕੀਆਂ ਹੱਡ-ਬੀਤੀਆਂ ਦੀ ਰਾਹੀਂ ਬਾਬਾ ਲਹਿਣਾ ਜੀ ਨੂੰ ਕਰਾਂਦੇ ਰਹੇ ਅਤੇ ਉਨ੍ਹਾਂ ਦੇ ਦਿਲ ਵਿਚ ਗ਼ਰੀਬਾਂ ਵਾਸਤੇ ਹਮਦਰਦੀ ਪੈਦਾ ਕਰਦੇ ਰਹੇ। ਪਰ ਅਜੇ ਇਕ ਹੋਰ ਐਸੀ ਸ਼੍ਰੇਣੀ ਸੀ, ਜਿਸ ਦੇ ਭੁੱਖ-ਮਾਰੇ ਬੰਦੇ ਮੁਰਦਾਰ ਖਾਣ ਲਈ ਭੀ ਮਜਬੂਰ ਹੋ ਜਾਂਦੇ ਸਨ। ਬਾਬਾ ਲਹਿਣਾ ਜੀ ਨੂੰ ਸਤਿਗੁਰੂ ਜੀ ਨੇ ਸਮਾਜ ਦਾ ਉਹ ਅੰਗ ਭੀ ਵਿਖਾਣਾ ਸੀ। ਇਸ ਖ਼ਾਤਰ ਉਮਰ ਦੇ ਅਖ਼ੀਰਲੇ ਸਾਲ ਇਕ ਦਿਨ ਸਾਹਸੀਆਂ ਵਾਂਗ ਸਤਿਗੁਰੂ ਜੀ ਨੇ ਕੁਝ ਕੁੱਤੇ ਇਕੱਠੇ ਕਰ ਲਏ, ਹੱਥ ਵਿਚ ਸੋਟਾ ਫੜ ਲਿਆ, ਮੋਢੇ 'ਤੇ ਇਕ ਝੋਲਾ ਪਾ ਲਿਆ। ਜੋ ਕੋਈ ਨੇੜੇ ਆਵੇ, ਉਸ ਨੂੰ ਸੋਟਾ ਮਾਰਨ ਜਾਂ ਡਰਾਵਾ ਦੇਣ। ਇਸ ਅਨੋਖੇ ਸਾਂਗ ਵਿਚ ਸਤਿਗੁਰੂ ਜੀ ਦਰਿਆ ਰਾਵੀ ਦੇ ਬੇਲੇ ਵੱਲ ਚੱਲ ਪਏ। ਸਿਖ ਉਦਾਸ ਹੋ ਹੋ ਕੇ ਘਰਾਂ ਨੂੰ ਮੁੜਨ ਲੱਗ ਪਏ, ਸਭ ਡੋਲ ਗਏ, ਕਈ ਅਸ਼ਰਧਾ-ਭਰੀਆਂ ਗੱਲਾਂ ਕੀਤੀਓ ਨੇ। ਸਿਰਫ਼ ਇਕ ਨਾ ਡੋਲਿਆ, ਉਹ ਸੀ ਬਾਬਾ ਲਹਿਣਾ ਜੀ। ਅੱਗੇ ਅੱਗੇ ਗੁਰੂ ਨਾਨਕ ਅਤੇ ਪਿੱਛੇ ਪਿੱਛੇ ਬਾਬਾ

ਲਹਿਣਾ। ਕੋਈ ਡਰਾਵਾ, ਕੋਈ ਧਮਕੀ ਇਨ੍ਹਾਂ ਦੇ ਪ੍ਰੇਮ ਨੂੰ ਡੁਲਾ ਨਾ ਸਕੇ। ਬੇਲੇ ਵਿਚ ਇਕ ਥਾਂ ਇਕ ਮੁਰਦਾ ਪਿਆ ਸੀ। ਸਤਿਗੁਰੂ ਜੀ ਨੇ ਘੂਰ ਕੇ ਬਾਬਾ ਲਹਿਣਾ ਜੀ ਨੂੰ ਆਖਿਆ, ਜੇ ਤੁਸਾਂ ਮੇਰਾ ਖਹਿੜਾ ਨਹੀਂ ਛੱਡਣਾ, ਤਾਂ ਇਹ ਮੁਰਦਾ ਖਾਉ। ਲਹਿਣਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੁਕਮ ਕਰੋ ਕਿਧਰੋਂ ਖਾਣਾ ਸ਼ੁਰੂ ਕਰਾਂ, ਪੈਰਾਂ ਵੱਲੋਂ ਕਿ ਸਿਰ ਵੱਲੋਂ।

ਬੱਸ! ਹੁਕਮ ਮੰਨਣ ਅਤੇ ਗ਼ਰੀਬ ਖ਼ਲਕਤ ਨਾਲ ਪਿਆਰ ਕਰਨ ਦੀ ਹੱਦ ਹੋ ਗਈ। ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣੇ ਗਲ ਲਾਇਆ ਅਤੇ ਆਖਿਆ ਕਿ ਤੇਰੇ ਮੇਰੇ ਵਿਚ ਕੋਈ ਵਿੱਥ ਨਹੀਂ ਰਹੀ, ਮੈਂ ਗ਼ਰੀਬਾਂ ਦੀ, ਨੀਚਾਂ[੧] ਦੀ ਬਾਂਹ ਫੜਨ ਆਇਆ ਸਾਂ; ਤੂੰ ਭੀ ਉਸ ਨਿਸ਼ਾਨੇ ਉਤੇ ਆ ਅਪੜਿਆ ਹੈਂ, ਤੂੰ ਮੇਰਾ ਆਪਾ ਹੈਂ; ਤੂੰ ਮੇਰਾ ਅੰਗ ਹੈਂ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦਾ ਨਵਾਂ ਨਾਮ ਧਰ ਦਿੱਤਾ—ਅੰਗਦ। ਜੀਵਨ ਤਬਦੀਲ ਕਰ ਦਿੱਤਾ, ਨਾਮ ਭੀ ਤਬਦੀਲ ਕਰ ਦਿੱਤਾ।

## ਗੁਰਿਆਈ, ਗੁਰਬਾਣੀ ਸੌਂਪ, ਪਰਚਾਰ-ਕੇਂਦਰ ਮਾਝੇ ਵਿਚ

੨ ਅੱਸੂ ਸੰਮਤ ੧੫੯੬ (ਅੱਸੂ ਵਦੀ ੫) ਮੁਤਾਬਿਕ ੨ ਸਤੰਬਰ ਸੰਨ ੧੫੩੯ ਨੂੰ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਆਪਣੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਆਪ ਅੱਸੂ ਵਦੀ ੧੦ (੭ ਅੱਸੂ) ਸੰਮਤ ੧੫੯੬ (੭ ਸਤੰਬਰ ਸੰਨ ੧੫੩੯) ਨੂੰ ਜੋਤੀ ਜੋਤਿ ਸਮਾਏ। ਉਸ ਵਕਤ ਗੁਰੂ ਅੰਗਦ ਸਾਹਿਬ ਦੀ ਉਮਰ ਤਕਰੀਬਨ ਸਾਢੇ ਪੈਂਤੀ ਸਾਲ ਸੀ। ਗੁਰੂ ਬਣਾਣ ਵੇਲੇ ਸਤਿਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਆਪਣੀ ਉਹ 'ਕਿਤਾਬ' ਭੀ ਦੇ ਦਿਤੀ, ਜਿਸ ਵਿਚ ਉਹਨਾਂ ਆਪਣੀ ਸਾਰੀ ਹੀ ਬਾਣੀ ਲਿਖ ਕੇ ਰੱਖੀ ਹੋਈ ਸੀ, ਅਤੇ ਬਾਬਾ ਫ਼ਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਆਦਿਕ ਸਾਰੇ ਭਗਤਾਂ ਦੀ ਬਾਣੀ ਭੀ ਲਿਖੀ ਹੋਈ ਸੀ। ਜਦੋਂ ਗੁਰੂ

---

੧. ਸ਼ੁਕਰ ਹੈ ਕਿ ਹੁਣ ਸਾਡੇ ਸੁਤੰਤਰ ਦੇਸ਼ ਦੀ ਸਰਕਾਰ ਨੇ ਕਿਸੇ ਨੂੰ ਚੂਹੜਾ ਆਖਣ ਬਾਰੇ ਕਾਨੂੰਨੀ ਮਨਾਹੀ ਕਰ ਦਿੱਤੀ ਹੈ। ਇਸ ਤਰ੍ਹਾਂ ਉਹਨਾਂ ਗ਼ਰੀਬਾਂ ਵਲੋਂ ਨਫ਼ਰਤ ਸਹਿਜੇ ਸਹਿਜੇ ਖ਼ਤਮ ਹੋ ਰਹੀ ਹੈ।

ਨਾਨਕ ਦੇਵ ਜੀ ਮੱਕੇ ਗਏ ਸਨ ਤਾਂ ਹਾਜੀਆਂ ਨੇ ਭੀ ਇਸੇ 'ਕਿਤਾਬ' ਬਾਰੇ ਆਖਿਆ ਸੀ ਕਿ ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਇ ਦੱਸੋ ਜੁ ਹਿੰਦੂ ਵੱਡਾ ਹੈ ਜਾਂ ਮੁਸਲਮਾਨ[੧]। ਸਾਰੀ ਬਾਣੀ ਨੂੰ ਗੁਰੂ ਅੰਗਦ ਸਾਹਿਬ ਦੇ ਹਵਾਲੇ ਕਰ ਕੇ ਇਹ ਹੁਕਮ ਭੀ ਦਿਤੋ ਨੇ ਕਿ ਰਾਵੀ ਬਿਆਸ ਦੇ ਵਿਚਲੇ ਇਲਾਕੇ ਮਾਝੇ ਵਿਚ ਦੇ ਕਿਸਾਨ ਆਦਿਕ ਲੋਕਾਂ ਵਿਚ ਪਰਚਾਰ ਕਰੋ ਅਤੇ ਉਨ੍ਹਾਂ ਨੂੰ ਹੌਸਲਾ ਦਿਉ। ਚਿਨਾਬੋਂ ਪਰੇ ਪਰੇ ਸਭ ਕਿਸਾਨ ਡਰ ਅਤੇ ਲਾਲਚ ਦੇ ਵੱਸ ਹੋ ਕੇ ਮੁਸਲਮਾਨ ਹੋ ਚੁੱਕੇ ਸਨ, ਅਸਾਂ ਰਾਵੀ ਦੇ ਉੱਤਰ ਦੇ ਇਲਾਕੇ ਦੇ ਪੇਂਡੂਆਂ ਨੂੰ ਉਸ ਹੜ੍ਹ ਤੋਂ ਬਚਾਣ ਦੇ ਜਤਨ ਕੀਤੇ ਹਨ, ਹੁਣ ਮਾਝੇ ਦੇ ਕਿਸਾਨ ਨੂੰ ਜਥੇਬੰਦ ਕਰਨ ਦੀ ਲੋੜ ਹੈ। ਸੋ, ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਸਿਖ-ਧਰਮ ਦੇ ਪਰਚਾਰ ਦਾ ਕੇਂਦਰ ਖਡੂਰ ਵਿਚ ਆ ਬਣਾਇਆ।

## ਨਿਸ਼ਕਾਮਤਾ

ਬਾਬਾ ਲਹਿਣਾ ਜੀ ਜਦੋਂ ਭਾਈ ਜੋਧੇ ਪਾਸੋਂ ਸੁਣੀ ਗੁਰਬਾਣੀ ਦੀ ਖਿੱਚ ਨਾਲ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨੂੰ ਗਏ ਸਨ, ਉਨ੍ਹਾਂ ਨੂੰ ਸੁਪਨੇ-ਮਾਤ੍ਰ ਭੀ ਖ਼ਿਆਲ ਨਹੀਂ ਸੀ ਕਿ ਆਖ਼ਰ ਉਹ ਇਤਨੇ ਉੱਚੇ ਮੁਰਾਤਬੇ ਉਤੇ ਅਪੜਾਏ ਜਾਣਗੇ। ਗੁਰੂ ਨਾਨਕ ਸਾਹਿਬ ਪਾਸ ਰਹਿ ਕੇ ਭੀ ਸੱਤਾਂ ਸਾਲਾਂ ਵਿਚ ਜੀਵਨ ਦਾ ਇਹੀ ਨਿਸ਼ਾਨਾ ਸਾਹਮਣੇ ਰੱਖਿਆ ਸੀ ਕਿ ਆਪਣੀ ਮਰਜ਼ੀ ਛੱਡ ਕੇ ਗੁਰੂ ਦੀ ਮਰਜ਼ੀ ਉਤੇ ਤੁਰਨਾ ਹੈ, ਅਤੇ ਗ਼ਰੀਬ ਤੋਂ ਗ਼ਰੀਬ ਤੇ ਨੀਵੇਂ ਤੋਂ ਨੀਵੇਂ ਬੰਦੇ ਨੂੰ ਆਦਰ-ਸਤਿਕਾਰ ਦੇਣਾ ਹੈ। ਗ਼ਰੀਬੀ ਅਤੇ ਰਜ਼ਾ—ਇਹੀ ਸੀ ਉਨ੍ਹਾਂ ਦੇ ਜੀਵਨ ਦਾ ਨਿਸ਼ਾਨਾ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਵਰਗਾ ਬਣਾ ਲਿਆ, ਆਪਣੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਆਪ ਉਨ੍ਹਾਂ ਅੱਗੇ ਸਿਰ ਨਿਵਾਇਆ। ਇਹ ਇਕ ਅਲੌਕਿਕ ਖੇਡ ਸੀ। ਬਾਬਾ ਲਹਿਣਾ ਜੀ ਹੈਰਾਨ ਅਤੇ ਦੁਨੀਆ ਭੀ ਹੈਰਾਨ ਸੀ ਕਿ ਗੁਰੂ ਚੇਲੇ ਅੱਗੇ ਨਿਉਂ ਰਿਹਾ ਹੈ। ਸਤਿਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ, ਇਤਿਹਾਸ ਲਿਖਦਾ ਹੈ, ਇਹ ਗੱਲ ਪਸੰਦ ਨਹੀਂ ਸੀ ਆਈ। ਬਾਬਾ ਸਿਰੀ ਚੰਦ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਕੋਈ ਵਿਰੋਧਤਾ ਨਾ ਕੀਤੀ, ਨਾ ਹੀ ਸੰਗਤਾਂ ਨੂੰ ਆਪਣੇ ਵੱਲ ਪ੍ਰੇਰਨ ਦੇ ਕੋਈ ਜਤਨ ਕੀਤੇ। ਫਿਰ ਭੀ, ਚੂੰਕਿ ਗੁਰੂ ਵਾਲੀ ਪਦਵੀ ਜਗਤ ਦੀਆਂ ਨਜ਼ਰਾਂ ਵਿਚ ਬੜੇ ਉੱਚੇ

---

੧. ਦੇਖੋ ਭਾਈ ਗੁਰਦਾਸ ਜੀ ਦੀ ਪਹਿਲੀ 'ਵਾਰ' ਦੀ ਪਉੜੀ ੩੩।



 www.sikhbookclub.com

ਮਾਣ-ਆਦਰ ਦੀ ਥਾਂ ਸੀ, ਗੁਰੂ ਅੰਗਦ ਸਾਹਿਬ ਨੇ ਖਡੂਰ ਆ ਕੇ ਇਸ ਮਾਣ-ਆਦਰ ਤੋਂ ਪਰੇ ਰਹਿਣ ਦੇ ਜਤਨ ਕੀਤੇ। ਕੋਈ ਸਤਸੰਗ ਨਹੀਂ ਅਰੰਭੇ, ਕੋਈ ਦੀਵਾਨ ਨਹੀਂ ਲਾਏ, ਸੰਗਤਾਂ ਦਾ ਕੋਈ ਇਕੱਠ ਆਪਣੇ ਪਾਸ ਨਹੀਂ ਹੋਣ ਦਿੱਤਾ। ਸਗੋਂ, ਸਿਖ-ਇਤਿਹਾਸ ਅਨੁਸਾਰ, ਖਡੂਰ ਆ ਕੇ ਕੁਝ ਮਹੀਨੇ ਗੁਪਤ ਹੀ ਰਹੇ। ਆਪਣੇ ਘਰ ਭੀ ਨਹੀਂ ਰਹੇ ਕਿ ਛੇਤੀ ਭਾਲ ਹੋ ਜਾਏਗੀ, ਖਡੂਰ ਦੀ ਇਕ ਬਿਰਧ ਮਾਈ ਭਿਰਾਈ ਦੇ ਘਰ ਟਿਕੇ ਰਹੇ। ਗੁਰੂ ਨਾਨਕ ਸਾਹਿਬ ਦਾ ਹੁਕਮ ਤਾਂ ਸੀ, ਪਰ ਉਹਨਾਂ ਸੰਗਤਾਂ ਦੀ ਰੁਚੀ ਭੀ ਵੇਖਣੀ ਚਾਹੀ।

ਜਦੋਂ ਕਰਤਾਰਪੁਰ ਆਉਣ ਵਾਲੇ ਸਤਸੰਗੀਆਂ ਨੂੰ ਗੁਰੂ ਦੇ ਦਰਸ਼ਨ ਦੁਰਲੱਭ ਹੋ ਗਏ, ਤਾਂ ਉਨ੍ਹਾਂ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਖਡੂਰ ਸਾਹਿਬ ਆ ਕੇ ਗੁਰੂ ਅੰਗਦ ਸਾਹਿਬ ਨੂੰ ਆ ਲੱਭਾ।

**(ਸੰਨ ੧੫੩੯ ਤੋਂ ੧੫੫੨ ਤਕ)**

## ਵਰਨ-ਵੰਡ ਦੇ ਵਿਤਕਰੇ ਨੂੰ ਦੂਰ ਕਰਨ ਦੇ ਜਤਨ

ਬ੍ਰਾਹਮਣ ਦੀ ਸੁਆਰਥ-ਭਰੀ ਵਰਨ-ਵੰਡ ਦੇ ਕਾਰਨ ਸ਼ੂਦਰ ਅਖਵਾਂਦੇ ਲੋਕ ਹਿੰਦੂ ਧਰਮ ਵਲੋਂ ਬੇ-ਦਿਲ ਹੋ ਰਹੇ ਸਨ। ਚਨਾਬ ਤੋਂ ਪਾਰ ਤਕ ਦੇ ਲੋਕ ਤਾਂ ਇਹ ਪਾਸਾ ਹੀ ਛੱਡ ਗਏ। ਗੁਰੂ ਨਾਨਕ ਦੇਵ ਜੀ ਨੇ ਇਸ ਹੜ੍ਹ ਨੂੰ ਰੋਕਣ ਲਈ ਰਾਵੀ ਦੇ ਪਰਲੇ ਕੰਢੇ ਡੇਰਾ ਲਾਇਆ ਅਤੇ ੧੮ ਸਾਲ ਉਸ ਇਲਾਕੇ ਦੇ ਪਿੰਡਾਂ ਤੇ ਨਗਰਾਂ ਵਿਚ ਘਬਰਾਏ ਲੋਕਾਂ ਨੂੰ ਪੈਰਾਂ ਉਤੇ ਖਲ੍ਹਿਆਰਦੇ ਰਹੇ। ਰਾਵੀ-ਬਿਆਸ ਦੇ ਇਲਾਕੇ ਵਿਚ ਭੀ ਆਉਂਦੇ ਰਹੇ। ਹੁਣ ਮਾਝੇ ਵਿਚ ਉਸ ਪਰਚਾਰ ਨੂੰ ਜਾਰੀ ਰੱਖਣ ਦਾ ਕੰਮ ਗੁਰੂ ਅੰਗਦ ਸਾਹਿਬ ਦੇ ਸਪੁਰਦ ਹੋਇਆ, ਜੋ ਉਹਨਾਂ ਨੇ ਤਕਰੀਬਨ ੧੩ ਸਾਲ ਨਿਬਾਹਿਆ। ਸਭ ਤੋਂ ਵੱਡੀ ਲੋੜ ਹੀ ਇਹ ਸੀ ਕਿ ਪੈਰਾਂ ਹੇਠ ਲਤਾੜੀਂਦੇ ਸ਼ੂਦਰ ਅਖਵਾਂਦੇ ਲੋਕਾਂ ਵਿਚ ਮਨੁੱਖਤਾ ਅਤੇ ਸਵੈ-ਮਾਣ ਦਾ ਅਹਿਸਾਸ ਕਰਾਇਆ ਜਾਏ। ਗੁਰੂ ਅੰਗਦ ਸਾਹਿਬ ਨੇ ਨੂੰ ਇਸ ਪਾਸੇ ਵੱਲ ਖ਼ਾਸ ਧਿਆਨ ਦਿੱਤਾ। ਇਸ ਮਨੋਰਥ ਲਈ ਗੁਰੂ ਨਾਨਕ ਦੇਵ ਜੀ ਨੇ ਲੰਗਰ ਦੀ ਮਰਯਾਦਾ ਚਲਾਈ ਸੀ। ਗੁਰੂ ਅੰਗਦ ਸਾਹਿਬ ਨੇ ਇਸ ਨੂੰ ਪੂਰੀ ਕਾਮਯਾਬੀ ਨਾਲ ਜਾਰੀ ਰੱਖਿਆ। ਸਤਿਗੁਰੂ ਜੀ ਦੀ ਧਰਮ-ਪਤਨੀ ਮਾਤਾ ਖੀਵੀ ਜੀ ਲੰਗਰ ਦਾ ਸਾਰਾ ਪਰਬੰਧ ਆਪ ਕਰਦੇ ਸਨ। ਕਿਸੇ ਭੀ ਵਰਨ ਦਾ ਬੰਦਾ ਹੋਵੇ, ਸਭ ਨੂੰ ਇੱਕੋ ਪੰਗਤ ਵਿਚ ਬਿਠਾ ਕੇ ਲੰਗਰ ਛਕਾਇਆ

ਜਾਂਦਾ ਸੀ। ਸਤਿਗੁਰੂ ਜੀ ਇਸ ਤੱਲ ਵੱਲ ਖ਼ਾਸ ਧਿਆਨ ਰੱਖਦੇ ਸਨ ਕਿ ਲੰਗਰ ਵਿਚ ਕਿਸੇ ਨਾਲ ਕੋਈ ਵਿਤਕਰੇ-ਭਰਿਆ ਸਲੂਕ ਨਾ ਹੋਵੇ।

## ਜਾਤਿ-ਅਭਿਮਾਨੀਆਂ ਦੀ ਈਰਖਾ

ਹਰ ਵੇਲੇ ਦੀ ਦੁਰਕਾਰ ਤੇ ਝਾੜ-ਝੰਬ ਨਾਲ ਮਨੁੱਖ ਦਾ ਅਸਲਾ ਸਹਿਮ ਹੇਠ ਦਬਿਆ ਰਹਿੰਦਾ ਹੈ। ਉਸ ਨੂੰ ਆਪਣੇ ਮਨੁੱਖ ਹੋਣ ਉਤੇ ਭੀ ਯਕੀਨ ਨਹੀਂ ਰਹਿੰਦਾ। ਜਿੰਦ-ਹੀਣ ਚੀਜ਼ਾਂ ਵਾਂਗ ਅਤੇ ਪਸ਼ੂ-ਪੰਛੀਆਂ ਵਾਂਗ ਉਹ ਆਪਣੇ ਜਾਬਰ ਮਾਲਕ ਦੀ ਕਾਰ ਕਰੀ ਜਾਣਾ ਹੀ ਆਪਣੀ ਹੋਂਦ ਸਮਝਦਾ ਹੈ। ਜਾਤਿ-ਅਭਿਮਾਨੀਆਂ ਨੇ ਕਰੋੜਾਂ ਸ਼ੂਦਰ ਅਖਵਾਂਦੇ ਲੋਕਾਂ ਨੂੰ ਇਸ ਅਧੋਗਤੀ ਤਕ ਅਪੜਾ ਦਿੱਤਾ ਹੋਇਆ ਸੀ।

ਗੁਰੂ ਅੰਗਦ ਸਾਹਿਬ ਦੇ ਲੰਗਰ ਵਿਚ ਹੋ ਰਹੇ ਪਿਆਰ-ਭਰੇ ਸਲੂਕ ਨੇ ਨੀਵੇਂ-ਮਿਥੇ-ਗਏ ਬੰਦਿਆਂ ਦੇ ਅੰਦਰ ਨਵੀਂ ਜਿੰਦ ਪਾ ਦਿੱਤੀ। ਉਹਨਾਂ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਜਾਗ ਪਿਆ। ਉਨ੍ਹਾਂ ਦੇ ਦਿਲਾਂ ਤੋਂ ਉੱਚ ਜਾਤੀ ਦੇ ਲੋਕਾਂ ਦਾ ਸਹਿਮ-ਡਰ ਦੂਰ ਹੋਣ ਲੱਗ ਪਿਆ। ਸ਼ੂਦਰ ਅਖਵਾਂਦੇ ਬੰਦੇ ਭੀ ਆਪਣੇ ਆਪ ਨੂੰ ਬ੍ਰਾਹਮਣ ਆਦਿਕ ਵਰਗੇ ਮਨੁੱਖ ਸਮਝਣ ਲੱਗ ਪਏ।

ਇਹ ਨਵੀਂ ਆ ਰਹੀ ਤਬਦੀਲੀ ਜਾਤਿ-ਅਭਿਮਾਨੀਆਂ ਨੂੰ ਪਸੰਦ ਨਾ ਆਈ। ਰਬਾਬੀ ਬਲਵੰਡ ਨੇ ਆਪਣੀ 'ਵਾਰ' ਦੀ ਤੀਜੀ ਪਉੜੀ ਵਿਚ ਇਹ ਜ਼ਿਕਰ ਕਰ ਭੀ ਦਿੱਤਾ ਕਿ ਗੁਰੂ ਅੰਗਦ ਸਾਹਿਬ ਦੇ ਲੰਗਰ ਵਿਚ ਘਿਉ ਵਾਲੀ ਖੀਰ ਭੀ ਵਰਤਾਈ ਜਾਂਦੀ ਸੀ। ਗੁਰੂ ਕੇ ਸਿੱਖਾਂ ਦੇ ਮੂੰਹਾਂ ਉਤੇ ਲਾਲੀ ਚੜ੍ਹਦੀ ਸੀ, ਜਦੋਂ ਉਹ ਲੰਗਰ ਵਿਚ ਸਭਨਾਂ ਨਾਲ ਪਿਆਰ ਭਰਿਆ ਸਲੂਕ ਤੱਕਦੇ ਸਨ। ਪਰ ਜਾਤਿ-ਅਭਿਮਾਨੀ ਲੋਕਾਂ ਦੇ ਮੂੰਹਾਂ ਉਤੇ ਪਿਲੱਤਣ ਆਉਂਦੀ ਜਾਂਦੀ ਸੀ। ਉਹ ਦਿਲੋਂ ਗੁਰੂ ਅੰਗਦ ਸਾਹਿਬ ਦੇ ਵਿਰੋਧੀ ਬਣਦੇ ਗਏ। ਖਡੂਰ ਵਿਚ ਇਕ ਜੋਗੀ ਭੀ ਰਹਿੰਦਾ ਸੀ, ਜਿਸ ਦਾ ਨਾਮ ਸੀ—ਸ਼ਿਵਨਾਥ। ਇਹ ਆਪਣੇ ਆਪ ਨੂੰ ਤਪਾ ਅਖਵਾਂਦਾ ਸੀ। ਇਸ ਨੂੰ ਆਪਣਾ ਹੀ ਸਾੜਾ ਸੀ ਕਿ ਸਤਿਗੁਰੂ ਦਾ ਪਰਤਾਪ ਚਮਕਣ ਕਰਕੇ ਇਸ ਦੀ ਮਾਨਤਾ ਘਟਦੀ ਜਾ ਰਹੀ ਸੀ। ਇਹ ਭੀ ਵਿਰੋਧੀ ਧੜੇ ਵਿਚ ਸ਼ਾਮਲ ਹੋ ਗਿਆ।

ਜਦੋਂ ਸੰਨ ੧੫੪੦ ਵਿਚ ਬਾਬਰ ਦਾ ਪੁੱਤਰ ਹਮਾਯੂੰ ਬਾਦਸ਼ਾਹ ਸ਼ੇਰ ਸ਼ਾਹ


www.sikhbookclub.com

ਤੋਂ ਭਾਂਜ ਖਾ ਕੇ ਪੰਜਾਬ ਵਿਚੋਂ ਦੀ ਲੰਘਦਾ ਹੋਇਆ ਇਸ ਖ਼ਿਆਲ ਨਾਲ ਖਡੂਰ ਆਇਆ ਸੀ ਕਿ ਮਹਾਂ ਪੁਰਖਾਂ ਦੀ ਨੇਕ ਦੁਆ ਨਾਲ ਸ਼ਾਇਦ ਹਾਰੀ ਬਾਜ਼ੀ ਜਿੱਤੀ ਜਾ ਸਕੇ, ਤਾਂ ਉਸ ਵੇਲੇ ਜਾਤਿ-ਅਭਿਮਾਨੀਆਂ ਦੇ ਵਿਰੋਧੀ ਧੜੇ ਨੇ ਹਮਾਯੂੰ ਦੇ ਕੰਨ ਇਤਨੇ ਭਰੇ ਸਨ ਕਿ ਉਹ ਗੁਰੂ ਸਾਹਿਬ ਅੱਗੇ ਸਿਰ ਨਿਵਾਣ ਦੇ ਥਾਂ ਉਹਨਾਂ ਉਤੇ ਤਲਵਾਰ ਚਲਾਣ ਨੂੰ ਤਿਆਰ ਹੋ ਪਿਆ ਸੀ।

ਜਦੋਂ ਇਕ ਸਾਲ ਬੜੀ ਔੜ ਲੱਗੀ ਤਾਂ ਉਦੋਂ ਭੀ ਸ਼ਿਵਨਾਥ ਤਪੇ ਨੇ ਜੱਟਾਂ ਨੂੰ ਇਹ ਆਖ ਕੇ ਚਮਕਾਇਆ ਸੀ ਕਿ ਜਿੱਥੇ ਸ਼ਾਸਤ੍ਰਾਂ ਦੀ ਮਰਯਾਦਾ ਭੰਗ ਕਰ ਕੇ ਸ਼ੂਦਰਾਂ ਨੂੰ ਬ੍ਰਾਹਮਣਾਂ ਨਾਲ ਸਾਵਾਂ ਕਰਨ ਦੇ ਜਤਨ ਕੀਤੇ ਜਾਣ, ਜਿੱਥੇ ਸੰਤਾਂ-ਸਾਧਾਂ ਨੂੰ ਛੱਡ ਕੇ ਗ੍ਰਿਹਸਥੀਆਂ ਅੱਗੇ ਸਿਰ ਨਿਵਾਏ ਜਾਣ, ਉਥੇ ਔੜ ਤਾਂ ਲਗਣੀ ਹੀ ਹੋਈ। ਇਸੇ ਚੁੱਕ ਦੇ ਕਾਰਨ ਜੱਟਾਂ ਨੇ ਗੁਰੂ ਅੰਗਦ ਸਾਹਿਬ ਨੂੰ ਪਿੰਡ 'ਚੋਂ ਕੱਢ ਦਿੱਤਾ ਸੀ, ਪਰ ਫਿਰ ਜਦੋਂ ਬ੍ਰਾਹਮਣਾਂ ਅਤੇ ਜੋਗੀ ਦੀਆਂ ਚਾਲਾਂ ਦੀ ਸਮਝ ਆਈਓ ਨੇ, ਤਾਂ ਭੁੱਲ ਬਖ਼ਸ਼ਾ ਕੇ ਸਤਿਗੁਰੂ ਜੀ ਨੂੰ ਵਾਪਸ ਲੈ ਆਏ ਸਨ।

## ਰਾਜ-ਗਰਦੀ

ਮੁਗ਼ਲ ਬਾਦਸ਼ਾਹ ਹਮਾਯੂੰ ਵਾਲੀ ਉਪਰ-ਦਿੱਤੀ ਨਿੱਕੀ ਜਿਹੀ ਘਟਨਾ ਨੂੰ ਸਮਝਣ ਲਈ ਭਾਰਤ ਦੇ ਉਸ ਵੇਲੇ ਦੇ ਥੋੜੇ ਜਿਹੇ ਰਾਜਸੀ ਹਾਲਾਤ ਪਾਠਕਾਂ ਦੇ ਸਾਹਮਣੇ ਰੱਖਣੇ ਜ਼ਰੂਰੀ ਹਨ।

ਹਿੰਦੁਸਤਾਨ ਦਾ ਪਹਿਲਾ ਮੁਗ਼ਲ ਬਾਦਸ਼ਾਹ ਬਾਬਰ ੨੬ ਦਸੰਬਰ ਸੰਨ ੧੫੩੦ ਨੂੰ ਆਗਰੇ ਫ਼ੌਤ ਹੋਇਆ। ਉਸ ਦਾ ਪੁੱਤਰ ਹਮਾਯੂੰ ਤਖ਼ਤ ਉਤੇ ਬੈਠਾ। ਹਮਾਯੂੰ ਨੇ ਆਪਣੇ ਭਰਾ ਕਾਮਰਾਨ ਨੂੰ ਪੱਛਮੀ ਪੰਜਾਬ, ਕਾਬਲ ਅਤੇ ਕੰਧਾਰ ਦਾ ਗਵਰਨਰ ਬਣਾ ਦਿੱਤਾ।

ਮੁਗ਼ਲਾਂ ਤੋਂ ਪਹਿਲਾਂ ਇਥੇ ਲੋਦੀ ਪਠਾਣਾਂ ਦਾ ਰਾਜ ਸੀ। ਸੁਲਤਾਨ ਬਹਿਲੋਲ ਲੋਦੀ ਨੇ ਆਪਣੇ ਰਾਜ ਦੀ ਪਕਿਆਈ ਵਾਸਤੇ ਸੁਲੈਮਾਨ ਦੀਆਂ ਪਹਾੜੀਆਂ ਦੇ ਇਲਾਕੇ ਰੋਹ ਦੇ ਪਠਾਣ ਭਰਤੀ ਕੀਤੇ ਹੋਏ ਸਨ। ਉਨ੍ਹਾਂ ਵਿਚ ਸੂਰ ਖ਼ਾਨਦਾਨ ਦਾ ਇਕ ਇਬਰਾਹੀਮ ਖ਼ਾਂ ਭੀ ਸੀ। ਉਸ ਦੇ ਪੁੱਤਰ ਹਸਨ ਖ਼ਾਂ ਨੂੰ ਸ਼ਾਹ ਵਲੋਂ ਸਸਰਾਮ ਹਾਜੀਪੁਰ ਦਾ ਇਲਾਕਾ ਮਿਲਿਆ ਹੋਇਆ ਸੀ। ਹਸਨ

ਖਾਂ ਦੇ ਅੱਠ ਪੁੱਤਰ ਸਨ। ਸਭ ਤੋਂ ਵੱਡਾ ਫ਼ਰੀਦ ਸੰਨ ੧੪੮੫ ਦੇ ਕਰੀਬ ਜਸਰਾਮ ਵਿਚ ਜੰਮਿਆ ਸੀ।

ਜਦੋਂ ਲੋਦੀ ਖ਼ਾਨਦਾਨ ਦਾ ਅਖ਼ੀਰਲਾ ਬਾਦਸ਼ਾਹ ਇਬਰਾਹੀਮ ਬਾਬਰ ਦੇ ਮੁਕਾਬਲੇ 'ਤੇ ਜੰਗ ਵਿਚ ਮਾਰਿਆ ਗਿਆ, ਤਾਂ ਫ਼ਰੀਦ ਬਿਹਾਰ ਦੇ ਗਵਰਨਰ ਬਿਹਾਰ ਖ਼ਾਂ ਪਾਸ ਚਲਾ ਗਿਆ। ਇਕ ਦਿਨ ਬਿਹਾਰ ਖ਼ਾਂ ਦੇ ਨਾਲ ਸ਼ਿਕਾਰ ਖੇਡਣ ਗਿਆਂ ਫ਼ਰੀਦ ਨੇ ਇਕ ਸ਼ੇਰ ਮਾਰਿਆ, ਬਿਹਾਰ ਖ਼ਾਂ ਨੇ ਉਸ ਦਾ ਨਾਮ ਸ਼ੇਰ ਖ਼ਾਂ ਰੱਖ ਦਿੱਤਾ। ਬਿਹਾਰ ਖ਼ਾਂ ਨੇ ਆਪਣੇ ਆਪ ਨੂੰ ਸੁਲਤਾਨ ਅਖਵਾਣਾ ਸ਼ੁਰੂ ਕਰ ਦਿੱਤਾ ਹੋਇਆ ਸੀ।

ਸ਼ੇਰ ਖ਼ਾਂ ਵੱਧਦਾ ਵੱਧਦਾ ਇਤਨੀ ਤਾਕਤ ਫੜ ਗਿਆ ਕਿ ਉਸ ਨੂੰ ਬੰਗਾਲ ਉਤੇ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ ਅਤੇ ਉਸ ਨੇ ਆਪਣੇ ਆਪ ਨੂੰ ਫਰੀਦੁੱਦੀਨ ਸ਼ੇਰ ਸ਼ਾਹ ਅਖਵਾਣਾ ਅਰੰਭ ਕਰ ਦਿੱਤਾ। ਉਹਨੀਂ ਦਿਨੀਂ ਹਮਾਯੂੰ ਬਾਦਸ਼ਾਹ ਹਿੰਦੁਸਤਾਨ ਦੇ ਤਖ਼ਤ ਦਾ ਮਾਲਕ ਸੀ। ਸ਼ੇਰ ਸ਼ਾਹ ਦੀ ਵੱਧਦੀ ਤਾਕਤ ਰੋਕਣ ਲਈ ਹਮਾਯੂੰ ਨੇ ਉਸ ਉਤੇ ਹੱਲਾ ਬੋਲ ਦਿੱਤਾ, ਪਰ ਚੌਸੇ ਦੇ ਮੈਦਾਨ 'ਤੇ ੨੬ ਜੂਨ ਸੰਨ ੧੫੩੯ ਨੂੰ ਭਾਂਜ ਖਾਧੀਓ ਸੁ। ਆਗਰੇ ਆ ਕੇ ਹਮਾਯੂੰ ਨੇ ਫਿਰ ਦੂਜੀ ਵਾਰੀ ਫ਼ੌਜ ਇਕੱਠੀ ਕਰ ਕੇ ਹੱਲਾ ਕੀਤਾ, ਪਰ ਕਨੌਜ ਦੇ ਪਾਸ ੧੭ ਮਈ ਸੰਨ ੧੫੪੦ ਨੂੰ ਇਤਨੀ ਭਾਰੀ ਹਾਰ ਖਾਧੀਓ ਸੁ ਕਿ ਮੁੜ ਉਸ ਦੇ ਪੈਰ ਲੱਗਣੇ ਔਖੇ ਹੋ ਗਏ।

ਆਗਰੇ ਦੇ ਰਸਤੇ ਹਮਾਯੂੰ ਲਾਹੌਰ ਨੂੰ ਉੱਠ ਨੱਠਾ। ਲਾਹੌਰ ਤੋਂ ਉਸ ਦਾ ਭਰਾ ਕਾਮਰਾਨ ਕਾਬਲ ਨੂੰ ਅਤੇ ਹਮਾਯੂੰ ਐਾਪ ਸਿੰਧ ਨੂੰ ਭੱਜ ਗਿਆ। ਸ਼ੇਰ ਸ਼ਾਹ ਕੁਝ ਵਾਟ ਹਮਾਯੂੰ ਦਾ ਪਿੱਛਾ ਕਰ ਕੇ ਲਾਹੌਰ ਵਾਪਸ ਮੁੜ ਆਇਆ। ਪੰਜਾਬ ਦੀ ਪੱਛਮ-ਉੱਤਰੀ ਸਰਹੱਦ ਪੱਕੀ ਕਰਨ ਲਈ ਜਿਹਲਮ ਤੋਂ ੧੦ ਮੀਲ ਉੱਤਰ ਵੱਲ ਸ਼ੇਰ ਸ਼ਾਹ ਨੇ ਇਕ ਕਿਲ੍ਹਾ ਬਣਾਇਆ, ਜਿਸ ਦਾ ਨਾਂ ਉਸ ਨੇ ਆਪਣੇ ਬਜ਼ੁਰਗਾਂ ਦੇ ਜੱਦੀ ਪੁਰਾਣੇ ਇਲਾਕੇ ਰੋਹ ਦੇ ਨਾਮ 'ਤੇ ਰੋਹਤਾਸ ਰੱਖਿਆ। ਬਿਹਾਰ ਵਿਚ ਭੀ ਉਸ ਨੇ ਰੋਹਤਾਸ ਨਾਮ ਦਾ ਹੀ ਕਿਲ੍ਹਾ ਬਣਾਇਆ ਹੋਇਆ ਸੀ।

ਸੋ, ਹਮਯੂੰ ਹਾਰ ਖਾ ਕੇ ਲਾਹੌਰ ਨੂੰ ਆਉਂਦਾ ਹੋਇਆ ਰਸਤੇ ਵਿਚ ਖਡੂਰ ਸਾਹਿਬ ਗੁਰੂ ਅੰਗਦ ਸਾਹਿਬ ਨੂੰ ਜੂਨ ਸੰਨ ੧੫੪੦ ਵਿਚ ਮਿਲਿਆ ਸੀ।

## (ਗੁਰੂ) ਅਮਰਦਾਸ ਜੀ ਦਾ ਮਿਲਾਪ

ਸੰਨ ੧੫੪੧ ਵਿਚ (ਗੁਰੂ) ਅਮਰਦਾਸ ਜੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਆਏ। ਇਹਨਾਂ ਨੇ ਭੀ ਗੁਰ-ਆਗਿਆ ਅਨੁਸਾਰ ਲੰਗਰ ਦੀ ਸੇਵਾ ਸ਼ੁਰੂ ਕੀਤੀ। ਯਾਰ੍ਹਾਂ ਬਾਰ੍ਹਾਂ ਸਾਲ ਇਤਨੀ ਘਾਲ ਘਾਲੀਓ ਨੇ, ਤੇ ਇਤਨਾ ਆਪਾ ਵਾਰਿਓ ਨੇ, ਕਿ ਗੁਰੂ ਅੰਗਦ ਸਾਹਿਬ ਨੇ ਸੰਨ ੧੫੫੨ ਵਿਚ ਇਹਨਾਂ ਨੂੰ ਹੀ ਆਪਣਾ ਜਾ-ਨਸ਼ੀਨ ਬਣਾਇਆ ਤੇ ਸਤਿਗੁਰੂ ਨਾਨਕ ਸਾਹਿਬ ਵਲੋਂ ਮਿਲੀ ਜ਼ਿੰਮੇਵਾਰੀ ਸੌਂਪ ਦਿੱਤੀ।

## ਗੋਇੰਦਵਾਲ ਦਾ ਵੱਸਣਾ

ਜਿੱਥੇ ਹੁਣ ਗੋਇੰਦਵਾਲ ਨਗਰ ਹੈ, ਉਥੇ ਪਹਿਲਾਂ ਇਕ ਥੇਹ ਸੀ, ਇਕ ਮਰਵਾਹੇ ਖੱਤ੍ਰੀ ਗੋਂਦੇ ਦੇ ਵੱਡਿਆਂ ਦੀ ਮਾਲਕੀ। ਗੋਂਦਾ ਆਪਣੇ ਵੱਡਿਆਂ ਦਾ ਨਾਮ ਉਜਾਗਰ ਕਰਨ ਲਈ ਉਥੇ ਨਗਰ ਵਸਾਣਾ ਚਾਹੁੰਦਾ ਸੀ। ਪਰ ਨਗਰ ਭੀ ਉਨ੍ਹਾਂ ਦੇ ਹੀ ਵੱਸ ਸਕਦੇ ਹਨ ਜੋ ਬੜੇ ਪਹਿਨੇ ਵਾਲੇ ਹੋਣ, ਜਿਨ੍ਹਾਂ ਦੀ ਚਾਰ ਭਰਾ ਮੰਨਦੇ ਹੋਣ। ਗੋਂਦਾ ਗੁਰੂ ਅੰਗਦ ਦੇਵ ਜੀ ਪਾਸ ਆਇਆ। ਉਹ ਜਾਣਦਾ ਸੀ ਕਿ ਸਤਿਗੁਰੂ ਜੀ ਦੇ ਮੂੰਹੋਂ ਬਚਨ ਨਿਕਲਣ ਦੀ ਢਿੱਲ ਹੈ, ਉਨ੍ਹਾਂ ਦੇ ਕਈ ਸਿਖ ਉੱਥੇ ਆ ਵੱਸਣਗੇ। ਥਾਂ ਬਹੁਤ ਟਿਕਾਣੇ ਦੀ ਸੀ, ਦਰਿਆ ਦਾ ਕੰਢਾ ਅਤੇ ਦਿੱਲੀ ਤੋਂ ਲਾਹੌਰ ਨੂੰ ਆਉਣ ਵਾਲੀ ਸ਼ਾਹੀ ਸੜਕ ਦੇ ਉੱਤੇ। ਸਿਖ-ਧਰਮ ਦੇ ਪਰਚਾਰ ਦਾ ਸੋਹਣਾ ਕੇਂਦਰ ਬਣ ਸਕਦਾ ਸੀ। ਗੁਰੂ ਅੰਗਦ ਸਾਹਿਬ ਨੇ ਨਗਰ ਵਸਾਣ ਦੀ ਇਹ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪੀ, ਅਤੇ ਹੁਕਮ ਦਿੱਤਾ ਕਿ ਨਗਰ ਬਣਾ ਕੇ ਬਾਸਰਕੇ ਤੋਂ ਆਪਣੇ ਨਿਕਟੀ ਸਾਕ-ਸੰਬੰਧੀਆਂ ਨੂੰ ਉਥੇ ਲਿਆ ਵਸਾਓ। ਇਹ ਜ਼ਿਕਰ ਸੰਨ ੧੫੪੬ (ਸੰਮਤ ੧੬੦੩) ਦਾ ਹੈ। ਨਗਰ ਦਾ ਨਾਮ ਗੋਇੰਦਵਾਲ ਰੱਖਿਆ ਗਿਆ। (ਗੁਰੂ) ਅਮਰਦਾਸ ਜੀ ਆਪਣੇ ਕਈ ਸਾਕ-ਸੰਬੰਧੀਆਂ ਨੂੰ ਗੋਇੰਦਵਾਲ ਲੈ ਆਏ। ਆਪਣੇ ਸ਼ਰੀਕੇ-ਬਿਰਾਦਰੀ ਦਾ ਯਤੀਮ ਦੋਹਤਰਾ ਭਾਈ ਜੇਠਾ ਭੀ ਉਨ੍ਹਾਂ ਦੀਆਂ ਨਜ਼ਰਾਂ ਵਿਚ ਸੀ। ਪਹਿਲੇ ਦਿਨ ਦੇ ਮੇਲ ਤੋਂ ਸੰਨ ੧੫੪੧ ਤੋਂ (ਗੁਰੂ) ਅਮਰਦਾਸ ਜੀ ਨੂੰ ਭਾਈ ਜੇਠਾ ਜੀ ਦੇ ਚੇਹਰੇ ਤੋਂ ਹੋਣਹਾਰਤਾ ਦਿੱਸਦੀ ਸੀ। ਗੋਇੰਦਵਾਲ ਵੱਸਣ 'ਤੇ ਇਨ੍ਹਾਂ ਨੂੰ ਨਾਨੀ ਸਮੇਤ ਇਥੇ ਲੈ ਆਏ। ਖਡੂਰ ਦੇ ਨੇੜੇ ਆ ਜਾਣ ਕਰਕੇ ਭਾਈ ਜੇਠਾ ਜੀ ਨੂੰ ਮਿਲਣ ਦੇ ਬਹੁਤੇ ਅਵਸਰ ਮਿਲਣ ਲੱਗ ਪਏ, ਅਤੇ ਇਸ ਤਰ੍ਹਾਂ ਪਰਸਪਰ ਪਿਆਰ ਦੀ ਸਾਂਝ ਦਿਨੋ-ਦਿਨ

ਪੱਕੀ ਹੋਣ ਲੱਗ ਪਈ। ਗੋਇੰਦਵਾਲ ਵੱਸਣ ਸਮੇ ਭਾਈ ਜੇਠਾ ਜੀ ੧੨ ਸਾਲਾਂ ਦੇ ਹੋ ਚੁਕੇ ਸਨ।

## ਜੋਤੀ ਜੋਤਿ ਸਮਾਣਾ

ਗੁਰੂ ਅੰਗਦ ਸਾਹਿਬ ਖਡੂਰ ਨਗਰ ਵਿਚ ੩ ਵੈਸਾਖ ਸੰਮਤ ੧੬੦੯ (ਚੇਤਰ ਸੁਦੀ ੪) ਨੂੰ ਜੋਤੀ ਜੋਤਿ ਸਮਾਏ। ਈਸਵੀ ਸੰਨ ਅਨੁਸਾਰ ੨੯ ਮਾਰਚ ਸੰਨ ੧੫੫੨ ਦਿਨ ਮੰਗਲਵਾਰ ਸੀ। ਕੁੱਲ ਉਮਰ ੪੮ ਸਾਲ ਦੀ ਸੀ।

| | | |
|---|---|---|
| ਜਨਮ | — | ੩੧ ਮਾਰਚ ਸੰਨ ੧੫੦੪। |
| ਜੋਤੀ ਜੋਤਿ | — | ੨੯ ਮਾਰਚ ਸੰਨ ੧੫੫੨। |
| ਸੰਤਾਨ | — | ਬਾਬਾ ਦਾਸੂ ਜੀ, ਬਾਬਾ ਦਾਤੂ ਜੀ। |
| | | ਬੀਬੀ ਅਮਰੋ ਜੀ, ਬੀਬੀ ਅਣੋਖੀ ਜੀ। |

# ਗੁਰੂ ਅੰਗਦ ਦੇਵ ਜੀ ਦੀ ਰਚੀ ਬਾਣੀ

ਗੁਰੂ ਅੰਗਦ ਸਾਹਿਬ ਦੀ ਬਾਣੀ ਸਿਰਫ਼ ਸਲੋਕ ਹੀ ਹਨ, ਜੋ ਗਿਣਤੀ ਵਿਚ ੬੩ ਹਨ। ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਵੇਲੇ ਇਹ ਸਲੋਕ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ 'ਵਾਰਾਂ' ਦੀਆਂ ਕੁਝ ਪਉੜੀਆਂ ਦੇ ਨਾਲ ਦਰਜ ਕਰ ਦਿੱਤੇ ਸਨ। ਉਨ੍ਹਾਂ ਦਾ ਵੇਰਵਾ ਇਉਂ ਹੈ:

| | | |
|---|---|---|
| ਸਿਰੀਰਾਗ ਕੀ ਵਾਰ ਮਹਲਾ ੪ ਵਿਚ | — | ੨ ਸਲੋਕ |
| ਮਾਝ ਕੀ ਵਾਰ ਮਹਲਾ ੧ ਵਿਚ | — | ੧੨ ਸਲੋਕ |
| ਆਸਾ ਦੀ ਵਾਰ ਮਹਲਾ ੧ ਵਿਚ | — | ੧੫ ਸਲੋਕ |
| ਸੋਰਠਿ ਕੀ ਵਾਰ ਮਹਲਾ ੪ ਵਿਚ | — | ੧ ਸਲੋਕ |
| ਸੂਹੀ ਕੀ ਵਾਰ ਮਹਲਾ ੩ ਵਿਚ | — | ੧੧ ਸਲੋਕ |
| ਰਾਮਕਲੀ ਕੀ ਵਾਰ ਮਹਲਾ ੩ ਵਿਚ | — | ੭ ਸਲੋਕ |
| ਮਾਰੂ ਕੀ ਵਾਰ ਮਹਲਾ ੩ ਵਿਚ | — | ੧ ਸਲੋਕ |
| ਸਾਰੰਗ ਕੀ ਵਾਰ ਮਹਲਾ ੪ ਵਿਚ | — | ੯ ਸਲੋਕ |
| ਮਲਾਰ ਕੀ ਵਾਰ ਮਹਲਾ ੧ ਵਿਚ | — | ੫ ਸਲੋਕ |
| | | ਕੁਲ ਜੋੜ ੬੩ ਸਲੋਕ |

ਵਾਰਾਂ ਮਹਲਾ ੧ ਵਿਚ

| | | |
|---|---|---|
| ਮਾਝ ਕੀ ਵਾਰ | — | ੧੨ ਸਲੋਕ |
| ਆਸਾ ਦੀ ਵਾਰ | — | ੧੫ ਸਲੋਕ |
| ਮਲਾਰ ਕੀ ਵਾਰ | — | ੫ ਸਲੋਕ |
| | | ੩੨ ਸਲੋਕ |


www.sikhbookclub.com

ਵਾਰਾਂ ਮਹਲਾ ੩ ਵਿਚ

| | |
|---|---|
| ਸੂਹੀ ਕੀ ਵਾਰ | — ੧੧ ਸਲੋਕ |
| ਰਾਮਕਲੀ ਕੀ ਵਾਰ | — ੭ ਸਲੋਕ |
| ਮਾਰੂ ਕੀ ਵਾਰ | — ੧ ਸਲੋਕ |
| | ੧੯ ਸਲੋਕ |

ਵਾਰਾਂ ਮਹਲਾ ੪ ਵਿਚ

| | |
|---|---|
| ਸਿਰੀਰਾਗੁ ਕੀ ਵਾਰ | — ੨ ਸਲੋਕ |
| ਸੋਰਠਿ ਕੀ ਵਾਰ | — ੧ ਸਲੋਕ |
| ਸਾਰੰਗ ਕੀ ਵਾਰ | — ੯ ਸਲੋਕ |
| | ੧੨ ਸਲੋਕ |

ਕੁਲ ਜੋੜ ੬੩ ਸਲੋਕ

ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਤੋਂ ਮਿਲੀ ਸਾਰੀ ਬਾਣੀ ਸਮੇਤ ਆਪਣੀ, ਇਹੀ ਬਾਣੀ ਗੁਰਿਆਈ ਦੀ ਜ਼ਿੰਮੇਵਾਰੀ ਸੌਂਪਣ ਵੇਲੇ ਗੁਰੂ ਅਮਰਦਾਸ ਜੀ ਦੇ ਹਵਾਲੇ ਕਰ ਦਿੱਤੀ।


www.sikhbookclub.com

# ਗੁਰੂ ਅੰਗਦ ਸਾਹਿਬ ਦੀ ਤਾਲੀਮ

## ੧. ਉਹਨਾਂ ਦੀਆਂ ਜੀਵਨ-ਸਾਖੀਆਂ ਵਿਚੋਂ

### *(ੳ) ਗ਼ਰੀਬੀ, ਗ਼ਰੀਬਾਂ ਨਾਲ ਪਿਆਰ*

(੧) ਇਕ ਵਾਰੀ ਖਡੂਰ ਸਾਹਿਬ ਜੋਗੀਆਂ ਦੀ ਇਕ ਜਮਾਤ ਆਈ। ਲੰਗਰ ਵਿਚ ਹੋਈ ਸੇਵਾ 'ਤੇ ਪ੍ਰਸੰਨ ਹੋ ਕੇ ਤੇ ਇਹ ਵੇਖ ਕੇ ਕਿ ਲੰਗਰ ਨਾਲ ਕੋਈ ਜਗੀਰ ਆਦਿ ਨਹੀਂ ਹੈ, ਜਮਾਤ ਦੇ ਮਹੰਤ ਨੇ ਵਰ ਮੰਗਣ ਲਈ ਸਤਿਗੁਰੂ ਜੀ ਨੂੰ ਆਖਿਆ। ਗੁਰੂ ਨਾਨਕ ਪਾਤਿਸ਼ਾਹ ਦੇ ਘਰੋਂ ਵਰਸਾਏ ਸਤਿਗੁਰੂ ਜੀ ਨੂੰ ਭਲਾ ਹੋਰ ਕਿਹੜੀ ਥੁੜ ਸੀ ? ਪਰ ਮਹੰਤ ਨੇ ਹੱਠ ਕੀਤਾ ਕਿ ਅਸੀ ਮੂੰਹੋਂ ਆਖ ਚੁੱਕੇ ਹਾਂ, ਹੁਣ ਕੁਝ ਨਾ ਕੁਝ ਜ਼ਰੂਰ ਸਾਥੋਂ ਲਵੋ। ਗੁਰੂ ਅੰਗਦ ਸਾਹਿਬ ਨੇ ਇਹੀ ਮੰਗਿਆ ਕਿ ਗ਼ਰੀਬੀ, ਭਾਵ, ਗ਼ਰੀਬਾਂ ਨਾਲ ਪਿਆਰ ਕਰਨ ਦੀ ਬਰਕਤ ਮਿਲੀ ਰਹੇ। ਮਹੰਤ ਸੁਣ ਕੇ ਅੰਦਰੋਂ ਕੁਝ ਹੌਲਾ ਪੈ ਗਿਆ। ਕਹਿਣ ਲੱਗਾ ਕਿ ਸਾਡੇ ਪਾਸ ਤਾਂ ਰਿਧੀਆਂ ਸਿਧੀਆਂ ਹੀ ਹਨ। ਗ਼ਰੀਬਾਂ ਨਾਲ ਪਿਆਰ ਕਰਨ ਦੀ ਦਾਤਿ ਤਾਂ ਅੱਗੇ ਹੀ ਗੁਰੂ ਨਾਨਕ ਦੇਵ ਜੀ ਧੁਰੋਂ ਲੈ ਚੁੱਕੇ ਹਨ।

(੨) ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਜੀ-ਭਿਆਣਾ ਹਮਾਯੂੰ ਬਾਦਸ਼ਾਹ ਪੰਜਾਬ ਨੂੰ ਆਉਂਦਾ ਖਡੂਰ ਸਾਹਿਬ ਪਹੁੰਚਿਆ ਕਿ ਮਹਾਂ-ਪੁਰਖਾਂ ਦੀ ਮਿਹਰ ਨਾਲ ਸ਼ਾਇਦ ਰੇਖ ਵਿਚ ਮੇਖ ਵੱਜ ਜਾਏ। ਪਰ ਸਤਿਗੁਰੂ ਜੀ ਵਲੋਂ ਸ਼ਾਹੀ ਸੁਆਗਤ ਲਈ ਕੋਈ ਉਚੇਚ ਨਾ ਵੇਖ ਕੇ ਤੇ ਸਗੋਂ ਉਨ੍ਹਾਂ ਨੂੰ ਆਪਣੀ ਧੁਨ ਵਿਚ ਮਗਨ ਵੇਖ ਕੇ, ਜਾਤਿ-ਅਭਿਮਾਨੀਆਂ ਦੀ ਚੁੱਕ 'ਤੇ ਹਮਾਯੂੰ ਨੇ ਸਿਰ ਨਿਵਾਣ ਦੀ ਥਾਂ ਤਲਵਾਰ ਨੂੰ ਹੱਥ ਪਾਣ ਦੀ ਕੋਸ਼ਸ਼ ਕੀਤੀ। ਗੁਰੂ ਅੰਗਦ ਸਾਹਿਬ ਨੇ ਮੁਸਕਰਾ ਕੇ ਤੱਕਿਆ ਤੇ ਆਖਿਆ ਕਿ ਸੂਰਮੇ ਦੀ ਤਲਵਾਰ ਰਣ-ਤੱਤੇ ਵਿਚ ਹੀ ਮਿਆਨੋਂ ਨਿਕਲਦੀ ਸੋਭ ਸਕਦੀ ਹੈ।

(੩) ਗੁਰੂ ਕੇ ਲੰਗਰ ਦਾ ਇਕ ਲਾਂਗਰੀ-ਸਿਖ ਭਾਈ ਮਾਹਣਾ ਸਹਿਜੇ ਸਹਿਜੇ ਅਹੰਕਾਰੀ ਤੇ ਕਾਹਲਾ ਹੁੰਦਾ ਗਿਆ। ਆਖ਼ਰ ਗ਼ਰੀਬਾਂ ਨਾਲ ਖਰ੍ਹਵਾ

ਹੋਣ ਲੱਗ ਪਿਆ ਕਿ ਮੈਂ ਸਤਿਗੁਰੂ ਦਾ ਸੇਵਕ ਹਾਂ, ਕੰਗਾਲਾਂ ਦਾ ਨੌਕਰ ਨਹੀਂ। ਸਤਿਗੁਰੂ ਜੀ ਦੇ ਕਈ ਵਾਰ ਸਮਝਾਣ 'ਤੇ ਜਦੋਂ ਉਸ ਦੀ ਇਹ ਮੰਦੀ ਬਾਣ ਨਾ ਹੱਟ ਸਕੀ, ਤਾਂ ਉਨ੍ਹਾਂ ਆਖਿਆ ਕਿ ਜੇ ਗੁਰੂ ਦਰ 'ਤੇ ਆ ਕੇ ਹਿਰਦੇ ਦੀ ਸ਼ਾਂਤੀ ਦੇ ਥਾਂ ਹਉਮੈ-ਅਹੰਕਾਰ ਦੀ ਅੱਗ ਵਧ ਰਹੀ ਹੈ ਤਾਂ ਇਥੇ ਟਿਕਣਾ ਵਿਅਰਥ ਹੈ। ਮਾਹਣੇ ਨੂੰ ਗ਼ਰੀਬਾਂ ਨਾਲ ਖਰ੍ਹਵਾ ਹੋਣ ਦੇ ਕਾਰਨ ਸੇਵਾ ਤੋਂ ਹਟਾਇਆ ਗਿਆ।

### *(ਅ) ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿਣਾ*

(੧) ਭਾਈ ਜੀਵਾ ਗੁਰੂ ਕੇ ਲੰਗਰ ਦੀ ਸੇਵਾ ਕਰਦਾ ਸੀ। ਇਕ ਦਿਨ ਬੜੀ ਹਨੇਰੀ ਆ ਗਈ। ਲੰਗਰ ਤਿਆਰ ਨਾ ਹੋ ਸਕਿਆ। ਜੀਵੇ ਨੇ ਸਤਿਗੁਰੂ ਜੀ ਅੱਗੇ ਹਨੇਰੀ ਦਾ ਗਿਲਾ ਕੀਤਾ। ਗੁਰੂ ਅੰਗਦ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਜੀਵਨ ਦਾ ਪੱਧਰਾ ਰਾਹ ਅਸਲ ਵਿਚ ਹੈ ਹੀ 'ਹੁਕਮਿ ਰਜਾਈ ਚਲਣਾ'। ਜਿਸ ਘਰ ਵਿਚ ਪਿਉ ਤੇ ਪੁੱਤਰਾਂ ਦਾ ਸੁਭਾਉ ਨਾ ਰਲੇ, ਉਥੇ ਜੀਊਣ ਸਦਾ ਫਿੱਕਾ ਅਤੇ ਬੇ-ਸੁਆਦਾ ਰਹੇਗਾ। ਜੇ ਪੁੱਤਰ ਆਪਣੇ ਪਿਉ ਦੇ ਨਾਲ ਸੁਭਾਉ ਰਲਾਣ ਦੇ ਥਾਂ ਤੀਰਥਾਂ ਆਦਿਕ ਉਤੇ ਜਾ ਕੇ ਦਾਨ-ਪੁੰਨ ਕਰਦਾ ਫਿਰੇ ਜਾਂ ਵਿਦਵਾਨਾਂ ਪਾਸ ਬਹਿ ਕੇ ਧਰਮ ਬਾਰੇ ਸ਼ਾਸਤ੍ਰਾਰਥ ਕਰਦਾ ਰਹੇ ਤਾਂ ਭੀ ਪਿਉ ਪੁੱਤਰ ਦੇ ਅਜੁੜਵੇਂ ਸੁਭਾਵ ਦੇ ਕਾਰਨ ਘਰ ਦਾ ਜੀਵਨ ਫਿੱਕਾ ਹੀ ਰਹੇਗਾ। ਅਸਲ ਰਸਤਾ ਹੀ ਇਹ ਹੈ ਕਿ ਪੁੱਤਰ ਆਪਣੇ ਪਿਉ ਦੇ ਸੁਭਾਵ ਨੂੰ, ਪਿਉ ਦੀ ਰਜ਼ਾ ਸਮਝੇ, ਤੇ ਉਸ ਅਨੁਸਾਰ ਤੁਰਨ ਦਾ ਜਤਨ ਕਰੇ। ਪਰਮਾਤਮਾ ਸਾਡਾ ਪਿਉ ਹੈ ਅਤੇ ਸਦਾ ਹੀ ਮਿਹਰ ਪਿਆਰ ਕਰਨ ਵਾਲਾ ਪਿਉ ਹੈ। ਉਸ ਦਾ ਹਰੇਕ ਕੰਮ ਜੀਵ-ਪੁੱਤਰਾਂ ਦੇ ਭਲੇ ਵਾਸਤੇ ਹੈ, ਗਿਲਾ ਕਰਨ ਦੇ ਥਾਂ ਉਸ ਦੇ ਸੁਭਾਵ ਨੂੰ, ਉਸ ਦੀ ਨੀਅਤ ਨੂੰ, ਉਸ ਦੀ ਰਜ਼ਾ ਨੂੰ ਸਮਝਣ ਦੀ ਲੋੜ ਹੈ।

(੨) ਤਪਾ ਸ਼ਿਵਨਾਥ—ਜੋਗੀ ਲੋਕ ਪਹਾੜਾਂ ਤੇ ਜੰਗਲਾਂ ਦੀ ਇਕਾਂਤ ਵਿਚ ਜੋਗ-ਅਭਿਆਸ ਆਦਿਕ ਦੀ ਸਹਾਇਤਾ ਨਾਲ ਮਨ ਨੂੰ ਭਟਕਣ ਤੋਂ ਰੋਕਣ ਦੇ ਜਤਨ ਕਰਦੇ ਸਨ। ਇਸ ਤਰ੍ਹਾਂ ਮਨ ਵਿਚ ਬਲ ਪੈਦਾ ਹੋਣ ਦੇ ਕਾਰਨ ਉਹ ਲੋਕ ਸਾਧਾਰਨ ਜਨਤਾ ਨੂੰ ਰਿਧੀਆਂ ਸਿਧੀਆਂ ਆਦਿਕ ਦੇ ਅਲੌਕਿਕ ਕੰਮ ਵਿਖਾ ਵਿਖਾ ਕੇ ਉਨ੍ਹਾਂ ਤੋਂ ਆਪਣੀ ਸੇਵਾ-ਪੂਜਾ ਕਰਾਂਦੇ ਸਨ। ਕੋਈ ਵਰ ਦੀ ਪ੍ਰਾਪਤੀ ਲਈ, ਕੋਈ ਸਰਾਪ ਤੋਂ ਡਰਦਾ ਮਾਰਿਆ, ਜੋਗੀ ਅੱਗੇ ਨੱਕ ਰਗੜਦਾ ਸੀ। ਸਹਿਜੇ ਸਹਿਜੇ ਇਹ ਜੋਗੀ ਫਿਰ ਪਿੰਡਾਂ ਵਿਚ ਆਪਣੇ ਅੱਡੇ ਬਣਾਂਦੇ ਗਏ,

ਅਤੇ ਗ਼ਰਜ਼ਮੰਦ ਲੋਕ ਇਨ੍ਹਾਂ ਦੇ ਚੇਲੇ ਬਣਦੇ ਗਏ। ਪਰ ਸਹਿਮ ਤੇ ਲਾਲਚ ਦੋਵੇਂ ਹੀ ਮਨੁੱਖ ਨੂੰ ਮਨੁੱਖਤਾ ਤੋਂ ਡੇਗਦੇ ਹਨ। ਗੁਰੂ ਨਾਨਕ ਦੇਵ ਜੀ ਦੇ ਘਰ ਦਾ ਪਰਚਾਰ ਹੀ ਇਹ ਹੈ ਕਿ ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਵੋ।

ਤਪਾ ਸ਼ਿਵਨਾਥ ਖਡੂਰ ਰਹਿੰਦਾ ਸੀ। ਗੁਰੂ ਅੰਗਦ ਸਾਹਿਬ ਨਾਲ ਬੜੀ ਈਰਖਾ ਕਰਦਾ ਸੀ। ਇਕ ਸਾਲ ਔੜ ਲੱਗਣ 'ਤੇ ਇਸ ਨੇ ਜਾਤਿ-ਅਭਿਮਾਨੀ ਬ੍ਰਾਹਮਣਾਂ ਨਾਲ ਮਿਲ ਕੇ ਪਿੰਡ ਦੇ ਜ਼ਿਮੀਦਾਰਾਂ ਨੂੰ ਚੁੱਕਿਆ ਕਿ ਵੇਖੋ ਇਕ ਗ੍ਰਿਹਸਤੀ ਨੂੰ ਗੁਰੂ ਮੰਨਣ ਦਾ ਇਹ ਫਲ ਮਿਲਿਆ ਹੈ ਜੁ ਮੀਂਹ ਨਹੀਂ ਪੈਂਦਾ। ਗੁਰੂ ਪਾਸੋਂ ਜਾਂ ਮੀਂਹ ਮੰਗੋ ਜਾਂ ਉਸ ਨੂੰ ਪਿੰਡੋਂ ਕੱਢ ਦਿਉ। ਮੈਂ ਮੀਂਹ ਪਾਵਾਂਗਾ। ਸਤਿਗੁਰੂ ਜੀ ਨੇ ਪਿੰਡ ਛੱਡਣਾ ਮੰਨ ਲਿਆ, ਪਰ ਪਰਮਾਤਮਾ ਦੀ ਰਜ਼ਾ ਦੇ ਉਲਟ ਉੱਦਮ ਕਰਨ ਤੋਂ ਨਾਂਹ ਕਰ ਦਿੱਤੀ। ਗੁਰੂ ਅੰਗਦ ਸਾਹਿਬ ਸੱਤ ਅੱਠ ਕੋਹਾਂ ਦੀ ਵਿੱਥ 'ਤੇ ਤੁਰ ਗਏ, ਪਰ ਜਦੋਂ ਜੋਗੀ ਪਾਸੋਂ ਭੀ ਉਨ੍ਹਾਂ ਦੀ ਗੌਂ ਪੂਰੀ ਨਾ ਹੋਈ, ਤਾਂ ਪਛਤਾ ਕੇ ਸਤਿਗੁਰੂ ਜੀ ਨੂੰ ਵਾਪਸ ਮੋੜ ਲਿਆਏ ਸਨ।

## ੨. ਉਹਨਾਂ ਦੀ ਬਾਣੀ ਵਿਚੋਂ ਤਾਲੀਮ

### *(ੳ) ਗੁਰੂ ਦੀ ਲੋੜ*

ਮਾਇਆ ਦੀ ਤ੍ਰਿਸ਼ਨਾ ਦੇ ਅਸਰ ਹੇਠ ਮਨੁੱਖ ਦਾ ਮਨ ਸੁਆਰਥ ਦੇ ਕਾਰਨ ਥੋੜ-ਵਿਤਾ ਹੋ ਜਾਂਦਾ ਹੈ। ਇਹ ਤੰਗ-ਦਿਲੀ ਸਿਰਫ਼ ਗੁਰੂ ਦੀ ਸ਼ਰਨ ਪਿਆਂ ਹੀ ਦੂਰ ਹੁੰਦੀ ਹੈ:

**ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ॥**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ॥੧॥੧॥**

*(ਸਾਰੰਗ ਕੀ ਵਾਰ)*

ਮਾਇਆ-ਮੋਹ ਦੇ ਕੁਵੱਲੜੇ ਰਾਹ ਤੋਂ ਬੱਚ ਕੇ ਜੀਵਨ ਦੇ ਸਿੱਧੇ ਰਸਤੇ ਉਤੇ ਉਹੀ ਮਨੁੱਖ ਤੁਰਦਾ ਹੈ ਜਿਸ ਨੂੰ ਪਰਮਾਤਮਾ ਕਿਰਪਾ ਕਰ ਕੇ ਸਤਿਗੁਰੂ ਦੀ ਰਾਹੀਂ ਆਪਣੇ ਨਾਮ ਦੀ ਦਾਤਿ ਬਖ਼ਸ਼ਦਾ ਹੈ:

**ਇਕਨ੍ਹਾ ਭਾਣੈ ਕਢਿ ਲਏ, ਇਕਨ੍ਹਾ ਮਾਇਆ ਵਿਚਿ ਨਿਵਾਸੁ॥**
**ਏਵ ਭਿ ਆਖਿ ਨ ਜਾਪਈ, ਜਿ ਕਿਸੈ ਆਣੇ ਰਾਸਿ॥**
**ਨਾਨਕ ਗੁਰਮੁਖਿ ਜਾਣੀਐ, ਜਾ ਕਉ ਆਪਿ ਕਰੇ ਪਰਗਾਸੁ॥੩॥੨॥**

*(ਆਸਾ ਦੀ ਵਾਰ)*

ਜਨਮਾਂ-ਜਨਮਾਂਤਰਾਂ ਦੀਆਂ ਬਣੀਆਂ ਵਾਦੀਆਂ ਦੀ ਹੱਦ-ਬੰਦੀ ਵਿਚੋਂ ਮਨੁੱਖ ਆਪਣੇ ਉੱਦਮ ਨਾਲ ਨਹੀਂ ਨਿਕਲ ਸਕਦਾ, ਦੁਖੀ ਹੁੰਦਾ ਹੋਇਆ ਭੀ ਉਸੇ ਕੈਦ ਨੂੰ ਪਸੰਦ ਕਰਦਾ ਹੈ। ਪਰਮਾਤਮਾ ਆਪ ਹੀ ਮਿਹਰ ਕਰ ਕੇ ਸਤਿਗੁਰੂ ਦੀ ਰਾਹੀਂ ਚੰਗੇ ਜੀਵਨ ਦੀ ਸੂਝ ਪਾਂਦਾ ਹੈ:

**ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ॥**
**ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ॥**
**ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ॥੨॥੭॥**

*(ਆਸਾ ਦੀ ਵਾਰ)*

ਮਨੁੱਖਤਾ ਦਾ ਸਹੀ ਰਸਤਾ ਸਤਿਗੁਰੂ ਤੋਂ ਹੀ ਮਿਲਦਾ ਹੈ:

**ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆ, ਗੁਰ ਬਿਨੁ ਘੋਰੁ ਅੰਧਾਰੁ॥੨॥੧॥** *(ਆਸਾ ਦੀ ਵਾਰ)*

ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਹਜ਼ੂਰ ਵੇਖ ਚੁੱਕੇ ਸਨ ਕਿ ਕਰਮ-ਕਾਂਡ ਦੀ ਸਿੱਖਿਆ ਨੇ ਹਿੰਦੂ ਜਾਤੀ ਵਿਚ ਉੱਚੀ ਨੀਵੀਂ ਜਾਤਿ ਦਾ ਵਿਤਕਰਾ ਪੈਦਾ ਕੀਤਾ ਹੋਇਆ ਸੀ। ਨਰਕ ਸੁਰਗ ਦੇ ਡਰਾਵੇ ਤੇ ਇਕਰਾਰ ਦੇ ਕੇ ਦਾਨ-ਪੁੰਨ ਕਰਾਇਆ ਜਾ ਰਿਹਾ ਸੀ। ਇਸ ਕੁਵੱਲੇ ਰਸਤੇ ਤੋਂ ਗੁਰੂ ਨਾਨਕ ਪਾਤਿਸ਼ਾਹ ਨੇ ਹੀ ਬਚਾਇਆ। ਆਪ ਫ਼ੁਰਮਾਂਦੇ ਹਨ:

**ਕਥਾ ਕਹਾਣੀ ਬੇਦੀਂ ਆਣੀ, ਪਾਪੁ ਪੁੰਨੁ ਬੀਚਾਰੁ॥**
**ਦੇ ਦੇ ਲੈਣਾ, ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ॥**
**ਉਤਮ ਮਧਿਮ ਜਾਤੀਂ ਜਿਨਸੀ, ਭਰਮਿ ਭਵੈ ਸੰਸਾਰੁ॥**
**ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ॥**
**ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੁਰਤੀਂ ਕਰਮਿ ਧਿਆਈ॥੧॥੧੬॥**

*(ਸਾਰੰਗ ਕੀ ਵਾਰ)*

### *(ਅ) ਮਨੁੱਖਤਾ*

ਮਨੁੱਖ ਉਹੀ ਹੈ ਜਿਸ ਦੇ ਮਨ ਵਿਚ ਪ੍ਰਭੂ ਦੇ ਪਿਆਰ ਦੀ ਖਿੱਚ ਹੈ, ਤੇ ਜੋ ਪ੍ਰਭੂ ਦੀ ਯਾਦ ਵਿਚ ਝੁਕਦਾ ਹੈ:

**ਜੋ ਸਿਰੁ ਸਾਈ ਨਾ ਨਿਵੈ, ਸੋ ਸਿਰੁ ਦੀਜੈ ਡਾਰਿ॥**
**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ, ਸੋ ਪਿੰਜਰੁ ਲੈ ਜਾਰਿ॥੧॥੧੫॥**

*(ਸਿਰੀਰਾਗੁ ਕੀ ਵਾਰ)*

ਮਨੁੱਖ ਚਾਹੇ ਕਿਸੇ ਭੀ ਜਾਤਿ-ਵਰਨ ਦਾ ਹੋਵੇ, ਹਰੇਕ ਵਾਸਤੇ ਮਨੁੱਖਤਾ ਦਾ ਧਰਮ ਸਾਂਝਾ ਹੈ, ਤੇ ਉਹ ਹੈ ਪਰਮਾਤਮਾ ਦਾ ਸਿਮਰਨ। ਸਿਮਰਨ ਦੀ ਰਾਹੀਂ ਹੀ ਮਨੁੱਖ ਸੱਚੇ ਜੀਵਨ ਵਾਲਾ ਬਣ ਸਕਦਾ ਹੈ:

**ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ॥**
**ਖਤ੍ਰੀ ਸਬਦੰ, ਸੂਰ ਸਬਦੰ, ਸੂਦ੍ਰ ਸਬਦੰ ਪਰਾਕ੍ਰਿਤਹ॥**
**ਸਰਬ ਸਬਦੰ ਏਕ ਸਬਦੰ, ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ, ਸੋਈ ਨਿਰੰਜਨ ਦੇਉ॥੩॥੧੨॥**

*(ਆਸਾ ਦੀ ਵਾਰ)*

ਜੀਵ ਰੱਬੀ ਅਸਲੇ ਵਾਲਾ ਹੈ, ਇਸ ਦਾ ਅਸਲ ਸਾਥ ਪਰਮਾਤਮਾ ਨਾਲ ਹੀ ਫਬ ਤੇ ਨਿਭ ਸਕਦਾ ਹੈ:

**ਤੁਰਦੇ ਕਉ ਤੁਰਦਾ ਮਿਲੈ, ਉਡਤੇ ਕਉ ਉਡਤਾ॥**
**ਜੀਵਤੇ ਕਉ ਜੀਵਤਾ ਮਿਲੈ, ਮੂਏ ਕਉ ਮੂਆ॥**
**ਨਾਨਕ ਸੋ ਸਾਲਾਹੀਐ, ਜਿਨਿ ਕਾਰਣੁ ਕੀਤਾ॥੨॥੮॥** *(ਸੂਹੀ ਕੀ ਵਾਰ)*

ਜਾਤਿ-ਜਨਮ ਕੋਈ ਭੀ ਹੋਵੇ, ਉਹੀ ਜਿਸਮ ਮਨੁੱਖਾ ਜਿਸਮ ਅਖਵਾਣ ਦੇ ਲਾਇਕ ਹੈ, ਜਿਸ ਦੇ ਅੰਗ ਕਾਮਾਦਿਕ ਵਿਕਾਰਾਂ ਤੋਂ ਬਚੇ ਹੋਏ ਹਨ:

**ਜੈਸਾ ਕਰੈ ਕਹਾਵੈ ਤੈਸਾ, ਐਸੀ ਬਨੀ ਜਰੂਰਤਿ॥**
**ਹੋਵਹਿ ਲਿੰਙ, ਝਿੰਙ ਨ ਹੋਵਹਿ, ਐਸੀ ਕਹੀਐ ਸੂਰਤਿ॥**
**ਜੋ ਓਸੁ ਇਛੇ ਸੋ ਫਲੁ ਪਾਏ, ਤਾਂ ਨਾਨਕ ਕਹੀਐ ਮੂਰਤਿ॥੨॥੨੦॥**

*(ਸਾਰੰਗ ਕੀ ਵਾਰ)*

ਉਹੀ ਮਨੁੱਖ ਕਾਮਯਾਬ ਜੀਵਨ ਵਾਲਾ ਹੈ, ਉਹ ਜੀਵ-ਵਣਜਾਰਾ ਖੱਟੀ ਖੱਟਦਾ ਸਮਝੋ, ਜੋ ਸਤਿਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ। ਉਸ ਨੂੰ ਦੁਨੀਆ ਦੀ ਮੁਥਾਜੀ ਨਹੀਂ ਰਹਿੰਦੀ:

**ਸੇਈ ਪੂਰੇ ਸਾਹ, ਜਿਨੀ ਪੂਰਾ ਪਾਇਆ॥**
**ਅਠੀ ਵੇਪਰਵਾਹ, ਰਹਨਿ ਇਕਤੈ ਰੰਗਿ॥**
**ਦਰਸਨਿ ਰੂਪਿ ਅਥਾਹ, ਵਿਰਲੇ ਪਾਈਅਹਿ॥**
**ਕਰਮਿ ਪੂਰੈ ਪੂਰਾ ਗੁਰੂ, ਪੂਰਾ ਜਾ ਕਾ ਬੋਲੁ॥**
**ਨਾਨਕ, ਪੂਰਾ ਜੇ ਕਰੇ, ਘਟੈ ਨਾਹੀ ਤੋਲੁ॥੨॥੧੭॥** *(ਮਾਝ ਕੀ ਵਾਰ)*

ਪਰਮਾਤਮਾ ਦੀਆਂ ਦਿੱਤੀਆਂ ਦਾਤਾਂ ਵਿਚ ਰੁੱਝ ਕੇ ਪਰਮਾਤਮਾ ਨੂੰ ਵਿਸਾਰ ਦੇਣਾ ਤੇ ਮੰਦੇ ਰਸਤੇ ਪੈ ਜਾਣਾ ਭਾਰੀ ਮੂਰਖਤਾ ਹੈ:

**ਦੇਂਦੇ ਥਾਵਹੁ ਦਿਤਾ ਚੰਗਾ, ਮਨਮੁਖਿ ਐਸਾ ਜਾਣੀਐ॥**
**ਸੁਰਤਿ ਮਤਿ ਚਤੁਰਾਈ ਤਾ ਕੀ, ਕਿਆ ਕਰਿ ਆਖਿ ਵਖਾਣੀਐ॥੨॥੨॥**

*(ਮਾਝ ਕੀ ਵਾਰ)*

ਜੋ ਮਨੁੱਖ ਪਰਮਾਤਮਾ ਦੀ ਬੰਦਗੀ ਕਰਦੇ ਹਨ, ਉਹਨਾਂ ਦਾ ਹੀ ਜੀਵਨ ਕਾਮਯਾਬ ਹੈ:

**ਨਦਰਿ ਤਿਨ੍ਾ ਕਉ ਨਾਨਕਾ, ਨਾਮੁ ਜਿਨ੍ਾ ਨੀਸਾਣੁ॥੨॥੫॥**

*(ਸਾਰੰਗ ਕੀ ਵਾਰ)*

ਜੀਵਨ ਦਾ ਸਭ ਤੋਂ ਸ੍ਰੇਸ਼ਟ ਰਸਤਾ ਇਹ ਹੈ ਕਿ ਮਨੁੱਖ ਆਪਣੇ ਮਨ ਦੀਆਂ ਕਮਜ਼ੋਰੀਆਂ ਲੱਭ ਕੇ ਉਹਨਾਂ ਦਾ ਇਲਾਜ ਕਰੇ। ਤਦੋਂ ਹੀ ਜੀਵਨ ਸੁਖੀ ਹੋ ਸਕਦਾ ਹੈ:

**ਵੈਦਾ ਵੈਦੁ ਸੁਵੈਦੁ ਤੂ, ਪਹਿਲਾਂ ਰੋਗੁ ਪਛਾਣੁ॥**
**ਐਸਾ ਦਾਰੂ ਲੋੜਿ ਲਹੁ, ਜਿਤੁ ਵੰਞੈ ਰੋਗਾ ਘਾਣਿ॥**
**ਜਿਤੁ ਦਾਰੂ ਰੋਗ ਉਠੀਅਹਿ, ਤਨਿ ਸੁਖੁ ਵਸੈ ਆਇ॥**
**ਰੋਗੁ ਗਵਾਇਹਿ ਆਪਣਾ, ਤ ਨਾਨਕ ਵੈਦੁ ਸਦਾਇ॥੨॥੩॥**

*(ਮਲਾਰ ਕੀ ਵਾਰ)*

ਕਰਤਾਰ-ਦਾਤਾਰ ਦੀ ਯਾਦ ਤੋਂ ਸੁੰਞਾ ਜੀਵਨ ਵਿਅਰਥ ਹੈ:

**ਨਿਹਫਲੰ ਤਸਿ ਜਨਮਸਿ, ਜਾਵਤੁ ਬ੍ਰਹਮ ਨ ਬਿੰਦਤੇ॥੨॥੨੩॥**

*(ਮਾਝ ਕੀ ਵਾਰ)*

ਮਨ ਦੇ ਪਿੱਛੇ ਤੁਰਿਆਂ ਕਦੇ ਜੀਵਨ ਉੱਚਾ ਨਹੀਂ ਹੋ ਸਕਦਾ। ਇਸ ਮਨ ਨੂੰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਜੋੜੋ, ਤਾਕਿ ਇਸ ਦਾ ਪੁਰਾਣਾ ਸੁਭਾਉ ਬਦਲੇ ਤੇ ਪਰਮਾਤਮਾ ਦੀ ਰਜ਼ਾ ਮਿੱਠੀ ਲੱਗੇ। ਤਦੋਂ ਹੀ ਅੰਦਰ ਸ਼ਾਂਤੀ ਪੈਦਾ ਹੋਵੇਗੀ:

**ਨਾਲਿ ਇਆਣੇ ਦੋਸਤੀ, ਕਦੇ ਨ ਆਵੈ ਰਾਸਿ॥**
**ਜੇਹਾ ਜਾਣੈ ਤੇਹੋ ਵਰਤੈ, ਵੇਖਹੁ ਕੋ ਨਿਰਜਾਸਿ॥.....**


www.sikhbookclub.com

ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ, ਨਾਨਕ ਸਿਫਤਿ ਵਿਗਾਸਿ ॥੩॥੨੨॥

*(ਆਸਾ ਦੀ ਵਾਰ)*

ਮਨ ਦੀ ਅਗਵਾਈ ਵਿਚ ਤੁਰਿਆਂ ਜੀਵਨ ਦਾ ਸਹੀ ਰਸਤਾ ਨਹੀਂ ਲੱਭ ਸਕਦਾ। ਇਹ ਆਪਣੀਆਂ ਵਾਦੀਆਂ ਅਨੁਸਾਰ ਜ਼ਰੂਰ ਉਕਾਈ ਖਾ ਹੀ ਜਾਂਦਾ ਹੈ:

ਹੋਇ ਇਆਣਾ ਕਰੇ ਕੰਮੁ, ਆਣਿ ਨ ਸਕੈ ਰਾਸਿ ॥
ਜੇ ਇਕ ਅਧ ਚੰਗੀ ਕਰੇ, ਦੂਜੀ ਭੀ ਵੇਰਾਸਿ ॥੫॥੨੨॥

*(ਆਸਾ ਦੀ ਵਾਰ)*

ਕਾਮਯਾਬ ਜੀਵਨ ਦਾ ਸਹੀ ਰਸਤਾ ਇਹ ਹੈ ਕਿ ਅੰਮ੍ਰਿਤ ਵੇਲੇ ਸਤਸੰਗ ਵਿਚ ਅੱਪੜ ਕੇ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰੇ-ਸੁਣੇ, ਤੇ ਦਿਨ ਦੇ ਬਾਕੀ ਸਮੇ ਵਿਚ ਕਿਰਤ-ਕਾਰ ਕਰਦਾ ਹੋਇਆ ਭੀ ਭਲਿਆਂ ਨਾਲ ਹੀ ਵਾਹ ਰੱਖੇ, ਤਾਕਿ ਖੋਟੇ ਪਾਸੇ ਨਾ ਪੈ ਜਾਏ:

ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ, ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ, ਕਰਮੀ ਹੋਇ ਪਸਾਉ ॥.....
ਸਤੀ ਪਹਰੀ ਸਤੁ ਭਲਾ, ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ, ਕੂੜੈ ਘਟੈ ਰਾਸਿ .... ॥੧॥੧੯॥

*(ਮਾਝ ਕੀ ਵਾਰ)*

ਕਿਸੇ ਸਿਆਣਪ-ਚਤੁਰਾਈ ਦੇ ਆਸਰੇ ਜੋ ਆਪ-ਹੁਦਰਾ ਮਨੁੱਖ ਭਲੇ ਮਨੁੱਖਾਂ ਨਾਲ ਵਧੀਕੀ ਕਰਦਾ ਹੈ, ਉਹ ਇਸ ਤਰ੍ਹਾਂ ਆਪਣੇ ਜੀਵਨ ਨੂੰ ਹੋਰ ਭੀ ਨੀਵਾਂ ਕਰਨ ਦੀ ਮੂਰਖਤਾ ਕਰਦਾ ਹੈ:

ਮੰਤ੍ਰੀ ਹੋਇ ਅਠੂਹਿਆ, ਨਾਗੀ ਲਗੈ ਜਾਇ ॥
ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥
ਹੁਕਮੁ ਪਇਆ ਧੁਰਿ ਖਸਮ ਕਾ, ਅਤੀ ਹੂ ਧਕਾ ਖਾਇ ॥
ਗੁਰਮੁਖਿ ਸਿਉ ਮਨਮੁਖੁ ਅੜੈ, ਡੁਬੈ ਹਕਿ ਨਿਆਇ ॥੧॥੨੨॥

*(ਮਾਝ ਕੀ ਵਾਰ)*

ਦੂਜਿਆਂ ਦੇ ਔਗਣ ਨਸ਼ਰ ਕਰਨ ਦੀ ਵਾਦੀ ਮਨੁੱਖ ਨੂੰ ਜੀਵਨ-ਤੋਰ ਵਿਚ ਨੀਵੇਂ ਪਾਸੇ ਵੱਲ ਹੀ ਡੇਗਦੀ ਹੈ। ਅਸਲ ਸਿਆਣਪ ਇਹ ਹੈ ਕਿ ਜੀਵ ਆਪਣੀਆਂ ਜੀਵਨ-ਉਕਾਈਆਂ ਨੂੰ ਦੂਰ ਕਰਨ ਦਾ ਜਤਨ ਕਰੇ :

**ਨਾਨਕ ਪਰਖੇ ਆਪ ਕਉ, ਤਾ ਪਾਰਖੁ ਜਾਣੁ ॥**
**ਰੋਗੁ ਦਾਰੂ ਦੋਵੈ ਬੁਝੈ, ਤਾ ਵੈਦੁ ਸੁਜਾਣੁ ॥.....**
**ਸਰੁ ਸੰਧੇ ਆਗਾਸ ਕਉ, ਕਿਉ ਪਹੁਚੈ ਬਾਣੁ ॥**
**ਅਗੈ ਓਹੁ ਅਗੰਮੁ ਹੈ, ਵਾਹੇਦੜੂ ਜਾਣੁ ॥੨॥੨੨॥** *(ਮਾਝ ਕੀ ਵਾਰ)*

### *(ੲ) ਸਿਮਰਨ*

ਪਰਮਾਤਮਾ ਦਾ ਨਾਮ ਸਿਮਰਨ ਨਾਲ ਜੀਵਨ ਇਤਨਾ ਉੱਚਾ ਤੇ ਸ਼ਾਂਤ ਹੋ ਜਾਂਦਾ ਹੈ ਕਿ ਦੁਨੀਆ ਦੀ ਕੋਈ ਔਕੜ ਡਾਵਾਂ-ਡੋਲ ਨਹੀਂ ਕਰ ਸਕਦੀ :

**ਸਾਵਣੁ ਆਇਆ ਹੇ ਸਖੀ, ਜਲਹਰੁ ਬਰਸਨਹਾਰੁ ॥**
**ਨਾਨਕ ਸੁਖਿ ਸਵਨੁ ਸੋਹਾਗਣੀ, ਜਿਨ੍ ਸਹ ਨਾਲਿ ਪਿਆਰੁ ॥**
*(ਮਲਾਰ ਕੀ ਵਾਰ)*

ਅਕਾਲ ਪੁਰਖ ਦੇ ਨਾਮ ਵਿਚ ਜੁੜਨ ਦੀ ਸਿੱਖਿਆ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ :

**ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ ॥**
**ਤਿਨ ਕਉ ਕਿਆ ਉਪਦੇਸੀਐ, ਜਿਨ ਗੁਰੁ ਨਾਨਕ ਦੇਉ ॥੧॥੨੭॥**
*(ਮਾਝ ਕੀ ਵਾਰ)*

ਉਹੀ ਹਿਰਦੇ ਸਦਾ ਖਿੜੇ ਰਹਿੰਦੇ ਹਨ ਜਿਨ੍ਹਾਂ ਵਿਚ ਪਰਮਾਤਮਾ ਦੀ ਯਾਦ ਟਿਕੀ ਰਹਿੰਦੀ ਹੈ :

**ਨਾਨਕ ਤਿਨ੍ਾ ਬਸੰਤੁ ਹੈ, ਜਿਨ੍ ਘਰਿ ਵਸਿਆ ਕੰਤੁ ॥**
**ਜਿਨ੍ ਕੇ ਕੰਤ ਦਿਸਾ ਪੁਰੀ, ਸੇ ਅਹਿਨਿਸਿ ਫਿਰਹਿ ਜਲੰਤ ॥੨॥੧੮॥**
*(ਸੂਹੀ ਕੀ ਵਾਰ)*

ਖ਼ੁਸ਼ੀ ਅਨੰਦ ਦਾ ਸੋਮਾ ਪਰਮਾਤਮਾ ਹੀ ਹੈ, ਉਸ ਨੂੰ ਹਿਰਦੇ ਵਿਚ ਵਸਾਉ :

**ਪਹਿਲ ਬਸੰਤੈ ਆਗਮਨਿ, ਤਿਸ ਕਾ ਕਰਹੁ ਬੀਚਾਰੁ ॥**
**ਨਾਨਕ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰ ॥੨॥੧੯॥**
*(ਸੂਹੀ ਕੀ ਵਾਰ)*

ਸਿਮਰਨ ਸਿਫ਼ਤਿ-ਸਾਲਾਹ ਦੀ ਕਦਰ ਸਤਿਗੁਰੂ ਜਾਣਦਾ ਹੈ, ਜਾਂ ਗੁਰੂ ਦੇ ਦੱਸੇ ਰਾਹ 'ਤੇ ਤੁਰਨ ਵਾਲੇ ਗੁਰਮੁਖਿ ਜਾਣਦੇ ਹਨ:

**ਰਤਨਾ ਕੇਰੀ ਗੁਥਲੀ, ਰਤਨੀ ਖੋਲੀ ਆਇ॥**
**ਵਖਰ ਤੈ ਵਣਜਾਰਿਆ, ਦੁਹਾ ਰਹੀ ਸਮਾਇ॥**
**ਜਿਨ ਗੁਣੁ ਪਲੈ ਨਾਨਕਾ, ਮਾਣਕ ਵਣਜਹਿ ਸੇਇ॥**
**ਰਤਨਾ ਸਾਰ ਨ ਜਾਣਨੀ, ਅੰਧੇ ਵਤਹਿ ਲੋਇ॥੨॥੧੫॥**

*(ਰਾਮਕਲੀ ਕੀ ਵਾਰ)*

ਸਿਮਰਨ ਜੀਵ ਨੂੰ ਪਰਮਾਤਮਾ ਨਾਲ ਇਕ-ਰੂਪ ਕਰ ਦੇਂਦਾ ਹੈ। ਵਿੱਥ ਨਹੀਂ ਰਹਿ ਜਾਂਦੀ:

**ਏਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ॥**
**ਨਾਨਕ ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ॥੨॥੨੩॥**

*(ਆਸਾ ਦੀ ਵਾਰ)*

ਪ੍ਰਭੂ ਨੂੰ ਹਿਰਦੇ ਵਿਚ ਵਸਾਇਆਂ ਹੀ ਪ੍ਰਭੂ ਨਾਲ ਮਿਲਾਪ ਹੁੰਦਾ ਹੈ, ਕਿਸੇ ਬਾਹਰਲੇ ਧਾਰਮਿਕ ਲਿਬਾਸ ਨਾਲ ਨਹੀਂ:

**ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ॥**
**ਅੰਤਰ ਆਤਮੈ ਜੋ ਮਿਲੈ, ਮਿਲਿਆ ਕਹੀਐ ਸੋਇ॥੩॥੧੯॥**

*(ਸੂਹੀ ਕੀ ਵਾਰ)*

ਪ੍ਰਭੂ ਨੂੰ ਵਿਸਾਰਿਆਂ ਦੁਨੀਆ ਦੇ ਕਈ ਚਿੰਤਾ-ਝੋਰੇ ਆ ਵਾਪਰਦੇ ਹਨ:

**ਸਾਵਣੁ ਆਇਆ ਹੇ ਸਖੀ, ਕੰਤੈ ਚਿਤਿ ਕਰੇਹੁ॥**
**ਨਾਨਕ ਝੂਰਿ ਮਰਹਿ ਦੋਹਾਗਣੀ, ਜਿਨ੍ ਅਵਰੀ ਲਾਗਾ ਨੇਹੁ॥੧॥੪॥**

*(ਮਲਾਰ ਕੀ ਵਾਰ)*

ਬੰਦਗੀ-ਹੀਣ ਬੰਦਾ ਜੀਵਨ-ਸਫ਼ਰ ਵਿਚ ਅੰਨ੍ਹੇ ਮਨੁੱਖ ਵਾਂਗ ਠੇਡੇ ਖਾਂਦਾ ਹੈ। ਉਸ ਦੇ ਪਿੱਛੇ ਤੁਰਨਾ ਠੀਕ ਨਹੀਂ:

**ਅੰਧੇ ਕੈ ਰਾਹਿ ਦਸਿਐ, ਅੰਧਾ ਹੋਇ ਸੁ ਜਾਇ॥**
**ਹੋਇ ਸੁਜਾਖਾ ਨਾਨਕਾ, ਸੋ ਕਿਉ ਉਜੜਿ ਪਾਇ॥**
**ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ॥**
**ਅੰਧੇ ਸੇਈ ਨਾਨਕਾ, ਖਸਮਹੁ ਘੁਥੇ ਜਾਹਿ॥੧॥੧੬॥** *(ਰਾਮਕਲੀ ਕੀ ਵਾਰ)*



 www.sikhbookclub.com

ਭਗਤੀ-ਹੀਣ ਹਿਰਦਾ ਹਉਮੈ ਵਿਚ ਗ੍ਰਸਿਆ ਰਹਿੰਦਾ ਹੈ। ਉਹ ਸਿਫ਼ਤਿ-ਸਾਲਾਹ ਦੀ ਕਦਰ ਨਹੀਂ ਪਾ ਸਕਦਾ:

**ਜਿਥੈ ਸੁ ਵਸਤੁ ਨ ਜਾਪਈ, ਆਪੇ ਵਰਤਉ ਜਾਣਿ॥**
**ਨਾਨਕ ਗਾਹਕੁ ਕਿਉ ਲਏ, ਸਕੈ ਨ ਵਸਤੁ ਪਛਾਣਿ॥੨॥੧੬॥**

*(ਰਾਮਕਲੀ ਕੀ ਵਾਰ)*

ਸਿਮਰਨ-ਭਗਤੀ ਦੇ ਮਾਰਗ ਨੂੰ ਨਿੰਦਣ ਵਾਲਾ ਮਨੁੱਖ ਅਸਲ ਵਿਚ ਆਪਣੀ ਹੀ ਅਗਿਆਨਤਾ ਨਸ਼ਰ ਕਰਦਾ ਹੈ:

**ਨਾਨਕ ਅੰਧਾ ਹੋਇ ਕੈ, ਰਤਨਾ ਪਰਖਣ ਜਾਇ॥**
**ਰਤਨਾ ਸਾਰ ਨ ਜਾਣਈ, ਆਵੈ ਆਪੁ ਲਖਾਇ॥੧॥੧੫॥**

*(ਰਾਮਕਲੀ ਕੀ ਵਾਰ)*

### *(ਸ) ਪਰਮਾਤਮਾ ਨਾਲ ਮਿਲਾਪ*

ਪਰਮਾਤਮਾ ਨੂੰ ਮਿਲਣ ਦੇ ਰਸਤੇ ਉਤੇ ਤੁਰਨ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਪਰ-ਧਨ, ਪਰ-ਤਨ ਅਤੇ ਪਰਾਈ ਨਿੰਦਾ ਛੱਡ ਦੇਵੇ:

**ਅਖੀ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ॥**
**ਪੈਰਾ ਬਾਝਹੁ ਚਲਣਾ, ਵਿਣੁ ਹਥਾ ਕਰਣਾ॥**
**ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ॥**
**ਨਾਨਕ, ਹੁਕਮੁ ਪਛਾਣਿ ਕੈ, ਤਉ ਖਸਮੈ ਮਿਲਣਾ॥੧॥੩॥**

*(ਮਾਝ ਕੀ ਵਾਰ)*

ਪਰਮਾਤਮਾ ਇਸ ਕੁਦਰਤ ਵਿਚ ਹਰ ਥਾਂ ਮੌਜੂਦ ਹੈ, ਫਿਰ ਭੀ ਉਸ ਦਾ ਦਰਸ਼ਨ ਤਦੋਂ ਹੀ ਹੋ ਸਕਦਾ ਹੈ ਜੇ ਮਨੁੱਖ ਦੇ ਹਿਰਦੇ ਵਿਚ ਉਸ ਦਾ ਡਰ, ਪਿਆਰ ਤੇ ਯਾਦ ਟਿਕੀ ਰਹੇ:

**ਦਿਸੈ ਸੁਣੀਐ ਜਾਣੀਐ, ਸਾਉ ਨ ਪਾਇਆ ਜਾਇ॥**
**ਰੁਹਲਾ ਟੁੰਡਾ ਅੰਧੁਲਾ, ਕਿਉ ਗਲਿ ਲਗੈ ਧਾਇ॥**
**ਭੈ ਕੇ ਚਰਣ, ਕਰ ਭਾਵ ਕੇ, ਲੋਇਣ ਸੁਰਤਿ ਕਰੇਇ॥**
**ਨਾਨਕੁ ਕਹੈ ਸਿਆਣੀਏ, ਇਵ ਕੰਤ ਮਿਲਾਵਾ ਹੋਇ॥੨॥੩॥**

*(ਮਾਝ ਕੀ ਵਾਰ)*

ਪਰਮਾਤਮਾ ਦੇ ਸੇਵਕ ਦੇ ਇਹ ਦੋ ਜ਼ਰੂਰੀ ਲੱਛਣ ਹਨ:

(੧) ਚਾਹੇ ਕੋਈ ਭੀ ਕਿਰਤ-ਕਾਰ ਕਰਦਾ ਹੋਵੇ, ਉਸ ਦੀ ਸੁਰਤਿ ਪਰਮਾਤਮਾ ਵੱਲ ਝੁਕੀ ਰਹੇ। (੨) ਜੀਵਨ ਵਿਚ ਵਾਪਰਦੇ ਸੁੱਖ-ਦੁੱਖ ਨੂੰ ਪਰਮਾਤਮਾ ਦੀ ਰਜ਼ਾ ਸਮਝ ਕੇ ਅਡੋਲ-ਚਿੱਤ ਰਹੇ:

**ਇਹ ਕਿਨੇਹੀ ਆਸਕੀ, ਦੂਜੈ ਲਗੈ ਜਾਇ॥**
**ਨਾਨਕ ਆਸਕੁ ਕਾਂਢੀਐ, ਸਦ ਹੀ ਰਹੈ ਸਮਾਇ॥**
**ਚੰਗੈ ਚੰਗਾ ਕਰਿ ਮੰਨੇ, ਮੰਦੈ ਮੰਦਾ ਹੋਇ॥**
**ਆਸਕੁ ਏਹੁ ਨ ਆਖੀਐ, ਜਿ ਲੇਖੈ ਵਰਤੈ ਸੋਇ॥੧॥੨੧॥**

*(ਆਸਾ ਦੀ ਵਾਰ)*

**ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ॥**
**ਨਾਨਕ ਦੋਵੈ ਕੂੜੀਆ, ਥਾਇ ਨ ਕਾਈ ਪਾਇ॥੨॥੨੧॥**

*(ਆਸਾ ਦੀ ਵਾਰ)*

ਬੰਦਗੀ ਕਰਨ ਵਾਲੇ ਵਾਸਤੇ ਇਹ ਅੱਤ ਜ਼ਰੂਰੀ ਹੈ ਕਿ ਉਹ ਹਉਮੈ ਅਹੰਕਾਰ ਦੂਰ ਕਰੇ:

**ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ॥**
**ਗਲਾ ਕਰੇ ਘਣੇਰੀਆ, ਖਸਮ ਨ ਪਾਏ ਸਾਦੁ॥**
**ਆਪੁ ਗਵਾਏ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥**
**ਨਾਨਕ, ਜਿਸ ਨੋ ਲਗਾ ਤਿਸੁ ਮਿਲੈ, ਲਗਾ ਸੋ ਪਰਵਾਨੁ॥੧॥੨੨॥**

*(ਆਸਾ ਦੀ ਵਾਰ)*

ਮਨੁੱਖ ਦਾ ਆਚਰਣ ਅੰਦਰਲੀ ਨੀਅਤ ਅਨੁਸਾਰ ਹੀ ਬਣਦਾ ਹੈ। ਅੰਦਰੋਂ ਹੋਰ ਤੇ ਬਾਹਰੋਂ ਹੋਰ ਵਾਲੀ ਠੱਗੀ ਨਹੀਂ ਨਿਭ ਸਕਦੀ:

**ਜੋ ਜੀਇ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ॥**
**ਬੀਜੇ ਬਿਖੁ ਮੰਗੈ ਅੰਮ੍ਰਿਤੁ, ਵੇਖਹੁ ਏਹੁ ਨਿਆਉ॥੨॥੨੨॥** *(ਆਸਾ ਦੀ ਵਾਰ)*

ਸੁੱਖ ਹੋਵੇ ਚਾਹੇ ਦੁੱਖ, ਸਦਾ ਪ੍ਰਭੂ ਦਾ ਸਹਾਰਾ ਲਈਏ। ਇਹੀ ਹੈ ਉਸ ਨੂੰ ਮਿਲਣ ਦਾ ਰਸਤਾ:

**ਜਾਂ ਸੁਖੁ ਤਾ ਸਹੁ ਰਾਵਿਓ, ਦੁਖਿ ਭੀ ਸੰਮ੍ਹਾਲਿਓਇ॥**
**ਨਾਨਕੁ ਕਹੈ ਸਿਆਣੀਏ, ਇਉ ਕੰਤ ਮਿਲਾਵਾ ਹੋਇ॥੨॥੨੦॥**

*(ਸੂਹੀ ਕੀ ਵਾਰ)*

*(ਹ) ਤ੍ਰਿਸ਼ਨਾ ਦਾ ਇਲਾਜ*

ਤ੍ਰਿਸ਼ਨਾ-ਅਧੀਨ ਮਨੁੱਖ ਦੇ ਚਸਕੇ ਤਦੋਂ ਹੀ ਮੁੱਕ ਸਕਦੇ ਹਨ ਜੇ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਕਰਦਾ ਪਰਮਾਤਮਾ ਵਿਚ ਮਗਨ ਹੋ ਜਾਏ :

**ਆਖਣੁ ਆਖਿ ਨ ਰਜਿਆ, ਸੁਨਣਿ ਨ ਰਜੇ ਕੰਨ ॥**
**ਅਖੀ ਦੇਖਿ ਨ ਰਜੀਆ, ਗੁਣ ਗਾਹਕ ਇਕ ਵੰਨ ॥**
**ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ ॥**
**ਨਾਨਕ ਭੁਖਾ ਤਾ ਰਜੈ, ਜਾ ਗੁਣ ਕਹਿ ਗੁਣੀ ਸਮਾਇ ॥੨॥੧੯॥**

*(ਮਾਝ ਕੀ ਵਾਰ)*

ਜੋ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ, ਉਸ ਨੂੰ ਦੁਨੀਆ ਦੀ ਹੋਰ ਕੋਈ ਚੀਜ਼ ਬਹੁਤੀ ਖਿੱਚ ਨਹੀਂ ਪਾ ਸਕਦੀ :

**ਜਿਨ ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ ॥**
**ਨਾਨਕ ਅੰਮ੍ਰਿਤੁ ਏਕੁ ਹੈ, ਦੂਜਾ ਅੰਮ੍ਰਿਤੁ ਨਾਹਿ ॥੧॥੪॥**

*(ਸਾਰੰਗ ਕੀ ਵਾਰ)*

*(ਕ) ਕਲਿਜੁਗ*

ਕਲਿਜੁਗ ਕਿਸੇ ਖ਼ਾਸ ਸਮੇ ਦਾ ਨਾਮ ਨਹੀਂ। ਜਿਥੇ ਗ਼ਰੀਬਾਂ ਦੀ ਗ਼ਰੀਬੀ ਉਤੇ ਹਾਸਾ ਉਡਾਇਆ ਜਾਏ, ਜਿਥੇ ਜਾਹਿਲਾਂ ਨੂੰ ਸਿਆਣੇ ਵਿਦਵਾਨ ਸਮਝਿਆ ਜਾਏ, ਜਿਥੇ ਚੋਰ-ਉਚੱਕਾ ਚੌਧਰੀ ਹੋਵੇ, ਜਿਥੇ ਗੁੰਡੀ ਰੰਨ ਪ੍ਰਧਾਨ ਹੋਵੇ, ਉਥੇ ਕਲਿਜੁਗ ਦਾ ਪਹਿਰਾ ਸਮਝੋ :

**ਨਾਉ ਫਕੀਰੈ ਪਾਤਿਸਾਹੁ, ਮੂਰਖ ਪੰਡਿਤੁ ਨਾਉ ॥**
**ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ ॥**
**ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ ॥**
**ਨਾਨਕ ਗੁਰਮੁਖਿ ਜਾਣੀਐ, ਕਲਿ ਕਾ ਏਹੁ ਨਿਆਉ ॥੧॥੨੨॥**

*(ਮਲਾਰ ਕੀ ਵਾਰ)*

## ਸਮਾਜ ਦੀ ਆਰਥਕ ਬਣਤਰ

ਗੁਰੂ ਨਾਨਕ ਦੇਵ ਜੀ ਦੇ ਪਾਸ ਆਉਣ ਤੋਂ ਪਹਿਲਾਂ ਬਾਬਾ ਲਹਿਣਾ

ਜੀ ਦੇਵੀ-ਪੂਜ ਸਨ। ਮੰਦਰਾਂ ਵਿਚ ਉਹਨਾਂ ਲੋਕਾਂ ਨੂੰ ਜਾਣ ਦੀ ਆਗਿਆ ਨਹੀਂ ਹੁੰਦੀ ਸੀ ਜਿਨ੍ਹਾਂ ਨੂੰ ਨੀਵੀਂ ਜਾਤਿ ਦੇ ਆਖਿਆ ਜਾਂਦਾ ਸੀ। ਇਨ੍ਹਾਂ ਨੀਵੇਂ ਲੋਕਾਂ ਦੀ ਆਰਥਕ ਹਾਲਤ ਉੱਚੀ ਜਾਤਿ ਵਾਲਿਆਂ ਨਾਲੋਂ ਬਹੁਤ ਹੀ ਕਮਜ਼ੋਰ ਹੋਣੀ ਭੀ ਇਕ ਕੁਦਰਤੀ ਗੱਲ ਸੀ। ਸੋ ਉੱਚੀ ਜਾਤਿ ਵਾਲੇ ਦਾ ਸਤਿਕਾਰ ਤੇ ਨੀਚ ਜਾਤਿ ਵਾਲੇ ਤੋਂ ਘਿਰਣਾ ਕਰਨ ਵਾਲਾ ਮਨੁੱਖ ਸੁਤੇ ਹੀ ਧਨਵਾਨਾਂ ਦਾ ਆਦਰ-ਮਾਣ ਕਰਦਾ ਹੈ ਤੇ ਗ਼ਰੀਬ ਲੋਕਾਂ ਤੋਂ ਪਰੇ ਪਰੇ ਹੁੰਦਾ ਹੈ। ਬਾਬਾ ਲਹਿਣਾ ਜੀ ੨੮ ਸਾਲਾਂ ਦੀ ਉਮਰ ਤਕ ਇਸੇ ਸੁਭਾਵ ਵਾਲੇ ਸਮਾਜ ਵਿਚ ਕਿਰਤ-ਵਿਰਤ ਕਰਦੇ ਰਹੇ ਸਨ, ਤੇ ਇਹ ਹੋ ਸਕਦਾ ਸੀ ਕਿ ਇਹ ਭੀ ਉਸ ਸਮਾਜ ਦੇ ਹਮ-ਖ਼ਿਆਲ ਹੋਣ।

ਸੰਮਤ ੧੫੮੯ (ਸੰਨ ੧੫੩੨) ਵਿਚ ਇਨ੍ਹਾਂ ਦੇ ਜੀਵਨ ਅੰਦਰ ਅਚਨਚੇਤ ਇਕ ਭਾਰਾ ਪਲਟਾ ਆਉਣ ਦਾ ਅਵਸਰ ਬਣ ਗਿਆ। ਜਿਸ ਮਹਾ ਪੁਰਖ ਤੋਂ ਜੀਵਨ ਦਾ ਸੁਚੱਜਾ ਰਾਹ ਸਿੱਖਣ ਵਾਸਤੇ ਬਾਬਾ ਲਹਿਣਾ ਜੀ ਕਰਤਾਰਪੁਰ ਆ ਟਿਕੇ, ਉਹ ਉੱਚ-ਆਦਰਸ਼-ਗੁਰੂ ਨਾਨਕ ਪਾਤਿਸ਼ਾਹ ਉਸ ਸਮੇ ਦੀ ਹਿੰਦੂ-ਜਨਤਾ ਦੇ ਵਿਤਕਰੇ-ਭਰੇ ਭਾਈਚਾਰਕ ਜੀਵਨ ਤੋਂ ਉੱਕਾ ਹੀ ਅਸੰਤੁਸ਼ਟ ਸਨ। ਇਕ ਪਾਸੇ ਮੌਜਾਂ ਮਾਣਦੇ ਧਨਾਢ ਲੋਕ, ਤੇ ਦੂਜੇ ਪਾਸੇ ਪਾਟੀਆਂ ਲੀਰਾਂ ਵਾਲੇ ਕੰਗਾਲ ਭੁੱਖੇ ਮਰਦੇ ਗ਼ਰੀਬ—ਥਾਂ ਥਾਂ 'ਤੇ ਇਹ ਇਕ ਇਤਨਾ ਉੱਘਾ ਦੁਖਦਾਈ ਟਾਕਰਾ ਸੀ, ਜੋ ਗੁਰੂ ਨਾਨਕ ਸਾਹਿਬ ਦੀਆਂ ਨਜ਼ਰਾਂ ਤੋਂ ਖੁੰਝ ਨਹੀਂ ਸਕਦਾ ਸੀ। ਹਜ਼ੂਰ ਮੁੜ ਆਪਣੇ ਕਰਤਾਰ ਅੱਗੇ ਗਿਲਾ ਕਰਦੇ ਹਨ:

**ਨਾਨਕ ਅੰਤ ਨ ਜਾਪਨ੍ਹੀ, ਹਰਿ ਤਾ ਕੇ ਪਾਰਾਵਾਰ॥**
**ਆਪਿ ਕਰਾਏ ਸਾਖਤੀ, ਫਿਰਿ ਆਪਿ ਕਰਾਏ ਮਾਰ॥**
**ਇਕਨ੍ਹਾ ਗਲੀ ਜੰਜੀਰੀਆ, ਇਕਿ ਤੁਰੀ ਚੜਹਿ ਬਿਸੀਆਰ॥**
**ਆਪਿ ਕਰਾਏ ਕਰੇ ਆਪਿ, ਹਉ ਕੈ ਸਿਉ ਕਰੀ ਪੁਕਾਰ॥**
**ਨਾਨਕ ਕਰਣਾ ਜਿਨਿ ਕੀਆ, ਫਿਰਿ ਤਿਸ ਹੀ ਕਰਣੀ ਸਾਰ॥੨੩॥**

ਅਤੇ **ਆਪੇ ਭਾਂਡੇ ਸਾਜਿਅਨੁ, ਆਪੇ ਪੂਰਣੁ ਦੇਇ॥**
**ਇਕਨ੍ਹੀ ਦੁਧੁ ਸਮਾਈਐ, ਇਕਿ ਚੁਲ੍ਹੈ ਰਹਨ੍ਹਿ ਚੜੇ॥**
**ਇਕਿ ਨਿਹਾਲੀ ਪੈ ਸਵਨ੍ਹਿ, ਇਕਿ ਉਪਰਿ ਰਹਨਿ ਖੜੇ॥**
**ਤਿਨ੍ਹਾ ਸਵਾਰੇ ਨਾਨਕਾ, ਜਿਨ੍ਹ ਕਉ ਨਦਰਿ ਕਰੇ॥੧॥੨੪॥**

*(ਆਸਾ ਦੀ ਵਾਰ)*

ਸਤਿਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਉਸ ਵਿਤਕਰਾ-ਭਰੇ ਸਮਾਜ ਵਿਚੋਂ ਕੱਢ ਕੇ ਆਪਣਾ ਹਮ-ਖ਼ਿਆਲ ਬਣਾਣਾ ਸੀ, ਗ਼ਰੀਬਾਂ ਨਾਲ ਪਿਆਰ ਕਰਨ ਵਾਲਾ ਬਣਾਣਾ ਸੀ। ਇਸ ਕੰਮ ਲਈ ਕੁਦਰਤ ਵਲੋਂ ੭ ਸਾਲ ਮੌਕਾ ਮਿਲ ਗਿਆ। ਸੰਮਤ ੧੫੮੯ ਤੋਂ ਸੰਮਤ ੧੫੯੬ ਤਕ ਇਨ੍ਹਾਂ ਤੋਂ ਅੱਤ ਗ਼ਰੀਬਾਂ ਵਾਲੇ ਮਿਹਨਤ-ਮਜ਼ਦੂਰੀ ਦੇ ਕੰਮ ਕਰਾਉਂਦੇ ਰਹੇ, ਤਾਕਿ ਗ਼ਰੀਬ ਮਿਹਨਤੀ ਮਜ਼ਦੂਰ ਬੰਦਿਆਂ ਨਾਲ ਇਨ੍ਹਾਂ ਦੀ ਸਾਂਝ-ਪ੍ਰੀਤ ਬਣ ਸਕੇ। ੭ ਸਾਲ ਦੇ ਇਸ ਟਕਸਾਲ-ਘੜੀਂਦੇ ਜੀਵਨ ਵਿਚੋਂ ਸਾਡੇ ਇਤਿਹਾਸ ਨੇ ਸਾਨੂੰ ਨਮੂਨੇ ਵਜੋਂ ਛੇ-ਸੱਤ ਸਾਖੀਆਂ ਅਪੜਾਈਆਂ ਹਨ—ਧਰਮਸਾਲ ਦੀ ਢੱਠੀ ਕੰਧ ਬਨਾਣੀ, ਮੋਈ ਚੂਹੀ ਬਾਹਰ ਸੁਟਣੀ, ਸਿਆਲ ਦੀ ਰਾਤੇ ਦਰਿਆ 'ਤੇ ਕੱਪੜੇ ਧੋਣ ਜਾਣਾ, ਆਦਿਕ।

ਇਸ ਦਾ ਅਸਰ ਇਹ ਹੋਇਆ ਕਿ ਬਾਬਾ ਲਹਿਣਾ ਜੀ ਭੀ ਗ਼ਰੀਬਾਂ ਦੇ ਦਰਦੀ ਬਣ ਗਏ, ਤੇ ਇਹ ਭੀ ਗੁਰੂ ਨਾਨਕ ਦੇਵ ਜੀ ਵਾਂਗ ਪਰਮਾਤਮਾ ਅੱਗੇ ਪੁਕਾਰ ਉਠੇ ਕਿ ਇਸ ਆਰਥਿਕ ਵਿਤਕਰੇ ਨੂੰ ਹਟਾਣ ਵਾਸਤੇ ਪ੍ਰਭੂ ਤੋਂ ਬਿਨਾ :

**ਕਿਸ ਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪਿ ॥੨॥੨੪॥**

ਸਮਾਜਕ ਜੀਵਨ ਵਿਚ ਇਹ ਭਾਰੀ ਆਰਥਿਕ ਵਿਤਕਰਾ, ਗ਼ਰੀਬ ਤੇ ਅਮੀਰ ਦੀ ਇਹ ਡੂੰਘੀ ਵਿੱਥ, ਇਤਨੀ ਦੁਖਦਾਈ ਘਟਨਾ ਹੈ ਜਿਸ ਦਾ ਅਹਿਸਾਸ ਹਰੇਕ ਪ੍ਰਾਣੀ-ਮਾਤ੍ਰ ਨੂੰ ਹੁੰਦੇ ਰਹਿਣਾ ਅੱਤ ਜ਼ਰੂਰੀ ਹੈ, ਤਾਕਿ ਮਨੁੱਖ ਜਾਤੀ ਆਖ਼ਰ ਇਸ ਟੋਏ-ਟਿੱਬੇ ਵਾਲੇ ਕੁਹਜੇ ਜੀਵਨ ਦੇ ਸੁਧਾਰ ਵੱਲ ਧਿਆਨ ਦੇਵੇ। ਗੁਰੂ ਅਰਜਨ ਸਾਹਿਬ ਨੇ ਸਿੱਖ ਕੌਮ ਦੀ ਰੋਜ਼ਾਨਾ ਗਾਈ ਜਾਣ ਵਾਲੀ ਬਾਣੀ ਹੀ ਆਸਾ ਦੀ ਵਾਰ ਨਿਯਤ ਕਰ ਦਿੱਤੀ, ਜਿਸ ਦੀ ਪਉੜੀ ਨੰ: ੨੩ ਇਸ ਵਿਤਕਰੇ ਵੱਲ ਧਿਆਨ ਦਿਵਾਂਦੀ ਹੈ, ਤੇ ਅਖ਼ੀਰਲੀ ਪਉੜੀ ਦੇ ਨਾਲ ਇਸੇ ਭਾਵ ਵਾਲੇ ਸਲੋਕ ਭੀ ਦਰਜ ਕਰ ਦਿੱਤੇ।

ਗੁਰੂ ਅੰਗਦ ਸਾਹਿਬ ਨੇ ਪਰਤੱਖ ਵੇਖ ਲਿਆ ਸੀ ਕਿ ਮਾਇਆ ਜੋੜਨ ਤੇ ਮੱਲਾਂ ਮੱਲਣ ਦੀ ਹਵਸ—ਸਮਾਜ ਵਿਚ ਇਹ, ਅਢੁਕਵਾਂ ਜੀਵਨ ਪੈਦਾ ਕਰ ਰਹੀ ਹੈ। ਉਨ੍ਹਾਂ ਸਾਫ਼ ਕਹਿ ਦਿੱਤਾ ਕਿ ਮੱਲਾਂ ਮੱਲਣੀਆਂ ਮਨੁੱਖਾ ਜੀਵਨ ਦਾ ਸਹੀ ਆਦਰਸ਼ ਨਹੀਂ ਹੈ, ਇਸ ਥੋੜ੍ਹ-ਦਿਨੇ ਜੀਵਨ ਦੀ ਖ਼ਾਤਰ ਧਨ ਇਕੱਠਾ ਕਰੀ ਜਾਣਾ ਸਿਆਣਪ ਦੀ ਗੱਲ ਨਹੀਂ। ਜੇ ਮਨੁੱਖ ਦੀ ਸਾਰੀ ਲਗਨ ਧਨ-

ਪਦਾਰਥ ਜੋੜਨ ਵੱਲ ਹੋਵੇ, ਮਾਇਆ ਜੋੜਨ ਨੂੰ ਹੀ ਉਹ ਜੀਵਨ ਦਾ ਅਸਲੀ ਮਨੋਰਥ ਸਮਝਦਾ ਹੋਵੇ, ਤੇ, ਉਸ ਜੋੜੀ ਹੋਈ ਵਿਚੋਂ ਕੁਝ ਥੋੜੀ ਬਹੁਤ ਲੋਕ-ਵਿਖਾਵੇ ਦੀ ਖ਼ਾਤਰ ਚੱਟੀ ਵਜੋਂ ਕਿਸੇ ਧਾਰਮਿਕ ਕੰਮ ਵਿਚ ਖ਼ਰਚ ਕਰ ਦੇਵੇ, ਤਾਂ ਇਸ ਦਾ ਉਸ ਨੂੰ ਕੋਈ ਆਤਮਕ ਲਾਭ ਨਹੀਂ ਹੋ ਸਕਦਾ, ਕਿਉਂਕਿ ਉਸ ਦੀ ਸੁਰਤਿ ਤਾਂ ਧਨ ਜੋੜਨ ਵੱਲ ਹੀ ਲੱਗੀ ਰਹਿੰਦੀ ਹੈ। ਕਿਸੇ ਸੁਆਰਥ ਵਾਸਤੇ ਮਨ ਦੀ ਵਾਗ ਕਿਸੇ ਬਾਹਰੋਂ-ਦਿੱਸਦੇ-ਧਾਰਮਿਕ ਕੰਮ ਵੱਲ ਬਦੋ-ਬਦੀ ਮੋੜਨੀ, ਪਰ ਅਸਲ ਤਾਰ ਮਾਇਆ ਵੱਲ ਹੀ ਖੜਕਦੀ ਰਹਿਣੀ—ਇਸ ਤਰੀਕੇ ਨਾਲ ਪਰਮਾਤਮਾ ਦਾ ਪਿਆਰ ਨਹੀਂ ਹਾਸਲ ਕੀਤਾ ਜਾ ਸਕਦਾ। ਧਨ ਜੋੜਨ ਦੀ ਲਾਲਸਾ ਤੇ ਪ੍ਰਭੂ-ਚਰਨਾਂ ਦਾ ਪਿਆਰ ਇਕੋ ਹਿਰਦੇ ਵਿਚ ਨਹੀਂ ਟਿਕ ਸਕਦੇ। ਮਲਕੀਅਤਾਂ ਬਣਾਣੀਆਂ, ਮੱਲਾਂ ਮੱਲਣੀਆਂ ਅਤੇ ਧਰਮ—ਇਨ੍ਹਾਂ ਦੋਹਾਂ ਦੀ ਸਾਂਝ ਨਹੀਂ ਬਣ ਸਕਦੀ।

ਸੂਹੀ ਕੀ ਵਾਰ ਮ: ੩ ਦੀ ਪਉੜੀ ਨੰ: ੭ ਦੇ ਨਾਲ ਗੁਰੂ ਅੰਗਦ ਸਾਹਿਬ ਦੇ ਇਸ ਉਪਰ-ਦਿੱਤੇ ਭਾਵ ਵਾਲੇ ਹੇਠ-ਲਿਖੇ ਚਾਰ ਸਲੋਕ ਦਰਜ ਹਨ:

**ਸਲੋਕੁ ਮ: ੨॥**

**ਜਿਨ੍ੀ ਚਲਣੁ ਜਾਣਿਆ, ਸੇ ਕਿਉ ਕਰਹਿ ਵਿਥਾਰ॥**
**ਚਲਣ ਸਾਰ ਨ ਜਾਣਨੀ, ਕਾਜ ਸਵਾਰਣਹਾਰੁ॥੧॥**
**ਰਾਤਿ ਕਾਰਣਿ ਧਨੁ ਸੰਚੀਐ, ਭਲਕੇ ਚਲਣੁ ਹੋਇ॥**
**ਨਾਨਕ ਨਾਲਿ ਨ ਚਲਈ, ਫਿਰਿ ਪਛੁਤਾਵਾ ਹੋਇ॥੨॥**
**ਬਧਾ ਚਟੀ ਜੋ ਭਰੇ, ਨਾ ਗੁਣੁ, ਨਾ ਉਪਕਾਰੁ॥**
**ਸੇਤੀ ਖੁਸੀ ਸਵਾਰੀਐ, ਨਾਨਕ ਕਾਰਜੁ ਸਾਰੁ॥੩॥**
**ਮਨ ਹਠਿ ਤਰਫ ਨ ਜਿਪਈ, ਜੇ ਬਹੁਤਾ ਘਾਲੇ॥**
**ਤਰਫ ਜਿਣੈ ਸਤ ਭਾਉ ਦੇ, ਜਨ ਨਾਨਕ ਸਬਦੁ ਵੀਚਾਰੇ॥੪॥**

ਗੁਰੂ ਅੰਗਦ ਸਾਹਿਬ ਧਨ ਜੋੜਨ ਵਾਲੇ ਬੰਦੇ ਨੂੰ ਕਾਮਯਾਬ ਜੀਵਨ ਵਾਲਾ ਨਹੀਂ ਮੰਨਦੇ। ਸਤਿਗੁਰੂ ਜੀ ਦੇ ਜੀਵਨ-ਪੱਧਰ ਅਨੁਸਾਰ ਮਾਇਆ ਦੀ ਤ੍ਰਿਸ਼ਨਾ ਦੇ ਅਸਰ ਹੇਠ ਮਨੁੱਖ ਦਾ ਮਨ ਸੁਆਰਥ ਦੇ ਕਾਰਨ ਥੋੜ੍ਹ-ਵਿੱਤਾ ਹੋ ਜਾਂਦਾ ਹੈ ਤੇ ਰੱਬ ਨੂੰ ਭੁਲਾ ਬੈਠਦਾ ਹੈ। ਇਹ ਵੇਖ ਕੇ ਭੀ ਕਿ ਜਗਤ ਵਿਚ ਖ਼ਾਲੀ-ਹੱਥ ਆਵੀਦਾ ਹੈ ਤੇ ਇਥੋਂ ਖ਼ਾਲੀ ਹੱਥ ਜਾਈਦਾ ਹੈ, ਮਾਇਆ-ਗ੍ਰਸੇ

ਜੀਵ ਮਾਇਆ ਦੇ ਖਿਲਾਰ ਖਿਲਾਰੀ ਜਾਣ ਦੇ ਕੁਚੱਜੇ ਰਾਹੇ ਪਏ ਰਹਿੰਦੇ ਹਨ। ਹਜ਼ੂਰ ਆਖਦੇ ਹਨ :

**ਨਾਨਕ ਦੁਨੀਆ ਕੀਆਂ ਵਡਿਆਈਆਂ, ਅਗੀ ਸੇਤੀ ਜਾਲਿ ॥**
**ਏਨੀ ਜਲੀਈਂ ਨਾਮੁ ਵਿਸਾਰਿਆ, ਇਕ ਨ ਚਲੀਆ ਨਾਲਿ ॥੨॥੨੬॥**

*(ਮਲਾਰ ਕੀ ਵਾਰ)*

**ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ ॥**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ ॥੧॥੧॥**

*(ਸਾਰੰਗ ਕੀ ਵਾਰ)*

**ਸਭਨਾ ਸਾਹਿਬੁ ਏਕੁ ਹੈ, ਵੇਖੈ ਧੰਧੈ ਲਾਇ ॥**
**ਕਿਸੈ ਥੋੜਾ ਕਿਸੈ ਅਗਲਾ, ਖਾਲੀ ਕੋਈ ਨਾਹਿ ॥**
**ਆਵਹਿ ਨੰਗੇ ਜਾਹਿ ਨੰਗੇ, ਵਿਚੇ ਕਰਹਿ ਵਿਥਾਰ ॥**
**ਨਾਨਕ ਹੁਕਮੁ ਨ ਜਾਣੀਐ, ਅਗੈ ਕਾਈ ਕਾਰ ॥੧॥੨॥**

*(ਸਾਰੰਗ ਕੀ ਵਾਰ)*

ਦੁਨੀਆ ਵਿਚ ਇਹ ਗੱਲ ਆਮ ਵੇਖਣ ਵਿਚ ਆਉਂਦੀ ਹੈ ਕਿ ਧਨੀ ਲੋਕਾਂ ਦਾ ਦਬ-ਦਬਾ ਬਣਿਆ ਹੁੰਦਾ ਹੈ, ਗ਼ਰੀਬ ਬੰਦੇ ਉਨ੍ਹਾਂ ਤੋਂ ਥਰ-ਥਰ ਕੰਬਦੇ ਹਨ, ਉਨ੍ਹਾਂ ਦੀ ਖ਼ੁਸ਼ਾਮਦ ਕਰਦੇ ਹਨ, ਤੇ ਉਨ੍ਹਾਂ ਨੂੰ ਖ਼ਾਸ ਉੱਚੀ ਸ਼੍ਰੇਣੀ ਦੇ ਆਦਮੀ ਸਮਝਦੇ ਹਨ। ਇਸ ਤਰ੍ਹਾਂ ਗ਼ਰੀਬਾਂ ਦੇ ਅੰਦਰ ਸਹਿਮ ਤੇ ਨਿਤਾਣਾ-ਪਣ ਵਧਦਾ ਹੈ, ਤੇ ਗ਼ਰੀਬੀ ਨੂੰ ਰੱਬ ਵੱਲੋਂ ਆਈ ਮਾਰ ਮਿਥ ਕੇ ਕੰਗਾਲੀ ਵਿਚ ਹੀ ਰੁਲ ਕੇ ਜ਼ਿੰਦਗੀ ਦੇ ਦਿਨ ਕੱਟ ਜਾਂਦੇ ਹਨ। ਗੁਰੂ ਅੰਗਦ ਸਾਹਿਬ ਗ਼ਰੀਬਾਂ ਦਾ ਇਹ ਸਹਿਮ ਦੂਰ ਕਰਨ ਲਈ ਉਨ੍ਹਾਂ ਨੂੰ ਸਮਝਾਂਦੇ ਹਨ ਕਿ ਮੀਰ ਮਲਕ ਸਲਾਰ ਭੀ ਦੁਨੀਆ ਦੇ ਸਾਧਾਰਨ ਮਨੁੱਖਾਂ ਵਾਂਗ ਹੀ ਹਨ, ਦਰਗਾਹੀ ਸੱਦਾ ਸਭ ਨੂੰ ਇਕੋ ਜਿਹਾ ਹੀ ਆਉਂਦਾ ਹੈ, ਦੁਨੀਆ ਦੇ ਧਨ-ਮਾਲ ਦੀ ਖ਼ਾਤਰ ਧਨੀ ਲੋਕਾਂ ਦੀ ਖ਼ੁਸ਼ਾਮਦ ਕਰਦੇ ਫਿਰਨਾ ਜੀਵਨ ਦਾ ਸਹੀ ਰਸਤਾ ਨਹੀਂ ਹੈ। ਆਪ ਫ਼ੁਰਮਾਂਦੇ ਹਨ :

(੧) **ਤਿਸੁ ਸਿਉ ਕੈਸਾ ਬੋਲਣਾ, ਜਿ ਆਪੇ ਜਾਣੈ ਜਾਣੁ ॥**
**ਚੀਰੀ ਜਾ ਕੀ ਨਾ ਫਿਰੈ, ਸਾਹਿਬੁ ਸੋ ਪਰਵਾਣੁ ॥**
**ਚੀਰੀ ਜਿਸ ਕੀ ਚਲਣਾ, ਮੀਰ ਮਲਕ ਸਲਾਰ ॥**
**ਜੋ ਤਿਸੁ ਭਾਵੈ ਨਾਨਕਾ, ਸਾਈ ਭਲੀ ਕਾਰ ॥**

ਜਿਨ੍ਹਾ ਚੀਰੀ ਚਲਣਾ, ਹਥਿ ਤਿਨ੍ਹਾ ਕਿਛੁ ਨਾਹਿ॥
ਸਾਹਿਬ ਕਾ ਫੁਰਮਾਣੁ ਹੋਇ, ਉਠੀ ਕਰਲੈ ਪਾਹਿ॥੧॥੫॥

*(ਸਾਰੰਗ ਕੀ ਵਾਰ)*

(੨) ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ॥
ਨਾਨਕ ਏਕੀ ਬਾਹਰਾ, ਦੂਜਾ ਦਾਤਾ ਨਾਹਿ॥
ਕਰਤਾ ਸੋ ਸਾਲਾਹੀਐ, ਜਿਨਿ ਕੀਤਾ ਆਕਾਰੁ॥
ਦਾਤਾ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰੁ॥੨॥੪॥

*(ਸਾਰੰਗ ਕੀ ਵਾਰ)*

# ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਸੀ

ਸੱਤੇ ਅਤੇ ਬਲਵੰਡ ਨੇ ਜੋ 'ਵਾਰ' ਗੁਰੂ ਦੀ ਉਸਤਤਿ ਵਿਚ ਉਚਾਰੀ ਸੀ, ਉਸ ਵਿਚ ਉਹ ਲਿਖਦੇ ਹਨ:

**ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥**

***ਭਾਵ:*** ਸਾਰੇ ਗੁਰੂ ਸਾਹਿਬਾਨ ਆਪੋ-ਆਪਣੇ ਸਮੇ ਵਿਚ ਉਹੀ ਜੀਵਨ ਜੁਗਤਿ ਸਿਖਾਂਦੇ ਆਏ ਹਨ ਜੋ ਗੁਰੂ ਨਾਨਕ ਸਾਹਿਬ ਨੇ ਦੱਸੀ ਸੀ। ਤੇ ਗੁਰੂ ਅਮਰਦਾਸ ਜੀ ਨੇ ਲਿਖਿਆ ਹੈ:

**ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ॥**
**ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ॥**

ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਹੈ:

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥**

ਸਤਿਗੁਰੂ ਨਾਨਕ ਸਾਹਿਬ ਨੇ ਆਪ ਭੀ 'ਸਿਧ ਗੋਸਟਿ' ਵਿਚ ਗੁਰੂ ਦਾ ਇਹੀ ਸਰੂਪ ਦੱਸਿਆ ਹੈ:

**ਸਬਦੁ ਗੁਰੂ, ਸੁਰਤਿ ਧੁਨਿ ਚੇਲਾ॥**

ਉਪਰ-ਲਿਖੇ ਤਿੰਨਾਂ ਹੀ ਪ੍ਰਮਾਣਾਂ ਤੋਂ ਸਾਫ਼ ਦਿੱਸ ਰਿਹਾ ਹੈ ਕਿ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ 'ਸ਼ਬਦ' ਨੂੰ ਗੁਰੂ ਮੰਨਦੇ ਹਨ, ਬਾਣੀ ਨੂੰ 'ਗੁਰੂ' ਮੰਨਦੇ ਹਨ।

ਸਿਖ ਇਤਿਹਾਸ ਹੁਣ ਤਕ ਲਿਖਦਾ ਆ ਰਿਹਾ ਹੈ ਕਿ ਸਾਰੇ ਗੁਰ-ਵਿਅਕਤੀਆਂ ਦੀ ਬਾਣੀ ਗੁਰੂ ਅਰਜਨ ਸਾਹਿਬ ਨੇ ਇਕੱਠੀ ਕੀਤੀ ਸੀ, ਕਿਸੇ ਸਤਿਗੁਰੂ ਨੇ ਆਪਣੀ ਬਾਣੀ ਆਪ ਸਾਂਭ ਕੇ ਨਹੀਂ ਰੱਖੀ ਸੀ। ਪਰ ਗੁਰੂ ਨਾਨਕ

ਸਾਹਿਬ ਤੇ ਗੁਰੂ ਰਾਮਦਾਸ ਜੀ ਸਿਰਫ਼ ਬਾਣੀ ਨੂੰ, ਸਿਰਫ਼ ਸ਼ਬਦ ਨੂੰ ਹੀ ਗੁਰੂ ਮੰਨਦੇ ਹਨ, ਤੇ ਗੁਰੂ ਅਮਰਦਾਸ ਜੀ ਇਹ ਵੀ ਆਖਦੇ ਹਨ ਕਿ ਜਿਤਨਾ ਚਿਰ 'ਸ਼ਬਦ' ਵਿਚ ਚਿੱਤ ਨਾ ਜੋੜਿਆ ਜਾਏ, ਦੁਨੀਆ ਦੇ ਬੰਧਨਾਂ ਤੋਂ ਖ਼ਲਾਸੀ ਨਹੀਂ ਹੋ ਸਕਦੀ। ਜਿਸ ਵਸਤ ਦਾ ਇਤਨਾ ਮੁੱਲ ਗੁਰੂ ਨਾਨਕ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਪਾਂਦੇ ਰਹੇ, ਇਹ ਕਿਵੇਂ ਮੰਨਿਆ ਜਾਏ ਕਿ ਉਸ ਵਸਤ ਨੂੰ ਉਨ੍ਹਾਂ ਨੇ ਆਪ ਸਾਂਭ ਕੇ ਭੀ ਨਹੀਂ ਰੱਖਿਆ ਸੀ ?

ਜੇ ਗੁਰੂ ਰਾਮਦਾਸ ਜੀ ਨੂੰ ਗੁਰੂ ਅਮਰਦਾਸ ਜੀ ਤੋਂ 'ਬਾਣੀ' ਨਹੀਂ ਮਿਲੀ ਸੀ, ਤਾਂ ਉਨ੍ਹਾਂ ਦੇ ਇਸ ਮਹਾ ਵਾਕ ਦਾ ਕੀ ਅਰਥ ਹੋਇਆ ?

**ਬਾਣੀ ਗੁਰੂ, ਗੁਰੂ ਹੈ ਬਾਣੀ**

ਜੇ ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਸਾਹਿਬ ਤੋਂ ਬਾਣੀ ਨਹੀਂ ਮਿਲੀ ਸੀ, ਤਾਂ ਉਨ੍ਹਾਂ ਦੇ ਵਾਕ 'ਸਬਦਿ ਨ ਕਰੇ ਵੀਚਾਰੁ' ਦਾ ਭਾਵ ਉਨ੍ਹਾਂ ਦੇ ਆਪਣੇ ਵਕਤ ਦੇ ਸਿੱਖ ਕੀ ਸਮਝਦੇ ਹੋਣਗੇ ?

ਜੇ 'ਸ਼ਬਦ' ਨੂੰ 'ਗੁਰੂ' ਮੰਨਣ ਵਾਲੇ ਸਤਿਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਸਾਹਿਬ ਨੂੰ ਅਸਲੀ 'ਗੁਰ ਮੋਹਰ' (ਭਾਵ, 'ਸ਼ਬਦ') ਨਹੀਂ ਦੇ ਗਏ ਸਨ, ਤਾਂ ਇਸ ਤੋਂ ਉਚੇਰੀ ਹੋਰ ਕੀ ਸ਼ੈ ਦੇ ਗਏ ?

ਪੁਸਤਕ *ਗੁਰਬਾਣੀ ਦੇ ਇਤਿਹਾਸ ਬਾਰੇ* (ਕੁਝ ਹੋਰ ਧਾਰਮਿਕ ਲੇਖ) ਦੇ ਪਹਿਲੇ ਤਿੰਨ ਲੇਖਾਂ ਵਿਚ ਗੱਲ ਬੜੇ ਖੁਲ੍ਹੇ ਤਰੀਕੇ ਨਾਲ ਸਮਝਾਈ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਸਾਰੀ ਬਾਣੀ ਆਪ ਲਿਖ ਕੇ ਸਾਂਭਦੇ ਗਏ ਸਨ, ਤੇ ਇਹ ਬਾਣੀ ਉਨ੍ਹਾਂ ਨੇ ਗੁਰੂ ਅੰਗਦ ਸਾਹਿਬ ਨੂੰ ਦੇ ਦਿੱਤੀ ਸੀ। ਗੁਰੂ ਅੰਗਦ ਸਾਹਿਬ ਨੇ ਆਪਣੀ ਬਾਣੀ ਸਮੇਤ ਇਹ ਬਾਣੀ ਗੁਰੂ ਅਮਰਦਾਸ ਜੀ ਨੂੰ ਦਿੱਤੀ, ਇਸੇ ਤਰ੍ਹਾਂ ਅਖ਼ੀਰ ਵਿਚ ਸਾਰੀ ਦੀ ਸਾਰੀ ਬਾਣੀ ਗੁਰੂ ਅਰਜਨ ਸਾਹਿਬ ਤਕ ਪਹੁੰਚੀ ਸੀ। ਪਾਠਕ ਇਹ ਸਾਰੀ ਵਿਚਾਰ ਉਸ ਪੁਸਤਕ ਵਿਚੋਂ ਪੜ੍ਹ ਲੈਣ।

ਪਰ ਚੂੰਕਿ ਇਥੇ ਅਸੀ ਗੁਰੂ ਅੰਗਦ ਸਾਹਿਬ ਦੀ ਸਾਰੀ ਬਾਣੀ ਪੜ੍ਹਨ-ਵਿਚਾਰਨ ਲੱਗੇ ਹਾਂ, ਇਹ ਜ਼ਰੂਰੀ ਜਾਪਦਾ ਹੈ ਕਿ ਉਨ੍ਹਾਂ ਦੀ ਬਾਣੀ ਨੂੰ ਇਸ ਦ੍ਰਿਸ਼ਟੀ-ਕੋਣ ਤੋਂ ਭੀ ਵੇਖੀਏ।

ਜਿਵੇਂ ਗੁਰੂ ਨਾਨਕ ਦੇਵ ਜੀ 'ਸ਼ਬਦ' ਨੂੰ 'ਗੁਰੂ' ਮੰਨਦੇ ਹਨ ਤੇ ਮਨੁੱਖ ਦੀ 'ਸੁਰਤਿ' ਨੂੰ 'ਸਿੱਖ' ਆਖਦੇ ਹਨ, ਤਿਵੇਂ ਗੁਰੂ ਅੰਗਦ ਸਾਹਿਬ ਭੀ ਜੀਵਨ-

ਪੰਧ ਵਿਚ 'ਸ਼ਬਦ' ਨੂੰ ਸਾਰੀ ਮਹੱਤਤਾ ਦੇਂਦੇ ਹਨ:

੧. ਮਨੁੱਖ ਦੀ ਹਉਮੈ ਦਾ ਇਲਾਜ ਸਿਰਫ਼ ਗੁਰ-ਸ਼ਬਦ ਦੀ ਕਮਾਈ ਹੀ ਦੱਸੀ ਗਈ ਹੈ:

**ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ॥**
**ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ॥** *(ਆਸਾ ਦੀ ਵਾਰ)*

੨. ਜੀਵਨ ਦਾ ਸਹੀ ਰਸਤਾ ਦੱਸਣ ਲੱਗੇ ਗੁਰੂ ਅੰਗਦ ਸਾਹਿਬ ਹਦਾਇਤ ਕਰਦੇ ਹਨ ਕਿ ਮਨੁੱਖ ਅੰਮ੍ਰਿਤ ਵੇਲੇ ਉੱਠ ਕੇ ਸਤਸੰਗ ਵਿਚ ਜਾਏ ਤੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰੇ-ਸੁਣੇ, ਅਤੇ ਬਾਕੀ ਸਮੇ ਵਿਚ ਭੀ ਉਨ੍ਹਾਂ ਨਾਲ ਮੇਲ ਰੱਖੇ ਜੋ ਗੁਰ-ਸ਼ਬਦ ਦੇ ਪ੍ਰੇਮੀ ਹੋਣ:

**ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ॥**
**ਤਿਨਾ ਦਰੀਆਵਾ ਸਿਉ ਦੋਸਤੀ, ਮਨਿ ਮੁਖਿ ਸਚਾ ਨਾਉ॥.....**
**ਸਤੀ ਪਹਰੀ ਸਤੁ ਭਲਾ, ਬਹੀਐ ਪੜਿਆ ਪਾਸਿ॥**
**ਓਥੈ ਪਾਪੁ ਪੁੰਨੁ ਬੀਚਾਰੀਐ, ਕੂੜੈ ਘਟੈ ਰਾਸਿ॥੧॥੧੮॥** *(ਮਾਝ ਕੀ ਵਾਰ)*

੩. ਪਰਮਾਤਮਾ ਵਾਲੇ ਪਾਸੇ ਦੀ ਲਗਨ ਪੈਦਾ ਕਰਨ ਲਈ ਗੁਰ-ਸ਼ਬਦ ਦੀ ਵਿਚਾਰ ਹੀ ਇਕੋ ਇਕ ਤਰੀਕਾ ਤਜਵੀਜ਼ ਕਰਦੇ ਹਨ:

**ਮਨ ਹਠਿ ਤਰਫ ਨ ਜਿਪਈ, ਜੇ ਬਹੁਤਾ ਘਾਲੇ॥**
**ਤਰਫ ਜਿਣੈ ਸਤ ਭਾਉ ਦੇ, ਜਨ ਨਾਨਕ ਸਬਦੁ ਵੀਚਾਰੇ॥੪॥੭॥**
*(ਮ: ੨, ਸੂਹੀ ਕੀ ਵਾਰ)*

੪. ਗੁਰੂ ਦੀ ਬਾਣੀ ਨੂੰ ਹਜ਼ੂਰ 'ਰਤਨਾਂ ਦੀ ਗੁਥਲੀ' ਆਖਦੇ ਹਨ:

**ਰਤਨਾ ਕੇਰੀ ਗੁਥਲੀ, ਰਤਨੀ ਖੋਲੀ ਆਇ॥**
**ਵਖਰ ਤੈ ਵਣਜਾਰਿਆ, ਦੁਹਾ ਰਹੀ ਸਮਾਇ॥੨॥੧੫॥**
*(ਮ: ੨, ਰਾਮਕਲੀ ਕੀ ਵਾਰ)*

੫. ਵੇਦਾਂ ਦੀ ਤਾਲੀਮ ਨੂੰ ਗੁਰੂ ਅੰਗਦ ਸਾਹਿਬ ਉੱਚੀ ਨੀਵੀਂ ਜਾਤਿ ਦੇ ਵਿਤਕਰੇ ਦਾ ਮੂਲ ਸਮਝਦੇ ਹਨ, ਇਸ ਦੇ ਟਾਕਰੇ 'ਤੇ ਗੁਰਬਾਣੀ ਨੂੰ ਨਾਮ ਅੰਮ੍ਰਿਤ ਨਾਲ ਭਰਪੂਰ ਮੰਨਦੇ ਹਨ:

**ਕਥਾ ਕਹਾਣੀ ਬੇਦੀਂ ਆਣੀ, ਪਾਪੁ ਪੁੰਨੁ ਬੀਚਾਰੁ॥......**
**ਉਤਮ ਮਧਿਮ ਜਾਤੀ ਜਿਨਸੀ, ਭਰਮਿ ਭਵੈ ਸੰਸਾਰੁ॥**

**ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ॥**
**ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੁਰਤੀ ਕਰਮਿ ਧਿਆਈ॥੧॥੧੬॥**

*(ਮ: ੨, ਸਾਰੰਗ ਕੀ ਵਾਰ)*

ਇਹ ਨਹੀਂ ਮੰਨਿਆ ਜਾ ਸਕਦਾ ਕਿ ਗੁਰੂ ਅੰਗਦ ਸਾਹਿਬ ਗੁਰਬਾਣੀ ਦੀ ਵਡਿਆਈ ਤਾਂ ਕਰੀ ਜਾਂਦੇ ਹੋਣ, ਪਰ ਉਹਨਾਂ ਪਾਸ ਆਪਣੇ ਸਤਿਗੁਰ ਪਾਤਿਸ਼ਾਹ ਦੀ ਬਾਣੀ ਹੋਵੇ ਹੀ ਨਾ। ਭਾਈ ਬਾਲੇ ਦੀ ਜਨਮ-ਸਾਖੀ ਵਾਲਾ ਲਿਖਦਾ ਹੈ ਕਿ ਗੁਰੂ ਅੰਗਦ ਸਾਹਿਬ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਜੀਵਨ-ਇਤਿਹਾਸ ਸੁਣਨ ਲਈ ਭਾਈ ਬਾਲੇ ਨੂੰ ਤ੍ਰਲਵੰਡੀ ਤੋਂ ਸਦਵਾਇਆ, ਤੇ ਬੜੀ ਮਿਹਨਤ ਨਾਲ ਉਸ ਤੋਂ ਲਿਖਵਾਇਆ। ਗੁਰ-ਸ਼ਬਦ ਦੀ ਕਦਰ ਜਾਣਨ ਵਾਲੇ ਗੁਰੂ ਅੰਗਦ ਸਾਹਿਬ ਬਾਰੇ ਸ਼ਰਧਾਵਾਨ ਸਿੱਖ ਕਦੇ ਇਹ ਖ਼ਿਆਲ ਨਹੀਂ ਬਣਾ ਸਕਦਾ ਕਿ ਜੀਵਨ-ਸਾਖੀਆਂ ਇਕੱਠੀਆਂ ਕਰਨ ਲਈ ਉਹ ਭਾਈ ਪੈੜੇ ਆਦਿਕ ਦੀ ਰਾਹੀਂ ਇਤਨੀ ਕੋਸ਼ਸ਼ ਕਰਨ, ਪਰ ਆਪਣੇ ਦੋ ਜਹਾਨ ਦੇ ਵਾਲੀ ਸਤਿਗੁਰੂ ਦੇ ਆਪਣੇ ਸੋਹਣੇ ਮੁਖੜੇ ਤੋਂ ਉਚਾਰੀ ਹੋਈ ਸਾਰੀ ਬਾਣੀ ਜੋ ਉਹਨਾਂ ਪਾਸ ਮੌਜੂਦ ਨਹੀਂ ਸੀ ਤਾਂ ਉਸ ਨੂੰ ਇਕੱਠਾ ਕਰਨ ਦਾ ਚੇਤਾ ਹੀ ਨਾ ਆਇਆ ਹੋਵੇ।

ਸਾਖੀਆਂ ਵਿਚ ਜ਼ਿਕਰ ਆਉਂਦਾ ਹੈ ਕਿ ਰਾਵੀ ਦੇ ਕੰਢੇ ਪਿੰਡ ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਧਰਮਸਾਲ ਭੀ ਬਣਾਈ ਹੋਈ ਸੀ। ਸਤਿਗੁਰੂ ਜੀ ਇਸ ਪਿੰਡ ਵਿਚ ਅਖ਼ੀਰਲੀ ਉਮਰੇ ੧੮ ਸਾਲ ਰਹੇ ਸਨ। ਧਰਮਸਾਲਾਂ ਗੁਰਦੁਆਰਿਆਂ ਵਿਚ ਅਸੀ ਦੋਵੇਂ ਵੇਲੇ ਸਤਸੰਗ ਹੁੰਦੇ ਵੇਖ ਰਹੇ ਹਾਂ, ਇਹ ਰੀਤ ਇਸ ਧਰਮ ਦੀ ਨੀਂਹ ਰੱਖਣ ਵਾਲੇ ਸਤਿਗੁਰੂ ਨੇ ਹੀ ਚਲਾਈ, ਤੇ ਕਰਤਾਰਪੁਰ ਦੀ ਧਰਮਸਾਲਾ ਵਿਚ ਭੀ ਦੋਵੇਂ ਵੇਲੇ ਹੀ ਸੰਗਤ ਜੁੜਦੀ ਸੀ। ਬਾਬਾ ਲਹਿਣਾ ਜੀ ਭੀ ੭ ਸਾਲ ਇਸ ਸਤਸੰਗ ਵਿਚ ਸਾਂਝੀਵਾਲ ਬਣਦੇ ਰਹੇ। ਪਰ ਕੀ ਇਹ ਸਤਸੰਗ ਅਠਾਰ੍ਹਾਂ ਸਾਲ ਜ਼ਬਾਨੀ ਹੀ ਹੁੰਦਾ ਰਿਹਾ ? ਜਿਸ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿਚ ਆਪਣੇ ਸਤਿਗੁਰ ਪਾਤਿਸ਼ਾਹ ਦੀਆਂ ਜੀਵਨ-ਸਾਖੀਆਂ ਦੀ ਇਤਨੀ ਤੜਫ ਸੀ, ਇਹ ਨਹੀਂ ਹੋ ਸਕਦਾ ਕਿ ਇਹਨਾਂ ਸੱਤਾਂ ਸਾਲਾਂ ਵਿਚ ਉਨ੍ਹਾਂ ਆਪਣੇ ਪ੍ਰੀਤਮ ਦੀ ਸਾਰੀ ਬਾਣੀ ਦਾ ਦੀਦਾਰ ਕਰਨ ਦੀ ਤਾਂਘ ਹੀ ਕਦੇ ਪਰਗਟ ਨਾ ਕੀਤੀ ਹੋਵੇ।

ਗੁਰੂ ਅੰਗਦ ਸਾਹਿਬ ਸੰਮਤ ੧੫੯੬ ਤੋਂ ਸੰਮਤ ੧੬੦੯ ਤਕ ੧੩ ਸਾਲ

ਗੁਰਿਆਈ ਦੀ ਜ਼ਿੰਮੇਵਾਰੀ ਨਿਬਾਹੁੰਦੇ ਰਹੇ। ਇਨ੍ਹਾਂ ਦੀ ਆਪਣੀ ਲਿਖੀ ਹੋਈ ਬਾਣੀ ਸਿਰਫ਼ ੬੩ ਸਲੋਕ ਹਨ। ਕੀ ਗੁਰੂ ਅੰਗਦ ਸਾਹਿਬ ੧੩ ਸਾਲ ਇਨ੍ਹਾਂ ੬੩ ਸਲੋਕਾਂ ਦੀ ਰਾਹੀਂ ਹੀ ਦੋਵੇਂ ਵੇਲੇ ਦਾ ਸਤਸੰਗ ਕਰਦੇ ਰਹੇ ਸਨ ? ਇਹ ਨਹੀਂ ਹੋ ਸਕਦਾ। ਇਕ ਤਾਂ ਇਹ ਬਾਣੀ ਇਤਨੀ ਥੋੜੀ ਹੈ ਕਿ ਸਾਰੀ ਦਾ ਪਾਠ ਅੱਧੇ ਘੰਟੇ ਦੇ ਅੰਦਰ ਹੀ ਹੋ ਸਕਦਾ ਹੈ, ਦੂਜੇ ਇਨ੍ਹਾਂ ਸਲੋਕਾਂ ਵਿਚ ਇਨਸਾਨੀ ਜੀਵਨ ਦੇ ਸਾਰੇ ਪਹਿਲੂਆਂ ਉਤੇ ਵੀਚਾਰ ਨਹੀਂ ਹੈ—ਹੱਕ ਦੀ ਕਮਾਈ, ਜਨੇਊ, ਸੂਤਕ, ਮ੍ਰਿਤਕ-ਸੰਸਕਾਰ, ਕਰਮ-ਕਾਂਡ, ਇਸਲਾਮੀ ਸ਼ਰਹ, ਜੋਗ-ਮਤ ਦੇ ਮੁੰਦਰਾ ਝੋਲੀ ਆਦਿਕ; ਅਤੇ ਜ਼ਿੰਦਗੀ ਵਿਚ ਹਰ ਰੋਜ਼ ਵਾਪਰਨ ਵਾਲੀਆਂ ਹੋਰ ਕਈ ਗੁੰਝਲਾਂ— ਇਹਨਾਂ ਬਾਰੇ ਗੁਰੂ ਅੰਗਦ ਸਾਹਿਬ ਦੀ ਆਪਣੀ ਬਾਣੀ ਵਿਚ ਕੋਈ ਜ਼ਿਕਰ ਨਹੀਂ ਹੈ। ਸਿੱਖ ਧਰਮ ਅਜੇ ਨਵਾਂ ਨਵਾਂ ਕੋਮਲ ਬੂਟਾ ਸੀ, ਜਿਸ ਦੀ ਛਾਵੇਂ ਬੈਠਣ ਵਾਲੇ ਰਾਹੀਆਂ ਨੂੰ ਇਹ ਔਕੜਾਂ ਜ਼ਰੂਰ ਆਉਂਦੀਆਂ ਸਨ। ਸਿੱਧੀ ਸਾਫ਼ ਗੱਲ ਹੈ ਕਿ ਗੁਰੂ ਅੰਗਦ ਸਾਹਿਬ ਸਿੱਖਾਂ ਦੀਆਂ ਇਹ ਔਕੜਾਂ ਸਤਿਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਰਾਹੀਂ ਹੱਲ ਕਰਦੇ ਸਨ। ਉਨ੍ਹਾਂ ਪਾਸ ਸਾਰੀ ਬਾਣੀ ਮੌਜੂਦ ਸੀ।

ਅਜਿਹੇ ਵਿਚਾਰ-ਜੋਗ ਮਾਮਲਿਆਂ ਵਿਚ ਬਾਣੀ ਦੀ ਅੰਦਰਲੀ ਗਵਾਹੀ ਬੜੀ ਸਹਾਇਤਾ ਕਰ ਸਕਦੀ ਹੈ ਤੇ ਹੁੰਦੀ ਭੀ ਹੈ ਸੁਆਦਲੀ। ਗੁਰੂ ਅੰਗਦ ਸਾਹਿਬ ਜੀ ਦੀ ਆਪਣੀ ਬਾਣੀ ਬਹੁਤ ਥੋੜੀ ਹੈ, ਫਿਰ ਭੀ ਸਾਨੂੰ ਇਹ ਗੱਲ ਸਾਬਤ ਕਰਨ ਵਿਚ ਮਦਦ ਦੇ ਹੀ ਦੇਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਸੀ।

ਹਰੇਕ ਪੜ੍ਹਿਆ-ਲਿਖਿਆ ਬੰਦਾ ਜਾਣਦਾ ਹੈ ਕਿ ਜੇ ਕਿਸੇ ਕਵੀ ਜਾਂ ਲਿਖਾਰੀ ਦੀ ਰਚਨਾ ਮੁੜ ਮੁੜ ਪੜ੍ਹ ਕੇ ਵਿਚਾਰਦੇ ਰਹੀਏ ਤਾਂ, ਇਕ ਤਾਂ, ਉਸ ਰਚਨਾ ਵਿਚ ਦਿੱਤੇ ਹੋਏ ਖ਼ਿਆਲ ਨਿੱਤ ਦੇ ਪਾਠਕ ਦੇ ਆਪਣੇ ਮਨ ਵਿਚ ਰਚ ਜਾਂਦੇ ਹਨ ਤੇ ਉਸ ਦੇ ਆਪਣੇ ਖ਼ਿਆਲਾਂ ਦਾ ਹਿੱਸਾ ਬਣ ਜਾਂਦੇ ਹਨ, ਦੂਜੇ ਉਸ ਰਚਨਾ ਦੇ ਲਫ਼ਜ਼ ਤੇ ਤੁਕਾਂ ਪਾਠਕ ਦੀ ਆਪਣੀ ਰੋਜ਼ਾਨਾ ਬੋਲੀ ਵਿਚ ਵਰਤੇ ਜਾਣ ਲੱਗ ਪੈਂਦੇ ਹਨ।

ਇਸ ਦ੍ਰਿਸ਼ਟੀ-ਕੋਣ ਤੋਂ ਗੁਰੂ ਅੰਗਦ ਸਾਹਿਬ ਦੇ ਸਲੋਕ ਪੜ੍ਹ ਕੇ ਵੇਖੋ। ਗਿਣਤੀ ਥੋੜੀ ਹੋਣ ਕਰਕੇ ਥੋੜੇ ਹੀ ਪ੍ਰਮਾਣ ਮਿਲ ਸਕਣਗੇ, ਪਰ ਇਤਨੇ ਨਾਲ ਭੀ ਇਹ ਸੱਚਾਈ ਦਿੱਸ ਪਏਗੀ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ


www.sikhbookclub.com

ਅੰਗਦ ਸਾਹਿਬ ਪਾਸ ਮੌਜੂਦ ਸੀ:

(੧) **ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ॥**
**ਨਾਨਕ ਭੁਖਾ ਤਾ ਰਜੈ, ਜਾ ਗੁਣ ਕਹਿ ਗੁਣੀ ਸਮਾਇ॥੨॥੧੯॥**
*(ਮ: ੨, ਮਾਝ ਕੀ ਵਾਰ)*

**ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ॥੧॥** *(ਜਪੁ ਜੀ)*

(੨) **ਦੁਹਾ ਸਿਰਿਆ ਆਪੇ ਖਸਮੁ, ਵੇਖੈ ਕਰਿ ਵਿਉਪਾਇ॥**
**ਨਾਨਕ ਏਵੈ ਜਾਣੀਐ, ਸਭੁ ਕਿਛੁ ਤਿਸਹਿ ਰਜਾਇ॥੧॥੨੨॥**
*(ਮ: ੨, ਮਾਝ ਕੀ ਵਾਰ)*

**ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ॥**
**ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ॥**
**ਨਾਨਕ ਏਵੈ ਜਾਣੀਐ, ਸਭੁ ਆਪੇ ਸਚਿਆਰੁ॥੪॥** *(ਜਪੁ ਜੀ)*

(੩) **ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ॥**
**ਗਲਾ ਕਰੇ ਘਣੇਰੀਆ, ਖਸਮ ਨ ਪਾਏ ਸਾਦੁ॥੧॥.....**
**ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸਿ॥**
**ਕੂੜਿ ਕਮਾਣੈ ਕੂੜੋ ਹੋਵੈ, ਨਾਨਕ ਸਿਫਤਿ ਵਿਗਾਸਿ॥੩॥੨੨॥**
*(ਮ: ੨, ਆਸਾ ਦੀ ਵਾਰ)*

**ਚਾਕਰੁ ਲਗੈ ਚਾਕਰੀ, ਜੇ ਚਲੈ ਖਸਮੈ ਭਾਇ॥**
**ਹੁਰਮਤਿ ਤਿਸ ਨੋ ਅਗਲੀ, ਓਹੁ ਵਜਹੁ ਭਿ ਦੂਣਾ ਖਾਇ॥**
**ਖਸਮੈ ਕਰੇ ਬਰਾਬਰੀ, ਫਿਰਿ ਗੈਰਤਿ ਅੰਦਰਿ ਪਾਇ॥**
**ਵਜਹੁ ਗਵਾਏ ਅਗਲਾ, ਮੁਹੇ ਮੁਹਿ ਪਾਣਾ ਖਾਇ॥**
**ਜਿਸ ਦਾ ਦਿਤਾ ਖਾਵਣਾ, ਤਿਸੁ ਕਹੀਐ ਸਾਬਾਸਿ॥**
**ਨਾਨਕ ਹੁਕਮੁ ਨ ਚਲਈ, ਨਾਲਿ ਖਸਮ ਚਲੈ ਅਰਦਾਸਿ॥੨੨॥**
*(ਮ: ੧, ਆਸਾ ਦੀ ਵਾਰ)*

*ਨੋਟ:* ਇਥੇ ਹੇਠ-ਲਿਖੇ ਲਫ਼ਜ਼ ਤੇ ਵਾਕਾਂਸ਼ ਸਾਂਝੇ ਹਨ:

**ਚਾਕਰੁ ਲਗੈ ਚਾਕਰੀ, ਹੁਕਮੁ ਨ ਚਲੈ, ਅਰਦਾਸਿ, ਖਸਮ।**

ਇਹ ਉਪਰ-ਦਿੱਤੇ ਤਿੰਨ ਪ੍ਰਮਾਣ ਸ਼ਾਇਦ ਪਾਠਕਾਂ ਦੀ ਤਸੱਲੀ ਜੋਗ ਨਾ ਹੋਣ, ਕਿਉਂਕਿ ਇਹ ਜਪੁਜੀ ਅਤੇ ਆਸਾ ਦੀ ਵਾਰ ਵਿਚੋਂ ਹਨ, ਤੇ, ਇਹਨਾਂ

ਬਾਣੀਆਂ ਬਾਰੇ ਆਮ ਪ੍ਰਚਲਤ ਖ਼ਿਆਲ ਹੈ ਕਿ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਸਨ, ਸੋ, ਇਨ੍ਹਾਂ ਤੋਂ ਇਲਾਵਾ ਹੋਰ ਸਾਂਝ ਲਭੀਏ:

(੪) **ਸੇਈ ਪੂਰੇ ਸਾਹ, ਜਿਨੀ ਪੂਰਾ ਪਾਇਆ॥**
**ਅਠੀ ਵੇਪਰਵਾਹ, ਰਹਨਿ ਇਕਤੈ ਰੰਗਿ॥**
**ਦਰਸਨਿ ਰੂਪਿ ਅਥਾਹ, ਵਿਰਲੇ ਪਾਈਅਹਿ॥**
**ਕਰਮਿ ਪੂਰੈ ਪੂਰਾ ਗੁਰੂ, ਪੂਰਾ ਜਾ ਕਾ ਬੋਲੁ॥**
**ਨਾਨਕ ਪੂਰਾ ਜੇ ਕਰੇ, ਘਟੈ ਨਾਹੀ ਤੋਲੁ॥੨॥੧੭॥**

*(ਮ: ੨, ਮਾਝ ਕੀ ਵਾਰ)*

**ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ॥੧॥੧੮॥**

*(ਮਾਝ ਕੀ ਵਾਰ)*

**ਸਬਾਹੀ ਸਾਲਾਹ, ਜਿਨੀ ਧਿਆਇਆ ਇਕ ਮਨਿ॥**
**ਸੇਈ ਪੂਰੇ ਸਾਹ, ਵਖਤੈ ਉਪਰਿ ਲੜਿ ਮੁਏ॥.....**
**ਸਭੇ ਵੇਲਾ ਵਖਤ ਸਭਿ, ਜੇ ਅਠੀ ਭਉ ਹੋਇ॥੧॥੧੭॥**

*(ਮ: ੧, ਮਾਝ ਕੀ ਵਾਰ)*

ਸਾਂਝੇ ਲਫ਼ਜ਼ ਤੇ ਵਾਕਾਂਸ਼:

**ਸੇਈ ਪੂਰੇ ਸਾਹ, ਜਿਨੀ, ਅਠੀ, ਸਬਾਹ॥**

ਦੋਹਾਂ ਸਲੋਕਾਂ ਦਾ ਮਜ਼ਮੂਨ ਵੀ ਇਕੋ ਹੀ ਹੈ:

(੫) **ਪਹਿਲ ਬਸੰਤੈ ਆਗਮਨਿ, ਤਿਸ ਕਾ ਕਰਹੁ ਬੀਚਾਰੁ॥**
**ਨਾਨਕ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰੁ॥੨॥੧੯॥**

*(ਮ: ੨, ਸੂਹੀ ਕੀ ਵਾਰ)*

**ਪਹਿਲ ਬਸੰਤੈ ਆਗਮਨਿ, ਪਹਿਲਾ ਮਉਲਿਓ ਸੋਇ॥**
**ਜਿਤੁ ਮਉਲਿਐ ਸਭ ਮਉਲੀਐ, ਤਿਸਹਿ ਨ ਮਉਲਿਹੁ ਕੋਇ॥੧॥੧੯॥**

*(ਮ: ੧, ਸੂਹੀ ਕੀ ਵਾਰ)*

*ਨੋਟ:* ਇਹ ਦੋਵੇਂ ਸਲੋਕ ਇਸ ਵੇਲੇ ਤਾਂ ਸੂਹੀ ਕੀ ਵਾਰ ਦੀ ਪਉੜੀ ਨੰ: ੧੯ ਦੇ ਨਾਲ ਇਕੱਠੇ ਲਿਖੇ ਪਏ ਹਨ। ਪਰ ਇਹ 'ਵਾਰ' ਗੁਰੂ ਅਮਰਦਾਸ ਜੀ ਦੀ ਉਚਾਰੀ ਹੋਈ ਹੈ। ਗੁਰੂ ਅੰਗਦ ਸਾਹਿਬ ਨੂੰ ਸਲੋਕ ਇਸ 'ਵਾਰ' ਵਿਚੋਂ ਨਹੀਂ ਮਿਲ ਸਕਦਾ ਸੀ। ਤਦੋਂ ਇਹ ਸਲੋਕ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ

ਦੇ ਸੰਗ੍ਰਹਿ ਵਿਚ ਹੀ ਹੋ ਸਕਦਾ ਸੀ, ਤੇ ਉਹ ਸੰਗ੍ਰਹਿ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਤੋਂ ਹੀ ਮਿਲ ਸਕਦਾ ਸੀ। ਗੁਰੂ ਅਰਜਨ ਸਾਹਿਬ ਜੀ ਨੇ ਇਕੱਠੇ ਨਹੀਂ ਕੀਤੇ ਸਨ।

(੬) **ਆਪੇ ਜਾਣੈ ਕਰੇ ਆਪਿ, ਆਪਿ ਆਣੈ ਰਾਸਿ॥੧॥੨੦॥**

*(ਮ: ੨, ਮਾਰੂ ਕੀ ਵਾਰ)*

**ਜਿਨਿ ਕੀਆ ਤਿਨਿ ਦੇਖਿਆ, ਕਿਆ ਕਹੀਐ ਰੇ ਭਾਈ॥**
**ਆਪੇ ਜਾਣੈ ਕਰੇ ਆਪਿ, ਜਿਨਿ ਵਾੜੀ ਹੈ ਲਾਈ॥੧॥੧॥**

*(ਤਿਲੰਗ ਮ: ੧, ਘਰੁ ੨)*

(੭) **ਆਪਿ ਉਪਾਏ ਨਾਨਕਾ, ਆਪੇ ਰਖੈ ਵੇਕ॥**
**ਮੰਦਾ ਕਿਸ ਨੋ ਆਖੀਐ, ਜਾਂ ਸਭਨਾ ਸਾਹਿਬੁ ਏਕੁ॥੧॥੨॥**

*(ਮ: ੨, ਸਾਰੰਗ ਕੀ ਵਾਰ)*

**ਮੰਦਾ ਕਿਸੈ ਨ ਆਖੀਐ, ਪੜਿ ਅਖਰੁ ਏਹੋ ਬੁਝੀਐ॥੧੯॥**

*(ਮ: ੧, ਆਸਾ ਦੀ ਵਾਰ)*

(੮) **ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ॥੨॥੪॥**

*(ਮ: ੨, ਸਾਰੰਗ ਕੀ ਵਾਰ)*

**ਕੀਤਾ ਕਿਆ ਸਾਲਾਹੀਐ, ਕਰਿ ਵੇਖੈ ਸੋਈ॥**
**ਤਾ ਕੀ ਕੀਮਤਿ ਨਾ ਪਵੈ, ਜੇ ਲੋਚੈ ਕੋਈ॥੯॥੨॥੫॥**

*(ਸੂਹੀ ਛੰਤ ਮ: ੧)*

ਅਤੇ—**ਕੀਤਾ ਕਿਆ ਸਾਲਾਹੀਐ, ਕਰਿ ਦੇਖੈ ਸੋਈ॥**
**ਜਿਨਿ ਕੀਆ ਸੋ ਮਨਿ ਵਸੈ, ਮੈ ਅਵਰੁ ਨ ਕੋਈ॥੩॥ (੮॥੬॥)**

*(ਮਾਰੂ ਮ: ੧, ਅਸਟਪਦੀ)*

(੯) **ਨਾਨਕ ਏਕੀ ਬਾਹਰਾ, ਦੂਜਾ ਦਾਤਾ ਨਾਹਿ॥੨॥੪॥**

*(ਮ: ੨, ਸਾਰੰਗ ਕੀ ਵਾਰ)*

**ਨਾਨਕ ਏਕੀ ਬਾਹਰਾ, ਦੂਜਾ ਨਾਹੀ ਕੋਇ॥**
**ਤੈ ਸਹ ਲਗੀ ਜੇ ਰਹੈ, ਭੀ ਸਹੁ ਰਾਵੈ ਸੋਇ॥** *(ਵਡਹੰਸੁ ਮ: ੧)*

(੧੦) **ਚੀਰੀ ਜਿਸ ਕੀ ਚਲਣਾ, ਮੀਰ ਮਲਕ ਸਲਾਰ॥**
**ਜਿਉ ਤਿਸੁ ਭਾਵੈ ਨਾਨਕਾ, ਸਾਈ ਭਲੀ ਕਾਰ॥੧॥੫॥**

*(ਸਾਰੰਗ ਕੀ ਵਾਰ)*

 www.sikhbookclub.com

ਜਿਉ ਲਾਹਾ ਤੋਟਾ ਤਿਵੈ, ਵਾਟ ਚਲਦੀ ਆਈ॥
ਜੋ ਤਿਸੁ ਭਾਵੈ ਨਾਨਕਾ, ਸਾਈ ਵਡਿਆਈ॥੧੦॥੧੩॥

*(ਆਸਾ ਕਾਫੀ ਮ: ੧, ਪੰਨਾ ੪੧੮)*

ਅਤੇ—ਕਿਆ ਹੰਸੁ ਕਿਆ ਬਗੁਲਾ, ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ, ਕਾਗਹੁ ਹੰਸੁ ਕਰੇਇ॥੨॥੨੦॥

*(ਮ: ੧, ਸਿਰੀਰਾਗੁ ਕੀ ਵਾਰ)*

ਅਤੇ—ਆਪੇ ਵੇਖੈ ਸੁਣੈ ਆਪੇ ਹੀ, ਕੁਦਰਤਿ ਕਰੇ ਜਹਾਨੁ॥
ਜੋ ਤਿਸੁ ਭਾਵੈ ਨਾਨਕਾ, ਹੁਕਮੁ ਸੋਈ ਪਰਵਾਨੁ॥੪॥੩੧॥

*(ਸਿਰੀਰਾਗੁ ਮ: ੧)*

(੧੧) ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ, ਮਿਲਿਆ ਕਹੀਐ ਸੋਇ॥੩॥੧੯॥

*(ਮ: ੨, ਸੂਹੀ ਕੀ ਵਾਰ)*

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ, ਮਿਲਿਆ ਕਹੀਐ ਰੇ ਸੋਈ॥
ਜੇ ਬਹੁਤੇਰਾ ਲੋਚੀਐ, ਬਾਤੀ ਮੇਲੁ ਨ ਹੋਈ॥੭॥ (੧੦॥੧)

*(ਤਿਲੰਗ ਮ: ੧ ਘਰੁ ੨)*

(੧੨) ਹੁਕਮੁ ਸਾਜਿ ਹੁਕਮੈ ਵਿਚਿ ਰਖੈ, ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ, ਤਾਂ ਕੋ ਲਿਖੀਐ ਲੇਖੈ॥੧॥੧੬॥

*(ਮ: ੨, ਸਾਰੰਗ ਕੀ ਵਾਰ)*

ਆਖਣੁ ਵੇਖਣੁ ਬੋਲਣੁ ਚਲਣੁ, ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ, ਨਾਨਕ ਸਚਾ ਆਪਿ॥੨॥੧੫॥

*(ਮ: ੧, ਮਾਝ ਕੀ ਵਾਰ)*

(੧੩) ਵੈਦਾ ਵੈਦੁ ਸੁਵੈਦੁ ਤੂ, ਪਹਿਲਾ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ, ਜਿਤੁ ਵੰਞੈ ਰੋਗਾ ਘਾਣਿ॥੨॥੩॥

*(ਮ: ੨, ਮਲਾਰ ਕੀ ਵਾਰ)*

ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ, ਕਰਕ ਕਲੇਜੇ ਮਾਹਿ॥੧॥੩॥

*(ਮ: ੧, ਮਲਾਰ ਕੀ ਵਾਰ)*


www.sikhbookclub.com

(੧੪) ਨਾਉ ਫਕੀਰੈ ਪਾਤਿਸਾਹੁ, ਮੂਰਖੁ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ, ਕਲਿ ਕਾ ਏਹੁ ਨਿਆਉ ॥੧॥੨੨॥

*(ਮ: ੨, ਮਲਾਰ ਕੀ ਵਾਰ)*

ਅੰਧੇ ਅਕਲੀ ਬਾਹਰੇ, ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ, ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ ॥੩॥੨॥੧੮॥

*(ਗਉੜੀ ਮ: ੧, ਅਸਟਪਦੀ)*

ਗੁਰੂ ਅੰਗਦ ਸਾਹਿਬ ਦੇ ਕੁੱਲ ੬੩ ਸਲੋਕਾਂ ਵਿਚੋਂ ਅਸਾਂ ੧੪ ਐਸੇ ਪ੍ਰਮਾਣ (ਭਾਵ, ਸਾਰੇ ਸਲੋਕਾਂ ਦਾ ਚੌਥਾ-ਪੰਜਵਾਂ ਹਿੱਸਾ) ਪੇਸ਼ ਕੀਤੇ ਹਨ, ਜਿਨ੍ਹਾਂ ਤੋਂ ਸਾਫ਼ ਦਿੱਸ ਰਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਸੀ, ਨਿਰੀ ਜਪੁਜੀ ਤੇ ਆਸਾ ਦੀ ਵਾਰ ਹੀ ਨਹੀਂ, ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਕਈ ਸਲੋਕਾਂ ਦੇ ਹਵਾਲੇ ਭੀ ਮਿਲ ਰਹੇ ਹਨ, 'ਛੰਤਾਂ' ਵਿਚੋਂ ਭੀ ਪ੍ਰਮਾਣ ਮਿਲਦੇ ਹਨ, ਸ਼ਬਦਾਂ ਤੇ ਅਸਟਪਦੀਆਂ ਵਿਚੋਂ ਭੀ ਮਿਲਦੇ ਹਨ। ਇਹ ਛੰਤ, ਸ਼ਬਦ ਤੇ ਅਸਟਪਦੀਆਂ ਸਿਰੀਰਾਗ, ਗਉੜੀ, ਆਸਾ, ਵਡਹੰਸ, ਤਿਲੰਗ, ਸੂਹੀ ਅਤੇ ਮਾਰੂ ਰਾਗ ਵਿਚੋਂ ਹਨ। ਸਲੋਕਾਂ ਵਿਚ ਇਸ ਕਰਕੇ ਵਧੀਕ ਪ੍ਰਮਾਣ ਮਿਲੇ ਹਨ, ਕਿਉਂਕਿ ਗੁਰੂ ਅੰਗਦ ਸਾਹਿਬ ਨੇ ਆਪ ਵੀ ਸਿਰਫ਼ ਸਲੋਕ ਹੀ ਲਿਖੇ ਹਨ। ਪਰ ਇਕ ਹੋਰ ਗੱਲ ਭੀ ਸੁਆਦਲੀ ਹੈ। ਗੁਰੂ ਨਾਨਕ ਦੇਵ ਜੀ ਨੇ ਸਿਰਫ਼ ੧੯ ਰਾਗਾਂ ਵਿਚ ਬਾਣੀ ਲਿਖੀ ਹੈ, ਤੇ ਗੁਰੂ ਅੰਗਦ ਸਾਹਿਬ ਨੇ ਉਹਨਾਂ ਦੇ ਇਨ੍ਹਾਂ ੧੯ ਰਾਗਾਂ ਵਿਚੋਂ ੭ ਰਾਗਾਂ ਵਿਚ ਦਿਤੀ ਹੋਈ ਬਾਣੀ ਨਾਲ ਸਾਂਝ ਵਿਖਾ ਦਿਤੀ ਹੈ। ਸਭ ਗੁਰ-ਵਿਅਕਤੀਆਂ ਵਿਚੋਂ ਘੱਟ ਬਾਣੀ ਗੁਰੂ ਅੰਗਦ ਦੇਵ ਜੀ ਦੀ ਹੈ, ਫਿਰ ਭੀ ਗੁਰੂ ਨਾਨਕ ਸਾਹਿਬ ਦੇ ਵਰਤੇ ਹੋਏ ੧੯ ਰਾਗਾਂ ਵਿਚੋਂ ਤੀਜੇ ਹਿੱਸੇ ਨਾਲ ਗੁਰੂ ਅੰਗਦ ਸਾਹਿਬ ਦੀ ਵਾਕਫ਼ੀ ਸਾਫ਼ ਪਰਗਟ ਹੋ ਰਹੀ ਹੈ।

ਅਗਾਂਹ ਇਕ ਹੋਰ ਸੁਆਦਲੀ ਗੱਲ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਸਾਬਤ ਹੋ ਰਹੀ ਹੈ, ਤਿਵੇਂ ਗੁਰੂ

ਅੰਗਦ ਸਾਹਿਬ ਦੇ ਇਹ ਸਲੋਕ ਭੀ (ਭਾਵੇਂ ਗਿਣਤੀ ਵਿਚ ਬੜੇ ਹੀ ਥੋੜੇ ਹਨ) ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਪਾਸ ਮੌਜੂਦ ਦਿੱਸ ਰਹੇ ਹਨ। ਟਾਕਰਾ ਕਰ ਕੇ ਵੇਖ ਲਵੋ :

(੧) **ਨਾਨਕ ਗੁਰਮੁਖਿ ਨਦਰੀ ਆਇਆ,**
**ਹਰਿ ਇਕੋ ਸੁਘੜੁ ਸੁਜਾਣੀਐ ॥੨॥੨॥** *(ਮ: ੨, ਮਾਝ ਕੀ ਵਾਰ)*

**ਨਾਨਕ ਗੁਰਮੁਖਿ ਨਦ਼ਰੀ ਆਇਆ,**
**ਹਰਿ ਆਤਮ ਰਾਮੁ ਮੁਰਾਰਿ ॥੨॥੮॥** *(ਮ: ੩, ਮਲਾਰ ਕੀ ਵਾਰ)*

ਅਤੇ—**ਨਾਨਕ ਗੁਰਮੁਖਿ ਨਦਰੀ ਆਇਆ,**
**ਮੋਹਿ ਮਾਇਆ ਵਿਛੁੜਿ ਸਭ ਜਾਇ ॥੧੭॥**
*(ਮ: ੪, ਸਲੋਕ ਵਾਰਾਂ ਤੇ ਵਧੀਕ)*

(੨) **ਨਾਨਕ ਗੁਰਮੁਖਿ ਜਾਣੀਐ,**
**ਜਾ ਕਉ ਆਪਿ ਕਰੇ ਪਰਗਾਸੁ ॥੩॥੨॥** *(ਮ: ੨, ਆਸਾ ਦੀ ਵਾਰ)*

**ਮਿਠਾ ਸੋ ਜੋ ਭਾਵਦਾ, ਸਜਣੁ ਸੋ ਜਿ ਰਾਸਿ ॥**
**ਨਾਨਕ ਗੁਰਮੁਖਿ ਜਾਣੀਐ, ਜਾ ਕਉ ਆਪਿ ਕਰੇ ਪਰਗਾਸੁ ॥੨॥੨੧॥**
*(ਮ: ੩, ਗੂਜਰੀ ਕੀ ਵਾਰ)*

(੩) **ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥੨॥੭॥**
*(ਮ: ੨, ਆਸਾ ਦੀ ਵਾਰ)*

**ਕ੍ਰਿਪਾ ਕਰੇ ਜਿ ਆਪਣੀ, ਤਾ ਹਰਿ ਰਖਾ ਉਰਧਾਰਿ ॥੧॥੯॥**
*(ਮ: ੩, ਵਡਹੰਸ ਕੀ ਵਾਰ)*

ਅਤੇ—**ਕਿਰਪਾ ਕਰੇ ਜੇ ਆਪਣੀ, ਤਾ ਨਾਨਕ ਸਬਦਿ ਸਮਾਹੀ ॥੧॥੨੬॥**
*(ਮ: ੪, ਸੋਰਠਿ ਕੀ ਵਾਰ)*

(੪) **ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥੨॥੮॥**
*(ਮ: ੨, ਸੂਹੀ ਕੀ ਵਾਰ)*

**ਨਾਨਕ ਸੋ ਸਾਲਾਹੀਐ, ਜਿ ਸਭਨਾ ਸਾਰ ਕਰੇਇ ॥੨੨੦॥**
*(ਮ: ੩, ਸਲੋਕ ਕਬੀਰ ਜੀ)*

ਅਤੇ—**ਨਾਨਕ ਸੋ ਸਾਲਾਹੀਐ, ਜਿਸੁ ਵਸਿ ਸਭੁ ਕਿਛੁ ਹੋਇ ॥੧॥੮॥**
*(ਮ: ੩, ਮਲਾਰ ਕੀ ਵਾਰ)*


www.sikhbookclub.com

ਅਤੇ—ਨਾਨਕ ਸੋ ਸਾਲਾਹੀਐ, ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥੧੫॥

*(ਮ: ੩, ਮਲਾਰ ਕੀ ਵਾਰ)*

(੫) **ਨਾਨਕ ਤਿਨ੍ਾ ਬਸੰਤੁ ਹੈ, ਜਿਨ੍ ਘਰਿ ਵਸਿਆ ਕੰਤੁ ॥੨॥੧੯॥**

*(ਸੂਹੀ ਕੀ ਵਾਰ)*

**ਨਾਨਕ ਤਿਨਾ ਬਸੰਤੁ ਹੈ, ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥੬੧॥**

*(ਮ: ੩, ਸਲੋਕ ਵਾਰਾਂ ਤੇ ਵਧੀਕ)*

(੬) **ਰਤਨਾ ਸਾਰ ਨ ਜਾਣਈ, ਆਵੈ ਆਪੁ ਲਖਾਇ ॥੧॥੧੫॥**

*(ਮ: ੨, ਰਾਮਕਲੀ ਕੀ ਵਾਰ)*

**ਰਤਨਾ ਸਾਰ ਨ ਜਾਣਈ, ਅਗਿਆਨੀ ਅੰਧੁ ਅੰਧਾਰੁ ॥੧॥੯॥**

*(ਮ: ੩, ਵਡਹੰਸ ਕੀ ਵਾਰ)*

(੭) **ਮੰਦਾ ਕਿਸ ਨੋ ਆਖੀਐ, ਜਾਂ ਸਭਨਾ ਸਾਹਿਬੁ ਏਕੁ ॥੧॥੨॥**

*(ਮ: ੨, ਸਾਰੰਗ ਕੀ ਵਾਰ)*

**ਜੀਅ ਜੰਤ ਸਭਿ ਤਿਸ ਦੇ, ਸਭਨਾ ਕਾ ਸੋਈ ॥**
**ਮੰਦਾ ਕਿਸ ਨੋ ਆਖੀਐ, ਜੇ ਦੂਜਾ ਹੋਈ ॥੪॥੫॥੨੭॥**

*(ਆਸਾ ਮ: ੩, ਅਸਟਪਦੀ)*

ਅਤੇ—**ਸਭੁ ਅੰਤਰਜਾਮੀ ਬ੍ਰਹਮੁ ਹੈ, ਬ੍ਰਹਮੁ ਵਸੈ ਸਭ ਥਾਇ ॥**
**ਮੰਦਾ ਕਿਸ ਨੋ ਆਖੀਐ, ਸਬਦਿ ਵੇਖਹੁ ਲਿਵ ਲਾਇ ॥੬॥੪॥੯॥**

*(ਮ: ੩, ਸੂਹੀ ਅਸਟਪਦੀਆ)*

(੮) **ਸਭਨਾ ਸਾਹਿਬੁ ਏਕੁ ਹੈ, ਵੇਖੈ ਧੰਧੈ ਲਾਇ ॥੧॥੨॥**

*(ਮ: ੨, ਸਾਰੰਗ ਕੀ ਵਾਰ)*

**ਸਭਨਾ ਸਾਹਿਬੁ ਏਕੁ ਹੈ, ਪੂਰੇ ਭਾਗਿ ਪਾਇਆ ਜਾਈ ॥੧੧॥**

*(ਮ: ੩, ਰਾਮਕਲੀ ਕੀ ਵਾਰ)*

(੯) **ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ ॥੨॥੪॥**

*(ਮ: ੨, ਸਾਰੰਗ ਕੀ ਵਾਰ)*

**ਕੀਤਾ ਕਿਆ ਸਾਲਾਹੀਐ, ਜਿਸੁ ਜਾਂਦੇ ਬਿਲਮ ਨ ਹੋਈ ॥੬॥**

*(ਮ: ੩, ਮਾਰੂ ਕੀ ਵਾਰ)*

*ਨੋਟ:* ਤੁਕ 'ਕੀਤਾ ਕਿਆ ਸਾਲਾਹੀਐ' ਸਤਿਗੁਰੂ ਨਾਨਕ ਦੇਵ ਜੀ ਨੇ ਭੀ 'ਸੂਹੀ ਛੰਤ' ਅਤੇ 'ਮਾਰੂ ਅਸਟਪਦੀ' ਵਿਚ ਉਚਾਰੀ ਹੈ।

(੧੦). **ਜੋ ਤਿਸੁ ਭਾਵੈ ਨਾਨਕਾ, ਸਾਈ ਭਲੀ ਕਾਰ ॥੧॥੫॥**

*(ਮ: ੨, ਸਾਰੰਗ ਕੀ ਵਾਰ)*

**ਜੋ ਤਿਸੁ ਭਾਵੈ ਨਾਨਕਾ, ਸਾਈ ਗਲ ਚੰਗੀ ॥੨੨॥੨॥** *(ਮ: ੪, ਤਿਲੰਗੁ)*

*ਨੋਟ* : ਤੁਕ 'ਜੋ ਤਿਸੁ ਭਾਵੈ ਨਾਨਕਾ' ਗੁਰੂ ਨਾਨਕ ਸਾਹਿਬ ਨੇ ਭੀ ਆਸਾ ਅਤੇ ਸਿਰੀਰਾਗੁ ਦੇ ਸ਼ਬਦਾਂ ਅਤੇ ਇਕ ਸਲੋਕ ਵਿਚ ਵਰਤੀ ਹੈ।

ਇਹ ਅਖ਼ੀਰਲੇ ਦੋ ਪ੍ਰਮਾਣ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹਰੇਕ ਗੁਰ-ਵਿਅਕਤੀ ਦੀ ਬਾਣੀ ਵਾਰੀ-ਸਿਰ ਇਕੱਠੀ ਹੋ ਕੇ ਅਗਲੇ ਗੁਰ-ਵਿਅਕਤੀ ਨੂੰ ਮਿਲ ਜਾਂਦੀ ਸੀ।

ਪੁਸਤਕ *ਗੁਰਮਤਿ ਪ੍ਰਕਾਸ਼* ਦੇ ਪਹਿਲੇ ਲੇਖ ਵਿਚ ਅਸਾਂ ਦੱਸਿਆ ਹੈ ਕਿ ਬਾਬਾ ਫ਼ਰੀਦ ਜੀ ਦੀ ਬਾਣੀ ਗੁਰੂ ਨਾਨਕ ਦੇਵ ਜੀ ਪਾਸ ਮੌਜੂਦ ਸੀ, ਤੇ ਉਹਨਾਂ ਆਪਣੀ ਬਾਣੀ ਨਾਲ ਸਾਂਭ ਕੇ ਰੱਖੀ ਹੋਈ ਸੀ। ਜਦੋਂ ਉਹਨਾਂ ਆਪਣੀ ਬਾਣੀ ਗੁਰੂ ਅੰਗਦ ਸਾਹਿਬ ਦੇ ਹਵਾਲੇ ਕੀਤੀ, ਤਾਂ ਬਾਬਾ ਫ਼ਰੀਦ ਜੀ ਦੀ ਬਾਣੀ ਭੀ ਨਾਲ ਹੀ ਦੇ ਦਿੱਤੀ। ਇਸ ਗੱਲ ਦਾ ਸਬੂਤ ਭੀ ਗੁਰੂ ਅੰਗਦ ਸਾਹਿਬ ਦੇ ਸਲੋਕਾਂ ਵਿਚੋਂ ਮਿਲ ਰਿਹਾ ਹੈ :

**ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਦੀਜੈ ਡਾਰਿ ॥੧॥੧੫॥**

*(ਮ: ੨, ਸਿਰੀਰਾਗੁ ਕੀ ਵਾਰ)*

**ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ ॥੭੧॥**

ਅਤੇ—**ਜੋ ਸਿਰੁ ਸਾਈ ਨਾ ਨਿਵੈ, ਸੋ ਸਿਰੁ ਕੀਜੈ ਕਾਂਇ ॥੭੨॥**

*(ਸਲੋਕ ਫਰੀਦ ਜੀ)*



Page 60 • www.sikhbookclub.com

# ਜੀਵਨ-ਬ੍ਰਿਤਾਂਤ ਗੁਰੂ ਅਮਰਦਾਸ ਜੀ

(੧੪੭੯-੧੫੭੪)

## ਪਹਿਲਾ ਕਾਂਡ

### ਜਨਮ-ਪਿੰਡ

(ਗੁਰੂ) ਅਮਰਦਾਸ ਜੀ ਦਾ ਜਨਮ ਬਾਸਰਕੇ ਪਿੰਡ ਵਿਚ ਹੋਇਆ। ਬਾਸਰਕਾ ਸ਼ਹਿਰ ਅੰਮ੍ਰਿਤਸਰ ਤੋਂ ਪੰਜ ਕੁ ਮੀਲਾਂ ਦੀ ਵਿੱਥ ਤੇ ਲਹਿੰਦੇ ਪਾਸੇ ਵਲ ਹੈ। ਗੁਰਦੁਆਰਾ ਛੇ-ਹਰਟਾ ਸਾਹਿਬ ਤੋਂ ਬਾਸਰਕਾ ਦੱਖਣ ਵਲ ਤਿੰਨ ਮੀਲਾਂ 'ਤੇ ਹੈ। ਇਹਨਾਂ ਦੇ ਪਿਤਾ ਬਾਬਾ ਤੇਜ ਭਾਨ ਜੀ ਭੱਲਾ ਕੁਲ ਦੇ ਖੱਤ੍ਰੀ ਸਨ। ਪਿੰਡ ਬਾਸਰਕੇ ਵਿਚ ਉਹਨਾਂ ਦੀ ਕੁਝ ਭੁਇਂ ਦੀ ਮਾਲਕੀ ਸੀ। ਬਾਬਾ ਤੇਜ ਭਾਨ ਜੀ ਵਾਹੀ ਭੀ ਕਰਾਂਦੇ ਸਨ, ਅਤੇ ਵਣਜ-ਵਿਹਾਰ ਭੀ ਕਰਦੇ ਸਨ। (ਗੁਰੂ) ਅਮਰਦਾਸ ਜੀ ਦੇ ਚਾਰ ਭਰਾ ਸਨ, ਇਹ ਭੀ ਵਾਹੀ ਅਤੇ ਵਣਜ-ਵਪਾਰ ਨਾਲ ਹੀ ਆਪਣਾ ਤੋਰਾ ਤੋਰਦੇ ਸਨ।

### ਜਨਮ-ਤਰੀਕ

੮ ਜੇਠ ਸੰਮਤ ੧੫੩੬ ਨੂੰ (ਗੁਰੂ) ਅਮਰਦਾਸ ਜੀ ਦਾ ਜਨਮ ਹੋਇਆ। ਚੰਦ੍ਰਮਾ ਦੀਆਂ ਤਰੀਕਾਂ ਦੇ ਹਿਸਾਬ ਉਸ ਦਿਨ ਵੈਸਾਖ ਸੁਦੀ ੧੪ ਸੀ, ਭਾਵ, ਮੱਸਿਆ ਤੋਂ ਪਿਛੋਂ ੧੪ਵੇਂ ਦਿਨ। ਅੰਗਰੇਜ਼ੀ ਮਹੀਨੇ ਦੀ ੫ ਤ੍ਰੀਕ ਸੀ ਅਤੇ ਸੰਨ ੧੪੭੯ ਸੀ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ੨੦ ਵੈਸਾਖ ਸੰਮਤ ੧੫੨੬ ਨੂੰ ਹੋਇਆ ਸੀ। ਸੋ ਗੁਰੂ ਅਮਰਦਾਸ ਜੀ ਗੁਰੂ ਨਾਨਕ ਸਾਹਿਬ ਨਾਲੋਂ ਉਮਰੋਂ ਪੂਰੇ ੧੦ ਸਾਲ ਛੋਟੇ ਸਨ।

## ਵਿਆਹ ਅਤੇ ਸੰਤਾਨ

ਸਿਆਲਕੋਟ ਤੋਂ ਉਰੇ ੨੦ ਮੀਲ ਦੱਖਣ ਪਾਸੇ ਪਸਰੂਰ ਇਕ ਬਹੁਤ ਹੀ ਪੁਰਾਣਾ ਨਗਰ ਹੈ। ਪਸਰੂਰ ਤੋਂ ੧੦ ਕੁ ਮੀਲ ਚੜ੍ਹਦੇ ਵਲ ਇਕ ਕਸਬਾ[੧] ਸਨਖੱਤ੍ਰਾ ਹੈ, ਜਿਸ ਵਿਚ ਬਹੁਤੀ ਖਤ੍ਰੀਆਂ ਦੀ ਵੱਸੋਂ ਚਲੀ ਆ ਰਹੀ ਸੀ। ਬਾਸਰਕੇ ਤੋਂ ਸਨਖੱਤ੍ਰਾ ਪੰਜਾਹ ਸੱਠ ਮੀਲਾਂ ਦੀ ਵਿੱਥ 'ਤੇ ਹੈ। ਸੰਨ ੧੫੦੩ ਵਿਚ ਜਦੋਂ (ਗੁਰੂ) ਅਮਰਦਾਸ ਜੀ ਦਾ ਵਿਆਹ ਹੋਇਆ, ਨਾ ਹੀ ਸ਼ਹਿਰ ਅੰਮ੍ਰਿਤਸਰ ਵੱਸਿਆ ਸੀ ਅਤੇ ਨਾ ਹੀ ਨਗਰ ਡੇਹਰਾ ਬਾਬਾ ਨਾਨਕ। ਬਾਸਰਕੇ ਤੋਂ ਸਨਖੱਤ੍ਰੇ ਜਾਣ ਲਈ ਦਰਿਆ ਰਾਵੀ ਤੋਂ ਰਮਦਾਸ ਦੇ ਪੱਤਣ ਹੀ ਲਾਂਘਾ ਹੁੰਦਾ ਹੋਵੇਗਾ; ਪਾਰਲੇ ਪਾਸੇ ਪੁਰਾਣਾ ਨਗਰ ਨਾਰੋਵਾਲ ਅਤੇ ਉਸ ਤੋਂ ਅਗਾਂਹ ਪੰਝੀ ਵੀਹ ਮੀਲਾਂ ਤੇ ਸਨਖੱਤ੍ਰਾ। ੨੪ ਕੁ ਸਾਲਾਂ ਦੀ ਉਮਰੇ ੧੧ ਮਾਘ ਸੰਮਤ ੧੫੫੯ ਨੂੰ (ਗੁਰੂ) ਅਮਰਦਾਸ ਜੀ ਦਾ ਵਿਆਹ ਸਨਖੱਤ੍ਰੇ ਹੋਇਆ ਸੀ, ਖੱਤ੍ਰੀਆਂ ਦੇ ਬਹਿਲ ਘਰਾਣੇ ਵਿਚ। ਇਹਨਾਂ ਦੇ ਘਰ ਦੋ ਲੜਕੇ ਅਤੇ ਦੋ ਲੜਕੀਆਂ ਪੈਦਾ ਹੋਈਆਂ—ਬੀਬੀ ਭਾਨੀ ਜੀ, ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਬੀਬੀ ਨਿਧਾਨੀ ਜੀ (ਜਾਂ ਦਾਨੀ ਜੀ)।

## ਧਾਰਮਿਕ ਰੁਚੀਆਂ

ਹਿੰਦੂ ਧਰਮ-ਸ਼ਾਸਤਰਾਂ ਅਨੁਸਾਰ ਇਹੀ ਪੁੰਨ ਕਰਮ ਮਿਥੇ ਹੋਏ ਸਨ ਕਿ ਮਨੁੱਖ ਦੇਵੀ ਦੇਵਤਿਆਂ ਦੇ ਮੰਦਰਾਂ ਦੀ ਯਾਤ੍ਰਾ ਕਰੇ, ਤੀਰਥਾਂ 'ਤੇ ਇਸ਼ਨਾਨ ਕਰੇ ਅਤੇ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰੇ। (ਗੁਰੂ) ਅਮਰਦਾਸ ਜੀ ਦੇ ਮਨ ਦਾ ਝੁਕਾਉ ਧਰਮ ਵਲ ਕਾਫ਼ੀ ਸੀ। ਵਣਜ-ਵਪਾਰ ਦੇ ਸੰਬੰਧ ਵਿਚ ਪੈਂਡੇ ਪਏ ਹੋਏ ਭੀ ਭਗਵਾਨ ਦੇ ਭਜਨ ਗਾਉਂਦੇ ਜਾਇਆ ਕਰਦੇ ਸਨ। ਪੱਕੇ ਵੈਸ਼ਨਵ ਸਨ, ਮਾਸ ਨਹੀਂ ਸਨ ਵਰਤਦੇ। ੪੨ ਸਾਲਾਂ ਦੀ ਉਮਰ ਸੀ, ਜਦੋਂ ਇਹ ਸੰਨ ੧੫੨੧ ਵਿਚ ਹਰਿਦੁਆਰ ਇਸ਼ਨਾਨ ਕਰਨ ਗਏ ਅਤੇ ਫਿਰ ਵੀਹ ਵਰ੍ਹੇ ਸੰਨ ੧੫੪੧ ਤਕ ਹਰ ਸਾਲ ਇਹ ਨੇਮ ਨਿਬਾਹੁੰਦੇ ਰਹੇ।

## ਗੁਰੂ ਅੰਗਦ ਦੇਵ ਜੀ ਨਾਲ ਮੇਲ

ਸੰਨ ੧੫੪੧ ਵਿਚ ਇੱਕੀਵੀਂ ਵਾਰੀ (ਗੁਰੂ) ਅਮਰਦਾਸ ਜੀ ਗੰਗਾ ਦੇ

---

੧. ਹੁਣ ਤਾਂ ਉਹ ਪਾਸਾ ਪਾਕਿਸਤਾਨ ਵਿਚ ਆ ਜਾਣ ਕਰਕੇ ਹਿੰਦੂ ਤੇ ਸਿੱਖਾਂ ਨੂੰ ਆਪਣਾ ਵਤਨ ੧੯੪੭ ਵਿਚ ਛੱਡਣਾ ਪੈ ਗਿਆ।



 www.sikhbookclub.com

ਇਸ਼ਨਾਨ ਵਾਸਤੇ ਹਰਿਦੁਆਰ ਗਏ। ਉਸ ਜ਼ਮਾਨੇ ਵਿਚ ਆਵਾ-ਜਾਈ ਦੇ ਵਸੀਲੇ ਅੱਜ-ਕੱਲ੍ਹ ਵਰਗੇ ਤਾਂ ਹੈ ਹੀ ਨਹੀਂ ਸਨ ਕਿ ਦੂਰ-ਦੁਰੇਡੇ ਪੈਂਡੇ ਲੋਕ ਘੰਟਿਆਂ-ਪਹਿਰਾਂ ਵਿਚ ਮੁਕਾ ਸਕਣ। ਪੈਦਲ ਹੀ ਜਾਣਾ ਪੈਂਦਾ ਸੀ। ਤੀਰਥਾਂ ਤੇ ਜਾਣ ਵਾਲੇ ਬੰਦੇ ਸੰਗ-ਸਾਥ ਬਣਾ ਕੇ ਘਰੋਂ ਤੁਰਿਆ ਕਰਦੇ ਸਨ। ਸ਼ਾਹੀ ਸੜਕਾਂ ਉਤੇ ਪੜਾਅ ਬਣੇ ਹੁੰਦੇ ਸਨ, ਜਿਥੇ ਦਿਨ ਦੀ ਮੰਜ਼ਲ ਮੁਕਾ ਕੇ ਜਾਤਰੂ ਰਾਤ ਲਈ ਬਸੇਰਾ ਕਰਦੇ ਸਨ, ਜਾਂ ਗਰਮੀ ਦੀ ਰੁੱਤੇ ਦੁਪਹਿਰ ਕੱਟ ਕੇ ਆਪਣੇ ਰਾਹੇ ਪੈਂਦੇ ਸਨ। ਰਾਹੀਆਂ ਮੁਸਾਫ਼ਿਰਾਂ ਦੀਆਂ ਖਾਣ-ਪੀਣ ਆਦਿਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਹਨਾਂ ਪੜਾਵਾਂ ਤੇ ਹੱਟੀਆਂ ਦੀ ਰੌਣਕ ਹੁੰਦੀ ਸੀ। ਹਰਿਦੁਆਰ ਤੋਂ ਮੁੜਦੀ ਵਾਰੀ ਰਾਹ ਵਿਚ (ਗੁਰੂ) ਅਮਰਦਾਸ ਜੀ ਨੇ ਇਕ ਪੜਾਅ ਤੇ ਦੁਪਹਿਰੇ ਅਰਾਮ ਕੀਤਾ। ਉਥੇ ਇਕ ਪੰਡਿਤ ਰਹਿੰਦਾ ਸੀ, ਜਿਸ ਦੀ ਨਜ਼ਰ ਸਬੱਬ ਨਾਲ ਉਹਨਾਂ ਦੇ ਪੈਰਾਂ ਤੇ ਜਾ ਪਈ। ਪੰਡਿਤ ਹੱਥਾਂ ਪੈਰਾਂ ਦੀਆਂ ਰੇਖਾਂ ਨੂੰ ਸਮਝਦਾ ਸੀ। (ਗੁਰੂ) ਅਮਰਦਾਸ ਜੀ ਦੇ ਪੈਰ ਵਿਚ ਪਦਮ ਰੇਖਾ ਵੇਖ ਕੇ ਪੰਡਿਤ ਨੇ ਸਮਝ ਲਿਆ ਕਿ ਇਹ ਕੋਈ ਮਹਾਂ ਪੁਰਖ ਪਰਗਟ ਹੋਣ ਵਾਲੇ ਹਨ। ਆਪਣੀ ਇਹ ਵਿਚਾਰ ਪੰਡਿਤ ਨੇ ਉਹਨਾਂ ਨੂੰ ਦੱਸ ਦਿੱਤੀ। ਅਗਾਂਹ ਰਸਤੇ ਵਿਚ (ਗੁਰੂ) ਅਮਰਦਾਸ ਜੀ ਦੇ ਨਾਲ ਇਕ ਵੈਸ਼ਨਵ ਸਾਧੂ ਸਾਥੀ ਬਣ ਗਿਆ, ਜੋ ਬਾਸਰਕੇ ਤਕ ਨਾਲ ਹੀ ਆਇਆ। ਪਰ ਇਥੇ ਆ ਕੇ ਜਦੋਂ ਉਸ ਸਾਧੂ ਨੂੰ ਪਤਾ ਲੱਗਾ ਕਿ ਇਹਨਾਂ ਅਜੇ ਕੋਈ ਗੁਰੂ ਨਹੀਂ ਧਾਰਿਆ ਤਾਂ ਉਸ ਨੂੰ ਨਿਗੁਰੇ ਨਾਲ ਸੰਗ ਕਰਨ 'ਤੇ ਬੜਾ ਅਫ਼ਸੋਸ ਹੋਇਆ। ਰਸਤੇ ਵਿਚ ਮਿਲੇ ਪੰਡਿਤ ਅਤੇ ਇਸ ਸਾਧੂ—ਦੋਹਾਂ ਦੀਆਂ ਗੱਲਾਂ ਦਾ (ਗੁਰੂ) ਅਮਰਦਾਸ ਜੀ ਦੇ ਮਨ ਉਤੇ ਬੜਾ ਡੂੰਘਾ ਅਸਰ ਪਿਆ। ਕਈ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਉਸ ਪੰਡਿਤ ਨੇ ਹੀ ਗੁਰੂ ਨਾ ਧਾਰਨ ਦੀ ਉਕਾਈ ਚੇਤੇ ਕਰਾਈ ਸੀ।

ਅਜੇ ਥੋੜਾ ਹੀ ਸਮਾ ਹੋਇਆ ਸੀ ਜਦੋਂ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਦਾ ਵਿਆਹ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਹੋਇਆ ਸੀ। ਬੀਬੀ ਜੀ ਦੀ ਉਮਰ ਅਜੇ ੧੫ ਕੁ ਸਾਲਾਂ ਦੀ ਹੀ ਸੀ, ਪਰ ਗੁਰ-ਗੋਦੀ ਵਿਚ ਪਲ ਕੇ ਉਸ ਦੀ ਰੁਚੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਲ ਬਣ ਚੁਕੀ ਹੋਈ ਸੀ। ਮਾਪਿਆਂ ਦੇ ਘਰ ਸਿੱਖੀ ਮਰਯਾਦਾ ਅਨੁਸਾਰ ਸਹੁਰੇ ਘਰ ਆ ਕੇ ਭੀ ਉਸ ਨੇ ਅੰਮ੍ਰਿਤ ਵੇਲੇ ਉਠ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਨ ਦਾ ਨੇਮ ਜਾਰੀ ਰੱਖਿਆ। ਵੈਸ਼ਨਵ ਸਾਧੂ ਦੇ ਚਲੇ ਜਾਣ ਤੇ (ਗੁਰੂ) ਅਮਰਦਾਸ ਜੀ ਦੇ ਹਿਰਦੇ ਉਤੇ ਅਜੇ ਸੱਜਰੀ ਹੀ ਚੋਟ ਵੱਜੀ ਸੀ। ਆਪਣੀ ਹੀ ਬੋਲੀ ਵਿਚ

ਰੱਬੀ ਸਿਫ਼ਤ-ਸਲਾਹ ਦੀ ਬਾਣੀ ਸੁਣ ਕੇ ਮਨ ਵਿਚ ਧੂਹ ਪਈਓ ਨੇ। ਉਸੇ ਹੀ ਦਿਨ ਖਡੂਰ ਸਾਹਿਬ ਆਏ। ਸਤਿਗੁਰੂ ਜੀ ਨੇ ਆਇਆਂ ਦੇ ਕੁੜਮ ਵਾਂਗ ਸਤਿਕਾਰ ਕਰਨਾ ਚਾਹਿਆ, ਪਰ ਇਹ ਅੱਪੜਦੇ ਹੀ ਚਰਨਾਂ ਤੇ ਢਹਿ ਪਏ। ਬੇਨਤੀ ਕੀਤੀਓ ਨੇ ਕਿ ਮੈਂ ਤਾਂ ਸਿਖ ਬਣਨ ਲਈ ਆਇਆ ਹਾਂ ਅਤੇ ਆਤਮਕ-ਜੀਵਨ ਦੀ ਦਾਤ ਲੈਣ ਆਇਆ ਹਾਂ। (ਗੁਰੂ) ਅਮਰਦਾਸ ਜੀ ਦੀ ਉਮਰ ਉਸ ਵੇਲੇ ੬੨ ਸਾਲਾਂ ਦੀ ਸੀ। ਇਸੇ ਹੀ ਸਾਲ ਸੰਨ ੧੫੪੧ ਵਿਚ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦੀ ਨਾਨੀ ਉਹਨਾਂ ਨੂੰ ਉਹਨਾਂ ਦੇ ਪਿਤਾ ਦੇ ਚਲਾਣਾ ਕਰਨ 'ਤੇ ਲਾਹੌਰ ਤੋਂ ਬਾਸਰਕੇ ਲੈ ਆਈ ਸੀ। ਬਾਸਰਕੇ ਭਾਈ ਜੇਠਾ ਜੀ ਦੇ ਨਾਨਕੇ ਸਨ।

## ਘਾਲ-ਕਮਾਈ ਅਤੇ ਗੁਰਿਆਈ

ਭਾਵੇਂ (ਗੁਰੂ) ਅਮਰਦਾਸ ਜੀ ਦੀ ਉਮਰ ਇਤਨੀ ਵਡੇਰੀ ਸੀ, ਪਰ ਦਿਲ ਵਿਚ ਆਪਾ ਵਾਰ ਕੇ ਗੁਰੂ ਦੀ ਦੱਸੀ ਕਾਰ ਕਰਨ ਦੀ ਤੀਬਰ ਖਿੱਚ ਸੀ। ਸੇਵਾ ਵਿਚ ਜਵਾਨਾਂ ਵਾਂਗ ਜੁੱਟ ਪਏ, ਦਿਨ-ਰਾਤ ਇਕ ਕਰ ਦਿੱਤੋ ਨੇ। ਇਹਨਾਂ ਦਾ ਘਰ ਢਾ ਗੁਜ਼ਾਰਾ ਚੰਗਾ ਸੌਖਾ ਸੀ, ਸਾਕੋਂ ਭੀ ਗੁਰੂ ਅੰਗਦ ਸਾਹਿਬ ਦੇ ਕੁੜਮ ਸਨ, ਦੁਨੀਆ ਦੇ ਦ੍ਰਿਸ਼ਟੀ-ਕੋਣ ਤੋਂ ਉੱਚੇ ਥਾਂ ਸਨ। ਮਾਇਆ ਅਤੇ ਮਾਣ ਹੱਥੀਂ ਸੇਵਾ ਕਰਨ ਦੇ ਰਾਹ ਵਿਚ ਭਾਰੀ ਰੁਕਾਵਟ ਹੋਇਆ ਕਰਦੇ ਹਨ, ਪਰ (ਗੁਰੂ) ਅਮਰਦਾਸ ਜੀ ਨੂੰ ਇਹ ਭੀ ਨਾ ਪੋਹ ਸਕੇ। ਖਡੂਰ ਸਾਹਿਬ ਤੋਂ ਬਿਆਸਾ ਦਰਿਆ ਤਿੰਨ ਕੁ ਕੋਹਾਂ 'ਤੇ ਹੈ। ਅੱਧੀ ਰਾਤੇ ਉਠ ਕੇ ਗਾਗਰ ਲੈ ਕੇ ਬਿਆਸਾ 'ਤੇ ਜਾਣਾ, ਆਪ ਇਸ਼ਨਾਨ ਕਰ ਕੇ ਆਪਣੇ ਗੁਰੂ ਪਾਤਸ਼ਾਹ ਦੇ ਇਸ਼ਨਾਨ ਲਈ ਗਾਗਰ ਭਰਨੀ, ਅਤੇ ਵਾਪਸ ਖਡੂਰ ਅੱਪੜ ਕੇ ਉਹਨਾਂ ਨੂੰ ਅੰਮ੍ਰਿਤ ਵੇਲੇ ਹੀ ਇਸ਼ਨਾਨ ਕਰਾਣਾ—(ਗੁਰੂ) ਅਮਰਦਾਸ ਜੀ ਨੇ ਇਹ ਆਪਣੀ ਨਿੱਤ ਦੀ ਕਾਰ ਬਣਾ ਲਈ। ਸਿਖ-ਇਤਿਹਾਸ ਲਿਖਦਾ ਹੈ ਕਿ ਚੂੰਕਿ ਉਮਰ ਵਡੇਰੀ ਸੀ, ਭਰੀ ਗਾਗਰ ਇਕੱਲੇ ਆਪ ਚੁਕਣੀ ਔਖਾ ਕੰਮ ਸੀ, ਇਸ ਵਾਸਤੇ ਦਰਿਆ ਦੇ ਡੂੰਘੇ ਪਾਣੀ ਵਿਚੋਂ ਗਾਗਰ ਭਰਦੇ ਸਨ, ਅਤੇ ਇਸ ਤਰ੍ਹਾਂ ਖੜੇ-ਖੜੋਤੇ ਸੌਖੀ ਹੀ ਗਾਗਰ ਸਿਰ ਉਤੇ ਧਰ ਲੈਂਦੇ ਸਨ। ਭਰੀ ਹੋਈ ਗਾਗਰ ਤਿੰਨ ਕੋਹ ਪੈਂਡਾ ਸਿਰ ਉਤੇ ਚੁੱਕ ਕੇ ਲਿਆਉਣੀ ਭੀ ਕੋਈ ਸੌਖੀ ਖੇਡ ਨਹੀਂ ਸੀ, ਰਾਹ ਵਿਚ ਦਮ ਲੈਣਾ ਪੈਂਦਾ ਸੀ। ਇਸ ਸੌਖ ਵਾਸਤੇ ਉਹਨਾਂ ਨੇ ਅੱਧ ਕੁ ਵਾਟੇ ਦਮ ਲੈਣ ਲਈ ਇਕ ਦਮਦਮਾ (ਉੱਚਾ ਥੜ੍ਹਾ) ਬਣਾ ਲਿਆ ਹੋਇਆ ਸੀ, ਜਿਥੇ ਖਲੋਤੇ ਹੀ ਗਾਗਰ ਸਿਰੋਂ ਲਾਹ


www.sikhbookclub.com

ਕੇ ਰੱਖ ਲੈਂਦੇ ਸਨ, ਅਤੇ ਵਿਸਹੁਣੀ ਕੱਢ ਕੇ ਮੁੜ ਖਲੋਤੇ ਹੀ ਸਿਰ ਉਤੇ ਰੱਖ ਲੈਂਦੇ ਸਨ। ਆਲਸ ਉਹਨਾਂ ਦੇ ਕਿਤੇ ਨੇੜੇ ਨਹੀਂ ਸੀ ਢੁਕਦਾ, ਦਿਨ ਦੇ ਵੇਲੇ ਲੰਗਰ ਦੀ ਸੇਵਾ ਕਰਦੇ ਸਨ। ਲੰਗਰ ਦੇ ਭਾਂਡੇ ਮਾਂਜਣੇ, ਬਾਲਣ ਲਿਆਉਣਾ, ਪਾਣੀ ਢੋਣਾ, ਗਰਮੀ ਦੀ ਰੁੱਤੇ ਲੋੜ ਅਨੁਸਾਰ ਪੱਖਾ ਝਲਣਾ, ਗੱਲ ਕੀ,ਗੁਰੂ-ਦਰ 'ਤੇ ਆਏ ਬੰਦਿਆਂ ਦੀ ਹਰੇਕ ਸਰੀਰਕ ਲੋੜ ਪੂਰੀ ਕਰਨੀ ਉਹਨਾਂ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾ ਲਿਆ ਹੋਇਆ ਸੀ। ਨਿਰਾ ਇਹ ਨਹੀਂ ਸੀ, ਹੱਥ ਪਿਆਰੇ ਦੀ ਇਸ ਕਾਰ ਵੱਲ ਤੇ ਚਿੱਤ ਕਰਤਾਰ ਵੱਲ ਰਹਿੰਦਾ ਸੀ। ਉਹਨਾਂ ਦੇ ਹਿਰਦੇ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਭੀ ਇਹ ਇਕ ਅਜਬ ਇਸ਼ਕ ਪੈਦਾ ਹੋਇਆ। ਇਹ ਇਸ਼ਕ ਹੀ ਤਾਂ ਧੂਹ ਕੇ ਲਿਆਇਆ ਸੀ। ਹੱਥਾਂ ਦੀ ਕਾਰ ਦੇ ਨਾਲ ਨਾਲ ਇਹ ਭੀ ਬੇ-ਮਿਸਾਲ ਕਰ ਵਿਖਾਇਓ ਨੇ। ਸੰਗਤਾਂ ਦੀ ਸੇਵਾ ਤੋਂ ਜਿਹੜਾ ਭੀ ਵਿਹਲਾ ਵੇਲਾ ਮਿਲਦਾ ਸੀ, ਗੁਰੂ ਅੰਗਦ ਸਾਹਿਬ ਪਾਸੋਂ ਲੈ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦੇ ਰਹਿੰਦੇ ਸਨ। ਸਾਰੀ ਬਾਣੀ ਦਾ ਸੰਗ੍ਰਹਿ ਗੁਰੂ ਅੰਗਦ ਦੇਵ ਜੀ ਪਾਸ ਮੌਜੂਦ ਤਾਂ ਸੀ ਹੀ। ਆਖ਼ਰ ਜਦੋਂ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਉਹਨਾਂ ਦੇ ਸਪੁਰਦ ਕੀਤੀ ਤਾਂ ਇਸੇ ਇਸ਼ਕ ਤੇ ਅਭਿਆਸ ਨੇ ਹੀ ਉਹਨਾਂ ਦੇ ਅੰਦਰ ਭੀ ਇਲਾਹੀ-ਕਾਵਿ ਦੀਆਂ ਤਰਬਾਂ ਹਿਲਾ ਦਿੱਤੀਆਂ ਸਨ, ਅਤੇ ਚੁਹੱਤਰ ਸਾਲਾਂ ਦੀ ਬਿਰਧ ਉਮਰੇ ਉਹਨਾਂ ਨੂੰ ਉੱਚੀ ਚੋਟੀ ਦਾ ਰੱਬੀ ਕਵੀ ਬਣਾ ਦਿੱਤਾ ਸੀ।

ਹਾੜ ਹੋਵੇ, ਸਿਆਲ ਹੋਵੇ, ਹਨੇਰੀ ਹੋਵੇ, ਮੀਂਹ ਹੋਵੇ, ਅੱਧੀ ਰਾਤੇ ਬਿਆਸਾ ਤੋਂ ਪਾਣੀ ਦੀ ਗਾਗਰ ਲਿਆਉਣ ਵਾਲੇ ਨੇਮ ਵਿਚ (ਗੁਰੂ) ਅਮਰਦਾਸ ਜੀ ਨੇ ਕਦੇ ਫ਼ਰਕ ਨਾ ਪੈਣ ਦਿੱਤਾ। ਜਿਉਂ ਜਿਉਂ ਉਮਰ ਵਡੇਰੀ ਹੁੰਦੀ ਜਾਏ, ਸਰੀਰਕ ਬਲ ਘਟਦਾ ਜਾਣਾ ਇਕ ਕੁਦਰਤੀ ਨਿਯਮ ਹੈ, (ਗੁਰੂ) ਅਮਰਦਾਸ ਜੀ ਉਤੇ ਭੀ ਇਸ ਨਿਯਮ ਦਾ ਅਸਰ ਪੈਣਾ ਹੀ ਸੀ। ਕਈ ਵਾਰੀ ਹਨੇਰੇ ਵਿਚ ਠੇਡੇ ਖਾਧੇ ਹੋਣਗੇ, ਪ੍ਰੇਮ ਦੀ ਸਾਰ ਨਾ ਜਾਨਣ ਵਾਲਿਆਂ ਨੇ ਉਹਨਾਂ ਠੇਡਿਆਂ ਉਤੇ ਹਾਸਾ ਭੀ ਕਈ ਵਾਰੀ ਕੀਤਾ ਹੋਵੇਗਾ, ਪਰ ਲੋਕਾਂ ਦਾ ਕੋਈ ਹਾਸਾ-ਮਖ਼ੌਲ (ਗੁਰੂ) ਅਮਰਦਾਸ ਜੀ ਦੇ ਇਸ ਇਸ਼ਕ-ਪੰਧ ਵਿਚ ਠੇਡਾ ਨਾ ਮਾਰ ਸਕਿਆ। ਸਿਖ-ਇਤਿਹਾਸ ਨੇ ਅਜਿਹੇ ਇਕੋ ਮਖ਼ੌਲ ਦਾ ਜ਼ਿਕਰ ਕੀਤਾ ਹੈ ਜਦੋਂ ਇਕ ਹਨੇਰੀ ਸਿਆਲੀ ਰਾਤੇ ਮੀਂਹ ਵਰ੍ਹਦੇ ਵਿਚ ਭਰੀ ਗਾਗਰ ਲਈ ਆਉਂਦੇ ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿਚ ਆਪ ਠੇਡਾ ਖਾ ਕੇ ਡਿੱਗ ਪਏ ਸਨ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਵਹੁਟੀ ਤੋਂ ਪੁੱਛਿਆ ਕਿ ਖੜਾਕ ਕਿਹਾ ਹੋਇਆ ਹੈ,

ਅਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ ਹੀ ਨਿਥਾਵਾਂ ਹੋਵੇਗਾ, ਜੋ ਰਾਤ ਭੀ ਚੈਨ ਨਹੀਂ ਲੈਂਦਾ। ਇਹ ਜ਼ਿਕਰ ਸੰਨ ੧੫੫੨ ਦਾ ਹੈ, ਜਦੋਂ ਇਹਨਾਂ ਦੀ ਉਮਰ ਤਿਹੱਤਰ ਸਾਲਾਂ ਦੀ ਹੋ ਗਈ ਸੀ। ਅੱਪੜਦੀ ਅੱਪੜਦੀ ਜੁਲਾਹੀ ਦੀ ਇਹ ਬੋਲੀ ਗੁਰੂ ਅੰਗਦ ਸਾਹਿਬ ਤਕ ਭੀ ਜਾ ਅੱਪੜੀ, ਅੱਗੇ ਭੀ ਕਈ ਅਜਿਹੀਆਂ ਪਹੁੰਚਦੀਆਂ ਹੀ ਹੋਣਗੀਆਂ। ਗੁਰੂ ਦੇ ਬਚਨਾਂ ਵਿਚ ਅਡੋਲ ਸਿਦਕ, ਗੁਰੂ ਅਤੇ ਖ਼ਲਕਤ ਦੀ ਸੇਵਾ ਲਈ ਕਰੜੀ ਘਾਲ, ਲੋਕਾਂ ਦੇ ਮੇਹਣੇ-ਹਾਸੇ ਵਲੋਂ ਬੇ-ਪਰਵਾਹੀ ਤੇ ਠੰਡਾ ਜਿਗਰਾ—ਇਹਨਾਂ ਗੁਣਾਂ ਨੇ ਗੁਰੂ ਅੰਗਦ ਸਾਹਿਬ ਨੂੰ ਯਕੀਨ ਕਰਾ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੀ ਸੌਂਪੀ ਜ਼ਿੰਮੇਵਾਰੀ ਦਾ ਭਾਰ (ਗੁਰੂ) ਅਮਰਦਾਸ ਜੀ ਹੀ ਚੁੱਕਣ-ਯੋਗ ਹਨ। ੧ ਮਾਘ ਸੰਮਤ ੧੬੦੮ (ਜਨਵਰੀ ਸੰਨ ੧੫੫੨) ਨੂੰ ਸਾਰੀ ਸੰਗਤ ਦੇ ਸਾਹਮਣੇ ਗੁਰੂ ਅੰਗਦ ਸਾਹਿਬ ਨੇ (ਗੁਰੂ) ਅਮਰਦਾਸ ਜੀ ਨੂੰ ਗੁਰੂ ਥਾਪ ਦਿੱਤਾ, ਆਪਣੀ ਬਾਣੀ ਤੇ ਭਗਤ-ਬਾਣੀ ਸਮੇਤ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਇਹਨਾਂ ਦੇ ਹਵਾਲੇ ਕਰ ਦਿੱਤੀ, ਅਤੇ ਬਚਨ ਕੀਤਾ ਕਿ ਨਿਆਸਰੇ ਤੇ ਨਿਥਾਵੇਂ ਸਿਰਫ਼ ਉਹ ਲੋਕ ਹੁੰਦੇ ਹਨ ਜੋ ਦੁਨੀਆ ਵਾਲੇ ਕੱਚੇ ਤੇ ਤੋੜ ਨਾ ਨਿਭਣ ਵਾਲੇ ਆਸਰੇ ਭਾਲਦੇ ਹਨ। ਜਿਨ੍ਹਾਂ ਦੀ ਟੇਕ ਗੁਰੂ ਤੇ ਕਰਤਾਰ ਹੋਵੇ, ਉਹ ਪੱਕੇ ਆਸਰੇ ਵਾਲੇ ਹੋ ਕੇ ਦੂਜਿਆਂ ਲਈ ਭੀ ਆਸਰਾ ਬਣਦੇ ਹਨ। ਸੋ, ਗੁਰੂ ਅਮਰਦਾਸ ਨਿਥਾਵਿਆਂ ਦੀ ਥਾਂ ਹੈ, ਅਤੇ ਨਿਆਸਰਿਆਂ ਦਾ ਆਸਰਾ ਹੈ।

## ਪ੍ਰਚਾਰ-ਕੇਂਦਰ ਗੋਇੰਦਵਾਲ

ਗੁਰੂ ਅੰਗਦ ਦੇਵ ਜੀ ੩ ਵੈਸਾਖ ੧੬੦੯ (੨੯ ਮਾਰਚ ਸੰਨ ੧੫੫੨) ਨੂੰ ਜੋਤੀ ਜੋਤਿ ਸਮਾਏ ਸਨ। ਉਸ ਦਿਨ ਤੋਂ ਇਹ ਜ਼ਿੰਮੇਵਾਰੀ ਗੁਰੂ ਅਮਰਦਾਸ ਜੀ ਨੇ ਚੁੱਕ ਲਈ, ਅਤੇ ਸਿਖ ਧਰਮ ਦੇ ਪ੍ਰਚਾਰ ਦਾ ਕੇਂਦਰ ਖਡੂਰ ਦੇ ਥਾਂ ਗੋਇੰਦਵਾਲ ਜਾ ਬਣਾਇਆ। ਇਹ ਨਗਰ ਬਿਆਸਾ ਦੇ ਕੰਢੇ ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ ਇਹਨਾਂ ਆਪ ਹੀ ਵਸਾਇਆ ਸੀ।



 www.sikhbookclub.com

# ਦੂਜਾ ਕਾਂਡ

## (ਸੰਨ ੧੫੫੨ ਤੋਂ ੧੫੫੮ ਤਕ)

### ਬੀਬੀ ਭਾਨੀ ਜੀ ਦੀ ਸ਼ਾਦੀ

ਗੁਰੂ ਅਮਰਦਾਸ ਜੀ ਦੀ ਲੜਕੀ ਬੀਬੀ ਭਾਨੀ ਵਿਆਹੁਣ-ਯੋਗ ਹੋ ਗਈ। ਲੜਕੀ ਵਾਸਤੇ ਸੁਚੱਜਾ ਜੀਵਨ-ਸਾਥੀ ਢੂੰਡਣਾ ਸਾਡੇ ਦੇਸ ਵਿਚ ਮਾਪਿਆਂ ਲਈ ਇਕ ਬੜੀ ਭਾਰੀ ਜ਼ਿੰਮੇਵਾਰੀ ਹੈ। ਜਿਉਂ-ਜਿਉਂ ਧੀ ਗੁੱਡੀਆਂ-ਪਟੋਲਿਆਂ ਵਾਲੀ ਉਮਰੋਂ ਅਗਾਂਹ ਲੰਘਦੀ ਹੈ, ਮਾਪੇ ਚੁਫੇਰੇ ਅੱਖਾਂ ਖੋਲ੍ਹ ਕੇ ਆਪਣੇ ਸਾਕਾਂ ਅੰਗਾਂ ਦੇ ਬੱਚਿਆਂ ਨੂੰ ਗਹੁ ਨਾਲ ਵੇਖਦੇ ਹਨ ਅਤੇ ਆਪਣੇ ਮਨ ਵਿਚ ਮਿੱਥਾਂ ਮਿੱਥਦੇ ਰਹਿੰਦੇ ਹਨ। ਗੁਰੂ ਅਮਰਦਾਸ ਜੀ ਨੇ ਸੰਨ ੧੫੪੧ ਵਿਚ ਭਾਈ ਜੇਠਾ ਜੀ ਨੂੰ ਵੇਖਿਆ, ਜਦੋਂ ਉਹਨਾਂ ਦੇ ਪਿਤਾ ਦੇ ਚਲਾਣੇ ਤੇ ਨਾਨੀ ਉਹਨਾਂ ਨੂੰ ਬਾਸਰਕੇ ਲੈ ਆਈ ਸੀ। ਚਿਹਰੇ ਤੋਂ ਬੜੇ ਹੋਣਹਾਰ ਅਤੇ ਬੋਲ-ਚਾਲ ਤੋਂ ਬਹੁਤ ਪਿਆਰੇ ਦਿੱਸੇ। ਇਸੇ ਕਰਕੇ ਸੰਨ ੧੫੪੬ ਵਿਚ ਉਹਨਾਂ ਨੂੰ ਗੋਇੰਦਵਾਲ ਲੈ ਆਏ ਸਨ। ਇਥੇ ਆ ਕੇ ਗੁਰੂ-ਦਰ ਦੀ ਸੇਵਾ, ਲੰਗਰ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਤਾਂ ਸਾਂਝ-ਪਿਆਰ ਹੋਰ ਭੀ ਵਧੀਕ ਵਧਦਾ ਗਿਆ। (ਗੁਰੂ) ਅਮਰਦਾਸ ਜੀ ਦੀ ਰਾਹੀਂ ਹੀ ਗੁਰੂ ਅੰਗਦ ਸਾਹਿਬ ਦੇ ਵੇਲੇ ਭਾਈ ਜੇਠਾ ਜੀ ਦਾ ਜੀਵਨ ਗੁਰ-ਮਰਜ਼ੀ ਵਾਲੇ ਸੱਚੇ ਵਿਚ ਢਲਦਾ ਰਿਹਾ। ਜਦੋਂ ਗੁਰੂ ਅਮਰਦਾਸ ਜੀ ਸੰਨ ੧੫੫੨ ਵਿਚ ਗੁਰੂ ਬਣੇ, ਭਾਈ ਜੇਠਾ ਜੀ ਦੀ ਉਮਰ ੧੮ ਸਾਲਾਂ ਦੀ ਹੋ ਚੁਕੀ ਸੀ। ਸੰਨ ੧੫੫੩ ਵਿਚ ਸਤਿਗੁਰੂ ਜੀ ਨੇ ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ (ਗੁਰੂ ਰਾਮਦਾਸ) ਜੀ ਨਾਲ ਕਰ ਦਿੱਤੀ।

### ਦੁਨੀਆਵੀ ਮਾਪਿਆਂ ਲਈ ਪੂਰਨੇ

ਦੁਨੀਆ ਦੇ ਦ੍ਰਿਸ਼ਟੀ-ਕੋਣ ਤੋਂ ਭਾਈ ਜੇਠਾ ਜੀ ਯਤੀਮ ਸਨ। ਉਹਨਾਂ ਦੀ ਕੋਈ ਜਾਇਦਾਦ ਭੀ ਨਹੀਂ ਸੀ, ਕੋਈ ਸਰਦੇ-ਪੁੱਜਦੇ ਭਰਾ ਭੀ ਨਹੀਂ ਸਨ। ਮਾਪਿਆਂ ਦੇ ਇਕੋ ਇਕ ਪੁੱਤਰ ਤੇ ਉਹ ਭੀ ਯਤੀਮ। ਪਰ ਗੁਰੂ ਅਮਰਦਾਸ ਜੀ

ਨੇ ਉਹਨਾਂ ਦੀ ਹੋਣਹਾਰਤਾ ਵੇਖੀ, ਉਹਨਾਂ ਦਾ ਜੀਵਨ ਵੇਖਿਆ। ੭ ਸਾਲਾਂ ਦੀ ਉਮਰ ਤੋਂ ੧੯ ਸਾਲਾਂ ਦੀ ਉਮਰ ਤਕ ੧੨ ਸਾਲ ਆਪਣੇ ਸਾਹਮਣੇ ਪਲਦਾ-ਪਲਰਦਾ ਵੇਖਿਆ, ਤੇ ਹਰ ਤਰ੍ਹਾਂ ਆਪਣੀ ਲੜਕੀ ਲਈ ਯੋਗ ਵਰ ਜਾਣਿਆ। ਮਾਇਆ ਦਾ ਸਾਥ ਹੋਛਾ ਸਾਥ ਹੈ। ਸਿਹਤ, ਗੁਣ, ਆਚਰਨ, ਸੁਭਾਉ—ਇਹ ਸਨ ਗੱਲਾਂ ਵੇਖਣ ਵਾਲੀਆਂ, ਜੋ ਗੁਰੂ ਅਮਰਦਾਸ ਜੀ ਨੇ ਵੇਖੀਆਂ, ਆਪ ਵੇਖੀਆਂ, ਤੇ ਦੁਨੀਆ ਦੇ ਹੋਰ ਮਾਪਿਆਂ ਲਈ ਪੂਰਨੇ ਪਾ ਦਿੱਤੇ।

## ਗੋਇੰਦਵਾਲ ਦੀ ਰੌਣਕ

ਖਡੂਰ ਸਾਹਿਬ ਦੇ ਥਾਂ ਸਿਖ-ਧਰਮ ਦਾ ਕੇਂਦਰ ਗੋਇੰਦਵਾਲ ਬਣ ਜਾਣ 'ਤੇ ਸਿੱਖਾਂ ਦੀ ਆਵਾਜਾਈ ਗੋਇੰਦਵਾਲ ਹੋ ਗਈ। ਸਿੱਖਾਂ ਦੀ ਗਿਣਤੀ ਭੀ ਦਿਨੋ-ਦਿਨ ਵਧਦੀ ਜਾ ਰਹੀ ਸੀ। ਇਹ ਨਗਰ ਹੈ ਸੀ ਭੀ ਸ਼ਾਹੀ ਸੜਕ ਉਤੇ। ਵਪਾਰ ਵੀ ਵੱਧਣ ਲੱਗ ਪਿਆ, ਤੇ ਹੋਰ ਕਈ ਲੋਕ ਭੀ ਇਥੇ ਆ ਵੱਸੇ। ਇਸ ਨੂੰ ਬਣਿਆਂ ਅਜੇ ਥੋੜੇ ਹੀ ਸਾਲ ਹੋਏ ਸਨ, ਨਗਰ ਦੇ ਮਕਾਨ ਇਤਨੇ ਨਹੀਂ ਸਨ ਕਿ ਇਸ ਵਧ ਰਹੀ ਵੱਸੋਂ ਲਈ ਕਾਫ਼ੀ ਹੋ ਸਕਣ। ਨਵੀਆਂ ਇਮਾਰਤਾਂ ਵਾਸਤੇ ਇਮਾਰਤੀ ਲੱਕੜੀ ਦੀ ਲੋੜ ਸੀ। ਗੁਰੂ ਅਮਰਦਾਸ ਜੀ ਨੇ ਆਪਣੇ ਭਤੀਜੇ ਸਾਵਣ ਮੱਲ ਨੂੰ ਲੱਕੜੀ ਵਾਸਤੇ ਕਾਂਗੜੇ ਦੇ ਇਲਾਕੇ ਵਿਚ ਹਰੀਪੁਰ ਭੇਜਿਆ। ਹਰੀਪੁਰ ਦਾ ਰਾਜਾ ਅਤੇ ਉਥੋਂ ਦੇ ਬਾਕੀ ਲੋਕ ਬੈਰਾਗੀ ਸਾਧੂਆਂ ਦੇ ਚੇਲੇ ਸਨ, ਤੇ ਇਕਾਦਸ਼ੀ ਆਦਿਕ ਵਰਤ ਰੱਖਦੇ ਸਨ। ਭਾਈ ਸਾਵਣ ਮੱਲ ਅਤੇ ਉਸ ਦੇ ਸਾਥੀ ਗੁਰ-ਸਿੱਖਾਂ ਦੀ ਰੋਜ਼ਾਨਾ ਰਹਿਣੀ-ਬਹਿਣੀ ਉਹਨਾਂ ਲੋਕਾਂ ਨੂੰ ਪਹਿਲਾਂ ਪਹਿਲਾਂ ਓਪਰੀ-ਓਪਰੀ ਜਾਪੀ। ਪਰ ਜਿਉਂ-ਜਿਉਂ ਗੁਰੂ ਅਮਰਦਾਸ ਜੀ ਦੇ ਸਿੱਖਾਂ ਨਾਲ ਪਹਾੜੀਆਂ ਨੂੰ ਵਾਹ ਪਿਆ, ਉਹਨਾਂ ਉਤੇ ਇਹਨਾਂ ਦੇ ਸਾਦਾ ਜੀਵਨ ਦਾ ਬੜਾ ਅਸਰ ਪਿਆ। ਹਰੀਪੁਰ ਦਾ ਰਾਜਾ ਸਤਿਗੁਰੂ ਜੀ ਦਾ ਸਿਖ ਬਣਿਆ। ਗੋਇੰਦਵਾਲ ਦੀਆਂ ਨਵੀਆਂ ਇਮਾਰਤਾਂ ਵਾਸਤੇ ਲੱਕੜੀ ਭਿਜਵਾਣ ਵਿਚ ਉਸ ਨੇ ਬੜੀ ਸੇਵਾ-ਸਹਾਇਤਾ ਕੀਤੀ। ਜਦੋਂ ਭਾਈ ਸਾਵਣ ਮੱਲ ਵਾਪਸ ਗੋਇੰਦਵਾਲ ਆਏ ਤਾਂ ਉਹ ਰਾਜਾ ਭੀ ਆਪਣੇ ਪਰਵਾਰ ਸਮੇਤ ਦਰਸ਼ਨ ਨੂੰ ਆਇਆ। ਇਹ ਜ਼ਿਕਰ ਸੰਨ ੧੫੫੬ (ਸੰਮਤ ੧੬੧੩) ਦਾ ਹੈ।

## ਗੁਰੂ ਕਾ ਲੰਗਰ

ਅਸੀ ਪਿਛੇ ਵੇਖ ਆਏ ਹਾਂ ਕਿ ਹਿੰਦੂ ਸਮਾਜ ਵਿਚ ਪਏ ਛੂਤ-ਛਾਤ ਦੇ

ਰੋਗ ਨੂੰ ਦੂਰ ਕਰਨ ਵੱਲ ਗੁਰੂ ਨਾਨਕ ਦੇਵ ਜੀ ਖ਼ਾਸ ਧਿਆਨ ਦੇਂਦੇ ਰਹੇ। ਉਹਨਾਂ ਦੇ ਹੀ ਪੂਰਨਿਆਂ ਉਤੇ ਤੁਰ ਕੇ ਗੁਰੂ ਅੰਗਦ ਸਾਹਿਬ ਨੇ ਲੰਗਰ ਚਲਾਇਆ ਹੋਇਆ ਸੀ, ਜਿਸ ਵਿਚ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਸੀ ਕਿ ਕਿਸੇ ਵੀ ਆਏ ਪਰਦੇਸੀ ਨਾਲ ਕੋਈ ਹੌਲਾ ਸਲੂਕ ਨਾ ਹੋਵੇ। ਗੁਰੂ ਅਮਰਦਾਸ ਜੀ ਨੇ ਭੀ ਉਹਨਾਂ ਹੀ ਲੀਹਾਂ ਉਤੇ ਇਸ ਉੱਦਮ ਨੂੰ ਜਾਰੀ ਰੱਖਿਆ। ਕਿਸੇ ਭੀ ਜਾਤਿ-ਵਰਨ ਦਾ ਮਨੁੱਖ ਹੋਵੇ, ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਪਰਸ਼ਾਦ ਛਕਾਇਆ ਜਾਂਦਾ ਸੀ। ਗ਼ਰੀਬ ਜਾਤੀਆਂ ਉਤੇ ਹੋ ਰਹੀ ਵਧੀਕੀ ਨੂੰ ਦੂਰ ਕਰਨ ਲਈ ਗੁਰੂ ਅਮਰਦਾਸ ਜੀ ਨੇ ਇਕ ਹੋਰ ਨਵਾਂ ਕਦਮ ਪੁੱਟਿਆ। ਉਹਨਾਂ ਹੁਕਮ ਦਿੱਤਾ ਕਿ ਸੰਗਤ ਵਿਚ ਦੀਵਾਨ ਵਿਚ ਸਿਰਫ਼ ਉਹਨਾਂ ਲੋਕਾਂ ਨੂੰ ਬੈਠਣ ਦੀ ਆਗਿਆ ਮਿਲੇਗੀ, ਜੋ ਗੁਰੂ ਕੇ ਲੰਗਰ ਵਿਚ ਸਭ ਨਾਲ ਰਲ ਕੇ ਇਕੋ ਪੰਗਤ ਵਿਚ ਰੋਟੀ ਖਾਣ। ਆਖ਼ਰ ਦੀਵਾਨਾਂ ਵਿਚ ਭੀ ਤਾਂ ਨਿੱਤ ਇਹੀ ਸਿਖਿਆ ਦਿੱਤੀ ਜਾ ਰਹੀ ਸੀ ਕਿ ਕਿਸੇ ਭੀ ਬੰਦੇ ਨੂੰ ਨੀਵਾਂ ਨਾ ਸਮਝੋ, ਕਿਸੇ ਨੂੰ ਭੀ ਸ਼ੂਦਰ ਸ਼ੂਦਰ ਆਖ ਕੇ ਨਾ ਦੁਰਕਾਰੋ। ਇਸ ਸਿਖਿਆ ਨੂੰ ਵਧੀਕ ਅਮਲੀ ਸ਼ਕਲ ਵਿਚ ਲਿਆਉਣ ਲਈ ਗੁਰੂ ਅਮਰਦਾਸ ਜੀ ਨੇ ਸੰਗਤ ਅਤੇ ਲੰਗਰ ਦੀ ਡੂੰਘੀ ਸਾਂਝ ਬਣਾਣ ਵਾਸਤੇ ਇਕੋ ਪੰਗਤ ਵਾਲੀ ਇਹ ਵਧੀਕ ਕਰੜਾਈ ਕਰ ਦਿੱਤੀ।

ਗੋਂਦੇ ਨੇ ਸਤਿਗੁਰੂ ਜੀ ਦੀ ਸਹਾਇਤਾ ਨਾਲ ਇਹ ਨਗਰ ਵਸਾ ਕੇ ਆਪਣੀ ਬਰਾਦਰੀ ਦੇ ਕਈ ਭਰਾ ਇਥੇ ਲਿਆ ਵਸਾਏ ਸਨ। ਬ੍ਰਾਹਮਣਾਂ ਦੇ ਭੀ ਕਈ ਟੱਬਰ ਆ ਵੱਸੇ ਸਨ। ਇਹਨਾਂ ਉੱਚ-ਜਾਤੀਏ ਲੋਕਾਂ ਨੂੰ ਇਹ ਗੱਲ ਪਸੰਦ ਨਾ ਆਈ ਕਿ ਚੂਹੜੇ, ਚਮਾਰ ਅਤੇ ਖੱਤਰੀ ਬ੍ਰਾਹਮਣ ਸਭ ਇਕੋ ਕਤਾਰ ਵਿਚ ਬੈਠ ਕੇ ਰੋਟੀ ਖਾਣ। ਸਦੀਆਂ ਦੇ ਪੈਰਾਂ ਹੇਠ ਲਤਾੜੇ ਗਰੀਬਾਂ ਨੂੰ ਇਹ ਲੋਕ ਭਲਾ ਕਿਵੇਂ ਆਪਣੇ ਕੋਲ ਬੈਠਣ ਦੇਣ? ਬ੍ਰਾਹਮਣਾਂ ਤੇ ਖੱਤ੍ਰੀਆਂ ਨੇ ਸਹਿਜੇ-ਸਹਿਜੇ ਇਸ ਗੱਲੋਂ ਗੁਰੂ ਅਮਰਦਾਸ ਜੀ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਦੂਰ ਨੇੜੇ ਦੇ ਪਿੰਡਾਂ-ਨਗਰਾਂ ਦੇ ਬ੍ਰਾਹਮਣਾਂ ਖੱਤ੍ਰੀਆਂ ਦੇ ਵਿਚ ਇਹ ਗਿਲੇ ਹੋਣੇ ਸ਼ੁਰੂ ਹੋ ਗਏ ਕਿ ਗੁਰੂ ਅਮਰਦਾਸ ਜੀ ਸ਼ਾਸਤਰਾਂ ਦੀ ਮਰਯਾਦਾ ਉਲੰਘ ਕੇ ਸਭ ਸ਼ੰਕਰ ਵਰਨ ਕਰੀ ਜਾ ਰਹੇ ਹਨ। ਪਰ ਇਹਨਾਂ ਲੋਕਾਂ ਦੀ ਵਿਰੋਧਤਾ ਲੰਗਰ ਦੀ ਮਰਯਾਦਾ ਵਿਚ ਕੋਈ ਰੋਕ ਨਾ ਪਾ ਸਕੀ। ਇਹ ਨਿਯਮ ਜਾਰੀ ਹੀ ਰਿਹਾ ਕਿ ਸੰਗਤ ਵਿਚ ਉਹੀ ਬੈਠ ਸਕੇਗਾ ਜੋ ਲੰਗਰ ਵਿਚੋਂ ਪੰਗਤ ਵਿਚ ਬੈਠ ਕੇ ਪਰਸ਼ਾਦ ਛਕੇਗਾ। ਸਿਖ ਇਤਿਹਾਸ ਵਿਚ ਇਕ ਪੰਡਤ ਮਾਈਦਾਸ ਦਾ ਜ਼ਿਕਰ ਆਉਂਦਾ ਹੈ, ਜਿਸ ਨੇ ਪਹਿਲਾਂ ਤਾਂ ਪੰਗਤ ਵਿਚ ਬੈਠ ਕੇ ਰੋਟੀ ਖਾਣ ਤੋਂ ਕੁਝ ਸੰਕੋਚ ਕੀਤਾ, ਪਰ

ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਗੁਰੂ-ਦਰ ਤੇ ਅਪੜਨ ਲਈ ਬੰਦਿਆਂ ਤੋਂ ਇਹ ਘ੍ਰਿਣਾ ਦੂਰ ਕਰਨੀ ਹੀ ਪਏਗੀ, ਤਾਂ ਉਸ ਨੇ ਛੂਤ-ਛਾਤ ਤੇ ਭਰਮ ਮਿਟਾ ਲਏ। ਇਸ ਦਾ ਸਿੱਟਾ ਇਹ ਨਿਕਲਿਆ ਕਿ ਗੁਰੂ ਦਰ ਤੇ ਰਹਿ ਕੇ ਸਿੱਖ ਧਰਮ ਵਿਚ ਪੱਕਾ ਹੋ ਕੇ ਮਾਈਦਾਸ ਉੱਘੇ ਸਿੱਖਾਂ ਵਿਚ ਗਿਣਿਆ ਜਾਣ ਲੱਗ ਪਿਆ। ੨੨ ਮੰਜੀਆਂ ਥਾਪਣ ਵੇਲੇ ਸਤਿਗੁਰੂ ਜੀ ਨੇ ਇਕ ਇਲਾਕੇ ਦਾ ਪ੍ਰਚਾਰਕ ਮਾਈਦਾਸ ਨੂੰ ਭੀ ਮੁਕੱਰਰ ਕੀਤਾ।

## ਗੁਰਿਆਈ ਦਾ ਦਾਅਵੇਦਾਰ

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੇ ਪਾਏ ਹੋਏ ਪੂਰਨਿਆਂ ਉਤੇ ਤੁਰ ਕੇ ਸਾਰੀ ਉਮਰ ਖਡੂਰ ਵਿਚ ਲੰਗਰ ਜਾਰੀ ਰੱਖਿਆ, ਜਿਥੇ ਊਚ-ਨੀਚ ਗਰੀਬ-ਅਮੀਰ ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਛੂਤ-ਛਾਤ ਦਾ ਸਮਾਜਿਕ ਰੰਗ ਦੂਰ ਕਰਨ ਦੇ ਜਤਨ ਕੀਤੇ ਜਾਂਦੇ ਰਹੇ। ਉਹਨਾਂ ਹੀ ਲੀਹਾਂ ਉਤੇ ਗੁਰੂ ਅਮਰਦਾਸ ਜੀ ਤੁਰੇ। ਇਹ ਕੁਦਰਤੀ ਗੱਲ ਸੀ ਕਿ ਸ਼ੂਦਰ ਅਖਵਾਂਦੇ ਗਰੀਬ ਲੋਕਾਂ ਦੇ ਦਿਲ ਵਿਚ ਗੁਰੂ ਅਮਰਦਾਸ ਜੀ ਵਾਸਤੇ ਪਿਆਰ ਸਤਿਕਾਰ ਬਣੇ। ਸਤਿਗੁਰੂ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ। ਗੋਇੰਦਵਾਲ ਤੋਂ ਖਡੂਰ ਕੋਈ ਦੂਰ ਨਹੀਂ ਸੀ। ਗੁਰੂ ਅੰਗਦ ਸਾਹਿਬ ਜੀ ਦੇ ਸਾਹਿਬਜ਼ਾਦੇ ਬਾਬਾ ਦਾਤੂ ਜੀ ਦੇ ਮਨ ਵਿਚ ਕਦੇ ਕਦੇ ਇਹ ਖੋਹ ਪੈਣ ਲੱਗ ਪਈ ਕਿ ਜੇ ਮੈਂ ਗੁਰੂ ਬਣਦਾ ਤਾਂ ਇਹ ਮਾਣ-ਵਡਿਆਈ ਅੱਜ ਮੈਨੂੰ ਮਿਲਦੀ। ਜਦੋਂ ਲੰਗਰ ਦੀ ਅਭੇਦਤਾ ਦੇ ਕਾਰਨ ਗੋਇੰਦਵਾਲ ਦੇ ਬ੍ਰਾਹਮਣਾਂ ਤੇ ਖੱਤ੍ਰੀਆਂ ਨੇ ਗੁਰੂ ਅਮਰਦਾਸ ਜੀ ਦੀ ਵਿਰੋਧਤਾ ਸ਼ੁਰੂ ਕੀਤੀ, ਤਾਂ ਬਾਬਾ ਦਾਤੂ ਜੀ ਨੂੰ ਕੁਝ ਆਸਾਂ ਭੀ ਬਝਣ ਲੱਗ ਪਈਆਂ। ਸਤਿਗੁਰੂ ਜੀ ਦੇ ਮੁਕਾਬਲੇ 'ਤੇ ਖੜਾ ਹੋਣ ਲਈ ਜਾਤਿ-ਅਭਿਮਾਨੀਆਂ ਵਲੋਂ ਚੁੱਕਣਾਂ ਭੀ ਮਿਲਣ ਲੱਗੀਆਂ। ਪੰਜਾਬ ਵਿਚ ਸਮਾ ਭੀ ਸੀ ਅਜੇ ਰਾਜ- ਗਰਦੀ ਦਾ। ਅਸੀ ਪਿੱਛੇ ਪੜ੍ਹ ਆਏ ਹਾਂ ਕਿ ਸ਼ੇਰ ਸ਼ਾਹ ਸੂਰੀ ਨੇ ੧੭ ਮਈ ਸੰਨ ੧੫੪੦ ਨੂੰ ਕਨੌਜ ਦੇ ਮੈਦਾਨ ਤੇ ਹਮਾਯੂੰ ਨੂੰ ਭਾਂਜ ਦੇ ਕੇ ਹਿੰਦੁਸਤਾਨ ਤੋਂ ਭਜਾ ਦਿੱਤਾ ਸੀ। ਸ਼ੇਰ ਸ਼ਾਹ ਨੇ ਹਿੰਦੁਸਤਾਨ ਵਿਚ ਚਾਰ ਵੱਡੀਆਂ ਸ਼ਾਹੀ ਸੜਕਾਂ ਬਣਵਾਈਆਂ—(੧) ਸੋਨਾਰਗਾਉ (ਬੰਗਾਲ) ਤੋਂ ਆਗਰਾ, ਦਿੱਲੀ, ਲਾਹੌਰ, ਪਿਸ਼ੌਰ ਤਕ; (੨) ਆਗਰੇ ਤੋਂ ਮਾਂਡੂ; (੩) ਆਗਰੇ ਤੋਂ ਜੋਧਪੁਰ ਚਤੌੜ; (੪) ਲਾਹੌਰ ਤੋਂ ਮੁਲਤਾਨ ਤਕ।

ਕਾਲੰਜਰ ਦਾ ਕਿਲ੍ਹਾ ਸਰ ਕਰਨ ਗਿਆ ਸ਼ੇਰ ਸ਼ਾਹ ਉਥੇ ਹੀ ਸਖ਼ਤ ਜ਼ਖ਼ਮੀ ਹੋ ਗਿਆ, ਅਤੇ ੨੨ ਮਈ ਸੰਨ ੧੫੪੫ ਨੂੰ ਉਸ ਦੀ ਮੌਤ ਹੋਈ। ਸ਼ੇਰ ਸ਼ਾਹ

ਦੀ ਔਲਾਦ ਤਖ਼ਤ ਸਾਂਭ ਨਾ ਸਕੀ।

ਹਮਾਯੂੰ ਨੇ ਕਾਬਲ ਤੋਂ ਆ ਕੇ ਫ਼ਰਵਰੀ ਸੰਨ ੧੫੫੫ ਵਿਚ ਲਾਹੌਰ ਮੱਲਿਆ; ਅਤੇ ਸ਼ੇਰ ਸ਼ਾਹ ਸੂਰੀ ਦੇ ਭਤੀਜੇ ਸਿਕੰਦਰ ਸੂਰੀ ਨੂੰ ਜੂਨ ਵਿਚ ਸਰਹੰਦ ਦੇ ਕੋਲ ਰਣ-ਭੂਮੀ ਵਿਚ ਭਾਂਜ ਦੇ ਕੇ ਜੁਲਾਈ ਸੰਨ ੧੫੫੫ ਵਿਚ ਦਿੱਲੀ ਉਤੇ ਕਬਜ਼ਾ ਕਰ ਲਿਆ। ਆਪ ਤਾਂ ਉਹ ਦਿੱਲੀ ਟਿਕਿਆ, ਆਪਣੇ ਪੁੱਤਰ ਅਕਬਰ ਨੂੰ, ਜੋ ਅਜੇ ਮਸਾਂ ਤੇਰ੍ਹਾਂ ਸਾਲਾਂ ਦਾ ਸੀ, ਉਸ ਨੂੰ ਪੰਜਾਬ ਦਾ ਸੂਬੇਦਾਰ ਬਣਾ ਕੇ ਨਵੰਬਰ ਵਿਚ ਲਾਹੌਰ ਭੇਜਿਆ।

ਸੋ, ਦਿਲ ਦੀ ਉਮੰਗ, ਬ੍ਰਾਹਮਣਾਂ ਖੱਤ੍ਰੀਆਂ ਵਲੋਂ ਮਿਲੀ ਹੱਲਾ-ਸ਼ੇਰੀ ਅਤੇ ਦੇਸ ਦੀ ਰਾਜਸੀ ਗੜਬੜ—ਇਹਨਾਂ ਸਭਨਾਂ ਦੇ ਹੌਸਲੇ 'ਤੇ ਗੁਰੂ-ਘਰ ਦੇ ਵਿਰੋਧੀ ਕੁਝ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਦਾਤੂ ਜੀ ਗੋਇੰਦਵਾਲ ਆਏ। ਦੀਵਾਨ ਲੱਗਾ ਹੋਇਆ ਸੀ। ਗੁਰੂ ਅਮਰਦਾਸ ਜੀ ਚੌਂਕੀ ਉਤੇ ਬੈਠੇ ਹੋਏ ਸਨ। ਦਾਤੂ ਜੀ ਨੇ ਭਰੇ ਦੀਵਾਨ ਵਿਚ ਆ ਕੇ ਸਤਿਗੁਰੂ ਜੀ ਦੇ ਲੱਕ ਵਿਚ ਲੱਤ ਮਾਰ ਕੇ ਉਹਨਾਂ ਨੂੰ ਹੇਠਾਂ ਡੇਗ ਦਿੱਤਾ। ਆਪ ਗੁਰਿਆਈ ਦੀ ਗੱਦੀ ਉਤੇ ਬੈਠ ਗਏ। ਗੁਰੂ ਅਮਰਦਾਸ ਜੀ ਦੀ ਉਮਰ ਉਸ ਵੇਲੇ ਸਤੱਤਰ ਸਾਲਾਂ ਦੇ ਨੇੜ-ਤੇੜ ਸੀ। ਆਪਣੇ ਆਪ ਨੂੰ ਸੰਭਾਲ ਕੇ ਉਹਨਾਂ ਬਾਬਾ ਦਾਤੂ ਜੀ ਦੇ ਪੈਰ ਘੁੱਟਣੇ ਸ਼ੁਰੂ ਕਰ ਦਿੱਤੇ; ਅਤੇ ਖਿਮਾ ਮੰਗੀ ਕਿ ਮੇਰੇ ਬਿਰਧ ਉਮਰ ਦੇ ਖਰ੍ਹਵੇ ਹੱਡਾਂ ਨਾਲ ਤੁਹਾਡੇ ਨਰਮ ਪੈਰਾਂ ਨੂੰ ਸੱਟ ਲੱਗੀ ਹੋਵੇਗੀ। ਸਤਿਗੁਰੂ ਜੀ ਦੀ ਇਸ ਅੱਤ ਦਰਜੇ ਦੀ ਸਹਿਨ-ਸ਼ੀਲਤਾ ਨੂੰ ਵੇਖ ਕੇ ਸੰਗਤ ਵਿਚੋਂ ਕਿਸੇ ਸਿਖ ਨੂੰ ਇਹ ਹਿੰਮਤ ਹੀ ਨਾ ਪੈ ਸਕੀ ਕਿ ਬਾਬਾ ਦਾਤੂ ਜੀ ਦੀ ਇਸ ਮੰਦੀ ਕਰਤੂਤ ਨੂੰ ਉੱਠ ਕੇ ਭੰਡ ਸਕੇ।

ਸਿਖ ਸੰਗਤਾਂ ਲਈ ਉਹ ਬੜੇ ਇਮਤਿਹਾਨ ਦਾ ਸਮਾ ਸੀ। ਭਾਵੇਂ ਗੁਰੂ ਅੰਗਦ ਦੇਵ ਜੀ ਨੇ ਆਪ ਹੀ ਆਪਣੀ ਹਯਾਤੀ ਵਿਚ ਗੁਰੂ ਅਮਰਦਾਸ ਜੀ ਨੂੰ ਗੁਰੂ ਬਣਾਇਆ ਸੀ, ਪਰ ਅਸਥਾਨਕ ਵਿਰੋਧੀਆਂ ਦੀ ਸ਼ਹਿ ਦੇ ਭਰੋਸੇ ਉਤੇ ਬਾਬਾ ਦਾਤੂ ਜੀ ਬਦੋ-ਬਦੀ ਆ ਗੁਰੂ ਬਣੇ। ਕੀ ਸਿਖ ਇਸ ਧੱਕੇ ਨੂੰ ਸਹਾਰ ਲੈਣਗੇ ? ਕੀ ਪਿਆਰ ਤੇ ਕੁਰਬਾਨੀ ਦੇ ਸੋਮੇ-ਅਸਥਾਨ ਨੂੰ ਸਿਖ ਮੱਥੇ ਟਿਕਾਣੇ ਅਤੇ ਮਾਇਆ ਇਕੱਠੀ ਕਰਨ ਦਾ ਵਸੀਲਾ ਬਣਨ ਦੇਣਗੇ ?

ਬਿਰਧ ਉਮਰੇ ਬਾਰ੍ਹਾਂ ਸਾਲ ਕਰੜੀ ਸੇਵਾ ਵਿਚ ਹੱਡ ਰੋਲਣ ਵਾਲੇ ਮਹਾਂਪੁਰਖ ਦੇ ਅੰਦਰ ਦੁਨੀਆਵੀ ਵਡੱਪਣ ਦੀ ਤਾਂ ਕੋਈ ਲਾਲਸਾ ਹੀ ਨਹੀਂ ਸੀ। ਰਾਤ-ਰਾਤ ਗੁਰੂ ਅਮਰਦਾਸ ਜੀ ਗੋਇੰਦਵਾਲ ਤੋਂ ਆਪਣੇ ਪਿੰਡ ਬਾਸਰਕੇ ਆ ਗਏ। ਇਥੇ

ਭੀ ਆਪਣੇ ਆਉਣ ਦੀ ਕਿਸੇ ਨੂੰ ਖ਼ਬਰ ਨਾ ਹੋਣ ਦਿੱਤੀ। ਪਿੰਡੋਂ ਬਾਹਰ ਸਰਕਾਰੀ ਬੀੜ ਵਿਚ ਇਕ ਕੋਠਾ ਬਣਿਆ ਹੋਇਆ ਸੀ, ਉਸ ਵਿਚ ਜਾ ਟਿਕੇ। ਤੇ, ਇਸ ਤਰ੍ਹਾਂ ਬਾਬਾ ਦਾਤੂ ਜੀ ਨੂੰ ਖੁਲ੍ਹਾ ਮੌਕਾ ਦੇ ਦਿੱਤੋ ਨੇ ਕਿ ਉਹ ਗੁਰੂ ਬਣ ਸਕਣ। ਪਰ ਗੋਂਦੇ ਆਦਿਕ ਚੌਧਰੀਆਂ ਦੇ ਜ਼ੋਰ ਪਾਣ 'ਤੇ ਭੀ ਸੰਗਤ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣੋਂ ਨਾਂਹ ਕਰ ਦਿੱਤੀ। ਸਾਰਾ ਦਿਨ ਜ਼ੋਰ-ਅਜ਼ਮਾਈ ਹੁੰਦੀ ਰਹੀ; ਇਕ ਭੀ ਸਿਖ ਨੇ ਧੱਕੇ ਨਾਲ ਬਣੇ ਗੁਰੂ ਵੱਲ ਮੂੰਹ ਨਾ ਕੀਤਾ। ਸਿਖ ਸਤਿਗੁਰੂ ਜੀ ਦੀ ਭਾਲ ਕਰਦੇ ਕਰਦੇ ਬਾਸਰਕੇ ਆ ਪਹੁੰਚੇ, ਅਤੇ ਬਾਬਾ ਦਾਤੂ ਜੀ ਆਪਣੇ ਆਪ ਵਿਚ ਹੌਲੇ ਪੈ ਕੇ ਖਡੂਰ ਮੁੜ ਆਏ। ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਬਾਸਰਕੇ ਤੋਂ ਮੁੜ ਗੋਇੰਦਵਾਲ ਮੋੜ ਲਿਆਂਦਾ।

## ਅਕਬਰ ਪਾਸ ਸ਼ਿਕਾਇਤ

੨੪ ਜਨਵਰੀ ੧੫੫੬ ਨੂੰ ਹਮਾਯੂੰ ਦਿੱਲੀ ਆਪਣੇ ਮਹੱਲ ਦੀਆਂ ਪੌੜੀਆਂ ਤੋਂ ਤਿਲ੍ਹਕਣ ਕਰਕੇ ਖੋਪਰੀ ਟੁੱਟਣ ਨਾਲ ਮਰ ਗਿਆ। ਅਕਬਰ ਨੂੰ ਜਦੋਂ ਇਹ ਖ਼ਬਰ ਮਿਲੀ, ਉਹ ਤਖ਼ਤ ਦੇ ਸ਼ਰੀਕ ਸਿਕੰਦਰ ਸੂਰੀ ਦਾ ਪਿੱਛਾ ਕਰਦਾ ਹੋਇਆ ਕਲਾਨੌਰ ਵੱਲ ਗਿਆ ਹੋਇਆ ਸੀ। ਅਕਬਰ ਦੀ ਗ਼ੈਰ-ਹਾਜ਼ਰੀ ਵਿਚ ਹੀ ਉਸ ਦੀ ਦਿੱਲੀ ਦੇ ਤਖ਼ਤ ਉਤੇ ਬੈਠਣ ਦੀ ਰਸਮ ਦਿੱਲੀ ਵਿਚ ਕੀਤੀ ਗਈ। ਸਿਕੰਦਰ ਨੂੰ ਜੰਮੂ ਦੀਆਂ ਪਹਾੜੀਆਂ ਵਲ ਭਜਾ ਕੇ ਜੂਨ ਵਿਚ ਬਹੁਤੀ ਵਰਖਾ ਦੇ ਕਾਰਨ ਅਕਬਰ ਜਲੰਧਰ ਆ ਗਿਆ, ਅਤੇ ਇਥੇ ਪੰਜ ਕੁ ਮਹੀਨੇ ਟਿਕਿਆ। ਇਥੋਂ ਪਾਨੀਪਤ ਦੇ ਨੇੜੇ ਦੂਜੇ ਸ਼ਰੀਕ ਹੇਮੂੰ ਨੂੰ ਮੁਕਾ ਕੇ ਨਵੰਬਰ ਵਿਚ ਅਕਬਰ ਦਿੱਲੀ ਪਹੁੰਚਿਆ। ਉਥੇ ਸਿਰਫ਼ ਇਕ ਮਹੀਨਾ ਰਹਿ ਕੇ ਫਿਰ ਪੰਜਾਬ ਨੂੰ ਮੁੜਿਆ, ਕਿਉਂਕਿ ਸਿਕੰਦਰ ਵਾਲਾ ਕੰਡਾ ਅਜੇ ਚੁੱਭਦਾ ਸੀ। ਜੰਮੂ ਦੇ ਇਲਾਕੇ ਵਿਚ ਇਕ ਕਿਲ੍ਹੇ ਵਿਚ ਘਿਰ ਕੇ ਸਿਕੰਦਰ ਸੂਰੀ ਨੇ ਈਨ ਮੰਨ ਲਈ। ਉਹਨੀਂ ਹੀ ਦਿਨੀਂ ਅਕਬਰ ਦੀ ਮਾਂ ਅਤੇ ਸ਼ਾਹੀ ਹਰਮ ਦੀਆਂ ਹੋਰ ਬੇਗ਼ਮਾਂ ਕਾਬਲ ਤੋਂ ਉਥੇ ਆ ਪਹੁੰਚੀਆਂ। ਅਕਬਰ ਸਭ ਨੂੰ ਨਾਲ ਲੈ ਕੇ ਲਾਹੌਰ ਆ ਗਿਆ। ਇਹ ਜ਼ਿਕਰ ਮਈ-ਜੂਨ ਸੰਨ ੧੫੫੭ ਦਾ ਹੈ। ਤਦੋਂ ਕੁਝ ਮਹੀਨੇ ਅਕਬਰ ਲਾਹੌਰ ਠਹਿਰਿਆ ਸੀ।

ਗੋਂਦੇ ਅਤੇ ਉਸ ਦੇ ਸਾਥੀ ਬ੍ਰਾਹਮਣਾਂ ਤੇ ਖੱਤ੍ਰੀਆਂ ਨੂੰ ਜਦੋਂ ਬਾਬਾ ਦਾਤੂ ਜੀ ਦੇ ਗੁਰੂ ਬਣਨ ਵਿਚ ਕਾਮਯਾਬੀ ਨਾ ਹੋਈ, ਤਾਂ ਉਹ ਪੰਚਾਇਤ ਬਣਾ ਕੇ ਅਕਬਰ ਪਾਸ ਸ਼ਿਕਾਇਤ ਕਰਨ ਲਈ ਲਾਹੌਰ ਪਹੁੰਚੇ। ਸਾਧਾਰਨ ਹਾਲਤਾਂ ਵਿਚ ਸ਼ਾਹੀ ਦਰਬਾਰ ਤਕ ਹਰੇਕ ਬੰਦੇ ਦੀ ਪਹੁੰਚ ਹੋ ਸਕਣੀ ਕੋਈ ਸੌਖੀ ਖੇਡ ਨਹੀਂ ਹੈ। ਪਰ ਗੋਂਦੇ

ਤੇ ਉਸ ਦੇ ਸਾਥੀਆਂ ਦੇ ਅੰਦਰ ਇਕ ਤਾਂ ਸਤਿਗੁਰੂ ਜੀ ਦੇ ਵਿਰੁੱਧ ਸਾੜਾ ਸੀ, ਦੂਜੇ, ਉਹ ਇਹ ਭੀ ਸਹਾਰ ਨਹੀਂ ਸਕਦੇ ਸਨ ਕਿ ਨਗਰ ਦੇ ਕੰਮੀ-ਕਮੀਣ ਤੇ ਕੰਗਾਲ ਸ਼ੂਦਰ ਲੋਕ ਉਹਨਾਂ ਦੇ ਨਾਲ ਬਰਾਬਰੀ ਦੀਆਂ ਗੱਲਾਂ ਕਰਨ ਜੋਗੇ ਹੋ ਜਾਣ। ਮਿਲ-ਮਿਲਾ ਕੇ ਸ਼ਾਹੀ ਦਰਬਾਰ ਦੇ ਕਈ ਹਿੰਦੂ ਕਰਮਚਾਰੀਆਂ ਨੂੰ ਉਹਨਾਂ ਆਪਣੇ ਵਲ ਕਰ ਲਿਆ, ਅਤੇ ਇਸ ਤਰ੍ਹਾਂ ਬਾਦਸ਼ਾਹ ਦੇ ਕੰਨਾਂ ਤਕ ਕਈ ਝੂਠੀਆਂ-ਸੱਚੀਆਂ ਜਾ ਅੱਪੜਾਈਆਂ। ਅਕਬਰ ਨੇ ਸਤਿਗੁਰੂ ਜੀ ਨੂੰ ਬੁਲਾ ਭੇਜਿਆ।

ਗੁਰੂ ਅਮਰਦਾਸ ਜੀ ਦੀ ਉਮਰ ਉਸ ਵੇਲੇ ੭੯ ਸਾਲਾਂ ਤੋਂ ਵਧੀਕ ਹੋ ਚੁਕੀ ਸੀ। ਉਹਨਾਂ ਨੇ ਆਪਣੇ ਵਿਰੁੱਧ ਹੋਈਆਂ ਸ਼ਿਕਾਇਤਾਂ ਦਾ ਉੱਤਰ ਦੇਣ ਲਈ (ਗੁਰੂ) ਰਾਮਦਾਸ ਜੀ ਨੂੰ ਭੇਜਿਆ। (ਗੁਰੂ) ਰਾਮਦਾਸ ਜੀ ਦੀ ਉਮਰ ਉਸ ਵੇਲੇ ੨੩ ਸਾਲਾਂ ਦੀ ਸੀ। ਉਹਨਾਂ ਅਕਬਰ ਪਾਸ ਜਾ ਕੇ ਗੁਰੂ ਨਾਨਕ ਦੇਵ ਜੀ ਦਾ ਮਤ ਐਸੇ ਸੁੰਦਰ ਤਰੀਕੇ ਨਾਲ ਪੇਸ਼ ਕੀਤਾ ਕਿ ਦੋਖੀਆਂ ਦੀ ਦਾਲ ਨਾ ਗਲ ਸਕੀ। ਗੋਂਦਾ ਅਤੇ ਉਸ ਦੇ ਸਾਥੀ ਅਕਬਰ ਅਤੇ ਉਸ ਦੇ ਸਿਆਣੇ ਸਰਪ੍ਰਸਤ ਬੈਰਮ ਖ਼ਾਂ ਦੀ ਤਸੱਲੀ ਨਾ ਕਰਾ ਸਕੇ। ਸਤਿਗੁਰੂ ਜੀ ਦਾ ਕੁਝ ਵਿਗਾੜ ਸਕਣ ਦੇ ਥਾਂ ਉਹ ਬੜੇ ਹੌਲੇ ਪੈ ਕੇ ਮੁੜੇ।

ਸਤਿਗੁਰੂ ਜੀ ਦੇ ਸਾਹਮਣੇ ਤਾਂ ਨਿਸ਼ਾਨਾ ਸੀ ਦੇਸ-ਵਾਸੀਆਂ ਦੀ ਭਲਾਈ ਦਾ। ਕਈ ਬਿਪਤਾ ਐਸੀਆਂ ਸਨ ਜੋ ਹਿੰਦੂ ਜਾਤੀ ਉਤੇ ਮੁਸਲਮਾਨ ਹਾਕਮਾਂ ਵਲੋਂ ਪਾਈਆਂ ਹੋਈਆਂ ਸਨ। ਕਈ ਮੁਸੀਬਤਾਂ ਐਸੀਆਂ ਸਨ ਜੋ ਹਿੰਦੂ ਕੌਮ ਦੇ ਨੇਤਾ ਬ੍ਰਾਹਮਣਾਂ ਦੇ ਧਰਮ-ਸ਼ਾਸਤਰਾਂ ਨੇ ਲਿਆਂਦੀਆਂ ਹੋਈਆਂ ਸਨ। ਬਾਦਸ਼ਾਹ ਨੂੰ ਮਿਲਣ ਦਾ ਰੋਜ਼ ਰੋਜ਼ ਮੌਕਾ ਕਿਥੇ ਮਿਲ ਸਕਦਾ ਸੀ ? ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਇਸ ਗੱਲ ਲਈ ਭੀ ਤਿਆਰ ਕਰ ਕੇ ਭੇਜਿਆ ਸੀ ਕਿ ਉਹ ਅਕਬਰ ਨੂੰ ਪਰਜਾ ਦੀਆਂ ਮੁਸੀਬਤਾਂ ਦੱਸ ਸਕਣ। ਪਤੀ ਦੇ ਮਰਨ 'ਤੇ ਹਿੰਦੂ ਵਿਧਵਾ ਨੂੰ ਸ਼ਾਸਤਰਾਂ ਦੀ ਮਰਯਾਦਾ ਅਨੁਸਾਰ ਮਰੇ ਖਸਮ ਦੀ ਚਿਖਾ ਉਤੇ ਜੀਉਂਦੇ ਸੜਨਾ ਪੈਂਦਾ ਸੀ। ਹਿੰਦੂ-ਇਸਤ੍ਰੀ-ਜਾਤੀ ਉਤੇ ਇਹ ਇਕ ਐਸਾ ਨਿਰਦਈ ਅੱਤਿਆਚਾਰ ਸੀ, ਜਿਸ ਨੂੰ ਗੁਰੂ ਅਮਰਦਾਸ ਜੀ ਵਰਗੇ ਕੋਮਲ-ਦਿਲ ਸਹਾਰ ਨਹੀਂ ਸਕਦੇ ਸਨ। ਸਤਿਗੁਰੂ ਜੀ ਤਾਂ ਇਸ ਅੱਤਿਆਚਾਰ ਦੇ ਵਿਰੁੱਧ ਅਵਾਜ਼ ਹੀ ਉਠਾ ਸਕਦੇ ਸਨ, ਅਤੇ ਹਿੰਦੂ-ਨੇਤਾਵਾਂ ਨੂੰ ਪ੍ਰੇਰਨਾ ਹੀ ਕਰ ਸਕਦੇ ਸਨ, ਪਰ ਇਹਨਾਂ ਨਿਰਦਈ ਲੋਕਾਂ ਨੂੰ ਇਹ ਪ੍ਰੇਰਨਾ ਛੇਤੀ ਕਾਟ ਨਹੀਂ ਕਰ ਸਕਦੀਆਂ ਸਨ। ਸੋ ਸਤਿਗੁਰੂ ਜੀ ਦੀ ਆਗਿਆ ਅਨੁਸਾਰ (ਗੁਰੂ) ਰਾਮਦਾਸ ਜੀ ਨੇ ਬਾਦਸ਼ਾਹ ਅਕਬਰ ਨੂੰ ਆਖਿਆ ਕਿ ਉਹ ਇਸ ਜ਼ੁਲਮ

ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤੇ।

ਹਿੰਦੂ ਯਾਤਰੂਆਂ ਨੂੰ ਆਪਣੇ ਤੀਰਥਾਂ ਦੇ ਦਰਸ਼ਨ ਕਰਨ ਗਿਆਂ ਇਕ ਉਚੇਚਾ ਮਸੂਲ ਭਰਨਾ ਪੈਂਦਾ ਸੀ। (ਗੁਰੂ) ਰਾਮਦਾਸ ਜੀ ਨੇ ਅਕਬਰ ਨੂੰ ਇਹ ਭੀ ਕਹਿ ਦਿੱਤਾ ਕਿ ਰਾਜੇ ਦਾ ਫ਼ਰਜ਼ ਹੈ ਆਪਣੀ ਪਰਜਾ ਨੂੰ ਇਕ-ਅੱਖ ਵੇਖੇ, ਸਭ ਨਾਲ ਪਿਆਰ ਤੇ ਇਨਸਾਫ਼ ਵਾਲਾ ਸਲੂਕ ਕਰੇ। ਹਿੰਦੂ-ਯਾਤਰੂਆਂ ਤੋਂ ਇਹ ਮਸੂਲ ਲੈਣਾ ਇਕ ਵਧੀਕੀ ਹੈ, ਜੋ ਜਾਰੀ ਨਹੀਂ ਰਹਿਣੀ ਚਾਹੀਦੀ।

ਜਦੋਂ ਅਕਬਰ ਨੂੰ ਪਤਾ ਲੱਗਾ ਕਿ ਗੁਰੂ ਅਮਰਦਾਸ ਜੀ ਆਪ ਆਉਂਦੇ ਅਭੀਚ ਪੁਰਬ ਸਮੇ ਕੁਰਖੇਤ ਹਰਿਦੁਆਰ ਆਦਿਕ ਹਿੰਦੂ-ਤੀਰਥਾਂ 'ਤੇ ਜਾਣ ਦੀ ਸਲਾਹ ਕਰ ਰਹੇ ਹਨ, ਤਾਕਿ ਦੂਰੋਂ-ਦੂਰੋਂ ਆਏ ਯਾਤਰੂਆਂ ਦਾ ਧਿਆਨ ਹਿੰਦੂ-ਸਮਾਜ ਵਿਚ ਪਈਆਂ ਕੁਰੀਤੀਆਂ ਵਲ ਦਿਵਾਇਆ ਜਾਏ, ਅਤੇ ਗੁਰੂ ਨਾਨਕ ਦੇਵ ਜੀ ਦਾ ਦੱਸਿਆ ਸਿੱਧਾ ਜੀਵਨ-ਰਾਹ ਸਮਝਾਇਆ ਜਾਏ, ਤਾਂ ਉਸ ਨੇ ਇਹ ਫ਼ੈਸਲਾ ਕਰ ਲਿਆ ਕਿ ਹਾਲਾਂ ਸਤਿਗੁਰੂ ਜੀ ਦੇ ਨਾਲ ਗਏ ਲੋਕਾਂ ਪਾਸੋਂ ਕੋਈ ਉਚੇਚਾ ਮਸੂਲ ਨਾ ਲਿਆ ਜਾਏ। ਸਤਿਗੁਰੂ ਜੀ ਪਾਸੋਂ ਤਾਂ ਉਂਜ ਹੀ ਨਹੀਂ ਸੀ ਲੈਣਾ, ਕਿਉਂਕਿ ਉਹਨਾਂ ਦਾ ਮਤ ਹਿੰਦੂ ਮਤ ਨਾਲੋਂ ਵੱਖਰਾ ਸੀ, ਉਹ ਯਾਤਰੂ ਬਣ ਕੇ ਤੀਰਥਾਂ 'ਤੇ ਨਹੀਂ ਜਾ ਰਹੇ ਸਨ।

## ਗੁਰੂ ਅਮਰਦਾਸ ਜੀ ਕੁਰਖੇਤ ਗਏ

ਸਤਿਗੁਰੂ ਨਾਨਕ ਦੇਵ ਜੀ ਨੇ ਹਿੰਦੂ ਸਮਾਜ ਵਿਚੋਂ ਅਨੇਕਾਂ ਧਾਰਮਿਕ ਕੁਰੀਤੀਆਂ ਤੇ ਵਹਿਮ ਦੂਰ ਕਰਨ ਲਈ ਸਾਰੇ ਹਿੰਦੂ-ਤੀਰਥਾਂ ਦੇ ਲੰਮੇ ਸਫ਼ਰ ਕੀਤੇ ਸਨ। ਹਰੇਕ ਤੀਰਥ ਦਾ ਕੋਈ ਖ਼ਾਸ ਦਿਨ-ਦਿਹਾਰ ਮਿਥਿਆ ਹੋਇਆ ਹੁੰਦਾ ਹੈ, ਜਦੋਂ ਉਥੇ ਭਾਰੀ ਮੇਲਾ ਲਗਦਾ ਹੈ ਅਤੇ ਸ਼ਰਧਾਲੂ ਲੋਕ ਦੂਰੋਂ-ਦੂਰੋਂ ਆ ਕੇ ਇਕੱਠੇ ਹੁੰਦੇ ਤੇ ਤੀਰਥ-ਇਸ਼ਨਾਨ ਕਰਦੇ ਹਨ। ਗੁਰੂ ਨਾਨਕ ਸਾਹਿਬ ਉਹਨਾਂ ਮੇਲਿਆਂ-ਪੁਰਬਾਂ ਸਮੇ ਹੀ ਤੀਰਥਾਂ ਉਤੇ ਗਏ, ਤਾਕਿ ਇਕੱਠੇ ਹੋਏ ਹਜ਼ਾਰਾਂ ਲੋਕਾਂ ਨੂੰ ਸਹੀ ਜੀਵਨ-ਰਾਹ ਸਮਝਾਇਆ ਜਾ ਸਕੇ।

ਗੁਰੂ ਅਮਰਦਾਸ ਜੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਆਉਣ ਤੋਂ ਪਹਿਲਾਂ ੨੧ ਸਾਲ ਹਰਿਦੁਆਰ ਆਦਿਕ ਤੀਰਥਾਂ 'ਤੇ ਜਾਂਦੇ ਰਹੇ। ਇਸ ਤਰ੍ਹਾਂ ਉਹਨਾਂ ਨੂੰ ਜ਼ਾਤੀ ਤਜਰਬਾ ਭੀ ਸੀ ਕਿ ਸਿੱਧੇ ਜੀਵਨ-ਰਸਤੇ ਤੋਂ ਖੁੰਝ ਕੇ ਲੋਕ ਕਿਵੇਂ ਖੁਆਰ ਹੋ ਰਹੇ ਹਨ। ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਉਤੇ ਤੁਰ ਕੇ ਉਹਨਾਂ

ਭੀ ਪੁਰਬਾਂ ਦੇ ਸਮੇ ਕੁਰਖੇਤ ਅਤੇ ਹਰਿਦੁਆਰ ਜਾਣ ਦਾ ਫ਼ੈਸਲਾ ਕੀਤਾ।

ਜੋਤਿਸ਼ ਅਨੁਸਾਰ ਉੱਤਰਾਖਾੜਾ ਨਛੱਤ੍ਰ ਦੇ ਪਿਛਲੇ ਹਿੱਸੇ ਅਤੇ ਸ੍ਰਵਣ ਨਛੱਤ੍ਰ ਦੀਆਂ ਪਹਿਲੀਆਂ ਚਾਰ ਕਲਾਂ ਦੇ ਮੇਲ ਵਿਚ ਇਕ ਸਮਾ ਆਉਂਦਾ ਹੈ, ਇਕ ਲਗਨ ਆਉਂਦਾ ਹੈ, ਜਿਸ ਨੂੰ ਅਭੀਚ ਆਖਦੇ ਹਨ। ਸੂਰਜ ਗ੍ਰਹਿਣ ਦੇ ਮੌਕੇ 'ਤੇ ਇਸ ਦਾ ਅਵਸਰ ਬਣਦਾ ਹੈ। ਲਫ਼ਜ਼ 'ਅਭੀਚ' ਸੰਸਕ੍ਰਿਤ ਦਾ ਲਫ਼ਜ਼ 'ਅਭਿਜਿਤ' ਹੈ, ਇਸ ਦਾ ਅਰਥ ਹੈ 'ਸਾਹਮਣੇ ਹੋ ਕੇ ਵੈਰੀ ਨੂੰ ਜਿੱਤ ਲੈਣਾ'। ਦੁਨੀਆ ਦੀਆਂ ਮੱਲਾਂ ਮੱਲਣ ਵਿਚੋਂ ਕਈ ਉਪਾਧੀਆਂ ਤਾਂ ਨਿਕਲਣੀਆਂ ਹੀ ਹੋਈਆਂ, ਕਈ ਵੈਰੀ ਬਣਨੇ ਹੀ ਹੋਏ। ਸੋ, ਤੀਰਥਾਂ ਦੇ ਸ਼ਰਧਾਲੂ ਲੋਕ ਅਭੀਚ ਪੁਰਬ ਸਮੇ ਕੁਰਖੇਤ ਹਰਿਦੁਆਰ ਤੀਰਥ ਉਤੇ ਇਸ਼ਨਾਨ ਤੇ ਦਾਨ-ਪੁੰਨ ਕਰਦੇ ਹਨ, ਤਾਂਕਿ ਆਪਣੇ ਵੈਰੀਆਂ ਨੂੰ ਜਿੱਤਿਆ ਜਾ ਸਕੇ। ਗੁਰੂ ਅਮਰਦਾਸ ਜੀ ਨੇ ਭੁੱਲੜ ਲੋਕਾਂ ਤਕ ਅੱਪੜਨ ਲਈ ਇਸ ਮੌਕੇ ਨੂੰ ਵਰਤਿਆ। (ਗੁਰੂ) ਰਾਮਦਾਸ[1] ਜੀ ਅਤੇ ਹੋਰ ਮੁਖੀ ਸਿਖ ਭੀ ਉਹਨਾਂ ਦੇ ਨਾਲ ਗਏ। ਜਦੋਂ ਆਮ ਹਿੰਦੂ ਜਨਤਾ ਨੂੰ ਇਹ ਖ਼ਬਰ ਮਿਲੀ ਕਿ ਗੁਰੂ ਅਮਰਦਾਸ ਜੀ ਦੇ ਨਾਲ ਗਿਆਂ ਸਰਕਾਰੀ ਮਸੂਲ ਨਹੀਂ ਭਰਨਾ ਪਏਗਾ ਤਾਂ ਬਹੁਤ ਲੋਕ ਸਤਿਗੁਰੂ ਜੀ ਦੇ ਨਾਲ ਰਲ ਪਏ।

ਪਹਿਲਾਂ ਕੁਰਖੇਤ ਗਏ, ਫਿਰ ਜਮਨਾ ਅਤੇ ਫਿਰ ਹਰਿਦੁਆਰ। ਜਿਉਂ ਜਿਉਂ ਹਿੰਦੂਆਂ ਨੂੰ ਪਤਾ ਲੱਗਾ ਕਿ ਇਹਨਾਂ ਦੇ ਨਾਲ ਗਿਆਂ ਸਰਕਾਰੀ ਮਸੂਲ ਦੀ ਬਚਤ ਹੋ ਰਹੀ ਹੈ, ਭੀੜ ਵਧਦੀ ਗਈ। ਸਤਿਗੁਰੂ ਜੀ ਇਹਨਾਂ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦਾ ਦੱਸਿਆ ਜੀਵਨ-ਰਾਹ ਸਮਝਾਂਦੇ ਰਹੇ। ਇਹ ਜ਼ਿਕਰ ਸੰਨ ੧੫੫੮ ਦਾ ਹੈ।

---

੧. ਕਈ ਪੀੜ੍ਹੀਆਂ ਦੇ ਬਣੇ ਹੋਏ ਭਰਮ-ਵਹਿਮ ਚੋਖਾ ਸਮਾ ਪਾ ਕੇ ਹੀ ਨਿਕਲ ਸਕਦੇ ਹਨ। ਸਗੋਂ ਕਿਸੇ ਮਹਾਂਪੁਰਖ ਦੇ ਉਹਨਾਂ ਵਹਿਮਾਂ ਵਿਰੁੱਧ ਕੀਤੇ ਜਤਨਾਂ ਨੂੰ ਭੀ ਭੁੱਲੜ ਲੋਕ ਉਹਨਾਂ ਵਹਿਮਾਂ ਵਿਚ ਹੀ ਰਲਾ ਲੈਂਦੇ ਹਨ। ਗੁਰੂ ਅਮਰਦਾਸ ਜੀ ਕੁਰਖੇਤ੍ਰ ਹਰਿਦੁਆਰ ਗਏ ਤਾਂ ਇਸ ਵਾਸਤੇ ਸਨ ਕਿ ਲੋਕਾਂ ਨੂੰ ਸਮਝਾਇਆ ਜਾਏ ਜੁ ਮਨੁੱਖ ਦਾ ਸਭ ਤੋਂ ਵੱਡਾ ਵੈਰੀ ਤਾਂ ਆਪਣਾ ਵਿਗਿੜਿਆ ਹੋਇਆ ਮਨ ਹੀ ਹੈ ਤੇ ਇਸ ਨੂੰ ਜਿੱਤਣਾ ਹੈ ਗੁਰੂ ਦੀ ਸ਼ਰਨ ਪੈ ਕੇ, ਗੁਰੂ ਦਾ ਦੀਦਾਰ ਹੀ ਸਭ ਤੋਂ ਸਰੇਸ਼ਟ ਅਭੀਚ ਪੁਰਬ ਹੈ। ਪਰ ਭੁਲੇਖੇ ਪਾਣ ਵਾਲਿਆਂ ਨੇ ਸਿੱਧੇ ਸਾਦੇ ਸਿੱਖਾਂ ਨੂੰ ਭੀ ਇਹ ਟਪਲੇ ਲਾ ਦਿੱਤੇ ਕਿ ਗੁਰੂ ਅਮਰਦਾਸ ਜੀ ਭੀ ਅਭੀਚ ਪੁਰਬ ਸਮੇ ਤੀਰਥਾਂ ਦੇ ਇਸ਼ਨਾਨ ਕਰਨ ਗਏ ਸਨ, ਸਿੱਖਾਂ ਨੂੰ ਭੀ ਇਹੀ ਫਬਦਾ ਹੈ ਕਿ ਤੀਰਥਾਂ 'ਤੇ ਜਾਇਆ ਕਰਨ। ਇਹਨਾਂ ਟਪਲਿਆਂ ਤੋਂ ਬਚਣ ਲਈ ਗੁਰੂ ਰਾਮਦਾਸ ਜੀ ਨੇ ਤੁਖਾਰੀ ਰਾਗ ਵਿਚ ਲਿਖੇ ਆਪਣੇ ਇਕ ਛੰਤ ਵਿਚ ਵਿਸਥਾਰ ਨਾਲ ਸਮਝਾ ਦਿੱਤਾ ਕਿ ਗੁਰੂ ਅਮਰਦਾਸ ਜੀ ਭੁੱਲੜਾਂ ਨੂੰ ਰਾਹੇ ਪਾਣ ਹੀ ਗਏ ਸਨ।

# ਤੀਜਾ ਕਾਂਡ

## ਲੰਗਰ ਦੀ ਮਰਯਾਦਾ ਅਤੇ ਫਿਰ ਉਹੀ ਵਿਰੋਧਤਾ

ਕੁਰਖੇਤ ਹਰਿਦੁਆਰ ਤੋਂ ਵਾਪਸ ਆ ਕੇ ਗੁਰੂ ਅਮਰਦਾਸ ਜੀ ਨੇ ਨੀਵਿਆਂ ਅਤੇ ਗ਼ਰੀਬਾਂ ਦੇ ਦਿਲਾਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਕਰਨ ਲਈ ਲੰਗਰ ਦੀ ਮੁੜ ਉਹੀ ਪਹਿਲੀ ਮਰਯਾਦਾ ਸ਼ੁਰੂ ਕਰ ਦਿੱਤੀ। ਗੋਂਦਾ ਅਤੇ ਉਸ ਦੇ ਸਾਥੀ ਭਾਵੇਂ ਸ਼ਾਹੀ ਦਰਬਾਰ ਤੋਂ ਖ਼ਾਲੀ ਹੀ ਮੁੜੇ ਸਨ, ਪਰ ਉਹਨਾਂ ਅਜੇ ਇਸ ਵਿਰੋਧਤਾ ਨੂੰ ਜਾਰੀ ਹੀ ਰੱਖਿਆ। ਹੁਣ ਉਹਨਾਂ ਨੂੰ ਇਕ ਹੋਰ ਨਵੀਂ ਚਾਲ ਸੁੱਝੀ। ਗੋਇੰਦਵਾਲ ਵਿਚ ਮੁਸਲਮਾਨ ਖੋਜਿਆਂ ਦੇ ਭੀ ਚੋਖੇ ਘਰ ਸਨ। ਆਮ ਪਿੰਡਾਂ-ਨਗਰਾਂ ਵਿਚ, ਜਿਵੇਂ ਹਰ ਥਾਂ ਹੋਇਆ ਕਰਦਾ ਹੈ, ਗੋਇੰਦਵਾਲ ਵਿਚ ਭੀ ਸਾਂਝੇ ਖੂਹ ਉਤੋਂ ਹੀ ਸਾਰੇ ਨਗਰ-ਨਿਵਾਸੀ ਪਾਣੀ ਭਰ ਕੇ ਲਿਆਉਂਦੇ ਸਨ। ਸਿਖ ਗੁਰੂ ਕੇ ਲੰਗਰ ਵਿਚ ਭੀ ਪਾਣੀ ਉਸ ਖੂਹ ਤੋਂ ਲਿਆਇਆ ਕਰਦੇ ਸਨ। ਵਿਰੋਧੀ ਬ੍ਰਾਹਮਣਾਂ ਤੇ ਖੱਤ੍ਰੀਆਂ ਨੇ ਖੋਜੇ-ਮੁੰਡਿਆਂ ਨੂੰ ਚੁੱਕਿਆ, ਜਿਨ੍ਹਾਂ ਨੇ ਵੱਟੇ ਮਾਰ ਮਾਰ ਕੇ ਸਿੱਖਾਂ ਦੇ ਘੜੇ ਭੰਨਣੇ ਸ਼ੁਰੂ ਕੀਤੇ। ਸਤਿਗੁਰੂ ਜੀ ਨੇ ਸ਼ੇਖ਼ਾਂ ਨੂੰ ਪਿਆਰ ਨਾਲ ਸਮਝਾਣ ਦੇ ਕਈ ਜਤਨ ਕੀਤੇ, ਪਰ ਉਹਨਾਂ ਨੂੰ ਬ੍ਰਾਹਮਣਾਂ ਅਤੇ ਖੱਤ੍ਰੀਆਂ ਦੀ ਚੁੱਕ ਸੀ, ਆਖ਼ਰ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਹੀ ਇਹ ਵਧੀਕੀ ਜਰਨ ਲਈ ਆਖਿਆ। ਸਿੱਖਾਂ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਘੜਿਆਂ ਦੀ ਥਾਂ ਗਾਗਰਾਂ ਲੈ ਆਂਦੀਆਂ। ਖੋਜੇ ਇਹਨਾਂ ਨੂੰ ਭੰਨਣ ਲਈ ਪੱਥਰ ਵਰਤਣ ਲੱਗ ਪਏ। ਗੋਂਦੇ ਤੇ ਉਸ ਦੇ ਸਾਥੀਆਂ ਦੀ ਚੁੱਕ ਨਾਲ ਝਗੜਾ ਬਥੇਰਾ ਵਧ ਸਕਦਾ ਸੀ, ਪਰ ਗੁਰੂ ਅਮਰਦਾਸ ਜੀ ਸਿੱਖਾਂ ਨੂੰ ਇਹ ਸਾਰੀਆਂ ਵਧੀਕੀਆਂ ਜਰਨ ਲਈ ਹੀ ਉਪਦੇਸ਼ ਕਰਦੇ ਰਹੇ।

ਕਦੇ ਕੋਈ ਸੂਝ-ਬੂਝ ਵਾਲੇ ਬੰਦੇ ਬਿਗਾਨਾ ਝਗੜਾ ਆਪਣੇ ਸਿਰ ਲੈਣ ਨੂੰ ਤਿਆਰ ਨਹੀਂ ਹੁੰਦੇ। ਖੋਜੇ ਨਿਰੇ ਬ੍ਰਾਹਮਣਾਂ ਖੱਤ੍ਰੀਆਂ ਦੀ ਸ਼ਹਿ 'ਤੇ ਇਹ ਨਿੱਤ ਦਾ ਫ਼ਸਾਦ ਮੁੱਲ ਲੈਣ ਦਾ ਹੀਆ ਨਹੀਂ ਕਰ ਸਕਦੇ ਸਨ। ਇਹ ਚੁੱਕਣਾ ਇਕ ਹੋਰ ਪਾਸੇ ਵਲੋਂ ਭੀ ਸੀ, ਜਿੱਥੇ ਉਹਨਾਂ ਦੇ ਦੀਨੀ ਭਾਈਆਂ ਦੀ ਰੋਜ਼ੀ ਅਤੇ ਮਾਨਤਾ

ਨੂੰ ਖ਼ਤਰਾ ਪੈ ਰਿਹਾ ਸੀ। ਅਰੋੜੇ ਹਿੰਦੂਆਂ ਤੋਂ ਬਣੇ ਮੁਸਲਮਾਨ ਲੋਕ ਆਪਣੇ ਆਪ ਨੂੰ ਖੋਜੇ ਅਖਵਾਣ ਲੱਗ ਪਏ ਸਨ। ਮਾਝੇ ਵਿਚ ਸਰਵਰੀਏ ਸ਼ੇਖ਼ ਫ਼ੱਤੇ ਦੀ ਗੱਦੀ ਦਾ ਅਸਰ-ਰਸੂਖ਼ ਸੀ। ਸ਼ੇਖ਼ ਫ਼ੱਤੇ ਦੇ ਮੁਰੀਦ ਹਰ ਜੁਮੇਰਾਤ ਨੂੰ ਭੁੰਵੇ ਸੌਂਦੇ ਹਨ, ਵਿਆਹਾਂ-ਸ਼ਾਦੀਆਂ ਸਮੇ ਭੀ ਸਰਵਰ ਦੀਆਂ ਸੁਖਣਾਂ ਸੁਖਦੇ ਹਨ, ਨਵੀਂ ਸੂਈ ਗਾਂ ਮਹਿੰ ਦੇ ਦੁੱਧ ਦੀ ਪਹਿਲੀ ਖੀਰ ਸਰਵਰ ਦੀ ਦਰਗਾਹੇ ਲੈ ਜਾਂਦੇ ਹਨ। ਸਰਵਰੀਏ ਹਿੰਦੂ ਅਸਲ ਵਿਚ ਅੱਧੇ ਕੁ ਇਸਲਾਮ ਦੇ ਧਾਰਨੀ ਹੋ ਜਾਂਦੇ ਹਨ। ਇਹਨਾਂ ਨੂੰ ਇਸ ਅਸਰ ਹੇਠੋਂ ਕੱਢਣ ਲਈ ਹੀ ਸਿਖ-ਧਰਮ ਦੇ ਪ੍ਰਚਾਰ ਦਾ ਕੇਂਦਰ ਕਰਤਾਰਪੁਰੋਂ ਖਡੂਰ ਤੇ ਗੋਇੰਦਵਾਲ ਲਿਆਂਦਾ ਗਿਆ ਸੀ। ਸੋ, ਜਦੋਂ ਜਾਤ-ਅਭਿਮਾਨੀ ਲੋਕਾਂ ਨੇ ਗੁਰੂ ਅਮਰਦਾਸ ਜੀ ਦੇ ਲੰਗਰ ਦੀ ਵਿਰੋਧਤਾ ਕੀਤੀ ਤਾਂ ਸ਼ੇਖ਼ ਫ਼ੱਤੇ ਦੀ ਗੱਦੀ ਵਾਲਿਆਂ ਨੇ ਭੀ ਆਪਣੇ ਅਸਰ ਰਸੂਖ਼ ਨੂੰ ਕਾਇਮ ਰਖਣ ਅਤੇ ਸਿਖ-ਧਰਮ ਦੇ ਰਾਹ ਵਿਚ ਰੋਕਾਂ ਪਾਉਣ ਲਈ ਸ਼ੇਖ਼ਾਂ ਨੂੰ ਚੁੱਕਿਆ ਸੀ।

ਸਬੱਬ ਨਾਲ ਇਕ ਵਾਰੀ ਸੰਨਿਆਸੀਆਂ ਦੀ ਇਕ ਜਮਾਤ ਗੋਇੰਦਵਾਲ ਆ ਗਈ। ਜਦੋਂ ਉਹਨਾਂ ਦੇ ਕੁਝ ਆਦਮੀ ਖੂਹ ਤੋਂ ਪਾਣੀ ਭਰਨ ਗਏ, ਤਾਂ ਕੁ-ਚੱਲਣੇ ਗਿੱਝੇ ਹੋਏ ਖੋਜੇ ਮੁੰਡਿਆਂ ਨੇ ਉਹਨਾਂ ਨੂੰ ਭੀ ਵੱਟੇ-ਪੱਥਰ ਮਾਰੇ। ਝਗੜਾ ਦੁ-ਵੱਲੀ ਵਧ ਗਿਆ। ਇਕ ਵੱਟਾ ਮਸੰਦ ਦੀ ਅੱਖ ਉਤੇ ਜਾ ਵੱਜਾ। ਫਿਰ ਤਾਂ ਤੀਰਾਂ ਤਲਵਾਰਾਂ ਤਕ ਲੜਾਈ ਜਾ ਅੱਪੜੀ, ਤੇ ਦੋਹੀਂ ਪਾਸੀਂ ਕਈ ਜਾਨਾਂ ਦਾ ਨੁਕਸਾਨ ਹੋਇਆ।

ਸਿਖ-ਇਤਿਹਾਸ ਲਿਖਦਾ ਹੈ ਕਿ ਉਹ ਭੂਹੇ ਹੋਏ ਹੋਏ ਖੋਜੇ ਮੁੰਡੇ ਲਾਹੌਰੋਂ ਦਿੱਲੀ ਨੂੰ ਜਾਂਦੇ ਸ਼ਾਹੀ ਖ਼ਜ਼ਾਨੇ ਦੀ ਇਕ ਖੱਚਰ ਨੂੰ ਭੀ ਹੱਥ ਪਾ ਬੈਠੇ, ਜੋ ਹਨੇਰੀ ਆ ਜਾਣ ਦੇ ਕਾਰਨ ਸਾਥ ਨਾਲੋਂ ਖੁੰਝ ਕੇ ਖੋਜਿਆਂ ਦੀ ਗਲੀ ਵਿਚ ਚਲੀ ਗਈ ਸੀ। ਖੋਜਿਆਂ ਦਾ ਖ਼ਿਆਲ ਸੀ ਕਿ ਚੋਰੀ ਸਿੱਖਾਂ ਦੇ ਮੱਥੇ ਲਾ ਦਿੱਤੀ ਜਾਏਗੀ। ਪਰ ਸਾਥ ਤੋਂ ਖੁੰਝੀ ਖੱਚਰ ਦੀ ਘਬਰਾਹਟ-ਭਰੀ ਹੀਂਗਣੀ ਨੇ ਹੀ ਉਹਨਾਂ ਦਾ ਭਾਂਡਾ ਭੰਨ ਦਿੱਤਾ। ਚੋਰੀ ਕਰਨ ਵਾਲੇ ਖੋਜੇ ਮੌਕੇ ਉਤੇ ਹੀ ਫੜੇ ਗਏ। ਉਹਨਾਂ ਦੀਆਂ ਪਿਛਲੀਆਂ ਸਾਰੀਆਂ ਕਾਲੀਆਂ ਕਰਤੂਤਾਂ ਸ਼ਾਹੀ ਹਾਕਮਾਂ ਤਕ ਅੱਪੜੀਆਂ। 'ਵਿਗੜਿਆਂ-ਤਿਗੜਿਆਂ ਦਾ ਡੰਡਾ ਪੀਰ' ਦੇ ਅਖਾਣ ਅਨੁਸਾਰ ਸੁਰਤ ਟਿਕਾਣੇ ਆਈਓ ਨੇ।

## ਬਾਉਲੀ ਬਣਨੀ

ਗੋਇੰਦਵਾਲ ਦਰਿਆ ਦੇ ਕੰਢੇ ਤੇ ਹੋਣ ਕਰਕੇ, ਇਸ ਗੱਲ ਦੀ ਤਾਂ ਲੋੜ

ਹੀ ਨਹੀਂ ਪੈਂਦੀ ਸੀ ਕਿ ਆਏ ਸਿੱਖਾਂ ਦੇ ਇਸ਼ਨਾਨ ਆਦਿਕ ਵਾਸਤੇ ਕੋਈ ਸਰੋਵਰ ਬਣਾਇਆ ਜਾਏ। ਛੇ ਸੱਤ ਸਾਲ ਸਾਂਝੇ ਖੂਹ ਤੋਂ ਪਾਣੀ ਦਾ ਕੰਮ ਚਲਦਾ ਰਿਹਾ। ਪਰ ਜਦੋਂ ਗੋਂਦੇ ਤੇ ਉਸ ਦੇ ਸਾਥੀਆਂ ਨੇ ਛੇੜਖ਼ਾਨੀ ਦੀ ਅੱਤ ਕਰ ਦਿੱਤੀ, ਤਾਂ ਸਤਿਗੁਰੂ ਜੀ ਨੇ ਫ਼ੈਸਲਾ ਕੀਤਾ ਕਿ ਆਪਣਾ ਵੱਖਰਾ ਪ੍ਰਬੰਧ ਕਰ ਲਿਆ ਜਾਏ, ਤਾਕਿ ਨਿੱਤ ਦੀ ਕਲਹ ਮੁੱਕ ਸਕੇ। ਸੰਨ ੧੫੫੯ ਵਿਚ ਗੁਰੂ ਅਮਰਦਾਸ ਜੀ ਨੇ ਬਾਉਲੀ ਬਣਵਾਣੀ ਸ਼ੁਰੂ ਕਰ ਦਿੱਤੀ। ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਦੇਵ ਜੀ ਦੇ ਵੇਲੇ ਹਾਲਾਤ ਅਨੁਸਾਰ ਕਦੇ ਐਸੀ ਲੋੜ ਨਹੀਂ ਪਈ ਸੀ ਕਿ ਕੋਈ ਅਸਥਾਨ ਐਸਾ ਤਿਆਰ ਕੀਤਾ ਜਾਏ, ਜਿਸ ਵਿਚ ਸਿਰਫ਼ ਸਿੱਖਾਂ ਨੂੰ ਹੀ ਦਿਲਚਸਪੀ ਹੋਵੇ। ਨਗਰ ਦੇ ਬ੍ਰਾਹਮਣਾਂ, ਗੋਂਦੇ ਦੇ ਸਾਥੀ ਖੱਤ੍ਰੀਆਂ ਅਤੇ ਚੁੱਕੇ ਹੋਏ ਖੋਜਿਆਂ ਦੇ ਕੁਹਜੇ ਰਵੱਈਏ ਨੇ ਇਸ ਬਾਉਲੀ ਵਿਚ ਸਭ ਸਿੱਖਾਂ ਦੀ ਦਿਲਚਸਪੀ ਪੈਦਾ ਕਰ ਦਿੱਤੀ। ਸਿਖ ਇਤਿਹਾਸਕ ਜੀਵਨ ਵਿਚ ਸ਼ਾਇਦ ਇਹ ਸਭ ਤੋਂ ਪਹਿਲਾ ਹਲੂਣਾ ਸੀ। ਨੀਵੀਆਂ ਜਾਤੀਆਂ ਵਿਚ ਮਨੁੱਖਤਾ ਜਗਾਣੀ ਸਿਖ-ਧਰਮ ਦਾ ਮੁੱਖ-ਮਨੋਰਥ ਸੀ। ਸਿਖ ਇਹ ਵੇਖ ਚੁਕੇ ਸਨ ਕਿ ਜਾਤਿ-ਅਭਿਮਾਨੀਆਂ ਦਾ ਜੀਵਨ-ਰਾਹ ਵੱਖ-ਵੱਖ ਹੋ ਗਿਆ। ਬਾਉਲੀ ਦੀ ਤਿਆਰੀ ਵਿਚ ਹਰੇਕ ਸਿਖ ਬੜੇ ਸ਼ੌਕ ਨਾਲ ਹਿੱਸਾ ਲੈਣ ਲੱਗ ਪਿਆ। ਦੂਰੋਂ ਦੂਰੋਂ ਸਿਖ ਸੇਵਾ ਕਰਨ ਲਈ ਆਉਣ ਲਗ ਪਏ, ਅਤੇ ਬਾਉਲੀ ਨੂੰ ਇਕ ਤੀਰਥ ਦੀ ਮਹਾਨਤਾ ਮਿਲ ਗਈ। ਬਾਉਲੀ ਦੀਆਂ ੮੪ ਪਉੜੀਆਂ ਨੇ ਸਹਿਜੇ ਸਹਿਜੇ ਸਿੱਖਾਂ ਵਿਚ ਇਹ ਖ਼ਿਆਲ ਭੀ ਭਰ ਦਿੱਤਾ ਕਿ ਇਥੋਂ ਦੇ ਇਸ਼ਨਾਨ ਕਰਨ ਨਾਲ ੮੪ ਲੱਖ ਜੂਨਾਂ ਕੱਟੀਆਂ ਜਾਣਗੀਆਂ।

## ਕੜ ਤੋੜਨਾ, ਮਾਣਕ ਚੰਦ

ਸਿਖ-ਇਤਿਹਾਸ ਲਿਖਦਾ ਹੈ ਕਿ ਜਦੋਂ ਲੋੜ-ਅਨੁਸਾਰ ਬਾਉਲੀ ਦੀ ਸਾਰੀ ਪੁਟਾਈ ਹੋ ਚੁੱਕੀ, ਤਾਂ ਅਗਾਂਹ ਚੀਕਣੀ ਮਿੱਟੀ ਦਾ ਬੜਾ ਕਰੜਾ ਕੜ ਆ ਗਿਆ। ਉਸ ਕੜ ਦੇ ਹੇਠ ਪਾਣੀ ਸੀ। ਬੜੇ ਜਤਨ ਕੀਤੇ ਗਏ, ਪਰ ਕਹੀ ਦਾ ਕੋਈ ਟੱਪ ਉਸ ਕੜ ਨੂੰ ਪੋਂਹਦਾ ਨਹੀਂ ਸੀ। ਗੁਰੂ ਅਮਰਦਾਸ ਜੀ ਨੇ ਤਜਵੀਜ਼ ਕੀਤੀ ਕਿ ਜੇ ਲੋਹੇ ਦੀ ਤ੍ਰਿਖੀ ਵੱਡੀ ਛੈਣੀ, ਹਥੌੜੇ ਦੀਆਂ ਸੱਟਾਂ ਨਾਲ ਇਸ ਕੜ ਵਿਚ ਗੱਡੀ ਜਾਏ, ਤਾਂ ਕੜ ਪਾਟ ਜਾਏਗਾ। ਪਰ ਉਹਨਾਂ ਇਸ ਜਤਨ ਵਿਚ ਇਕ ਭਾਰਾ ਖ਼ਤਰਾ ਵੀ ਦੱਸਿਆ। ਕੜ ਪਾਟਣ ਨਾਲ ਹੇਠੋਂ ਪਾਣੀ ਇਕੋ ਵਾਰ ਬਹੁਤ ਤੇਜ਼ੀ ਨਾਲ ਨਿਕਲੇਗਾ, ਤੇ, ਜੇ ਕੜ ਤੋੜਨ ਵਾਲਾ ਬੰਦਾ ਬਾਉਲੀ ਵਿਚੋਂ

ਨਿਕਲਣ ਦੀ ਰਤਾ ਭੀ ਢਿੱਲ ਕਰੇਗਾ, ਤਾਂ ਹੋ ਸਕਦਾ ਹੈ ਕਿ ਉਹ ਵਿਚੇ ਹੀ ਡੁੱਬ ਜ਼ਾਏ। ਭਾਵੇਂ ਸਿਖ ਬੜੇ ਉਤਸ਼ਾਹ ਨਾਲ ਹੁਣ ਤਕ ਬਾਉਲੀ ਦੀ ਸੇਵਾ ਕਰ ਰਹੇ ਸਨ, ਪਰ ਮੌਤ ਦੇ ਡਰ ਨੇ ਕੜ ਤੋੜਨ ਲਈ ਹੇਠਾਂ ਜਾਣ ਦੀ ਕਿਸੇ ਨੂੰ ਹਿੰਮਤ ਨਾ ਪੈਣ ਦਿੱਤੀ। ਆਖ਼ਰ ਇਕ ਗੱਭਰੂ ਮਾਣਕ ਚੰਦ ਨਿੱਤਰਿਆ। ਮਾਂ ਦਾ ਇਹ ਇਕੋ-ਇਕ ਪੁੱਤਰ ਸੀ। ਛੈਣੀ ਹਥੌੜਾ ਲੈ ਕੇ ਜਾ ਕੜ ਤੋੜਿਓਸੁ[1]। ਛੋਹਲਾ ਤਾਂ ਉਹ ਬਹੁਤ ਸੀ, ਪਰ ਕੜ ਹੇਠੋਂ ਪਾਣੀ ਇਤਨੀ ਤੇਜ਼ੀ ਨਾਲ ਨਿਕਲਿਆ ਕਿ ਵੇਂਹਦਿਆਂ ਵੇਂਹਦਿਆਂ ਬਾਉਲੀ ਨਕਾ-ਨਕ ਹੋ ਗਈ, ਅਤੇ ਮਾਣਕ ਚੰਦ ਪਾਣੀ ਹੇਠ ਕਾਬੂ ਆ ਗਿਆ। ਵਿਧਵਾ ਮਾਂ ਨੇ ਤਾਂ ਵਿਰਲਾਪ ਕਰਨੇ ਹੀ ਸਨ, ਹੋਰ ਸਾਰੀ ਸੰਗਤ ਵਿਚ ਭੀ ਬੜਾ ਸਹਿਮ ਪਿਆ। ਪਰ ਗੁਰੂ ਅਮਰਦਾਸ ਜੀ ਨੇ ਸਭ ਨੂੰ ਹੌਂਸਲਾ ਦਿਤਾ। ਜਤਨ ਕੀਤੇ ਗਏ। ਕੁਝ ਕੁ ਚਿਰ ਪਿਛੋਂ ਮਾਣਕ ਚੰਦ ਦਾ ਬੇ-ਸੁਰਤ ਸਰੀਰ ਪਾਣੀ ਉਤੇ ਤਰ ਆਇਆ। ਪੇਟ ਵਿਚੋਂ ਪਾਣੀ ਕੱਢਣ ਆਦਿਕ ਦੇ ਉੱਦਮਾਂ ਨਾਲ ਸੁਰਤ ਨੇ ਮੋੜਾ ਖਾਧਾ, ਤੇ ਘੜੀਆਂ ਪਲਾਂ ਵਿਚ ਸਤਿਗੁਰੂ ਦੀ ਮਿਹਰ ਨਾਲ ਮਾਣਕ ਚੰਦ ਨੌ-ਬਰ-ਨੌ ਹੋ ਗਿਆ।

ਇਸ ਘਟਨਾ ਨੇ ਸਿਖ-ਸੰਗਤਾਂ ਦੇ ਸਾਹਮਣੇ ਨਵੇਂ ਪੂਰਨੇ ਪਾ ਕੇ ਰੱਖ ਦਿੱਤੇ। ਗੁਰੂ ਦੇ ਦੱਸੇ ਹੋਏ ਰਸਤੇ ਉਤੇ ਤੁਰਨ ਲਈ, ਗ਼ਰੀਬ ਜਨਤਾ ਦੀ ਸੇਵਾ ਕਰਨ ਲਈ ਜਿੰਦ ਭੀ ਤਲੀ ਉਤੇ ਧਰਨੀ ਪੈਂਦੀ ਹੈ। ਆਪਾ ਵਾਰਨ ਤੋਂ ਬਿਨਾ ਸੇਵਾ ਹੋ ਨਹੀਂ ਸਕਦੀ। ਜੋ ਸਿਖ ਆਪਾ ਸਦਕੇ ਕਰਦਾ ਹੈ, ਉਸ ਦਾ ਆਪਣਾ ਜੀਵਨ ਹੀ ਧਰਮ-ਪ੍ਰਚਾਰ ਦਾ ਵਸੀਲਾ ਬਣ ਜਾਂਦਾ ਹੈ। ਸਮੇ ਅਨੁਸਾਰ ਗੁਰੂ ਅਮਰਦਾਸ ਜੀ ਨੇ ਭਾਈ ਮਾਣਕ ਚੰਦ ਨੂੰ ਸਿਖ-ਧਰਮ ਦਾ ਪ੍ਰਚਾਰਕ ਬਣਾ ਦਿੱਤਾ।

---

੧. ਬਾਉਲੀ ਸੰਨ ੧੫੫੯ ਵਿਚ ਬਣੀ ਸੀ। ਕਈ ਅੰਞਾਣ ਲਿਖਾਰੀ ਕਿਸੇ ਖ਼ਾਸ ਅਸਰ ਹੇਠ ਇਹ ਲਿਖ ਗਏ ਹਨ ਕਿ ਜਦੋਂ ਬਾਉਲੀ ਦਾ ਕੜ ਟੁੱਟਾ ਸੀ, ਤਦੋਂ ਹੀ ਸਤਿਗੁਰੂ ਜੀ ਦੇ ਵਾਕ ਅਨੁਸਾਰ ਅਕਬਰ ਨੇ ਚਤੌੜ ਫ਼ਤਹ ਕੀਤਾ ਸੀ। ਇਹ ਉੱਕਾ ਹੀ ਨਿਰਮੂਲ ਹੈ। ਸ਼ਾਹੀ ਫ਼ੌਜ ਨੇ ਚਤੌੜ ਦਾ ਘੇਰਾ ਸਤੰਬਰ ਸੰਨ ੧੫੬੭ ਵਿਚ ਪਾਇਆ ਸੀ, ਅਤੇ ੨੩ ਫ਼ਰਵਰੀ ਸੰਨ ੧੫੬੮ ਨੂੰ ਚਤੌੜ ਸਰ ਹੋਇਆ ਸੀ। ਪਰ ਬਾਉਲੀ ਸੰਨ ੧੫੫੯ ਵਿਚ ਬਣੀ ਸੀ। ਇਹ ਮਿਥ ਲੈਣਾ ਕਿ ਸੰਨ ੧੫੫੯ ਤੋਂ ਲੈ ਕੇ ੧੫੬੮ ਤਕ ੯ ਸਾਲ ਬਾਉਲੀ ਦੀ ਪੁਟਾਈ ਹੀ ਹੁੰਦੀ ਰਹੀ ਸੀ, ਅਤੇ ੯ ਸਾਲਾਂ ਵਿਚ ਮਸਾਂ ਕੜ ਹੀ ਪਾਟਾ ਸੀ, ਇਕ ਭਾਰੀ ਹਾਸੋ-ਹੀਣੀ ਗੱਲ ਹੈ। ਖੂਹ ਅਤੇ ਬਾਉਲੀਆਂ ਲਵਾਣ ਵਾਲੇ ਇਸ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ। ਚਤੌੜ ਦੇ ਕਿਲ੍ਹੇ ਦੇ ਸਰ ਹੋਣ ਦਾ 'ਵਰ' ਮੁਗ਼ਲ ਹਕੂਮਤ ਦੇ ਅਸਰ ਹੇਠ ਕਿਸੇ ਪਾਸੋਂ ਮਸ਼ਹੂਰ ਕਰਾਇਆ ਜਾਪਦਾ ਹੈ, ਤਾਕਿ ਸਿਖ ਮੁਗ਼ਲ ਹਕੂਮਤ ਦੀ ਗ਼ੁਲਾਮੀ ਵਿਚ ਟਿਕੇ ਰਹਿਣ।

ਬਾਉਲੀ ਤਿਆਰ ਹੋਣ ਦਾ ਸਾਰਾ ਕੰਮ ਸਿਰੇ ਚੜ੍ਹ ਗਿਆ। ਵਿਰੋਧੀ ਜਾਤਿ-ਅਭਿਮਾਨੀਆਂ ਦੇ ਟਾਕਰੇ 'ਤੇ ਮਨੁੱਖਤਾ ਦੀ ਜਿੱਤ ਦੀ ਇਹ ਪਹਿਲੀ ਯਾਦਗਾਰ ਸੀ। ਜਿਉਂ ਜਿਉਂ ਦੂਰ ਨੇੜੇ ਖ਼ਬਰਾਂ ਗਈਆਂ, ਸਿੱਖਾਂ ਦੇ ਦਿਲਾਂ ਵਿਚ ਹੁਲਾਰਾ ਆਉਂਦਾ ਗਿਆ। ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਨਾਮ-ਲੇਵਾ ਜਨਤਾ ਦੇ ਅੰਦਰ ਉਤਸ਼ਾਹ ਤੇ ਹੌਸਲਾ ਵਧਾਣ ਲਈ ਸਾਰੀ ਸਿਖ-ਜਨਤਾ ਦਾ ਇਕੱਠ ਕੀਤਾ। ਨਿਯਤ ਦਿਹਾੜੇ 'ਤੇ ਦੂਰੋਂ ਦੂਰੋਂ ਸਿਖ ਨਰ-ਨਾਰ ਆ ਇਕੱਠੇ ਹੋਏ। ਗੁਰੂ ਕੇ ਲੰਗਰ ਵਿਚ ਤਾਂ ਅੱਗੇ ਭੀ ਕੋਈ ਕਮੀ ਨਹੀਂ ਹੋਇਆ ਕਰਦੀ ਸੀ, ਪਰ ਇਸ ਅਦੁੱਤੀ ਮੌਕੇ 'ਤੇ ਹੋਰ ਭੀ ਵਧੀਕ ਉਚੇਚ ਕੀਤੇ ਗਏ। ਸੁੰਦਰ ਭੋਜਨ ਤਿਆਰ ਹੋਏ। ਸਾਰੇ ਨਗਰ-ਵਾਸੀਆਂ ਨੂੰ ਭੀ ਪਿਆਰ ਨਾਲ ਸੱਦਾ ਦਿੱਤਾ ਗਿਆ ਕਿ ਲੰਗਰ ਵਿਚ ਪਰਸ਼ਾਦ ਛਕਣ।

ਗੋਇੰਦਵਾਲ ਵਿਚ ਇਕ ਜੋਗੀ ਤਪਾ ਰਹਿੰਦਾ ਸੀ। ਤਪਾ ਤਾਂ ਉਹ ਨਿਰਾ ਆਖਣ ਨੂੰ ਹੀ ਤਪਾ ਸੀ। ਜੋਗੀਆਂ ਵਾਂਗ ਪਿੰਡੇ ਉਤੇ ਸੁਆਹ ਭੀ ਮਲੀ ਹੋਈ ਸੀ, ਅਤੇ ਧੀਆਂ ਪੁੱਤਰਾਂ ਵਾਲਾ ਭੀ ਸੀ। ਆਗੂ-ਹੀਣ ਅਨਪੜ੍ਹ ਲੋਕਾਂ ਦੀ ਭੇਡਾ-ਚਾਲ ਹੀ ਹੋਇਆ ਕਰਦੀ ਹੈ। ਉਸ ਵੇਹਲੜ ਗ੍ਰਿਹਸਤੀ, ਉਂਜ ਵੇਖਣ ਨੂੰ ਜੋਗੀ ਤਪੇ ਦੀ ਲੋਕ ਵਰ-ਸਰਾਪਾਂ ਦੇ ਲੋਕ-ਡਰ ਕਰਕੇ ਸੇਵਾ ਕਰਿਆ ਕਰਦੇ ਸਨ। ਪਰ ਜਿਉਂ ਜਿਉਂ ਗੁਰੂ ਅਮਰਦਾਸ ਜੀ ਤੋਂ ਲੋਕਾਂ ਨੂੰ ਗੁਰਬਾਣੀ ਦਾ ਚਾਨਣ ਮਿਲਿਆ, ਤੇ ਸਹੀ ਮਨੁੱਖਤਾ ਦੀ ਸੂਝ ਆਉਂਦੀ ਗਈ, ਉਸ ਵੇਹਲੜ ਦੀ ਸੇਵਾ ਘਟਦੀ ਗਈ। ਉਹ ਤਪਾ ਗੁਰੂ ਅਮਰਦਾਸ ਜੀ ਦਾ ਦੋਖੀ ਬਣਦਾ ਗਿਆ। ਗੋਂਦੇ ਤੇ ਉਸ ਦੇ ਹੋਰ ਸਾਥੀਆਂ ਨੂੰ ਸਤਿਗੁਰੂ ਜੀ ਦੇ ਵਿਰੁੱਧ ਖੜੇ ਕਰਨ ਵਿਚ ਭੀ ਬਹੁਤਾ ਹੱਥ ਇਸ ਤਪੇ ਦਾ ਹੀ ਹੁੰਦਾ ਸੀ। ਗੁਰੂ-ਘਰ ਦੀ ਨਿੰਦਿਆ ਕਰਦੇ ਰਹਿਣਾ ਤਪੇ ਦਾ ਨਿੱਤ ਦਾ ਵਿਹਾਰ ਸੀ। ਉਂਜ ਆਪਣੇ ਆਪ ਨੂੰ ਉਹ ਬੜਾ ਤਿਆਗੀ ਜ਼ਾਹਰ ਕਰਿਆ ਕਰਦਾ ਸੀ।

ਜਾਤਿ-ਅਭਿਮਾਨੀਆਂ ਅਤੇ ਤਪੇ ਵਰਗੇ ਤਿਆਗੀ ਅਖਵਾਣ ਵਾਲਿਆਂ ਦਾ ਪਾਜ ਉਘਾੜਨ ਲਈ ਵੀ ਇਹ ਚੰਗਾ ਮੌਕਾ ਬਣ ਗਿਆ। ਇਕ ਤਾਂ ਲੰਗਰ ਵਿਚ ਬਹੁਤ ਸੁੰਦਰ ਸੁਆਦਲੇ ਖਾਣੇ ਤਿਆਰ ਕੀਤੇ ਗਏ, ਦੂਜੇ, ਆਪਣੇ ਮਨ ਨੂੰ ਦੱਛਣਾ ਦੇ ਹੱਕਦਾਰ ਸਮਝਣ ਵਾਲੇ ਉਚ-ਜਾਤੀ ਵਾਲਿਆਂ ਲਈ ਸਤਿਗੁਰੂ ਜੀ ਨੇ ਚੋਖੀ ਨਕਦ ਭੇਟਾ ਦਾ ਭੀ ਪ੍ਰਬੰਧ ਕਰ ਦਿੱਤਾ। ਬ੍ਰਾਹਮਣ ਲੋਕ ਭੀ ਲੰਗਰ

ਵਿਚ ਆ ਸ਼ਾਮਲ ਹੋਏ। ਤਪੇ ਨੇ ਆਪਣਾ ਤਿਆਗ ਵਾਲਾ ਹਠ ਕਾਇਮ ਰੱਖਣ ਦੀ ਕੋਸ਼ਸ਼ ਕੀਤੀ, ਉਚੇਚੇ ਸੱਦੇ ਭੇਜਿਆਂ ਭੀ ਨਾ ਆਇਆ। ਪਰ ਉਸ ਦੇ ਅੰਦਰ ਲੋਭ ਦੀ ਛੁਰੀ ਚੱਲ ਰਹੀ ਸੀ। ਮੋਹਰਾਂ ਦੀ ਦੱਛਣਾ ਕਿਵੇਂ ਛੱਡੇ ? ਆਪ ਤਾਂ ਨਾ ਆਇਆ, ਚੋਰੀ-ਛਿਪੀ ਆਪਣੇ ਪੁੱਤਰਾਂ ਨੂੰ ਭੇਜ ਦਿੱਤੋ ਸੁ। ਨਗਰ ਦੇ ਪੈਂਚਾਂ ਨੇ ਜਦੋਂ ਤਪੇ ਦੀ ਇਹ ਕਰਤੂਤ ਵੇਖੀ, ਤਾਂ ਬੜਾ ਹਾਸਾ ਪਿਆ। ਸਭਨਾਂ ਨੂੰ ਤਪੇ ਦੀ ਅਸਲੀਅਤ ਦੀ ਸਮਝ ਆ ਗਈ। ਸਤਿਗੁਰੂ ਜੀ ਦੇ ਵਿਰੁੱਧ ਖੜੀ ਕੀਤੀ ਹੋਈ ਦੰਦ-ਕਥਾ ਤੇ ਈਰਖਾ ਮੁੱਕ ਗਈ।

## ਅਕਬਰ ਵੱਲੋਂ ਜਾਗੀਰ

ਅਕਬਰ ਨਾ-ਬਾਲਗ਼ ਉਮਰੇ ਤਖ਼ਤ 'ਤੇ ਬੈਠਾ ਸੀ। ਬੈਰਮ ਖ਼ਾਂ ਉਸ ਦਾ ਸਰ-ਪ੍ਰਸਤ ਬਣਿਆ ਸੀ, ਜੋ ਸ਼ਾਹੀ ਘਰਾਣੇ ਨਾਲ ਸਦਾ ਵਫ਼ਾਦਾਰੀ ਕਰਦਾ ਰਿਹਾ। ਸਹਿਜੇ ਸਹਿਜੇ ਇਸ ਦੇ ਵਿਰੁੱਧ ਕੁਝ ਕੁ ਸੁਆਰਥੀਆਂ ਵਲੋਂ ਗੋਂਦਾਂ ਗੁੰਦੀਆਂ ਜਾਣ ਲੱਗ ਪਈਆਂ। ਅਕਬਰ ਦੇ ਮਨ ਵਿਚ ਸ਼ੱਕ ਪੱਕੇ ਕਰ ਦਿੱਤੇ ਗਏ। ਗੱਲ ਇਥੋਂ ਤਕ ਵਧ ਗਈ ਕਿ ਬੈਰਮ ਖ਼ਾਂ ਅਪਰੈਲ ਸੰਨ ੧੫੬੦ ਵਿਚ ਪੰਜਾਬ ਵੱਲ ਭੱਜ ਨਿਕਲਿਆ। ਆਪਣਾ ਟੱਬਰ ਉਹ ਬਠਿੰਡੇ ਦੇ ਕਿਲ੍ਹੇ ਵਿਚ ਛੱਡ ਆਇਆ। ਅਕਬਰ ਨੇ ਪਿੱਛਾ ਕੀਤਾ। ਜਲੰਧਰ ਦੇ ਕੋਲ ਬੈਰਮ ਨੂੰ ਸ਼ਾਹੀ ਫ਼ੌਜ ਤੋਂ ਭਾਂਜ ਹੋਈ। ਬੈਰਮ ਪਹਾੜਾਂ ਵਲ ਭੱਜਿਆ, ਪਰ ਬਿਆਸ ਦੇ ਕੰਢੇ ਫੜਿਆ ਗਿਆ। ਅਕਬਰ ਨੇ ਉਸ ਦੀ ਪਿਛਲੀ ਸੇਵਾ ਸਦਕਾ ਉਸ ਨੂੰ ਮੁਆਫ਼ ਕਰ ਦਿੱਤਾ ਅਤੇ ਆਪ ਲਾਹੌਰ ਆ ਗਿਆ। ਇਥੋਂ ਸੰਨ ੧੫੬੦ ਦੇ ਅਖ਼ੀਰ ਵਿਚ ਦਿੱਲੀ ਵਲ ਰਵਾਨਾ ਹੋਇਆ।

ਗੋਇੰਦਵਾਲ, ਲਾਹੌਰ ਤੋਂ ਦਿੱਲੀ ਜਾਣ ਵਾਲੀ ਸ਼ਾਹੀ ਸੜਕ ਉਤੇ ਸੀ। ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ। ਇਹ ਪਹਿਲਾ ਮੌਕਾ ਸੀ। ਜਿਸ ਲੰਗਰ ਦੇ ਵਿਰੁੱਧ ਉਸ ਨੇ ਦੋਖੀਆਂ ਪਾਸੋਂ ਕਈ ਸ਼ਿਕਾਇਤਾਂ ਸੁਣੀਆਂ ਹੋਈਆਂ ਸਨ, ਉਥੇ ਆਪ ਜਾ ਕੇ ਪਰਸ਼ਾਦ ਛਕਿਆ। ਸਭ ਲੋਕਾਂ ਨਾਲ ਇਕੋ ਜਿਹਾ ਪਿਆਰ-ਭਰਿਆ ਸਲੂਕ ਆਪਣੀ ਅੱਖੀਂ ਵੇਖ ਕੇ ਅਕਬਰ ਬਹੁਤ ਖ਼ੁਸ਼ ਹੋਇਆ। ਗੁਰੂ ਕਾ ਲੰਗਰ ਸੇਵਕ ਸਿੱਖਾਂ ਦੀ ਭੇਟਾ ਨਾਲ ਹੀ ਚੱਲ ਰਿਹਾ ਸੀ। ਅਕਬਰ ਨੇ ਲੰਗਰ ਦੇ ਖ਼ਰਚ ਪੂਰੇ ਕਰਨ ਲਈ ਜਾਗੀਰ ਦੇਣੀ ਚਾਹੀ, ਪਰ ਗੁਰੂ ਅਮਰਦਾਸ ਜੀ ਨੇ ਆਦਰ-ਭਰੇ ਲਫ਼ਜ਼ਾਂ ਨਾਲ ਅਕਬਰ ਦੀ ਇਹ ਇੱਛਾ ਪੂਰੀ ਕਰਨ ਤੋਂ ਨਾਂਹ ਕਰ ਦਿੱਤੀ, ਅੰਤੇ ਆਖਿਆ ਕਿ ਗੁਰੂ

ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉੱਦਮ ਨਾਲ ਹੀ ਚੱਲਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਚੰਗਾ ਮੌਕਾ ਜਾਣ ਕੇ ਅਕਬਰ ਨੂੰ ਮੁੜ ਚੇਤਾ ਕਰਾ ਦਿੱਤਾ ਕਿ ਬਾਦਸ਼ਾਹ ਦਾ ਫ਼ਰਜ਼ ਹੈ ਸਾਰੀ ਪਰਜਾ ਨਾਲ ਹੀ ਇਕੋ ਜਿਹਾ ਸਲੂਕ ਕਰੇ। ਹਿੰਦੂ ਜਨਤਾ ਉਤੇ ਤੀਰਥਾਂ ਤੇ ਜਾਣ ਦਾ ਉਚੇਚਾ ਮਸੂਲ ਨਹੀਂ ਹੋਣਾ ਚਾਹੀਦਾ।

ਜਦੋਂ ਸਤਿਗੁਰੂ ਜੀ ਨੇ ਲੰਗਰ ਵਾਸਤੇ ਜਾਗੀਰ ਲੈਣੋਂ ਇਨਕਾਰ ਕੀਤਾ, ਤਾਂ ਅਕਬਰ ਨੇ ਝਬਾਲ ਪਰਗਣੇ ਦੀ ਜਾਗੀਰ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਦੇ ਨਾਮ ਕਰ ਦਿੱਤੀ।

ਸੰਨ ੧੫੬੩ ਵਿਚ ਅਕਬਰ ਮਥਰਾ ਵਲ ਗਿਆ। ਹਿੰਦੂ-ਪੁਰਬ ਦਾ ਮੌਕਾ ਸੀ। ਯਾਤਰੂਆਂ ਪਾਸੋਂ ਮਸੂਲ ਵਸੂਲ ਹੋ ਰਿਹਾ ਸੀ। ਅਕਬਰ ਨੂੰ ਗੁਰੂ ਅਮਰਦਾਸ ਜੀ ਦੀ ਕੀਤੀ ਪ੍ਰੇਰਨਾ ਦਾ ਚੇਤਾ ਆ ਗਿਆ, ਅਤੇ ਉਸ ਨੇ ਉਥੇ ਹੀ ਹੁਕਮ ਜਾਰੀ ਕਰ ਦਿੱਤੇ ਕਿ ਅਗਾਂਹ ਨੂੰ ਇਹ ਮਸੂਲ ਬੰਦ ਕਰ ਦਿੱਤਾ ਜਾਏ।

# ਚੌਥਾ ਕਾਂਡ

## ੨੨ ਮੰਜੀਆਂ

ਗੁਰੂ ਨਾਨਕ ਦੇਵ ਜੀ ਨੇ ਪਹਿਲੀ 'ਉਦਾਸੀ' ਵਿਚ ਹਿੰਦੂ-ਪੁਰਬਾਂ ਸਮੇ ਭਾਰਤ ਦੇ ਸਾਰੇ ਹਿੰਦੂ-ਤੀਰਥ ਵੇਖੇ, ਅਤੇ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਾਇਮ ਰੱਖਣ ਲਈ ਕਈ ਥਾਈਂ ਕੇਂਦਰ ਬਣਾਏ। ਯੋਗ ਬੰਦਿਆਂ ਨੂੰ ਪ੍ਰਚਾਰਕ ਥਾਪਿਆ। ਪ੍ਰਚਾਰਕ ਨੇ ਬੋਲਣ ਸਮੇ ਆਪਣੇ ਸਾਹਮਣੇ ਬੈਠੇ ਸਭ ਸੱਜਣਾਂ ਵਲ ਨਿਗਾਹ ਮਾਰਨੀ ਹੁੰਦੀ ਹੈ, ਇਸ ਵਾਸਤੇ ਉਸ ਨੇ ਬਾਕੀ ਸਭ ਸਥਾਨਾਂ ਨਾਲੋਂ ਉੱਚੇ ਥਾਂ ਉਤੇ ਬੈਠਣਾ ਹੁੰਦਾ ਹੈ। ਇਸ ਕੰਮ ਲਈ ਆਮ ਤੌਰ ਤੇ ਮੰਜੀ ਹੀ ਵਰਤੀ ਜਾਂਦੀ ਸੀ, ਜਿਸ ਉਤੇ ਬੈਠ ਕੇ ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਗੱਲਾਂ ਸੁਣਾਂਦਾ ਸੀ। ਹਰੇਕ ਸਿਖ ਆਪਣੇ ਆਪ ਪ੍ਰਚਾਰਕ ਨਹੀਂ ਸੀ ਬਣ ਜਾਂਦਾ। ਇਹ ਕੰਮ ਉਹੀ ਕਰਦਾ ਸੀ, ਜਿਸ ਨੂੰ ਸਤਿਗੁਰੂ ਵਲੋਂ ਪ੍ਰਵਾਨਗੀ ਮਿਲੇ। ਸਿੱਖਾਂ ਵਿਚ ਇਹ ਪਦਵੀ ਬੜੇ ਸਤਿਕਾਰ ਤੇ ਇਤਬਾਰ ਦੀ ਪਦਵੀ ਸੀ। ਜਿਸ ਨੂੰ ਪ੍ਰਚਾਰਕ ਬਣਾਇਆ ਜਾਂਦਾ ਸੀ, ਸਿਖ ਸਾਧਾਰਨ ਬੋਲੀ ਵਿਚ ਆਖਦੇ ਸਨ ਕਿ ਉਸ ਸਿਖ ਨੂੰ ਸਤਿਗੁਰੂ ਨੇ 'ਮੰਜੀ' ਬਖ਼ਸ਼ੀ ਹੈ। ਗੁਰੂ ਨਾਨਕ ਦੇਵ ਜੀ ਪਹਿਲੀ 'ਉਦਾਸੀ' ਸਮੇ ਲੋੜ ਅਨੁਸਾਰ ਯੋਗ ਸਿੱਖਾਂ ਨੂੰ ਕਈਂ ਥਾਈਂ 'ਮੰਜੀ' ਬਖ਼ਸ਼ਦੇ ਗਏ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀ ਆਗਿਆ ਅਨੁਸਾਰ ਆਪਣਾ ਸਾਰਾ ਸਮਾ ਰਾਵੀ ਬਿਆਸ ਦੇ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਹੀ ਪ੍ਰਚਾਰ ਕਰਨ ਲਈ ਖ਼ਰਚ ਕੀਤਾ।

ਸਹਿਜੇ ਸਹਿਜੇ ਸਿੱਖ ਜਨਤਾ ਦੀ ਗਿਣਤੀ ਵਧਦੀ ਗਈ। ਜਾਤਿ-ਅਭਿਮਾਨੀਆਂ ਦੀ ਵਿਰੋਧਤਾ ਅਤੇ ਉਸ ਦੇ ਨਤੀਜੇ ਦੇ ਤੌਰ 'ਤੇ ਬਾਉਲੀ ਦੇ ਬਣਨ ਨੇ ਸਿੱਖਾਂ ਵਿਚ ਬੜੀ ਜਾਗਰਤ ਲੈ ਆਂਦੀ। ਇਸ ਗੱਲ ਦੀ ਬੜੀ ਲੋੜ ਪੈ ਗਈ ਕਿ ਸਿਖ-ਧਰਮ ਦੇ ਪ੍ਰਚਾਰ ਨੂੰ ਪੱਕੇ ਪੈਰਾਂ ਉਤੇ ਖੜਾ ਕੀਤਾ ਜਾਏ। ਗੁਰੂ ਅਮਰਦਾਸ ਜੀ ਨੇ ਸਾਰੀ ਸਿਖ-ਵੱਸੋਂ ਦੇ ਇਲਾਕਿਆਂ ਨੂੰ ੨੨ ਹਿੱਸਿਆਂ



 www.sikhbookclub.com

ਵਿਚ ਵੰਡਿਆ ਅਤੇ ਇਸ ਤਰ੍ਹਾਂ ੨੨ ਮੰਜੀਆਂ ਥਾਪੀਆਂ, ੨੨ ਸਿਆਣੇ ਪ੍ਰਚਾਰਕ ਨੀਅਤ ਕੀਤੇ, ਜਿਨ੍ਹਾਂ ਵਿਚੋਂ ਪੰਡਿਤ ਮਾਈ ਦਾਸ, ਭਾਈ ਮਾਣਕ ਚੰਦ ਤੇ ਮਥੋ ਮੁਰਾਰੀ ਦੇ ਨਾਮ ਸਿਖ-ਇਤਿਹਾਸ ਵਿਚ ਉੱਘੇ ਹਨ।

ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :

| | | |
|---|---|---|
| ੧. | ਅੱਲਾਯਾਰ | ਪਠਾਣ ਸੌਦਾਗਰ |
| ੨. | ਸੱਚਨ ਸੱਚ | ਪਿੰਡ ਮੰਦਰ ਤਸੀਲ ਸ਼ਕਰਪੁਰ |
| ੩. | ਸਾਧਾਰਨ | ਗੋਇੰਦਵਾਲ |
| ੪. | ਸਾਵਣ ਮਲ | ਗੋਇੰਦਵਾਲ |
| ੫. | ਸੁੱਖਣ | ਧਮਿਆਲ |
| ੬. | ਹੰਦਾਲ | ਜੰਡਿਆਲਾ |
| ੭. | ਕੇਦਾਰੀ | ਬਟਾਲਾ |
| ੮. | ਖੇੜਾ | ਖੇਮਕਰਨ |
| ੯. | ਗੰਗੂਸ਼ਾਹ | ਗੜ੍ਹ ਸ਼ੰਕਰ |
| ੧੦. | ਦਰਬਾਰੀ | ਮਜੀਠਾ |
| ੧੧. | ਪਾਰੋ | ਡੱਲਾ |
| ੧੨. | ਫੇਰਾ | ਮੀਰਪੁਰ |
| ੧੩. | ਬੂਆ | ਹਰਿ ਗੋਬਿੰਦਪੁਰ ਇਸਦੀ ਸੰਤਾਨ |
| ੧੪. | ਬੇਣੀ | ਚੂਹਨੀਆਂ |
| ੧੫. | ਮਹੇਸ਼ਾ | ਸੁਲਤਾਨਪੁਰ |
| ੧੬. | ਮਾਈਦਾਸ | ਨਰੋਲੀ (ਮਾਝਾ) |
| ੧੭. | ਮਾਣਕ ਚੰਦ | ਵੈਰੋਵਾਲ |
| ੧੮. | ਮੁਰਾਰੀ | ਖਾਈ (ਲਾਹੌਰ) |
| ੧੯. | ਰਾਜਾ ਰਾਮ | ਸੰਧਮਾ (ਜਲੰਧਰ) ਇਸ ਦੀ ਸੰਤਾਨ |
| ੨੦. | ਰੰਗ ਸ਼ਾਹ | ਮੱਲ੍ਹ ਪੋਤਾ (ਜਲੰਧਰ) |
| ੨੧. | ਰੰਗ ਦਾਸ | ਘੜੂਆਂ (ਅੰਬਾਲਾ) |
| ੨੨. | ਲਾਲੋ | ਡੱਲਾ |


www.sikhbookclub.com

(੧) ਅੱਲਾਯਾਰ—ਇਸ ਨੂੰ ਅੱਲਾ ਸ਼ਾਹ ਭੀ ਆਖਦੇ ਸਨ। ਇਹ ਇਕ ਪਠਾਣ ਸੀ, ਜੋ ਦਿੱਲੀ ਅਤੇ ਲਾਹੌਰ ਘੋੜਿਆਂ ਦਾ ਵਪਾਰ ਕਰਦਾ ਸੀ। ਇਕ ਵਾਰੀ ਦਿੱਲੀ ਤੋਂ ਆਉਂਦੇ ਨੂੰ ਬਿਆਸ ਦੇ ਕੰਢੇ ਡੱਲਾ ਨਿਵਾਸੀ ਭਾਈ ਪਾਰੋ ਜੀ ਮਿਲ ਪਏ, ਜਿਸ ਤੋਂ ਇਸ ਦੇ ਦਿਲ ਵਿਚ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦੀ ਤਾਂਘ ਪੈਦਾ ਹੋਈ। ਸਤਿਗੁਰੂ ਜੀ ਦੇ ਪਾਸ ਗੋਇੰਦਵਾਲ ਪਹੁੰਚ ਕੇ ਅੱਲਾਯਾਰ ਨੇ ਸਿੱਖੀ ਧਾਰਨ ਕੀਤੀ। ਇਸ ਦਾ ਜੀਵਨ ਇਤਨਾ ਉੱਚਾ ਬਣਿਆ ਕਿ ਇਹ ਗੁਰਮੁਖ ਸਿੱਖਾਂ ਵਿਚ ਗਿਣਿਆ ਗਿਆ। ਗੁਰੂ ਅਮਰਦਾਸ ਜੀ ਨੇ ਇਸ ਨੂੰ ਧਰਮ-ਪ੍ਰਚਾਰ ਦੀ ਸੇਵਾ ਸੌਂਪੀ।

(੨) ਸੱਚਨ ਸੱਚ—ਇਹ ਜ਼ਿਲਾ ਲਾਹੌਰ ਦੀ ਤਸੀਲ ਸ਼ਕਰਪੁਰ ਦੇ ਪਿੰਡ ਮੰਦਰ ਦੇ ਰਹਿਣ ਵਾਲਾ ਇਕ ਬ੍ਰਾਹਮਣ ਸੀ। ਗੁਰੂ ਅਮਰਦਾਸ ਜੀ ਦਾ ਇਹ ਸਿਖ ਬਣਿਆ। ਲਫ਼ਜ਼ 'ਸੱਚਨ ਸੱਚ' ਹਰ ਵੇਲੇ ਆਖਣ ਦੀ ਇਸ ਨੂੰ ਆਦਤ ਪੈ ਗਈ, ਇਸ ਵਾਸਤੇ ਇਸ ਦਾ ਨਾਮ ਹੀ 'ਸੱਚਨ ਸੱਚ' ਪ੍ਰਸਿੱਧ ਹੋ ਗਿਆ। ਜਦੋਂ ਭਾਈ ਸਾਵਣ ਮਲ ਦੇ ਨਾਲ ਆਏ ਹਰੀਪੁਰ-ਕਾਂਗੜੇ ਦੇ ਰਾਜੇ ਦੀ ਇਕ ਰਾਣੀ ਪਾਗ਼ਲ ਹੋ ਗਈ ਸੀ ਤੇ ਰਾਜਾ ਉਸ ਨੂੰ ਗੋਇੰਦਵਾਲ ਹੀ ਛਡ ਗਿਆ ਸੀ, ਤਾਂ ਗੁਰੂ ਅਮਰਦਾਸ ਜੀ ਨੇ ਉਸ ਨੂੰ ਅਰੋਗ ਕਰ ਕੇ ਉਸ ਦੀ ਸ਼ਾਦੀ ਸੱਚਨ ਸੱਚ ਨਾਲ ਕਰ ਦਿੱਤੀ ਸੀ। ਇਹ ਜੋੜਾ ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸਤਿਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਮੰਜੀ ਬਖ਼ਸ਼ੀ ਸੀ।

(੩) ਸਾਧਾਰਨ—ਇਹ ਗੋਇੰਦਵਾਲ ਦਾ ਰਹਿਣ ਵਾਲਾ ਇਕ ਲੋਹਾਰ ਸੀ। ਗੁਰੂ ਅਮਰਦਾਸ ਜੀ ਦਾ ਸਿਖ ਬਣਿਆ ਸੀ। ਇਸ ਦੀ ਸੇਵਾ ਤੇ ਭਗਤੀ-ਭਾਵ ਉਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਦਿੱਤਾ ਸੀ।

(੪) ਸਾਵਣ ਮਲ—ਇਹ ਗੁਰੂ ਅਮਰਦਾਸ ਜੀ ਦਾ ਭਤੀਜਾ ਸੀ। ਜਦੋਂ ਗੋਇੰਦਵਾਲ ਵਿਚ ਗੁਰਦੁਆਰਾ ਅਤੇ ਸੰਗਤਾਂ ਲਈ ਮਕਾਨ ਬਣਾਣ ਦੀ ਲੋੜ ਪਈ, ਤਾਂ ਗੁਰੂ ਅਮਰਦਾਸ ਜੀ ਨੇ ਇਸ ਨੂੰ ਪਹਾੜੀ ਲੱਕੜ ਲਿਆਉਣ ਵਾਸਤੇ ਹਰੀਪੁਰ ਵਲ ਭੇਜਿਆ। ਸਾਵਣ ਮਲ ਉਸ ਇਲਾਕੇ ਵਿਚ ਸਿਖ ਧਰਮ ਦਾ ਪ੍ਰਚਾਰ ਭੀ ਕਰਦਾ ਰਿਹਾ। ਇਸ ਦੇ ਵਸੀਲੇ ਹੀ ਹਰੀਪੁਰ ਦਾ ਰਾਜਾ ਗੁਰੂ ਅਮਰਦਾਸ ਜੀ ਪਾਸ ਹਾਜ਼ਰ ਹੋ ਕੇ ਪਰਵਾਰ ਸਮੇਤ ਸਿੱਖ ਬਣਿਆ ਸੀ। ਸਤਿਗੁਰੂ ਜੀ ਨੇ ਭਾਈ ਸਾਵਣ ਮਲ ਨੂੰ ਮੰਜੀ ਬਖ਼ਸ਼ੀ।

(੫) ਸੁੱਖਣ—ਇਹ ਜ਼ਿਲਾ ਰਾਵਲਪਿੰਡੀ ਦੇ ਨਗਰ ਧਮਿਆਣ ਦਾ ਰਹਿਣ

ਵਾਲਾ ਸੀ, ਜਾਤਿ ਦਾ ਖੱਤ੍ਰੀ। ਪਹਿਲਾਂ ਇਹ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਆ ਕੇ ਇਹ ਸਿਖ ਬਣਿਆ। ਇਸ ਦਾ ਜੀਵਨ ਇਤਨਾ ਉੱਚਾ ਬਣਿਆ ਕਿ ਸਤਿਗੁਰੂ ਜੀ ਨੇ ਇਸ ਨੂੰ ਪੋਠੋਹਾਰ ਵਿਚ ਧਰਮ-ਪ੍ਰਚਾਰ ਕਰਨ ਲਈ ਪ੍ਰਚਾਰਕ ਦੀ ਗੱਦੀ ਬਖ਼ਸ਼ੀ।

(੬) ਹੰਦਾਲ—ਇਹ ਜ਼ਿਲਾ ਅੰਮ੍ਰਿਤਸਰ ਦੇ ਨਗਰ ਜੰਡਿਆਲੇ ਦਾ ਵਸਨੀਕ ਸੀ, ਜਾਤਿ ਦਾ ਜੱਟ। ਭਾਈ ਹੰਦਾਲ ਗੁਰੂ ਅਮਰਦਾਸ ਜੀ ਦਾ ਅਨੰਨ ਸਿਖ ਹੋਇਆ। ਗੁਰੂ ਕੇ ਲੰਗਰ ਦੀ ਸੇਵਾ ਬੜੇ ਪ੍ਰੇਮ ਨਾਲ ਕਰਿਆ ਕਰਦਾ ਸੀ। ਸਤਿਗੁਰੂ ਜੀ ਨੇ ਇਸ ਨੂੰ ਮੰਜੀ ਬਖ਼ਸ਼ੀ। ਇਸ ਦੇ ਨਗਰ ਦਾ ਨਾਮ ਗੁਰੂ ਕਾ ਜੰਡਿਆਲਾ ਪ੍ਰਸਿੱਧ ਹੋਇਆ। ਹਰ ਵੇਲੇ 'ਨਿਰੰਜਨ ਨਿਰੰਜਨ' ਮੂੰਹੋਂ ਆਖਣ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਮ ਨਿਰੰਜਨੀਏ ਪੈ ਗਿਆ।

ਭਾਈ ਹੰਦਾਲ ਦਾ ਪੁੱਤਰ ਬਿਧੀ ਚੰਦ ਕੁਰਾਹੇ ਪੈ ਗਿਆ। ਉਸ ਨੇ ਭਾਈ ਬਾਲੇ ਦੇ ਨਾਮ ਉਤੇ ਗੁਰੂ ਨਾਨਕ ਦੇਵ ਜੀ ਦੀ ਇਕ ਜਨਮ ਸਾਖੀ ਲਿਖੀ, ਜਿਸ ਵਿਚ ਬਹੁਤ ਸਾਰੀਆਂ ਮਨ-ਮੰਨੀਆਂ ਗੱਲਾਂ ਦਰਜ ਕਰ ਦਿੱਤੀਆਂ।

(੭) ਕੇਦਾਰੀ—ਭਾਈ ਕੇਦਾਰੀ ਬਟਾਲੇ (ਜ਼ਿਲਾ ਗੁਰਦਾਸਪੁਰ) ਦਾ ਰਹਿਣ ਵਾਲਾ ਸੀ, ਜਾਤਿ ਦਾ ਲੂੰਬ੍ਹਾ ਖੱਤ੍ਰੀ ਸੀ। ਸਤਿਗੁਰੂ ਜੀ ਦਾ ਸਿਖ ਬਣ ਕੇ ਇਹ ਬੜੀ ਕਰਣੀ ਵਾਲਾ ਪ੍ਰਸਿੱਧ ਹੋਇਆ। ਗੁਰੂ ਅਮਰਦਾਸ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖ਼ਸ਼ੀ।

(੮) ਖੇਡਾ—ਇਹ ਜ਼ਿਲਾ ਲਾਹੌਰ ਦੇ ਨਗਰ ਖੇਮਕਰਨ ਦਾ ਵਸਨੀਕ ਸੀ, ਜਾਤਿ ਦਾ ਬ੍ਰਾਹਮਣ। ਪਹਿਲਾਂ ਇਹ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਦਾ ਸਿਖ ਬਣ ਕੇ ਭਾਈ ਖੇਡਾ ਪਰਮਾਤਮਾ ਦਾ ਅਨੰਨ ਭਗਤ ਪ੍ਰਸਿੱਧ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਸਿਖ ਧਰਮ ਦਾ ਪ੍ਰਚਾਰਕ ਥਾਪਿਆ।

(੯) ਗੰਗੂਸ਼ਾਹ—ਇਹ ਗੜ੍ਹ ਸ਼ੰਕਰ ਦਾ ਰਹਿਣ ਵਾਲਾ ਸੀ, ਜਾਤਿ ਦਾ ਬੱਸੀ ਖੱਤ੍ਰੀ। ਗੁਰੂ ਅਮਰਦਾਸ ਜੀ ਦਾ ਸਿਖ ਬਣ ਕੇ ਇਤਨੇ ਉੱਚੇ ਜੀਵਨ ਵਾਲਾ ਬਣਿਆ ਕਿ ਸਤਿਗੁਰੂ ਜੀ ਨੇ ਇਸ ਨੂੰ ਰਿਆਸਤ ਸਰਮੌਰ ਦੇ ਇਲਾਕੇ ਦਾ ਪ੍ਰਚਾਰਕ ਬਣਾ ਭੇਜਿਆ। ਭਾਈ ਗੰਗੂਸ਼ਾਹ ਦਾ ਪ੍ਰਸਿੱਧ ਅਸਥਾਨ 'ਦਾਉਂ' (ਜ਼ਿਲਾ ਅੰਬਾਲਾ) ਵਿਚ ਹੈ। ਇਸ ਦੀ ਸੰਪ੍ਰਦਾਇ ਦੇ ਲੋਕ ਆਪਣੇ ਆਪ ਨੂੰ ਗੰਗੂਸ਼ਾਹੀ ਸਦਾਂਦੇ ਹਨ। ਗੰਗੂਸ਼ਾਹ ਦਾ ਪੜੋਤਾ ਭਾਈ ਜਵਾਹਰ ਸਿੰਘ ਬੜਾ ਕਰਣੀ ਵਾਲਾ ਹੋਇਆ ਹੈ, ਇਸ ਦਾ ਦੇਹੁਰਾ ਖਟਕੜ ਕਲਾਂ (ਜ਼ਿਲਾ ਜਲੰਧਰ) ਵਿਚ ਹੈ।

(੧੦) ਦਰਬਾਰੀ—ਜਾਤਿ ਦਾ ਲੂੰਬਾ ਖੱਤ੍ਰੀ ਭਾਈ ਦਰਬਾਰੀ ਨਗਰ ਮਜੀਠੇ (ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ।

(੧੧) ਪਾਰੋ—ਜਾਤਿ ਦਾ ਜੁਲਕਾ ਖੱਤ੍ਰੀ ਭਾਈ ਪਾਰੋ ਡੱਲੇ ਦਾ ਰਹਿਣ ਵਾਲਾ ਸੀ। ਇਹ ਗੁਰੂ ਅੰਗਦ ਦੇਵ ਜੀ ਦਾ ਸਿਖ ਬਣਿਆ ਸੀ। ਗੁਰੂ ਅਮਰਦਾਸ ਜੀ ਦੀ ਸੇਵਾ ਕਰ ਕੇ ਇਸ ਨੇ 'ਪਰਮਹੰਸ' ਦੀ ਪਦਵੀ ਹਾਸਲ ਕੀਤੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖ਼ਸ਼ੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਭਾਈ ਨਾਰਾਇਣ ਦਾਸ ਇਸੇ ਦੀ ਕੁਲ ਵਿਚੋਂ ਸੀ।

(੧੨) ਫੇਰਾ—ਇਹ ਮੀਰਪੁਰ (ਇਲਾਕਾ ਜੰਮੂ) ਦਾ ਵਸਨੀਕ ਸੀ, ਜਾਤਿ ਦਾ ਕਟਾਰਾ ਖੱਤ੍ਰੀ। ਭਾਈ ਫੇਰਾ ਪਹਿਲਾਂ ਜੋਗੀਆਂ ਦਾ ਚੇਲਾ ਸੀ। ਫਿਰ ਗੁਰੂ ਅਮਰਦਾਸ ਜੀ ਦਾ ਸਿਖ ਬਣ ਕੇ ਆਤਮ-ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਮੰਜੀ ਬਖ਼ਸ਼ੀ। ਪਹਾੜੀ ਇਲਾਕੇ ਵਿਚ ਇਸ ਨੇ ਬਹੁਤ ਪ੍ਰਚਾਰ ਕੀਤਾ।

(੧੩) ਬੂਆ—ਇਹ ਤੇਹਣ ਜਾਤਿ ਦਾ ਖੱਤ੍ਰੀ ਸੀ। ਗੁਰੂ ਅਮਰਦਾਸ ਜੀ ਦਾ ਸਿਖ ਬਣ ਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ ਸੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪਿਆ। ਇਸ ਦੀ ਸੰਤਾਨ ਹਰਿਗੋਬਿੰਦਪੁਰ ਵਿਚ ਵੱਸਦੀ ਹੈ।

(੧੪) ਬੇਣੀ—ਚੂਹਨੀਆਂ (ਜ਼ਿਲਾ ਲਾਹੌਰ) ਦਾ ਵਸਨੀਕ ਪੰਡਿਤ ਬੇਣੀ ਬੜਾ ਵਿਦਵਾਨ ਸੀ। ਸ਼ਾਸਤ੍ਰਾਰਥ ਕਰ ਕੇ ਜਿੱਤਾਂ ਜਿੱਤਦਾ ਪੰਡਿਤ ਬੇਣੀ ਜਦੋਂ ਗੋਇੰਦਵਾਲ ਆਇਆ, ਤਾਂ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰ ਕੇ ਇਸ ਨੇ ਵਿੱਦਿਆ-ਅਭਿਮਾਨ ਛੱਡ ਦਿੱਤਾ, ਅਤੇ ਸਤਿਗੁਰੂ ਜੀ ਦਾ ਸਿਖ ਬਣਿਆ। ਸਤਿਗੁਰੂ ਜੀ ਨੇ ਇਸ ਨੂੰ ਸਿਖ ਧਰਮ ਦੇ ਪ੍ਰਚਾਰ ਦਾ ਕੰਮ ਸੌਂਪਿਆ। ਇਸ ਦਾ ਨਾਮ ਕਈਆਂ ਨੇ ਬੇਣੀ ਮਾਧੋ ਭੀ ਲਿਖਿਆ ਹੈ। ਪੰਡਿਤ ਹਰਦਿਆਲ ਕਵੀ ਇਸੇ ਦੀ ਕੁਲ ਵਿਚੋਂ ਸੀ, ਜਿਸ ਨੇ ਸਾਰੁਕਤਾਵਲੀ ਅਤੇ ਵੈਰਾਗ ਸ਼ਤਕ ਦਾ ਸੁੰਦਰ ਉਲਥਾ ਕੀਤਾ।

(੧੫) ਮਹੇਸ਼ਾ—ਸੁਲਤਾਨਪੁਰ ਦਾ ਰਹਿਣ ਵਾਲਾ, ਧੀਰ ਜਾਤਿ ਦਾ ਖੱਤ੍ਰੀ।

(੧੬) ਮਾਈਦਾਸ — ਮਾਝੇ ਦੇ ਨਰੋਲੀ ਪਿੰਡ ਦਾ ਵਸਨੀਕ ਸੀ। ਪੰਡਿਤ ਮਾਈਦਾਸ ਪਹਿਲਾਂ ਵੈਸ਼ਨਵ ਮਤ-ਧਾਰੀ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਆਇਆ। ਭਾਈ ਮਾਣਕ ਚੰਦ ਦੀ ਸੰਗਤ ਵਿਚ ਆਤਮ-ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪਿਆ। ਮਾਝੇ ਦੇ ਇਲਾਕੇ ਵਿਚ ਇਸ

ਨੇ ਬਹੁਤ ਪ੍ਰਚਾਰ ਕੀਤਾ ਸੀ।

(੧੭) ਮਾਣਕ ਚੰਦ—ਵੈਰੋਵਾਲ (ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ ਪਥਰੀਆ ਖੱਤ੍ਰੀ। ਇਸ ਨੇ ਗੋਇੰਦਵਾਲ ਦੀ ਬਾਉਲੀ ਦਾ ਕੜ ਤੋੜਿਆ ਸੀ ਅਤੇ ਡੁੱਬ ਗਿਆ ਸੀ। ਗੁਰੂ ਅਮਰਦਾਸ ਜੀ ਨੇ ਇਸ ਨੂੰ ਜੀਵਨ ਬਖ਼ਸ਼ਿਆ ਅਤੇ ਇਸ ਦਾ ਨਾਮੈ 'ਮਰ-ਜੀਵੜਾ' ਰੱਖਿਆ। ਇਸ ਦੀ ਸੰਤਾਨ ਹੁਣ ਵੈਰੋਵਾਲ ਵਿਚ 'ਮਰਜੀਵੜੇ' ਨਾਮ ਨਾਲ ਪ੍ਰਸਿੱਧ ਹੈ। ਭਾਈ ਮਾਣਕ ਚੰਦ ਦੀ ਸੰਗਤ ਵਿਚ ਹੀ ਪੰਡਿਤ ਮਾਈਦਾਸ ਬੈਰਾਗੀ ਗੁਰਸਿੱਖੀ ਦਾ ਅਧਿਕਾਰੀ ਹੋਇਆ ਸੀ।

(੧੮) ਮੁਰਾਰੀ—ਜ਼ਿਲਾ ਲਾਹੌਰ ਦੇ ਪਿੰਡ ਖਾਈ ਦਾ ਰਹਿਣ ਵਾਲਾ ਪ੍ਰੇਮਾ ਖੱਤ੍ਰੀ। ਇਸ ਨੂੰ ਕੋੜ੍ਹ ਹੋ ਗਿਆ ਸੀ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਇਹ ਅਰੋਗ ਹੋਇਆ। ਸਤਿਗੁਰੂ ਜੀ ਨੇ ਇਸ ਦਾ ਨਾਮ 'ਮੁਰਾਰੀ' ਰੱਖ ਦਿੱਤਾ, ਉੱਪਲ ਜਾਤਿ ਦੇ ਖੱਤ੍ਰੀ ਭਾਈ ਸ਼ੀਂਹੇ ਨੇ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੀ ਲੜਕੀ ਮੱਥੋ ਦਾ ਵਿਆਹ ਮੁਰਾਰੀ ਨਾਲ ਕਰ ਦਿੱਤਾ। ਇਸ ਸੁਭਾਗ ਜੋੜੀ ਨੇ ਗੁਰਮਤਿ ਦਾ ਬੜਾ ਪ੍ਰਚਾਰ ਕੀਤਾ। ਦੋਹਾਂ ਦਾ ਮਿਲਵਾਂ ਨਾਮ 'ਮੱਥੋ ਮੁਰਾਰੀ' ਸਿਖ ਇਤਿਹਾਸ ਵਿਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ ਮੱਥੋ-ਮੁਰਾਰੀ ਨੂੰ ਪ੍ਰਚਾਰਕ ਦੀ ਮੰਜੀ ਬਖ਼ਸ਼ੀ।

(੧੯) ਰਾਜਾ ਰਾਮ—ਇਹ ਇਕ ਸਾਰਸੂਤ ਬ੍ਰਾਹਮਣ ਸੀ, ਜਿਸ ਨੇ ਗੁਰੂ ਅਮਰਦਾਸ ਜੀ ਦਾ ਸਿਖ ਬਣ ਕੇ ਜਾਤਿ-ਅਭਿਮਾਨੀ ਤੋਂ ਖ਼ਲਾਸੀ ਹਾਸਲ ਕੀਤੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖ਼ਸ਼ੀ। ਭਾਈ ਰਾਜਾ ਰਾਮ ਦੀ ਸੰਤਾਨ ਹੁਣ ਪਿੰਡ ਸੰਧਮਾ (ਜ਼ਿਲਾ ਜਲੰਧਰ) ਵਿਚ ਵੱਸਦੀ ਹੈ।

(੨੦) ਰੰਗ ਸ਼ਾਹ—ਜ਼ਿਲਾ ਜਲੰਧਰ ਦੇ ਪਿੰਡ ਮੱਲੂਪੋਤੇ ਦਾ ਇਕ ਅਰੋੜਾ ਸੀ। ਗੁਰੂ ਅਮਰਦਾਸ ਜੀ ਦਾ ਸਿਖ ਬਣ ਕੇ ਇਸ ਨੇ ਆਪਣੀ ਉਮਰ ਧਰਮ-ਪ੍ਰਚਾਰ ਵਿਚ ਖ਼ਰਚ ਕੀਤੀ। ਸਤਿਗੁਰੂ ਜੀ ਨੇ ਇਸ ਨੂੰ ਮੰਜੀ ਬਖ਼ਸ਼ੀ। ਭਾਈ ਰੰਗ ਸ਼ਾਹ ਨੇ ਦੁਆਬੇ ਵਿਚ ਪ੍ਰਚਾਰ ਕੀਤਾ। ਇਸ ਦੀ ਸੰਤਾਨ ਬੰਗਿਆਂ ਵਿਚ ਵੱਸਦੀ ਹੈ।

(੨੧) ਰੰਗ ਦਾਸ—ਜ਼ਿਲਾ ਅੰਬਾਲਾ ਦੇ ਪਿੰਡ ਘੜੂਆਂ ਦਾ ਵਸਨੀਕ, ਭੰਡਾਰੀ ਖੱਤ੍ਰੀ। ਪਹਿਲਾਂ ਇਹ ਵੈਰਾਗੀਆਂ ਦਾ ਚੇਲਾ ਸੀ। ਗੁਰੂ ਅਮਰਦਾਸ ਜੀ ਦਾ ਸਿਖ ਬਣਿਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਦਿੱਤਾ। ਭਾਈ ਰੰਗ ਦਾਸ ਦੀ ਸੰਤਾਨ ਘੜੂਏਂ ਵਿਚ ਵੱਸਦੀ ਹੈ।

(੨੨) ਲਾਲੋ—ਡੱਲੇ ਦਾ ਰਹਿਣ ਵਾਲਾ ਸੱਭਰਵਾਲ ਖੱਤ੍ਰੀ। ਗੁਰੂ ਅਮਰਦਾਸ ਜੀ ਦਾ ਸਿਖ ਬਣਿਆ। ਭਾਈ ਲਾਲੋ ਇਲਾਕੇ ਵਿਚ ਉੱਘਾ ਵੈਦ ਭੀ ਸੀ। ਤੇਈਏ ਤਾਪ ਦਾ ਇਲਾਜ ਕਰਨ ਵਿਚ ਕਮਾਲ ਰੱਖਦਾ ਸੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਦੀ ਮੰਜੀ ਬਖ਼ਸ਼ੀ।

## ਪੰਜਵਾਂ ਕਾਂਡ

### ਗੁਰੂ-ਚੱਕ ਵਸਾਣਾ

ਸ਼ਾਹੀ ਸੜਕ ਉਤੇ ਹੋਣ ਕਰਕੇ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਸਮੇ ਸਿਖ-ਧਰਮ ਦੇ ਪ੍ਰਚਾਰ ਦਾ ਬੜਾ ਹੀ ਉੱਘਾ ਕੇਂਦਰ ਬਣਿਆ ਰਿਹਾ। ਪਰ ਸਿੱਖਾਂ ਦੀ ਗਿਣਤੀ ਵਧਦੀ ਵੇਖ ਕੇ ਸਤਿਗੁਰੂ ਜੀ ਨੇ ਇਹ ਜ਼ਰੂਰੀ ਸਮਝਿਆ ਕਿ ਇਸ ਕੇਂਦਰ ਨੂੰ ਮਾਝੇ ਦੇ ਵਿਚਕਾਰਲੇ ਇਲਾਕੇ ਵਿਚ ਬਦਲਿਆ ਜਾਏ। ਗੁਰੂ ਅਮਰਦਾਸ ਜੀ ਨੇ ੨੨ ਸਾਲ ਗੁਰਿਆਈ ਦੀ ਜ਼ਿੰਮੇਵਾਰੀ ਨਿਬਾਹੀ। ਸੰਨ ੧੫੫੯ ਵਿਚ ਸਿਰਫ਼ ਇਕ ਵਾਰ ਕੁਰਖੇਤ ਹਰਿਦੁਆਰ ਜਾਣ ਤੋਂ ਛੁਟ ਬਾਕੀ ਸਾਰਾ ਸਮਾ ਉਹਨਾਂ ਮਾਝੇ ਦੇ ਪਿੰਡਾਂ ਵਿਚ ਹੀ ਫਿਰ ਕੇ ਬਿਤਾਇਆ ਸੀ। ਇਸ ਧਰਤੀ ਦੇ ਚੱਪੇ ਚੱਪੇ ਨੂੰ ਉਹ ਜਾਣਦੇ ਸਨ। ਨਵੇਂ ਕੇਂਦਰ ਵਾਸਤੇ ਉਹਨਾਂ ਇਹ ਥਾਂ ਪਸੰਦ ਕੀਤੀ। ਲੋਾਗੋ ਦੇ ਚਹੁੰਆਂ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ। ਅਤੇ ਉਹਨਾਂ ਦੇ ਸਾਹਮਣੇ ਮੋੜ੍ਹੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਜ਼ਿਕਰ ਹਾੜ ਸੰਮਤ ੧੬੨੭ (ਜੂਨ ਸੰਨ ੧੫੭੦) ਦਾ ਹੈ। ਜਦੋਂ ਲੋਕਾਂ ਨੂੰ ਇਹ ਪਤਾ ਲੱਗਾ ਕਿ ਗੁਰ-ਸਿੱਖੀ ਦਾ ਕੇਂਦਰੀ ਅਸਥਾਨ ਝਬਦੇ ਹੀ ਗੋਇੰਦਵਾਲ ਤੋਂ ਇਸ ਨਵੇਂ ਵਸਾਏ ਥਾਂ 'ਤੇ ਬਣਨ ਵਾਲਾ ਹੈ, ਤਾਂ ਕਈ ਕਿੱਤਿਆਂ ਦੇ ਲੋਕਾਂ ਨੇ ਇਥੇ ਘਰ ਬਣਾਣੇ ਸ਼ੁਰੂ ਕਰ ਦਿੱਤੇ। ਹੱਟੀਆਂ ਪੈਣੀਆਂ ਸ਼ੁਰੂ ਹੋ ਗਈਆਂ ਤੇ ਥੋੜੇ ਹੀ ਸਮੇ ਵਿਚ ਚੰਗੀ ਰੌਣਕ ਬਣ ਗਈ। ਨਗਰ ਦੀ ਵੱਸੋਂ ਦਾ ਇਹ ਸਾਰਾ ਕੰਮ ਸਤਿਗੁਰੂ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿਚ ਕਰਾਇਆ।

ਜਦੋਂ ਗੁਰੂ ਰਾਮਦਾਸ ਜੀ ਗੁਰੂ ਬਣੇ ਅਤੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੁਰੂ-ਚੱਕ ਆ ਗਏ, ਤਾਂ ਇਸ ਦੀ ਵੱਸੋਂ ਦਿਨਾਂ ਵਿਚ ਹੀ ਬੜੀ ਵਧ ਗਈ। ਇਕ ਵੱਡਾ ਸ਼ਹਿਰ ਬਣਨ ਦੀ ਸੰਭਾਵਨਾ ਹੋ ਗਈ ਤਾਂ ਸੰਨ ੧੫੭੭ ਵਿਚ ਗੁਰੂ ਰਾਮਦਾਸ ਜੀ ਨੇ ਪਿੰਡ ਤੁੰਗ ਵਾਲਿਆਂ ਤੋਂ ਪੰਜ ਸੌ ਵਿਘੇ ਹੋਰ ਜ਼ਮੀਨ ਸਤ ਸੌ ਰੁਪਏ ਦੇ ਕੇ ਖ਼ਰੀਦੀ ਅਤੇ ਪਟਾ ਕਰਾ ਲਿਆ। ਇਹ

ਨਵੀਂ ਖ਼ਰੀਦੀ ਜ਼ਮੀਨ ਪਿੰਡ ਤੁੰਗ ਦੀ ਮਾਲਕੀ ਸੀ।

## ਗੁਰਿਆਈ

ਸੰਨ ੧੫੪੧ ਵਿਚ ਗੁਰੂ ਅਮਰਦਾਸ ਜੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਆਏ ਸਨ। ਉਸੇ ਸਾਲ ਇਹਨਾਂ ਦਾ ਮੇਲ ਭਾਈ ਜੇਠਾ ਜੀ ਨਾਲ ਹੋਇਆ ਸੀ, ਜਦੋਂ ਯਤੀਮ ਹੋ ਕੇ ਇਹ ਆਪਣੀ ਨਾਨੀ ਦੇ ਨਾਲ ਲਾਹੌਰੋਂ ਬਾਸਰਕੇ ਨਾਨਕੇ-ਘਰ ਆ ਗਏ ਸਨ। ਭਾਈ ਜੇਠਾ ਜੀ ਤਦੋਂ ੭ ਸਾਲਾਂ ਦੇ ਸਨ। ਜਦੋਂ ਸੰਨ ੧੫੪੬ ਵਿਚ ਗੋਇੰਦਵਾਲ ਵੱਸਿਆ, ਤਾਂ ਗੁਰੂ ਅਮਰਦਾਸ ਜੀ ਆਪਣੇ ਹੋਰ ਸਾਕਾਂ-ਸੰਬੰਧੀਆਂ ਦੇ ਨਾਲ ਭਾਈ ਜੇਠਾ ਜੀ ਨੂੰ ਭੀ ਗੋਇੰਦਵਾਲ ਲੈ ਗਏ ਸਨ। ਸੰਨ ੧੫੫੨ ਵਿਚ ਗੁਰੂ ਅਮਰਦਾਸ ਜੀ ਗੁਰੂ ਬਣੇ, ਤੇ ਖਡੂਰ ਤੋਂ ਰਿਹਾਇਸ਼ ਗੋਇੰਦਵਾਲ ਕਰ ਲਈਓ ਨੇ। ਗਿਆਰਾਂ ਸਾਲ ਦੀ ਨੇੜਤਾ ਤੇ ਨਿਗਰਾਨੀ ਨਾਲ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬੜੇ ਗਹੁ ਨਾਲ ਪਰਖ ਲਿਆ, ਅਤੇ ਸੰਨ ੧੫੫੩ ਵਿਚ ਆਪਣੀ ਲੜਕੀ ਬੀਬੀ ਭਾਨੀ ਜੀ ਦੀ ਸ਼ਾਦੀ ਇਹਨਾਂ ਨਾਲ ਕਰ ਦਿੱਤੀਓ ਨੇ।

ਸਭ ਗ੍ਰਿਹਸਤੀ ਜਾਣਦੇ ਹਨ ਕਿ ਸਹੁਰੇ ਘਰ ਆ ਕੇ ਜਵਾਈ ਦੀ ਹਵਾ ਕਿਹੋ ਜਿਹੀ ਹੋ ਜਾਂਦੀ ਹੈ। ਪਰ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦੇ ਗ਼ਰੀਬੀ ਸੁਭਾਵ ਵਿਚ ਰਤਾ ਵੀ ਫ਼ਰਕ ਨਾ ਪਿਆ। ਗੁਰੂ ਅਮਰਦਾਸ ਜੀ ਨੂੰ ਸਦਾ ਗੁਰੂ-ਰੂਪ ਵਿਚ ਵੇਖਦੇ ਰਹੇ। ਗੁਰੂ ਨਾਲ ਪਿਆਰ ਤੇ ਸ਼ਰਧਾ ਦਿਨੋ-ਦਿਨ ਵੱਧਦੇ ਗਏ। ਜਦੋਂ ਗੋਂਦੇ ਤੇ ਉਸ ਦੇ ਸਾਥੀਆਂ ਨੇ ਸਤਿਗੁਰੂ ਜੀ ਦੇ ਵਿਰੁੱਧ ਅਕਬਰ ਪਾਸ ਸ਼ਿਕਾਇਤ ਕੀਤੀ, ਅਤੇ ਅਕਬਰ ਨੇ ਸਤਿਗੁਰੂ ਜੀ ਨੂੰ ਸੱਦ ਭੇਜਿਆ ਤਾਂ ਸਤਿਗੁਰੂ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਗੁਰੂ-ਘਰ ਦੀ ਵਕਾਲਤ ਲਈ ਭੇਜਿਆ। ਉਸ ਵੇਲੇ ਇਹਨਾਂ ਦੀ ਉਮਰ ਸਿਰਫ਼ ੨੩ ਸਾਲਾਂ ਦੀ ਸੀ। ਜਾਤਿ-ਅਭਿਮਾਨੀਆਂ ਦਾ ਵਿਰੋਧੀ ਧੜਾ ਸ਼ਾਹੀ ਦਰਬਾਰ ਵਿਚ ਵੀ ਰਸੂਖ਼ ਰੱਖਦਾ ਸੀ। ੨੩ ਸਾਲਾਂ ਦੇ ਗੱਭਰੂ ਲਈ ਉਥੇ ਆਪਣਾ ਪੱਖ ਉਜਾਗਰ ਕਰਨਾ ਕੋਈ ਸੌਖੀ ਖੇਡ ਨਹੀਂ ਸੀ। ਪਰ (ਗੁਰੂ) ਰਾਮਦਾਸ ਜੀ ਦੀ ਗੰਭੀਰਤਾ, ਧੀਰਜ, ਮਿਠਾਸ, ਨਿਮ੍ਰਤਾ ਤੇ ਉੱਚੀ ਅਕਲ ਨੇ ਅਕਬਰ ਨੂੰ ਮੋਹ ਲਿਆ। ਇਤਨੀ ਭਾਰੀ ਵਿਰੋਧਤਾ ਦੇ ਸਾਹਮਣੇ ਸ਼ਾਹੀ ਦਰਬਾਰ ਵਿਚ ਜਾ ਕੇ ਰਤਾ ਭੀ ਨਾ ਡੋਲਣਾ, ਇਕ ਸੂਰਮੇ ਮਰਦ ਦਾ ਕੰਮ ਸੀ। ਉਹਨਾਂ ਦੀ ਇਹ ਅਡੋਲਤਾ ਇਸ ਗੱਲ ਦਾ ਪੱਕਾ ਸਬੂਤ ਸੀ ਕਿ (ਗੁਰੂ) ਰਾਮਦਾਸ ਜੀ ਨੂੰ ਆਪਣੇ ਗੁਰੂ ਪਾਤਿਸ਼ਾਹ ਦੀ ਉੱਚਤਾ ਅਤੇ ਸਚਾਈ

ਵਿਚ ਸੋਲ੍ਹਾਂ ਆਨੇ ਇਤਬਾਰ ਸੀ।

ਫਿਰ ਭੀ, ਸਿਖ-ਇਤਿਹਾਸ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਹੋਰ ਪਰਖ ਕਰਨ ਦੀ ਲੋੜ ਸਮਝੀ, ਕਿਉਂਕਿ ਉਹਨਾਂ ਦਾ ਦੂਜਾ ਜਵਾਈ ਭਾਈ ਰਾਮਾ ਭੀ ਸਤਿਗੁਰੂ ਜੀ ਦਾ ਹਰ ਤਰ੍ਹਾਂ ਆਗਿਆ-ਕਾਰ ਰਹਿੰਦਾ ਸੀ। ਜਿਉਂ ਜਿਉਂ ਗੁਰੂ ਅਮਰਦਾਸ ਜੀ ਦੀ ਉਮਰ ਵਡੇਰੀ ਹੁੰਦੀ ਗਈ, ਸਿਖ-ਸੰਗਤਾਂ ਦੀ ਨਿਗਾਹ ਇਹਨਾਂ ਦੋਹਾਂ ਉਤੇ ਹੀ ਪੈਣ ਲੱਗ ਪਈ ਸੀ। ਇਕ ਦਿਨ ਸਤਿਗੁਰੂ ਜੀ ਨੇ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਦੋਹਾਂ ਨੂੰ ਸੱਦਿਆ, ਅਤੇ ਹੁਕਮ ਦਿੱਤਾ ਕਿ ਸੰਗਤਾਂ ਦੇ ਸ਼ਾਮ ਦੇ ਦੀਵਾਨ ਵਾਸਤੇ ਬਾਉਲੀ ਦੇ ਪਾਸ ਥੜ੍ਹੇ ਬਣਾਓ। ਜਿਹੋ ਜਿਹੇ ਥੜ੍ਹੇ ਚਾਹੀਦੇ ਸਨ, ਲੋੜ ਅਨੁਸਾਰ ਹਦਾਇਤ ਭੀ ਕਰ ਦਿੱਤੀਓ ਨੇ। ਸਵੇਰ ਤੋਂ ਲੈ ਕੇ ਸ਼ਾਮ ਤਕ ਦੋਵੇਂ ਬੜੀ ਮਿਹਨਤ ਨਾਲ ਆਪੋ ਆਪਣਾ ਥੜ੍ਹਾ ਬਣਾਂਦੇ ਰਹੇ। ਪਰ ਸਤਿਗੁਰੂ ਜੀ ਨੇ ਦੋਵੇਂ ਹੀ ਰੱਦ ਕਰ ਦਿੱਤੇ। ਅਗਲੇ ਦਿਨ ਉਹਨਾਂ ਫਿਰ ਥੜ੍ਹੇ ਬਣਾਣੇ ਸ਼ੁਰੂ ਕੀਤੇ, ਪਰ ਸ਼ਾਮ ਵੇਲੇ ਮੁੜ ਢਹਾਏ ਗਏ। ਤੀਜੇ ਦਿਨ ਭੀ ਜਦੋਂ ਇਹੀ ਹਾਲ ਹੋਇਆ, ਤਾਂ ਭਾਈ ਰਾਮਾ ਜੀ ਹੰਭ ਗਏ ਤੇ ਡੋਲ ਗਏ। ਸਤਿਗੁਰੂ ਜੀ ਨੂੰ ਕਹਿਣ ਲੱਗੇ ਕਿ ਮੈਂ ਤੁਹਾਡੀ ਹਦਾਇਤ ਅਨੁਸਾਰ ਥੜ੍ਹਾ ਠੀਕ ਬਣਾ ਰਿਹਾ ਹਾਂ, ਤੁਹਾਨੂੰ ਆਪ ਨੂੰ ਚੇਤਾ ਵਿਸਰ ਜਾਂਦਾ ਹੈ। ਹੁਣ ਇਕੱਲੇ ਭਾਈ ਜੇਠਾ ਜੀ ਥੜ੍ਹਾ ਤਿਆਰ ਕਰਨ ਦੇ ਕੰਮ ਤੇ ਲੱਗੇ। ਉਹ ਸਾਰਾ ਦਿਨ ਬਣਾਂਦੇ ਰਹਿਣ, ਤੇ ਸ਼ਾਮ ਵੇਲੇ ਸਤਿਗੁਰੂ ਜੀ ਨਾ-ਪਸੰਦ ਕਰ ਦੇਣ। ਸਤਵੇਂ ਦਿਨ ਜਦੋਂ ਇਹੀ ਹਾਲ ਹੋਇਆ, ਤਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਚਰਨਾਂ ਉਤੇ ਢਹਿ ਪਏ, ਆਖਣ ਲੱਗੇ—ਪਾਤਿਸ਼ਾਹ! ਮੈਂ ਮੂਰਖ ਅੰਞਾਣ ਹਾਂ, ਇਹ ਨਿੱਕਾ ਜਿਹਾ ਕੰਮ ਭੀ ਮੈਂ ਤੁਹਾਡੀ ਮਨ-ਮਰਜ਼ੀ ਦਾ ਨਹੀਂ ਬਣਾ ਸਕਿਆ, ਤੁਹਾਨੂੰ ਹਰ ਰੋਜ਼ ਇਤਨੀ ਖੇਚਲ ਹੋ ਰਹੀ ਹੈ। ਮਿਹਰ ਕਰੋ, ਮੈਨੂੰ ਅਕਲ ਭੀ ਬਖ਼ਸ਼ੋ, ਤਾਕਿ ਮੈਂ ਤੁਹਾਡੇ ਕੰਮ ਨੂੰ ਸਮਝ ਕੇ ਸਹੀ ਤਰੀਕੇ ਨਾਲ ਪਾਲਣਾ ਕਰ ਸਕਾਂ।

ਸਤਿਗੁਰੂ ਜੀ ਤਾਂ ਭਾਈ ਜੇਠਾ ਜੀ ਦੀ ਉਸ ਜ਼ਿੰਮੇਵਾਰੀ ਲਈ ਯੋਗਤਾ ਪਰਖ ਰਹੇ ਸਨ, ਜਿਹੜੀ ਸਪੁਰਦ ਕੀਤੀ ਜਾਣ ਵਾਲੀ ਸੀ। ਉਹਨਾਂ ਦੀ ਇਹ ਮਿਠਾਸ ਤੇ ਸਹਿਨ-ਸ਼ੀਲਤਾ ਵੇਖ ਕੇ ਗੁਰੂ ਅਮਰਦਾਸ ਜੀ ਦੀ ਤਸੱਲੀ ਹੋ ਗਈ। ਸਾਰੀ ਸੰਗਤ ਦੇ ਸਾਹਮਣੇ ਸਤਿਗੁਰੂ ਜੀ ਨੇ (ਗੁਰੂ) ਰਾਮਦਾਸ ਜੀ ਅੱਗੇ ਮੱਥਾ ਟੇਕਿਆ, ਉਹਨਾਂ ਨੂੰ ਗੁਰੂ ਥਾਪਿਆ, ਅਤੇ ਸੰਗਤ ਨੂੰ ਭੀ ਆਗਿਆ ਕੀਤੀ ਕਿ ਸਭ ਗੁਰੂ ਰਾਮਦਾਸ ਜੀ ਅੱਗੇ ਸਿਰ ਨਿਵਾਣ। ਗੁਰੂ ਅਮਰਦਾਸ ਜੀ ਦੇ ਦੋਵੇਂ ਸਾਹਿਬਜ਼ਾਦੇ ਭੀ ਉਥੇ ਹਾਜ਼ਰ ਸਨ। ਛੋਟੇ ਪੁੱਤਰ ਬਾਬਾ ਮੋਹਰੀ ਜੀ ਨੇ ਹੁਕਮ



 www.sikhbookclub.com

ਮੰਨ ਕੇ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕ ਦਿੱਤਾ। ਗੁਰੂ ਅਮਰਦਾਸ ਜੀ ਨੇ ਗੁਰਬਾਣੀ ਦਾ ਉਹ ਸਾਰਾ ਸੰਗ੍ਰਹਿ (ਜਿਸ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਸਾਹਿਬ ਦੀ ਸਾਰੀ ਬਾਣੀ ਅਤੇ ਭਗਤਾਂ ਦੀ ਸਾਰੀ ਬਾਣੀ ਸੀ) ਜੋ ਉਹਨਾਂ ਨੂੰ ਗੁਰੂ ਅੰਗਦ ਦੇਵ ਜੀ ਤੋਂ ਮਿਲਿਆ ਸੀ, ਗੁਰੂ ਰਾਮਦਾਸ ਜੀ ਦੇ ਹਵਾਲੇ ਕਰ ਦਿੱਤਾ। ਆਪਣੀ ਸਾਰੀ ਬਾਣੀ ਭੀ, ਜੋ ਉਹ ਆਪ ਹੀ ਲਿਖਦੇ ਰਹੇ ਸਨ, ਗੁਰੂ ਰਾਮਦਾਸ ਜੀ ਨੂੰ ਦੇ ਦਿੱਤੀਓ ਨੇ।

## ਜੋਤੀ-ਜੋਤਿ ਸਮਾਉਣਾ

ਜਦੋਂ ਕਿਸੇ ਹਿੰਦੂ-ਘਰ ਵਿਚ ਕੋਈ ਪ੍ਰਾਣੀ ਮਰਨ ਲੱਗਦਾ ਹੈ, ਤਾਂ ਉਸ ਦੇ ਪੁੱਤਰ ਇਸਤ੍ਰੀ ਆਦਿਕ ਵਾਰਸ ਸ਼ਾਸਤਰਾਂ ਦੀ ਮਰਯਾਦਾ ਅਨੁਸਾਰ ਉਸ ਨੂੰ ਮੰਜੇ ਤੋਂ ਹੇਠਾਂ ਲਾਹ ਲੈਂਦੇ ਹਨ, ਉਸ ਦੇ ਹੱਥ ਦੀ ਤਲੀ ਉਤੇ ਆਟੇ ਦਾ ਦੀਵਾ ਰੱਖ ਕੇ ਜਗਾ ਦੇਂਦੇ ਹਨ, ਤੇ ਦੀਵੇ ਵਿਚ ਬ੍ਰਾਹਮਣ ਦੀ ਭੇਟਾ ਲਈ ਸਮਰੱਥਾ ਅਨੁਸਾਰ ਅਠਿਆਨੀ ਰੁਪਇਆ ਆਦਿ ਚਾਂਦੀ ਸੋਨੇ ਦਾ ਸਿੱਕਾ ਪਾ ਦੇਂਦੇ ਹਨ। ਇਸ ਮਰਯਾਦਾ ਦਾ ਭਾਵ ਉਹ ਇਹ ਸਮਝਦੇ ਹਨ ਕਿ ਮਰਨ ਵਾਲੇ ਬੰਦੇ ਦੀ ਆਤਮਾ ਨੇ ਅਗਾਂਹ ਬੜੇ ਹਨੇਰੇ ਪੈਂਡਿਆਂ ਵਿਚੋਂ ਦੀ ਲੰਘਣਾ ਹੈ, ਜਿਥੇ ਰਾਹ-ਖਹਿੜਾ ਵੇਖਣ ਲਈ ਉਸ ਨੂੰ ਚਾਨਣ ਦੀ ਲੋੜ ਪੈਂਦੀ ਹੈ। ਮਰਨ ਵੇਲੇ ਉਸ ਦੀ ਤਲੀ ਉਤੇ ਰਖਿਆ ਹੋਇਆ ਦੀਵਾ ਉਸ ਨੂੰ ਪਰਲੋਕ ਦੇ ਪੈਂਡਿਆਂ ਵਿਚ ਚਾਨਣ ਦੇਂਦਾ ਹੈ। ਜਦੋਂ ਆਦਮੀ ਮਰ ਜਾਂਦਾ ਹੈ ਤਾਂ ਉਸ ਦੇ ਸਰੀਰ ਦਾ ਸਸਕਾਰ ਕਰਨ ਤੋਂ ਪਹਿਲਾਂ ਜਵਾਂ ਦੇ ਆਟੇ ਦੇ ਪੇੜੇ ਪੱਤਲਾਂ ਉਤੇ ਰੱਖ ਕੇ ਮਣਸੇ ਜਾਂਦੇ ਹਨ। ਬ੍ਰਾਹਮਣ ਵੇਦ ਆਦਿਕਾਂ ਦੇ ਮੰਤ੍ਰ ਪੜ੍ਹਦਾ ਹੈ। ਸੂਰਜ ਵਲ ਮੂੰਹ ਕਰ ਕੇ ਪਾਣੀ ਦੀਆਂ ਚੁਲੀਆਂ ਭੀ ਭੇਟਾ ਕੀਤੀਆਂ ਜਾਂਦੀਆਂ ਹਨ। ਇਹ ਉਸ ਵਿਛੜੀ ਰੂਹ ਲਈ ਖ਼ੁਰਾਕ ਭੇਜੀ ਜਾਂਦੀ ਹੈ।

ਘਰੋਂ ਤੁਰ ਕੇ ਮਸਾਣਾਂ ਤੋਂ ਉਰੇ ਅੱਧਵਾਟੇ ਮਿਰਤਕ ਦਾ ਫੱਟਾ ਭੁੰਞੇ ਰਖ ਦਿੱਤਾ ਜਾਂਦਾ ਹੈ। ਘਰੋਂ ਤੁਰਨ ਲੱਗਿਆਂ ਮਿੱਟੀ ਦਾ ਇਕ ਕੋਰਾ ਭਾਂਡਾ ਲੈ ਕੇ ਤੁਰਦੇ ਹਨ। ਉਸ ਅੱਧ-ਮਾਰਗ ਤੇ ਉਹ ਭਾਂਡਾ ਭੰਨ ਦੇਂਦੇ ਹਨ। ਅਤੇ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਬਹੁਤ ਉੱਚੀ ਡਰਾਉਣੀ ਸੁਰ ਵਿਚ ਢਾਹ ਮਾਰਦਾ ਹੈ। ਇਸ ਰਸਮ ਦੇ ਹੇਠ ਖ਼ਿਆਲ ਇਹ ਹੈ ਕਿ ਮਿਰਤਕ ਦੀ ਆਤਮਾ ਸਰੀਰਕ ਮੋਹ ਕਰਕੇ ਅਜੇ ਉਸ ਮੁਰਦੇ ਦੇ ਦੁਆਲੇ ਹੀ ਭੌਂਦੀ ਫਿਰਦੀ ਹੈ। ਇਸ ਭਿਆਨਕ ਢਾਹ ਨਾਲ ਉਸ ਨੂੰ ਡਰਾਂਦੇ ਹਨ ਕਿ ਚਲੀ ਜਾਏ। ਸਸਕਾਰ ਤੋਂ ਪਿਛੋਂ ਬੱਚ ਰਹੀਆਂ ਹੱਡੀਆਂ

(ਅਸਥੀਆਂ) ਹਰਿਦੁਆਰ ਗੰਗਾ ਨਦੀ ਵਿਚ ਪਾਈਆਂ ਜਾਂਦੀਆਂ ਹਨ। ਹਿੰਦੂ ਖ਼ਿਆਲ ਅਨੁਸਾਰ ਜਿਸ ਦੀਆਂ ਅਸਥੀਆਂ ਗੰਗਾ ਵਿਚ ਨਾ ਪੈਣ, ਉਸ ਦੀ ਗਤੀ ਨਹੀਂ ਹੁੰਦੀ।

ਮਰਨ ਪਿਛੋਂ ੧੩ ਦਿਨਾਂ ਤਕ ਹਰੇਕ ਪ੍ਰਾਣੀ ਦੀ ਆਤਮਾ ਪ੍ਰੇਤ ਬਣੀ ਰਹਿੰਦੀ ਹੈ। ਅਤੇ ਆਪਣੇ ਛੱਡੇ ਘਰਾਂ ਦੇ ਦੁਆਲੇ ਹੀ ਭੌਂਦੀ ਫਿਰਦੀ ਹੈ। ਜਿਨ੍ਹਾਂ ਦਾ ਕੋਈ ਮਰਦਾ ਹੈ, ਉਹਨਾਂ ਦੇ ਘਰ ਸ਼ਰੀਕੇ ਬਿਰਾਦਰੀ ਦੇ ਘਰਾਂ ਵਿਚੋਂ ਜ਼ਨਾਨੀਆਂ ਮਰਦ ਰਾਤ ਨੂੰ ਆ ਕੇ ਸੌਂਦੇ ਹਨ। ਸਵੇਰੇ ਪਹਿਰ ਰਾਤ ਰਹਿੰਦੀ ਹੀ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਉੱਠ ਕੇ ਢਾਹ[1] ਮਾਰਦਾ ਹੈ। ੧੩ ਦਿਨ ਹਰ ਸਵੇਰੇ ਇਹੀ ਕੁਝ ਹੁੰਦਾ ਹੈ। ਇਹ ਭੀ ਮਿਰਤਕ ਦੀ ਆਤਮਾ ਨੂੰ ਡਰਾਣ ਵਾਸਤੇ ਕੀਤਾ ਜਾਂਦਾ ਹੈ।

ਤੇਰ੍ਹਵੇਂ ਦਿਨ ਮਿਰਤਕ ਦੀ ਕਿਰਿਆ ਕੀਤੀ ਜਾਂਦੀ ਹੈ। ਅਚਾਰਜ ਆ ਕੇ ਇਹ ਰਸਮ ਕਰਾਂਦਾ ਹੈ। ਇਹ ਮਰਯਾਦਾ ਵਿਛੜੀ ਆਤਮਾ ਨੂੰ ਪ੍ਰੇਤ ਜੂਨ ਵਿਚੋਂ ਕੱਢ ਕੇ ਪਿੱਤਰ-ਲੋਕ ਤਕ ਅਪੜਾਣ ਵਾਸਤੇ ਕੀਤੀ ਜਾਂਦੀ ਹੈ। ਸ਼ਾਸਤਰਾਂ ਅਨੁਸਾਰ ਖ਼ਿਆਲ ਇਹ ਬਣਿਆ ਹੋਇਆ ਹੈ ਕਿ ਪਿੱਤਰ-ਲੋਕ ਅੱਪੜਨ ਲਈ ੩੬੦ ਦਿਨ ਲੱਗਦੇ ਹਨ। ਪੈਂਡਾ ਹੈ ਅਣਡਿੱਠਾ ਤੇ ਹਨੇਰਾ। ਇਸ ਵਾਸਤੇ ਕਿਰਿਆ ਕਰਨ ਵੇਲੇ ੩੬੦ ਦੀਵੇ ਵੱਟੀਆਂ ਤੇ ਲੋੜੀਂਦਾ ਤੇਲ ਲਿਆ ਕੇ ਰੱਖ ਦੇਂਦੇ ਹਨ। ਜਦੋਂ ਵੇਦ-ਮੰਤ੍ਰ ਆਦਿਕ ਪੜ੍ਹਨ ਦੀ ਸਾਰੀ ਰਸਮ ਹੋ ਚੁਕਦੀ ਹੈ ਤਾਂ ਉਹ ਵੱਟੀਆਂ ਇਕੱਠੀਆਂ ਹੀ ਤੇਲ ਵਿਚ ਭਿਉਂ ਕੇ ਬਾਲ ਦਿੱਤੀਆਂ ਜਾਂਦੀਆਂ ਹਨ, ਅਤੇ ਇਸ ਤਰ੍ਹਾਂ ਮਰੇ ਪ੍ਰਾਣੀ ਨੂੰ ਪਿੱਤਰ-ਲੋਕ ਦੇ ਲੰਮੇ ਪੈਂਡੇ ਵਿਚ ੩੬੦ ਦਿਨ ਚਾਨਣ ਮਿਲਦਾ ਰਹਿੰਦਾ ਹੈ। ਇਹਨਾਂ ਇਕੱਠੇ-ਬਾਲੇ ਦੀਵਿਆਂ ਤੋਂ ਇਲਾਵਾ ਭੀ ਛਨਿਛਰ ਦੇਵਤੇ ਦੇ ਮੰਦਰ ਵਿਚ ਸਾਲ ਭਰ ਹਰ ਰੋਜ਼ ਦੀਵਾ ਜਗਾਣ ਲਈ ਤੇਲ ਭੇਜਿਆ ਜਾਂਦਾ ਹੈ। ਕਿਰਿਆ ਵਾਲੇ ਦਿਨ ਭੀ ਵਿਛੜੀ ਰੂਹ ਦੀ ਖ਼ੁਰਾਕ ਵਾਸਤੇ ਪਿੰਡ ਭਰਾਏ ਜਾਂਦੇ ਹਨ। ਕਿਰਿਆ ਵਾਲੇ ਦਿਨ ਤੋਂ ਲੈ ਕੇ ਇਕ ਸਾਲ ਹਰ ਰੋਜ਼ ਬ੍ਰਾਹਮਣ ਨੂੰ ਭੋਜਨ ਖੁਆਇਆ ਜਾਂਦਾ ਹੈ।

ਵਰ੍ਹੇ ਪਿੱਛੋਂ ਮਰਨ ਦੀ ਥਿੱਤ ਉਤੇ ਹੀ 'ਵਰ੍ਹੀਣਾ' ਕੀਤਾ ਜਾਂਦਾ ਹੈ। ਖ਼ੁਰਾਕ ਦੇ ਇਲਾਵਾ ਵਿਛੜੇ ਪ੍ਰਾਣੀ ਵਾਸਤੇ ਭਾਂਡੇ ਬਸਤ੍ਰ ਆਦਿਕ ਭੀ ਭੇਜੇ ਜਾਂਦੇ ਹਨ।

---

੧. ਜਿਉਂ ਜਿਉਂ ਲੋਕ ਵਿਦਿਆ ਦੇ ਚਾਨਣ ਵਿਚ ਸਿਆਣੇ ਬਣਦੇ ਜਾ ਰਹੇ ਹਨ, ਇਹ ਢਾਹਾਂ ਮਾਰਨ ਵਾਲੀ ਰਸਮ ਹਟਾਈ ਜਾ ਰਹੀ ਹੈ।

ਸਾਰਾ ਸਮਾਨ ਅਚਾਰਜ ਨੂੰ ਦਾਨ ਕੀਤਾ ਜਾਂਦਾ ਹੈ। ਇਸ ਤੋਂ ਪਿੱਛੋਂ ਹਰ ਸਾਲ ਸਰਾਧਾਂ ਦੇ ਦਿਨਾਂ ਵਿਚ ਉਸੇ ਥਿੱਤ ਉਤੇ ਬ੍ਰਾਹਮਣਾਂ ਨੂੰ ਭੋਜਨ ਦਿੱਤਾ ਜਾਂਦਾ ਹੈ। ਇਹ ਭੀ ਵਿਛੜੇ ਸੰਬੰਧੀ ਨੂੰ ਅਪੜਾਣ ਲਈ ਹੈ।

ਜੇ ਕੋਈ ਪ੍ਰਾਣੀ ਬਹੁਤ ਵੱਡੀ ਉਮਰ ਦਾ ਹੋ ਕੇ ਮਰੇ, ਪੋਤਰਿਆਂ ਪੜੋਤਰਿਆਂ ਵਾਲਾ ਹੋ ਜਾਏ, ਤਾਂ ਉਸ ਨੂੰ 'ਵੱਡਾ' ਕਰਦੇ ਹਨ। ਜਿਸ ਫੱਟੇ ਉਤੇ ਮੁਰਦਾ ਚੁੱਕ ਕੇ ਲੈ ਜਾਈਦਾ ਹੈ ਉਸ ਫੱਟੇ ਨੂੰ ਸੋਹਣੇ ਕੱਪੜਿਆਂ ਤੇ ਫੁੱਲਾਂ ਨਾਲ ਸਜਾਂਦੇ ਹਨ। ਮੁਰਦਾ ਲੈ ਜਾਣ ਵੇਲੇ ਉਸ ਦੇ ਉਤੋਂ ਦੀ ਉਸ ਦੇ ਪੋਤਰੇ ਪੜੋਤਰੇ ਆਦਿਕ ਛੁਹਾਰੇ ਮਖਾਣੇ ਪੈਸੇ ਆਦਿਕ ਸੁਟਦੇ ਹਨ। ਇਸ ਰਸਮ ਨੂੰ 'ਬਬਾਣ ਕੱਢਣਾ' ਆਖੀਦਾ ਹੈ।

ਗੁਰੂ ਅਮਰਦਾਸ ਜੀ ਗੋਇੰਦਵਾਲ ਵਿਚ ਪਹਿਲੀ ਅੱਸੂ ਸੰਮਤ ੧੬੩੧ ਨੂੰ ਜੋਤੀ ਜੋਤਿ ਸਮਾਏ। ਚੰਦ੍ਰਮਾ ਦੇ ਹਿਸਾਬ ਉਸ ਦਿਨ ਭਾਦਰੋਂ ਸੁਦੀ ੧੫ ਸੀ। ਅੰਗਰੇਜ਼ੀ ਸੰਨ ੧੫੭੪ ਸੀ ਅਤੇ ਸਤੰਬਰ ਦੀ ੧ ਤਰੀਕ ਸੀ।

ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਸਤਿਗੁਰੂ ਜੀ ਨੇ ਆਪਣੇ ਸਾਰੇ ਪਰਵਾਰ ਨੂੰ ਆਪਣੇ ਪਾਸ ਸੱਦਿਆ। ਸਭ ਨੂੰ ਸਮਝਾ ਦਿੱਤਾ ਕਿ ਕਿਰਿਆ ਕਰਨੀ ਗੁਰੂ ਦੀ ਨਿਰਾਦਰੀ ਹੈ, ਗੁਰੂ ਪ੍ਰੇਤ ਨਹੀਂ ਬਣਦਾ। ਸਾਡੇ ਪਿੱਛੋਂ ਕਿਸੇ ਨੇ ਰੋਣਾ ਨਹੀਂ ਹੋਵੇਗਾ। ਸਾਨੂੰ ਕਿਸੇ ਦੀਵੇ-ਵੱਟੀ ਦੀ ਲੋੜ ਨਹੀਂ ਹੈ। ਸਤਿਗੁਰੂ ਦੀ ਬਾਣੀ ਅਤੇ ਪਰਮਾਤਮਾ ਦਾ ਨਾਮ ਹੀ ਆਤਮਾ ਵਾਸਤੇ ਸਦਾ ਕਾਇਮ ਰਹਿਣ ਵਾਲਾ ਚਾਨਣ ਹੈ। ਆਤਮਾ ਨੂੰ ਪਿੰਡ ਆਦਿਕ ਕਿਸੇ ਖ਼ੁਰਾਕ ਦੀ ਵੀ ਲੋੜ ਨਹੀਂ। ਆਤਮਾ ਦੀ ਖ਼ੁਰਾਕ ਪਰਮਾਤਮਾ ਦਾ ਨਾਮ ਹੀ ਹੈ। ਸਾਡੇ ਸਰੀਰ ਦੀਆਂ ਬਚੀਆਂ ਅਸਥੀਆਂ (ਫੁੱਲ) ਭੀ ਹਰਿਦੁਆਰ ਨਹੀਂ ਲੈ ਜਾਣੇ। ਨਾ ਹੀ ਕਿਸੇ ਨੇ ਸਾਨੂੰ 'ਵੱਡਾ' ਕਰਨਾ ਤੇ ਸਾਡਾ 'ਬਬਾਣ' ਕੱਢਣਾ। ਪਰਮਾਤਮਾ ਦੇ ਨਾਮ ਵਿਚ ਜੁੜੇ ਰਹਿਣਾ ਹੀ ਗੁਰੂ ਦੀਆਂ ਨਜ਼ਰਾਂ ਵਿਚ ਇਹਨਾਂ ਸਾਰੀਆਂ ਰਸਮਾਂ ਦੀ ਮੂਲ ਸ੍ਰੇਸ਼ਟ ਰਸਮ ਹੈ। ਬੱਸ ! ਸੰਗਤ ਇਕੱਠੀ ਕਰਨੀ, ਕੀਰਤਨ ਕਰਨਾ ਅਤੇ ਨਾਮ ਸਿਮਰਨਾ। ਅਸੀਂ ਉਸੇ ਨੂੰ ਹੀ ਮਿੱਤਰ ਸਮਝਾਂਗੇ ਜੋ ਸਿਰਫ਼ ਸਾਡੇ ਇਸ ਦੱਸੇ ਰਸਤੇ ਉੱਤੇ ਤੁਰੇਗਾ।[੧]

---

੧. ਗੁਰੂ ਅਮਰਦਾਸ ਜੀ ਦੀ ਇਹ ਅੰਤਮ ਸਿੱਖਿਆ ਉਹਨਾਂ ਦੇ ਪੜੋਤਰੇ ਬਾਬਾ ਸੁੰਦਰ ਜੀ ਨੇ ੬ ਪੌੜੀਆਂ ਦੀ ਇਕ ਨਿੱਕੀ ਜਿਹੀ ਬਾਣੀ ਦੇ ਰੂਪ ਵਿਚ ਲਿਖੀ, ਜਿਸ ਨੂੰ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ 'ਸੱਦ' ਸਿਰਲੇਖ ਹੇਠ ਦਰਜ ਕਰ ਦਿੱਤਾ। ਜੋ ਸੱਜਣ ਉਸ 'ਸੱਦ' ਨੂੰ ਵਧੀਕ ਵਿਸਥਾਰ ਨਾਲ ਸਮਝਣਾ ਚਾਹੁਣ, ਉਹ ਮੇਰੀ ਪੁਸਤਕ 'ਸਦ ਸਟੀਕ' ਵਿਚੋਂ "ਫੂਲ ਹਰਿ ਸਰਿ ਪਾਵਏ" ਪੜ੍ਹਨ।

# ਛੇਵਾਂ ਕਾਂਡ

## ਗੁਰੂ ਅਮਰਦਾਸ ਜੀ ਦੀ ਬਾਣੀ

ਗੁਰੂ ਗ੍ਰੰਥ ਸਾਹਿਬ ਵਿਚ ਕੁਲ ੩੧ ਰਾਗਾਂ ਵਿਚ ਬਾਣੀ ਦਰਜ ਹੈ। ਇਹਨਾਂ ਵਿਚੋਂ ਹੇਠ-ਲਿਖੇ ੧੭ ਰਾਗਾਂ ਵਿਚ ਗੁਰੂ ਅਮਰਦਾਸ ਜੀ ਨੇ ਬਾਣੀ ਲਿਖੀ:

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।

ਇਹ ਰਾਗ ਹੂ-ਬ-ਹੂ ਉਹੀ ਹਨ ਜੋ ਗੁਰੂ ਨਾਨਕ ਦੇਵ ਜੀ ਨੇ ਭੀ ਵਰਤੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਸਤਿਗੁਰੂ ਨਾਨਕ ਸਾਹਿਬ ਨੇ ਇਹਨਾਂ ੧੭ ਤੋਂ ਛੁਟ ਦੋ ਹੋਰ ਰਾਗ ਵਰਤੇ ਹਨ—ਤਿਲੰਗ ਅਤੇ ਤੁਖਾਰੀ।

ਸਾਧਾਰਨ ਤੌਰ ਤੇ ਹਰੇਕ ਰਾਗ ਵਿਚ ਪਹਿਲਾਂ ਸ਼ਬਦ ਹਨ, ਫਿਰ ਅਸ਼ਟਪਦੀਆਂ ਤੇ ਫਿਰ ਛੰਤ। ਇਹਨਾਂ ਤੋਂ ਇਲਾਵਾ 'ਵਾਰਾਂ' ਹਨ ਅਤੇ 'ਸਲੋਕ' ਭੀ ਹਨ।

ਗੁਰੂ ਅਮਰਦਾਸ ਜੀ ਦੀ ਸਾਰੀ ਲਿਖੀ ਬਾਣੀ ਦਾ ਜੋੜ ਇਉਂ ਹੈ:

| | | |
|---|---|---|
| ਸ਼ਬਦ | — | ੧੭੨ |
| ਅਸ਼ਟਪਦੀਆਂ | — | ੯੧ |
| ਛੰਤ | — | ੨੦ |

ਗੁਰੂ ਅਮਰਦਾਸ ਜੀ ਨੇ ੪ 'ਵਾਰਾਂ' ਲਿਖੀਆਂ, ਜੋ ਹੇਠ ਲਿਖੇ ਰਾਗਾਂ ਵਿਚ ਦਰਜ ਹਨ—

ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ। ਇਹਨਾਂ ਚਹੁੰਆਂ 'ਵਾਰਾਂ' ਦੀਆਂ ਪਉੜੀਆਂ ਦੀ ਗਿਣਤੀ ੮੫ ਹੈ।

ਗੁਰੂ ਗ੍ਰੰਥ ਸਾਹਿਬ ਵਿਚ ੨੧ 'ਵਾਰਾਂ'[੧] ਹਨ, ਜੋ ਪਹਿਲੇ, ਤੀਜੇ, ਚੌਥੇ ਅਤੇ

੧. 'ਵਾਰ' ਨੰਬਰ ੨੨ ਸੱਤੇ ਬਲਵੰਡ ਰਬਾਬੀਆਂ ਦੀ ਹੈ।



www.sikhbookclub.com

ਪੰਜਵੇਂ ਗੁਰੂ ਸਾਹਿਬ ਨੇ ਲਿਖੀਆਂ। 'ਵਾਰਾਂ' ਦੀ ਹਰੇਕ ਪਉੜੀ ਦੇ ਨਾਲ ਗੁਰੂ ਅਰਜਨ ਸਾਹਿਬ ਨੇ ਘਟ ਤੋਂ ਘਟ ਦੋ ਦੋ ਸਲੋਕ ਦਰਜ ਕਰ ਦਿੱਤੇ। ਹਰੇਕ ਗੁਰ-ਵਿਅਕਤੀ ਨੇ ਸਲੋਕ ਭੀ ਕਾਫ਼ੀ ਗਿਣਤੀ ਵਿਚ ਲਿਖੇ ਸਨ।

'ਵਾਰਾਂ' ਦੀਆਂ ਪਉੜੀਆਂ ਦੇ ਨਾਲ ਦਰਜ ਹੋਏ ਹੋਏ ਗੁਰੂ ਅਮਰਦਾਸ ਜੀ ਦੇ ਸਲੋਕਾਂ ਦੀ ਸਾਰੀ ਗਿਣਤੀ ੩੪੩ ਹੈ। 'ਵਾਰਾਂ' ਵਿਚ ਦਰਜ ਹੋਣੋਂ ਕੁਝ ਸਲੋਕ ਬਚ ਭੀ ਰਹੇ ਸਨ, ਉਹ ਸਲੋਕ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਵਿਚ ਦਰਜ ਹਨ। ਉਸ ਸੰਗ੍ਰਹਿ ਵਿਚ ਗੁਰੂ ਅਮਰਦਾਸ ਜੀ ਦੇ ੬੭ ਸਲੋਕ ਹਨ। ਇਹਨਾਂ ਤੋਂ ਇਲਾਵਾ ਇਹਨਾਂ ਦਾ ੧ ਸਲੋਕ ਗੁਰੂ ਨਾਨਕ ਦੇਵ ਜੀ ਦੇ ਵਧੋ ਸਲੋਕਾਂ ਵਿਚ ਨੰਬਰ ੨੭ ਉਤੇ ਦਰਜ ਹੈ। ਇਹਨਾਂ ਸਾਰੇ ਸਲੋਕਾਂ ਦਾ ਜੋੜ ੪੧੧ ਬਣਿਆ।

ਸ਼ਬਦ, ਅਸ਼ਟਪਦੀ, ਛੰਤ, ਵਾਰ, ਸਲੋਕ—ਇਹਨਾਂ ਬਾਣੀਆਂ ਤੋਂ ਇਲਾਵਾ ਗੁਰੂ ਅਮਰਦਾਸ ਜੀ ਨੇ ਹੇਠ ਲਿਖੀਆਂ ਹੋਰ ਉਚੇਚੀਆਂ ਬਾਣੀਆਂ ਭੀ ਲਿਖੀਆਂ :

| | | |
|---|---|---|
| ਰਾਗ ਆਸਾ ਵਿਚ | — | ਪੱਟੀ ੧੮ ਪਉੜੀਆਂ। |
| ਵਡਹੰਸ ਰਾਗ ਵਿਚ | — | ਅਲਾਹਣੀਆਂ ੪ ਸ਼ਬਦ। |
| ਬਿਲਾਵਲ ਵਿਚ | — | ਵਾਰ ਸੱਤ, ਦਸ ਦਸ ਬੰਦਾਂ ਦੇ ਦੋ ਸ਼ਬਦ। |
| ਰਾਮਕਲੀ ਵਿਚ | — | ਅਨੰਦੁ, ੪੦ ਪਉੜੀਆਂ। |
| ਮਾਰੂ ਵਿਚ | — | ਸੋਲਹੇ, ੨੪ ਸ਼ਬਦ। |

ਰਾਗਾਂ ਅਨੁਸਾਰ ਸ਼ਬਦਾਂ, ਅਸ਼ਟਪਦੀਆਂ ਅਤੇ ਛੰਤਾਂ ਦਾ ਵੇਰਵਾ ਇਉਂ ਹੈ :

| | *ਸ਼ਬਦ* | *ਅਸ਼ਟਪਦੀਆਂ* | *ਛੰਤ* |
|---|---|---|---|
| ਸਿਰੀ ਰਾਗ | ੩੧ | ੮ | ... |
| ਮਾਝ | ... | ੩੨ | ... |
| ਗਉੜੀ | ੧੮ | ੯ | ੫ |
| ਆਸਾ | ੧੩ | ੧੫ | ੨ |
| ਗੂਜਰੀ | ੭ | ੧ | ... |
| ਵਡਹੰਸ | ੯ | ੨ | ੬ |

| | ਸ਼ਬਦ | ਅਸ਼ਟਪਦੀਆਂ | ਛੰਤ |
|---|---|---|---|
| ਸੋਰਠਿ | ੧੨ | ੩ | ... |
| ਧਨਾਸਰੀ | ੯ | ... | ... |
| ਸੂਹੀ | .. | ੪ | ੭ |
| ਬਿਲਾਵਲ | ੬ | ੧ | ... |
| ਰਾਮਕਲੀ | ੧ | ੫ | ... |
| ਮਾਰੂ | ੫ | ੧ | ... |
| ਭੈਰਉ | ੨੧ | ੨ | ... |
| ਬਸੰਤ | ੨੦ | .... | ... |
| ਸਾਰੰਗ | ... | ੩ | ... |
| ਮਲਾਰ | ੧੩ | ੩ | ... |
| ਪ੍ਰਭਾਤੀ | ੭ | ੨ | ... |
| | ੧੭੨ | ੯੧ | ੨੦ |

ਨੋਟ : ਬਸੰਤ ਰਾਗ ਵਿਚ ਗੁਰੂ ਅਮਰਦਾਸ ਜੀ ਦੇ ੨ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੇ ਸੰਗ੍ਰਹਿ ਵਿਚ ਹਨ। ਉਹਨਾਂ ਦੇ ਆਪਣੇ ਵਖਰੇ ਸੰਗ੍ਰਹਿ ਵਿਚ ੧੮ ਹਨ।

# ਗੁਰੂ ਅਮਰਦਾਸ ਜੀ ਦੀ ਤਾਲੀਮ

## ਉਹਨਾਂ ਦੀਆਂ ਜੀਵਨ ਸਾਖੀਆਂ ਵਿਚੋਂ

### (ੳ) ਮਨੁੱਖਤਾ ਦੀ ਕਦਰ

ਅਸੀ ਗੁਰੂ ਅਮਰਦਾਸ ਜੀ ਦੇ ਜੀਵਨ- ਇਤਿਹਾਸ ਵਿਚੋਂ ਵੇਖ ਆਏ ਹਾਂ ਕਿ ਸਦੀਆਂ ਤੋਂ ਲਤੜੀਂਦੇ ਬੰਦਿਆਂ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਕਰਨ ਲਈ ਉਹਨਾਂ ਨੇ ਇਹ ਮਰਯਾਦਾ ਬਣਾ ਦਿੱਤੀ ਸੀ ਕਿ ਜੋ ਆਦਮੀ ਕਿਸੇ ਤਰ੍ਹਾਂ ਦੇ ਸ਼ਖ਼ਸੀ ਅਹੰਕਾਰ ਦੇ ਕਾਰਨ ਪੰਗਤ ਵਿਚ ਬੈਠ ਕੇ ਲੰਗਰ ਵਿਚੋਂ ਰੋਟੀ ਖਾਣ ਤੋਂ ਸੰਕੋਚ ਕਰੇ, ਉਸ ਨੂੰ ਸਤਿਸੰਗ ਵਿਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਏਗੀ। ਜਿਨ੍ਹਾਂ ਨੂੰ ਰੱਬ ਦੇ ਬੰਦਿਆਂ ਤੋਂ ਨਫ਼ਰਤ ਹੋਵੇ, ਉਹਨਾਂ ਸਤਿਸੰਗ ਵਿਚੋਂ ਕੀ ਖੱਟਣਾ ਹੋਇਆ ? ਗੁਰੂ ਅਮਰਦਾਸ ਜੀ ਵਾਸਤੇ ਇਹ ਗੱਲ ਬੜੀ ਅਸਹਿ ਸੀ ਕਿ ਧਰਮ ਦੀ ਓਟ ਲੈ ਕੇ ਕਮਜ਼ੋਰਾਂ ਨੂੰ ਸ਼ੂਦਰ ਆਖ ਆਖ ਕੇ ਉਹਨਾਂ ਦੀ ਆਰਥਕ ਹਾਲਤ ਡੇਗੀ ਜਾਏ ਅਤੇ ਉਹਨਾਂ ਨੂੰ ਦੂਰੇ ਦੂਰੇ ਕੀਤੀ ਜਾਏ।

ਸਤਿਗੁਰੂ ਅਮਰਦਾਸ ਜੀ ਇਤਨੇ ਕੋਮਲ-ਹਿਰਦਾ ਸਨ ਕਿ ਸ਼ੂਦਰ ਤਾਂ ਕਿਤੇ ਰਹੇ, ਉਹ ਕਿਸੇ ਐਸੇ ਗਏ-ਗੁਜ਼ਰੇ ਮਨੁੱਖ ਤੋਂ ਭੀ ਨਫ਼ਰਤ ਨਹੀਂ ਕਰ ਸਕਦੇ ਸਨ ਜਿਸ ਨੇ ਵਿਕਾਰਾਂ ਵਿਚ ਗਲ ਕੇ ਆਪਣਾ ਸਰੀਰ ਭੀ ਮਹਾ ਰੋਗੀ ਕਰ ਲਿਆ ਹੋਵੇ। ਉਹਨਾਂ ਦੇ ਜੀਵਨ ਵਿਚ ਇਕ ਸਾਖੀ ਆਉਂਦੀ ਹੈ—ਇਕ ਧਨਾਢ ਖੱਤ੍ਰੀ ਦਾ ਇਕੋ ਇਕ ਪੁੱਤਰ ਸੀ, ਜਿਸ ਦਾ ਨਾਮ ਪ੍ਰੇਮਾ ਸੀ। ਪ੍ਰੇਮਾ ਅਜੇ ਅੱਲ੍ਹੜ ਹੀ ਸੀ ਕਿ ਪਿਉ ਮਰ ਗਿਆ। ਮੰਦੇ ਭਾਗਾਂ ਨੂੰ ਉਹ ਖੋਟੇ ਵਹਿਣੇ ਵਹਿ ਗਿਆ। ਵਿਸ਼ੇ ਵਿਕਾਰਾਂ ਵਿਚ ਇਤਨਾ ਡੁੱਬਾ ਕਿ ਪਿਉ ਦਾ ਜੋੜਿਆ ਸਾਰਾ ਧਨ ਭੀ ਰੋੜ੍ਹ ਲਿਓ ਸੁ, ਅਤੇ ਆਪਣਾ ਸਰੀਰ ਭੀ ਗਾਲ ਲਿਓ ਸੁ। ਪ੍ਰੇਮਾ ਆਖ਼ਰ ਕੋੜ੍ਹ ਦਾ ਸ਼ਿਕਾਰ ਹੋ ਗਿਆ। ਇਹ ਰੋਗ ਇਤਨਾ ਚੰਦਰਾ ਹੈ ਕਿ ਇਸ ਦੀ ਲਾਗ ਲੱਗਣ ਤੋਂ ਡਰਦਿਆਂ ਲੋਕ ਕੋੜ੍ਹ ਦੇ ਰੋਗੀ ਨੂੰ ਵੱਸੋਂ ਦੇ ਨੇੜੇ ਨਹੀਂ ਰਹਿਣ ਦੇਂਦੇ। ਕੁਸੰਗੀ ਉਤਨਾ ਚਿਰ ਯਾਰ ਹੁੰਦੇ ਹਨ ਜਦ ਤਕ ਖਾਣ-ਪੀਣ ਦੀਆਂ ਮੌਜਾਂ

ਬਣੀਆਂ ਰਹਿਣ। ਪ੍ਰੇਮਾ ਬਹੁਤ ਹੀ ਆਤੁਰ ਹੋ ਗਿਆ। ਆਖ਼ਰ ਸਬੱਬ ਲੱਗਣ ਤੇ ਇਹ ਗੋਇੰਦਵਾਲ ਆ ਅੱਪੜਿਆ। ਪ੍ਰੇਮਾ ਪਿਛਲੀਆਂ ਮੰਦ ਕਰਤੂਤਾਂ ਤੋਂ ਬੜਾ ਪਛਤਾਂਦਾ ਸੀ। ਗੁਰੂ ਅਮਰਦਾਸ ਜੀ ਦਾ ਹਿਰਦਾ ਪੱਘਰ ਆਇਆ। ਉਸ ਦਾ ਸਰੀਰ ਨਰੋਆ ਕੀਤੋ ਨੇ, ਅਤੇ ਉਸ ਨੂੰ ਅਗਾਂਹ ਲਈ ਕੁਰਾਹੋਂ ਬਚਣ ਲਈ ਇਕ ਸੁਚੱਜਾ ਗ੍ਰਿਹਸਤੀ ਬਨਾਣ ਦੀ ਸੋਚ ਸੋਚੀਓ ਨੇ। ਪਰ ਜਿਸ ਗੱਭਰੂ ਦਾ ਪਿਛਲਾ ਜੀਵਨ ਇਤਨਾ ਕੁਕਰਮੀ ਰਹਿ ਚੁਕਿਆ ਹੋਵੇ, ਉਸ ਉਤੇ ਇਤਬਾਰ ਕੌਣ ਕਰੇ ਅਤੇ ਉਸ ਨੂੰ ਧੀ ਕੌਣ ਦੇਵੇ ? ਇਕ ਸਿਖ ਗੁਰ-ਆਗਿਆ ਅਨੁਸਾਰ ਪ੍ਰੇਮੇ ਨਾਲ ਆਪਣੀ ਲੜਕੀ ਦਾ ਵਿਆਹ ਕਰਨ ਨੂੰ ਤਿਆਰ ਹੋਇਆ, ਪਰ ਉਸ ਦੀ ਵਹੁਟੀ ਨਾ ਮੰਨੇ। ਗੁਰੂ ਅਮਰਦਾਸ ਜੀ ਪਾਸ ਆ ਕੇ ਉਹ ਆਖਣ ਲੱਗੀ ਕਿ ਆਪਣੇ ਜਿਗਰ ਦਾ ਟੋਟਾ ਆਪਣੀ ਬੱਚੀ ਉਸੇ ਦੇ ਹੀ ਲੜ ਲਾਈ ਜਾ ਸਕਦੀ ਹੈ ਜਿਸ ਦੇ ਖ਼ਾਨਦਾਨ ਦੀ ਕੁਝ ਸੂਝ-ਬੂਝ ਹੋਵੇ। ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਪ੍ਰੇਮਾ ਸਾਡਾ ਪੁੱਤਰ ਹੈ, ਬੱਸ! ਇਹੀ ਇਸ ਦਾ ਖ਼ਾਨਦਾਨ ਹੈ। ਮਨੁੱਖਤਾ ਦੀ ਇਹ ਇਕ ਬੇ-ਮਿਸਾਲ ਕਦਰ ਸੀ। ਪ੍ਰੇਮੇ ਦੀ ਸ਼ਾਦੀ ਹੋ ਗਈ। ਸਤਿਗੁਰੂ ਦੀ ਮੇਹਰ ਨਾਲ ਉਸ ਦਾ ਜੀਵਨ ਇਤਨਾ ਬਦਲਿਆ ਕਿ ਇਸ ਨਵੇਂ ਜੋੜੇ ਨੂੰ ਸਮੇ-ਸਿਰ ਸਿਖ-ਧਰਮ ਦਾ ਪ੍ਰਚਾਰਕ ਬਣਾਇਆ ਗਿਆ। ਗੁਰੂ ਅਮਰਦਾਸ ਜੀ ਦੇ ਵੇਲੇ ਦੇ ਸਿਖ-ਇਤਿਹਾਸ ਵਿਚ ਮੱਥੋ-ਮੁਰਾਰੀ ਨਾਮ ਬਹੁਤ ਪ੍ਰਸਿੱਧ ਹੈ। ਮੱਥੋ ਉਸ ਲੜਕੀ ਦਾ ਨਾਮ ਸੀ, ਜੋ ਪ੍ਰੇਮੇ ਨਾਲ ਵਿਆਹੀ ਗਈ ਅਤੇ ਪ੍ਰੇਮੇ ਦਾ ਨਾਮ ਮੁਰਾਰੀ ਪ੍ਰਸਿੱਧ ਹੋਇਆ।

### (ਅ) ਸੱਚ ਉੱਤੇ ਦ੍ਰਿੜ੍ਹਤਾ

ਸਦੀਆਂ ਤੋਂ ਲਤੜੀਂਦੇ ਅਤੇ ਸ਼ੂਦਰ ਅਖਵਾ ਕੇ ਦੁਰਕਾਰੇ ਜਾਂਦੇ ਬੰਦਿਆਂ ਨੂੰ ਸਮਾਜ ਵਿਚ ਬਰਾਬਰੀ ਦਾ ਹੱਕ ਦਿਵਾਣਾ ਕੋਈ ਸੌਖੀ ਖੇਡ ਨਹੀਂ ਸੀ। ਜਾਤਿ-ਅਭਿਮਾਨੀਆਂ ਨੇ ਬੜੀਆਂ ਰੋਕਾਂ ਪਾਈਆਂ। ਗੁਰੂ ਅਮਰਦਾਸ ਜੀ ਦੇ ਮੁਕਾਬਲੇ ਉਤੇ ਸ਼ਰੀਕ-ਗੁਰੂ ਲਿਆ ਖੜਾ ਕੀਤੋ ਨੇ। ਅਕਬਰ ਬਾਦਸ਼ਾਹ ਪਾਸ ਝੂਠੀਆਂ-ਸੱਚੀਆਂ ਅਪੜਾਈਆਂ ਗਈਆਂ। ਨਗਰ ਦੇ ਖੋਜੇ- ਮੁੰਡਿਆਂ ਨੂੰ ਚੁੱਕਣਾ ਦੇ ਕੇ ਸਾਂਝੇ ਖੂਹ ਤੋਂ ਲੰਗਰ ਲਈ ਪਾਣੀ ਭਰਨ ਜਾਂਦੇ ਸਿੱਖਾਂ ਦੇ ਘੜੇ ਅਤੇ ਗਾਗਰਾਂ ਵੱਟਿਆਂ-ਪੱਥਰਾਂ ਨਾਲ ਤੁੜਾਣੇ ਸ਼ੁਰੂ ਕਰ ਦਿੱਤੇ ਨੇ। ਇਹ ਅਖ਼ੀਰਲੀ ਛੇੜ-ਖ਼ਾਨੀ ਮਹੀਨਿਆਂ ਬੱਧੀ ਹੁੰਦੀ ਰਹੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੱਖਾਂ ਨੇ ਘੜਿਆਂ ਤੋਂ ਗਾਗਰਾਂ ਵਟਾਈਆਂ, ਪਰ ਵਧੀਕੀ ਕਰਨ ਵਾਲੇ ਅਜੇ ਭੀ ਨਾ ਟਲੇ। ਕਈ

ਵਾਰੀ ਅਕ ਕੇ ਸਿੱਖ ਗੁਰੂ ਅਮਰਦਾਸ ਜੀ ਪਾਸ ਸ਼ਿਕਾਇਤ ਕਰਦੇ ਰਹੇ। ਪਰ ਸਤਿਗੁਰੂ ਜੀ ਨੇ ਹਰ ਵਾਰੀ ਇਹੀ ਸਮਝਾਇਆ ਕਿ ਗ਼ਰੀਬਾਂ ਦੀ ਬਾਂਹ ਫੜਨ ਲਈ ਔਖਿਆਈਆਂ ਸਹਾਰਨੀਆਂ ਹੀ ਪੈਣਗੀਆਂ। ਪਰਮਾਤਮਾ ਨੂੰ ਬੰਦਿਆਂ ਵਿਚ ਵੇਖਣਾ ਹੈ, ਨੀਵਿਆਂ ਗ਼ਰੀਬਾਂ ਵਿਚ ਵੇਖਣਾ ਹੈ। ਇਸ ਅਟੱਲ ਸਚਾਈ ਤੋਂ ਡੋਲਣਾ ਨਹੀਂ ਅਤੇ ਕਿਸੇ ਨਾਲ ਛਿੱਥੇ ਨਹੀਂ ਪੈਣਾ। ਇਸ ਰਾਹ ਤੁਰਨ ਲਈ ਰੁੱਖਾਂ ਵਾਲੀ ਜੀਰਾਂਦ ਦੀ ਲੋੜ ਹੈ।

### (ੲ) ਇਸਤ੍ਰੀ ਨੂੰ ਮਨੁੱਖ ਨਾਲ ਬਰਾਬਰ ਦਾ ਦਰਜਾ

ਸਾਡੇ ਸਮਾਜ ਵਿਚ ਇਸਤ੍ਰੀ ਆਰਥਕ ਤੌਰ ਤੇ ਸਦੀਆਂ ਤੋਂ ਮਨੁੱਖ ਦੇ ਅਧੀਨ ਚਲੀ ਆ ਰਹੀ ਹੈ। ਇਸ ਆਰਥਕ ਪਰ-ਅਧੀਨਤਾ ਨੇ ਹਿੰਦੂ ਸਮਾਜ ਵਿਚ ਇਸਤ੍ਰੀ ਦੀ ਬਹੁਤ ਦੁਰ- ਦਸ਼ਾ ਕੀਤੀ ਹੋਈ ਸੀ। ਮਰੇ ਖਸਮ ਦੀ ਚਿਖਾ ਉਤੇ ਉਸ ਦੀ ਇਸਤ੍ਰੀ ਦਾ ਜੀਊਂਦਿਆਂ ਹੀ ਸੜ ਮਰਨਾ—ਇਸਤ੍ਰੀ ਜਾਤੀ ਉਤੇ ਹਿੰਦੂ-ਸ਼ਾਸਤਰਾਂ ਦਾ ਇਹ ਚੋਟੀ ਦਾ ਅੱਤਿਆਚਾਰ ਸੀ। ਵਹੁਟੀ ਮਰੇ ਤਾਂ ਖਸਮ ਹੋਰ ਵਿਆਹ ਕਰ ਲਏ, ਪਰ ਜੇ ਖਸਮ ਮਰੇ ਤਾਂ ਵਹੁਟੀ ਉਸ ਦੀ ਚਿਖਾ ਉਤੇ ਸੜ ਮਰੇ। ਇਹ ਅੱਤ ਦਰਜੇ ਦਾ ਅੱਨਿਆਇ ਗੁਰੂ ਅਰਮਦਾਸ ਜੀ ਦੇ ਕੋਮਲ ਹਿਰਦੇ ਵਾਸਤੇ ਅਸਹਿ ਸੀ। ਹਿੰਦੂ-ਇਸਤ੍ਰੀ ਨੂੰ ਇਸ ਜ਼ੁਲਮ ਤੋਂ ਬਚਾਣ ਲਈ ਸਤਿਗੁਰੂ ਜੀ ਨੇ ਆਵਾਜ਼ ਉਠਾਈ। ਮੌਕਾ ਮਿਲਣ ਤੇ ਅਕਬਰ ਬਾਦਸ਼ਾਹ ਨੂੰ ਭੀ ਪ੍ਰੇਰਿਆ ਕਿ ਇਸ ਜ਼ੁਲਮ ਨੂੰ ਰੋਕੇ।

ਸਤਿਗੁਰੂ ਜੀ ਨੇ ਵਿਧਵਾ-ਵਿਆਹ ਦੀ ਖੁਲ੍ਹ ਕੀਤੀ, ਅਤੇ ਪਰਦੇ ਦੀ ਰਸਮ ਨੂੰ ਭੀ ਹਟਾਣ ਦਾ ਜਤਨ ਕੀਤਾ। ਗੁਰੂ ਅਮਰਦਾਸ ਜੀ ਦੇ ਦੀਵਾਨ ਵਿਚ ਇਸਤ੍ਰੀਆਂ ਨੂੰ ਘੁੰਡ ਕੱਢ ਕੇ ਆਉਣ ਦੀ ਮਨਾਹੀ ਸੀ।

 www.sikhbookclub.com

# ਗੋਇੰਦਵਾਲ ਵਿਖੇ ਪ੍ਰਸਿੱਧ ਗੁਰ-ਅਸਥਾਨ

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਗੋਇੰਦਵਾਲ ਸਾਹਿਬ ਵਿਖੇ ਹੇਠ ਲਿਖੇ ਗੁਰ-ਅਸਥਾਨਾਂ ਦਾ ਜ਼ਿਕਰ ਕੀਤਾ ਹੈ—

(੧) **ਅਨੰਦ ਜੀ ਦਾ ਅਸਥਾਨ**—ਅਨੰਦ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੋਤੇ, ਬਾਬਾ ਮੋਹਰੀ ਜੀ ਦੇ ਪੁੱਤਰ ਸਨ। ਬਜ਼ਾਰ ਵਿਚ ਉਨ੍ਹਾਂ ਦੇ ਰਹਿਣ ਦੀ ਥਾਂ ਮੰਜੀ ਸਾਹਿਬ ਬਣਿਆ ਹੋਇਆ ਹੈ।

(੨) **ਹਵੇਲੀ ਸਾਹਿਬ**—ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਰਹਿਣ ਦਾ ਮਕਾਨ, ਜਿਸ ਦੇ ਇਕ ਚੌਬਾਰੇ ਦੀ ਕਿਲੀ ਨੂੰ ਫੜ ਕੇ ਖਲੋਤੇ ਹੋਏ ਗੁਰੂ ਸਾਹਿਬ ਭਜਨ ਕਰਦੇ ਹੁੰਦੇ ਸਨ।

ਇਸ ਥਾਂ ਗੁਰੂ ਅਮਰਦਾਸ ਜੀ ਦੀਵਾਨ ਕੀਤਾ ਕਰਦੇ ਸਨ। ਇਥੇ ਗੁਰੂ ਪੰਚਮ ਪਾਤਿਸ਼ਾਹ ਜੀ ਦੇ ਵੇਲੇ ਦੀ ਇਕ ਪਾਲਕੀ ਹੈ, ਜਿਸ ਵਿਚ ਗੁਰਬਾਣੀ ਦੀਆਂ ਪੋਥੀਆਂ ਸ੍ਰੀ ਅੰਮ੍ਰਿਤਸਰ ਲੈ ਗਏ ਸਨ ਅਤੇ ਵਾਪਿਸ ਭੀ ਇਸੇ ਪਾਲਕੀ ਵਿਚ ਇਥੇ ਲਿਆਏ। ਇਸ ਪਾਲਕੀ ਵਿਚ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਬਰਾਂਡੇ ਵਿਚ ਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਿਆਈ ਅਸਥਾਨ ਹੈ। ਇਸ ਦੇ ਪਾਸ ਹੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਦਾ ਅਸਥਾਨ ਹੈ। ਇਸੀ ਬਰਾਂਡੇ ਵਿਚ ਬੀਬੀ ਭਾਨੀ ਜੀ ਦਾ ਚੁਲ੍ਹਾ ਹੈ। ਇਸ ਚੁਲ੍ਹੇ ਦੇ ਪਾਸ ਹੀ ਉਹ ਥੰਮ੍ਹ ਮੌਜੂਦ ਹੈ, ਜਿਸ ਦੇ ਸਹਾਰੇ ਸਤਿਗੁਰੂ ਅਰਜਨ ਦੇਵ ਜੀ ਖਲੋਇਆ ਕਰਦੇ ਸਨ।

ਪਾਸ ਹੀ ਇਕ ਕੋਠੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਵਤਾਰ ਧਾਰਨ ਦੇ ਅਸਥਾਨ ਪਾਸ ਬਾਬਾ ਪ੍ਰਿਥੀ ਚੰਦ ਅਤੇ ਮਹਾਂਦੇਵ ਜੀ ਦੇ ਪ੍ਰਗਟ ਹੋਣ ਦਾ ਅਸਥਾਨ ਹੈ।

(੩) **ਬਾਵਲੀ ਸਾਹਿਬ**—ਚੌਰਾਸੀ ਪਉੜੀਆਂ ਦੀ ਬਹੁਤ ਸੁੰਦਰ ਵਾਪੀ (ਬਾਉਲੀ), ਜੋ ਸ੍ਰੀ ਗੁਰੂ ਅਮਰਦਾਸ ਜੀ ਨੇ ਲਗਵਾਈ, ਜੋ ਬਹੁਤ ਪ੍ਰੇਮੀਆਂ ਦਾ ਯਾਤਰਾ-ਅਸਥਾਨ ਹੈ। ਕਈ ਸ਼ਰਧਾਲੂ ਹਰੇਕ ਪਉੜੀ ਤੇ ਇਕ ਇਕ ਜਪੁ ਸਾਹਿਬ ਦਾ ਪਾਠ ਚੌਰਾਸੀ ਇਸ਼ਨਾਨ ਕਰ ਕੇ ਕਰਨ ਤੋਂ, ਚੌਰਾਸੀ ਲੱਖ ਯੋਨਿ ਤੋਂ ਛੁਟਕਾਰਾ ਮੰਨਦੇ ਹਨ।

(੪) **ਮੋਹਨ ਜੀ ਦਾ ਚੌਬਾਰਾ**—ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤਰ ਬਾਬਾ ਮੋਹਨ ਜੀ ਇਸ ਵਿਚ ਨਿਵਾਸ ਕੀਤਾ ਕਰਦੇ ਸਨ। ਬਜ਼ਾਰ ਦੇ ਨਾਲ ਹੀ ਹਵੇਲੀ ਸਾਹਿਬ ਦੇ ਅਹਾਤੇ ਨਾਲ ਲਗਦਾ ਸਾਧਾਰਨ ਜਿਹਾ ਅਸਥਾਨ ਹੈ। ਮੰਜੀ ਸਾਹਿਬ ਬਣਿਆ ਹੋਇਆ ਹੈ।

ੴ ਸਤਿਗੁਰਪ੍ਰਸਾਦਿ ॥

### ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਰਾਮਦਾਸ ਜੀ

## ਪਹਿਲਾ ਕਾਂਡ

ਹਿੰਦੂ ਘਰਾਂ ਵਿਚ ਜੇਠਾ-ਪੁੱਤਰ ਉਸ ਪੁੱਤਰ ਨੂੰ ਆਖਦੇ ਹਨ ਜੋ ਟੱਬਰ ਵਿਚ ਸਭ ਤੋਂ ਪਹਿਲਾਂ ਜੰਮਿਆ ਹੋਵੇ, ਜੋ ਪਲੇਠੀ ਦਾ ਪੁੱਤਰ ਹੋਵੇ। ਇਹਨਾਂ ਦਾ ਨਾਂ ਤਾਂ ਮਾਪਿਆਂ ਨੇ ਰਾਮਦਾਸ ਰੱਖਿਆ ਸੀ, ਪਰ ਪਲੇਠੀ ਦਾ ਪੁੱਤਰ ਹੋਣ ਕਰਕੇ ਮਾਪੇ ਅਤੇ ਹੋਰ ਆਂਢ-ਗੁਆਂਢ ਦੇ ਸਾਕ-ਸ਼ਰੀਕ ਇਹਨਾਂ ਨੂੰ ਜੇਠਾ ਜੇਠਾ ਕਰ ਕੇ ਬੁਲਾਂਦੇ ਸਨ। ਇਸ ਤਰ੍ਹਾਂ ਇਹਨਾਂ ਦਾ ਨਾਂ ਜੇਠਾ ਪੈ ਗਿਆ।

**ਜਨਮ-ਅਸਥਾਨ**

(ਗੁਰੂ) ਰਾਮਦਾਸ ਜੀ ਦਾ ਜਨਮ ਲਾਹੌਰ ਸ਼ਹਿਰ ਦੇ ਬਜ਼ਾਰ ਚੂਨੀ ਮੰਡੀ ਵਿਚ ਹੋਇਆ ਸੀ। ਇਹਨਾਂ ਦੇ ਪਿਤਾ ਹਰਦਾਸ ਸੋਢੀ ਕੁਲ ਦੇ ਖੱਤ੍ਰੀ ਸਨ। ਹੱਟੀ-ਪੱਟੀ ਦਾ ਸਾਧਾਰਨ ਜਿਹਾ ਹੀ ਇਹਨਾਂ ਦਾ ਗੁਜ਼ਾਰਾ ਸੀ।

**ਜਨਮ-ਤਰੀਕ**

੨੫ ਅੱਸੂ ਸੰਮਤ ੧੫੯੧ ਨੂੰ ਇਹਨਾਂ ਦਾ ਜਨਮ ਹੋਇਆ ਸੀ। ਚੰਦਰਮਾ ਦੇ ਹਿਸਾਬ ਥਿੱਤ ਕੱਤਕ ਵਦੀ ੨ ਸੀ, ਭਾਵ ਪੂਰਨਮਾਸ਼ੀ ਤੋਂ ਦੂਜਾ ਦਿਨ। ਈਸਵੀ ਸੰਨ ੧੫੩੪ ਅਤੇ ਸਤੰਬਰ ਦੀ ੨੪ ਤਰੀਕ ਸੀ। ਇਥੇ ਇਹ ਭੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਉਸ ਵੇਲੇ ਗੁਰੂ ਨਾਨਕ ਦੇਵ ਜੀ ਸਾਢੇ ਪੈਂਹਠ ਸਾਲਾਂ ਦੇ ਹੋ ਚੁੱਕੇ ਸਨ, (ਗੁਰੂ) ਅਮਰਦਾਸ ਜੀ ਸਾਢੇ ਪਚਵੰਜਾ ਸਾਲ ਦੀ ਉਮਰ ਦੇ ਸਨ, ਬਾਬਾ ਲਹਿਣਾ ਜੀ ਉਸ ਵੇਲੇ ੩੦ ਸਾਲਾਂ ਦੇ ਸਨ। ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਪਾਸ ਅੱਪੜਿਆਂ ੨ ਸਾਲ ਹੋ ਚੁਕੇ

ਸਨ। ਇਉਂ ਆਖ ਲਵੋ ਕਿ ਉਸ ਵੇਲੇ ਚਾਰੇ ਗੁਰ-ਵਿਅਕਤੀਆਂ ਸਰੀਰਕ ਜਾਮੇ ਵਿਚ ਮੌਜੂਦ ਸਨ। ਆਪੋ ਵਿਚ ਥੋੜੀ ਥੋੜੀ ਵਿੱਥ ਉਤੇ; ਪਰ ਮੇਲ ਅਜੇ ਗੁਰੂ ਨਾਨਕ ਸਾਹਿਬ ਅਤੇ ਬਾਬਾ ਲਹਿਣਾ ਜੀ ਦਾ ਹੀ ਹੋਇਆ ਸੀ। ਪੰਜਾਬ ਦੇ ਨਕਸ਼ੇ ਤੋਂ ਵੇਖੋ—ਕਰਤਾਰਪੁਰ (ਰਾਵੀ-ਕੰਢੇ), ਖਡੂਰ, ਬਾਸਰਕੇ ਅਤੇ ਲਾਹੌਰ।

## ਬਾਲ ਉਮਰ

(ਗੁਰੂ) ਰਾਮਦਾਸ ਜੀ ਦੀ ਅਜੇ ਬਹੁਤ ਹੀ ਛੋਟੀ ਉਮਰ ਸੀ ਕਿ ਇਹਨਾਂ ਦੀ ਮਾਤਾ ਚਲਾਣਾ ਕਰ ਗਈ। ਸੱਤ ਸਾਲ ਦੇ ਹੋਏ ਤਾਂ ਇਹਨਾਂ ਦੇ ਪਿਤਾ ਹਰਦਾਸ ਜੀ ਭੀ ਸੰਨ ੧੫੪੦ ਵਿਚ ਚੜ੍ਹਾਈ ਕਰ ਗਏ।

## (ਗੁਰੂ) ਅਮਰਦਾਸ ਜੀ ਨਾਲ ਮਿਲਾਪ

(ਗੁਰੂ) ਰਾਮਦਾਸ ਜੀ ਦੇ ਨਾਨਕੇ ਬਾਸਰਕੇ ਸਨ। ਜਦੋਂ ਇਹਨਾਂ ਦਾ ਪਿਤਾ ਭੀ ਗੁਜ਼ਰ ਗਿਆ, ਤਾਂ ਨਾਨੀ ਆ ਕੇ ਇਹਨਾਂ ਨੂੰ ਲਾਹੌਰੋਂ ਲੈ ਗਈ।

ਇਨਸਾਨੀ ਜੀਵਨ ਵਿਚ ਅਜਿਹੀ ਘਟਨਾ ਕੋਈ ਮਮੂਲੀ ਘਟਨਾ ਨਹੀਂ ਹੁੰਦੀ। ਇਹੋ ਜਿਹੀ ਹੱਡ-ਬੀਤੀ ਦਾ ਅਸਰ ਸਾਰੀ ਉਮਰ ਹੀ ਟਿਕਿਆ ਰਹਿੰਦਾ ਹੈ। ਜਿਸ ਘਰ ਵਿਚ ਜੰਮੇ-ਪਲੇ, ਜਿਨ੍ਹਾਂ ਗਲੀਆਂ ਵਿਚ ੭ ਸਾਲਾਂ ਦੀ ਉਮਰ ਤਕ ਖੇਡਦੇ ਰਹੇ, ਅੱਜ ਉਹ ਘਰ ਉਹ ਗਲੀਆਂ ਸਦਾ ਲਈ ਛੱਡ ਰਹੇ ਹਨ, ਅਤੇ ਮਾਪਿਆਂ ਦੇ ਉਸ ਘਰ ਨੂੰ ਉਹਨਾਂ ਦੇ ਭਾ ਦੇ ਸਦਾ ਲਈ ਜੰਦਰੇ ਵੱਜ ਰਹੇ ਹਨ। ਕੋਈ ਸ਼ਰੀਕ ਵੇਹੜਾ ਮੋਕਲਾ ਹੋਇਆ ਵੇਖ ਕੇ ਖ਼ੁਸ਼ ਹੋਇਆ ਹੋਵੇਗਾ, ਕਿਸੇ ਸ਼ਰੀਕ ਨੇ ਇਸ ਬੱਚੇ ਨੂੰ ਸਦਾ ਲਈ ਆਪਣੀ ਜੰਮਣ-ਭੁਇਂ ਛੱਡਦਿਆਂ ਵੇਖ ਕੇ ਹਾਹੁਕਾ ਲਿਆ ਹੋਵੇਗਾ। (ਗੁਰੂ) ਰਾਮਦਾਸ ਜੀ ਦੀ ਬਾਲ-ਚੇਤਾ-ਸ਼ਕਤੀ ਉੱਤੇ ਉਹ ਸਾਰਾ ਨਕਸ਼ਾ ਡੂੰਘਾ ਉੱਕਰਿਆ ਗਿਆ, ਅਤੇ ਉਹਨਾਂ ਦੇ ਅੱਤ ਮਿੱਠੇ ਨਿਮ੍ਰਤਾ-ਸੁਭਾਵ ਦੇ ਨਵੇਂ ਰੂਪ ਵਿਚ ਸਦਾ ਵਿਖਾਲੀ ਦੇਂਦਾ ਰਿਹਾ। ਚੂਨੀ ਮੰਡੀ ਦੀਆਂ ਗਲੀਆਂ ਦੇ ਗੁਆਂਢੀ ਸਨੇਹੀ ਤਾਂ ਆਪਣੇ ਹਾਣੀ ਹਰਦਾਸ ਜੀ ਦੀ ਦੁਨੀਆਵੀ ਇਕੋ ਇਕ ਨਿਸ਼ਾਨੀ ਨੂੰ ਵਿਛੜਦਿਆਂ ਵੇਖ ਕੇ ਅੱਖਾਂ ਵਿਚੋਂ ਅੱਥਰੂ ਕੇਰ ਰਹੇ ਸਨ, ਪਰ ਹੋਣੀ ਸਿਰ ਉਤੇ ਹੱਸ ਰਹੀ ਸੀ ਅਤੇ ਆਖ ਰਹੀ ਸੀ ਕਿ ਜਿਸ ਬਾਲ ਨੂੰ ਇਹ ਸਾਰਾ ਆਂਢ-ਗੁਆਂਢ ਅੱਜ ਨਿਆਸਰਾ ਯਤੀਮ ਸਮਝ ਰਿਹਾ ਹੈ, ਇਸ ਦੇ ਸਿਰ ਉਤੇ ਰੱਬੀ ਛੱਤਰ ਝੁੱਲਣਾ ਹੈ ਅਤੇ ਵੱਡੇ ਵੱਡੇ ਰਾਜਿਆਂ ਮਹਾਰਾਜਿਆਂ ਨੇ ਇਸ ਦੇ ਦਰ 'ਤੇ ਸਿਰ ਨਿਵਾਣ ਵਿਚ ਫ਼ਖ਼ਰ ਸਮਝਣਾ ਹੈ।

ਨਾਨੀ (ਗੁਰੂ) ਰਾਮਦਾਸ ਜੀ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਬਾਸਰਕੇ ਕੋਈ ਬਹੁਤ ਹੀ ਵੱਡਾ ਨਗਰ ਨਹੀਂ ਹੈ। ਅੱਧੇ ਕੁ ਘਰ ਜੱਟਾਂ ਦੇ ਅਤੇ ਅੱਧੇ ਕੁ ਖੱਤ੍ਰੀਆਂ ਤੇ ਹੋਰ ਜਾਤੀਆਂ ਦੇ ਸਨ। ਲਾਹੌਰ ਤੋਂ ਦੋਹਤਰੇ ਦੇ ਨਾਨਕੇ ਪਿੰਡ ਆਉਣ ਦੀ ਖ਼ਬਰ ਸਾਰੇ ਸ਼ਰੀਕੇ-ਬਿਰਾਦਰੀ ਵਿਚ ਤੁਰਤ ਹੋ ਗਈ। ਭਾਈਚਾਰਕ ਮਰਯਾਦਾ ਅਨੁਸਾਰ ਸਭ ਨੇ ਨਾਨੀ ਤੇ ਦੋਹਤਰੇ ਨੂੰ ਧੀਰਜ-ਹੌਸਲਾ ਦੇਣ ਆਉਣਾ ਹੀ ਸੀ। (ਗੁਰੂ) ਅਮਰਦਾਸ ਜੀ ਭੀ ਆਏ। ਉਹਨਾਂ ਦੇ ਕੋਮਲ ਹਿਰਦੇ ਵਿਚ ਜੇਠਾ ਜੀ ਦੀ ਉਸ ਅਨਾਥਤਾ ਨੇ ਖ਼ਾਸ ਧ੍ਰੂ ਪਾਈ। ਦਿਨੋ-ਦਿਨ ਦੋਹਾਂ ਵਿਚ ਨੇੜਤਾ ਵਧਣ ਲੱਗ ਪਈ। (ਗੁਰੂ) ਅਮਰਦਾਸ ਜੀ ਦੀ ਉਮਰ ਉਸ ਵੇਲੇ ੬੨ ਸਾਲਾਂ ਦੀ ਸੀ।

## ਬਾਸਰਕੇ ਵਿਚ ਆਜੀਵਿਕਾ

(ਗੁਰੂ) ਰਾਮਦਾਸ ਜੀ ਦੀ ਨਾਨੀ ਬੜੇ ਸੌਖੇ ਗੁਜ਼ਾਰੇ ਵਾਲੀ ਨਹੀਂ ਸੀ। ਤਾਹੀਏਂ ਸਿਖ-ਇਤਿਹਾਸ ਲਿਖਦਾ ਹੈ ਕਿ ਉਹਨਾਂ ਨੂੰ ਛੋਟੀ ਉਮਰੇ ਘੁੰਙਣੀਆਂ ਵੇਚਣੀਆਂ ਪੈਂਦੀਆਂ ਸਨ। ਬਾਸਰਕੇ ਵਿਚ ਜੇਠਾ ਜੀ ਨਾਨੀ ਦੇ ਕੋਲ ਪੰਜ ਸਾਲ ਟਿਕੇ ਰਹੇ ਅਤੇ ਘੁੰਙਣੀਆਂ ਵੇਚਣ ਦਾ ਕੰਮ ਹੀ ਕਰਦੇ ਰਹੇ।

(ਗੁਰੂ) ਅਮਰਦਾਸ ਜੀ ਸੰਨ ੧੫੪੧ ਵਿਚ ਹੀ ਤੀਰਥ-ਜਾਤ੍ਰਾ ਤੋਂ ਠੋਕਰ ਖਾ ਕੇ ਗੁਰੂ ਅੰਗਦ ਸਾਹਿਬ ਪਾਸ ਖਡੂਰ ਚਲੇ ਗਏ ਸਨ; ਪਰ ਜੇਠਾ ਜੀ ਨੂੰ ਉਹਨਾਂ ਨੇ ਆਪਣੇ ਦਿਲ ਵਿਚ ਡੂੰਘੀ ਥਾਂ ਦੇ ਲਈ ਹੋਈ ਸੀ। ਖਡੂਰ ਤੋਂ ਬਾਸਰਕੇ ਪੰਜੀਂ-ਦਸੀਂ ਦਿਨੀਂ ਆਉਂਦੇ ਹੀ ਰਹਿੰਦੇ ਸਨ, ਅਤੇ ਜੇਠਾ ਜੀ ਨੂੰ ਜ਼ਰੂਰ ਮਿਲਦੇ ਤੇ ਪਿਆਰ ਕਰਦੇ ਸਨ। ਇਹ ਪਿਆਰ ਦੋ-ਵੱਲੀ ਮੌਲਿਆ। ਜੇਠਾ ਜੀ ਨੂੰ ਲਾਹੌਰ ਸਦਾ ਲਈ ਵਿਛੜੇ ਆਪਣੇ ਪਿਤਾ ਹਰਦਾਸ ਜੀ ਦੀ ਛੋਹ ਦਾ ਨਿੱਘ ਹੁਣ (ਗੁਰੂ) ਅਮਰਦਾਸ ਜੀ ਤੋਂ ਮਿਲਣ ਲੱਗ ਪਿਆ।

## ਗੋਇੰਦਵਾਲ ਜਾ ਵੱਸਣਾ

ਗੋਂਦੇ ਖੱਤ੍ਰੀ ਦੇ ਬੇਨਤੀ ਕਰਨ 'ਤੇ ਗੁਰੂ ਅੰਗਦ ਸਾਹਿਬ ਨੇ ਆਗਿਆ ਕੀਤੀ, ਅਤੇ ਸੰਨ ੧੫੪੬ ਵਿਚ (ਗੁਰੂ) ਅਮਰਦਾਸ ਜੀ ਨੇ ਨਗਰ ਗੋਇੰਦਵਾਲ ਵਸਾਇਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਉਹ ਬਾਸਰਕੇ ਤੋਂ ਆਪਣੇ ਕਈ ਸਾਕਾਂ-ਅੰਗਾਂ ਨੂੰ ਗੋਇੰਦਵਾਲ ਲੈ ਆਏ। (ਗੁਰੂ) ਅਮਰਦਾਸ ਜੀ ਤਾਂ ਜੇਠਾ ਜੀ ਨੂੰ ਵੇਖ ਵੇਖ ਕੇ ਆਪਣੀ ਬੱਚੀ ਬੀਬੀ ਭਾਨੀ ਜੀ ਦੇ ਜੀਵਨ-ਸਾਥ

ਦੀ ਮਿੱਥ ਭੀ ਆਪਣੀ ਅੱਖਾਂ ਅੱਗੇ ਲਿਆਉਣ ਲੱਗ ਪਏ ਸਨ, ਨਾਨੀ ਸਮੇਤ ਇਹਨਾਂ ਨੂੰ ਭੀ ਗੋਇੰਦਵਾਲ ਹੀ ਲੈ ਆਏ। (ਗੁਰੂ) ਰਾਮਦਾਸ ਜੀ ਦੀ ਉਮਰ ਉਸ ਵੇਲੇ ੧੨ ਸਾਲਾਂ ਦੀ ਸੀ।

ਖਡੂਰ ਤੇ ਗੋਇੰਦਵਾਲ ਦੀ ਆਪੋ ਵਿਚ ਤਿੰਨ-ਚਾਰ ਮੀਲ ਦੀ ਹੀ ਵਿੱਥ ਹੈ। ਸੋ ਜਦੋਂ (ਗੁਰੂ) ਅਮਰਦਾਸ ਜੀ ਗੋਇੰਦਵਾਲ ਆ ਵੱਸੇ, ਫਿਰ ਤਾਂ (ਗੁਰੂ) ਅਮਰਦਾਸ ਜੀ ਨੂੰ ਮਿਲਣ ਦਾ ਰੋਜ਼ ਹੀ ਅਵਸਰ ਬਣਨ ਲੱਗ ਪਿਆ। (ਗੁਰੂ) ਅਮਰਦਾਸ ਜੀ ਦੇ ਵਸੀਲੇ (ਗੁਰੂ) ਰਾਮਦਾਸ ਜੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਭੀ ਆਉਣ ਲੱਗ ਪਏ, ਅਤੇ ਬਾਲਕ ਉਮਰ ਤੋਂ ਹੀ ਉਹਨਾਂ ਨੂੰ ਸਤਸੰਗ ਦੀ ਰੰਗਣ ਚੜ੍ਹਨ ਲੱਗ ਪਈ। ਗੋਇੰਦਵਾਲ ਆ ਕੇ ਭੀ ਜੇਠਾ ਜੀ ਨੇ ਆਪਣੀ ਅਤੇ ਆਪਣੀ ਨਾਨੀ ਦੀ ਆਜੀਵਿਕਾ ਲਈ ਘੁੰਙਣੀਆਂ ਵੇਚਣ ਦਾ ਕੰਮ ਕੁਝ ਚਿਰ ਜਾਰੀ ਰੱਖਿਆ। ਸਿਖ-ਇਤਿਹਾਸ ਨੇ ਇਹੀ ਲਿਖਿਆ ਹੈ ਕਿ ਜੇਠਾ ਜੀ ਗੋਇੰਦਵਾਲ ਦੀਆਂ ਗਲੀਆਂ ਵਿਚ ਘੁੰਙਣੀਆਂ ਵੇਚਿਆ ਕਰਦੇ ਸਨ। ਪਰ ਇਹ ਕੋਈ ਵੱਡੀ ਗੱਲ ਨਹੀਂ ਕਿ ਰਤਾ ਸਿਆਣੇ ਹੋ ਕੇ ਉਹਨਾਂ ਕੋਈ ਹੋਰ ਚੰਗੇਰੀ ਕਿਰਤ ਸ਼ੁਰੂ ਕਰ ਦਿੱਤੀ ਹੋਵੇ।

ਗੁਰੂ ਅੰਗਦ ਦੇਵ ਜੀ ੨੯ ਮਾਰਚ ਸੰਨ ੧੫੫੨ ਨੂੰ ਜੋਤੀ ਜੋਤਿ ਸਮਾਏ। ਗੁਰੂ ਅਮਰਦਾਸ ਜੀ ਗੁਰੂ ਬਣ ਕੇ ਗੋਇੰਦਵਾਲ ਆ ਟਿਕੇ। ਉਸ ਵਕਤ (ਗੁਰੂ) ਰਾਮਦਾਸ ਜੀ ਦੀ ਉਮਰ ੧੮ ਸਾਲਾਂ ਦੀ ਹੋ ਚੁਕੀ ਸੀ।

### ਸ਼ਾਦੀ

ਗੁਰੂ ਅਮਰਦਾਸ ਜੀ ਨੇ ਬਾਰ੍ਹਾਂ-ਤੇਰ੍ਹਾਂ ਸਾਲ (ਗੁਰੂ) ਰਾਮਦਾਸ ਜੀ ਨੂੰ ਆਪਣੀਆਂ ਨਜ਼ਰਾਂ ਵਿਚ ਰੱਖਿਆ, ਉਹਨਾਂ ਨੂੰ ਸਭ ਗੁਣਾਂ ਵਿਚ ਯੋਗ ਵੇਖਿਆ, ਅਤੇ ਗੁਰੂ ਬਣਨ ਤੋਂ ਅਗਲੇ ਸਾਲ ਸੰਨ ੧੫੫੩ ਵਿਚ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਉਹਨਾਂ ਨਾਲ ਕਰ ਦਿੱਤੀ। ਉਸ ਵੇਲੇ (ਗੁਰੂ) ਰਾਮਦਾਸ ਜੀ ਦੀ ਉਮਰ ੧੯ ਸਾਲਾਂ ਦੀ ਸੀ।

 www.sikhbookclub.com

# ਦੂਜਾ ਕਾਂਡ

## ਅਕਬਰ ਦੇ ਦਰਬਾਰ ਵਿਚ

ਅਸੀ ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਪੜ੍ਹ ਆਏ ਹਾਂ ਕਿ ਜਦੋਂ ਹਿੰਦੂ-ਸਮਾਜ ਵਿਚੋਂ ਛੂਤ-ਛਾਤ ਹਟਾਣ ਲਈ ਗੁਰੂ ਅਮਰਦਾਸ ਜੀ ਨੇ ਇਹ ਆਗਿਆ ਕਰ ਦਿਤੀ ਕਿ ਗੁਰੂ ਕੇ ਦਰਬਾਰ ਵਿਚ ਆਉਣ ਵਾਲੇ ਹਰੇਕ ਪ੍ਰਾਣੀ ਨੇ ਗੁਰੂ ਕੇ ਲੰਗਰ ਵਿਚ ਜਾਤ-ਪਾਤ ਵਾਲੇ ਸਭ ਵਿਤਕਰੇ ਛੱਡ ਕੇ ਇਕੋ ਪੰਗਤ ਵਿਚ ਬੈਠ ਕੇ ਰੋਟੀ ਖਾਣੀ ਹੋਇਆ ਕਰੇਗੀ, ਤਾਂ ਗੋਇੰਦਵਾਲ ਦੇ ਇਕ ਤਪੇ ਅਤੇ ਗੋਂਦੇ ਖੱਤ੍ਰੀ ਦੀ ਚੁੱਕਣਾ 'ਤੇ ਨਗਰ ਦੇ ਕੁਝ ਜਾਤਿ-ਅਭਿਮਾਨੀ ਬੰਦਿਆਂ ਨੇ ਮਿਲ ਕੇ ਅਕਬਰ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਸੀ। ਇਹ ਜ਼ਿਕਰ ਸੰਨ ੧੫੫੭ ਦਾ ਹੈ। ਅਕਬਰ ਤਦੋਂ ਸ਼ੇਰਸ਼ਾਹ ਦੇ ਭਤੀਜੇ ਸਿਕੰਦਰ ਸੂਰੀ ਨੂੰ ਈਨ ਮਨਾਣ ਲਈ ਦਿੱਲੀ ਤੋਂ ਪੰਜਾਬ ਆਇਆ ਸੀ; ਅਤੇ ਕੁਝ ਮਹੀਨੇ ਲਾਹੌਰ ਆ ਕੇ ਠਹਿਰਿਆ ਸੀ। ਜਦੋਂ ਸ਼ਾਹੀ ਦਰਬਾਰ ਦੇ ਕੁਝ ਹਿੰਦੂ ਅਫ਼ਸਰਾਂ ਦੇ ਵਸੀਲੇ ਗੁਰੂ ਅਮਰਦਾਸ ਜੀ ਦੇ ਵਿਰੁੱਧ ਕਈ ਦੂਸ਼ਨ ਅਕਬਰ ਤਕ ਅਪੜਾਏ ਗਏ, ਤਾਂ ਬਾਦਸ਼ਾਹ ਨੇ ਉਹਨਾਂ ਦੂਸ਼ਨਾਂ ਬਾਰੇ ਆਪਣੀ ਸਫ਼ਾਈ ਪੇਸ਼ ਕਰਨ ਲਈ ਸਤਿਗੁਰੂ ਜੀ ਨੂੰ ਗੋਇੰਦਵਾਲ ਤੋਂ ਸੱਦ ਭੇਜਿਆ। ਉਸ ਵੇਲੇ ਗੁਰੂ ਅਮਰਦਾਸ ਜੀ ਦੀ ਉਮਰ ੭੮ ਸਾਲਾਂ ਦੀ ਸੀ। ਉਹਨਾਂ ਆਪਣੇ ਥਾਂ ਗੁਰੂ-ਘਰ ਦੀ ਵਕਾਲਤ ਕਰਨ ਲਈ (ਗੁਰੂ) ਰਾਮਦਾਸ ਜੀ ਨੂੰ ਭੇਜਿਆ। ਇਹਨਾਂ ਦੀ ਉਮਰ ਉਸ ਵੇਲੇ ੨੩ ਸਾਲਾਂ ਦੀ ਸੀ।

ਸਿਖ-ਧਰਮ ਦਾ ਆਦਰਸ਼ ਇਹਨਾਂ ਐਸੇ ਮਿੱਠੇ ਤੇ ਸੁਚੱਜੇ ਤਰੀਕੇ ਨਾਲ ਪੇਸ਼ ਕੀਤਾ ਕਿ ਅਕਬਰ ਤੇ ਉਸ ਦੇ ਦਰਬਾਰੀਆਂ ਦੀ ਪੂਰੀ ਨਿਸ਼ਾ ਹੋ ਗਈ। ਦੋਖੀ ਤਾਂ ਸਿਖ-ਧਰਮ ਨੂੰ ਹਾਨੀ ਅਪੜਾਣ ਲਈ ਗਏ ਸਨ, ਪਰ ਵੇਖੋ ਗੁਰੂ-ਘਰ ਦੀ ਉਦਾਰਤਾ! (ਗੁਰੂ) ਰਾਮਦਾਸ ਜੀ ਨੇ ਬਾਦਸ਼ਾਹ ਨੂੰ ਪ੍ਰੇਰਨਾ ਕੀਤੀ ਕਿ ਜੋ ਹਿੰਦੂ-ਜਾਤਰੂ ਆਪਣੇ ਇਸ਼ਟ-ਤੀਰਥਾਂ ਦੇ ਦਰਸ਼ਨ ਇਸ਼ਨਾਨ ਲਈ ਜਾਂਦੇ ਹਨ, ਉਹਨਾਂ ਪਾਸੋਂ ਉਚੇਚਾ ਵਾਧੂ ਮਸੂਲ ਨਹੀਂ ਲੈਣਾ ਚਾਹੀਦਾ। ਅਕਬਰ ਨੂੰ ਇਹ

ਭੀ ਆਖਿਓ ਨੇ, ਕਿ ਹਿੰਦੂ-ਕੌਮ ਵਿਚ ਸਤੀ ਦੀ ਰਸਮ ਇਸਤ੍ਰੀ-ਜਾਤੀ ਉਤੇ ਬੜਾ ਭਾਰਾ ਜ਼ੁਲਮ ਹੈ, ਇਸ ਨੂੰ ਭੀ ਹਟਾਣਾ ਚਾਹੀਦਾ ਹੈ।

## ਕੁਰਖੇਤ ਹਰਿਦੁਆਰ ਜਾਣਾ

ਗੁਰੂ ਅਮਰਦਾਸ ਜੀ ਸੰਨ ੧੫੫੮ ਵਿਚ ਸੂਰਜ-ਗ੍ਰਹਿਣ ਦੇ ਸਮੇ ਕੁਰਖੇਤ ਅਤੇ ਫਿਰ ਜਮਨਾ ਤੋਂ ਲੰਘ ਕੇ ਹਰਿਦੁਆਰ ਗਏ, ਤਾਕਿ ਉਥੇ ਇਕੱਠੇ ਹੋਏ ਹਿੰਦੂਆਂ ਨੂੰ ਜੀਵਨ ਦਾ ਸਹੀ ਰਾਹ ਦਸਿਆ ਜਾ ਸਕੇ। (ਗੁਰੂ) ਰਾਮਦਾਸ ਜੀ ਭੀ ਤਦੋਂ ਨਾਲ ਗਏ ਸਨ। ਜਦੋਂ ਕਈ ਸੁਆਰਥੀ ਲੋਕਾਂ ਨੇ ਸਿੱਖਾਂ ਨੂੰ ਇਹ ਟਪਲੇ ਲਾਣੇ ਸ਼ੁਰੂ ਕੀਤੇ ਕਿ ਗੁਰੂ ਅਮਰਦਾਸ ਜੀ ਅਭੀਚ ਪੁਰਬ ਸਮੇ ਤੀਰਥਾਂ ਦੇ ਇਸ਼ਨਾਨ ਨੂੰ ਗਏ ਸਨ, ਸਿੱਖਾਂ ਨੂੰ ਭੀ ਸਤਿਗੁਰੂ ਦੇ ਪੂਰਨਿਆਂ ਉਤੇ ਤੁਰ ਕੇ ਤੀਰਥਾਂ 'ਤੇ ਜਾਣਾ ਚਾਹੀਦਾ ਹੈ, ਤਾਂ ਗੁਰੂ ਰਾਮਦਾਸ ਜੀ ਨੇ ਗੁਰੂ ਬਣਨ 'ਤੇ ਤੁਖਾਰੀ ਰਾਗ ਵਿਚ ਇਕ ਛੰਤ ਲਿਖਿਆ, ਜਿਸ ਵਿਚ ਇਹ ਸਮਝਾਇਆ ਕਿ ਗੁਰੂ ਅਮਰਦਾਸ ਜੀ ਤੀਰਥਾਂ ਦੇ ਇਸ਼ਨਾਨ ਲਈ ਨਹੀਂ ਗਏ ਸਨ, ਉਹ ਤਾਂ ਉਥੇ ਆਏ ਹਿੰਦੂਆਂ ਨੂੰ ਇਹ ਦੱਸਣ ਗਏ ਸਨ ਕਿ ਗੁਰੂ ਦੇ ਦੱਸੇ ਰਾਹ ਉੱਤੇ ਤੁਰਨਾ ਹੀ ਅਸਲ ਤੀਰਥ-ਇਸ਼ਨਾਨ ਹੈ, ਪਰਮਾਤਮਾ ਦਾ ਸਿਮਰਨ ਕਰੋ ਅਤੇ ਉਸ ਨੂੰ ਸਾਰੀ ਖ਼ਲਕਤ ਵਿਚ ਵੇਖ ਕੇ ਸਭ ਨਾਲ ਪਿਆਰ ਕਰੋ, ਕਿਸੇ ਨੂੰ ਨੀਵਾਂ ਜਾਣ ਕੇ ਉਸ ਤੋਂ ਨਫ਼ਰਤ ਨਾ ਕਰੋ।

## ਬਾਉਲੀ ਦੀ ਸੇਵਾ

ਕੁਰਖੇਤ ਹਰਿਦੁਆਰ ਤੋਂ ਵਾਪਸ ਆ ਕੇ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਮਰਯਾਦਾ ਮੁੜ ਉਹੀ ਚਲਾ ਦਿੱਤੀ ਕਿ ਹਰੇਕ ਪ੍ਰਾਣੀ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕੇ। ਤਪੇ ਗੋਂਦੇ ਅਤੇ ਉਸ ਦੇ ਸਾਥੀਆਂ ਨੇ ਵਿਰੋਧਤਾ ਵਧੀਕ ਤੇਜ਼ ਕਰ ਦਿੱਤੀ। ਖੋਜੇ-ਮੁੰਡਿਆਂ ਨੂੰ ਚੁੱਕ ਕੇ ਸਾਂਝੇ ਖੂਹ ਤੋਂ ਪਾਣੀ ਭਰਨ ਗਏ ਸਿੱਖਾਂ ਦੇ ਘੜੇ ਭੰਨਣ ਦੀ ਛੇੜਖ਼ਾਨੀ ਸ਼ੁਰੂ ਕਰਾ ਦਿੱਤੀਓ ਨੇ। ਇਸ ਤੋਂ ਖ਼ਤਰਾ ਇਹ ਸੀ ਕਿ ਕਿਤੇ ਝਗੜਾ ਵਧ ਕੇ ਗੁਆਂਢੀ ਭਰਾਵਾਂ ਦੇ ਆਪੋ ਵਿਚ ਦੇ ਭਾਈਚਾਰਕ ਸੰਬੰਧ ਨਾ ਟੁੱਟ ਜਾਣ। ਗੁਰੂ ਅਮਰਦਾਸ ਜੀ ਨੇ ਸਦਾ ਲਈ ਇਸ ਕਲਹ ਨੂੰ ਮੁਕਾਣ ਲਈ ਸੰਨ ੧੫੫੯ ਵਿਚ ਆਪਣੀ ਵੱਖਰੀ ਬਾਉਲੀ ਲਵਾਣੀ ਸ਼ੁਰੂ ਕਰ ਦਿੱਤੀ। ਜਾਤਿ-ਅਭਿਮਾਨੀਆਂ ਦੀ ਇਸ ਵਧੀਕੀ ਦਾ ਸੁਭਾਵਕ ਹੀ ਇਹ ਸਿੱਟਾ ਨਿਕਲਣਾ ਸੀ ਕਿ ਸਿਖ ਦੂਰੋਂ ਦੂਰੋਂ ਆ ਕੇ ਇਸ ਬਾਉਲੀ ਨੂੰ

ਛੇਤੀ ਤਿਆਰ ਕਰਨ ਲਈ ਆਪਣੀ ਹੱਥੀਂ ਸੇਵਾ ਕਰਨ।

(ਗੁਰੂ) ਰਾਮਦਾਸ ਜੀ ਦੀ ਉਮਰ ਉਸ ਵੇਲੇ ੨੫ ਸਾਲਾਂ ਦੀ ਸੀ। ਦੁਨੀਆ ਵਾਲੇ ਸਾਕੋਂ ਇਹ ਗੁਰੂ ਅਮਰਦਾਸ ਜੀ ਦੇ ਜਵਾਈ ਸਨ, ਪਰ ਇਹਨਾਂ ਦੇ ਅੰਦਰ ਕਿਤੇ ਰਤਾ ਭਰ ਭੀ ਅਜਿਹਾ ਮਾਣ-ਅਹੰਕਾਰ ਨਹੀਂ ਸੀ। ਜਿਵੇਂ ਹੋਰ ਸਿਖ ਗਾਰੇ ਮਿੱਟੀ ਚੂਨੇ ਆਦਿਕ ਦੀ ਸੇਵਾ ਕਰਦੇ ਸਨ ਤੇ ਟੋਕਰੀ ਢੋਂਦੇ ਸਨ, ਤਿਵੇਂ (ਗੁਰੂ) ਰਾਮਦਾਸ ਜੀ ਭੀ ਕਿਸੇ ਕੰਮ ਤੋਂ ਸੰਕੋਚ ਨਹੀਂ ਸਨ ਕਰਦੇ।

ਪਰ ਪੁਰਾਣਾ ਅਖਾਣ ਤੁਰਿਆ ਆ ਰਿਹਾ ਹੈ—ਸ਼ਰੀਕ ਲਾਣ ਲੀਕ। (ਗੁਰੂ) ਰਾਮਦਾਸ ਜੀ ਦੇ ਲਾਹੌਰ-ਨਿਵਾਸੀ ਕੁਝ ਸੋਢੀ ਸ਼ਰੀਕ ਭਰਾ ਹਰਿਦੁਆਰ ਆਦਿਕ ਤੀਰਥਾਂ ਨੂੰ ਤਿਆਰ ਹੋਏ। ਲਾਹੌਰੋਂ ਸ਼ਾਹੀ ਸੜਕ ਗੋਇੰਦਵਾਲ ਦੇ ਪਾਸੋਂ ਹੀ ਲੰਘਦੀ ਸੀ, ਇਕ ਪੜਾਅ ਇਥੇ ਆ ਕੀਤੋ ਨੇ। ਉਹਨੀਂ ਦਿਨੀਂ ਬਾਉਲੀ ਬਣ ਰਹੀ ਸੀ, ਅਨੇਕਾਂ ਗ਼ਰੀਬ ਅਮੀਰ ਸਿਖ ਟੋਕਰੀ ਢੋ ਰਹੇ ਸਨ। 'ਗੁਰੂ' ਰਾਮਦਾਸ ਜੀ ਨੂੰ ਭੀ ਸਿਰ ਉਤੇ ਮਿੱਟੀ ਦੀ ਟੋਕਰੀ ਚੁੱਕੀ ਆਉਂਦਿਆਂ ਵੇਖਿਓ ਨੇ। ਬੜੇ ਛਿੱਥੇ ਪਏ ਅਤੇ ਉਹਨਾਂ ਨੂੰ ਆਖਣ ਲੱਗੇ ਕਿ ਸਹੁਰੇ-ਘਰ ਰਹਿ ਕੇ ਮਜੂਰੀ ਹੀ ਕਰਨੀ ਸੀ ਤਾਂ ਇਹ ਕੰਮ ਲਾਹੌਰ ਹੀ ਕਰ ਲੈਣਾ ਸੀ। ਇਥੇ ਆ ਕੇ ਸਾਡਾ ਨੱਕ ਕਿਉਂ ਵੱਢਿਓ ਈ ? ਉਹਨਾਂ ਦੇ ਮਨ ਦਾ ਰੋਹ ਅਜੇ ਭੀ ਮੱਠਾ ਨਾ ਹੋਇਆ, ਸਿੱਧੇ ਗੁਰੂ ਅਮਰਦਾਸ ਜੀ ਪਾਸ ਗਏ। ਕ੍ਰੋਧ ਵਿਚ ਗੁਰੂ ਦਾ ਆਦਰ-ਸਤਿਕਾਰ ਕਰਨਾ ਭੀ ਭੁੱਲ ਗਇਓ ਨੇ। ਜਾ ਕੇ ਗਿਲਾ ਕਰਨ ਲੱਗੇ ਕਿ ਸਾਡੇ ਸ਼ਰੀਕ-ਭਰਾ ਤੋਂ ਅਜਿਹੇ ਨੀਵੇਂ ਕੰਮ ਕਰਾ ਕੇ ਤੁਸਾਂ ਸਾਨੂੰ ਬੜੀ ਨਮੋਸ਼ੀ ਦਿਵਾਈ ਹੈ। ਉਹਨਾਂ ਦੇ ਇਹ ਖਰ੍ਹਵੇ ਬੋਲ ਸੁਣ ਕੇ (ਗੁਰੂ) ਰਾਮਦਾਸ ਜੀ ਸਤਿਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ ਅਤੇ ਆਖਣ ਲੱਗੇ—ਪਾਤਿਸ਼ਾਹ ! ਇਹ ਅੰਞਾਣ ਹਨ। ਇਹਨਾਂ ਨੂੰ ਪਤਾ ਨਹੀਂ ਕਿ ਇਹ ਕੀ ਬੋਲ ਰਹੇ ਹਨ। ਤੁਸਾਂ ਇਹਨਾਂ ਦੇ ਅੰਞਾਣਪੁਣੇ ਨੂੰ ਨਾ ਵਿਚਾਰਨਾ। ਜਿਵੇਂ ਹੋਰ ਦੋਖੀ ਵਿਰੋਧੀਆਂ ਨੂੰ ਪਿਆਰ ਨਾਲ ਹੀ ਵੇਖਦੇ ਹੋ, ਇਹਨਾਂ ਉਤੇ ਭੀ ਮਿਹਰ ਹੀ ਰੱਖਣੀ।

ਗੁਰੂ ਅਮਰਦਾਸ ਜੀ ਦੀ ਉਮਰ ਉਸ ਵੇਲੇ ੮੦ ਸਾਲਾਂ ਦੀ ਸੀ। ਉਹਨਾਂ ਨੇ ਅਜਿਹੇ ਕਈ ਝੱਖੜ ਝੁੱਲਦੇ ਵੇਖੇ ਹੋਏ ਹਨ। ਆਪ ਪਰਬਤ ਵਾਂਗ ਅਹਿੱਲ ਹੋ ਚੁੱਕੇ ਹੋਏ ਸਨ। ਪਰ (ਗੁਰੂ) ਰਾਮਦਾਸ ਜੀ ਦੀ ਉਮਰ ਅਜੇ ੨੫ ਸਾਲਾਂ ਦੀ ਸੀ। ਜਵਾਨੀ ਦੀ ਇਹ ਉਮਰ ਸੀ ਜਿਸ ਵੇਲੇ ਰਤਾ ਭਰ ਚੋਭ ਲੱਗਣ 'ਤੇ ਲਹੂ ਜੋਸ਼ ਵਿਚ ਆ ਸਕਦਾ ਹੈ। ਸ਼ਰੀਕਾਂ ਵਲੋਂ ਆਪਣੀ ਅਤੇ ਆਪਣੇ ਦਿਲ ਦੇ ਪਾਤਿਸ਼ਾਹ ਦੀ ਹੋਈ ਇਸ ਨਿਰਾਦਰੀ ਨੇ ਉਹਨਾਂ ਨੂੰ ਰਤਾ ਭੀ ਡੋਲਣ

ਨਾ ਦਿੱਤਾ। ਖਿੜੇ ਮੱਥੇ ਅਤੇ ਠੰਢੇ-ਜਿਗਰੇ ਟਿਕੇ ਰਹੇ। ਅਕਬਰ ਦੇ ਦਰਬਾਰ ਵਿਚ ਉਜਾਗਰ ਹੋਈ ਉਹਨਾਂ ਦੀ ਉੱਜਲ ਬੁੱਧ ਦਾ ਜ਼ਿਕਰ ਅੱਗੇ ਹੀ ਹਰੇਕ ਸਿਖ ਦੀ ਜੀਭ ਉੱਤੇ ਸੀ। ਅੱਜ ਦੇ ਵਿਖਾਏ ਸਮੁੰਦਰਾਂ ਵਰਗੇ ਡੂੰਘੇ ਜਿਗਰੇ ਨੇ ਸਭ ਦੇ ਅੰਦਰ ਉਹਨਾਂ ਵਾਸਤੇ ਸਤਿਕਾਰ ਲਈ ਡੂੰਘੀ ਥਾਂ ਬਣਾ ਲਈ।

## ਸੰਤਾਨ

(ਗੁਰੂ) ਰਾਮਦਾਸ ਜੀ ਦੇ ਘਰ ੩ ਪੁੱਤਰ ਪੈਦਾ ਹੋਏ। ਸਭ ਤੋਂ ਵੱਡੇ ਬਾਬਾ ਪ੍ਰਿਥੀਚੰਦ ਜੀ ਸਨ। ਦੂਜੇ ਬਾਬਾ ਮਹਾਂਦੇਵ ਜੀ। ਸਭ ਤੋਂ ਛੋਟੇ (ਗੁਰੂ) ਅਰਜਨ ਸਾਹਿਬ ਜੀ ਸਨ। ਇਹਨਾਂ ਦਾ ਜਨਮ ੧੯ ਵੈਸਾਖ ਸੰਮਤ ੧੬੨੦ ਨੂੰ ਹੋਇਆ। ਈਸਵੀ ਸੰਨ ੧੫੬੩ ਸੀ ਅਤੇ ਅਪ੍ਰੈਲ ਦੀ ੧੫ ਤਰੀਕ। (ਗੁਰੂ) ਅਰਜਨ ਦੇਵ ਜੀ ਦੇ ਜਨਮ ਸਮੇ ਗੁਰੂ ਅਮਰਦਾਸ ਜੀ ਦੀ ਉਮਰ ੮੪ ਸਾਲਾਂ ਦੀ ਸੀ।

## ਗੁਰਿਆਈ ਮਿਲਣੀ

ਪਿੱਛੇ ਅਸੀ ਵੇਖ ਆਏ ਹਾਂ ਕਿ ਸਿਖ ਕੌਮ ਦੀ ਵਧਦੀ ਗਿਣਤੀ ਵੇਖ ਕੇ, ਅਤੇ ਹੋਰ ਹਾਲਾਤ ਨੂੰ ਵਿਚਾਰ ਕੇ ਗੁਰੂ ਅਮਰਦਾਸ ਜੀ ਨੇ ਇਹ ਫ਼ੈਸਲਾ ਕਰ ਲਿਆ ਸੀ ਕਿ ਸਿਖ-ਧਰਮ ਦੇ ਪਰਚਾਰ ਦਾ ਕੇਂਦਰ ਗੋਇੰਦਵਾਲ ਤੋਂ ਬਦਲਾਇਆ ਜਾਏ। ਸੰਨ ੧੫੭੦ ਵਿਚ ਥਾਂ ਆਪ ਪਸੰਦ ਕਰ ਕੇ ਉਹਨਾਂ (ਗੁਰੂ) ਰਾਮਦਾਸ ਜੀ ਨੂੰ ਗੁਰੂ ਕਾ ਚੱਕ ਵਸਾਣ ਦਾ ਕੰਮ ਸੌਂਪ ਭੀ ਦਿੱਤਾ। ਉਹਨਾਂ ਦੀ ਹਯਾਤੀ ਵਿਚ ਹੀ ਇਹ ਨਗਰ ਚੰਗੀ ਵੱਸੋਂ ਵਾਲਾ ਹੋ ਗਿਆ। ਉਸ ਵੇਲੇ ਆਪ ਦੀ ਉਮਰ ੯੧ ਸਾਲ ਹੋ ਚੁੱਕੀ ਸੀ।

ਆਪਣਾ ਦੇਹਾਂਤ ਨੇੜੇ ਆਉਂਦਾ ਵੇਖ ਕੇ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਦੇਵ ਜੀ ਦੀ ਚਲਾਈ ਮਰਯਾਦਾ ਅਨੁਸਾਰ ਪੂਰੀ ਪਰਖ ਪਿਛੋਂ ਅਗਸਤ ਸੰਨ ੧੫੭੪ (ਭਾਦਰੋਂ ਸੰਮਤ ੧੬੩੧) ਵਿਚ ਸਾਰੀ ਸੰਗਤ ਅਤੇ ਆਪਣੇ ਪਰਵਾਰ ਦੇ ਸਾਹਮਣੇ (ਗੁਰੂ) ਰਾਮਦਾਸ ਜੀ ਨੂੰ ਗੁਰੂ ਥਾਪ ਦਿੱਤਾ। ਉਸ ਵੇਲੇ ਗੁਰੂ ਰਾਮਦਾਸ ਜੀ ਦੀ ਉਮਰ ੪੦ ਸਾਲਾਂ ਦੀ ਸੀ।

ਇਹ ਕੋਈ ਸਾਧਾਰਨ ਜਿਹੀ ਘਟਨਾ ਨਹੀਂ ਸੀ। ਗੁਰੂ ਰਾਮਦਾਸ ਜੀ ਨੂੰ ਅੱਜ ਉਹ ਰੱਬੀ ਤਖ਼ਤ ਮਿਲ ਰਿਹਾ ਸੀ, ਜਿਸ ਤਖ਼ਤ ਅੱਗੇ ਦੁਨੀਆ ਦੇ ਵੱਡੇ ਵੱਡੇ ਸ਼ਾਹਾਂ ਬਾਦਸ਼ਾਹਾਂ ਰਾਜਿਆਂ ਮਹਾਰਾਜਿਆਂ ਨੇ ਸਿਰ ਨਿਵਾਇਆ ਅਤੇ ਨਿਵਾਣਾ ਸੀ। ਆਪ ਦੀਆਂ ਅੱਖਾਂ ਦੇ ਸਾਹਮਣੇ ਚੂਨੀ ਮੰਡੀ ਦੀਆਂ ਗਲੀਆਂ

ਦਾ ਨਕਸ਼ਾ ਆ ਗਿਆ। ਸੱਤ ਸਾਲਾਂ ਦੀ ਉਮਰ ਤਕ ਦੇ ਉਹ ਦਿਨ ਚੇਤੇ ਆ ਗਏ, ਜਦੋਂ ਨਿੱਕੇ ਜਿਹੇ ਮਾਂ-ਮਹਿੱਟਰ ਹੁੰਦੇ ਹੋਏ ਗ਼ਰੀਬ ਪਿਉ ਦੀ ਝੋਲੀ ਵਿਚ ਪਲ ਰਹੇ ਸਨ, ਜਦੋਂ ੭ ਸਾਲਾਂ ਦੀ ਉਮਰੇ ਪਿਤਾ ਦੇ ਭੀ ਮਰਨ 'ਤੇ ਦੁਨੀਆ ਵਿਚ ਯਤੀਮ ਰਹਿ ਗਏ ਸਨ। ਤਦੋਂ ਅਨਾਥ ਬਾਲ ਦੀ ਕੌਣ ਵਾਤ ਪੁੱਛਦਾ ਸੀ ? ਆਪਣੇ ਪਿਉ ਦੇ ਘਰ ਨੂੰ ਸਦਾ ਲਈ ਜੰਦਰਾ ਵੱਜਦਾ ਵੇਖ ਕੇ ਸਹਿਮ ਜਿਹੇ ਵਿਚ ਨਾਨੀ ਦੀ ਉਂਗਲੀ ਫੜ ਕੇ ਸਦਾ ਵਾਸਤੇ ਚੂਨੀ ਮੰਡੀ ਦੀਆਂ ਗਲੀਆਂ ਤੋਂ ਵਿਦਾ ਹੋ ਆਏ ਸਨ।

ਜਿਸ ਵੇਲੇ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਚੌਕੀ ਉਤੇ ਬਿਠਾ ਕੇ ਭਰੇ ਦੀਵਾਨ ਵਿਚ ਆਪ ਇਹਨਾਂ ਅੱਗੇ ਮੱਥਾ ਟੇਕਿਆ, ਤਾਂ ਇਹ ਵੈਰਾਗ ਵਿਚ ਆ ਕੇ ਬੋਲ ਉੱਠੇ—ਪਾਤਿਸ਼ਾਹ ! ਤੂੰ ਆਪ ਜਾਣਦਾ ਹੈਂ, ਜਦੋਂ ਮੈਂ ਯਤੀਮ ਲਾਹੌਰ ਦੀਆਂ ਗਲੀਆਂ ਵਿਚੋਂ ਨਿ-ਆਸਰਾ ਹੋ ਕੇ ਨਿਕਲਿਆ ਸਾਂ, ਤਦੋਂ ਮੇਰਾ ਕੀ ਹਾਲ ਸੀ। ਮੈਂ ਗਲੀਆਂ ਦੇ ਕੱਖਾਂ ਵਾਂਗ ਰੁਲਦਾ ਸਾਂ, ਲਾਹੌਰ ਨਿਵਾਸੀ ਮੇਰੇ ਸਾਕਾਂ-ਅੰਗਾਂ ਵਿਚੋਂ ਕੋਈ ਮੇਰੀ ਬਾਂਹ ਫੜਨ ਨੂੰ ਤਿਆਰ ਨਹੀਂ ਸੀ। ਨਾਨੀ ਨੇ ਮੈਨੂੰ ਗਲ ਲਾਇਆ, ਪਰ ਨਾਨੀ ਭੀ ਵਿਚਾਰੀ ਗ਼ਰੀਬਣੀ ਹੀ ਸੀ। ਪਾਤਿਸ਼ਾਹ ! ਨਿੱਕੇ ਜਿਹੇ ਕੀੜੇ ਦੀ ਕੀ ਪਾਇਆਂ ਹੈ ? ਬੱਸ ! ਮੈਂ ਇਕ ਕੀੜਾ ਸੀ। ਮੇਰੇ ਸਤਿਗੁਰਾ ! ਇਹ ਤੇਰੀ ਮਿਹਰ ਸੀ, ਤੂੰ ਮੈਨੂੰ ਪਿਆਰ ਨਾਲ ਤੱਕਿਆ, ਤੂੰ ਮੇਰੀ ਯਤੀਮ ਦੀ ਬਾਂਹ ਫੜੀ, ਮੈਨੂੰ ਮਿੱਟੀ ਵਿਚ ਰੁਲਦੇ ਨੂੰ ਅੱਜ ਤੂੰ ਅਰਸ਼ਾਂ 'ਤੇ ਅਪੜਾ ਦਿੱਤਾ ਹੈ।

ਵੈਰਾਗ ਦੀ ਇਸ ਕਾਂਗ ਦੀ ਤਸਵੀਰ ਗੁਰੂ ਰਾਮਦਾਸ ਜੀ ਨੇ ਫਿਰ ਆਪਣੀ ਬਾਣੀ ਵਿਚ ਇਉਂ ਖਿੱਚ ਦਿੱਤੀ :

**ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ !**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ,**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

*(ਗਉੜੀ ਬੈਰਾਗਣਿ ਮਹਲਾ ੪, ਪੰਨਾ ੧੬੭)*



 www.sikhbookclub.com

# ਤੀਜਾ ਕਾਂਡ

## ਧਰਮ-ਕੇਂਦਰ ਮਾਝੇ ਦੀ ਧੁੰਨੀ ਵਿਚ

ਅਸੀ ਪਿਛੇ ਵੇਖ ਆਏ ਹਾਂ ਕਿ ਗੁਰੂ ਅਮਰਦਾਸ ਜੀ ਨੇ ੨੨ ਸਾਲਾਂ ਦੀ ਗੁਰਿਆਈ ਦੇ ਸਮੇ ਰਾਵੀ-ਬਿਆਸ ਦੇ ਵਿਚਕਾਰ ਮਾਝੇ ਦਾ ਚੱਪਾ ਚੱਪਾ ਗਾਹ ਲਿਆ ਸੀ। ਸਿੱਖਾਂ ਦੀ ਵਧਦੀ ਗਿਣਤੀ ਅਤੇ ਦੇਸ਼ ਦੇ ਹੋਰ ਹਾਲਾਤ ਨੂੰ ਸਾਹਮਣੇ ਰੱਖ ਕੇ ਉਹਨਾਂ ਇਹ ਫ਼ੈਸਲਾ ਕੀਤਾ ਕਿ ਧਰਮ-ਪਰਚਾਰ ਦਾ ਕੇਂਦਰ ਮਾਝੇ ਦੀ ਧੁੰਨੀ ਵਿਚ ਲਿਆਂਦਾ ਜਾਏ। ਇਸੇ ਕਰਕੇ ਉਹਨਾਂ ਗੁੰਮਟਾਲਾ, ਤੁੰਗ, ਸੁਲਤਾਨਵਿੰਡ, ਗਿਲਵਾਲੀ ਆਦਿਕ ਪਿੰਡਾਂ ਦੇ ਵਿਚਾਲੇ ਜ਼ਮੀਨ ਲੈ ਕੇ ਸੰਨ ੧੫੭੦ ਵਿਚ (ਗੁਰੂ) ਰਾਮਦਾਸ ਜੀ ਨੂੰ ਨਵਾਂ ਪਿੰਡ ਚੱਕ-ਗੁਰੂ ਵਸਾਣ ਦਾ ਕੰਮ ਸਪੁਰਦ ਕੀਤਾ ਸੀ।

ਜਦੋਂ ਗੁਰੂ ਅਮਰਦਾਸ ਜੀ ੧ ਸਤੰਬਰ ੧੫੭੪ ਨੂੰ ਜੋਤੀ ਜੋਤਿ ਸਮਾ ਗਏ, ਅਤੇ ਗੁਰੂ ਰਾਮਦਾਸ ਜੀ ਗੁਰੂ ਬਣੇ ਤਾਂ ਇਹਨਾਂ ਗੁਰੂ-ਚੱਕ ਵਿਚ ਰੌਣਕ ਵਧਾਣ ਵੱਲ ਖ਼ਾਸ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਪਰ ਨਿਰਾ ਨਗਰ ਹੀ ਨਹੀਂ ਵਸਾਣਾ ਸੀ। ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕੰਢੇ ਕਰਤਾਰਪੁਰ ਵਸਾਇਆ, ਆਪਣੇ ਖ਼ਿਆਲਾਂ ਦਾ ਪਰਚਾਰ ਕਰਨ ਲਈ ਅਤੇ ਸਭ ਜਾਤੀਆਂ ਦੇ ਬੰਦਿਆਂ ਨੂੰ ਇਕੋ ਥਾਂ ਸੰਗਤ ਵਿਚ ਰਲ ਕੇ ਬੈਠਣ ਦਾ ਸੁਭਾਉ ਪਕਾਣ ਲਈ ਧਰਮਸਾਲ ਭੀ ਬਣਾਈ। ਕਰਤਾਰਪੁਰ ਦਰਿਆ ਦੇ ਕੰਢੇ ਸੀ, ਇਲਾਕੇ ਵਿਚ ਸਿੱਖਾਂ ਦੀ ਗਿਣਤੀ ਭੀ ਅਜੇ ਬਹੁਤ ਜ਼ਿਆਦਾ ਨਹੀਂ ਹੋਈ ਹੋਵੇਗੀ। ਰੋਜ਼ਾਨਾ ਸਤਸੰਗਾਂ ਵਾਸਤੇ ਇਕ ਸਾਧਾਰਨ ਜਿਹੀ ਧਰਮਸਾਲ ਨਾਲ ਹੀ ਕੰਮ ਸਰ ਗਿਆ। ਗੁਰੂ ਅੰਗਦ ਸਾਹਿਬ ਖਡੂਰ ਆ ਕੇ, ਆਪਣਾ ਵਧੀਕ ਸਮਾ ਪਿੰਡਾਂ ਵਿਚ ਆਪ ਜਾ ਜਾ ਕੇ ਪਰਚਾਰ ਕਰਦੇ ਰਹੇ, ਕਿਉਂਕਿ ਇਸ ਇਲਾਕੇ ਨੂੰ ਉਸ ਇਸਲਾਮੀ ਅਸਰ ਤੋਂ ਬਚਾਣਾ ਸੀ ਜੋ ਚਿਨਾਬ ਤੋਂ ਅਗਾਂਹ ਲੰਘ ਆਇਆ ਸੀ। ਇਹੀ ਤਰੀਕਾ ਕਰਤਾਰਪੁਰ ਰਹਿ ਕੇ ਗੁਰੂ ਨਾਨਕ ਸਾਹਿਬ ਵਰਤਦੇ ਰਹੇ ਸਨ ਅਤੇ ਗੁਰੂ ਅੰਗਦ ਦੇਵ ਜੀ ੭ ਸਾਲ ਉਹਨਾਂ ਪਾਸ ਰਹਿ ਕੇ ਵੇਖਦੇ ਰਹੇ



 www.sikhbookclub.com

ਸਨ। ਖਡੂਰ ਵਿਚ ਭੀ ਸਾਧਾਰਨ ਆਕਾਰ ਦੀ ਧਰਮਸਾਲ ਨਾਲ ਹੀ ਕੰਮ ਚਲਾਇਆ ਗਿਆ। ਗੁਰੂ ਅਮਰਦਾਸ ਜੀ ਦੇ ਵੇਲੇ ਇਹ ਕੇਂਦਰ ਗੋਇੰਦਵਾਲ ਜਾ ਬਣਿਆ। ਉਹ ਭੀ ਦਰਿਆ ਦਾ ਕੰਢਾ ਸੀ। ਨਾ ਤਾਂ ਆਏ ਸਿੱਖਾਂ ਲਈ ਕਿਸੇ ਸਰੋਵਰ ਆਦਿਕ ਦੀ ਲੋੜ ਸੀ ਅਤੇ ਨਾ ਹੀ ਧਰਮਸਾਲ ਦੀ ਉਸਾਰੀ ਵਾਸਤੇ ਕੋਈ ਖ਼ਾਸ ਉਚੇਚ ਵਰਤਿਆ ਗਿਆ। ਹਾਂ, ਜਦੋਂ ਜਾਤਿ-ਅਭਿਮਾਨੀਆਂ ਨੇ ਵਿਰੋਧਤਾ ਸ਼ੁਰੂ ਕੀਤੀ ਅਤੇ ਆਖ਼ਰ ਛੇੜਖ਼ਾਨੀ ਇਤਨੀ ਵਧਾ ਦਿੱਤੀਓ ਨੇ ਕਿ ਪਿਆਰ-ਸਲੂਕ ਨਾਲ ਵੱਸਦੇ ਗੁਆਂਢੀਆਂ ਵਿਚ ਹੱਥੋ-ਪਾਈ ਦਾ ਖ਼ਤਰਾ ਆ ਬਣਿਆ, ਤਾਂ ਗੁਰੂ ਅਮਰਦਾਸ ਜੀ ਨੇ ਬਾਉਲੀ ਬਣਵਾਣੀ ਸ਼ੁਰੂ ਕੀਤੀ। ਜਾਤਿ-ਅਭਿਮਾਨੀਆਂ ਦੀ ਈਰਖਾ ਨੇ ਸੁਤੇ ਹੀ ਸਿੱਖਾਂ ਵਿਚ ਆਪਣੀ ਹਸਤੀ ਕਾਇਮ ਰੱਖਣ ਲਈ ਜਾਗਰਤ ਲੈ ਆਂਦੀ। ਦੂਰੋਂ ਦੂਰੋਂ ਆ ਕੇ ਸਿਖ ਮਨ ਲਾ ਕੇ ਤਨ ਨਾਲ ਅਤੇ ਧਨ ਨਾਲ ਸੇਵਾ ਕਰਦੇ ਰਹੇ।

ਮਾਝਾ ਜਾਗ ਪਿਆ ਸੀ। ਸਿਖ ਧਰਮ ਦਾ ਕੇਂਦਰ ਮਾਝੇ ਦੇ ਵਿਚਕਾਰ ਲਿਆਂਦਾ ਗਿਆ। ਨਗਰ ਦੇ ਨਾਲ ਧਰਮ-ਅਸਥਾਨ ਦਾ ਹੋਣਾ ਭੀ ਜ਼ਰੂਰੀ ਸੀ। ਪਿੰਡਾਂ ਵਿਚ ਪਰਚਾਰ ਤਾਂ ਕਾਇਮ ਰੱਖਣਾ ਸੀ, ਪਰ ਗੁਰੂ ਰਾਮਦਾਸ ਜੀ ਨੇ ਇਹ ਭੀ ਜ਼ਰੂਰੀ ਸਮਝਿਆ ਕਿ ਕੇਂਦਰੀ ਨਗਰ ਵਿਚ ਭੀ ਇਕ ਸ਼ਾਨਦਾਰ ਧਰਮ-ਅਸਥਾਨ ਬਣਾਇਆ ਜਾਏ, ਜੋ ਵਧਦੀ ਸਿਖ ਗਿਣਤੀ ਦੀਆਂ ਲੋੜਾਂ ਪੂਰੀਆਂ ਕਰ ਸਕੇ। ਗੁਰੂ-ਚੱਕ ਤੋਂ ਬਾਹਰਵਾਰ, ਪਰ ਨੇੜੇ ਹੀ ਸਤਿਗੁਰੂ ਜੀ ਨੇ ਇਕ ਸਰੋਵਰ ਬਣਵਾਣ ਦੀ ਤਜਵੀਜ਼ ਕੀਤੀ। ਸਭ ਤੋਂ ਪਹਿਲੀ ਲੋੜ ਹੀ ਇਹੀ ਸੀ, ਕਿਉਂਕਿ ਨਗਰ ਗੁਰੂ- ਚੱਕ ਦਰਿਆ ਦੇ ਕੰਢੇ ਨਹੀਂ ਸੀ। ਗੁਰੂ ਰਾਮਦਾਸ ਜੀ ਦੀ ਉੱਚੀ ਖ਼ਿਆਲ-ਉਡਾਰੀ ਨੇ ਧਰਮ-ਅਸਥਾਨ ਨੂੰ ਇਸ ਸਰੋਵਰ ਦੇ ਠੀਕ ਵਿਚਕਾਰ ਥਾਂ ਦਿੱਤੀ। ਕੰਨਾਂ ਨੂੰ ਸੋਹਣੇ ਕੀਰਤਨ ਦੀ ਖਿੱਚ ਪਏ ਅਤੇ ਅੱਖਾਂ ਨੂੰ ਨਿਰਮਲ ਜਲ ਦੇ ਵਿਚਕਾਰ ਉਸਰੇ ਸੋਹਣੇ ਹਰਿਮੰਦਰ ਦਾ ਦ੍ਰਿਸ਼ ਖਿੱਚ ਪਾਏ।

ਪਰ ਇਹ ਕੰਮ ਦਿਨਾਂ ਤੇ ਮਹੀਨਿਆਂ ਵਿਚ ਮੁੱਕਣ ਵਾਲਾ ਨਹੀਂ ਸੀ। ਬਣਾਣਾ ਭੀ ਸੀ ਪੱਕਾ, ਜੋ ਰਹਿੰਦੀ ਦੁਨੀਆ ਤਕ ਅਹਿੱਲ ਖਲੋਤਾ ਰਹੇ। ਮੁਗ਼ਲ ਬਾਦਸ਼ਾਹਾਂ ਦੀ ਰੁਚੀ ਕਰਕੇ ਜਨਤਾ ਵਿਚ ਇਹ ਸ਼ੌਕ ਜਾਗ ਹੀ ਪਿਆ ਹੋਇਆ ਸੀ ਕਿ ਸਾਂਝੀਆਂ ਇਮਾਰਤਾਂ ਆਲੀਸ਼ਾਨ ਬਣਨ। ਪਰ ਬਾਦਸ਼ਾਹਾਂ ਪਾਸ ਰਸੂਖ਼ ਭੀ ਸੀ ਅਤੇ ਧਨ ਭੀ ਸੀ, ਲੋਕਾਂ ਨੂੰ ਵਗਾਰੇ ਭੀ ਫੜਿਆ ਜਾ ਸਕਦਾ ਸੀ। ਗੁਰੂ ਕਾ ਦਰਬਾਰ ਨਿਰੋਲ ਸਿੱਖਾਂ ਦੇ ਪ੍ਰੇਮ ਆਸਰੇ ਬਣਨਾ ਸੀ। ਇਸ ਦੇ ਮੁਕੰਮਲ


www.sikhbookclub.com

ਹੋਣ ਵਿਚ ਕਈ ਸਾਲ ਲੱਗ ਗਏ। ਗੁਰੂ ਰਾਮਦਾਸ ਜੀ ਸਿਰਫ਼ ਸਰੋਵਰ ਹੀ ਬਣਾ ਸਕੇ, ਹਰਿਮੰਦਰ ਸਾਹਿਬ ਗੁਰੂ ਅਰਜਨ ਸਾਹਿਬ ਦੇ ਵੇਲੇ ਬਣਿਆ।

ਜਿਤਨੀ ਜ਼ਮੀਨ ਗੁਰੂ ਅਮਰਦਾਸ ਜੀ ਦੇ ਵੇਲੇ ਗੁਰੂ-ਚੱਕ ਵਾਸਤੇ ਲਈ ਗਈ ਸੀ, ਤਦ ਉਹ ਵਧਦੀਆਂ ਲੋੜਾਂ ਵਾਸਤੇ ਕਾਫ਼ੀ ਸਾਬਤ ਨਾ ਹੋਈ। ਅਕਬਰ ਬਾਦਸ਼ਾਹ ਸੰਨ ੧੫੭੭ ਦੇ ਸਤੰਬਰ ਮਹੀਨੇ ਵਿਚ ਦਿੱਲੀ ਤੋਂ ਪੰਜਾਬ ਵੱਲ ਆਇਆ, ਦਸੰਬਰ ਵਿਚ ਨਾਰਨੌਲ (ਰਿਆਸਤ ਪਟਿਆਲਾ) ਪਹੁੰਚਿਆ, ਜਿਥੇ ਸ਼ਾਹੀ ਟਕਸਾਲਾਂ ਨੂੰ ਪੱਕੇ ਪੈਰਾਂ 'ਤੇ ਖੜਾ ਕਰਨ ਲਈ ਕਈ ਜ਼ਰੂਰੀ ਫ਼ੈਸਲੇ ਕੀਤੇ ਗਏ ਸਨ। ਮਈ ੧੫੭੮ ਵਿਚ ਅਕਬਰ ਭੇਰੇ ਗਿਆ ਸੀ, ਜਿਥੇ ਹਰਨਾਂ ਦਾ ਸ਼ਿਕਾਰ ਖੇਡਣ ਲਈ ਕਈ ਦਿਨ ਤਿਆਰੀਆਂ ਕੀਤੀਆਂ ਗਈਆਂ ਸਨ, ਪਰ ਅਚਨਚੇਤ ਬਾਦਸ਼ਾਹ ਦੇ ਖ਼ਿਆਲਾਂ ਵਿਚ ਕੋਈ ਪਲਟਾ ਆਉਣ ਕਰਕੇ ਸ਼ਿਕਾਰ ਬੰਦ ਕਰ ਦਿੱਤਾ ਗਿਆ ਸੀ। ਜਦੋਂ ਅਕਬਰ ਨਾਰਨੌਲ ਤੋਂ ਅਗਾਂਹ ਡੇਰੇ ਵੱਲ ਨੂੰ ਲੰਘ ਰਿਹਾ ਸੀ, ਤਾਂ ਸੰਨ ੧੫੭੮ ਦੇ ਸ਼ੁਰੂ ਵਿਚ ਪਿੰਡ ਤੁੰਗ ਦੇ ਮਾਲਕਾਂ ਪਾਸੋਂ ਸੱਤ ਸੌ ਅਕਬਰ-ਸ਼ਾਹੀ ਰੁਪਏ ਦੇ ਕੇ ਪੰਜ ਸੌ ਵਿਘੇ ਹੋਰ ਜ਼ਮੀਨ ਮੁੱਲ ਲਈ ਅਤੇ ਬਾਦਸ਼ਾਹ ਪਾਸੋਂ ਇਸ ਦਾ ਪਟਾ ਲੈ ਲਿਆ।

## ਮਸੰਦ

ਇਹ ਗੱਲ ਤਾਂ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਵਿਚਾਰਵਾਨਾਂ ਨੂੰ ਦਿੱਸ ਰਹੀ ਸੀ ਕਿ ਸਤਿਗੁਰੂ ਜੀ ਦਾ ਚਲਾਇਆ ਹੋਇਆ ਜੀਵਨ-ਰਾਹ ਹਿੰਦੂ-ਮਤ ਨਾਲੋਂ ਕਈ ਰੀਤਾਂ-ਰਸਮਾਂ ਵਿਚ ਵੱਖਰਾ ਹੈ। ਪਰ ਜਾਤਿ-ਅਭਿਮਾਨੀਆਂ ਨੇ ਜਿਉਂ ਜਿਉਂ ਸਿਖ-ਧਰਮ ਦੇ ਰਾਹ ਵਿਚ ਰੁਕਾਵਟਾਂ ਪਾਉਣੀਆਂ ਸ਼ੁਰੂ ਕੀਤੀਆਂ, ਤਿਉਂ ਤਿਉਂ ਇਸ ਦਾ ਅਸਲੀ ਨਿਖੇੜ ਸਾਫ਼ ਤੌਰ 'ਤੇ ਉੱਘੜਨ ਲੱਗ ਪਿਆ। ਤਾਹੀਏਂ ਤਾਂ ਬਾਉਲੀ ਦੀ ਸੇਵਾ ਵਿਚ ਸਿੱਖਾਂ ਵਲੋਂ ਇਤਨਾ ਉਤਸ਼ਾਹ ਵਿਖਾਇਆ ਗਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਜੋਤੀ ਜੋਤਿ ਸਮਾਣ ਵੇਲੇ ਕਿਰਿਆ-ਕਰਮ ਵਲੋਂ ਸਿੱਖਾਂ ਨੂੰ ਖੁਲ੍ਹੇ ਲਫ਼ਜ਼ਾਂ ਵਿਚ ਵਰਜਿਆ, ਤਾਂ ਸਾਫ਼ ਦਿੱਸ ਪਿਆ ਕਿ ਜਿਥੋਂ ਤਕ ਸਿਖ-ਧਰਮ ਦੀ ਮਰਯਾਦਾ ਦਾ ਸੰਬੰਧ ਹੈ, ਸਿੱਖਾਂ ਨੇ ਨਿਰੋਲ ਗੁਰੂ ਦੇ ਦੱਸੇ ਹੋਏ ਪੂਰਨਿਆਂ ਉਤੇ ਤੁਰਨਾ ਹੈ। ਹਿੰਦੂ ਰਸਮਾਂ ਨਾਲ ਮਿੱਲ-ਗੋਭਾ ਟਿਕਿਆ ਨਹੀਂ ਰਹੇਗਾ। ਜਦੋਂ ਸੰਗਤਾਂ ਨੂੰ ਦੂਰ ਦੂਰ ਥਾਵਾਂ 'ਤੇ ਖ਼ਬਰਾਂ ਮਿਲੀਆਂ ਕਿ ਬੜਾ ਸ਼ਾਨਦਾਰ ਨਵਾਂ ਸਿਖ-ਕੇਂਦਰ ਮਾਝੇ ਦੇ ਵਿਚਕਾਰ ਬਣ ਰਿਹਾ ਹੈ, ਤਾਂ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਆਪ-ਮੁਹਾਰੇ

ਹੀ ਸਿੱਖਾਂ ਦੇ ਅੰਦਰ ਪਿਆਰ, ਸੇਵਾ ਅਤੇ ਕੁਰਬਾਨੀ ਦੀ ਲਹਿਰ ਚੱਲ ਪਈ। ਇਤਨੇ ਵੱਡੇ ਕੰਮ ਨੂੰ ਮੁਕੰਮਲ ਕਰਨ ਲਈ ਮਾਇਆ ਦੀ ਲੋੜ ਤਾਂ ਸੀ ਹੀ, ਮਾਇਆ ਭੀ ਬੇਅੰਤ ਚਾਹੀਦੀ ਸੀ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਥਾਪੀਆਂ ੨੨ ਮੰਜੀਆਂ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਸਿਆਣੇ ਇਤਬਾਰੀ ਸਿਖ ਭੇਜੇ, ਜੋ ਸਿੱਖਾਂ ਪਾਸੋਂ ਮਾਇਆ ਇਕੱਠੀ ਕਰ ਕੇ ਉਹਨਾਂ ਪਾਸ ਅਪੜਾਣ। ਇਹਨਾਂ ਨਵੇਂ ਪਰਚਾਰਕਾਂ ਦਾ ਨਾਂ ਸਿਖ-ਇਤਿਹਾਸ ਵਿਚ 'ਮਸੰਦ' ਪੈ ਗਿਆ।

## ਸਰੋਵਰ ਦੀ ਪਵਿੱਤਰਤਾ

ਅਸੀ ਵੇਖ ਆਏ ਹਾਂ ਕਿ ਜਦੋਂ ਗੋਇੰਦਵਾਲ ਦੀ ਬਾਉਲੀ ਬਣ ਰਹੀ ਸੀ, ਤਾਂ ਉਥੇ ਅਮੀਰ ਗ਼ਰੀਬ, ਛੋਟੇ ਵੱਡੇ ਸਭ ਸਿਖ ਮਿਹਨਤ-ਮਜੂਰੀ ਦਾ ਹਰੇਕ ਕਿਸਮ ਦਾ ਕੰਮ ਕਰਦੇ ਸਨ ਅਤੇ ਕਰਨ ਵਿਚ ਆਪਣੇ ਚੰਗੇ ਭਾਗ ਸਮਝਦੇ ਸਨ। ਇਹ ਉਤਸ਼ਾਹ ਠਾਠਾਂ ਮਾਰਦਾ ਭੀ ਕਿਉਂ ਨਾ ? ਗੁਰੂ ਅਮਰਦਾਸ ਜੀ ਦੇ ਆਪਣੇ ਜਵਾਈ (ਗੁਰੂ) ਰਾਮਦਾਸ ਜੀ, ਜੋ ਉਸ ਵੇਲੇ ੨੫ ਸਾਲਾਂ ਦੇ ਗੱਭਰੂ ਸਨ, ਸਾਰਾ ਸਾਰਾ ਦਿਨ ਆਪ ਸਿਰ ਉਤੇ ਮਿੱਟੀ ਦੀਆਂ ਟੋਕਰੀਆਂ ਢੋਂਦੇ ਰਹਿੰਦੇ ਸਨ। ਜਦੋਂ ਗੁਰੂ-ਚੱਕ ਵਿਚ ਸਰੋਵਰ ਬਣਨਾ ਸ਼ੁਰੂ ਹੋਇਆ, ਓਦੋਂ ਗੁਰੂ ਰਾਮਦਾਸ ਜੀ ਨੂੰ ਭਾਵੇਂ ਹੋਰ ਬੇਅੰਤ ਰੁਝੇਵੇਂ ਸਨ—ਆਏ ਸਿੱਖਾਂ ਨੂੰ ਦੋਵੇਂ ਵੇਲੇ ਗੁਰਮਤਿ ਦਾ ਉਪਦੇਸ਼, ਸਭਨਾਂ ਦੀ ਰਿਹਾਇਸ਼ ਤੇ ਰੋਟੀ ਦੇ ਪਰਬੰਧ ਦੀ ਦੇਖ-ਭਾਲ, ਚੂਨੇ, ਇੱਟਾਂ ਆਦਿਕ ਮਸਾਲੇ ਦੀ ਤਿਆਰੀ ਵਾਸਤੇ ਰੋਜ਼ ਰੋਜ਼ ਸਿਆਣਿਆਂ ਦੇ ਇਕੱਠ ਕਰਾਣੇ, ਨਗਰ ਦੀਆਂ ਇਮਾਰਤਾਂ ਭੀ ਬਣ ਰਹੀਆਂ ਸਨ, ਅਤੇ ਇਤਨਾ ਵੱਡਾ ਸਰੋਵਰ ਭੀ ਤਿਆਰ ਹੋ ਰਿਹਾ ਸੀ, ਜਿਥੇ ਲੱਖਾਂ ਇੱਟਾਂ ਅਤੇ ਮਣਾਂ-ਮੂੰਹੀਂ ਚੂਨਾ ਚਾਹੀਦਾ ਸੀ, ਹਜ਼ਾਰਾਂ ਦੀ ਗਿਣਤੀ ਵਿਚ ਨਿੱਤ ਆਏ ਸਿੱਖਾਂ ਦੇ ਲੰਗਰ ਲਈ ਰਸਦ ਦਾ ਬਾਹਰੋਂ ਮੰਗਾਇਆ ਜਾਣਾ—ਅਜਿਹੇ ਅਨੇਕਾਂ ਰੁਝੇਵੇਂ ਹੁੰਦਿਆਂ ਭੀ ਗੁਰੂ ਰਾਮਦਾਸ ਜੀ ਵੇਹਲਾ ਸਮਾ ਮਿਲਣ 'ਤੇ ਆਪ ਭੀ ਟੋਕਰੀ ਫੜ ਲੈਂਦੇ ਸਨ ਅਤੇ ਮਿੱਟੀ ਗਾਰੇ ਚੂਨੇ ਆਦਿਕ ਦੀ ਹਰ ਕਿਸਮ ਦੀ ਸੇਵਾ ਕਰਦੇ ਸਨ। (ਗੁਰੂ) ਅਰਜਨ ਸਾਹਿਬ ਦੀ ਉਮਰ ਉਸ ਵਕਤ ੧੫ ਸਾਲਾਂ ਤੋਂ ਟੱਪ ਚੁੱਕੀ ਸੀ। ਪਿਤਾ-ਗੁਰੂ ਦੇ ਪਾਏ ਪੂਰਨਿਆਂ ਉਤੇ ਉਹ ਭੀ ਤੁਰਦੇ ਸਨ, ਪਰਬੰਧ ਵਿਚ ਭੀ ਹੱਥ ਵਟਾਂਦੇ ਸਨ ਅਤੇ ਟੋਕਰੀ ਢੋਣ ਵਾਲੀ ਮਿਹਨਤ-ਮਜੂਰੀ ਭੀ ਕਰਦੇ ਸਨ। ਇਹ ਇਕ ਅਲੌਕਿਕ ਖੇਡ ਸੀ। ਲੋਕ ਹੁਣ ਤਕ ਦੇ ਮਹੰਤਾਂ ਤੇ ਪੰਡਿਤਾਂ

ਨੂੰ ਗੱਦੀਆਂ ਉਤੇ ਬੈਠੇ ਹੀ ਵੇਖਦੇ ਆ ਰਹੇ ਸਨ। ਗ਼ਰੀਬਾਂ ਦੇ ਦਿਲ ਦਾ ਪਾਤਿਸ਼ਾਹ ਆਪ ਭੀ ਗ਼ਰੀਬਾਂ ਵਾਲੀ ਟੋਕਰੀ ਸਿਰ ਉਤੇ ਚੁੱਕੇ—ਕਿਹੜਾ ਸਿਖ ਸੀ ਜੋ ਇਹ ਵੇਖ ਕੇ ਉਸ ਧਰਤੀ ਦੇ ਕਿਣਕੇ ਕਿਣਕੇ ਤੋਂ ਸਦਕੇ ਨਹੀਂ ਜਾਂਦਾ ਸੀ! ਇਹ ਸਰੋਵਰ ਗੁਰੂ-ਚਰਨਾਂ ਦੇ ਭੌਰਿਆਂ ਵਾਸਤੇ ਇਸ਼ਕ-ਪਿਆਰ ਅਤੇ ਅੰਮ੍ਰਿਤ ਦਾ ਸੋਮਾ ਬਣਦਾ ਗਿਆ, ਧਰਤੀ ਉਤੇ ਬੈਕੁੰਠ ਅਤੇ ਸੱਚਖੰਡ ਬਣਦਾ ਗਿਆ।

## ਸਿਫ਼ਤਿ-ਸਾਲਾਹ ਦੀਆਂ ਲਹਿਰਾਂ

ਸ੍ਰਿਸ਼ਟੀ-ਰਚਨਾ ਦੇ ਮੂਲ ਪੰਜ ਤੱਤਾਂ ਵਿਚੋਂ ਇਕ ਤੱਤ ਅਕਾਸ਼ (ਈਥਰ) ਹੈ। ਇਹ ਤੱਤ ਸਰਬ-ਵਿਆਪਕ ਹੈ, ਸ੍ਰਿਸ਼ਟੀ ਦੇ ਜ਼ੱਰੇ ਜ਼ੱਰੇ ਵਿਚ ਮੌਜੂਦ ਹੈ। ਗਿਆਨ-ਇੰਦ੍ਰੀਆਂ ਦੀ ਵੇਖਣ ਸੁਣਨ ਆਦਿਕ ਕ੍ਰਿਆ ਇਸੇ ਤੱਤ ਦੀ ਰਾਹੀਂ ਹੋ ਸਕਦੀ ਹੈ। ਈਥਰ (ਅਕਾਸ਼) ਮਾਨੋ, ਇਕ ਬੇਅੰਤ ਸਮੁੰਦਰ ਹੈ, ਜਿਸ ਵਿਚ ਸਾਰੀ ਸ੍ਰਿਸ਼ਟੀ ਸਮਾਈ ਹੋਈ ਹੈ, ਅਤੇ ਈਥਰ ਸਾਰੀ ਸ੍ਰਿਸ਼ਟੀ ਦੇ ਕਿਣਕੇ ਕਿਣਕੇ ਵਿਚ ਸਮਾਇਆ ਹੋਇਆ ਹੈ। ਪਾਣੀ ਦੇ ਸਰ ਵਿਚ ਢੇਮ ਮਾਰਿਆਂ ਪਾਣੀ ਵਿਚ ਲਹਿਰਾਂ ਉੱਠਦੀਆਂ ਹਨ ਅਤੇ ਚੁਫੇਰੇ ਖਿੱਲਰਦੀਆਂ ਜਾਂਦੀਆਂ ਹਨ, ਤਿਵੇਂ ਹੀ ਜਦੋਂ ਅਸੀ ਬੋਲਦੇ ਹਾਂ, ਅਸੀ ਈਥਰ (ਅਕਾਸ਼) ਵਿਚ ਲਹਿਰਾਂ ਚਲਾ ਦੇਂਦੇ ਹਾਂ। ਉਹ ਲਹਿਰਾਂ ਚੁਫੇਰੇ ਖਿੱਲਰਦੀਆਂ ਜਾਂਦੀਆਂ ਹਨ ਅਤੇ ਉਹਨਾਂ ਲਹਿਰਾਂ ਦੀ ਰਾਹੀਂ ਅਵਾਜ਼ ਚੁਫੇਰੇ ਅੱਪੜਦੀ ਹੈ। ਇਹ ਅਕਾਸ਼ ਮਿੱਟੀ ਦੇ ਜ਼ੱਰੇ ਜ਼ੱਰੇ ਵਿਚ ਭੀ ਵਿਆਪਕ ਹੈ, ਜਲ ਦੇ ਜ਼ੱਰੇ ਜ਼ੱਰੇ ਵਿਚ ਭੀ ਵਿਆਪਕ ਹੈ। ਬੋਲਣ ਦੀ ਰਾਹੀਂ ਚਲਾਈਆਂ ਹੋਈਆਂ ਲਹਿਰਾਂ ਚੁਫੇਰੇ ਨਿੱਗਰ-ਚੀਜ਼ਾਂ ਵਿਚ ਭੀ ਜਾ ਹੁਲਾਰਾ ਦੇਂਦੀਆਂ ਹਨ ਅਤੇ ਜਲ ਵਿਚ ਭੀ।

ਸ੍ਰੀ ਹਰਿਮੰਦਰ ਸਾਹਿਬ ਵਿਚ ਅੱਠੇ ਪਹਿਰ ਕੀਰਤਨ ਹੁੰਦਾ ਹੈ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੈ। ਈਥਰ (ਅਕਾਸ਼) ਦੀ ਰਾਹੀਂ ਸਿਫ਼ਤਿ-ਸਾਲਾਹ ਦੀਆਂ ਇਹ ਲਹਿਰਾਂ ਚੁਫੇਰੇ ਕੰਧਾਂ ਕੋਠੀਆਂ ਅਤੇ ਜਲ ਦੇ ਜ਼ੱਰੇ ਜ਼ੱਰੇ ਵਿਚ ਕੰਬਣੀ ਛੇੜਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਕੁਦਰਤ ਦੇ ਇਕ ਲੁਕਵੇਂ ਨਿਯਮ ਦੀ ਬਰਕਤ ਨਾਲ ਸ੍ਰੀ ਹਰਿਮੰਦਰ ਸਾਹਿਬ ਅਤੇ ਉਸ ਦਾ ਚੁਗਿਰਦਾ ਹਰ ਵੇਲੇ ਸਿਫ਼ਤਿ-ਸਾਲਾਹ ਦੀਆਂ ਲਹਿਰਾਂ ਦੇ ਛੱਟਿਆਂ ਨਾਲ, ਮਾਨੋ, ਧੁਪਦਾ ਰਹਿੰਦਾ ਹੈ। ਇਹ ਲਹਿਰਾਂ ਸਰੋਵਰ ਦੇ ਜਲ ਦੇ ਕਿਣਕੇ ਕਿਣਕੇ ਨੂੰ ਬਾਣੀ ਦੀ ਵਰਖਾ ਨਾਲ ਅੰਮ੍ਰਿਤ ਬਣਾਈ ਜਾਂਦੀਆਂ ਹਨ। ਕੁਦਰਤ ਦਾ ਇਹ ਭੇਤ



 www.sikhbookclub.com

ਸਾਇੰਸ ਦੇ ਖੋਜੀਆਂ ਨੇ ਲੱਭ ਵਿਖਾਇਆ ਹੈ।

ਈਥਰ (ਅਕਾਸ਼) ਸਰਬ-ਵਿਆਪਕ ਹੋਣ ਕਰਕੇ ਮਨੁੱਖ ਦੇ ਹਿਰਦੇ ਵਿਚ ਭੀ ਜਾ ਠੋਕਰਾਂ ਲਾਂਦਾ ਹੈ। ਜਦੋਂ ਕੋਈ ਮਨੁੱਖ ਸ੍ਰੀ ਹਰਿਮੰਦਰ ਸਾਹਿਬ ਦੇ ਚੁਗਿਰਦੇ ਵਿਚ ਅੱਪੜਦਾ ਹੈ, ਤਾਂ ਸਿਫ਼ਤਿ-ਸਾਲਾਹ ਨਾਲ ਭਰੀਆਂ ਅਕਾਸ਼ੀ ਲਹਿਰਾਂ ਉਸ ਦੇ ਹਿਰਦੇ ਵਿਚ ਹਲੂਣਾ ਦੇਣ ਲੱਗ ਪੈਂਦੀਆਂ ਹਨ। ਜਿਉਂ ਜਿਉਂ ਉਹ ਕੇਂਦਰ ਦੇ ਨੇੜੇ ਅੱਪੜਦਾ ਹੈ, ਵਧੀਕ ਪ੍ਰਬਲ ਲਹਿਰਾਂ ਵਧੀਕ ਡੂੰਘਾ ਅਸਰ ਪਾਣ ਲੱਗ ਪੈਂਦੀਆਂ ਹਨ। ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਚ ਜਾ ਕੇ ਤਾਂ ਉਸ ਦਾ ਰੋਮ ਰੋਮ ਉਹਨਾਂ ਸ਼ੁੱਧ ਪਵਿੱਤਰ ਲਹਿਰਾਂ ਦੇ ਅਸਰ ਵਿਚ ਝੂਮਣ ਲੱਗ ਪੈਂਦਾ ਹੈ।

ਸੋ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਦੀ ਮਿਹਰ ਨਾਲ ਅੱਠੇ ਪਹਿਰ ਹੁੰਦੀ ਸਿਫ਼ਤਿ-ਸਾਲਾਹ ਨੇ ਇਸ ਅਸਥਾਨ ਨੂੰ, ਜੋ ਅੱਗੇ ਹੀ ਉਹਨਾਂ ਦੇ ਚਰਨਾਂ ਦੀ ਛੋਹ ਨਾਲ ਅਕਸੀਰ ਬਣਿਆ ਹੋਇਆ ਸੀ, ਧਰਤੀ ਉਤੇ ਸੱਚਖੰਡ ਬਣਾ ਦਿੱਤਾ ਹੈ। ਜਿੱਥੇ ਦਾਤਾਰ ਦੀ ਸਿਫ਼ਤਿ-ਸਾਲਾਹ ਹੋ ਰਹੀ ਹੈ, ਉਥੇ ਉਹ ਆਪ ਵੱਸ ਰਿਹਾ ਹੈ। ਜ਼ੱਰੇ ਜ਼ੱਰੇ ਵਿਚ ਜਲਵਾ ਵਿਖਾ ਰਿਹਾ ਹੈ।

ਸਿਖ-ਇਤਿਹਾਸ ਦੇ ਪਾਠਕਾਂ ਨੇ ਇਹਨਾਂ ਡੂੰਘੀਆਂ ਰਮਜ਼ਾਂ ਨੂੰ ਅੱਖਾਂ ਤੋਂ ਉਹਲੇ ਨਹੀਂ ਹੋਣ ਦੇਣਾ।

# ਚੌਥਾ ਕਾਂਡ

## ਗੁਰਿਆਈ ਦੇਣੀ

ਜਦੋਂ ਸਤਿਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਜਗਤ-ਉੱਧਾਰ ਲਈ ਤੁਰੇ ਸਨ, ਉਹਨਾਂ ਦੇ ਸਾਹਿਬਜ਼ਾਦੇ ਅਜੇ ਛੋਟੀ ਉਮਰ ਦੇ ਸਨ। ਉਹ ਅਜੇ ਆਪਣੇ ਪਿਤਾ ਦੀ ਬੇ-ਮਿਸਾਲ ਕੁਰਬਾਨੀ ਨੂੰ ਸਮਝਣ-ਜੋਗੇ ਨਹੀਂ ਸਨ। ਗੁਰੂ ਨਾਨਕ ਦੇਵ ਜੀ ਦਾ ਉਹ ਸਫ਼ਰ ਤਿੰਨ 'ਉਦਾਸੀਆਂ' ਵਿਚ ਸੰਨ ੧੫੦੭ ਤੋਂ ੧੫੨੧ ਤਕ ਜਾਰੀ ਰਿਹਾ, ਚੌਦਾਂ ਸਾਲ। ਇਤਨੇ ਚਿਰ ਤਕ ਸਾਹਿਬਜ਼ਾਦੇ ਸਿਆਣੇ ਹੋ ਚੁਕੇ ਸਨ, ਅਤੇ ਜਿਵੇਂ ਮਾਤਾ ਪਿਤਾ ਆਦਿਕ ਹੋਰ ਸੰਬੰਧੀਆਂ ਨੂੰ ਇਹ ਭੁਲੇਖਾ ਬਣ ਚੁਕਿਆ ਹੋਇਆ ਸੀ ਕਿ (ਗੁਰੂ) ਨਾਨਕ ਫ਼ਕੀਰ ਹੋ ਗਿਆ ਹੈ, ਤਿਵੇਂ ਸਾਹਿਬਜ਼ਾਦਿਆਂ ਦੇ ਮਨ ਵਿਚ ਭੀ ਓਪਰੀ ਗੰਢ ਬੱਝ ਜਾਣੀ ਕੋਈ ਅਨੋਖੀ ਗੱਲ ਨਹੀਂ ਸੀ। ਇਸ ਉਮਰ ਦੀ ਬੱਝੀ ਹੋਈ ਗੰਢ ਦੇ ਕਾਰਨ ਉਹ ਆਪਣੇ ਪਿਤਾ ਨੂੰ ਵੱਧ ਤੋਂ ਵੱਧ ਇਕ ਚੰਗੇ ਪਿਤਾ ਦੇ ਰੂਪ ਵਿਚ ਹੀ ਵੇਖ ਸਕੇ। ਇਹ ਕੁਦਰਤੀ ਗੱਲ ਸੀ, ਇਸ ਵਿਚ ਉਹਨਾਂ ਦਾ ਕੋਈ ਦੋਸ਼ ਨਹੀਂ ਸੀ। ਬਾਬਾ ਲਹਿਣਾ ਜੀ ਬਾਹਰੋਂ ਆ ਕੇ ਉਹਨਾਂ ਪੂਰਨਿਆਂ ਉਤੇ ਤੁਰ ਸਕੇ, ਜਿਨ੍ਹਾਂ ਉਤੇ ਗੁਰੂ ਨਾਨਕ ਦੇਵ ਜੀ ਨੇ ਤੋਰਨ ਦਾ ਜਤਨ ਕੀਤਾ; ਪਰ ਸਾਹਿਬਜ਼ਾਦੇ ਉਸ ਨਿਸ਼ਾਨੇ ਉਤੇ ਨਾ ਅੱਪੜ ਸਕੇ, ਕਿਉਂਕਿ ਪਹਿਲਾਂ ਹੀ ਅਟਕ ਪੈ ਚੁਕੀ ਹੋਈ ਸੀ। ਇਸ ਦਾ ਇਹ ਭਾਵ ਨਹੀਂ ਕਿ ਬਾਬਾ ਸਿਰੀਚੰਦ ਜੀ ਕੋਈ ਸਾਧਾਰਨ ਜਿਹੇ ਮਨੁੱਖ ਸਨ। ਉਹ ਬੜੇ ਬੰਦਗੀ ਵਾਲੇ ਮਹਾਤਮਾ ਸਨ; ਪਰ ਜਿਸ ਦਰਜੇ ਉਤੇ ਸਤਿਗੁਰੂ ਜੀ ਉਹਨਾਂ ਨੂੰ ਲੈ ਜਾਣ ਦੀ ਕੋਸ਼ਸ਼ ਕਰਦੇ ਰਹੇ, ਉਥੇ ਉਹ ਪਹਿਲੀ ਬਣੀ ਵਿੱਥ ਦੇ ਕਾਰਨ ਨਾ ਪਹੁੰਚ ਸਕੇ।

ਬਾਬਾ ਲਹਿਣਾ ਜੀ ੨੯ ਸਾਲਾਂ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਦੀ ਸ਼ਰਨ ਆਏ। ਇਸ ਤੋਂ ਪਹਿਲਾਂ ਇਹ ਦੇਵੀ-ਪੂਜ ਸਨ। ਇਹਨਾਂ ਦੇ ਘਰ ਦੋਵੇਂ ਪੁੱਤਰ ਭੀ ਪੈਦਾ ਹੋ ਚੁਕੇ ਸਨ। ਸੱਤ ਸਾਲ ਇਹ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਪਾਸ ਰਹੇ, ਭਾਵੇਂ ਪੰਜੀਂ-ਸੱਤੀਂ ਦਿਨੀਂ ਆਪਣੀ ਕਿਰਤ-ਕਾਰ ਵਾਸਤੇ



 www.sikhbookclub.com

ਘਰ ਆਇਆ ਹੀ ਕਰਦੇ ਸਨ। ਪਰ ਇਸ ਤਰ੍ਹਾਂ ਇਹ ਭੀ ਆਪਣੇ ਪੁੱਤਰਾਂ ਨੂੰ ਸ਼ੁਰੂ ਤੋਂ ਪੂਰੀ ਨਿਗਰਾਨੀ ਰੱਖ ਕੇ ਗੁਰੂ-ਘਰ ਦੀ ਸਿੱਖਿਆ ਉਤੇ ਨਾ ਤੋਰ ਸਕੇ। ਗੁਰੂ ਅੰਗਦ ਸਾਹਿਬ ਦੇ ਸਾਹਿਬਜ਼ਾਦਿਆਂ ਅੱਗੇ ਭੀ ਉਹੀ ਰੋਕ ਪਈ ਰਹੀ, ਜੋ ਗੁਰੂ ਨਾਨਕ ਸਾਹਿਬ ਦੇ ਸਾਹਿਬਜ਼ਾਦਿਆਂ ਦੇ ਰਾਹ ਵਿਚ ਸੀ।

(ਗੁਰੂ) ਅਮਰਦਾਸ ਜੀ ੬੨ ਸਾਲਾਂ ਦੀ ਉਮਰ ਵਿਚ ਗੁਰੂ ਅੰਗਦ ਸਾਹਿਬ ਪਾਸ ਆਏ। ਇਸ ਤੋਂ ਪਹਿਲਾਂ ੨੦ ਸਾਲ ਇਹ ਹਰ ਸਾਲ ਤੀਰਥਾਂ 'ਤੇ ਜਾਂਦੇ ਰਹੇ। ਉਸ ਵਕਤ ਤਕ ਉਹ ਪੁੱਤਰ ਧੀਆਂ ਵਾਲੇ ਭੀ ਹੋ ਚੁਕੇ ਸਨ, ਉਹ ਪੁੱਤਰ ਭੀ ਸਿਆਣੀ ਉਮਰ ਦੇ ਸਨ। ਆਪਣਾ ਪਿੰਡ ਛੱਡ ਕੇ (ਗੁਰੂ) ਅਮਰਦਾਸ ਜੀ ਤਕਰੀਬਨ ੧੧ ਸਾਲ ਗੁਰੂ ਅੰਗਦ ਸਾਹਿਬ ਦੀ ਸੇਵਾ ਵਿਚ ਰਹੇ। ਇਸ ਤਰ੍ਹਾਂ ਇਹਨਾਂ ਦੇ ਪੁੱਤਰਾਂ ਉਤੇ ਭੀ ਗੁਰਮਤਿ ਤੋਂ ਲਾਂਭ ਦੀ ਰੰਙਣ ਚੜ੍ਹੀ ਰਹੀ। ਤਕਰੀਬਨ ੭੨ ਸਾਲਾਂ ਦੀ ਉਮਰ ਵਿਚ ਇਹ ਗੁਰੂ ਬਣੇ। ਹੋਰ ਸਿੱਖਾਂ ਦੇ ਨਾਲ ਨਾਲ ਆਪਣੇ ਬੱਚਿਆਂ ਨੂੰ ਭੀ ਇਹਨਾਂ ਆਦਰਸ਼ਕ ਸਿਖ ਬਣਾਣ ਦੀ ਕੋਸ਼ਸ਼ ਕੀਤੀ ਹੋਵੇਗੀ, ਪਰ ਇਹ ਜ਼ਰੂਰੀ ਨਹੀਂ ਕਿ ਹਰੇਕ ਹਿਰਦੇ ਵਿਚ ਇਕੋ ਜਿਹੀ ਚੋਟ ਵੱਜ ਸਕੇ। ਤੀਰਥ-ਜਾਤਰਾ ਵਾਲੇ ਪੁਰਾਣੇ ਸੰਸਕਾਰ ਇਹਨਾਂ ਦੇ ਸਾਹਿਬਜ਼ਾਦਿਆਂ ਦੇ ਰਾਹ ਵਿਚ ਰੋਕ ਪਾਈ ਗਏ।

ਸਭ ਤੋਂ ਪਹਿਲੇ ਸਤਿਗੁਰੂ ਗੁਰੂ ਰਾਮਦਾਸ ਜੀ ਹੀ ਸਨ ਜਿਨ੍ਹਾਂ ਦੇ ਬੱਚੇ ਜੰਮਦੇ ਹੀ ਗੁਰਮਤਿ ਦੀ ਗੁੜ੍ਹਤੀ ਲੈ ਕੇ ਗੁਰਮਤਿ ਦੀ ਖ਼ੁਰਾਕ ਨਾਲ ਪਲੇ। ਪਰ ਇਹ ਜ਼ਰੂਰੀ ਨਹੀਂ ਕਿ ਹਰੇਕ ਬੱਚੇ ਉੱਤੇ ਇਕੋ ਜਿਹਾ ਅਸਰ ਪਏ। ਜਮਾਤ ਵਿਚ ਜਿਹੜਾ ਵਿਦਿਆਰਥੀ ਆਪਣੇ ਉਸਤਾਦ ਦੇ ਦਿੱਤੇ ਸਬਕ ਨੂੰ ਬਾਕੀ ਮੁੰਡਿਆਂ ਨਾਲੋਂ ਛੇਤੀ ਸਮਝਦਾ ਜਾਪੇ, ਉਸਤਾਦ ਦੇ ਦਿਲ ਵਿਚ ਭੀ ਉਸ ਵਿਦਿਆਰਥੀ ਵਾਸਤੇ ਖਿੱਚ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਦੋ-ਵੱਲੀ ਦਾ ਸ਼ੌਕ ਅਤੇ ਖਿੱਚ ਰਲ ਕੇ ਉਸ ਵਿਦਿਆਰਥੀ ਨੂੰ ਬਾਕੀ ਸਾਰੀ ਜਮਾਤ ਨਾਲੋਂ ਦੂਰ ਉੱਚਾ ਲੈ ਜਾਂਦੇ ਹਨ।

ਗੁਰੂ ਰਾਮਦਾਸ ਜੀ ਦੇ ਤਿੰਨੇ ਸਾਹਿਬਜ਼ਾਦੇ ਗੁਰੂ ਅਮਰਦਾਸ ਜੀ ਦੀ ਹਯਾਤੀ ਵਿਚ ਹੀ ਪੈਦਾ ਹੋ ਚੁਕੇ ਸਨ। ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ, ਉਸ ਵੇਲੇ ਸਭ ਤੋਂ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਸਾਹਿਬ ਜੀ ਦੀ ਉਮਰ ਸਾਢੇ ਯਾਰ੍ਹਾਂ ਸਾਲਾਂ ਦੇ ਕਰੀਬ ਸੀ। ਉਸ ਛੋਟੀ ਉਮਰੇ ਭੀ ਉਹਨਾਂ ਨੂੰ ਗੁਰੂ ਸਾਹਿਬ ਦੀ ਬਾਣੀ ਦਾ ਬਹੁਤ ਸ਼ੌਕ ਸੀ। ਇਤਨੀ ਲਗਨ ਸੀ ਕਿ ਉਹਨਾਂ ਦੀ ਨਿੱਕੀ ਜਿਹੀ ਉਮਰ ਦੇ ਹੀ ਇਹ ਲੱਛਣ ਵੇਖ ਕੇ ਗੁਰੂ ਅਮਰਦਾਸ

ਜੀ ਨੇ ਇਹ ਅਨੁਮਾਨ ਲਾ ਦਿੱਤਾ ਸੀ ਕਿ ਇਹ ਦੋਹਤਰਾ ਬਾਣੀ ਦਾ ਬੋਹਿਥ (ਜਹਾਜ਼) ਬਣੇਗਾ। ਇਸ ਅਨੁਮਾਨ ਵਿਚ ਉਹਨਾਂ ਦਾ ਜ਼ਾਤੀ ਤਜਰਬਾ ਭੀ ਕੰਮ ਕਰ ਰਿਹਾ ਸੀ। ੭੩ ਸਾਲਾਂ ਦੀ ਉਮਰ ਵਿਚ ਅਚਨਚੇਤ ਇਕ ਮਹਾਨ ਉੱਚਾ ਰੱਬੀ ਕਵੀ ਬਣ ਜਾਣਾ ਕੋਈ ਸਾਧਾਰਨ ਖੇਡ ਨਹੀਂ ਸੀ। ਇਥੇ ਭੀ ਯਾਰ੍ਹਾਂ ਬਾਰ੍ਹਾਂ ਸਾਲਾਂ ਦੀ ਡੂੰਘੀ ਲਗਨ ਨੇ ਹੀ ਕੰਮ ਕੀਤਾ ਸੀ। ਸੰਨ ੧੫੪੧ ਤੋਂ ੧੫੫੨ ਤਕ (ਗੁਰੂ) ਅਮਰਦਾਸ ਜੀ ਲੰਗਰ ਆਦਿਕ ਦੀ ਸੇਵਾ ਕਰਦੇ, ਤੁਰਦੇ ਫਿਰਦੇ, ਹਰ ਵੇਲੇ ਗੁਰੂ ਨਾਨਕ ਸਾਹਿਬ ਦੀ ਬਾਣੀ ਪੜ੍ਹਨ ਦਾ ਅਭਿਆਸ ਜਾਰੀ ਰੱਖਦੇ ਸਨ। ਇਹੀ ਲਗਨ ਉਹਨਾਂ (ਗੁਰੂ) ਅਰਜਨ ਸਾਹਿਬ ਵਿਚ ਵੇਖੀ ਅਤੇ ਕਹਿ ਦਿੱਤਾ ਕਿ ਇਹ ਬਾਣੀ ਦਾ ਪੁੰਜ ਹੋਣਗੇ।

ਅਸੀ ਵੇਖ ਆਏ ਹਾਂ ਕਿ ਗੁਰੂ-ਚੱਕ ਵਸਾਣ ਅਤੇ ਸਰੋਵਰ ਸਮੇਤ ਗੁਰ-ਅਸਥਾਨ ਬਣਾਣ ਦਾ ਕੰਮ ਕੋਈ ਨਿੱਕਾ ਜਿਹਾ ਕੰਮ ਨਹੀਂ ਸੀ, ਜੋ ਗੁਰੂ ਰਾਮਦਾਸ ਜੀ ਨੇ ਅਰੰਭਿਆ ਹੋਇਆ ਸੀ। ਬਾਹਰੋਂ ਰੋਜ਼ ਆਉਂਦੇ ਹਜ਼ਾਰਾਂ ਸਿੱਖਾਂ ਦੀ ਰੋਟੀ ਰਿਹਾਇਸ਼ ਆਦਿਕ ਦਾ ਪਰਬੰਧ ਭੀ ਕਰਨਾ ਹੁੰਦਾ ਸੀ। ਸੈਂਕੜੇ ਰਾਜ ਮਜ਼ਦੂਰ ਉਥੇ ਕੰਮ ਕਰ ਰਹੇ ਸਨ, ਲੱਖਾਂ ਇੱਟਾਂ ਅਤੇ ਮਣਾਂ-ਮੂੰਹੀਂ ਚੂਨੇ ਦੀ ਲੋੜ ਪੈ ਰਹੀ ਸੀ। ਬੜਾ ਹੀ ਵੱਡਾ ਖਲਜਗਣ ਸੀ, ਜਿਸ ਨੂੰ ਸਿਰੇ ਚਾੜ੍ਹਨ ਲਈ ਸਾਰਾ ਕੰਮ ਵੰਡ ਕੇ ਸਿਆਣੇ ਸਿਆਣੇ ਸਿੱਖਾਂ ਨੂੰ ਸੌਂਪਣਾ ਕੀਤੀ ਹੋਈ ਸੀ। ਗੁਰੂ ਰਾਮਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਪ੍ਰਿਥੀ ਚੰਦ ਜੀ ਇਕ ਹੁਸ਼ਿਆਰ ਨੌਜਵਾਨ ਨਿਕਲੇ, ਪਰਬੰਧ ਆਦਿਕ ਦਾ ਕੰਮ ਚੰਗਾ ਲੈ ਤੁਰੇ। ਬਾਬਾ ਮਹਾਂਦੇਵ ਜੀ ਮਸਤ ਫ਼ਕੀਰ ਹੀ ਸਾਬਤ ਹੋਏ। (ਗੁਰੂ) ਅਰਜਨ ਸਾਹਿਬ ਭੀ ਹਰੇਕ ਮਿਲੀ ਜ਼ਿੰਮੇਵਾਰੀ ਪੂਰੀ ਤਨ-ਦੇਹੀ ਨਾਲ ਨਿਭਾਉਂਦੇ ਸਨ। ਪਰ ਅੰਦਰਲੇ ਦਾ ਰੁਖ਼ ਬਾਹਰਲੇ ਇਕੋ ਜਿਹੀ ਚੁਗਿਰਦੇ ਦੇ ਹੁੰਦਿਆਂ ਭੀ ਇਹਨਾਂ ਦੇ ਜੀਵਨ-ਨਿਖਾਰ ਵਿਚ ਫ਼ਰਕ ਪਾਂਦਾ ਗਿਆ। ਬਾਬਾ ਪ੍ਰਿਥੀ ਚੰਦ ਜੀ ਨਿਰੇ ਦੁਨੀਆਵੀ ਪਰਬੰਧ ਵਿਚ ਚੁਸਤ ਹੁੰਦੇ ਗਏ। ਬਾਬਾ ਮਹਾਂਦੇਵ ਜੀ ਅਵਧੂਤ ਹੀ ਟਿਕੇ ਰਹੇ। (ਗੁਰੂ) ਅਰਜਨ ਸਾਹਿਬ ਦੁਨੀਆ ਅਤੇ ਦੀਨ ਦੋਹਾਂ ਦਾ ਪੱਲੜਾ ਸਾਵਾਂ ਰਖਦੇ ਰਹੇ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸਾਕਾਂ-ਅੰਗਾਂ ਵਿਚ ਭੀ ਸ਼ਾਦੀ ਗ਼ਮੀ ਸਮੇ ਜਾਂਦੇ ਸਨ, ਗੁਰੂ-ਘਰ ਦੀ ਸੇਵਾ ਵਿਚ ਭੀ ਪੂਰੀ ਦਿਲਚਸਪੀ ਰਖਦੇ ਸਨ, ਅਤੇ ਹਿਰਦੇ ਵਿਚ ਬਾਣੀ ਦਾ ਇਸ਼ਕ ਭੀ ਠਾਠਾਂ ਮਾਰ ਰਿਹਾ ਸੀ। ਸਾਰੀ ਸੰਗਤ ਵਿਚ ਕੋਈ ਹੋਰ ਸਿਖ ਇਸ ਪਾਏ ਦਾ ਨਹੀਂ ਸੀ।

ਪਰਖ ਦੀ ਕਸਵੱਟੀ ਰੋਜ਼ ਰੋਜ਼ ਵਰਤੀ ਜਾ ਰਹੀ ਸੀ। ਗੁਰੂ ਰਾਮਦਾਸ ਜੀ



 www.sikhbookclub.com

ਦੀ ਪਾਰਖੂ ਅੱਖ ਨੇ ਪੱਕ ਕਰ ਲਿਆ ਕਿ ਗੁਰੂ ਨਾਨਕ ਸਾਹਿਬ ਤੋਂ ਮਿਲੀ ਜ਼ਿੰਮੇਵਾਰੀ ਨੂੰ ਨਿਭਾਉਣ ਵਾਸਤੇ (ਗੁਰੂ) ਅਰਜਨ ਸਾਹਿਬ ਹੀ ਫਬਵੇਂ ਜਾ-ਨਸ਼ੀਨ ਹਨ। ਇਹ ਗੱਲ ਗੁੱਝੀ ਨਹੀਂ ਰਹਿ ਸਕਦੀ ਸੀ। ਬਾਬਾ ਪ੍ਰਿਥੀ ਚੰਦ ਜੀ ਨੇ ਭੀ ਸਮਝ ਲਿਆ। ਉਹਨਾਂ ਗੁਰਿਆਈ ਹਾਸਲ ਕਰਨ ਲਈ ਬਥੇਰੇ ਹੱਥ ਪੈਰ ਮਾਰੇ, ਪਿਤਾ-ਗੁਰੂ ਨੂੰ ਕੁਬੋਲ ਭੀ ਬੋਲਿਓ ਨੇ। ਪਰ ਸਤਿਗੁਰੂ ਜੀ ਸ਼ਾਂਤੀ ਧੀਰਜ ਨਾਲ ਸਮਝਾਂਦੇ ਰਹੇ ਕਿ ਪੁੱਤਰ! ਆਪਣੇ ਬਜ਼ੁਰਗਾਂ ਨਾਲ ਮੱਥਾ ਲਾਣਾ ਸੋਭਨੀਕ ਗੱਲ ਨਹੀਂ; ਦੁਨੀਆ ਦੇ ਧਨ ਦਾ ਮਾਣ ਕੂੜਾ ਮਾਣ ਹੈ। ਗੁਰਿਆਈ ਕਿਸੇ ਦੀ ਮਲਕੀਅਤ ਨਹੀਂ ਹੋ ਸਕਦੀ। ਮਲਕੀਅਤਾਂ ਸਦਾ ਖਹਿ-ਖਹਿ ਪੈਦਾ ਕਰਦੀਆਂ ਹਨ। ਗੁਰੂ ਦੇ ਸਨਮੁਖ ਰਹੋ ਅਤੇ ਪ੍ਰਭੂ ਦੀ ਯਾਦ ਵਿਚ ਜੁੜੋ।

ਆਪਣਾ ਦੇਹਾਂਤ ਨੇੜੇ ਆਉਂਦਾ ਵੇਖ ਕੇ ਗੁਰੂ ਰਾਮਦਾਸ ਜੀ ਨੇ ਭਰੇ ਦੀਵਾਨ ਵਿਚ (ਗੁਰੂ) ਅਰਜਨ ਸਾਹਿਬ ਨੂੰ ਗੁਰੂ ਬਣਾਇਆ। ਉਹਨਾਂ ਅੱਗੇ ਆਪ ਮੱਥਾ ਟੇਕਿਆ, ਅਤੇ ਸਾਰੀ ਸੰਗਤ ਨੂੰ ਭੀ ਇਹੀ ਆਗਿਆ ਕੀਤੀਓ ਨੇ। ਇਹ ਜ਼ਿਕਰ ਭਾਦਰੋਂ ਸੰਮਤ ੧੬੩੮ (ਅਗਸਤ ਸੰਨ ੧੫੮੧) ਦਾ ਹੈ। ਉਸ ਵੇਲੇ ਗੁਰੂ ਰਾਮਦਾਸ ਜੀ ਦੀ ਉਮਰ ੪੭ ਸਾਲਾਂ ਦੇ ਕਰੀਬ ਸੀ, ਅਤੇ ਗੁਰੂ ਅਰਜਨ ਸਾਹਿਬ ਜੀ ਸਾਢੇ ਅਠਾਰ੍ਹਾਂ ਸਾਲਾਂ ਦੇ ਕਰੀਬ।

## ਜੋਤੀ ਜੋਤਿ ਸਮਾਣਾ

ਗੁਰੂ ਰਾਮਦਾਸ ਜੀ ਦਾ ਜੀਵਨ ਗਹੁ ਨਾਲ ਪੜ੍ਹਿਆਂ ਤੁਸੀ ਵੇਖੋਗੇ ਕਿ ਉਹਨਾਂ ਦੀ ਸਾਰੀ ਹੀ ਉਮਰ ਬੜੇ ਕਠਨ ਤਪ ਜਿਹੇ ਵਿਚ ਹੀ ਗੁਜ਼ਰੀ। ਪਹਿਲਾਂ ਤਾਂ ਘਰੋਗੀ ਔਖਿਆਈਆਂ ਦੇ ਕਾਰਨ ਬਾਲ-ਉਮਰੇ ਹੀ ਆਪਣੀ ਰੋਟੀ ਕਮਾਣ ਲਈ ਆਪ ਹੀ ਮਿਹਨਤ ਕਰਨੀ ਪਈ। ਜੀਊਂਦੇ ਮਾਪਿਆਂ ਵਾਲੇ ਬੱਚਿਆਂ ਲਈ ਇਹ ਉਮਰ ਖੇਡਣ ਪੜ੍ਹਨ ਦੀ ਹੋਇਆ ਕਰਦੀ ਹੈ। ਚੰਗੇ ਭਾਗਾਂ ਨੂੰ ਸੱਤ ਸਾਲ ਦੀ ਉਮਰੇ (ਗੁਰੂ) ਅਮਰਦਾਸ ਜੀ ਨਾਲ ਸਾਂਝ ਬਣ ਗਈ। ਜਦੋਂ ਸੰਨ ੧੫੪੬ ਵਿਚ ਗੋਇੰਦਵਾਲ ਵੱਸਿਆ ਤਾਂ (ਗੁਰੂ) ਅਮਰਦਾਸ ਜੀ ਇਹਨਾਂ ਨੂੰ ਭੀ ਬਾਸਰਕੇ ਤੋਂ ਗੋਇੰਦਵਾਲ ਲੈ ਆਏ। (ਗੁਰੂ) ਅਮਰਦਾਸ ਜੀ ਦੀ ਸੰਗਤ ਦਾ ਸਦਕਾ ਇਹਨਾਂ ਇਕ ਹੋਰ ਅਭਿਆਸ ਪਕਾ ਲਿਆ। ਆਪਣੀ ਰੋਜ਼ੀ ਕਮਾਣ ਤੋਂ ਜਿਹੜਾ ਵਕਤ ਵੇਹਲਾ ਮਿਲਦਾ ਸੀ, ਉਹ ਵਕਤ ਸੰਗਤ ਦੀ ਸੇਵਾ ਵਿਚ ਤੇ ਵਿੱਦਿਆ ਪੜ੍ਹਨ ਵਿਚ ਖ਼ਰਚਦੇ ਸਨ। ਗੋਇੰਦਵਾਲ ਤੋਂ ਖਡੂਰ ਕੋਈ ਦੂਰ ਨਹੀਂ ਹੈ। ਲੰਗਰ ਦੀ ਸੇਵਾ ਅਤੇ ਵਿੱਦਿਆ ਇਹ ਦੋਵੇਂ ਅਭਿਆਸ ਕਰਨ



 www.sikhbookclub.com

ਦਾ ਸਮਾ ਉਹਨਾਂ ਨੂੰ ਖਡੂਰ ਆ ਕੇ ਮਿਲਦਾ ਸੀ। ਉਮਰ ਦੇ ਗੱਭਰੂ ਹੋ ਹੀ ਚੁੱਕੇ ਸਨ, ਤਿੰਨ ਚਾਰ ਮੀਲ ਆਉਣਾ ਜਾਣਾ ਔਖਾ ਨਹੀਂ ਸੀ। ਸੰਨ ੧੫੫੨ ਵਿਚ ਗੁਰੂ ਅਮਰਦਾਸ ਜੀ ਗੁਰੂ ਬਣ ਕੇ ਗੋਇੰਦਵਾਲ ਹੀ ਆ ਗਏ। ਹੁਣ ਗੁਰੂ ਰਾਮਦਾਸ ਜੀ ਨੂੰ ਦਰਿਆ ਬਿਆਸਾ ਦੇ ਕੰਢੇ ਦੀ ਇਕਾਂਤ ਦਾ ਭੀ ਰੋਜ਼ਾਨਾ ਮੌਕਾ ਮਿਲਣ ਲੱਗ ਪਿਆ, ਅਤੇ ਦੋਵੇਂ ਵੇਲੇ ਸਤਸੰਗ ਵਿਚ ਕੀਰਤਨ ਦਾ ਰਸ ਭੀ ਮਾਨਣ ਲੱਗ ਪਏ। ਰਾਗ, ਬਾਣੀ ਅਤੇ ਦਰਿਆ ਦੀ ਇਕਾਂਤ—ਇਹਨਾਂ ਤਿੰਨਾਂ ਚੀਜ਼ਾਂ ਨੇ ਇਹਨਾਂ ਦੇ ਅੰਦਰ ਕੋਮਲ ਹੁਨਰਾਂ ਦੇ ਸੰਸਕਾਰ ਜਗਾ ਦਿੱਤੇ। ਅਗਲੇ ਅੰਕ ਵਿਚ ਤੁਸੀ ਵੇਖੋਗੇ ਕਿ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਅਤੇ ਭਗਤਾਂ ਦੇ ਵਰਤੇ ਰਾਗਾਂ ਤੋਂ ਇਲਾਵਾ ਪੰਜ ਨਵੇਂ ਰਾਗ ਆਪ ਭੀ ਵਰਤੇ ਹਨ। ਇਹ ਗੱਲ ਪਰਗਟ ਕਰਦੀ ਹੈ ਕਿ ਉਹਨਾਂ ਨੂੰ ਰਾਗ ਦੀ ਕਾਫ਼ੀ ਵਾਕਫ਼ੀਅਤ ਸੀ।

ਰਾਗ ਦਾ ਸ਼ੌਕ ਤੇ ਕਵਿਤਾ ਦਾ ਸ਼ੌਕ—ਇਹ ਦੋਵੇਂ ਵਧੀਕ ਪਲ੍ਰਦੇ ਹਨ ਇਕਾਂਤ ਵਿਚ। ਤੇ, ਗੁਰੂ ਰਾਮਦਾਸ ਜੀ ਨੂੰ ਸੰਨ ੧੫੪੬ ਤੋਂ ਲੈ ਕੇ ਸੰਨ ੧੫੭੪ ਤਕ ੨੮ ਸਾਲ ਦਰਿਆ ਬਿਆਸਾ ਦੀ ਇਕਾਂਤ ਵਿਚ ਰੋਜ਼ਾਨਾ ਕੁਝ ਨਾ ਕੁਝ ਸਮਾ ਗੁਜ਼ਾਰਨ ਦਾ ਮੌਕਾ ਮਿਲਦਾ ਰਿਹਾ। ਇਹ ਗੱਲ ਕਵੀ ਤੇ ਰਾਗੀ ਹੀ ਸਮਝ ਸਕਦਾ ਹੈ ਕਿ ਇਹਨਾਂ ਤਿੰਨਾਂ ਦੇ ਮੇਲ ਨਾਲ ਕਿਤਨੀ ਵੈਰਾਗ ਦੀ ਕਾਂਗ ਚੜ੍ਹਦੀ ਹੈ। ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਵੈਰਾਗ ਤੇ ਪ੍ਰੇਮ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਹਨ।

ਪਰ ਜਦੋਂ ਗੁਰਿਆਈ ਦੀ ਜ਼ਿੰਮੇਵਾਰੀ ਇਹਨਾਂ ਦੇ ਸਿਰ 'ਤੇ ਆਈ, ਤਾਂ ਨਗਰ ਦੀਆਂ ਇਮਾਰਤਾਂ, ਸਰੋਵਰ ਤੇ ਧਰਮ-ਅਸਥਾਨ ਦੀ ਤਿਆਰੀ, ਰੋਜ਼ ਆਉਂਦੇ ਸੈਂਕੜੇ ਹਜ਼ਾਰਾਂ ਸਿੱਖਾਂ ਦੀ ਰੋਟੀ-ਰਿਹਾਇਸ਼ ਆਦਿਕ ਦੇ ਬੜੇ ਰੁਝੇਵੇਂ ਭੀ ਪੈ ਗਏ। ਇਹਨਾਂ ਸਾਰੇ ਕੰਮਾਂ ਨੂੰ ਸਿਰੇ ਚਾੜ੍ਹਨ ਲਈ ਬੜੀ ਮਿਹਨਤ ਦੀ ਲੋੜ ਸੀ। ਗੁਰੂ ਰਾਮਦਾਸ ਜੀ ਨੇ ਗੁਰਿਆਈ ਦੇ ਸੱਤੇ ਹੀ ਸਾਲ ਇਹ ਭਾਰੀ ਮਿਹਨਤ ਭੀ ਕੀਤੀ।

ਜਦੋਂ ਗੁਰੂ ਅਰਜਨ ਸਾਹਿਬ ਗੁਰੂ ਬਣਾਏ ਗਏ, ਤਾਂ ਗੁਰੂ ਰਾਮਦਾਸ ਜੀ ਜ਼ਿੰਦਗੀ ਦੇ ਬਾਕੀ ਗਿਣਵੇਂ ਦਿਨ ਗੁਜ਼ਾਰਨ ਲਈ ਮੁੜ ਬਿਆਸਾ ਦੇ ਕੰਢੇ ਗੋਇੰਦਵਾਲ ਆ ਗਏ।

ਬਾਬਾ ਪ੍ਰਿਥੀ ਚੰਦ ਜੀ ਨੇ ਰੰਗ ਵਿਚ ਕੁਝ ਭੰਗ ਪਾਈ ਸੀ। ਉਹਨਾਂ ਇਹ ਭੁਲੇਖਾ ਖਾਧਾ ਕਿ ਜੇਠਾ ਪੁੱਤਰ ਹੋਣ ਕਰਕੇ ਗੁਰਿਆਈ ਮੇਰਾ ਹੱਕ ਹੈ।

ਗੁਰੂ ਰਾਮਦਾਸ ਜੀ ਨੇ ਬਥੇਰਾ ਸਮਝਾਇਆ ਸੀ, ਪਰ ਪ੍ਰਿਥੀ ਚੰਦ ਜੀ ਉਤੇ ਕੋਈ ਅਸਰ ਨਾ ਹੋਇਆ। ਉਹ ਇਹ ਗੱਲ ਨਾ ਸਮਝ ਸਕੇ ਕਿ ਗੁਰਤਾ ਦੇ ਗੁਣਾਂ ਤੋਂ ਬਿਨਾ ਗੁਰਤਾ ਉਤੇ ਬਦੋ-ਬਦੀ ਜੱਫਾ ਨਹੀਂ ਵੱਜ ਸਕਦਾ। ਬਾਬਾ ਪ੍ਰਿਥੀ ਚੰਦ ਜੀ ਨੂੰ ਇਹ ਸਚਾਈ ਪਰਖਣ ਦਾ ਮੌਕਾ ਦਿੱਤਾ ਗਿਆ। ਗੁਰੂ ਰਾਮਦਾਸ ਜੀ ਗੋਇੰਦਵਾਲ ਜਾਣ ਲੱਗੇ ਗੁਰੂ ਅਰਜਨ ਸਾਹਿਬ ਨੂੰ ਭੀ ਨਾਲ ਹੀ ਲੈ ਗਏ। ਕੁਝ ਦਿਨ ਗੋਇੰਦਵਾਲ ਟਿਕਣ ਪਿਛੋਂ ਆਪ ੨ ਅੱਸੂ ਸੰਮਤ ੧੬੩੮ ਨੂੰ ਜੋਤੀ ਜੋਤਿ ਸਮਾ ਗਏ। ਚੰਦ ਦੇ ਹਿਸਾਬ ਉਸ ਦਿਨ ਭਾਦਰੋਂ ਸੁਦੀ ੩ ਸੀ। ੧੫੮੧ ਈਸਵੀ ਦੇ ਸਤੰਬਰ ਦੀ ਪਹਿਲੀ ਤਰੀਕ ਸੀ।

| | | |
|---|---|---|
| ਜਨਮ | — | ੨੫ ਅੱਸੂ ਸੰਮਤ ੧੫੯੧ (੨੪ ਸਤੰਬਰ ੧੫੩੪) |
| ਜੋਤੀ ਜੋਤਿ | — | ੨ ਅੱਸੂ ਸੰਮਤ ੧੬੩੮ (੧ ਸਤੰਬਰ ੧੫੮੧) |
| ਕੁੱਲ ਉਮਰ | — | ੪੭ ਸਾਲ |

# ਪੰਜਵਾਂ ਕਾਂਡ

## ਗੁਰੂ ਰਾਮਦਾਸ ਜੀ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ੩੧ ਰਾਗਾਂ ਵਿਚ ਹੈ। ਅਖ਼ੀਰਲਾ ਜੈਜਾਵੰਤੀ ਰਾਗ ਤਾਂ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਨੇ ਵਰਤਿਆ ਹੈ। ਬਾਕੀ ਰਹੇ ੩੦ ਰਾਗ। ਗੁਰੂ ਨਾਨਕ ਦੇਵ ਜੀ ਨੇ ੧੯ ਰਾਗਾਂ ਵਿਚ ਬਾਣੀ ਲਿਖੀ ਹੈ। ਗੁਰੂ ਅਮਰਦਾਸ ਜੀ ਨੇ ਇਹਨਾਂ ਵਿਚੋਂ ਦੋ ਰਾਗ ਤਿਲੰਗ ਅਤੇ ਤੁਖਾਰੀ ਛੱਡ ਕੇ ਬਾਕੀ ੧੭ ਰਾਗਾਂ ਵਿਚ ਬਾਣੀ ਲਿਖੀ ਹੈ। ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਸਾਹਿਬ ਵਾਲੇ ਸਾਰੇ ਰਾਗ ਵਰਤ ਕੇ ੧੧ ਹੋਰ ਰਾਗ ਭੀ ਵਰਤੇ ਹਨ, ੩੦ ਰਾਗਾਂ ਵਿਚ ਬਾਣੀ ਲਿਖੀ ਹੈ। ਵੇਰਵਾ ਇਉਂ ਹੈ:

***(ੳ) ਗੁਰੂ ਨਾਨਕ ਦੇਵ ਜੀ ਦੇ ਵਰਤੇ ਰਾਗ :***

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ।

***(ਅ) ੧੧ ਉਹ ਰਾਗ ਜੋ ਗੁਰੂ ਰਾਮਦਾਸ ਜੀ ਨੇ ਆਪ ਵਰਤੇ ਹਨ :***

ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਾਇਨ, ਮਾਲੀ ਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਨ।

ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਭੀ ਦਰਜ ਹੈ, ਜੋ ਗੁਰੂ ਨਾਨਕ ਸਾਹਿਬ ਨੇ 'ਉਦਾਸੀਆਂ' ਸਮੇ ਇਕੱਠੀ ਕੀਤੀ ਸੀ। ਉਹ ਭੀ ਰਾਗਾਂ ਅਨੁਸਾਰ ਹੈ। ਭਗਤਾਂ ਦੇ ਵਰਤੇ ਰਾਗ ਕੱਢ ਕੇ ੫ ਰਾਗ ਐਸੇ ਹਨ ਜੋ ਸਿਰਫ਼ ਗੁਰੂ ਰਾਮਦਾਸ ਜੀ ਨੇ ਹੀ ਵਰਤੇ ਹਨ, ਹੋਰ ਕਿਸੇ ਨਹੀਂ ਵਰਤੇ।


www.sikhbookclub.com

ਜਿਥੋਂ ਤਕ ਰਾਗਾਂ ਦਾ ਸੰਬੰਧ ਹੈ, ਸਿਖ ਕੌਮ ਹੇਠ-ਲਿਖੇ ਪੰਜ ਰਾਗਾਂ ਲਈ ਗੁਰੂ ਰਾਮਦਾਸ ਜੀ ਦੀ ਸਦਾ ਰਿਣੀ ਰਹੇਗੀ :

ਦੇਵਗੰਧਾਰੀ, ਬਿਹਾਗੜਾ, ਬੈਰਾੜੀ, ਨਟ ਨਾਰਾਇਨ ਅਤੇ ਕਲਿਆਨ।

ਗੁਰੂ ਰਾਮਦਾਸ ਜੀ ਦੀ ੩੦ ਰਾਗਾਂ ਵਿਚ ਲਿਖੀ ਬਾਣੀ ਦਾ ਵੇਰਵਾ ਇਉਂ ਹੈ :

| | | |
|---|---|---|
| ਸ਼ਬਦ | — | ੨੪੬ |
| ਅਸਟਪਦੀਆਂ | — | ੩੩ |
| ਛੰਤ | — | ੨੮ |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੨੨ 'ਵਾਰਾਂ' ਹਨ। ਇਹਨਾਂ 'ਚੋਂ ਹੇਠ-ਲਿਖੇ ਰਾਗਾਂ ਵਿਚ ਗੁਰੂ ਰਾਮਦਾਸ ਜੀ ਦੀਆਂ ੮ 'ਵਾਰਾਂ' ਹਨ :

ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ।

ਪਹਿਲੇ ਗੁਰ-ਵਿਅਕਤੀਆਂ ਵਾਂਗ ਸ਼ਬਦ, ਅਸਟਪਦੀਆਂ ਅਤੇ ਛੰਤਾਂ ਤੋਂ ਇਲਾਵਾ ਗੁਰੂ ਰਾਮਦਾਸ ਜੀ ਨੇ ਭੀ ਹੇਠ-ਲਿਖੀਆਂ ਉਚੇਚੀਆਂ ਬਾਣੀਆਂ ਲਿਖੀਆਂ ਹਨ :

| | | |
|---|---|---|
| (੧) ਸਿਰੀ ਰਾਗ ਵਿਚ | — | ਪਹਰੇ, ੧ ਸ਼ਬਦ |
| | — | ਵਣਜਾਰਾ, ੧ ਸ਼ਬਦ |
| (੨) ਗਉੜੀ ਵਿਚ | — | ਕਰਹਲੇ, ੨ ਸ਼ਬਦ |
| (੩) ਵਡਹੰਸ ਵਿਚ | — | ਘੋੜੀਆਂ, ੨ ਸ਼ਬਦ |
| (੪) ਮਾਰੂ ਵਿਚ | — | ਸੋਲਹੇ, ੨ ਸ਼ਬਦ |

ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ੮ 'ਵਾਰਾਂ' ਦੀਆਂ ੧੮੩ ਪਉੜੀਆਂ ਹਨ, ਜਿਨ੍ਹਾਂ ਦਾ ਵੇਰਵਾ ਇਉਂ ਹੈ :

| | | | | | |
|---|---|---|---|---|---|
| ਸਿਰੀ ਰਾਗ | — | ੨੧ | ਗਉੜੀ | — | ੨੮ |
| ਬਿਹਾਗੜਾ | — | ੨੧ | ਵਡਹੰਸ | — | ੨੧ |
| ਸੋਰਠਿ | — | ੨੯ | ਬਿਲਾਵਲ | — | ੧੩ |
| ਸਾਰੰਗ | — | ੩੫ | ਕਾਨੜਾ | — | ੧੫ |
| | | | | ਜੋੜ | ੧੮੩ |

ਹਰੇਕ ਗੁਰ-ਵਿਅਕਤੀ ਨੇ ਬਹੁਤ ਸਾਰੇ 'ਸਲੋਕ' ਭੀ ਲਿਖੇ ਹਨ। ਗੁਰੂ ਅਰਜਨ ਸਾਹਿਬ ਨੇ ਉਹ ਸਲੋਕ 'ਵਾਰਾਂ' ਦੀਆਂ ਪਉੜੀਆਂ ਨਾਲ ਦਰਜ ਕਰ ਦਿੱਤੇ। ਹਰੇਕ ਪਉੜੀ ਦੇ ਨਾਲ ਘੱਟ ਤੋਂ ਘੱਟ ੨ ਸਲੋਕ। ਗੁਰੂ ਰਾਮਦਾਸ ਜੀ ਦੇ ਇਹਨਾਂ ਸਲੋਕਾਂ ਦਾ ਜੋੜ ੧੦੫ ਹੈ। ਜਿਹੜੇ ਸਲੋਕ 'ਵਾਰਾਂ' ਦੀਆਂ ਪਉੜੀਆਂ ਨਾਲ ਦਰਜ ਹੋਣੋਂ ਰਹਿ ਗਏ, ਉਹ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ 'ਤੇ ਦਰਜ ਹਨ। ਗੁਰੂ ਰਾਮਦਾਸ ਜੀ ਦੇ ਉਹ ਸਲੋਕ ੩੦ ਹਨ। ਰਲਾ ਕੇ ਸਾਰੇ ਸਲੋਕ ੧੩੫ ਹਨ।

ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਇਸ ਤਰ੍ਹਾਂ ਇਉਂ ਹੋਈ :

| | | | |
|---|---|---|---|
| ਸ਼ਬਦ | — ੨੪੬ | ਅਸਟਪਦੀਆਂ | — ੩੩ |
| ਛੰਤ | — ੨੮ | ਵਾਰਾਂ ਦੀਆਂ ਪਉੜੀਆਂ | — ੧੮੩ |
| ਸਲੋਕ | — ੧੩੫ | ਪਹਰੇ | — ੧ ਸ਼ਬਦ |
| ਵਣਜਾਰਾ | — ੧ ਸ਼ਬਦ | ਕਰਹਲੇ | — ੨ ਸ਼ਬਦ |
| ਘੋੜੀਆਂ | — ੨ ਸ਼ਬਦ | ਸੋਲਹੇ | — ੨ ਸ਼ਬਦ |

ਰਾਗਾਂ ਅਨੁਸਾਰ ਸ਼ਬਦਾਂ, ਅਸਟਪਦੀਆਂ ਤੇ ਛੰਤਾਂ ਦਾ ਵੇਰਵਾ :

| | *ਸ਼ਬਦ* | *ਅਸਟਪਦੀਆਂ* | *ਛੰਤ* |
|---|---|---|---|
| ੧. ਸਿਰੀ ਰਾਗ | ੬ | - | ੧ |
| ੨. ਮਾਝ | ੭ | ੧ | - |
| ੩. ਗਉੜੀ | ੩੨ | - | - |
| ੪. ਆਸਾ | ੧੬ (੧+੧੫) | - | ੧੪ |
| ੫. ਗੂਜਰੀ | ੭ | ੧ | - |
| ੬. ਦੇਵਗੰਧਾਰੀ | ੬ | - | - |
| ੭. ਬਿਹਾਗੜਾ | ੬ | - | - |
| ੮. ਵਡਹੰਸ | ੩ | ੪ | - |
| ੯. ਸੋਰਠਿ | ੯ | - | - |



 www.sikhbookclub.com

| | ਸ਼ਬਦ | ਅਸਟਪਦੀਆਂ | ਛੰਤ |
|---|---|---|---|
| ੧੦. ਧਨਾਸਰੀ | ੧੩ | – | ੧ |
| ੧੧. ਜੈਤਸਰੀ | ੧੧ | – | – |
| ੧੨. ਟੋਡੀ | ੧ | – | – |
| ੧੩. ਬੈਰਾੜੀ | ੬ | – | – |
| ੧੪. ਤਿਲੰਗ | ੨ | – | – |
| ੧੫. ਸੂਹੀ | ੧੫ | ੨ | ੬ |
| ੧੬. ਬਿਲਾਵਲ | ੭ | ੬ | ੨ |
| ੧੭. ਗੋਂਡ | ੬ | – | – |
| ੧੮. ਰਾਮਕਲੀ | ੬ | – | – |
| ੧੯. ਨਟ ਨਾਰਾਇਨ | ੯ | ੬ | – |
| ੨੦. ਮਾਲੀ ਗਉੜੀ | ੬ | – | – |
| ੨੧. ਮਾਰੂ | ੮ | – | – |
| ੨੨. ਤੁਖਾਰੀ | – | – | ੪ |
| ੨੩. ਕੇਦਾਰਾ | ੨ | – | – |
| ੨੪. ਭੈਰਉ | ੭ | – | – |
| ੨੫. ਬਸੰਤ | ੭ | ੧ | – |
| ੨੬. ਸਾਰੰਗ | ੧੩ | – | – |
| ੨੭. ਮਲਾਰ | ੯ | – | – |
| ੨੮. ਕਾਨੜਾ | ੧੨ | ੬ | – |
| ੨੯. ਕਲਿਆਨ | ੭ | ੬ | – |
| ੩੦. ਪ੍ਰਭਾਤੀ | ੭ | – | – |
| ਜੋੜ | ੨੪੬ | ੩੩ | ੨੮ |

 www.sikhbookclub.com

# ਛੇਵਾਂ ਕਾਂਡ
# ਗੁਰੂ ਰਾਮਦਾਸ ਜੀ ਦੀ ਤਾਲੀਮ

## (ੳ) ਉਹਨਾਂ ਦੀਆਂ ਜੀਵਨ-ਸਾਖੀਆਂ ਵਿਚੋਂ

### *(੧) ਨਿਮ੍ਰਤਾ, ਗ਼ਰੀਬੀ*

ਲੋਕ ਆਮ ਤੌਰ 'ਤੇ ਕਿਸੇ ਗੌਂ ਦੀ ਖ਼ਾਤਰ ਲੋੜ ਪੈਣ 'ਤੇ ਦੂਜੇ ਅੱਗੇ ਲਿਫ਼ਦੇ ਹਨ, ਪਰ ਜਦੋਂ ਕਿਸੇ ਮਰਾਤਬੇ ਉਤੇ ਅੱਪੜ ਜਾਂਦੇ ਹਨ, ਤਾਂ ਉਹ ਲਿਫ਼ਣਾ ਉਹਨਾਂ ਨੂੰ ਭੁੱਲ ਜਾਂਦਾ ਹੈ। ਮਨੁੱਖ ਕੋਠੇ ਉੱਤੇ ਚੜ੍ਹਨ ਲਈ ਪੌੜੀ ਵੱਲ ਮੂੰਹ ਕਰ ਕੇ ਪੌੜੀ ਦੇ ਇਕ ਇਕ ਡੰਡੇ ਨੂੰ ਹੱਥ ਪਾਈ ਜਾਂਦਾ ਹੈ, ਪਰ ਜਦੋਂ ਅਖ਼ੀਰਲੇ ਡੰਡੇ ਉਤੇ ਪੈਰ ਰੱਖ ਕੇ ਉਹ ਕੋਠੇ ਉਤੇ ਜਾ ਪਹੁੰਚਦਾ ਹੈ, ਤਾਂ ਪੌੜੀ ਵਲ ਉਸ ਦੀ ਪਿੱਠ ਹੋ ਜਾਂਦੀ ਹੈ। ਇਹੀ ਹਾਲ ਇਸ ਦਾ ਹੁੰਦਾ ਹੈ ਰੋਜ਼ਾਨਾ ਜੀਵਨ ਵਿਚ। ਨਿਮ੍ਰਤਾ ਵੱਲ ਮੂੰਹ ਉਤਨਾ ਚਿਰ, ਜਿਤਨਾ ਚਿਰ ਚੌਧਰ ਨਹੀਂ ਮਿਲੀ। ਚੌਧਰ ਮਿਲਦਿਆਂ ਹੀ ਤੂੰ ਕੌਣ ਤੇ ਮੈਂ ਕੌਣ ? ਜਗਤ ਵਿਚ ਬੜੇ ਹੀ ਵਿਰਲੇ ਹੁੰਦੇ ਹਨ ਜੋ ਮਰਾਤਬੇ ਉਤੇ ਪਹੁੰਚ ਕੇ ਨਿਮ੍ਰਤਾ-ਸੁਭਾਵ ਨਹੀਂ ਛੱਡਦੇ।

ਗੁਰੂ ਰਾਮਦਾਸ ਜੀ ਦੇ ਜੀਵਨ ਵਿਚ ਅਸੀ ਵੇਖ ਆਏ ਹਾਂ ਕਿ ਦੁਨੀਆ ਵਾਲੇ ਸਾਕੋਂ ਗੁਰੂ ਅਮਰਦਾਸ ਜੀ ਦੇ ਜਵਾਈ ਹੁੰਦਿਆਂ ਭੀ ਹੱਦ ਦਰਜੇ ਦੇ ਗ਼ਰੀਬੀ ਸੁਭਾਵ ਨਾਲ ਸਤਿਗੁਰੂ ਜੀ ਦੀ ਦੱਸੀ ਹਰੇਕ ਸੇਵਾ ਕਰਦੇ ਰਹੇ। ਗੁਰੂ ਬਣ ਕੇ ਭੀ ਇਸ ਸੁਭਾਵ ਵਿਚ ਰਤਾ ਭੀ ਫ਼ਰਕ ਨਾ ਪਿਆ। ਸਿੱਖਾਂ ਵਾਸਤੇ ਨਿਮ੍ਰਤਾ ਤੇ ਮਿਠਾਸ ਦੇ ਪੂਰਨੇ ਸਦਾ ਹੀ ਪਾਂਦੇ ਰਹੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸਿਰੀ ਚੰਦ ਜੀ ਬਾਰਠ ਤੋਂ ਇਹਨਾਂ ਦੇ ਦਰਸ਼ਨ ਕਰਨ ਆਏ। ਪਿੰਡ ਬਾਰਠ ਜ਼ਿਲਾ ਗੁਰਦਾਸਪੁਰ ਵਿਚ ਹੈ। ਪਠਾਨਕੋਟ ਤੋਂ ਉਰਲਾ ਰੇਲਵੇ ਸਟੇਸ਼ਨ ਸਰਨਾ ਹੈ, ਸਰਨੇ ਤੋਂ ਪਹਾੜ ਪਾਸੇ ਵੱਲ ਬਾਰਠ ਪੰਜ ਛੇ ਮੀਲਾਂ ਦੀ ਵਿੱਥ ਉਤੇ ਰਾਵੀ ਦੇ ਕੰਢੇ 'ਤੇ ਹੈ। ਗੁਰੂ ਰਾਮਦਾਸ ਜੀ ਨੇ ਸੁਣਿਆ ਕਿ ਬਾਬਾ ਜੀ ਆ ਰਹੇ ਹਨ।



 www.sikhbookclub.com

ਅੱਗੋਂ-ਵਾਂਢੀ ਲੈਣ ਗਏ। ਬਾਬਾ ਜੀ ਦੀ ਕਾਫ਼ੀ ਲੰਮੀ ਉਮਰ ਹੋ ਚੁੱਕੀ ਸੀ, ਸੱਤਰ ਸਾਲਾਂ ਤੋਂ ਟੱਪ ਚੁਕੇ ਸਨ। ਸਤਿਗੁਰੂ ਜੀ ਨੇ ਆਪਣੀ ਹੱਥੀਂ ਉਹਨਾਂ ਦੀਆਂ ਲੱਤਾਂ ਘੁੱਟੀਆਂ, ਚਰਨ ਦਬਾਏ। ਗੁਰੂ ਰਾਮਦਾਸ ਜੀ ਦੀ ਦਾੜ੍ਹੀ ਬਹੁਤ ਲੰਮੀ ਸੀ। ਬਾਬਾ ਸਿਰੀ ਚੰਦ ਜੀ ਵੇਖ ਕੇ ਮੁਸਕਰਾ ਪਏ ਅਤੇ ਪੁੱਛਣ ਲੱਗੇ—ਇਹ ਦਾੜ੍ਹੀ ਤੁਸਾਂ ਇਤਨੀ ਲੰਮੀ ਕਿਉਂ ਵਧਾਈ ਹੋਈ ਹੈ? ਗੁਰੂ ਰਾਮਦਾਸ ਜੀ ਨੇ ਉੱਤਰ ਦਿੱਤਾ ਕਿ ਤੁਹਾਡੇ ਵਰਗੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ। ਇਹ ਆਖ ਕੇ ਸੱਚਮੁੱਚ ਹੀ ਆਪਣੀ ਦਾੜ੍ਹੀ ਨਾਲ ਉਹਨਾਂ ਦੇ ਪੈਰ ਪੂੰਝਣ ਲੱਗ ਪਏ।

### *(੨) ਖਾਲਕੁ ਖਲਕ ਮਹਿ*

ਗੁਰੂ ਕੇ ਲੰਗਰ ਵਿਚ ਇਕ ਸਿਖ ਭਾਈ ਹੰਦਾਲ ਸੇਵਾ ਕਰਿਆ ਕਰਦਾ ਸੀ। ਭਾਈ ਹੰਦਾਲ ਜੰਡਿਆਲਾ (ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਦਿਨ ਰਾਤ ਲੰਗਰ ਦੀ ਸੇਵਾ ਤੋਂ ਛੁੱਟ ਇਸ ਦਾ ਹੋਰ ਕੋਈ ਸ਼ੁਗਲ ਨਹੀਂ ਸੀ। ਲੰਗਰ ਦੀ ਸੇਵਾ ਅਤੇ ਲੰਗਰ ਵਿਚ ਆਏ ਸਿੱਖਾਂ ਦੀ ਸੇਵਾ ਵਿਚ ਹੰਦਾਲ ਇਤਨਾ ਮਸਤ ਰਹਿੰਦਾ ਸੀ ਕਿ ਇਸ ਨੂੰ ਸਤਿਗੁਰੂ ਜੀ ਦੇ ਦੀਵਾਨ ਵਿਚ ਜਾਣ ਦੀ ਭੀ ਕਦੇ ਘੱਟ ਹੀ ਵੇਹਲ ਮਿਲਦੀ ਸੀ। ਉਵ ਹੱਥ ਸੇਵਾ ਵਿਚ ਅਤੇ ਸੁਰਤਿ ਗੁਰ-ਚਰਨਾਂ ਵਿਚ। ਚੰਨ ਚੜ੍ਹਿਆ ਹੋਇਆ ਰੌਸ਼ਨ ਹੋ ਹੀ ਪੈਣਾ ਹੋਇਆ। ਭਾਈ ਹੰਦਾਲ ਦੀ ਸੋਭਾ ਦੀ ਸੁਗੰਧੀ ਗੁਰੂ ਰਾਮਦਾਸ ਜੀ ਤਕ ਭੀ ਜਾ ਅੱਪੜੀ। ਹੰਦਾਲ ਤਾਂ ਕਦੇ ਕਦਾਈਂ ਹੀ ਦੀਵਾਨ ਵਿਚ ਆਉਂਦਾ ਸੀ; ਸਤਿਗੁਰੂ ਜੀ ਆਪ ਹੀ ਇਕ ਦਿਨ ਉਸ ਨੂੰ ਵੇਖਣ ਲਈ ਲੰਗਰ ਵਿਚ ਆ ਗਏ। ਹੰਦਾਲ ਉਸ ਵੇਲੇ ਆਟਾ ਗੁੰਨ੍ਹ ਰਿਹਾ ਸੀ। ਉਸ ਨੂੰ ਪਤਾ ਹੀ ਤਦੋਂ ਲੱਗਾ, ਜਦੋਂ ਸਤਿਗੁਰੂ ਜੀ ਸਿਰ ਉਤੇ ਹੀ ਜਾ ਪਹੁੰਚੇ। ਹੰਦਾਲ ਨੂੰ ਮੌਕਾ ਨਾ ਮਿਲ ਸਕਿਆ ਕਿ ਹੱਥ ਧੋ ਲਏ। ਆਟੇ ਨਾਲ ਲਿੱਬੜੇ ਹੱਥਾਂ ਨਾਲ ਗੁਰੂ-ਚਰਨਾਂ ਉਤੇ ਨਮਸਕਾਰ ਕਰਨ ਵਿਚ ਉਸ ਨੇ ਸਤਿਗੁਰੂ ਦੀ ਨਿਰਾਦਰੀ ਸਮਝੀ। ਲਿੱਬੜੇ ਹੋਏ ਹੱਥ ਹੰਦਾਲ ਨੇ ਪਿੱਠ ਪਿੱਛੇ ਕਰ ਲਏ, ਅਤੇ ਗੋਡਿਆਂ-ਭਾਰ ਹੋ ਕੇ ਉਹ ਸਤਿਗੁਰੂ ਜੀ ਦੇ ਚਰਨਾਂ ਉਤੇ ਢਹਿ ਪਿਆ। ਉਸ ਦਾ ਇਹ ਅਨੋਖੇ ਢੰਗ ਦਾ ਸਤਿਕਾਰ ਵੇਖ ਕੇ ਗੁਰੂ ਰਾਮਦਾਸ ਜੀ ਹੱਸ ਪਏ। ਹੰਦਾਲ ਦਾ ਉੱਚਾ ਜੀਵਨ ਵੇਖ ਕੇ ਉਸ ਨੂੰ ਸਿਖ-ਧਰਮ ਦਾ ਪਰਚਾਰਕ ਮੁਕੱਰਰ ਕਰ ਦਿੱਤੋ ਨੇ। ਪਰਮਾਤਮਾ ਨੂੰ ਬੰਦਿਆਂ ਵਿਚ ਵੇਖਣਾ—ਸਿਖ ਧਰਮ ਦਾ ਇਹ ਇਕ ਅੱਤ ਜ਼ਰੂਰੀ ਨਿਯਮ ਹੈ। ਨਿਸ਼ਕਾਮ ਸੇਵਾ ਭੀ ਤਦੋਂ ਕੀਤੀ ਜਾ ਸਕਦੀ ਹੈ, ਜਦੋਂ ਆਪਣੇ ਅੰਦਰ ਵੱਸਦਾ ਅਕਾਲ ਪੁਰਖ ਸਭਨਾਂ ਵਿਚ ਦਿੱਸੇ। ਇਸ ਨਿਸ਼ਾਨੇ ਨੂੰ ਸਾਹਮਣੇ ਰੱਖਣ ਵਾਲਾ ਸੇਵਕ

ਹੀ ਧਰਮ ਦਾ ਪਰਚਾਰਕ ਬਣ ਸਕਦਾ ਹੈ। ਧਰਮ ਦੀਆਂ ਨਿਰੀਆਂ ਜ਼ਬਾਨੀ ਜ਼ਬਾਨੀ ਗੱਲਾਂ ਕਿਸੇ ਉਤੇ ਅਸਰ ਨਹੀਂ ਪਾ ਸਕਦੀਆਂ।

### *(੩) ਗੁਰੂ ਦਾ ਸਤਿਕਾਰ*

ਮੂੰਹ ਦੇ ਬੋਲੇ ਹੋਏ ਬੋਲ ਸਹਿਜ ਸੁਭਾਇ ਮਨੁੱਖ ਦੇ ਆਪਣੇ ਜੀਵਨ ਉੱਤੇ ਅਸਰ ਪਾਈ ਜਾਂਦੇ ਹਨ। ਜਿਹੜਾ ਬੰਦਾ ਝਾਕਾ ਲਾਹ ਕੇ ਆਪਣੇ ਕਿਸੇ ਬਜ਼ੁਰਗ ਨਾਲ ਫਿੱਕੇ ਬੋਲ ਬੋਲਣ ਲੱਗ ਪੈਂਦਾ ਹੈ, ਉਸ ਦੇ ਦਿਲ ਵਿਚੋਂ ਉਸ ਦਾ ਆਦਰ-ਸਤਿਕਾਰ ਭੀ ਸਹਿਜੇ ਸਹਿਜੇ ਉੱਡਦਾ ਜਾਂਦਾ ਹੈ। ਇਸੇ ਤਰ੍ਹਾਂ ਜੇ ਕਿਸੇ ਦੇ ਕੰਨ ਆਪਣੇ ਕਿਸੇ ਬਜ਼ੁਰਗ ਬਾਰੇ ਨਿਰਾਦਰੀ ਦੇ ਬਚਨ ਸੁਣਨੇ ਗਿੱਝ ਜਾਣ, ਤਾਂ ਉਸ ਬਜ਼ੁਰਗ ਦਾ ਸਤਿਕਾਰ ਮਨ ਵਿਚੋਂ ਮਿਟਦਾ ਜਾਂਦਾ ਹੈ।

ਜੇ ਸਿਖ ਦੇ ਹਿਰਦੇ ਵਿਚ ਗੁਰੂ ਵਾਸਤੇ ਸਤਿਕਾਰ ਨਾ ਰਹੇ, ਤਾਂ ਗੁਰੂ ਦੇ ਉਪਦੇਸ਼ ਅਤੇ ਗੁਰੂ ਦੇ ਜੀਵਨ ਤੋਂ ਸਿਖ ਕੋਈ ਲਾਭ ਨਹੀਂ ਉਠਾ ਸਕਦਾ। ਕੁਦਰਤ ਦਾ ਇਹ ਇਕ ਅਟੱਲ ਨਿਯਮ ਹੈ। ਗੁਰੂ ਰਾਮਦਾਸ ਜੀ ਦੇ ਜੀਵਨ ਵਿਚੋਂ ਮਿਲੀ ਹੋਈ ਇਹ ਸਿੱਖਿਆ ਸਿਖ ਵਾਸਤੇ ਸਦਾ ਚਾਨਣ-ਮੁਨਾਰਾ ਬਣੀ ਰਹੇਗੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਮੰਗਤਾ ਫ਼ਕੀਰ ਗੋਇੰਦਵਾਲ ਵਿਚ ਰਹਿੰਦਾ ਸੀ। ਜਦ ਕਦੇ ਉਹ ਆਟਾ ਆਦਿਕ ਮੰਗਣ ਲਈ ਗੁਰੂ-ਦਰ 'ਤੇ ਆਉਂਦਾ ਸੀ, ਤਾਂ ਸਿੱਖਾਂ ਨੂੰ ਸੁਣਾ ਸੁਣਾ ਕੇ ਸਤਿਗੁਰੂ ਜੀ ਦੀ ਸ਼ਾਨ ਵਿਚ ਕੁਬੋਲ ਬੋਲਦਾ ਸੀ। ਜੇ ਕੋਈ ਸਿਖ ਅੱਗੋਂ ਉਸ ਫ਼ਕੀਰ ਨਾਲ ਗਾਲ੍ਹ-ਮੰਦਾ ਹੋਣ ਲੱਗੇ, ਤਾਂ ਗੁਰੂ ਅਮਰਦਾਸ ਜੀ ਵਰਜ ਦਿਆ ਕਰਦੇ ਸਨ। ਆਖ਼ਰ ਖਰ੍ਹਵੇ-ਪਨ ਦਾ ਇਲਾਜ ਖਰ੍ਹਵਾ-ਪਨ ਤਾਂ ਹੈ ਹੀ ਨਹੀਂ। (ਗੁਰੂ) ਰਾਮਦਾਸ ਜੀ ਉਸ ਫ਼ਕੀਰ ਨੂੰ ਬੜੇ ਪਿਆਰ ਨਾਲ ਸਮਝਾਣ ਦਾ ਜਤਨ ਕਰਦੇ ਰਹੇ, ਪਰ ਉਹ ਫਿਰ ਭੀ ਨਾ ਟਲਿਆ। ਟਲਦਾ ਭੀ ਕਿਵੇਂ ? ਗੁਰੂ ਅਮਰਦਾਸ ਜੀ ਦੇ ਲੰਗਰ ਦੀ ਮਰਯਾਦਾ ਤੋਂ ਖਿਝੇ ਹੋਏ ਜਾਤਿ-ਅਭਿਮਾਨੀਆਂ ਦੀ ਚੁੱਕਣਾ ਸੀ। ਇਕ ਦਿਨ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਸੋਨੇ ਦੇ ਦੋ ਕੜੇ ਦਿੱਤੇ। (ਗੁਰੂ) ਰਾਮਦਾਸ ਜੀ ਇਕ ਕੜਾ ਉਸ ਫ਼ਕੀਰ ਨੂੰ ਦੇ ਆਏ ਅਤੇ ਉਸ ਨੂੰ ਸਮਝਾ ਦਿੱਤੋ ਨੇ ਕਿ ਮਹਾਂ ਪੁਰਖਾਂ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਫ਼ਕੀਰ ਦੋ ਚਾਰ ਦਿਨਾਂ ਲਈ ਕੁਬੋਲਾਂ ਤੋਂ ਹਟਿਆ ਰਿਹਾ। ਪਰ ਤਪੇ ਅਤੇ ਉਸ ਦੇ ਸਾਥੀ ਬ੍ਰਾਹਮਣਾਂ ਦੀ ਚੁੱਕ ਵਿਚ ਆ ਕੇ ਫਿਰ ਉਹੀ ਰਵੱਈਆ ਫੜ

ਲਇਓ ਸੁ। (ਗੁਰੂ) ਰਾਮਦਾਸ ਜੀ ਨੇ ਦੂਜਾ ਕੜਾ ਭੀ ਉਸ ਨੂੰ ਦੇ ਦਿਤਾ ਅਤੇ ਉਹ ਪੰਜ ਸੱਤ ਦਿਨ ਚੁੱਪ ਰਿਹਾ। ਫਿਰ ਉਹੀ ਦੁਰਬਚਨ। (ਗੁਰੂ) ਰਾਮਦਾਸ ਜੀ ਫਿਰ ਉਸ ਨੂੰ ਕੁਝ ਹੋਰ ਮਾਇਆ ਦੇ ਕੇ ਖਰ੍ਹਵੇ ਬੋਲਾਂ ਤੋਂ ਰੋਕਣ ਲੱਗੇ। ਗੁਰੂ ਅਮਰਦਾਸ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਸਮਝਾਇਆ ਕਿ ਪੈਰਾਂ ਹੇਠ ਰੁਲਦੇ ਬੰਦਿਆਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਕਰਨ ਲਈ ਅਸਾਂ ਲੰਗਰ ਦੀ ਮਰਯਾਦਾ ਜ਼ਰੂਰ ਜਾਰੀ ਰੱਖਣੀ ਹੈ। ਉੱਚ-ਜਾਤੀ ਵਾਲਿਆਂ ਨੇ ਭੀ ਆਪਣੀ ਹਰਦੀ ਬਾਜ਼ੀ ਵੇਖ ਕੇ ਜ਼ੋਰ ਲਾਣਾ ਹੈ, ਅਤੇ ਇਸ ਭੁੱਲੜ ਮੰਗਤੇ ਵਰਗੇ ਕਈ ਬੰਦੇ ਪ੍ਰੇਰਨੇ ਹਨ ਜੋ ਸਾਨੂੰ ਖਰ੍ਹਵੇ ਬੋਲ ਬੋਲਣ। ਪਰ ਸਾਡਾ ਵਿਗਾੜ ਕਰਨ ਦੇ ਥਾਂ ਇਹ ਫ਼ਕੀਰ ਸਾਡੀ ਸਹਾਇਤਾ ਕਰ ਰਿਹਾ ਹੈ, ਸਾਨੂੰ ਜਾਚ ਸਿਖਾ ਰਿਹਾ ਹੈ ਕਿ ਅਸੀ ਹੱਸਦੇ-ਮੱਥੇ ਖਰ੍ਹਵਾ-ਪਨ ਸਹਾਰੀਏ ਅਤੇ ਖਿੱਝ ਤੋਂ ਬਚੇ ਰਹੀਏ।

## ਬ੍ਰਾਹਮਣ ਦੇ ਰਸੂਖ਼ ਉਤੇ ਕਾਰੀ ਚੋਟ

ਹਰੇਕ ਹਿੰਦੂ-ਘਰਾਣੇ ਦੇ ਸਾਧਾਰਨ ਰੋਜ਼ਾਨਾ ਜੀਵਨ ਵਿਚ ਕਈ ਐਸੇ ਸਮੇ ਆਉਂਦੇ ਹਨ, ਜਦੋਂ ਬ੍ਰਾਹਮਣ ਦੀ ਸੇਵਾ-ਪੂਜਾ ਤੋਂ ਬਿਨਾਂ ਸਰ ਨਹੀਂ ਆਉਂਦੀ। ਸ਼ਾਸਤ੍ਰਾਂ ਦੀ ਦੱਸੀ ਮਰਯਾਦਾ ਅਨੁਸਾਰ ਉਹਨਾਂ ਸਮਿਆਂ 'ਤੇ ਘਰਾਣੇ ਦੇ ਬ੍ਰਾਹਮਣ ਨੇ ਆ ਕੇ ਹੀ ਭਾਈਚਾਰਕ ਰਸਮਾਂ ਸਿਰੇ ਚੜ੍ਹਾਣੀਆਂ ਹੁੰਦੀਆਂ ਹਨ। ਅਜਿਹੇ ਮੋਟੇ ਉੱਘੇ ਚਾਰ ਸਮੇ ਆਉਂਦੇ ਹਨ:

੧. ਘਰ ਵਿਚ ਬੱਚੇ ਬੱਚੀ ਦਾ ਜੰਮਣਾ।

੨. ਜਨੇਊ।

੩. ਵਿਆਹ।

੪. ਮਿਰਤਕ ਸੰਸਕਾਰ—ਪਿੰਡ ਭਰਾਣੇ, ਕਿਰਿਆ, ਫੁੱਲ ਹਰਿਦੁਆਰ ਤਾਰਨੇ ਆਦਿ।

੧. ਜਦੋਂ ਕਿਸੇ ਹਿੰਦੂ-ਘਰ ਵਿਚ ਕੋਈ ਬਾਲ ਜੰਮੇ, ਤਾਂ ੧੩ ਦਿਨਾਂ ਲਈ ਘਰ ਵਿਚ 'ਸੂਤਕ' ਦੀ ਅਪਵਿੱਤਰਤਾ ਹੋ ਜਾਂਦੀ ਹੈ। ਤੇਰ੍ਹਵੇਂ ਦਿਨ ਪ੍ਰਸੂਤਾ ਇਸਤ੍ਰੀ ਚੌਂਕੇ ਚੜ੍ਹਦੀ ਹੈ, ਉਸ ਦਿਨ ਜ਼ਰੂਰੀ ਹੈ ਕਿ ਘਰ ਦੇ ਬ੍ਰਾਹਮਣ ਜਾਂ ਬ੍ਰਾਹਮਣੀ ਨੂੰ ਭੋਜਨ ਖੁਆਇਆ ਜਾਏ।

੨. ਕੁਦਰਤੀ ਜਨਮ ਤੋਂ ਇਲਾਵਾ ਹਰੇਕ ਹਿੰਦੂ ਨੂੰ ਖ਼ਾਸ ਉਮਰੇ ਧਾਰਮਿਕ ਮੰਡਲ ਵਿਚ ਭੀ ਜਨਮ ਲੈਣਾ ਪੈਂਦਾ ਹੈ, ਜਨੇਊ ਪਾਣਾ ਪੈਂਦਾ ਹੈ। ਇਹ ਜਨੇਊ

ਦੀ ਮਰਯਾਦਾ ਬ੍ਰਾਹਮਣ, ਖੱਤ੍ਰੀ ਅਤੇ ਵੈਸ਼ ਵਾਸਤੇ ਜ਼ਰੂਰੀ ਹੈ। ਸ਼ੂਦਰ ਨੂੰ ਜਨੇਊ ਪਾਣ ਦਾ ਅਧਿਕਾਰ ਨਹੀਂ ਹੈ। ਜਨੇਊ ਪਾਣ ਸਮੇ ਘਰ ਦੇ ਪੁਰੋਹਤ ਦੀ ਸੇਵਾ-ਪੂਜਾ ਜ਼ਰੂਰੀ ਹੈ, ਉਹੀ ਜਨੇਊ ਪਵਾ ਸਕਦਾ ਹੈ।

੩. ਵਿਆਹ ਦੀ ਮਰਯਾਦਾ ਭੀ ਬ੍ਰਾਹਮਣ ਦੇ ਵਸੀਲੇ ਤੋਂ ਬਿਨਾਂ ਹਿੰਦੂ-ਘਰਾਂ ਵਿਚ ਕੀਤੀ ਨਹੀਂ ਜਾ ਸਕਦੀ।

੪. ਮਿਰਤਕ ਸੰਸਕਾਰ—ਜਦੋਂ ਕੋਈ ਹਿੰਦੂ-ਪ੍ਰਾਣੀ ਮਰਦਾ ਹੈ, ਤਾਂ ਉਸ ਦੇ ਸਰੀਰ ਦਾ ਸਸਕਾਰ, ਦਸੀਂ ਦਿਨੀਂ ਕਿਰਿਆ, ਉਸ ਦੇ ਫੁੱਲ ਹਰਿਦੁਆਰ ਗੰਗਾ ਵਿਚ ਪਾਣੇ—ਇਹ ਕੋਈ ਭੀ ਮਰਯਾਦਾ ਬ੍ਰਾਹਮਣ ਦੀ ਸਹਾਇਤਾ ਤੋਂ ਬਿਨਾ ਨਹੀਂ ਹੋ ਸਕਦੀ।

ਜੇ ਕੋਈ ਹਿੰਦੂ ਇਹਨਾਂ ਵਿਚੋਂ ਕਿਸੇ ਮਰਯਾਦਾ ਦਾ ਉਲੰਘਣ ਕਰ ਬਹੇ, ਤਾਂ ਉਸ ਨੂੰ ਤੁਰਤ ਬਿਰਾਦਰੀ ਨਾਲੋਂ ਨਿਖੇੜ ਦਿੱਤਾ ਜਾਂਦਾ ਹੈ, ਉਸ ਨਾਲ ਖਾਣ-ਪੀਣ ਦੀ ਵਰਤੋਂ ਬੰਦ ਕਰ ਦਿੱਤੀ ਜਾਂਦੀ ਹੈ, ਮਰਨੇ-ਪਰਨੇ 'ਤੇ ਕੋਈ ਹਿੰਦੂ ਭਰਾ ਉਸ ਨਾਲ ਭਾਈਚਾਰਕ ਸਾਂਝ ਨਹੀਂ ਰੱਖ ਸਕੇਗਾ। ਇਹਨਾਂ ਬੰਦਸ਼ਾਂ ਦੇ ਆਸਰੇ ਹੀ ਤਾਂ, ਹਿੰਦੂ-ਕੌਮ ਦੇ ਸਿਰੋਂ ਬ੍ਰਾਹਮਣ ਦੀ ਬੇ-ਫ਼ਿਕਰ ਰੋਜ਼ੀ ਬਣੀ ਰਹਿੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਜਨਤਾ ਦੇ ਮੋਢਿਆਂ ਤੋਂ ਗ਼ੁਲਾਮੀ ਦਾ ਇਹ ਜੂਲਾ ਉਤਾਰਨਾ ਸ਼ੁਰੂ ਕਰ ਦਿੱਤਾ। ਜਦੋਂ ਮਾਪਿਆਂ ਨੇ ਉਹਨਾਂ ਨੂੰ ਜਨੇਊ ਪਵਾਣ ਦੀ ਕੋਸ਼ਸ਼ ਕੀਤੀ, ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ। 'ਸੂਤਕ' ਦੇ ਭਰਮ-ਜਾਲ ਨੂੰ ਭੀ ਖੁਲ੍ਹੇ ਲਫ਼ਜ਼ਾਂ ਵਿਚ ਤੋੜਿਆ ਕਿ ਜੇ ਜੰਮਣ ਮਰਨ ਦੇ ਵਹਿਮ ਕੀਤੇ ਗਏ, ਤਾਂ ਹਰੇਕ ਘਰ ਵਿਚ ਹਰ ਵੇਲੇ ਹੀ ਸੂਤਕ ਪਿਆ ਰਹਿੰਦਾ ਹੈ, ਕਿਉਂਕਿ ਹੋਰ ਤਾਂ ਹੋਰ, ਹਰ ਵੇਲੇ ਦੀ ਵਰਤਣ ਵਾਲੀ ਸ਼ੈ ਪਾਣੀ ਵਿਚ ਹੀ ਅਨੇਕਾਂ ਜੀਅ-ਜੰਤ ਹਨ।

ਮਿਰਤਕ ਸੰਸਕਾਰ ਦੀਆਂ ਬੰਦਸ਼ਾਂ ਵਲੋਂ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਅਜ਼ਾਦ ਕਰ ਦਿੱਤਾ, ਅਤੇ ਆਖਿਆ ਕਿ ਮਰਦੇ ਪ੍ਰਾਣੀ ਦੀ ਤਲੀ ਉਤੇ ਦੀਵਾ ਜਗਾਣਾ, ਪਿੰਡ ਭਰਾਣੇ, ਕਿਰਿਆ ਕਰਨੀ, ਉਸ ਦੇ ਫੁੱਲ ਹਰਿਦੁਆਰ ਲੈ ਜਾਣੇ—ਅਜਿਹੀ ਕਿਸੇ ਮਰਯਾਦਾ ਦੀ ਸਿਖ ਨੂੰ ਲੋੜ ਨਹੀਂ ਹੈ। ਸਤਸੰਗ ਕਰੋ, ਬਾਣੀ ਪੜ੍ਹੋ ਅਤੇ ਪ੍ਰਭੂ-ਚਰਨਾਂ ਵਿਚ ਅਰਦਾਸ ਕਰੋ। ਕਿਸੇ ਖ਼ਾਸ ਸ਼੍ਰੇਣੀ ਦੇ ਮਨੁੱਖ ਦਾ ਕੋਈ ਠੇਕਾ ਨਹੀਂ ਹੈ, ਹਰੇਕ ਸਿਖ ਆਪ ਹੀ ਇਹ ਸਾਰੇ ਉੱਦਮ ਕਰ ਸਕਦਾ ਹੈ।

ਵਿਆਹ ਵੇਲੇ ਦੀ ਬ੍ਰਾਹਮਣ ਦੀ ਮੁਥਾਜੀ ਗੁਰੂ ਰਾਮਦਾਸ ਜੀ ਨੇ ਦੂਰ ਕਰ ਦਿੱਤੀ। ਵਿਆਹ ਵੇਲੇ ਜਿਹੜੀਆਂ ਚਾਰ ਲਾਵਾਂ ਵੇਦੀ ਗੱਡ ਕੇ ਬ੍ਰਾਹਮਣ ਆ ਕੇ ਕਰਾਂਦਾ ਸੀ ਅਤੇ ਵੇਦ-ਮੰਤ੍ਰ ਆਦਿਕ ਪੜ੍ਹਦਾ ਸੀ, ਉਹ ਚਾਰ ਲਾਵਾਂ ਪੜ੍ਹਨ ਦਾ ਅਧਿਕਾਰ ਗੁਰੂ ਰਾਮਦਾਸ ਜੀ ਨੇ ਹਰੇਕ ਸਿਖ ਨੂੰ ਦੇ ਦਿੱਤਾ। ਸੂਹੀ ਰਾਗ ਵਿਚ ਉਹਨਾਂ ਇਕ 'ਛੰਤ' ਚਾਰ ਪਉੜੀਆਂ ਵਾਲਾ ਲਿਖ ਦਿੱਤਾ, ਜੋ ਵਿਆਹਾਂ ਸਮੇ ਸਿਖ ਪੜ੍ਹਦੇ ਹਨ ਅਤੇ ਕਿਸੇ ਗੱਲੋਂ ਬ੍ਰਾਹਮਣ ਦੇ ਮੁਥਾਜ ਨਹੀਂ ਰਹਿੰਦੇ।

ਇਸ ਤਰ੍ਹਾਂ ਸਹਿਜੇ ਸਹਿਜੇ ਸਿਖ-ਜਨਤਾ ਬ੍ਰਾਹਮਣ ਦੇ ਜੂਲੇ ਹੇਠੋਂ ਨਿਕਲਦੀ ਗਈ, ਅਤੇ ਸਿਖ-ਧਰਮ ਹਿੰਦੂ ਰਸਮਾਂ-ਰੀਤਾਂ ਤੋਂ ਵੱਖਰਾ ਹੁੰਦਾ ਗਿਆ।

੧ੴ ਸਤਿਗੁਰਪ੍ਰਸਾਦਿ॥

## ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਅਰਜਨ ਸਾਹਿਬ

**(੧੫੬੩-੧੬੦੬)**

# ਪਹਿਲਾ ਕਾਂਡ

### ਜਨਮ ਅਸਥਾਨ

(ਗੁਰੂ) ਅਰਜਨ ਦੇਵ ਜੀ ਦੇ ਪਿਤਾ (ਗੁਰੂ) ਰਾਮਦਾਸ ਜੀ ੧੨ ਸਾਲਾਂ ਦੀ ਉਮਰੇ ਗੋਇੰਦਵਾਲ ਆਏ ਸਨ। ਗੋਇੰਦਵਾਲ ਸੰਨ ੧੫੪੬ ਵਿਚ ਵੱਸਿਆ ਸੀ। ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ (ਗੁਰੂ) ਅਮਰਦਾਸ ਜੀ ਨੇ ਵਸਾਇਆ ਸੀ। ਉਹਨਾਂ ਹੀ ਇਹਨਾਂ ਨੂੰ ਆਖਿਆ ਕਿ ਬਾਸਰਕੇ ਤੋਂ ਆਪਣੇ ਸਾਕਾਂ-ਅੰਗਾਂ ਨੂੰ ਗੋਇੰਦਵਾਲ ਲਿਆ ਵਸਾਓ। (ਗੁਰੂ) ਰਾਮਦਾਸ ਜੀ ਦਾ ਨਾਨਕਾ ਪਿੰਡ ਸੀ ਬਾਸਰਕੇ। ਜਦੋਂ ੧੫੪੧ ਵਿਚ ਇਹਨਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ, ਮਾਤਾ ਤਾਂ ਪਹਿਲਾਂ ਹੀ ਗੁਜ਼ਰ ਚੁਕੀ ਸੀ ਤਾਂ ਇਹਨਾਂ ਦੀ ਨਾਨੀ ਇਹਨਾਂ ਨੂੰ ਲਾਹੌਰ ਤੋਂ ਬਾਸਰਕੇ ਲੈ ਆਈ। ਉਸ ਵੇਲੇ ਇਹਨਾਂ ਦੀ ਉਮਰ ੭ ਸਾਲ ਦੀ ਸੀ। ਬਾਸਰਕੇ ਆਉਂਦੇ ਹੀ ਇਹ ਗੁਰੂ ਅਮਰਦਾਸ ਜੀ ਦੀ ਨਜ਼ਰੇ ਪੈ ਗਏ, ਉਹਨਾਂ ਨੂੰ ਹੋਣਹਾਰ ਜਾਪੇ, ਪਿਤਾ ਵਾਲਾ ਨਿੱਘਾ ਪਿਆਰ ਦੇਣਾ ਸ਼ੁਰੂ ਕਰ ਦਿਤੋ ਨੇ। ਇਸੇ ਤਰ੍ਹਾਂ ਦੁਵੱਲੀ ਇਹ ਖਿੱਚ ਇਤਨੀ ਵਧੀ ਕਿ ਜਦੋਂ ਗੋਇੰਦਵਾਲ ਵੱਸਿਆ ਤਾਂ (ਗੁਰੂ) ਰਾਮਦਾਸ ਜੀ ਨੂੰ ਭੀ ਗੋਇੰਦਵਾਲ ਆ ਵੱਸਣ ਦਾ ਮੌਕਾ ਮਿਲਿਆ। ਸੰਨ ੧੫੫੨ ਵਿਚ ਗੁਰੂ ਅੰਗਦ ਦੇਵ ਜੀ ਦੇ ਥਾਂ ਗੁਰੂ ਅਮਰਦਾਸ ਜੀ ਗੁਰੂ ਬਣੇ, ਖਡੂਰ ਤੋਂ ਇਹ ਗੋਇੰਦਵਾਲ ਆ ਗਏ। ਅਗਲੇ ਸਾਲ ਸੰਨ ੧੫੫੩ ਵਿਚ ਆਪਣੀ ਲੜਕੀ ਬੀਬੀ ਭਾਨੀ ਜੀ ਦੀ ਸ਼ਾਦੀ (ਗੁਰੂ) ਰਾਮਦਾਸ ਨਾਲ ਕਰ ਦਿਤੀਓ ਨੇ।

ਗੋਇੰਦਵਾਲ (ਗੁਰੂ) ਰਾਮਦਾਸ ਜੀ ਦੇ ਘਰ ਤਿੰਨ ਪੁੱਤਰ ਜਨਮੇ। ਸਭ ਤੋਂ ਛੋਟੇ (ਗੁਰੂ) ਅਰਜਨ ਦੇਵ ਜੀ ਸਨ।

## ਜਨਮ-ਤਰੀਕ

(ਗੁਰੂ) ਅਰਜਨ ਸਾਹਿਬ ਦਾ ਜਨਮ ੧੯ ਵੈਸਾਖ ਸੰਮਤ ੧੬੨੦ ਨੂੰ ਹੋਇਆ ਸੀ। ਚੰਦ੍ਰਮਾ ਦੇ ਹਿਸਾਬ ਉਸ ਦਿਨ ਵੈਸਾਖ ਸੁਦੀ ੭ ਸੀ, ਭਾਵ, ਪੂਰਨਮਾਸ਼ੀ ਤੋਂ ਪਿਛੋਂ ਸੱਤਵਾਂ ਦਿਨ। ਈਸਵੀ ਸੰਨ ੧੫੬੩ ਅਤੇ ਅਪ੍ਰੈਲ ਦੀ ੧੫ ਤਰੀਕ ਸੀ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਭੀ ੧੫ ਅਪ੍ਰੈਲ ਨੂੰ ਹੋਇਆ ਸੀ, ਪਰ ਉਸ ਸਾਲ ਉਸ ਦਿਨ ੨੦ ਵੈਸਾਖ ਸੀ। ਇਕ ਹੋਰ ਸੁਆਦਲੀ ਇਤਿਹਾਸਕ ਗੱਲ ਭੀ ਚੇਤੇ ਰਖਣੀ ਕਿ ਗੁਰੂ ਅੰਗਦ ਸਾਹਿਬ ਦਾ ਜਨਮ ਭੀ ਵੈਸਾਖ ਦੇ ਮਹੀਨੇ ਹੋਇਆ ਸੀ।

ਗੁਰੂ ਨਾਨਕ ਦੇਵ ਜੀ—੨੦ ਵੈਸਾਖ।

ਗੁਰੂ ਅੰਗਦ ਸਾਹਿਬ—੫ ਵੈਸਾਖ।

ਗੁਰੂ ਅਰਜਨ ਸਾਹਿਬ—੧੯ ਵੈਸਾਖ।

(ਗੁਰੂ) ਅਰਜਨ ਦੇਵ ਜੀ ਦੇ ਜਨਮ ਸਮੇ (ਗੁਰੂ) ਰਾਮਦਾਸ ਜੀ ਦੀ ਉਮਰ ਸਾਢੇ ਅਠਾਈ ਸਾਲ ਸੀ ਅਤੇ ਗੁਰੂ ਅਮਰਦਾਸ ਜੀ ਉਸ ਵੇਲੇ ੮੪ ਸਾਲਾਂ ਦੇ ਸਨ।

## ਬਾਲ-ਉਮਰ

(ਗੁਰੂ) ਅਰਜਨ ਸਾਹਿਬ ਸਭ ਤੋਂ ਪਹਿਲੇ ਗੁਰੂ ਸਨ, ਜਿਨ੍ਹਾਂ ਨੂੰ ਜੰਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ ਸੀ। ਗੁਰੂ ਅਮਰਦਾਸ ਜੀ ਇਹਨਾਂ ਦੇ ਨਾਨੇ ਸਨ, ਜੋ ਗੁਰੂ ਅੰਗਦ ਸਾਹਿਬ ਦੀ ਆਗਿਆ ਅਨੁਸਾਰ ਗੋਇੰਦਵਾਲ ਵਿਚ ਰਿਹਾਇਸ਼ ਬਣਾ ਚੁਕੇ ਸਨ। ਸੋ, (ਗੁਰੂ) ਅਰਜਨ ਦੇਵ ਜੀ ਆਪਣੇ ਨਾਨਕੇ ਪਿੰਡ ਜੰਮੇ ਅਤੇ ਨਾਨਾ ਗੁਰੂ ਅਮਰਦਾਸ ਜੀ ਦੀ ਗੋਦੀ ਵਿਚ ਹੀ ਪਲੇ। ਪਲੇ ਤਾਂ ਵੱਡੇ ਦੋਵੇਂ ਭਰਾ ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਂਦੇਵ ਭੀ ਗੁਰੂ-ਗੋਦ ਵਿਚ ਹੀ ਸਨ। ਪਰ ਦੂਜਿਆਂ ਨਾਲ ਪਿਆਰ ਹੁੰਦਿਆਂ ਭੀ ਪਿਆਰ ਦੀ ਅਸਲ ਬਾਜ਼ੀ (ਗੁਰੂ) ਅਰਜਨ ਦੇਵ ਹੀ ਲੈ ਗਏ। ਨਾਨੇ ਦੋਹਤਰੇ ਦਾ ਪਰਸਪਰ ਪਿਆਰ ਇਤਨਾ ਵਧਿਆ ਕਿ ਇਸ ਦੀ ਬਰਕਤ ਨਾਲ ਉੱਚੀ ਮਨੁੱਖਤਾ ਦੇ ਸਾਰੇ ਗੁਣਾਂ ਦੇ ਅੰਕੁਰ ਇਹਨਾਂ ਦੇ ਅੰਦਰ ਫੁੱਟਣ ਲੱਗ ਪਏ। ਗੁਰੂ ਅਮਰਦਾਸ ਜੀ ਦੀ ਪਾਰਖੂ ਅੱਖ



Page 136 www.sikhbookclub.com

ਨੇ ਜਿਵੇਂ ਇਹਨਾਂ ਦੇ ਪਿਤਾ (ਗੁਰੂ) ਰਾਮਦਾਸ ਜੀ ਨੂੰ ੭ ਸਾਲਾਂ ਦੀ ਉਮਰੇ ਹੀ ਪਛਾਣ ਲਿਆ ਸੀ ਤਿਵੇਂ ਇਹਨਾਂ ਦੇ ਅੰਦਰੋਂ ਭੀ ਫੁਟਦੀ ਹੋਣਹਾਰਤਾ ਉਹਨਾਂ ਨੂੰ ਦਿਸਣ ਲਗ ਪਈ। ਗੁਰੂ ਅਮਰਦਾਸ ਜੀ ਹੋਣਹਾਰਤਾ ਦੇ ਉਸ ਅੰਕੁਰ ਨੂੰ ਹੋਰ ਵਧੀਕ, ਹੋਰ ਵਧੀਕ ਪਿਆਰ-ਜਲ ਪਾਂਦੇ ਗਏ। ਸਾਢੇ ਯਾਰ੍ਹਾਂ ਸਾਲ (ਗੁਰੂ) ਅਰਜਨ ਦੇਵ ਜੀ ਨੂੰ ਗੁਰਮਤਿ ਦੀ ਇਹ ਖ਼ੁਰਾਕ ਆਪਣੇ ਨਾਨਾ ਗੁਰੂ ਅਮਰਦਾਸ ਜੀ ਤੋਂ ਮਿਲਦੀ ਰਹੀ, ਸੰਨ ੧੫੭੪ ਤਕ, ਜਦੋਂ ਕਿ ਗੁਰੂ ਅਮਰਦਾਸ ਜੀ ਪਹਿਲੀ ਸਤੰਬਰ ਨੂੰ ਜੋਤੀ ਜੋਤਿ ਸਮਾਏ। ਯਾਰ੍ਹਾਂ ਸਾਢੇ ਯਾਰ੍ਹਾਂ ਸਾਲਾਂ ਦਾ ਬੱਚਾ ਅੰਞਾਣ ਉਮਰੋਂ ਲੰਘ ਚੁਕਿਆ ਹੁੰਦਾ ਹੈ, ਉਸ ਦੇ ਕਈ ਲੱਛਣ ਇਸ ਉਮਰ ਤਕ ਉੱਘੜ ਆਉਂਦੇ ਹਨ, ਉਸ ਦੀਆਂ ਕਈ ਰੁਚੀਆਂ ਦਿਸ ਪੈਂਦੀਆਂ ਹਨ। ਹੋਣਹਾਰ ਬੱਚੇ ਦੀਆਂ ਰੁਚੀਆਂ ਅਤੇ ਲੱਛਣ ਤਾਂ ਇਤਨਾ ਲਿਸ਼ਕਾਰਾ ਮਾਰਨ ਲਗ ਪੈਂਦੇ ਹਨ ਕਿ ਉਸ ਦਾ ਜੀਵਨ-ਰੁਖ਼ ਪਰਤੱਖ ਪਿਆ ਦਿਸਦਾ ਹੈ। ਗੁਰੂ ਕੀ ਬਾਣੀ ਨਾਲ (ਗੁਰੂ) ਅਰਜਨ ਦੇਵ ਜੀ ਦਾ ਅੱਤ ਦਰਜੇ ਦਾ ਪਿਆਰ ਵੇਖ ਕੇ ਹੀ ਗੁਰੂ ਅਮਰਦਾਸ ਜੀ ਨੇ ਆਖ ਦਿਤਾ ਸੀ ਕਿ ਇਹ 'ਦੋਹਿਤਾ ਬਾਣੀ ਦਾ ਬੋਹਿਥਾ' (ਜਹਾਜ਼) ਹੋਵੇਗਾ।

## ਪਿਤਾ-ਗੁਰੂ ਦੀਆਂ ਜ਼ਿੰਮੇਵਾਰੀਆਂ ਵਿਚ ਦਿਲਚਸਪੀ

(ਗੁਰੂ) ਅਰਜਨ ਦੇਵ ਜੀ ਦੇ ਪਿਤਾ ਗੁਰੂ ਰਾਮਦਾਸ ਜੀ ਸਤੰਬਰ ੧੫੭੪ ਵਿਚ ਗੁਰੂ ਬਣੇ। ਗੁਰੂ ਅਮਰਦਾਸ ਜੀ ਦੀ ਤਜਵੀਜ਼ ਅਨੁਸਾਰ ਉਹਨਾਂ ਮਾਝੇ ਦੀ ਧੁਨੀ ਵਿਚ ਨਵਾਂ ਨਗਰ ਗੁਰੂ-ਚੱਕ ਵਸਾਣਾ ਸ਼ੁਰੂ ਕੀਤਾ। ਇਹ ਕੋਈ ਨਿੱਕਾ ਜਿਹਾ ਕੰਮ ਨਹੀਂ ਸੀ। ਬਾਦਸ਼ਾਹਾਂ ਵਾਲਾ, ਜਿਥੇ ਲੱਖਾਂ ਕ੍ਰੋੜਾਂ ਇੱਟਾਂ, ਮਣਾਂ-ਮੂੰਹੀ ਚੂਨਾ ਅਤੇ ਕੰਮ ਉਤੇ ਲੱਗੇ ਹੋਏ ਬੰਦਿਆਂ ਲਈ ਰਿਹਾਇਸ਼ ਤੇ ਹਜ਼ਾਰਾਂ ਮਣਾਂ ਅੰਨ ਦੀ ਲੋੜ ਸੀ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਜਥੇਬੰਦ ਮਿਹਨਤ ਦੀ ਲੋੜ ਸੀ। ਗੁਰੂ ਰਾਮਦਾਸ ਜੀ ਨੇ ਯੋਗ ਸੇਵਕਾਂ ਨੂੰ ਯੋਗ ਕੰਮਾਂ ਉਤੇ ਲਾ ਦਿਤਾ। ਉਹਨਾਂ ਦੇ ਵਿਚਕਾਰਲੇ ਸਾਹਿਬਜ਼ਾਦੇ ਬਾਬਾ ਮਹਾਂਦੇਵ ਜੀ ਮਸਤ ਸੁਭਾਵ ਦੇ ਸਨ। ਬਾਬਾ ਪ੍ਰਿਥੀ ਚੰਦ ਜੀ ਦੁਨੀਆਵੀ ਕੰਮਾਂ ਵਿਚ ਚੁਸਤ ਸਾਬਤ ਹੋਏ, ਕਈ ਕੰਮ ਉਹਨਾਂ ਦੇ ਸਪੁਰਦ ਕੀਤੇ ਗਏ।

(ਗੁਰੂ) ਅਰਜਨ ਦੇਵ ਜੀ ਦਾ ਬਾਣੀ ਵਾਲਾ ਇਸ਼ਕ ਤਾਂ ਹੁਣ ਤਕ ਉੱਘੜ ਹੀ ਚੁੱਕਾ ਸੀ। ਸ਼ਹਿਰ ਦੀਆਂ ਇਮਾਰਤਾਂ ਦੀ ਉਸਾਰੀ, ਸ਼ਹਿਰ ਵਿਚ ਹਰ ਕਿੱਤੇ ਦੇ ਲੋਕ ਲਿਆ ਕੇ ਵਸਾਣੇ, ਸਰੋਵਰ ਦੀ ਪੁਟਾਈ ਅਤੇ ਉਸਾਰੀ—ਇਹਨਾਂ ਸਭਨਾਂ ਗੱਲਾਂ ਵਿਚ ਭੀ ਇਹਨਾਂ ਪੂਰੀ ਦਿਲਚਸਪੀ ਲਈ।



 www.sikhbookclub.com

# ਦੂਜਾ ਕਾਂਡ

## ਗੁਰਿਆਈ

ਵੇਖਣ ਨੂੰ ਭਾਵੇਂ ਬਾਬਾ ਪ੍ਰਿਥੀ ਚੰਦ ਜੀ ਪਿਤਾ-ਗੁਰੂ ਰਾਮਦਾਸ ਜੀ ਤੋਂ ਸਰੋਵਰ ਆਦਿਕ ਦੀ ਉਸਾਰੀ ਅਤੇ ਸੰਗਤਾਂ ਦੀ ਰਿਹਾਇਸ਼, ਲੰਗਰ ਦੀ ਮਿਲੀ ਸੇਵਾ ਬੜੀ ਮਿਹਨਤ ਨਾਲ ਕਰ ਰਹੇ ਸਨ, ਪਰ ਪਰਖਣ ਵਾਲੀ ਅੱਖ ਤੋਂ ਇਹ ਗੱਲ ਲੁਕੀ ਨਾ ਰਹਿ ਸਕੀ ਕਿ (ਗੁਰੂ) ਅਰਜਨ ਸਾਹਿਬ ਅਤੇ ਬਾਬਾ ਪ੍ਰਿਥੀ ਚੰਦ ਜੀ ਦੇ ਰਵੱਈਏ ਅਤੇ ਦ੍ਰਿਸ਼ਟੀ-ਕੋਣ ਵਿਚ ਧਰਤੀ-ਅਸਮਾਨ ਦਾ ਫ਼ਰਕ ਸੀ। (ਗੁਰੂ) ਅਰਜਨ ਸਾਹਿਬ ਦੇ ਅੰਦਰ ਨਿਸ਼ਕਾਮਤਾ ਅਤੇ ਸਰਲਤਾ ਸੀ। ਬਾਬਾ ਪ੍ਰਿਥੀ ਚੰਦ ਜੀ ਆਪਣੇ ਆਪ ਨੂੰ ਸਿਆਣਾ ਪਰਬੰਧਕ ਸਮਝ ਕੇ ਇਹ ਆਸਾਂ ਭੀ ਮਿਥਣ ਲੱਗ ਪਏ ਕਿ ਗੁਰੂ-ਪਿਤਾ ਤੋਂ ਪਿਛੋਂ ਗੁਰਿਆਈ ਲਈ ਯੋਗ ਅਧਿਕਾਰ ਮੇਰਾ ਹੀ ਹੈ। ਦਿਲਾਂ ਨੂੰ ਦਿਲਾਂ ਨਾਲ ਸਾਂਝ ਬਣ ਜਾਂਦੀ ਹੈ। (ਗੁਰੂ) ਅਰਜਨ ਦੇਵ ਜੀ ਦਾ ਨਿਸ਼ਕਾਮ ਪਿਆਰ ਉਹਨਾਂ ਨੂੰ ਪਿਤਾ-ਗੁਰੂ ਰਾਮਦਾਸ ਜੀ ਦੇ ਦਿਲ ਦੇ ਨੇੜੇ ਲਿਆਉਂਦਾ ਗਿਆ, ਪਰ ਬਾਬਾ ਪ੍ਰਿਥੀ ਚੰਦ ਦਾ ਸੁਆਰਥ ਇਹਨਾਂ ਨੂੰ ਸਤਿਗੁਰੂ ਜੀ ਦੇ ਦਿਲ ਤੋਂ ਦੁਰੇਡਾ ਕਰਦਾ ਗਿਆ। ਇਹ ਸੁਆਰਥ ਵਧਦਿਆਂ ਵਧਦਿਆਂ ਹਾਲਤ ਇਥੋਂ ਤਕ ਜਾ ਅੱਪੜੀ ਕਿ ਗੁਰੂ ਰਾਮਦਾਸ ਜੀ ਦੀਆਂ (ਗੁਰੂ) ਅਰਜਨ ਸਾਹਿਬ ਵਲ ਪੈਂਦੀਆਂ ਪਿਆਰ-ਨਿਗਾਹਾਂ ਬਾਬਾ ਪ੍ਰਿਥੀ ਚੰਦ ਜੀ ਨੂੰ ਦੁਖਦਾਈ ਜਾਪਣ ਲੱਗ ਪਈਆਂ, ਕਈ ਵਾਰੀ ਉਹ ਸਤਿਗੁਰੂ ਜੀ ਨਾਲ ਖਰ੍ਹਵੇ ਭੀ ਹੋਣ ਲੱਗ ਪਏ, ਬਾਹਰੋਂ ਸੰਗਤਾਂ ਪਾਸੋਂ ਮਾਇਆ ਤੇ ਰਸਦ ਲਿਆਉਣ ਵਾਲੇ ਮਸੰਦਾਂ ਨਾਲ ਗਠ-ਜੋੜ ਭੀ ਕਰਨ ਲੱਗ ਪਏ ਕਿ ਜੇ ਪਿਤਾ-ਗੁਰੂ ਆਪ ਮੈਨੂੰ ਗੁਰਿਆਈ ਨਾ ਦੇਣ, ਤਾਂ ਮੁਖੀ ਮਸੰਦਾਂ ਤੇ ਪੈਂਚਾਂ ਚੌਧਰੀਆਂ ਦੀ ਹਮਦਰਦੀ ਨਾਲ ਆਪਣਾ ਪੱਲਾ ਭਾਰੀ ਕੀਤਾ ਜਾ ਸਕੇ। ਜਿਸ ਉੱਚ ਵਿਅਕਤੀ ਨੇ ਸਧਾਰਨ ਬੰਦਿਆਂ ਦੇ ਸਾਹਮਣੇ ਮਨੁੱਖਤਾ ਦੇ ਪੂਰਨੇ ਪਾਏ ਹੋਣ, ਉਸ ਨੂੰ ਇਹ ਗੱਲਾਂ ਨਹੀਂ ਸੋਭਦੀਆਂ। ਗੁਰੂ ਰਾਮਦਾਸ ਜੀ ਬਾਬਾ ਪ੍ਰਿਥੀ ਚੰਦ ਜੀ ਨੂੰ ਸਦਾ ਇਸ ਕੁਹਜੇ ਵਤੀਰੇ ਵਲੋਂ ਵਰਜਦੇ ਰਹੇ। ਪਰ ਉਹ ਜਿਉਂ ਜਿਉਂ ਵਰਜਦੇ ਗਏ, ਤਿਉਂ ਤਿਉਂ

ਬਾਬਾ ਪ੍ਰਿਥੀ ਚੰਦ ਜੀ ਦਾ ਪਿਤਾ-ਗੁਰੂ ਵਲ ਰਵੱਈਆ ਮੰਦਾ ਹੁੰਦਾ ਗਿਆ।

ਆਖ਼ਰ ਗੁਰਿਆਈ ਲਈ ਚੋਣ ਉਹੀ ਹੋਈ ਜੋ ਗੁਰੂ ਅਮਰਦਾਸ ਜੀ ਦੀ ਪਾਰਖੂ ਅੱਖ ਸੱਤ ਸਾਲ ਪਹਿਲਾਂ ਹੀ ਕਰ ਚੁਕੀ ਸੀ। ਨਾ ਬਾਬਾ ਪ੍ਰਿਥੀ ਚੰਦ ਜੀ ਦੀ ਨਿਰੀ ਦੁਨੀਆਵੀ ਚਤੁਰਤਾ ਗੁਰਤਾ ਲਈ ਫਬਵਾਂ ਗੁਣ ਸੀ; ਅਤੇ ਨਾ ਬਾਬਾ ਮਹਾਂਦੇਵ ਜੀ ਦੀ ਦੁਨੀਆ ਵਲੋਂ ਉਪਰਾਮਤਾ ਖ਼ਲਕਤ ਦੀ ਅਗਵਾਈ ਕਰ ਸਕਦੀ ਸੀ। ਗੁਰੂ ਰਾਮਦਾਸ ਜੀ ਨੂੰ ਉੱਚੀ ਮਨੁੱਖਤਾ ਦੇ ਦੀਨ ਅਤੇ ਦੁਨੀਆ ਵਾਲੇ ਸਾਵੇਂ ਪੱਲੜੇ (ਗੁਰੂ) ਅਰਜਨ ਸਾਹਿਬ ਵਿਚ ਦਿਸੇ। ਮਨੁੱਖ-ਜਾਮੇ ਵਿਚ ਰੱਬੀ ਨੂਰ ਇਥੇ ਹੀ ਝਲਕਾਂ ਮਾਰ ਰਿਹਾ ਸੀ।

ਜਦੋਂ ਸਤਿਗੁਰੂ ਜੀ ਨੇ ਆਪਣਾ ਦੇਹਾਂਤ ਨੇੜੇ ਆਉਂਦਾ ਅਨੁਭਵ ਕੀਤਾ, ਤਾਂ ਭਾਦਰੋਂ ਸੰਮਤ ੧੬੩੮ (ਅਗਸਤ ਸੰਨ ੧੫੮੧) ਵਿਚ ਸੰਗਤ ਇਕੱਠੀ ਕਰ ਕੇ ਆਪ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ। ਗੁਰੂ ਅਰਜਨ ਸਾਹਿਬ ਨੂੰ ਚੌਕੀ ਉਤੇ ਬਿਠਾ ਕੇ ਆਪ ਉਹਨਾਂ ਅੱਗੇ ਮੱਥਾ ਟੇਕਿਓ ਨੇ। ਸਾਰੀ ਸੰਗਤ ਨੇ ਭੀ ਗੁਰੂ ਰਾਮਦਾਸ ਜੀ ਦੇ ਹੁਕਮ ਅਨੁਸਾਰ ਗੁਰੂ ਅਰਜਨ ਸਾਹਿਬ ਅੱਗੇ ਸਿਰ ਨਿਵਾਇਆ। ਸਤਿਗੁਰੂ ਜੀ ਨੇ ਇਹਨਾਂ ਨੂੰ ਬਾਣੀ ਦਾ ਉਹ ਸਾਰਾ ਖ਼ਜ਼ਾਨਾ ਭੀ ਦੇ ਦਿੱਤਾ, ਜਿਸ ਵਿਚ ਉਹਨਾਂ ਦੀ ਆਪਣੀ ਬਾਣੀ, ਗੁਰੂ ਨਾਨਕ ਦੇਵ ਜੀ ਦੀ, ਗੁਰੂ ਅੰਗਦ ਸਾਹਿਬ ਜੀ ਦੀ, ਗੁਰੂ ਅਮਰਦਾਸ ਜੀ ਦੀ ਅਤੇ ਭਗਤਾਂ ਦੀ ਬਾਣੀ ਸੀ। ਗੁਰਿਆਈ ਮਿਲਣ ਵੇਲੇ ਗੁਰੂ ਅਰਜਨ ਸਾਹਿਬ ਦੀ ਉਮਰ ੧੮ ਸਾਲ ੪ ਮਹੀਨੇ ਸੀ।

## ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ

ਗੁਰਿਆਈ ਵਾਲਾ ਫ਼ੈਸਲਾ ਬਾਬਾ ਪ੍ਰਿਥੀ ਚੰਦ ਜੀ ਦੀ ਤਸੱਲੀ ਨਾ ਕਰਾ ਸਕਿਆ। ਉਹ ਇਸ ਫ਼ੈਸਲੇ ਨੂੰ ਆਪਣੇ ਹੱਕ ਉਤੇ ਛਾਪਾ ਪਿਆ ਹੀ ਸਮਝਦੇ ਰਹੇ। ਮਸੰਦਾਂ ਨਾਲ ਬਣਾਈ ਹੋਈ ਸਾਂਝ ਨੇ ਹੋਰ ਕਿਸ ਵੇਲੇ ਕੰਮ ਦੇਣਾ ਸੀ ? ਘੋਰ-ਮਸੋਰੇ ਅੰਦਰ ਅੰਦਰ ਸ਼ੁਰੂ ਹੋਏ। ਗੁਰੂ ਰਾਮਦਾਸ ਜੀ ੭ ਸਾਲਾਂ ਦੀ ਭਾਰੀ ਮਿਹਨਤ ਤੋਂ ਪਿਛੋਂ ਆਪਣੇ ਅਖ਼ੀਰਲੇ ਦਿਨ ਗੋਇੰਦਵਾਲ ਬਿਆਸਾ ਦੀ ਏਕਾਂਤ ਵਿਚ ਬਿਤਾਣ ਲਈ ਪਹਿਲਾਂ ਹੀ ਫ਼ੈਸਲਾ ਕਰੀ ਬੈਠੇ ਸਨ। ਬਾਬਾ ਪ੍ਰਿਥੀ ਚੰਦ ਜੀ ਨੂੰ ਭੀ ਯਕੀਨ ਦਿਵਾਣਾ ਸੀ ਕਿ ਗੁਣਾਂ ਤੋਂ ਬਿਨਾਂ ਗੁਰਤਾ ਅਸੰਭਵ ਹੈ। ਗੁਰੂ ਚੱਕ ਤੋਂ ਜਾਣ ਲੱਗੇ ਗੁਰੂ ਅਰਜਨ ਸਾਹਿਬ ਨੂੰ ਭੀ ਨਾਲ ਲੈ ਗਏ, ਅਤੇ ਅਖਾੜਾ ਬਾਬਾ ਪ੍ਰਿਥੀ ਚੰਦ ਜੀ ਵਾਸਤੇ ਖ਼ਾਲੀ ਛੱਡ ਗਏ।

 www.sikhbookclub.com

ਗੋਇੰਦਵਾਲ ਜਾ ਕੇ ਗੁਰੂ ਰਾਮਦਾਸ ਜੀ ੨ ਅੱਸੂ ਸੰਮਤ ੧੬੩੮ (੧ ਸਤੰਬਰ ਸੰਨ ੧੫੮੧) ਨੂੰ ਜੋਤੀ ਜੋਤਿ ਸਮਾ ਗਏ। ਭਾਈਚਾਰਕ ਮਰਯਾਦਾ ਅਨੁਸਾਰ ਅਜਿਹੇ ਮੌਕੇ 'ਤੇ ਬਰਾਦਰੀ ਦੇ ਲੋਕ ਦਸਵੇਂ ਦਿਨ ਇਕੱਠੇ ਹੋ ਕੇ ਜਾ-ਨਸ਼ੀਨ ਨੂੰ 'ਪੱਗ' ਦੇਂਦੇ ਹਨ। ਇਸ ਦਾ ਭਾਵ ਇਹ ਹੁੰਦਾ ਹੈ ਕਿ ਜਿਸ ਪੁੱਤਰ ਨੂੰ 'ਪੱਗ' ਦਿੱਤੀ ਜਾਂਦੀ ਹੈ, ਬਰਾਦਰੀ ਦੇ ਭਰਾ-ਭਾਈ ਉਸ ਨੂੰ ਉਸ ਦੇ ਪਿਤਾ ਦੀ ਥਾਂ ਜਾਇਜ਼ ਹੱਕਦਾਰ ਮੰਨਦੇ ਹਨ। ਆਮ ਤੌਰ 'ਤੇ ਇਹ 'ਪੱਗ' ਵੱਡੇ ਪੁੱਤਰ ਨੂੰ ਹੀ ਦਿੱਤੀ ਜਾਂਦੀ ਹੈ। ਜਦੋਂ ਬਾਬਾ ਪ੍ਰਿਥੀ ਚੰਦ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਸੁਣੀ, ਤਾਂ ਦਸਤਾਰ-ਬੰਦੀ ਵਾਲੇ ਦਿਨ ਉਹ ਭੀ ਗੋਇੰਦਵਾਲ ਪਹੁੰਚ ਗਏ। ਬਰਾਦਰੀ ਦੇ ਲੋਕ ਵੇਖ ਚੁਕੇ ਸਨ ਕਿ ਗੁਰੂ ਰਾਮਦਾਸ ਜੀ ਨੇ ਆਪਣੇ ਥਾਂ ਆਪ ਹੀ ਗੁਰੂ ਅਰਜਨ ਸਾਹਿਬ ਨੂੰ ਥਾਪ ਦਿੱਤਾ ਸੀ। ਉਹ ਭੀ 'ਦਸਤਾਰ' ਗੁਰੂ ਅਰਜਨ ਸਾਹਿਬ ਨੂੰ ਦੇਣਾ ਚਾਹੁੰਦੇ ਸਨ। ਬਾਬਾ ਪ੍ਰਿਥੀ ਚੰਦ ਜੀ ਨੇ ਸ਼ਰੀਕੇ ਭਾਈਚਾਰੇ ਨੂੰ ਆਖਿਆ ਕਿ ਮੈਂ ਵੱਡਾ ਪੁੱਤਰ ਹਾਂ, 'ਦਸਤਾਰ'[੧] ਮੈਨੂੰ ਮਿਲੇ। ਅਸਲ ਵਿਚ ਉਹਨਾਂ ਨੂੰ ਇਹ ਆਸ ਸੀ ਕਿ ਬਰਾਦਰੀ ਵਲੋਂ 'ਦਸਤਾਰ' ਮਿਲਿਆਂ ਗੁਰਿਆਈ ਵਾਸਤੇ ਭੀ ਮੇਰਾ ਹੀ ਹੱਕ ਮੰਨਿਆ ਜਾਏਗਾ। ਬਰਾਦਰੀ ਦੇ ਲੋਕ ਭਾਈਚਾਰਕ ਮਰਯਾਦਾ ਅਨੁਸਾਰ ਭੀ 'ਪੱਗ' ਬਾਬਾ ਪ੍ਰਿਥੀ ਚੰਦ ਨੂੰ ਦੇਣ ਲਈ ਤਿਆਰ ਨਹੀਂ ਸਨ। ਪਰ ਗੁਰੂ ਅਰਜਨ ਸਾਹਿਬ ਦੀ ਪ੍ਰੇਰਨਾ ਨਾਲ ਆਖ਼ਰ 'ਪੱਗ' ਬਾਬਾ ਪ੍ਰਿਥੀ ਚੰਦ ਜੀ ਨੂੰ ਦਿੱਤੀ ਗਈ। ਫਿਰ ਭੀ ਇਹ ਗੱਲ ਕਿਸੇ ਨਾ ਮੰਨੀ ਕਿ ਗੁਰੂ ਰਾਮਦਾਸ ਜੀ ਤੋਂ ਪਿਛੋਂ ਗੁਰਿਆਈ ਬਾਬਾ ਪ੍ਰਿਥੀ ਚੰਦ ਜੀ ਨੂੰ ਮਿਲ ਸਕਦੀ ਹੈ।

---

੧. ਪਾਠਕ ਇਥੇ ਇਹ ਚੇਤਾ ਰੱਖਣ ਕਿ ਇਸੇ ਨਗਰ ਗੋਇੰਦਵਾਲ ਵਿਚ ਜਾਤਿ-ਅਭਿਮਾਨੀ ਬ੍ਰਾਹਮਣ ਤੇ ਖੱਤ੍ਰੀਆਂ ਨੇ ਗੁਰੂ ਅਮਰਦਾਸ ਜੀ ਦੇ ਲੰਗਰ ਨੂੰ ਬੰਦ ਕਰਾਣ ਲਈ ਕਈ ਸਾਲ ਸਿਰੋਂ ਪਰੇ ਜ਼ੋਰ ਲਾਇਆ ਸੀ, ਬਾਬਾ ਦਾਤੂ ਜੀ ਨੂੰ ਖਡੂਰ ਤੋਂ ਲਿਆ ਕੇ ਗੁਰਿਆਈ ਲਈ ਸ਼ਰੀਕ ਭੀ ਖੜਾ ਕਰ ਦਿੱਤਾ ਸੀ, ਪਰ ਸਿੱਖਾਂ ਦੀ ਦ੍ਰਿੜ੍ਹ ਸ਼ਰਧਾ ਅੱਗੇ ਉਹਨਾਂ ਦੀ ਕੋਈ ਪੇਸ਼ ਨਹੀਂ ਸੀ ਗਈ। ਲੰਗਰ ਤਾਂ ਗੁਰੂ ਰਾਮਦਾਸ ਜੀ ਦੇ ਵੇਲੇ ਭੀ ਉਹੀ ਸੀ, ਪਰ ਜਾਤਿ-ਅਭਿਮਾਨੀਆਂ ਨੂੰ ਕੋਈ ਗੁਰ-ਸ਼ਰੀਕ ਨਾ ਲੱਭਾ, ਜਿਸ ਨੂੰ ਹੱਥ-ਠੋਕਾ ਬਣਾ ਕੇ ਛੇੜਖ਼ਾਨੀਆਂ ਕਰ ਸਕਦੇ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ 'ਤੇ ਜਦੋਂ 'ਦਸਤਾਰ-ਬੰਦੀ' ਵੇਲੇ ਬਾਬਾ ਪ੍ਰਿਥੀ ਚੰਦ ਜੀ ਨੇ ਝਗੜਾ ਖੜਾ ਕੀਤਾ ਤਾਂ ਜਾਤਿ-ਅਭਿਮਾਨੀਆਂ ਦੀਆਂ ਢੱਠੀਆਂ ਮੰਦ-ਆਸਾਂ ਨੂੰ ਫਿਰ ਢਾਰਸ ਮਿਲਣ ਦੀ ਸੰਭਾਵਨਾ ਹੋ ਗਈ। ਇਤਨੇ ਚਿਰ ਵਿਚ ਇਹ ਲੋਕ ਗੁਰੂ-ਘਰ ਦੇ ਵਿਰੁਧ ਕੁਝ ਕੁ ਸਰਕਾਰੀ ਰਸੂਖ਼ ਭੀ ਬਣਾ ਚੁਕੇ ਸਨ। ਉਸ ਨੂੰ ਵਰਤਣ ਲਈ ਸਿਰਫ਼ ਮੌਕੇ ਦੀ ਉਡੀਕ ਸੀ। ਉਹ ਰਸੂਖ਼ ਸੀ ਬੀਰਬਲ ਦੀ ਹਿਮਾਇਤ, ਜਿਸ ਦਾ ਜ਼ਿਕਰ ਅਸੀਂ ਅਗਾਂਹ ਚੱਲ ਕੇ ਕਰਾਂਗੇ।



 www.sikhbookclub.com

## ਦਸਤਾਰ-ਬੰਦੀ ਦਾ ਇਕੱਠ, ਭੱਟਾਂ ਦਾ ਆਉਣਾ

ਜਦੋਂ ਇਹ ਖ਼ਬਰ ਦੂਰ-ਨੇੜੇ ਸਭ ਥਾਂ ਅੱਪੜੀ ਕਿ ਗੁਰੂ ਰਾਮਦਾਸ ਜੀ ਆਪਣੇ ਥਾਂ ਗੁਰੂ ਅਰਜਨ ਸਾਹਿਬ ਨੂੰ ਥਾਪ ਕੇ ਆਪ ਗੋਇੰਦਵਾਲ ਜਾ ਕੇ ਜੋਤੀ ਜੋਤਿ ਸਮਾ ਗਏ ਹਨ, ਅਤੇ ਬਰਾਦਰੀ ਵਲੋਂ ਦਸਵੀਂ ਉੱਤੇ ਗੁਰੂ ਅਰਜਨ ਸਾਹਿਬ ਨੂੰ ਭਾਈਚਾਰਕ ਮਰਯਾਦਾ ਅਨੁਸਾਰ 'ਪੱਗ' ਦਿੱਤੀ ਜਾਣੀ ਹੈ, ਤਾਂ ਗੁਰੂ ਨਾਨਕ ਦੇਵ ਜੀ ਦੇ ਕਈ ਨਾਮ-ਲੇਵਾ ਸਿਖ ਉਸ ਸਮਾਗਮ ਉਤੇ ਪਹੁੰਚਣ ਲਈ ਘਰਾਂ ਤੋਂ ਆਏ। ਉਹਨੀਂ ਹੀ ਦਿਨੀਂ ਭੱਟ-ਜਾਤੀ ਦੇ ਕੁਝ ਪ੍ਰੇਮੀ ਸੱਜਣ ਕਿਸੇ ਮਹਾਂਪੁਰਖ ਦੇ ਦਰਸ਼ਨ ਲਈ ਤੀਰਥਾਂ, ਧਰਮ-ਅਸਥਾਨਾਂ 'ਤੇ ਭਾਲ ਕਰ ਰਹੇ ਸਨ। ਇਹਨਾਂ ਨੂੰ ਇਸ ਭਾਲ ਵਿਚ ਭਟਕਦਿਆਂ ਇਕ ਸਾਲ ਹੋ ਚੁਕਿਆ ਸੀ। ਕਿਤੇ ਭੀ ਇਹਨਾਂ ਦੀ ਨਿਸ਼ਾ ਨਾ ਹੋਈ। ਜਿਥੇ ਭੀ ਇਹ ਗਏ, ਕਥਨੀ ਵਾਲੇ ਤਾਂ ਇਹਨਾਂ ਨੂੰ ਮਿਲੇ, ਕਰਣੀ ਵਾਲਾ ਕੋਈ ਨਾ ਲੱਭਾ। ਸਬੱਬ ਨਾਲ ਗੋਇੰਦਵਾਲ ਨੂੰ ਜਾਂਦਾ ਇਕ ਸਿਖ-ਜਥਾ ਇਹਨਾਂ ਨੂੰ ਮਿਲ ਗਿਆ। ਉਸ ਦੇ ਨਾਲ ਇਹ ਭੀ ਗੋਇੰਦਵਾਲ ਆਏ।

ਭੱਟਾਂ ਨੇ ਆਪਣੇ ਥਾਂ ਇਹ ਮਿਥਿਆ ਹੋਇਆ ਸੀ ਕਿ ਜਿਸ 'ਗੁਰੂ' ਦੀ ਸਿਖ ਇਤਨੀ ਵਡਿਆਈ ਕਰਦੇ ਜਾ ਰਹੇ ਹਨ, ਉਹ ਕੋਈ ਬੜਾ ਬਿਰਧ ਜਟਾਧਾਰੀ ਸਾਧੂ ਹੋਵੇਗਾ। ਪਰ ੧੮ ਸਾਲਾਂ ਦੇ ਇਕ ਗੱਭਰੂ ਨੂੰ ਗ੍ਰਿਹਸਤੀ ਲਿਬਾਸ ਵਿਚ ਵੇਖ ਕੇ ਹੈਰਾਨ ਜਿਹੇ ਹੋ ਗਏ। ਦਰਸ਼ਨ ਕੀਤਿਆਂ ਅਤੇ ਨੇੜੇ ਹੋ ਕੇ ਸੁਭਾਉ ਵੇਖਿਆਂ-ਪਰਖਿਆਂ ਇਹਨਾਂ ਨੂੰ ਗੁਰੂ ਅਰਜਨ ਸਾਹਿਬ ਦੀ ਮਹਾਨਤਾ ਉਤੇ ਯਕੀਨ ਆ ਗਿਆ। ਜਦੋਂ ਇਹਨਾਂ ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ ਤੱਕੀ ਅਤੇ ਦੂਜੇ ਪਾਸੇ ਗੁਰੂ ਅਰਜਨ ਸਾਹਿਬ ਦਾ ਠੰਢਾ ਤੇ ਗੰਭੀਰ ਜਿਗਰਾ ਵੇਖਿਆ, ਤਾਂ ਇਹ ਭੀ ਬੋਲ ਉੱਠੇ। ਹੈ ਸਨ ਸਾਰੇ ਹੀ ਇਹ ਕਵੀ। ਗਿਣਤੀ ਵਿਚ ੧੧ ਸਨ। ਸਭਨਾਂ ਨੇ ਅੰਦਰੋਂ ਉੱਠੀ ਪ੍ਰੇਰਨਾ ਅਨੁਸਾਰ 'ਗੁਰੂ' ਦੀ ਉਸਤਤਿ ਵਿਚ ਸਵੱਈਏ ਲਿਖੇ। ਹਰੇਕ ਗੁਰ-ਵਿਅਕਤੀ ਦੀ ਵਡਿਆਈ ਕਰਦਿਆਂ ਜਦੋਂ ਗੁਰੂ ਅਰਜਨ ਸਾਹਿਬ ਦੀ ਵਡਿਆਈ 'ਤੇ ਅੱਪੜੇ ਤਾਂ ਸਾਫ਼ ਆਖਿਓ ਨੇ ਕਿ ਗੁਰੂ ਅਰਜਨ ਸਾਹਿਬ ਪਰਤੱਖ ਪਰਮਾਤਮਾ ਦਾ ਰੂਪ ਹਨ, ਗੁਰੂ ਰਾਮਦਾਸ ਜੀ ਦੇ ਸਹੀ ਜਾ-ਨਸ਼ੀਨ ਹਨ।

## ਗੁਰੂ ਨਾਨਕ ਦੇਵ ਜੀ ਦੇ ਚਲਾਏ ਰਾਹ ਦੀ ਜਿੱਤ

ਅਜੇ ਕੋਈ ਬਹੁਤੇ ਸਾਲ ਨਹੀਂ ਸਨ ਗੁਜ਼ਰੇ, ਜਦੋਂ ਗੁਰੂ ਨਾਨਕ ਦੇਵ ਜੀ

ਦੇ ਤੋਰੇ ਧਰਮ-ਰਾਹ ਵਿਚ ਰੋਕਾਂ ਪਾਣ ਲਈ ਗੋਇੰਦਵਾਲ ਦੇ ਕੁਝ ਜਾਤਿ-ਅਭਿਮਾਨੀ ਬ੍ਰਾਹਮਣ ਤੇ ਖੱਤ੍ਰੀ, ਤਪੇ ਅਤੇ ਗੋਂਦੇ ਦੀ ਅਗਵਾਈ ਵਿਚ, ਸਿਰੋਂ ਪਰੇ ਜ਼ੋਰ ਲਾ ਚੁਕੇ ਸਨ, ਅਤੇ ਮੁਕਾਬਲੇ ਵਿਚ ਬਾਬਾ ਦਾਤੂ ਜੀ ਨੂੰ 'ਗੁਰੂ' ਬਣਾਣ ਦੇ ਜਤਨ ਭੀ ਕਰ ਚੁਕੇ ਸਨ। ਅੱਜ ਫਿਰ ਉਹੀ ਮੌਕਾ ਉਸੇ ਨਗਰ ਵਿਚ ਆ ਬਣਿਆ। ਕਈ ਪੁਰਾਣੇ ਵਿਰੋਧੀਆਂ ਨੇ ਹੱਥ-ਪੈਰ ਮਾਰੇ। ਪਰ ਸਿਖ ਸੰਗਤਾਂ ਨੂੰ ਕੋਈ ਡੁਲਾ ਨਾ ਸਕਿਆ। ਇਹਨਾਂ ਦੂਰੋਂ ਆਏ ਪਰਦੇਸੀ ਭੱਟਾਂ ਦੇ ਹੋਕੇ ਨੇ ਤਾਂ ਸਭ ਦੀਆਂ ਆਸਾਂ 'ਤੇ ਪਾਣੀ ਹੀ ਫੇਰ ਦਿੱਤਾ। ਸਿਖ-ਇਤਿਹਾਸ ਵਿਚ ਭੱਟਾਂ ਦੇ ਇਹ ਸਵੱਈਏ ਇਕ ਸੋਹਣੀ ਯਾਦਗਾਰ ਹਨ, ਜੋ ਦਸਦੇ ਹਨ ਕਿ ਵਿਰੋਧਤਾ ਦੇ ਝੱਖੜ ਝੁੱਲਣ 'ਤੇ ਭੀ ਕਿਵੇਂ ਗੁਰੂ ਅਰਜਨ ਸਾਹਿਬ ਗੰਭੀਰਤਾ ਵਿਚ ਰਹਿ ਕੇ ਪਰਬਤ ਵਾਂਗ ਅਡੋਲ ਰਹੇ, ਅਤੇ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਦੀ ਜਿੱਤ ਹੋਈ।

ਗੁਰੂ ਅਰਜਨ ਸਾਹਿਬ ਨੇ ਭੱਟਾਂ ਪਾਸੋਂ ਉਹਨਾਂ ਦੇ ਲਿਖੇ ਹੋਏ ਸਵੱਈਏ ਲੈ ਲਏ, ਗੁਰਬਾਣੀ ਦੇ ਉਸ ਖ਼ਜ਼ਾਨੇ ਵਿਚ ਜਮ੍ਹਾ ਕਰ ਲਏ ਜੋ ਉਹਨਾਂ ਨੂੰ ਗੁਰੂ ਰਾਮਦਾਸ ਜੀ ਤੋਂ ਮਿਲਿਆ ਸੀ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਈ, ਤਾਂ ਇਹ ਸਵੱਈਏ ਭੀ ਗੁਰੂ ਅਰਜਨ ਦੇਵ ਜੀ ਨੇ ਉਸ ਵਿਚ ਦਰਜ ਕਰ ਲਏ। ਇਹਨਾਂ ਦੇ ਸ਼ੁਰੂ ਵਿਚ ਆਪਣੇ ਵਲੋਂ ਭੀ ੨੦ ਸਵੱਈਏ ਲਿਖ ਦਿੱਤੇ ਨੇ।

ਇਹ ਸਾਰੀ ਘਟਨਾ[੧] ਸੰਨ ਸਤੰਬਰ ੧੫੮੧ ਦੀ ਹੈ, ਦਸਤਾਰ-ਬੰਦੀ ਦੇ ਵੇਲੇ ਦੀ।

---

੧. ਜੋ ਸੱਜਣ ਇਸ ਸਾਰੀ ਘਟਨਾ ਨੂੰ ਹੋਰ ਵਿਸਥਾਰ ਨਾਲ ਪੜ੍ਹਨਾ-ਸਮਝਣਾ ਚਾਹੁੰਦੇ ਹਨ, ਉਹ ਮੇਰੇ ਲਿਖੇ 'ਭੱਟਾਂ ਦੇ ਸਵੱਈਏ ਸਟੀਕ' ਦੀ ਸਾਰੀ ਭੂਮਿਕਾ ਪੜ੍ਹਨ। 'ਦਰਪਣ' ਦੀ ਦਸਵੀਂ ਪੋਥੀ ਵਿਚ ਵੀ ਇਹ ਸਾਰੀ ਭੂਮਿਕਾ ਦਿੱਤੀ ਹੋਈ ਹੈ।

# ਤੀਜਾ ਕਾਂਡ

## ਗੁਰੂ-ਘਰ ਦੀ ਨਾਕਾਬੰਦੀ

ਸ਼ਹਿਰ ਵਸਾਣੇ ਬੜੀ ਭਾਰੀ ਜ਼ਿੰਮੇਵਾਰੀ ਦੇ ਕੰਮ ਹੁੰਦੇ ਹਨ। ਜਦੋਂ ਭੀ ਕਿਤੇ ਬਹੁਤ ਗਿਣਤੀ ਵਿਚ ਬੰਦਿਆਂ ਦੇ ਕਿਸੇ ਇਕ ਥਾਂ ਸਦਾ ਲਈ ਵੱਸਣ ਦਾ ਪਰਬੰਧ ਕਰੀਦਾ ਹੈ, ਤਾਂ ਉਹਨਾਂ ਦੀਆਂ ਹਰ ਕਿਸਮ ਦੀਆਂ ਸਰੀਰਕ, ਭਾਈਚਾਰਕ, ਆਰਥਕ ਆਦਿਕ ਲੋੜਾਂ ਪੂਰੀਆਂ ਕਰਨ ਵਲ ਭੀ ਧਿਆਨ ਦੇਣਾ ਜ਼ਰੂਰੀ ਹੈ। ਤਾਹੀਏਂ ਜਦੋਂ ਗੁਰੂ ਰਾਮਦਾਸ ਜੀ ਨੇ ਨਗਰ ਗੁਰੂ-ਚੱਕ ਵਸਾਇਆ, ਤਾਂ ਇਥੇ ਹਰ ਕਿੱਤੇ ਦੇ ਲੋਕ ਵਸਾਣ ਦੀ ਕੋਸ਼ਸ਼ ਕੀਤੀ। ਪਿੰਡਾਂ ਵਿਚ ਤਾਂ ਸੋਚ-ਇਸ਼ਨਾਨ ਆਦਿਕ ਦੇ ਖ਼ਾਸ ਪਰਬੰਧ ਨਹੀਂ ਕਰਨੇ ਪੈਂਦੇ, ਵੱਸੋਂ ਤੋਂ ਬਾਹਰ ਨੇੜੇ ਹੀ ਖੁਲ੍ਹੀਆਂ ਪੈਲੀਆਂ ਅਤੇ ਵਗਦੇ ਖੂਹ ਹੁੰਦੇ ਹਨ। ਮਰਦ-ਇਸਤ੍ਰੀ ਬੁੱਢੇ ਬੱਚੇ ਸਭ ਅਸਾਨੀ ਨਾਲ ਆਪਣੀਆਂ ਲੋੜਾਂ ਪੂਰੀਆਂ ਕਰ ਆਉਂਦੇ ਹਨ। ਸ਼ਹਿਰਾਂ ਵਿਚ ਪਿੰਡਾਂ ਵਾਲਾ ਸਿਲਸਿਲਾ ਨਹੀਂ ਫਬ ਸਕਦਾ। ਫਿਰ ਜਿਉਂ ਜਿਉਂ ਨਗਰ ਸ਼ਹਿਰ ਦੀ ਵੱਸੋਂ ਵਧਦੀ ਜਾਏਗੀ, ਗਲੀਆਂ ਬਜ਼ਾਰਾਂ ਸੜਕਾਂ ਦੀ ਸਫ਼ਾਈ ਅਤੇ ਲੋਕਾਂ ਦੀ ਸਿਹਤ ਦਾ ਭੀ ਵਧੀਕ ਧਿਆਨ ਰੱਖਣਾ ਪਏਗਾ। ਅਜਿਹੀਆਂ ਅਨੇਕਾਂ ਸ਼ਹਿਰੀ ਲੋੜਾਂ ਨਿੱਤ ਉਠਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੇ ਪੂਰਾ ਕਰਨ ਲਈ ਕਾਫ਼ੀ ਮਾਇਆ ਦੀ ਲੋੜ ਹੁੰਦੀ ਹੈ।

ਗੁਰੂ ਰਾਮਦਾਸ ਜੀ ਨੇ ਨਗਰ ਗੁਰੂ-ਚੱਕ ਵਸਾਇਆ, ਆਪ ਭੁਇਂ ਮੁੱਲ ਲੈ ਕੇ ਵਸਾਇਆ। ਉੱਪਰ-ਦੱਸੀਆਂ ਅਨੇਕਾਂ ਸ਼ਹਿਰੀ ਲੋੜਾਂ ਵਲ ਧਿਆਨ ਦੇਣਾ ਸਤਿਗੁਰੂ ਜੀ ਦੀ ਆਪਣੀ ਜ਼ਿੰਮੇਵਾਰੀ ਬਣ ਗਈ ਸੀ। ਇਹਨਾਂ ਕੰਮਾਂ ਲਈ ਵੱਖ ਵੱਖ ਮਹਿਕਮੇ ਬਣਾਣੇ ਪੈਂਦੇ ਹਨ। ਆਮਦਨੀ ਦੇ ਵਸੀਲੇ ਭੀ ਪੈਦਾ ਕਰਨੇ ਪੈਂਦੇ ਹਨ। ਚੁੰਗੀ ਦਾ ਮਸੂਲ ਸ਼ਹਿਰ ਦੀ ਭਲਾਈ ਵਾਸਤੇ ਇਕ ਅੱਤ ਜ਼ਰੂਰੀ ਮੱਦ ਹੈ। ਪਰ ਪੰਜੇ ਉਂਗਲਾਂ ਇਕੋ ਜੇਡੀਆਂ ਨਹੀਂ ਹਨ। ਜਿਥੇ ਮਾਇਕ ਆਮਦਨ ਨਾਲ ਵਾਹ ਪਏ ਉਥੇ ਚੰਗੇ ਈਮਾਨਦਾਰ ਭੀ ਹੋ ਸਕਦੇ ਹਨ ਅਤੇ ਪੈਸਾ ਖਾਣ ਵਾਲੇ ਭੀ। ਸਿਖ-ਇਤਿਹਾਸ ਦੱਸਦਾ ਹੈ ਕਿ ਸ਼ਹਿਰ ਦੇ ਅਜਿਹੇ ਮਾਮਲਿਆਂ ਦਾ

ਵਧੀਕ ਪਰਬੰਧ ਬਾਬਾ ਪ੍ਰਿਥੀ ਚੰਦ ਜੀ ਦੇ ਹੱਥ ਵਿਚ ਸੀ।

ਜਦੋਂ ਗੁਰੂ ਅਰਜਨ ਸਾਹਿਬ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਤੋਂ ਪਿਛੋਂ ਦਸਤਾਰ-ਬੰਦੀ ਦੀ ਮਰਯਾਦਾ ਮੁਕਾ ਕੇ ਵਾਪਸ ਗੁਰੂ-ਚੱਕ ਆਏ, ਤਾਂ ਬਾਬਾ ਪ੍ਰਿਥੀ ਚੰਦ ਜੀ ਨੇ ਸ਼ਹਿਰ ਦੇ ਆਰਥਕ ਪਰਬੰਧ ਵਿਚ ਰੋਕਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਇਹ ਰੋਕਾਂ ਪਾ ਭੀ ਸਕਦੇ ਸਨ, ਕਿਉਂਕਿ ਅੱਗੇ ਇਹ ਕੰਮ ਉਹਨਾਂ ਦੀ ਰਾਹੀਂ ਹੀ ਹੋ ਰਹੇ ਸਨ। ਚੁੰਗੀ ਆਦਿਕ ਦੀ ਆਮਦਨ ਵਿਚ ਬੇ-ਈਮਾਨੀ ਕਰਨ ਵਾਲੇ ਬੰਦੇ ਕੁਦਰਤੀ ਤੌਰ 'ਤੇ ਇਹਨਾਂ ਦੇ ਹੀ ਸਾਥੀ ਬਣਨੇ ਸਨ। ਜਾਤਿ-ਅਭਿਮਾਨੀ ਲੋਕ ਭੀ ਬਾਬਾ ਜੀ ਦੀ ਪਿੱਠ ਠੋਕਣ ਵਿਚ ਹੀ ਆਪਣੀਆਂ ਆਸਾਂ ਪੂਰੀਆਂ ਹੋਣ ਦੇ ਸੁਪਨੇ ਲੈ ਰਹੇ ਸਨ। ਹੁਣ ਤਾਂ ਉਹਨਾਂ ਨੂੰ ਹੌਸਲਾ ਸੀ ਬੀਰਬਲ ਦੀ ਸਹਾਇਤਾ ਦਾ ਭੀ। ਇਨ੍ਹੀਂ ਦਿਨੀਂ ਬੀਰਬਲ ਅਕਬਰ ਬਾਦਸ਼ਾਹ ਦੇ ਨਾਲ ਆਗਰੇ ਤੋਂ ਲਾਹੌਰ ਆਇਆ ਹੋਇਆ ਸੀ। ਬਾਬਾ ਪ੍ਰਿਥੀ ਚੰਦ ਜੀ ਨੇ ਇਹ ਵੀ ਅੰਦਾਜ਼ਾ ਲਾ ਲਿਆ ਸੀ ਕਿ ਸ਼ਹਿਰ ਦੀ ਆਰਥਕ ਗੜਬੜ ਨਾਲ ਕੁਝ ਲੋਕ ਗੁਰੂ ਅਰਜਨ ਸਾਹਿਬ ਵਲੋਂ ਸ਼ਰਧਾ ਤੋੜ ਲੈਣਗੇ। ਉਹਨਾਂ ਦੀ ਨਿੱਤ ਦੀ ਵਧੀਕੀ ਦਾ ਸਿੱਟਾ ਆਖ਼ਰ ਇਹ ਨਿਕਲਿਆ ਕਿ ਆਮਦਨ ਗੁਰੂ ਕੇ ਖ਼ਜ਼ਾਨੇ ਵਲ ਜਾਣੋਂ ਬੰਦ ਹੋ ਗਈ। ਗੁਰੂ ਅਰਜਨ ਸਾਹਿਬ ਗੰਭੀਰਤਾ ਵਿਚ ਹੀ ਰਹੇ, ਉਹਨਾਂ ਕੋਈ ਇਤਰਾਜ਼ ਨਾ ਕੀਤਾ। ਹਾਲਤ ਇਥੋਂ ਤਕ ਹੋ ਗਈ ਕਿ ਗੁਰੂ ਕਾ ਲੰਗਰ ਨਿਰੋਲ ਉਹਨਾਂ ਰਸਦਾਂ 'ਤੇ ਚਲਣ ਲਗ ਪਿਆ ਜੋ ਸ਼ਰਧਾਲੂ ਸਿਖ ਭੇਟਾ ਦੇ ਤੌਰ 'ਤੇ ਲਿਆਉਂਦੇ ਸਨ।

ਗੁਰੂ ਕੇ ਲੰਗਰ ਦੀ ਕੁਝ ਪਤਲੀ ਹਾਲਤ ਵੇਖ ਕੇ ਬਾਬਾ ਪ੍ਰਿਥੀ ਚੰਦ ਜੀ ਦਾ ਹੌਸਲਾ ਹੋਰ ਵਧਿਆ। ਜਿਨ੍ਹਾਂ ਲੋਕਾਂ ਨੂੰ ਗੋਇੰਦਵਾਲ ਗੁਰੂ ਅਮਰਦਾਸ ਜੀ ਦਾ ਲੰਗਰ ਨਹੀਂ ਸੀ ਭਾਉਂਦਾ, ਉਹਨਾਂ ਨੂੰ ਗੁਰੂ ਅਰਜਨ ਸਾਹਿਬ ਦਾ ਲੰਗਰ ਕਿਵੇਂ ਸੁਖਾਂਦਾ ? ਉਹਨਾਂ ਭੀ ਬਾਬਾ ਪ੍ਰਿਥੀ ਚੰਦ ਜੀ ਨੂੰ ਹੱਲਾ-ਸ਼ੇਰੀ ਦਿਤੀ। ਹੁਣ ਗੁਰੂ ਕੇ ਲੰਗਰ ਦੀ ਨਾਕਾਬੰਦੀ ਵਾਸਤੇ ਪੱਕੇ ਬਾਨ੍ਹਣੂ ਬੱਧੇ ਗਏ। ਬਾਬਾ ਪ੍ਰਿਥੀ ਚੰਦ ਜੀ ਦੇ ਧੜੇ ਨਾਲ ਮਿਲੇ ਹੋਏ ਮਸੰਦ ਇਸ ਵਿਉਂਤ ਵਿਚ ਬੜੇ ਲਾਹੇਵੰਦ ਸਹਾਇਕ ਸਾਬਤ ਹੋਏ। ਇਹ ਮਸੰਦ ਸ਼ਹਿਰ ਤੋਂ ਬਾਹਰ ਹੀ ਨਵੇਂ ਆਏ ਸਿੱਖਾਂ ਨੂੰ ਮਿਲ ਪੈਂਦੇ ਸਨ, ਅਤੇ ਉਹਨਾਂ ਨੂੰ ਸਤਿਗੁਰੂ ਦਾ ਦਰਸ਼ਨ ਕਰਾਣ ਲਈ ਬਾਬਾ ਪ੍ਰਿਥੀ ਚੰਦ ਜੀ ਪਾਸ ਲੈ ਜਾਂਦੇ ਸਨ। ਵਿਚਾਰੇ ਓਭੜਾਂ ਨੂੰ ਕੀ ਪਤਾ ਕਿ ਕੋਈ ਠੱਗੀ ਕੀਤੀ ਜਾ ਰਹੀ ਹੈ ? ਉਹ ਸਿਖ ਸਾਰੀ ਭੇਟਾ ਬਾਬਾ ਪ੍ਰਿਥੀ ਚੰਦ ਜੀ ਨੂੰ ਹੀ 'ਗੁਰੂ' ਸਮਝ ਕੇ, ਉਹਨਾਂ ਅੱਗੇ ਧਰ ਦੇਂਦੇ ਸਨ। ਜਦ ਰੋਟੀ ਖਾਣ ਦਾ ਵਕਤ


www.sikhbookclub.com

ਆਉਂਦਾ ਤਾਂ ਮਸੰਦ ਉਹਨਾਂ ਨੂੰ ਗੁਰੂ ਕੇ ਲੰਗਰ (ਗੁਰੂ ਅਰਜਨ ਦੇਵ ਜੀ ਦੇ ਚਲਾਏ ਲੰਗਰ) ਵਿਚ ਲੈ ਜਾਂਦੇ। ਆਮਦਨ ਬਾਬਾ ਪ੍ਰਿਥੀ ਚੰਦ ਜੀ ਨੂੰ, ਤੇ ਖ਼ਰਚ ਗੁਰੂ ਅਰਜਨ ਸਾਹਿਬ ਦੇ ਜ਼ਿੰਮੇ। ਇਉਂ ਕਦ ਤਕ ਨਿਭਦੀ! ਲੰਗਰ ਇਕ-ਡੰਗੀ ਹੋ ਗਿਆ। ਉਹ ਭੀ ਛੋਲਿਆਂ ਦੀ ਰੋਟੀ। ਸ਼ਰਧਾਲੂ ਸਿਖ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ। ਉਹ ਆਪਣੇ ਦਿਲ ਦੇ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਵਲ ਤੱਕ ਰਹੇ ਸਨ। ਪਰ ਸਤਿਗੁਰੂ ਜੀ ਨੇ ਇਤਨੀ ਅੱਤ ਦੀ ਵਧੀਕੀ ਦੇ ਵਿਰੁੱਧ ਭੀ ਜ਼ਬਾਨ ਨਾ ਖੋਲ੍ਹੀ।

## ਬਲਵੰਡ ਅਤੇ ਸੱਤੇ ਦਾ ਰੁਸੇਵਾਂ

ਬਲਵੰਡ ਤੇ ਸੱਤਾ ਦੋਵੇਂ ਰਬਾਬੀ ਗੁਰੂ ਅਰਜਨ ਸਾਹਿਬ ਦੇ ਦੀਵਾਨ ਵਿਚ ਬਾਣੀ ਦਾ ਕੀਰਤਨ ਕਰਿਆ ਕਰਦੇ ਸਨ। ਕੀਰਤਨ ਹੀ ਇਹਨਾਂ ਦੀ ਆਜੀਵਕਾ ਦਾ ਵਸੀਲਾ ਸੀ। ਗੁਰੂ ਕੇ ਲੰਗਰ ਦੀ ਨਾਕਾ-ਬੰਦੀ ਵਾਲੇ ਹੀ ਦਿਨ ਸਨ, ਜਦੋਂ ਸੱਤੇ ਦੀ ਲੜਕੀ ਦਾ ਵਿਆਹ ਆ ਗਿਆ। ਸੱਤੇ ਨੇ ਵਿਆਹ ਦੇ ਖ਼ਰਚ ਪੂਰੇ ਕਰਨ ਲਈ ਗੁਰੂ ਅਰਜਨ ਸਾਹਿਬ ਪਾਸੋਂ ਮਾਇਆ ਮੰਗੀ। ਸਤਿਗੁਰੂ ਜੀ ਦੇ ਵਿਰੁੱਧ ਗੁੰਦੀਆਂ ਜਾ ਰਹੀਆਂ ਗੋਂਦਾ ਦਾ ਖ਼ਿਆਲ ਰੱਖ ਕੇ ਜੇ ਉਹ ਸੰਗ-ਸਰਫ਼ੇ ਦਾ ਖ਼ਰਚ ਮੰਗਦਾ, ਤਾਂ ਝਟ ਲੰਘ ਹੀ ਜਾਂਦਾ, ਪਰ ਉਸ ਨੇ ਵੱਧ ਕੇ ਛਾਲ ਮਾਰੀ। ਸਤਿਗੁਰੂ ਜੀ ਉਸ ਦੀ ਮੂੰਹ-ਮੰਗੀ ਰਕਮ ਦੇ ਨਹੀਂ ਸਕਦੇ ਸਨ। ਬਾਬਾ ਪ੍ਰਿਥੀ ਚੰਦ ਜੀ ਅਤੇ ਉਸ ਦੇ ਸਾਥੀਆਂ ਨੂੰ ਇਹ ਇਕ ਹੋਰ ਚੋਟ ਕਰਨ ਦਾ ਮੌਕਾ ਮਿਲ ਗਿਆ। ਬਲਵੰਡ ਤੇ ਸੱਤੇ ਦੋਹਾਂ ਭਰਾਵਾਂ ਨੂੰ ਸੀਖੀਓ ਨੇ। ਗੁਰੂ ਅਰਜਨ ਸਾਹਿਬ ਦੇ ਸਮੁੰਦਰਾਂ ਵਰਗੇ ਗੰਭੀਰ ਦਿਲ ਨੂੰ ਨਾ ਸਮਝਦੇ ਹੋਏ ਰਬਾਬੀਆਂ ਨੇ ਕੀਰਤਨ ਕਰਨੋਂ ਨਾਂਹ ਕਰ ਦਿੱਤੀ। ਸਤਿਗੁਰੂ ਜੀ ਆਪ ਚਲ ਕੇ ਉਹਨਾਂ ਦੇ ਘਰ ਗਏ। ਉਹ ਮੂਰਖ ਸਗੋਂ ਖਰ੍ਹਵੇਂ ਬੋਲਾਂ ਉਤੇ ਆ ਗਏ, ਇਥੋਂ ਤਕ ਕਿ ਗੁਰੂ ਨਾਨਕ ਪਾਤਿਸ਼ਾਹ ਦੀ ਸ਼ਾਨ ਵਿਚ ਭੀ ਕੁਬੋਲ ਵਰਤਿਓ ਨੇ ਕਿ ਸਾਡੇ ਬਜ਼ੁਰਗ ਭਾਈ ਮਰਦਾਨਾ ਜੇ ਕੀਰਤਨ ਨਾ ਕਰਦਾ, ਤਾਂ ਗੁਰੂ ਨਾਨਕ ਸਾਹਿਬ ਨੂੰ ਭੀ ਕੌਣ ਜਾਣਦਾ।

ਬਾਬਾ ਪ੍ਰਿਥੀ ਚੰਦ ਜੀ ਅਤੇ ਉਹਨਾਂ ਦੇ ਜਾਤਿ-ਅਭਿਮਾਨੀ ਸਾਥੀ-ਵਿਰੋਧੀਆਂ ਨੂੰ ਯਕੀਨ ਸੀ ਕਿ ਗੁਰੂ ਅਰਜਨ ਸਾਹਿਬ ਦੀ ਗੁਰਿਆਈ ਉਤੇ ਇਹ ਆਖ਼ਰੀ ਚੋਟ ਕਾਰੀ ਸਾਬਤ ਹੋਵੇਗੀ। ਜਦੋਂ ਸੱਤੇ ਬਲਵੰਡ ਨੇ ਗੁਰੂ ਅਰਜਨ ਸਾਹਿਬ ਦਾ ਕਿਹਾ ਭੀ ਮੋੜ ਦਿੱਤਾ ਤਾਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਆਗਿਆ ਕੀਤੀ ਕਿ

ਆਪ ਹੀ ਕੀਰਤਨ ਕਰਿਆ ਕਰੋ। ਗੁਰੂ ਨਾਨਕ ਪਾਤਿਸ਼ਾਹ ਦੀ ਸ਼ਾਨ ਵਿਚ ਕੁਬੋਲ ਦੇ ਕਾਰਨ ਸਤਿਗੁਰੂ ਜੀ ਨੇ ਸਿੱਖਾਂ ਨੂੰ ਸੱਤੇ ਬਲਵੰਡ ਪਾਸੋਂ ਕੀਰਤਨ ਸੁਣਨੋਂ ਵਰਜ ਦਿੱਤਾ। ਕੀਰਤਨ ਕਰਨਾ ਸਿੱਖਣ ਵਿਚ ਉਹਨਾਂ ਸੰਗਤਾਂ ਦੀ ਆਪ ਅਗਵਾਈ ਕੀਤੀ, ਕਿਉਂਕਿ ਕੀਰਤਨ ਦੀ ਗੁੜ੍ਹਤੀ ਵਿਚ ਪਲੇ ਹੋਏ ਗੁਰੂ ਅਰਜਨ ਦੇਵ ਜੀ ਰਾਗ-ਵਿੱਦਿਆ ਵਿਚ ਕਾਫ਼ੀ ਨਿਪੁੰਨ ਹੋ ਚੁਕੇ ਸਨ।

ਉਧਰੋਂ ਭਾਈ ਗੁਰਦਾਸ ਜੀ ਆਗਰੇ ਤੋਂ ਵਾਪਸ ਆਏ। ਆਗਰੇ ਵਲ ਗੁਰੂ ਰਾਮਦਾਸ ਜੀ ਨੇ ਇਹਨਾਂ ਨੂੰ ਸਿਖ-ਧਰਮ ਦਾ ਪਰਚਾਰ ਕਰਨ ਭੇਜਿਆ ਹੋਇਆ ਸੀ। ਜਦੋਂ ਇਹਨਾਂ ਨੂੰ ਲੰਗਰ ਵਿਚੋਂ ਛੋਲਿਆਂ ਦੀ ਹੀ ਰੋਟੀ ਮਿਲੀ, ਤਾਂ ਸਾਰੀ ਗੱਲ ਦਾ ਪਤਾ ਕੀਤਿਓ ਨੇ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਸ਼ਰਧਾਲੂ ਮੁਖੀ ਸਿੱਖਾਂ ਨੇ ਰਲ ਕੇ ਵਿਚਾਰ ਕੀਤੀ ਅਤੇ ਫ਼ੈਸਲਾ ਕੀਤਾ ਕਿ ਬਾਹਰੋਂ ਆਏ ਓਭੜ ਸਿੱਖਾਂ ਨੂੰ ਬਾਬਾ ਪ੍ਰਿਥੀ ਚੰਦ ਜੀ ਅਤੇ ਉਹਨਾਂ ਦੇ ਸਾਥੀਆਂ ਦੇ ਟਪਲਿਆਂ ਤੋਂ ਬਚਾਇਆ ਜਾਏ।

ਉੱਦਮ ਸ਼ੁਰੂ ਕਰਨ ਦੀ ਹੀ ਢਿੱਲ ਸੀ। ਸ਼ਹਿਰ-ਨਿਵਾਸੀ ਤੁਰਤ ਨਾਲ ਹੋ ਗਏ। ਬਾਬਾ ਪ੍ਰਿਥੀ ਚੰਦ ਜੀ ਦੇ ਕੁਹਜੇ ਉੱਦਮ, ਲੋਕਾਂ ਦੇ ਦਿਲਾਂ ਵਿਚ ਉਹਨਾਂ ਲਈ ਸਤਿਕਾਰ ਦੇ ਥਾਂ ਨਫ਼ਰਤ ਪੈਦਾ ਕਰ ਰਹੇ ਸਨ। ਦਿਨਾਂ ਵਿਚ ਹੀ ਪਾਸਾ ਪਲਟ ਗਿਆ। ਜਦੋਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਨੇ ਸ਼ਹਿਰੋਂ ਬਾਹਰ ਜਾ ਜਾ ਕੇ ਨਵੇਂ ਆਏ ਸਿੱਖਾਂ ਨੂੰ ਅਸਲੀਅਤ ਦੱਸਣੀ ਸ਼ੁਰੂ ਕੀਤੀ ਤਾਂ ਬਾਬਾ ਪ੍ਰਿਥੀ ਚੰਦ ਜੀ ਦੀ ਲਾਈ ਨਾਕਾ-ਬੰਦੀ ਟੁੱਟ ਗਈ।

ਬਲਵੰਡ ਅਤੇ ਸੱਤੇ ਨੂੰ ਖ਼ਿਆਲ ਸੀ ਕਿ ਅਸੀ ਵਿਦਵਾਨ ਕੀਰਤਨੀਏ ਹਾਂ, ਸਿੱਖ ਸਾਡੇ ਘਰੀਂ ਚਲ ਕੇ ਆਇਆ ਕਰਨਗੇ ਅਤੇ ਸਾਨੂੰ ਆਜੀਵਕਾ ਵਲੋਂ ਕੋਈ ਥੁੜ ਨਹੀਂ ਪਏਗੀ, ਪਰ ਉਹਨਾਂ ਦੀ ਇਹ ਆਸ ਪੂਰੀ ਨਾ ਹੋਈ। ਕੋਈ ਭੀ ਸਿਖ ਉਹਨਾਂ ਨੂੰ ਮੂੰਹ ਲਾਣ ਨੂੰ ਤਿਆਰ ਨਾ ਹੋਇਆ। ਜਦੋਂ ਇਹ ਰੋਟੀਓਂ ਭੀ ਆਤਰ ਹੋ ਗਏ, ਤਾਂ ਲਾਹੌਰ ਦੇ ਇਕ ਉੱਘੇ ਸਿਖ ਭਾਈ ਲੱਧਾ ਜੀ ਪਾਸ ਗਏ। ਭਾਈ ਲੱਧਾ ਜੀ ਦੂਜਿਆਂ ਦੇ ਅਟਕੇ ਕੰਮ ਸਵਾਰਨ ਦੇ ਇਤਨੇ ਆਸ਼ਿਕ ਸਨ ਕਿ ਇਹਨਾਂ ਦਾ ਨਾਮ ਹੀ ਲੱਧਾ ਪਰਉਪਕਾਰੀ ਪੈ ਗਿਆ ਸੀ। ਸੱਤੇ ਬਲਵੰਡ ਦੀ ਦਸ਼ਾ ਵੇਖ ਕੇ ਭਾਈ ਲੱਧਾ ਜੀ ਉਹਨਾਂ ਦੇ ਨਾਲ ਅੰਮ੍ਰਿਤਸਰ ਆਏ ਅਤੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀਓ ਨੇ ਕਿ ਰਬਾਬੀਆਂ ਦੀ ਭੁੱਲ ਮਾਫ਼ ਕਰ ਦੇਣ। ਗੁਰੂ ਸਦਾ ਬਖ਼ਸ਼ਿੰਦ ਹੈ। ਜਦੋਂ ਸੱਤੇ ਬਲਵੰਡ ਨੂੰ ਮਾਫ਼ੀ ਮਿਲ ਗਈ, ਤਾਂ ਉਹਨਾਂ ਨੇ ਗੁਰ-ਉਪਮਾ ਵਿਚ ੮ ਪਉੜੀਆਂ ਦੀ ਇਕ 'ਵਾਰ' ਲਿਖੀ ਅਤੇ

ਗੁਰੂ-ਦਰਬਾਰ ਵਿਚ ਸੁਣਾਈ। ਪਹਿਲੀਆਂ ੩ ਪਉੜੀਆਂ ਬਲਵੰਡ ਦੀਆਂ ਹਨ, ਅਖ਼ੀਰਲੀਆਂ ੫ ਸੱਤੇ ਦੀਆਂ। ਇਸ 'ਵਾਰ' ਵਿਚ ਇਕ ਗੱਲ ਬੜੇ ਪਤੇ ਦੀ ਮਿਲਦੀ ਹੈ। ਬਲਵੰਡ ਲਿਖਦਾ ਹੈ ਕਿ ਉੱਚ-ਜਾਤੀਏ ਦੋਖੀ, ਗੁਰੂ ਅੰਗਦ ਦੇਵ ਜੀ ਦੇ ਲੰਗਰ ਨੂੰ ਵੇਖ ਵੇਖ ਕੇ ਸੜਦੇ ਸਨ। ਲੰਗਰ ਦੀ ਮਹਿਮਾ ਸੁਣ ਵੇਖ ਕੇ ਉਹਨਾਂ ਦੇ ਮੂੰਹ ਨਿਰਾਸਤਾ ਵਿਚ ਪੀਲੇ ਪੈ ਜਾਂਦੇ ਸਨ। ਸੱਤਾ ਲਿਖਦਾ ਹੈ ਕਿ ਲੰਗਰ ਤੋਂ ਸੜ ਕੇ ਵਿਰੋਧੀਆਂ ਨੇ ਗੁਰੂ ਅਮਰਦਾਸ ਜੀ ਉਤੇ ਬੜੇ ਵਾਰ ਕੀਤੇ, ਪਰ ਉਹ ਇਹਨਾਂ ਝੁੱਲਦੇ ਝਖੜਾਂ ਦੇ ਟਾਕਰੇ ਤੇ ਚੱਟਾਨ ਵਾਂਗ ਅਡੋਲ ਰਹੇ।

ਗੁਰੂ ਅਰਜਨ ਦੇਵ ਜੀ ਨੇ ਇਹ 'ਵਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ। ਗੁਰੂ-ਘਰ ਦੇ ਵਿਰੁੱਧ ਬਾਬਾ ਪ੍ਰਿਥੀ ਚੰਦ ਜੀ ਦੀ ਅਗਵਾਈ ਵਿਚ ਜਾਤਿ-ਅਭਿਮਾਨੀ ਲੋਕਾਂ ਦੀਆਂ ਗੋਂਦਾਂ ਦੀ ਨਾਕਾਮੀ ਦੀ ਇਹ 'ਵਾਰ' ਇਕ ਅਟੱਲ ਯਾਦਗਾਰ ਹੈ। ਅਪ੍ਰੈਲ ਸੰਨ ੧੫੮੨ ਦੇ ਅੰਦਰ-ਬਾਹਰ ਇਹ 'ਵਾਰ' ਲਿਖੀ ਗਈ। ਨਾਕਾ-ਬੰਦੀ ਦੀ ਇਹ ਘਟਨਾ ਕਈ ਮਹੀਨੇ ਜਾਰੀ ਰਹੀ ਸੀ, ਅਕਤੂਬਰ ੧੫੮੧ ਤੋਂ ਲੈ ਕੇ ਅਪ੍ਰੈਲ ੧੫੮੨ ਤਕ।



 www.sikhbookclub.com

# ਚੌਥਾ ਕਾਂਡ

## ਸ਼ਹਿਰ ਦੀ ਤਰੱਕੀ ਅਤੇ ਸੰਤੋਖਸਰ

ਪੰਜਾਬ ਦੇ ਨਕਸ਼ੇ 'ਤੇ ਵੇਖੋ। ਲਾਹੌਰ ਤੋਂ ਵਟਾਲੇ ਤਕ ਪੰਜਾਹ ਮੀਲਾਂ ਵਿਚ ਹੋਰ ਕੋਈ ਤਕੜਾ ਨਗਰ ਨਹੀਂ ਸੀ। ਉਧਰੋਂ ਬਿਆਸ ਦੇ ਕੰਢੇ ਗੋਇੰਦਵਾਲ ਤੋਂ ਸਿੱਧੇ ਪਹਾੜ ਪਾਸੇ ਵਲ ਰਾਵੀ ਤਕ ਵੀ ਇਹੀ ਹਾਲ ਸੀ। ਮਾਝੇ ਦੀ ਸਾਰੀ ਦੀ ਸਾਰੀ ਵੱਸੋਂ ਪਿੰਡਾਂ ਦੀ ਸੀ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ-ਚੱਕ ਦੀ ਨੀਂਹ ਰੱਖੀ, ਅਤੇ ਸ਼ਹਿਰ-ਨਿਵਾਸੀਆਂ ਦੀਆਂ ਸਭ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਰ ਕਿਸਮ ਦੇ ਕਿੱਤੇ ਦੇ ਲੋਕਾਂ ਨੂੰ ਇਥੇ ਵਸਣ ਲਈ ਪ੍ਰੇਰਿਆ ਤਾਂ ਦਿਨਾਂ ਵਿਚ ਹੀ ਸਧਾਰਨ ਜਿਹੇ ਨਗਰ ਤੋਂ ਇਹ ਵੱਸੋਂ ਇਕ ਵੱਡਾ ਸ਼ਹਿਰ ਬਣਨ ਲੱਗ ਪਈ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਤੋਂ ਪਿਛੋਂ ਛੇ ਸੱਤ ਮਹੀਨੇ ਤਾਂ ਬਾਬਾ ਪ੍ਰਿਥੀ ਚੰਦ ਜੀ ਅਤੇ ਗੁਰੂ-ਘਰ ਦੇ ਹੋਰ ਵਿਰੋਧੀਆਂ ਦੀ ਕਰੜੀ ਵਿਰੋਧਤਾ ਦੇ ਕਾਰਨ ਗੁਰੂ ਅਰਜਨ ਸਾਹਿਬ ਸ਼ਹਿਰ ਦੀ ਉੱਨਤੀ ਵਾਸਤੇ ਨਵੀਆਂ ਵਿਓਂਤਾਂ ਵਲ ਧਿਆਨ ਨਾ ਦੇ ਸਕੇ, ਕਿਉਂਕਿ ਇਹ ਸਾਰਾ ਕੰਮ ਰੁਪਿਆ ਮੰਗਦਾ ਸੀ, ਤੇ ਰੁਪਏ ਵਲੋਂ ਨਾਕਾਬੰਦੀ ਹੋਈ ਪਈ ਸੀ। ਜਦੋਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੱਖਾਂ ਦੇ ਉੱਦਮ ਨਾਲ ਗੁਰੂ-ਚੱਕ ਤੋਂ ਬਾਹਰ ਦੀਆਂ ਸੰਗਤਾਂ ਨੂੰ ਅਸਲੀ ਹਾਲਤ ਦਾ ਪਤਾ ਲੱਗਾ ਤਾਂ ਵਿਰੋਧੀਆਂ ਦੀ ਦਾਲ ਗਲਣੀ ਬੰਦ ਹੋ ਗਈ।

ਹੁਣ ਸਤਿਗੁਰੂ ਜੀ ਨੇ ਗੁਰੂ ਰਾਮਦਾਸ ਜੀ ਦੇ ਅਰੰਭੇ ਕੰਮ ਨੂੰ ਆਪਣੇ ਹੱਥਾਂ ਵਿਚ ਲਿਆ। ਸ਼ਹਿਰ ਦੀ ਵੱਸੋਂ ਬੜੀ ਛੇਤੀ ਵਧ ਰਹੀ ਸੀ। ਇਸ ਵਾਸਤੇ ਗੁਰੂ ਅਰਜਨ ਸਾਹਿਬ ਨੇ ਸ਼ਹਿਰੋਂ ਬਾਹਰ ਥੋੜੀ ਕੁ ਵਿਥ 'ਤੇ ਇਕ ਹੋਰ ਸਰੋਵਰ ਬਣਵਾਣਾ ਸ਼ੁਰੂ ਕਰ ਦਿੱਤਾ। ਗੁਰੂ ਰਾਮਦਾਸ ਜੀ ਦਾ ਅਰੰਭਿਆ ਸਰੋਵਰ ਅਜੇ ਮੁਕੰਮਲ ਨਹੀਂ ਸੀ ਹੋਇਆ। ਉਸ ਵਿਚ ਤਾਂ ਸਤਸੰਗ ਵਾਸਤੇ ਇਮਾਰਤ ਭੀ



Page 148 www.sikhbookclub.com

ਬਣਨੀ ਸੀ, ਜਿਸ ਦੀ ਸਾਰੀ ਵਿਓਂਤ ਗੁਰੂ ਰਾਮਦਾਸ ਜੀ ਆਪ ਬਣਾ ਚੁਕੇ ਹੋਏ ਸਨ। ਬਾਹਰੋਂ ਆਉਂਦੇ ਸਿੱਖਾਂ ਦੀ ਪਹਿਲੀ ਲੋੜ ਸੀ ਜਲ ਦੀ। ਇਸ ਨੂੰ ਮਹਾਨਤਾ ਦਿੱਤੀ ਗਈ। ਇਸ ਨੂੰ ਮੁਕੰਮਲ ਕਰਨ ਵਿਚ ਭੀ ਕਈ ਸਾਲ ਲੱਗ ਗਏ, ਕਿਉਂਕਿ ਚੂਨੇ ਇੱਟਾਂ ਆਦਿਕਾਂ ਦੀ ਲੋੜ ਚੁਫੇਰੇ ਹੀ ਸੀ, ਤੇ ਉਸ ਜ਼ਮਾਨੇ ਵਿਚ ਭੱਠਿਆਂ ਦਾ ਕੰਮ ਭੀ ਕਾਹਲੀ ਵਾਲਾ ਨਹੀਂ ਸੀ। ਇਸ ਸਰੋਵਰ ਦਾ ਨਾਮ ਸੰਤੋਖਸਰ ਰੱਖਿਆ ਗਿਆ। ਹੁਣ ਤਾਂ ਇਹ ਸ਼ਹਿਰ ਦੇ ਅੰਦਰ ਹੋ ਗਿਆ ਹੈ। ਵੱਸੋਂ ਅਗਾਂਹ-ਅਗਾਂਹ ਵਧਦੀ ਗਈ। ਹਾਲ ਬਜ਼ਾਰ ਤੋਂ ਅਗਾਂਹ ਕੋਤਵਾਲੀ ਹੈ, ਕੋਤਵਾਲੀ ਤੋਂ ਦੱਖਣ ਵਲ ਇਹ ਸਰੋਵਰ ਹੈ। ਇਥੇ ਇਕ ਗੁਰਦੁਆਰਾ ਭੀ ਹੈ, ਜਿਸ ਦਾ ਨਾਮ ਟਾਹਲੀ ਸਾਹਿਬ ਹੈ। ਸੰਤੋਖਸਰ ਦੀ ਪੁਟਾਈ ਅਤੇ ਉਸਾਰੀ ਦਾ ਸਾਰਾ ਕੰਮ ਸੰਨ ੧੫੮੭-੮੮ ਵਿਚ ਸਿਰੇ ਚੜ੍ਹਿਆ ਸੀ।

### ਦਸਵੰਧ

ਗੁਰੂ ਰਾਮਦਾਸ ਜੀ ਨੇ ਗੁਰੂ-ਚੱਕ ਦੀਆਂ ਕਈ ਜਨਤਕ ਇਮਾਰਤਾਂ ਦੀ ਉਸਾਰੀ ਵਾਸਤੇ ਮਾਇਆ ਦੀ ਵਧਦੀ ਲੋੜ ਵੇਖ ਕੇ ਪਰਚਾਰਕ ਮਸੰਦ ਮੁਕੱਰਰ ਕੀਤੇ ਸਨ, ਜੋ ਬਾਹਰਲੇ ਇਲਾਕਿਆਂ ਦੇ ਸਿੱਖਾਂ ਪਾਸੋਂ ਭੇਟਾ ਇਕੱਠੀ ਕਰ ਕੇ ਲਿਆਉਂਦੇ ਸਨ। ਤਜਰਬੇ ਨੇ ਦੱਸਿਆ ਕਿ ਕਈ ਮਸੰਦ ਸਹਿਜੇ ਸਹਿਜੇ ਉਸ ਰਕਮ ਵਿਚ ਹੱਥ-ਫੇਰੀ ਭੀ ਕਰਨ ਲੱਗ ਪਏ। ਉਧਰੋਂ ਸਿੱਖਾਂ ਦੀ ਗਿਣਤੀ ਭੀ ਦਿਨੋ-ਦਿਨ ਬਹੁਤ ਛੇਤੀ ਵੱਧਣ ਲੱਗੀ। ਪਹਿਲਾਂ ਭੇਟਾ ਦੀ ਰਕਮ ਖ਼ਾਸ ਮੁਕੱਰਰ ਨਹੀਂ ਸੀ ਹੁੰਦੀ। ਹੁਣ ਗੁਰੂ ਅਰਜਨ ਸਾਹਿਬ ਨੇ ਫ਼ੈਸਲਾ ਕੀਤਾ ਕਿ ਹਰੇਕ ਸਿਖ-ਘਰਾਣਾ ਆਪਣੀ ਕਮਾਈ ਦਾ ਦਸਵਾਂ ਹਿੱਸਾ ਸਾਂਝੇ ਪੰਥਕ ਕਾਰਜਾਂ ਲਈ ਗੁਰ-ਗੋਲਕ ਵਿਚ ਭੇਜਿਆ ਕਰੇ। ਦਸਵੰਧ ਦੀ ਉਸ ਰਕਮ ਨੂੰ ਗ਼ਬਨ ਤੋਂ ਬਚਾਣ ਲਈ ਇਹ ਪਰਬੰਧ ਕੀਤਾ ਗਿਆ ਕਿ ਹਰੇਕ ਮਸੰਦ ਉਗਰਾਹੀ ਹੋਈ ਰਕਮ ਦਾ ਲਿਖਤੀ ਹਿਸਾਬ ਭੀ ਰੱਖੇ। ਇਸ ਤਰ੍ਹਾਂ ਦਸਵੰਧ ਭੇਜਣ ਵਾਲੇ ਸਿਖ ਆਪਣੀ ਦਿੱਤੀ ਰਕਮ ਆਪਣੇ ਸਾਹਮਣੇ ਹੀ ਵਹੀ ਵਿਚ ਦਰਜ ਕਰਾ ਦੇਂਦੇ ਸਨ, ਅਤੇ ਉਹ ਵਹੀ ਸਤਿਗੁਰੂ ਜੀ ਦੇ ਸਾਹਮਣੇ ਪੇਸ਼ ਕੀਤੀ ਜਾਂਦੀ ਸੀ। ਉਗਰਾਹੀ ਲਿਆਉਣ ਦਾ ਇਕ ਹੋਰ ਠੁੱਕ ਭੀ ਬੰਨ੍ਹ ਦਿਤਾ ਗਿਆ। ਆਮ ਤੌਰ 'ਤੇ ਵੈਸਾਖੀ ਦੇ ਮੌਕੇ 'ਤੇ ਮਸੰਦ ਗੁਰੂ-ਚੱਕ ਆਉਂਦੇ ਸਨ। ਉਹਨਾਂ ਦੇ ਨਾਲ ਇਲਾਕੇ ਦੇ ਪ੍ਰੇਮੀ ਦਰਸ਼ਨ-ਅਭਿਲਾਖੀ ਸਿਖ ਭੀ ਆਉਂਦੇ ਸਨ, ਜਿਨ੍ਹਾਂ ਦੇ ਸਾਹਮਣੇ ਉਗਰਾਹੀ ਦੀ ਰਕਮ ਸੁਣਾ ਦਿਤੀ ਜਾਂਦੀ ਸੀ ਅਤੇ ਗੁਰੂ ਕੇ ਖ਼ਜ਼ਾਨੇ ਵਿਚ ਜਮ੍ਹਾ ਕੀਤੀ



 www.sikhbookclub.com

ਜਾਂਦੀ ਸੀ। ਜਿਉਂ ਜਿਉਂ ਸਿਖ-ਵੱਸੋਂ ਵਧਦੀ ਗਈ, ਮਸੰਦਾਂ ਦੀ ਗਿਣਤੀ ਭੀ ਨਾਲੋ-ਨਾਲ ਵਧਾ ਦਿਤੀ ਗਈ। ਮਾਝਾ ਤਾਂ ਸਿੱਖੀ ਦਾ ਕੇਂਦਰ ਹੀ ਬਣ ਗਿਆ। ਪੰਜਾਬ ਦੇ ਬਾਕੀ ਇਲਾਕਿਆਂ ਵਿਚ ਭੀ ਸਿਖ-ਧਰਮ ਬਹੁਤ ਵਧਿਆ। ਹੱਥਾਂ ਦੀ ਕਿਰਤ-ਕਾਰ ਤੇ ਵਣਜ-ਵਪਾਰ ਵਲ ਹਰੇਕ ਗੁਰੂ ਸਾਹਿਬ ਸਿੱਖਾਂ ਨੂੰ ਖ਼ਾਸ ਤੌਰ ਤੇ ਪ੍ਰੇਰਦੇ ਰਹੇ ਸਨ। ਗੁਰੂ ਅਰਜਨ ਸਾਹਿਬ ਦੇ ਵੇਲੇ ਤਕ ਸਿਖ ਪੰਜਾਬ ਤੋਂ ਬਾਹਰ ਭੀ ਵਣਜ-ਵਪਾਰ ਲਈ ਦੂਰ ਦੂਰ ਪ੍ਰਾਂਤਾਂ ਵਿਚ ਜਾਣ ਲਗ ਪਏ ਸਨ। ਘੋੜਿਆਂ ਦੀ ਖ਼ਰੀਦ ਵਾਸਤੇ ਤਾਂ ਕਾਬਲ ਤੇ ਕਾਬਲੋਂ ਪਰੇ ਬਲਖ਼-ਬੁਖ਼ਾਰੇ ਤਕ ਸਿੱਖਾਂ ਦੀ ਆਵਾਜਾਈ ਸੀ, ਅਤੇ ਉਹਨਾਂ ਇਲਾਕਿਆਂ ਵਿਚ ਕਈ ਸਿਖ ਆਪਣੀ ਪੱਕੀ ਰਿਹਾਇਸ਼ ਭੀ ਬਣਾ ਚੁਕੇ ਸਨ, ਜਿਨ੍ਹਾਂ ਦੀ ਸੰਗਤ ਸਦਕਾ ਉਥੇ ਸਿਖ-ਧਰਮ ਹੋਰ ਫੈਲਦਾ ਗਿਆ। ਨਾਲੋ-ਨਾਲ ਮਸੰਦ ਅਤੇ ਦਸਵੰਧ ਦਾ ਸਿਲਸਿਲਾ ਭੀ ਵਧਦਾ ਗਿਆ।

## ਅੰਮ੍ਰਿਤ-ਸਰੋਵਰ, ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ

ਸ਼ਹਿਰ ਦੀ ਵੱਸੋਂ ਵਧਣ ਦੇ ਨਾਲ ਨਾਲ ਸਰੋਵਰਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਭੀ ਬਣਦੀ ਜਾ ਰਹੀ ਸੀ। ਇਹਨਾਂ ਦੇ ਵੱਖ ਵੱਖ ਨਾਮ ਭੀ ਰੱਖੇ ਜਾਂਦੇ ਗਏ। ਜਿਹੜਾ ਸਰੋਵਰ ਗੁਰੂ ਰਾਮਦਾਸ ਜੀ ਨੇ ਅਰੰਭ ਕੀਤਾ ਸੀ, ਉਹ ਹੁਣ ਸੰਨ ੧੫੮੮ ਵਿਚ ਮੁਕੰਮਲ ਹੋਇਆ। ਇਸ ਦਾ ਨਾਮ ਸਤਿਗੁਰੂ ਅਰਜਨ ਸਾਹਿਬ ਨੇ 'ਅੰਮ੍ਰਿਤ-ਸਰ' ਰੱਖਿਆ। ਪਰ ਅਜੇ ਤਾਂ ਸਿਰਫ਼ ਸਰੋਵਰ ਹੀ ਤਿਆਰ ਹੋਇਆ। ਗੁਰੂ ਰਾਮਦਾਸ ਸਾਹਿਬ ਦੀ ਵਿਓਂਤ ਅਨੁਸਾਰ ਇਸ ਵਿਚ ਗੁਰਦੁਆਰਾ ਭੀ ਬਣਨਾ ਸੀ। ਗੁਰੂ ਅਰਜਨ ਸਾਹਿਬ ਨੇ ਉਸ ਧਰਮ-ਅਸਥਾਨ ਦੀ ਨੀਂਹ ਕੱਤਕ ਸੁਦੀ ੫ ਸੰਮਤ ੧੬੪੫ ਨੂੰ ਰੱਖੀ। ਤਦੋਂ ਈਸਵੀ ਸੰਨ ੧੫੮੮ ਸੀ ਤੇ ਅਕਤੂਬਰ ਦਾ ਮਹੀਨਾ ਸੀ। ਉਸ ਦਾ ਨਾਮ 'ਹਰਿ ਮੰਦਰ' ਰੱਖਿਆ ਗਿਆ। ਸਿਖ-ਇਤਿਹਾਸ ਲਿਖਦਾ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਸਤਿਗੁਰੂ ਜੀ ਨੇ ਲਾਹੌਰ ਦੇ ਵਲੀ ਮੀਆਂ ਮੀਰ ਸਾਹਿਬ ਦੇ ਹੱਥੋਂ ਰਖਾਈ ਸੀ। ਮੀਆਂ ਮੀਰ ਜੀ ਬੰਦਗੀ ਵਾਲੇ ਮਹਾਂਪੁਰਸ਼ ਸਨ। ਮਜ਼੍ਹਬੀ ਤੰਗ-ਦਿਲੀ ਤੇ ਪੱਖ-ਪਾਤ ਦਾ ਉਹਨਾਂ ਉਤੇ ਕੋਈ ਅਸਰ ਨਹੀਂ ਸੀ।

ਵਲੀ ਮੀਆਂ ਮੀਰ ਦਾ ਅਸਲੀ ਨਾਮ ਸ਼ੇਖ਼ ਮੁਹੰਮਦ ਮੀਰ ਸ਼ਾਹ ਸੀ। ਇਹ ਖ਼ਲੀਫ਼ਾ ਉਮਰ ਦੀ ਬੰਸ ਵਿਚੋਂ ਸਨ। ਇਹਨਾਂ ਦਾ ਜਨਮ ਸੀਸਤਾਨ ਵਿਚ ਸੰਨ ੧੫੫੦ ਵਿਚ ਹੋਇਆ ਸੀ। ਉਮਰ ਦਾ ਬਹੁਤਾ ਹਿੱਸਾ ਇਹਨਾਂ ਲਾਹੌਰ ਵਿਚ

ਆ ਕੇ ਗੁਜ਼ਾਰਿਆ। ੧੧ ਅਗਸਤ ਸੰਨ ੧੬੩੫ ਨੂੰ ਮੀਆਂ ਮੀਰ ਜੀ ਦਾ ਦੇਹਾਂਤ ਹੋਇਆ ਸੀ। ਇਹਨਾਂ ਦੀ ਕਬਰ ਲਾਹੌਰ ਦੇ ਪਾਸ ਹਾਸ਼ਮਪੁਰੇ ਵਿਚ ਹੈ। ਪ੍ਰਾਣਾਯਾਮ ਦੇ ਅੱਭਿਆਸੀ ਸਨ। ਮੀਆਂ ਮੀਰ ਜੀ ਦਾ ਪਰਸਿੱਧ ਚੇਲਾ ਮੁੱਲਾ ਸ਼ਾਹ (ਸ਼ਾਹ ਮੁਹੰਮਦ) ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਦਾ ਪੀਰ ਸੀ।

ਅੰਮ੍ਰਿਤ-ਸਰੋਵਰ ਦੇ ਵਿਚਕਾਰ ਬਣਨ ਵਾਲੇ ਇਸ ਹਰਿਮੰਦਰ ਸਾਹਿਬ ਨੇ ਸਿਖ ਕੌਮ ਦਾ ਧਰਮ-ਕੇਂਦਰ ਬਣਨਾ ਸੀ, ਜਿਥੇ ਕੀਰਤਨ ਅਤੇ ਧਰਮ-ਪਰਚਾਰ ਦਾ ਪਰਵਾਹ ਚੱਲਣਾ ਸੀ। ਅੰਮ੍ਰਿਤ-ਸਰੋਵਰ ਦੀ ਮਹਾਨਤਾ ਭੀ ਬਣਨੀ ਹੀ ਸੀ। ਗੁਰੂ ਅਰਜਨ ਸਾਹਿਬ ਨੇ ਸ਼ਹਿਰ ਦਾ ਨਾਮ ਭੀ ਇਸ ਸਰੋਵਰ ਦੇ ਨਾਮ 'ਤੇ ਅੰਮ੍ਰਿਤਸਰ ਰੱਖ ਦਿੱਤਾ। ੧੫੭੦ ਵਿਚ ਅਰੰਭਿਆ ਗੁਰੂ-ਚੱਕ ੧੫੮੮ ਵਿਚ ਅੰਮ੍ਰਿਤਸਰ ਬਣ ਗਿਆ।

### ਸ਼ਾਦੀ

ਗੁਰੂ ਅਰਜਨ ਸਾਹਿਬ ਦੀ ਸ਼ਾਦੀ ਸੰਨ ੧੫੮੯ (ਸੰਮਤ ੧੬੪੬) ਵਿਚ ਫ਼ਿਲੌਰ ਪਰਗਣੇ ਦੇ ਪਿੰਡ ਮਉ ਵਿਚ ਹੋਈ ਸੀ। ਉਸ ਵੇਲੇ ਆਪ ਦੀ ਉਮਰ ੨੬ ਸਾਲਾਂ ਦੇ ਕਰੀਬ ਹੋ ਚੁੱਕੀ ਸੀ।

# ਪੰਜਵਾਂ ਕਾਂਡ

## ਮਾਝੇ ਦੇ ਪਿੰਡਾਂ ਦੀ ਸੰਭਾਲ

ਪੰਜਾਬ ਦੇ ਨਕਸ਼ੇ ਵਿਚ ਰਾਵੀ ਤੇ ਬਿਆਸ ਦਾ ਵਿਚਕਾਰਲਾ ਇਲਾਕਾ ਗਹੁ ਨਾਲ ਵੇਖੋ। ਅੰਮ੍ਰਿਤਸਰ ਸ਼ਹਿਰ ਮਾਝੇ ਦੀ ਧੁੰਨੀ ਪਿਆ ਦਿੱਸੇਗਾ। ਇਸ ਇਲਾਕੇ ਦੇ ਪਹਾੜ ਅਤੇ ਲਹਿੰਦੇ ਪਾਸੇ ਦਰਿਆ ਰਾਵੀ ਵਗਦਾ ਹੈ, ਚੜ੍ਹਦੇ ਅਤੇ ਦੱਖਣ ਪਾਸੇ ਦਰਿਆ ਬਿਆਸ ਹੈ। ਅੰਮ੍ਰਿਤਸਰ ਤੋਂ ਤੀਹ-ਬੱਤੀ ਮੀਲ ਲਹਿੰਦੇ ਵਲ ਰਾਵੀ ਦੇ ਕੰਢੇ ਉਤੇ ਲਾਹੌਰ ਸ਼ਹਿਰ ਹੈ, ਅਤੇ ਠੀਕ ਚੜ੍ਹਦੇ ਵਲ ਪੰਝੀ-ਛੱਬੀ ਮੀਲਾਂ ਦੀ ਵਿੱਥ ਉਤੇ ਬਿਆਸ ਹੈ। ਅੰਮ੍ਰਿਤਸਰ ਤੋਂ ਸਿੱਧਾ ਦੱਖਣ ਪਾਸੇ ਇਤਨੀ ਹੀ ਵਿੱਥ ਉਤੇ ਬਿਆਸ ਦੇ ਕੰਢੇ ਗੋਇੰਦਵਾਲ ਹੈ, ਅਤੇ ਪੰਝੀ-ਛੱਬੀ ਮੀਲਾਂ 'ਤੇ ਪਹਾੜ ਵਲ ਰਾਵੀ ਦਰਿਆ ਹੈ। ਅੰਮ੍ਰਿਤਸਰ ਤੋਂ ਜਿਹੜੀ ਸੜਕ ਸਿਆਲਕੋਟ ਨੂੰ ਜਾਂਦੀ ਹੈ, ਜਿਥੇ ਇਹ ਰਾਵੀ ਦਾ ਪੱਤਣ ਟੱਪਦੀ ਹੈ ਉਹ ਥਾਂ ਸ਼ਹਿਰ ਅੰਮ੍ਰਿਤਸਰ ਤੋਂ ਪੰਝੀ ਛੱਬੀ ਮੀਲ ਹੀ ਹੈ।

ਨਗਰ ਗੁਰੂ-ਚੱਕ ਅਤੇ ਸਰੋਵਰ ਤਿਆਰ ਕਰਾਣ ਦਾ ਇਤਨਾ ਵੱਡਾ ਕੰਮ ਸੀ ਕਿ ਗੁਰੂ ਰਾਮਦਾਸ ਜੀ ਨੂੰ ਚੁਫੇਰੇ ਦੇ ਪੇਂਡੂ ਇਲਾਕੇ ਵਿਚ ਜਾਣ ਲਈ ਬਹੁਤ ਘੱਟ ਸਮਾ ਮਿਲਿਆ। ਗੁਰਿਆਈ ਵਾਲੀ ਜ਼ਿੰਮੇਵਾਰੀ ਉਤੇ ਉਹ ਰਹੇ ਭੀ ਸਿਰਫ਼ ੭ ਸਾਲ। ਗੁਰੂ ਅਰਜਨ ਸਾਹਿਬ ਨੂੰ ਭੀ ਪਹਿਲੇ ਅੱਠ ਸਾਲ ਸ਼ਹਿਰ ਵਸਾਣ ਵਾਲਾ ਰੁਝੇਵਾਂ ਹੀ ਰਿਹਾ। ਸਾਰੇ ਮਾਝੇ ਦਾ ਇਸ ਨੂੰ ਕੇਂਦਰ ਬਣਾਣਾ ਸੀ, ਇਸ ਵਲ ਪੂਰਾ ਧਿਆਨ ਦੇਣਾ ਜ਼ਰੂਰੀ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨਦਾਰ ਇਮਾਰਤ ਨੂੰ ਗਹੁ ਨਾਲ ਵੇਖੋ। ਕਾਫ਼ੀ ਸਮਾ ਤੇ ਕਾਫ਼ੀ ਮਿਹਨਤ ਲੈਣ ਵਾਲਾ ਇਹ ਕੰਮ ਸੀ। ਸੰਨ ੧੫੯੦ ਵਿਚ ਇਹ ਇਮਾਰਤ ਮੁਕੰਮਲ ਹੋਈ। ਫਿਰ ਗੁਰੂ ਅਰਜਨ ਸਾਹਿਬ ਨੇ ਮਾਝੇ ਦੇ ਪਿੰਡਾਂ ਵਲ ਧਿਆਨ ਮੋੜਿਆ। ਅੰਮ੍ਰਿਤਸਰ ਦੇ ਚੁਫੇਰੇ ਹੀ ਰਾਵੀ ਤੇ ਬਿਆਸ ਦੇ ਕੰਢਿਆਂ ਤਕ ਪਿੰਡ ਪਿੰਡ ਵਿਚ ਅੱਪੜੇ। ਥੋੜਾ ਬਹੁਤ ਵਕਫ਼ਾ ਪਾ ਕੇ ਸਤਿਗੁਰੂ ਜੀ ਨੇ ਸਿਖ-ਧਰਮ ਦੇ ਪਰਚਾਰ ਲਈ ੧੦ ਸਾਲ ਪਿੰਡਾਂ

ਵਿਚ ਗੁਜ਼ਾਰੇ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਿਖ-ਧਰਮ ਨੇ ਸਦਾ ਲਈ ਮਾਝੇ ਵਿਚ ਪੱਕੀਆਂ ਜੜ੍ਹਾਂ ਫੜ ਲਈਆਂ।

*(ੳ) ਦੱਖਣ ਪਾਸੇ*

ਝਨਾਂ ਤੋਂ ਪਾਰਲੇ ਸਭ ਹਿੰਦੂ ਜੱਟ, ਮੁਸਲਮਾਨ ਬਣ ਚੁਕੇ ਹੋਏ ਸਨ। ਨਾਈ, ਛੀਂਬੇ, ਜੁਲਾਹੇ, ਮੋਚੀ ਆਦਿਕ ਨੀਵੀਆਂ ਜਾਤਾਂ ਦੇ ਗ਼ਰੀਬ ਲੋਕ ਤਾਂ ਉੱਚ ਜਾਤੀਏ ਹਿੰਦੂਆਂ ਦੀ ਨਿੱਤ ਦੀ ਦੁਰਕਾਰ ਤੋਂ ਬਚਣ ਲਈ ਜੱਟਾਂ ਤੋਂ ਭੀ ਪਹਿਲਾਂ ਇਸਲਾਮ ਵਿਚ ਜਾ ਰਲੇ। ਝਨਾਂ ਤੋਂ ਉਰੇ ਰਾਵੀ ਤਕ ਜੱਟ ਤਾਂ ਅੱਧ-ਪਚੱਧੇ ਮੁਸਲਮਾਨ ਬਣ ਚੁਕੇ ਸਨ, ਪਰ ਨਾਈ ਛੀਂਬੇ ਆਦਿਕ ਉਸ ਇਲਾਕੇ ਵਿਚ ਭੀ ਹਿੰਦੂ ਧਰਮ ਛਡ ਗਏ ਸਨ। ਰਾਵੀ ਬਿਆਸ ਦੇ ਵਿਚਕਾਰ ਅਜੇ ਉਹ ਅਸਰ ਨਹੀਂ ਸੀ ਪਿਆ।

ਇਸਲਾਮ ਦੀ ਤਰੱਕੀ ਦੇ ਤਿੰਨ ਮੋਟੇ ਮੋਟੇ ਕਾਰਨ ਸਨ—(੧) ਹਿੰਦੂ ਉੱਚ ਜਾਤੀਏ ਲੋਕਾਂ ਦੀ ਸ਼ੂਦਰ ਅਖਵਾਂਦੇ ਲੋਕਾਂ ਨਾਲ ਬਦ-ਸਲੂਕੀ, (੨) ਇਸਲਾਮੀ ਹਕੂਮਤ ਵਲੋਂ ਲਾਲਚ ਭਰੀਆਂ ਆਸਾਂ, (੩) ਮੁਸਲਮਾਨ ਪੀਰਾਂ ਫ਼ਕੀਰਾਂ ਦੀ ਪੇਂਡੂ ਅਨਪੜ੍ਹ ਦਿਲਾਂ ਉਤੇ ਪਕੜ।

ਝਨਾਂ ਰਾਵੀ ਦੇ ਇਲਾਕੇ ਵਿਚ ਜਿਹੜੇ ਜੱਟ ਹਿੰਦੂ ਟਿਕੇ ਹੋਏ ਸਨ, ਉਹ ਭੀ ਖ਼ਾਲਸ ਹਿੰਦੂ ਨਹੀਂ ਰਹੇ ਸਨ। ਤਕਰੀਬਨ ਸਾਰੇ ਮੁਸਲਮਾਨ ਫ਼ਕੀਰ ਸਖ਼ੀ ਸਰਵਰ ਦੇ ਚੇਲੇ ਬਣ ਚੁਕੇ ਸਨ, ਅਤੇ ਸਰਵਰੀਏ ਅਖਵਾਂਦੇ ਸਨ। ਸਖ਼ੀ ਸਰਵਰ ਦੀ ਮੰਨਤ ਵਿਚ ਹਰ ਜੁਮੇਰਾਤ (ਵੀਰਵਾਰ) ਦੀ ਰਾਤ ਨੂੰ ਭੁੰਵੇ ਸੌਂਦੇ ਅਤੇ ਨਵੀਂ ਸੂਈ ਗਾਂ ਮਹਿੰ ਦੇ ਦੁੱਧ ਨੂੰ ਅੰਨ ਨਾਲ ਰਲਾਣ ਤੋਂ ਪਹਿਲਾਂ ਖੀਰ ਰਿੰਨ੍ਹ ਕੇ ਸ਼ੇਖ਼ ਫ਼ੱਤੇ ਦੀ ਗੱਦੀ 'ਤੇ ਲੈ ਜਾਂਦੇ ਸਨ। ਹਿੰਦੂਆਂ ਦੀਆਂ ਨਜ਼ਰਾਂ ਵਿਚ ਸ਼ੇਖ਼ ਫ਼ੱਤਾ ਇਕ ਮਹਾਨ ਉੱਚੀ ਸ਼ਖ਼ਸੀਅਤ ਸੀ। ਜਿਥੇ ਹੁਣ ਤਰਨ ਤਾਰਨ ਨਗਰ ਹੈ, ਇਥੋਂ ਚੜ੍ਹਦੇ ਵਲ ਚਾਰ ਪੰਜ ਮੀਲਾਂ ਦੀ ਵਿੱਥ ਉਤੇ ਉਹ ਗੱਦੀ ਚਲੀ ਆਉਂਦੀ ਹੈ। ਨਗਰ ਬੰਡਾਲੇ ਤੋਂ ਡੇਢ ਮੀਲ ਦੀ ਵਿੱਥ 'ਤੇ ਪਿੰਡ ਪੱਖੋਕੇ ਹੈ ਅਤੇ ਪੱਖੋਕੇ ਦੇ ਨਾਲ ਹੀ ਨਹਿਰ ਦੇ ਕੰਢੇ ਉਤੇ ਇਹ ਗੱਦੀ ਹੈ। ਹਿੰਦੂ ਧਰਮ ਤੋਂ ਇਸਲਾਮ ਵਾਲੇ ਪਾਸੇ, ਸਰਵਰੀਆ ਬਣਨਾ ਪਹਿਲਾ ਡੰਡਾ ਸੀ। ਤੇ ਅਗਲਾ ਕਦਮ ਮੁਸਲਮਾਨੀ ਮਤ। ਸਰਵਰੀਆਂ ਦੀ ਇਹ ਗੱਦੀ ਮਾਝੇ ਦੇ ਵਿਚਕਾਰ ਸੀ। ਹਿੰਦੂ ਜਨਤਾ ਨੂੰ ਇਸ ਦੇ ਅਸਰ ਤੋਂ ਬਚਾਣ ਲਈ ਸਿਖ-ਧਰਮ ਦੇ ਪਰਚਾਰ ਦਾ ਕੇਂਦਰ ਕਰਤਾਰਪੁਰ ਰਾਵੀ ਤੋਂ ਖਡੂਰ ਲਿਆਂਦਾ ਗਿਆ ਸੀ।

 www.sikhbookclub.com

ਅੰਮ੍ਰਿਤਸਰ ਦਾ ਕੇਂਦਰੀ ਅਸਥਾਨ ਬਣਾ ਕੇ ਗੁਰੂ ਅਰਜਨ ਸਾਹਿਬ ਨੇ ਆਪਣਾ ਸਾਰਾ ਧਿਆਨ ਇਸ ਵੱਡੇ ਕੰਮ ਵਲ ਪਰਤਾਇਆ। ਪਹਿਲਾਂ ਗੁਰੂ ਰਾਮਦਾਸ ਜੀ ਦੇ ਸਿਖ ਭਾਈ ਹਿੰਦਾਲ ਦੇ ਨਗਰ ਜੰਡਿਆਲੇ ਗਏ। ਇਥੋਂ ਪਿੰਡ ਖਾਰ ਪਹੁੰਚੇ। ਦੁਆਲੇ ਦੇ ਪਿੰਡਾਂ ਵਾਲਿਆਂ ਤੋਂ ਜ਼ਮੀਨ ਲੈ ਕੇ ਗੁਰੂ ਅਰਜਨ ਸਾਹਿਬ ਨੇ ਤਰਨ ਤਾਰਨ ਨਗਰ ਦੀ ਨੀਂਹ ਰੱਖੀ, ਅਤੇ ਇਕ ਵੱਡਾ ਸਰੋਵਰ ਬਣਵਾਣਾ ਸ਼ੁਰੂ ਕੀਤਾ। ਸਿਖ-ਇਤਿਹਾਸ ਅਨੁਸਾਰ ਇਹ ਕੰਮ ਸੰਮਤ ੧੬੪੭ (ਸੰਨ ੧੫੯੦) ਵਿਚ ਅਰੰਭਿਆ ਸੀ, ਤਦੋਂ ਵੈਸਾਖ ਦਾ ਮਹੀਨਾ ਸੀ। ਤਰਨ ਤਾਰਨ ਦਾ ਨਗਰ ਬਣਨਾ ਅਸਲ ਵਿਚ ਸਰਵਰੀਆਂ ਦੇ ਰਸੂਖ਼ ਉਤੇ ਭਾਰੀ ਚੋਟ ਸੀ। ਸ਼ੇਖ਼ ਫ਼ੱਤੇ ਦੀ ਗੱਦੀ ਵਾਲੇ ਭੀ ਅਵੇਸਲੇ ਨਹੀਂ ਸਨ। ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਲੰਗਰ ਦੇ ਵਿਰੁੱਧ ਖੋਜਿਆਂ ਦੀ ਛੇੜਖ਼ਾਨੀ ਵਿਚ ਭੀ ਇਹਨਾਂ ਸਰਵਰੀਏ ਫ਼ਕੀਰਾਂ ਦਾ ਹੱਥ ਸੀ। ਜਦੋਂ ਸਰੋਵਰ ਨੂੰ ਪੱਕਾ ਕਰਨ ਲਈ ਇੱਟਾਂ ਦੇ ਆਵੇ ਪਕਾਏ ਗਏ, ਤਾਂ ਇਹਨਾਂ ਦੀ ਸ਼ਹਿ 'ਤੇ ਉਸ ਇਲਾਕੇ ਦੇ ਇਕ ਮੁਸਲਮਾਨ ਹਾਕਮ ਨੂਰਦੀਨ ਦੇ ਪੁੱਤਰ ਅਮੀਰ ਦੀਨ ਨੇ ਉਹ ਸਾਰੀਆਂ ਇੱਟਾਂ ਬਦੋ-ਬਦੀ ਆਪਣੀ ਹਵੇਲੀ ਨੂੰ ਲਵਾ ਲਈਆਂ। ਸਰਵਰੀਆਂ ਦੀ ਇਸ ਵਿਰੋਧਤਾ ਦੇ ਹੁੰਦਿਆਂ ਭੀ ਸਿਖ-ਧਰਮ ਦਾ ਇਹ ਨਵਾਂ ਪਰਚਾਰ-ਕੇਂਦਰ ਦਿਨੋ-ਦਿਨ ਚਮਕਿਆ।

ਇਥੇ ਇਕ ਹੋਰ ਗੱਲ ਭੀ ਚੇਤੇ ਰੱਖਣ ਵਾਲੀ ਹੈ। ਸਰਵਰੀਏ ਫ਼ਕੀਰ ਜਾਣਦੇ ਸਨ ਕਿ ਸਿਖ-ਧਰਮ ਉਹਨਾਂ ਦੀ ਹਸਤੀ ਵਾਸਤੇ ਇਕ ਭਾਰਾ ਖ਼ਤਰਾ ਹੈ। ਇਸ ਵਾਸਤੇ ਉਹ ਆਪਣੇ ਹਿੰਦੂ ਜੱਟ ਮੁਰੀਦਾਂ ਦੇ ਦਿਲਾਂ ਵਿਚ ਸਿਖ-ਧਰਮ ਦੇ ਵਿਰੁੱਧ ਵਿਹੁਲੇ ਖ਼ਿਆਲ ਭਰਨ ਲਈ ਪੂਰੀ ਵਾਹ ਲਾਂਦੇ ਰਹੇ, ਇਥੋਂ ਤਕ ਕਿ 'ਖ਼ਾਲਸਾ' ਸੱਜਣ ਤੋਂ ਪਿੱਛੋਂ ਭੀ ਜੇ ਕਦੇ ਕੋਈ ਸਿੰਘ, ਸਰਵਰੀਏ ਜੱਟ ਦੇ ਮੁੰਡੇ ਦਾ ਨਾਮ 'ਸਿੰਘ' ਆਖ ਕੇ ਬੁਲਾਂਦਾ ਸੀ ਤਾਂ ਉਸ ਦੇ ਮਾਪੇ ਅੱਗੋਂ ਲੜਨ ਪੈਂਦੇ ਸਨ। ਸਰਵਰੀਏ ਜੱਟਾਂ ਦੇ ਪਿੰਡਾਂ ਵਿਚ ਇਹ ਗੱਲ ਹੁਣ ਤਕ ਵੇਖਣ ਵਿਚ ਆ ਰਹੀ ਹੈ।

ਤਰਨ ਤਾਰਨ ਤੋਂ ਗੁਰੂ ਅਰਜਨ ਦੇਵ ਜੀ ਖਡੂਰ ਅਤੇ ਗੋਇੰਦਵਾਲ ਤਕ ਦੁਆਲੇ ਦੇ ਸਭ ਪਿੰਡਾਂ ਵਿਚ ਸਿਖ ਧਰਮ ਦਾ ਪਰਚਾਰ ਕਰਦੇ ਰਹੇ। ਨਗਰ ਸਰਹਾਲੀ ਤੋਂ ਨੇੜੇ ਇਕ ਪਿੰਡ ਖ਼ਾਨਪੁਰ ਵਿਚ ਬਣਿਆ ਹੋਇਆ ਗੁਰਦੁਆਰਾ ਚੋਲ੍ਹਾ ਸਾਹਿਬ ਉਸੇ ਸਮੇ ਦੀ ਇਤਿਹਾਸਕ ਯਾਦਗਾਰ ਹੈ। ਗੁਰੂ ਅਰਜਨ ਸਾਹਿਬ ਉਸ ਪਿੰਡ ਭੀ ਗਏ ਸਨ। ਪਿੰਡ ਦੀ ਇਕ ਮਾਈ ਸਤਿਗੁਰੂ ਜੀ ਵਾਸਤੇ ਚੂਰੀ ਕੁੱਟ ਕੇ ਲਿਆਈ ਸੀ, ਜਿਸ ਕਰਕੇ ਨਾਮ ਚੋਲ੍ਹਾ (=ਸੁਆਦਲਾ ਭੋਜਨ) ਰੱਖਿਆ ਗਿਆ।

*(ਅ) ਬਿਆਸਾ ਤੋਂ ਪਾਰ ਤਕ, ਚੜ੍ਹਦੇ ਪਾਸੇ*

ਸਖ਼ੀ ਸਰਵਰ ਦਾ ਅਸਰ ਸਾਰੇ ਪੰਜਾਬ ਉਤੇ ਹੀ ਸੀ, ਦੁਆਬੇ ਤੇ ਮਾਲਵੇ ਵਿਚ ਮਾਝੇ ਨਾਲੋਂ ਭੀ ਵਧੀਕ ਡੂੰਘਾ ਸੀ। ਬ੍ਰਾਹਮਣ ਹੀ ਹਿੰਦੂ-ਧਰਮ ਦੇ ਨੇਤਾ ਸਨ, ਉਹਨਾਂ ਇਸ ਖ਼ਤਰੇ ਨੂੰ ਗੌਲਿਆ ਹੀ ਨਾ। ਇਕ ਤਾਂ ਉਹ ਉਂਜ ਹੀ ਜੱਟਾਂ ਨੂੰ ਸ਼ੂਦਰ-ਸ਼੍ਰੇਣੀ ਵਿਚ ਗਿਣ ਰਹੇ ਸਨ, ਦੂਜੇ, ਉਹਨਾਂ ਦੀ ਆਪਣੀ ਜ਼ਾਤੀ ਪੂਜਾ-ਮਾਨਤਾ ਵਿਚ ਕੋਈ ਫ਼ਰਕ ਨਹੀਂ ਪੈ ਰਿਹਾ ਸੀ। ਸਰਵਰੀਏ ਲੋਕ ਹਿੰਦੂ ਦਿਨ-ਦਿਹਾਰਾਂ ਸਮੇ ਬ੍ਰਾਹਮਣ ਨੂੰ ਮੱਥਾ ਟੇਕ ਦੇਂਦੇ ਸਨ, ਅਤੇ ਹਰ ਜੁਮੇਰਾਤ (ਵੀਰਵਾਰ) ਸਖ਼ੀ ਸਰਵਰ ਦੀ ਮੰਨਤ ਮਨਾ ਲੈਂਦੇ ਸਨ। ਹਿੰਦੂ ਧਰਮ ਦਾ ਕੋਈ ਦਰਦੀ ਆਗੂ ਨਾ ਹੋਣ ਕਰਕੇ ਸਖ਼ੀ ਸਰਵਰ ਦਾ ਰਸੂਖ਼ ਪੱਕੀਆਂ ਜੜ੍ਹਾਂ ਫੜਦਾ ਗਿਆ।

ਮਾਝੇ ਵਿਚ ਤਾਂ ਗੁਰੂ ਅੰਗਦ ਸਾਹਿਬ ਦੇ ਵੇਲੇ ਤੋਂ ਜਤਨ ਕੀਤੇ ਜਾ ਰਹੇ ਸਨ, ਹੁਣ ਗੁਰੂ ਅਰਜਨ ਦੇਵ ਜੀ ਨੇ ਬਿਆਸਾ ਤੋਂ ਪਾਰ ਲੰਘ ਕੇ ਦੁਆਬੇ ਵਿਚ ਭੀ ਸਿਖ-ਧਰਮ ਦਾ ਪਰਚਾਰ-ਕੇਂਦਰ ਬਣਾਣ ਦਾ ਫ਼ੈਸਲਾ ਕੀਤਾ। ਸਰਹਾਲੀ ਚੋਲ੍ਹੇ ਆਦਿਕ ਤੋਂ ਹੁੰਦੇ ਹੋਏ ਸਤਿਗੁਰੂ ਜੀ ਬਿਆਸਾ ਤੋਂ ਪਾਰ ਲੰਘੇ। ਸੰਮਤ ੧੬੫੦ (ਸੰਨ ੧੫੯੩) ਵਿਚ ਆਪ ਨੇ ਨਗਰ ਕਰਤਾਰਪੁਰ ਦੀ ਨੀਂਹ ਰੱਖੀ। ਮੱਘਰ ਦਾ ਮਹੀਨਾ ਸੀ। ਇਕ ਖੂਹ ਭੀ ਲਵਾਇਆ, ਜਿਸ ਦਾ ਨਾਮ ਗੰਗਸਰ ਰੱਖਿਆ ਗਿਆ। ਦੁਆਬੇ ਦੇ ਪਿੰਡਾਂ ਵਿਚ ਗੁਰੂ ਅਰਜਨ ਸਾਹਿਬ ਨੇ ਸਾਲ ਕੁ ਪਰਚਾਰ ਕੀਤਾ। ਅਨੇਕਾਂ ਭੁੱਲੜ ਜੱਟ, ਸਰਵਰੀਆਂ ਦਾ ਪਾਸਾ ਛੱਡ ਕੇ ਸਿਖ ਬਣੇ; ਜਿਨ੍ਹਾਂ ਵਿਚੋਂ ਭਾਈ ਮੰਝ ਦਾ ਨਾਮ ਸਿਖ-ਇਤਿਹਾਸ ਵਿਚ ਬਹੁਤ ਉੱਘਾ ਹੈ।

*(ੲ) ਅੰਮ੍ਰਿਤਸਰ ਤੋਂ ਲਹਿੰਦੇ ਪਾਸੇ*

ਦੁਆਬੇ ਤੋਂ ਆ ਕੇ ਅੰਮ੍ਰਿਤਸਰ ਥੋੜੇ ਕੁ ਦਿਨ ਠਹਿਰ ਕੇ ਸੰਨ ੧੫੯੪ ਵਿਚ ਗੁਰੂ ਅਰਜਨ ਸਾਹਿਬ ਲਹਿੰਦੇ ਵਲ ਦੇ ਇਲਾਕੇ ਵਲ ਚੱਲ ਪਏ। ਪੱਕਾ ਡੇਰਾ ਪਿੰਡ ਵਡਾਲੀ ਰੱਖਿਓ ਨੇ। ਵਡਾਲੀ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਚਾਰ ਕੁ ਮੀਲਾਂ ਦੀ ਵਿੱਥ 'ਤੇ ਹੈ। ਇਥੇ ੨੧ ਹਾੜ ਸੰਮਤ ੧੬੫੨ ਨੂੰ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ। ਚੰਦ੍ਰਮਾ ਦੇ ਹਿਸਾਬ ਹਾੜ ਵਦੀ ੧ ਸੀ, ਭਾਵ ਪੂਰਨਮਾਸ਼ੀ ਤੋਂ ਅਗਲਾ ਦਿਨ। ਈਸਵੀ ਸੰਨ ੧੫੯੫ ਜੂਨ ਦੀ ੧੯ ਤਰੀਕ ਅਤੇ ਵੀਰਵਾਰ ਦਾ ਦਿਹਾੜਾ ਸੀ।

ਵਡਾਲੀ ਤੋਂ ਲਹਿੰਦੇ ਪਹਾੜ-ਦੱਖਣ ਦੇ ਪਿੰਡਾਂ ਵਿਚ ਤਿੰਨ ਕੁ ਸਾਲ

ਸਤਿਗੁਰੂ ਜੀ ਨੇ ਪਰਚਾਰ ਕੀਤਾ, ਪਿੰਡ ਪਿੰਡ ਅੱਪੜੇ। ਇਹਨਾਂ ਹੀ ਸਾਲਾਂ ਵਿਚ ਪੰਜਾਬ ਵਿਚ ਬੜਾ ਕਾਲ ਪੈ ਗਿਆ ਸੀ। ਉਦੋਂ ਇਥੇ ਨਹਿਰਾਂ ਤਾਂ ਹੈ ਹੀ ਨਹੀਂ ਸਨ। ਖੂਹਾਂ ਨਾਲ ਖੇਤੀ ਹੁੰਦੀ ਸੀ। ਬਹੁਤੀ ਭੁਇੰ ਬਰਾਨੀ ਸੀ, ਵਰਖਾ ਦੇ ਆਸਰੇ ਫ਼ਸਲ ਸਿਰੇ ਚੜ੍ਹਦੀ ਸੀ। ਪਰ ੧੫੯੫ ਵਿਚ ਬੜੀ ਔੜ ਲੱਗ ਗਈ। ਤਿੰਨ ਸਾਲ ਕਟਕ ਦਾ ਕਾਲ ਪਿਆ। ਕਾਲ ਦੇ ਨਾਲ ਬੀਮਾਰੀਆਂ ਦਾ ਵੀ ਕੁਦਰਤੀ ਮੇਲ ਹੈ। ਵਿਡੋਂ ਭੁੱਖੇ ਲੋਕ ਮਰੀ ਦਾ ਸੁਖੱਲਾ ਸ਼ਿਕਾਰ ਬਣਦੇ ਗਏ। ਅਜਿਹੇ ਬਿਪਤਾ ਦੇ ਸਮੇ ਹੀ ਲੋਕ ਪਰਮਾਤਮਾ ਵਲੋਂ ਡੋਲ ਕੇ ਪੀਰਾਂ ਫ਼ਕੀਰਾਂ ਦੇ ਧਾਗੇ ਤਵੀਤਾਂ ਵਲ ਪਰਤ ਪਿਆ ਕਰਦੇ ਹਨ। ਗੁਰੂ ਅਰਜਨ ਸਾਹਿਬ ਨੇ ਪਿੰਡ ਪਿੰਡ ਪਹੁੰਚ ਕੇ ਦੁਖੀ ਲੋਕਾਂ ਨੂੰ ਹੌਸਲਾ ਦਿਤਾ, ਤੇ ਖੇਤੀਆਂ ਲਈ ਖੂਹ ਲਾਣ ਦੀ ਪ੍ਰੇਰਨਾ ਕੀਤੀ। ਅੱਗੇ ਤਾਂ ਦਸਵੰਧ ਦੀ ਰਕਮ ਸ੍ਰੀ ਹਰਿਮੰਦਰ ਸਾਹਿਬ ਦੇ ਬਣਨ ਉਤੇ ਖ਼ਰਚ ਹੁੰਦੀ ਸੀ, ਹੁਣ ਸਤਿਗੁਰੂ ਜੀ ਨੇ ਕਾਲ-ਪੀੜਤਾਂ ਦੀ ਸਹਾਇਤਾ ਲਈ ਖ਼ਰਚਣੀ ਸ਼ੁਰੂ ਕੀਤੀ। ਜਿਥੇ ਜਿਥੇ ਲੋੜ ਜਾਪੀ, ਖੂਹ ਲਵਾਣ ਵਿਚ ਇਹ ਰਕਮ ਵਰਤੀ। ਸਮੇ ਦੀ ਕਠਨਾਈ ਤੱਕ ਕੇ ਇਕ-ਹਰਟੇ ਖੂਹਾਂ ਦੇ ਥਾਂ ਦੁ-ਹਰਟੇ ਤੇ ਚੁ-ਹਰਟੇ ਖੂਹ ਵਧੀਕ ਲਗਵਾਏ ਗਏ ਸਨ, ਤਾਕਿ ਇਕ ਖੂਹ ਤੋਂ ਦੋ ਦੋ ਚਾਰ ਚਾਰ ਖੂਹਾਂ ਦਾ ਕੰਮ ਲਿਆ ਜਾ ਸਕੇ। ਵਡਾਲੀ ਤੋਂ ਲਹਿੰਦੇ ਪਾਸੇ ਛੇ-ਹਰਟਾ (ਛੇ ਹਰਟਾਂ ਵਾਲਾ) ਖੂਹ ਭੀ ਉਦੋਂ ਹੀ ਸਤਿਗੁਰੂ ਜੀ ਨੇ ਲਵਾਇਆ ਸੀ।

*(ਸ) ਰਾਵੀ ਦੇ ਨਾਲ ਨਾਲ ਲਾਹੌਰ, ਚੂਨੀਆਂ, ਬਹੜਵਾਲ ਦੇ ਇਲਾਕੇ ਵਿਚ*

(ਗੁਰੂ) ਹਰਿ ਗੋਬਿੰਦ ਸਾਹਿਬ ਦੋ ਕੁ ਸਾਲਾਂ ਦੇ ਹੋ ਗਏ ਸਨ, ਜਦੋਂ ਸੰਨ ੧੫੯੭ ਵਿਚ ਪਿੰਡਾਂ ਦੇ ਤਿੰਨ ਸਾਲਾਂ ਦੇ ਲੰਮੇ ਚੱਕਰ ਪਿੱਛੋਂ ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਆਏ। ਪਰ ਇਥੇ ਬਹੁਤਾ ਚਿਰ ਨਾ ਠਹਿਰ ਸਕੇ। ਕਾਲ ਨੇ ਲਾਹੌਰ ਸ਼ਹਿਰ ਦੀ ਹਾਲਤ ਬਹੁਤ ਹੀ ਤਰਸ-ਯੋਗ ਬਣਾਈ ਹੋਈ ਸੀ। ਪਿੰਡਾਂ ਵਿਚ ਤਾਂ ਲੋਕ ਔਖੇ-ਸੌਖੇ ਢਿੱਡ ਨੂੰ ਮਾੜਾ ਮੋਟਾ ਝੁਲਕਾ ਦੇ ਲੈਂਦੇ ਸਨ, ਪਰ ਸ਼ਹਿਰਾਂ ਵਿਚ ਅੰਨ ਤਦੋਂ ਹੀ ਆਵੇ ਜੇ ਪਿੰਡਾਂ ਵਿਚ ਖੁਲ੍ਹੇ ਫ਼ਸਲ ਹੋਣ। ਪੰਜਾਬ ਵਿਚ ਸਭ ਤੋਂ ਵੱਡਾ ਸ਼ਹਿਰ ਲਾਹੌਰ ਹੀ ਸੀ। ਉਸ ਸਮੇ ਦਾ ਇਕ ਮੁਸਲਮਾਨ ਇਤਿਹਾਸਕਾਰ ਨੂਰੁਲ-ਹੱਕ ਲਿਖ ਗਿਆ ਹੈ ਕਿ ਭੁੱਖ ਅਤੇ ਬੀਮਾਰੀਆਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਉਹਨਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ-ਸਾੜਨ ਦਾ ਕੋਈ ਤਸੱਲੀ-ਬਖ਼ਸ਼ ਪਰਬੰਧ ਨਹੀਂ ਰਹਿ ਗਿਆ ਸੀ। ਸ਼ਹਿਰ ਦੀ ਇਤਨੀ ਭੈੜੀ ਹਾਲਤ ਸੀ ਕਿ ਅਕਬਰ



 www.sikhbookclub.com

ਨੂੰ ਭੀ ਆਗਰੇ ਤੋਂ ਲਾਹੌਰ ਆਉਣਾ ਪਿਆ। ਇਹ ਜ਼ਿਕਰ ਸੰਨ ੧੫੯੭ ਦਾ ਹੈ।

ਗੁਰੂ ਅਰਜਨ ਸਾਹਿਬ ਭੀ ਦੁਖੀਆਂ ਦਾ ਦੁੱਖ ਵੰਡਣ ਲਈ ਲਾਹੌਰ ਪਹੁੰਚੇ। ਸਤਿਗੁਰੂ ਜੀ ਦਾ ਚਲਾਇਆ ਹੋਇਆ ਦਸਵੰਧ ਇਕੱਠਾ ਕਰਨ ਦਾ ਪਰਬੰਧ ਕਾਫ਼ੀ ਸਫਲਤਾ ਨਾਲ ਚੱਲ ਰਿਹਾ ਸੀ। ਅੰਮ੍ਰਿਤਸਰ ਦੇ ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਜਾਣ ਕਰਕੇ ਦਸਵੰਧ ਦੀ ਮਾਇਆ ਹੋਰ ਜ਼ਰੂਰੀ ਪਾਸੇ ਆਸਾਨੀ ਨਾਲ ਵਰਤੀ ਜਾ ਸਕਦੀ ਸੀ। ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦਾ ਦਸਵੰਧ ਲਾਹੌਰ-ਨਿਵਾਸੀ ਕਾਲ-ਪੀੜਤਾਂ ਲਈ ਵਰਤਣਾ ਸ਼ੁਰੂ ਕੀਤਾ। ਭੁਖਿਆਂ ਵਾਸਤੇ ਲੰਗਰ ਦੀ ਲੋੜ ਸੀ। ਅਨੇਕਾਂ ਬੱਚੇ ਯਤੀਮ ਰਹਿ ਗਏ ਸਨ, ਜਿਨ੍ਹਾਂ ਦੇ ਮਾਪੇ ਭੁੱਖ ਤੇ ਮਰੀ ਦਾ ਸ਼ਿਕਾਰ ਹੋ ਚੁਕੇ ਸਨ। ਇਹਨਾਂ ਯਤੀਮਾਂ ਦੀ ਸੰਭਾਲ ਭੀ ਕਰਨੀ ਸੀ। ਗੁਰੂ ਅਰਜਨ ਸਾਹਿਬ ਨੇ ਚੂਨੇ ਮੰਡੀ ਵਿਚ ਗੁਰੂ ਰਾਮਦਾਸ ਸਾਹਿਬ ਦੇ ਜਨਮ-ਅਸਥਾਨ ਦੀ ਇਮਾਰਤ ਸ਼ੁਰੂ ਕਰਾ ਦਿਤੀ, ਡਬੀ ਬਜ਼ਾਰ ਵਿਚ ਭੀ ਗੁਰਦੁਆਰਾ ਬਾਉਲੀ ਸਾਹਿਬ ਬਣਵਾਣਾ ਅਰੰਭ ਕਰ ਦਿਤਾ। ਇਸ ਤਰ੍ਹਾਂ ਬੇ-ਰੁਜ਼ਗਾਰਾਂ ਨੂੰ ਰੁਜ਼ਗਾਰ ਮਿਲ ਗਿਆ, ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣ ਗਏ, ਜਿਥੇ ਲੰਗਰ ਭੀ ਜਾਰੀ ਹੋ ਗਏ। ਪੁਰਤਗਾਲ ਦੇ ਈਸਾਈ ਪਾਦਰੀ ਨੇ ਭੀ ਗੋਆ ਤੋਂ ਲਾਹੌਰ ਉਹਨੀਂ ਹੀ ਦਿਨੀਂ ਆ ਕੇ ਯਤੀਮਖ਼ਾਨੇ ਖੋਲ੍ਹੇ ਸਨ। ਅਕਬਰ ਨੇ ਉਹਨਾਂ ਦੀ ਇਸ ਖ਼ਲਕ-ਸੇਵਾ ਨੂੰ ਬੜਾ ਸਲਾਹਿਆ ਸੀ।

ਲਾਹੌਰ-ਨਿਵਾਸੀ ਕਾਲ-ਪੀੜਤਾਂ ਦੀ ਮਦਦ ਕਰਨ ਵਾਸਤੇ ਗੁਰੂ ਅਰਜਨ ਦੇਵ ਜੀ ੮ ਮਹੀਨੇ ਲਾਹੌਰ ਰਹੇ। ਜਦੋਂ ਲਾਹੌਰ-ਨਿਵਾਸੀਆਂ ਦੀ ਹਾਲਤ ਕੁਝ ਸੁਧਰੀ ਤਾਂ ਉਥੋਂ ਦੀ ਸੇਵਾ ਦਾ ਕੰਮ ਉੱਘੇ ਸਿੱਖਾਂ ਦੇ ਸਪੁਰਦ ਕਰ ਕੇ ਸਤਿਗੁਰੂ ਜੀ ਲਾਹੌਰ ਤੋਂ ਦੱਖਣ ਪਾਸੇ ਦੇ ਪਿੰਡਾਂ ਵਲ ਚਲ ਪਏ। ਜਿਵੇਂ ਅੱਗੇ ਭੀ ਮਾਝੇ ਦੇ ਹਰੇਕ ਪਿੰਡ ਵਿਚ ਗ਼ਰੀਬਾਂ ਤਕ ਅਪੜਦੇ ਰਹੇ ਸਨ, ਉਧਰ ਭੀ ਤੋੜ ਰਾਵੀ ਦੇ ਕੰਢੇ ਤਕ ਸਭ ਪਿੰਡਾਂ ਵਿਚ ਗਏ। ਮਦਰ, ਜੰਬਰ, ਚੂਨੀਆਂ, ਬਹੜਵਾਲ ਉਸ ਇਲਾਕੇ ਵਿਚ ਉੱਘੇ ਕਸਬੇ ਸਨ। ਕਾਲ-ਪੀੜਤ ਤੇ ਰੋਗ-ਪੀੜਤ ਪੇਂਡੂਆਂ ਨੂੰ ਹੌਸਲਾ ਤੇ ਦਾਰੂ-ਦਰਮਲ ਦੇਂਦੇ ਹੋਏ, ਪਿੰਡਾਂ ਵਿਚ ਖੂਹ ਲਾਣ ਲਈ ਪ੍ਰੇਰਨਾ ਤੇ ਸਹਾਇਤਾ ਕਰਦੇ ਹੋਏ ਉਸ ਸਾਰੇ ਇਲਾਕੇ ਦਾ ਚੱਕਰ ਲਾ ਕੇ, ਗੁਰੂ ਅਰਜਨ ਦੇਵ ਜੀ ਗੋਇੰਦਵਾਲ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ। ਸੰਨ ੧੫੯੮ ਤਦੋਂ ਬੀਤਣ 'ਤੇ ਸੀ। ਅਕਬਰ ਨੂੰ ਭੀ ੧੫੯੮ ਦੇ ਅਖ਼ੀਰ ਵਿਚ ਲਾਹੌਰੋਂ ਆਗਰੇ ਜਾਣਾ ਪੈ ਗਿਆ, ਕਿਉਂਕਿ ਦੱਖਣ ਵਿਚ ਇਕ ਸਰਦਾਰ ਦੇ ਸਿਰ ਚੁੱਕਣ ਦੀ ਖ਼ਬਰ ਆ ਗਈ ਸੀ। ਗੁਰੂ ਅਰਜਨ ਸਾਹਿਬ ਉਸ ਵੇਲੇ ਗੋਇੰਦਵਾਲ ਸਨ। ਇਸ

ਤਿੰਨ-ਚਾਰ-ਸਾਲਾ ਔੜ ਵਿਚ ਪਿੰਡਾਂ ਦੇ ਲੋਕਾਂ ਦੀ ਜੋ ਹਾਲਤ ਹੋ ਰਹੀ ਸੀ, ਗੁਰੂ ਅਰਜਨ ਸਾਹਿਬ ਮਾਝੇ ਦੇ ਪਿੰਡਾਂ ਵਿਚ ਤਿੰਨ ਸਾਲ ਰਹਿ ਕੇ ਅੱਖੀਂ ਵੇਖ ਹੀ ਆਏ ਸਨ। ਸਤਿਗੁਰੂ ਜੀ ਦੀ ਲਾਹੌਰ ਵਿਚ ਕੀਤੀ ਖ਼ਲਕ-ਸੇਵਾ ਅਕਬਰ ਤੋਂ ਗੁੱਝੀ ਨਹੀਂ ਸੀ। ਅਕਬਰ ਲਾਹੌਰੋਂ ਵਾਪਸੀ 'ਤੇ ਗੋਇੰਦਵਾਲ ਆਇਆ। ਗੋਇੰਦਵਾਲ ਆਹਮੋ-ਸਾਹਮਣੇ ਗੱਲਾਂ ਕਰਨ ਦਾ ਮੌਕਾ ਮਿਲਣ 'ਤੇ ਗੁਰੂ ਅਰਜਨ ਸਾਹਿਬ ਨੇ ਪਿੰਡਾਂ ਦੇ ਜੱਟ-ਕਿਸਾਨਾਂ ਦੇ ਦੁਖੜੇ ਅਕਬਰ ਨੂੰ ਦੱਸੇ। ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਅਕਬਰ ਨੇ ਉਸ ਸਾਲ ਪੰਜਾਬ ਦਾ ਬਹੁਤ ਸਾਰਾ ਮਾਮਲਾ ਮੁਆਫ਼ ਕਰ ਦਿੱਤਾ।

### *(ਹ) ਅੰਮ੍ਰਿਤਸਰ ਤੋਂ ਪਹਾੜ ਪਾਸਾ ਅਤੇ ਜ਼ਿਲਾ ਗੁਰਦਾਸਪੁਰ*

ਮਾਝੇ ਦੇ ਪਿੰਡਾਂ ਵਿਚ ਚੱਕਰ ਲਾਂਦਿਆਂ ਸਤਿਗੁਰੂ ਜੀ ਨੂੰ ੯ ਸਾਲਾਂ ਦੇ ਕਰੀਬ ਹੋ ਗਏ ਸਨ। ਅੰਮ੍ਰਿਤਸਰ ਤੋਂ ਪਹਾੜ ਵਲ ਦਾ ਪਾਸਾ ਅਜੇ ਰਹਿੰਦਾ ਸੀ। ਅੰਮ੍ਰਿਤਸਰ ਥੋੜਾ ਹੀ ਸਮਾ ਠਹਿਰ ਕੇ ਗੁਰੂ ਅਰਜਨ ਦੇਵ ਜੀ ਨੇ ਸ਼ਹਿਰੋਂ ਪਹਾੜ ਪਾਸੇ ਰਾਵੀ ਤਕ ਦੇ ਸਭ ਪਿੰਡਾਂ ਦਾ ਦੌਰਾ ਸ਼ੁਰੂ ਕੀਤਾ। ਸਹਸਰੇ ਕਾਫ਼ੀ ਸਮਾ ਟਿਕੇ। ਉਥੋਂ ਨੇੜੇ ਹੀ ਗੁਰੂ ਕਾ ਬਾਗ਼ ਅਸਥਾਨ 'ਤੇ ਦੋ ਗੁਰਦੁਆਰੇ ਹਨ—ਇਕ ਗੁਰੂ ਅਰਜਨ ਦੇਵ ਜੀ ਦਾ ਅਤੇ ਦੂਜਾ ਗੁਰੂ ਤੇਗ਼ ਬਹਾਦਰ ਜੀ ਦਾ। ਰਾਵੀ ਦੇ ਕੰਢੇ ਤਕ ਇਸ ਇਲਾਕੇ ਦੇ ਸਾਰੇ ਪਿੰਡਾਂ ਵਿਚ ਸਿਖ-ਧਰਮ ਦਾ ਪਰਚਾਰ ਕੀਤਾ, ਲੋਕਾਂ ਨੂੰ ਮੁਸਲਮਾਨ ਪੀਰਾਂ-ਫ਼ਕੀਰਾਂ ਦੇ ਧਾਗੇ-ਤਵੀਤਾਂ ਦੇ ਵਹਿਮਾਂ ਤੋਂ ਹਟਾਇਆ। ਡੇਰਾ ਬਾਬਾ ਨਾਨਕ ਵੱਸ ਚੁੱਕਿਆ ਹੋਇਆ ਸੀ। ਇਥੋਂ ਹੁੰਦੇ ਹੋਏ ਰਾਵੀ ਤੋਂ ਪਾਰ ਕਰਤਾਰਪੁਰ ਦੇ ਦਰਸ਼ਨ ਕਰ ਕੇ ਕਲਾਨੌਰ ਆਦਿਕ ਤੋਂ ਲੰਘ ਕੇ ਬਾਹਠ ਪਹੁੰਚੇ। ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ ਬਾਬਾ ਸਿਰੀ ਚੰਦ ਜੀ ਬਾਹਠ ਰਹਿੰਦੇ ਸਨ। ਉਹਨਾਂ ਦੇ ਦਰਸ਼ਨ ਜਾ ਕੀਤੋ ਨੇ। ਜ਼ਿਲਾ ਗੁਰਦਾਸਪੁਰ ਦੇ ਪਿੰਡਾਂ ਵਿਚ ਸਿਖ ਧਰਮ ਵਾਲਾ ਜੀਵਨ-ਰਾਹ ਸਮਝਾਇਆ। ਦੋ ਕੁ ਸਾਲ ਉਸ ਇਲਾਕੇ ਵਿਚ ਚੱਕਰ ਲਾ ਕੇ ਸੰਨ ੧੬੦੧ ਦੇ ਸ਼ੁਰੂ ਵਿਚ ਅੰਮ੍ਰਿਤਸਰ ਵਾਪਸ ਆ ਗਏ।

# ਛੇਵਾਂ ਕਾਂਡ

## ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ

ਅਸੀ ਪਿੱਛੇ ਵੇਖ ਆਏ ਹਾਂ ਕਿ ਜਦੋਂ ਗੁਰੂ ਰਾਮਦਾਸ ਜੀ ੧ ਸਤੰਬਰ ਸੰਨ ੧੫੮੧ ਵਿਚ ਗੋਇੰਦਵਾਲ ਜਾ ਕੇ ਜੋਤੀ ਜੋਤਿ ਸਮਾਏ, ਤਾਂ ਬਾਬਾ ਪ੍ਰਿਥੀ ਚੰਦ ਜੀ ਨੇ ਪਿਤਾ-ਗੁਰੂ ਜੀ ਦੇ ਹੁਕਮ ਦਾ ਉਲੰਘਣ ਕਰ ਕੇ ਗੁਰੂ ਅਰਜਨ ਦੇਵ ਜੀ ਦੀ ਖੁਲ੍ਹਮ-ਖੁਲ੍ਹਾ ਵਿਰੋਧਤਾ ਸ਼ੁਰੂ ਕਰ ਦਿਤੀ। ਗੁਰੂ ਰਾਮਦਾਸ ਜੀ ਦੇ ਵਕਤ ਤਕ ਸਿੱਖਾਂ ਦੀ ਗਿਣਤੀ ਬਹੁਤ ਵਧ ਚੁਕੀ ਹੋਈ ਸੀ। ਗੁਰੂ ਅਮਰਦਾਸ ਜੀ ਦੇ ਵੇਲੇ ਹੀ ਇਤਨੀ ਦੂਰ ਤਕ ਸਿਖ-ਧਰਮ ਦਾ ਅਸਰ ਪਹੁੰਚ ਚੁਕਿਆ ਸੀ ਕਿ ਸਤਿਗੁਰੂ ਜੀ ਨੇ ੨੨ 'ਮੰਜੀਆਂ' ਥਾਪੀਆਂ ਸਨ। ਗੁਰੂ ਰਾਮਦਾਸ ਜੀ ਨੇ ਜਥੇਬੰਦੀ ਦਾ ਇਸ ਤੋਂ ਭੀ ਵਧੀਕ ਪਰਬੰਧ ਕੀਤਾ ਸੀ, ਅਤੇ 'ਮਸੰਦ' ਦੂਰ ਦੂਰ ਇਲਾਕਿਆਂ ਵਿਚ ਭੇਜੇ ਸਨ। ਸਿੱਖਾਂ ਵਿਚ ਆਪਣੇ ਗੁਰੂ-ਪਾਤਿਸ਼ਾਹ ਵਾਸਤੇ ਬੜੀ ਡੂੰਘੀ ਤੇ ਅਤੁੱਟ ਸ਼ਰਧਾ ਸੀ। ਇਹ ਠੀਕ ਹੈ ਕਿ ਬਾਬਾ ਦਾਤੂ ਜੀ ਨੇ ਬਦੋ-ਬਦੀ ਗੁਰੂ ਬਣਨ ਦਾ ਜਤਨ ਕੀਤਾ ਸੀ, ਪਰ ਦਲੇਰੀ ਭੀ ਉਹ ਤਦੋਂ ਹੀ ਕਰ ਸਕੇ ਜਦੋਂ ਕੁਝ ਅਸਥਾਨਕ ਬ੍ਰਾਹਮਣਾਂ ਤੇ ਖੱਤ੍ਰੀਆਂ ਨੇ ਛੂਤ-ਛਾਤ ਨੂੰ ਕਾਇਮ ਰੱਖਣ ਦੀ ਤੰਗ-ਦਿਲੀ ਵਿਚ ਆ ਕੇ ਗੁਰ-ਸਿੱਖੀ ਦੀ ਵਿਰੋਧਤਾ ਸ਼ੁਰੂ ਕੀਤੀ ਸੀ, ਅਤੇ ਬਾਬਾ ਦਾਤੂ ਜੀ ਨੂੰ ਆਪਣੀ ਮਦਦ ਦੇ ਭਰੋਸੇ ਦਿਤੇ-ਦਿਵਾਏ ਸਨ। ਫਿਰ ਭੀ ਕਿਸੇ ਸਿਖ ਨੇ ਗੁਰੂ-ਘਰ ਵਲੋਂ ਮੂੰਹ ਨਾ ਮੋੜਿਆ।

ਬਾਬਾ ਪ੍ਰਿਥੀ ਚੰਦ ਜੀ ਭੀ ਗੁਰੂ ਅਰਜਨ ਸਾਹਿਬ ਦੀ ਵਿਰੋਧਤਾ ਵਿਚ ਕਾਮਯਾਬ ਹੋਣ ਲਈ ਗੁਰ-ਸਿੱਖਾਂ ਪਾਸੋਂ ਕਿਸੇ ਸਹਾਇਤਾ ਦੀ ਆਸ ਨਹੀਂ ਰਖ ਸਕਦੇ ਸਨ। ਦਸਤਾਰਬੰਦੀ ਦੇ ਵੇਲੇ ਉਹਨਾਂ 'ਦਸਤਾਰ' ਵਾਸਤੇ ਜੋ ਹੱਥ ਪੈਰ ਮਾਰੇ ਸਨ, ਉਸ ਦੇ ਪਿਛੇ ਗੋਇੰਦਵਾਲ ਦੇ ਬ੍ਰਾਹਮਣਾਂ ਤੇ ਖੱਤ੍ਰੀਆਂ ਦਾ ਹੱਥ ਸੀ। ਗੁਰੂ ਅਰਜਨ ਸਾਹਿਬ ਨੇ 'ਦਸਤਾਰ' ਉਹਨਾਂ ਨੂੰ ਹੀ ਦਿਵਾ ਦਿਤੀ, ਪਰ ਨਿਰੀ 'ਦਸਤਾਰ' ਲੈਣ ਨਾਲ ਉਹ 'ਗੁਰੂ' ਕਿਵੇਂ ਬਣ ਜਾਂਦੇ ?

ਜਿਉਂ ਜਿਉਂ ਸਿਖ-ਖ਼ਿਆਲਾਂ ਦਾ ਪਰਚਾਰ ਵਧਣਾ ਸੀ, ਜਾਤਿ-ਅਭਿਮਾਨੀ ਲੋਕਾਂ ਦੇ ਛੂਤ-ਛਾਤ ਦੇ ਕਿਲ੍ਹੇ ਉਤੇ ਵਧੀਕ ਸੱਟਾਂ ਪੈਣੀਆਂ ਸਨ, ਅਤੇ ਉਹਨਾਂ ਨੇ ਦਿਨੋ-ਦਿਨ ਗੁਰੂ-ਘਰ ਦੀ ਹੋਰ ਵਧੀਕ ਵਿਰੋਧਤਾ ਕਰਨੀ ਸੀ। ਜਦੋਂ ਅੰਮ੍ਰਿਤਸਰ ਆ ਕੇ ਬਾਬਾ ਪ੍ਰਿਥੀ ਚੰਦ ਜੀ ਨੇ 'ਨਾਕਾਬੰਦੀ' ਸ਼ੁਰੂ ਕੀਤੀ ਸੀ, ਉਹ ਇਕੱਲੇ ਇਹ ਕੰਮ ਨਹੀਂ ਕਰ ਸਕਦੇ ਸਨ। ਸਿਖ ਕੌਮ ਵਿਚ ਕੋਈ ਦੋ ਧੜੇ ਭੀ ਨਹੀਂ ਸਨ ਕਿ ਇਕ ਧੜਾ ਦੂਜੇ ਦੀ ਵਿਰੋਧਤਾ ਕਰਦਾ। ਖੁਲ੍ਹਮ-ਖੁਲ੍ਹਾ ਕੋਈ ਸਿਖ ਜਾਂ ਮਸੰਦ ਬਾਬਾ ਪ੍ਰਿਥੀ ਚੰਦ ਜੀ ਦੇ ਨਾਲ ਮਿਲ ਕੇ ਸਤਿਗੁਰੂ ਜੀ ਦੇ ਉਲਟ ਨਹੀਂ ਜਾ ਸਕਦਾ ਸੀ। ਗੁਰੂ ਕਾ ਲੰਗਰ ਅਜੇ ਭੀ ਉੱਚ-ਜਾਤੀਏ ਲੋਕਾਂ ਦੀ ਅਖੌਤੀ ਉਚਤਾ ਉਤੇ ਚੋਟਾਂ ਮਾਰ ਰਿਹਾ ਸੀ, ਅਤੇ ਸਦੀਆਂ ਤੋਂ ਉਹਨਾਂ ਦੇ ਪੈਰਾਂ ਹੇਠ ਲਤਾੜੇ ਬੰਦਿਆਂ ਨੂੰ ਬਰਾਬਰੀ ਦਾ ਹੱਕ ਦੇ ਰਿਹਾ ਸੀ। ਉਹਨਾਂ ਲੋਕਾਂ ਨੂੰ ਆਪਣੀ 'ਉੱਚਤਾ' ਬਚਾਣ ਦੀ ਜੇ ਕੋਈ ਆਸ ਸੀ ਤਾਂ ਇਸੇ ਗੱਲ ਵਿਚ ਸੀ ਕਿ ਗੁਰੂ ਕਾ ਲੰਗਰ ਬੰਦ ਕੀਤਾ ਜਾ ਸਕੇ। ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ ਦਾ ਆਸਰਾ ਲੈ ਕੇ ਜਾਤਿ-ਅਭਿਮਾਨੀ ਲੋਕਾਂ ਨੇ ਗੁਰੂ ਕਾ ਲੰਗਰ ਬੰਦ ਕਰਾਣ ਲਈ ਆਪਣਾ ਪੂਰਾ ਜ਼ੋਰ ਲਾਇਆ। ਸਤਿਗੁਰੂ ਜੀ ਵੇਖ ਰਹੇ ਸਨ ਕਿ ਸ਼ੂਦਰ ਅਖਵਾਂਦੇ ਲੋਕ ਹੁਣ ਜਾਗ ਪਏ ਹਨ, ਹੁਣ ਉੱਚ-ਜਾਤੀਏ ਇਹਨਾਂ ਨੂੰ ਪੈਰਾਂ ਹੇਠ ਨਹੀਂ ਰੱਖ ਸਕਣਗੇ। ਸੋ ਉਹਨਾਂ ਨੇ ਵਿਰੋਧੀਆਂ ਨੂੰ ਲੰਮਾ ਰੱਸਾ ਦੇਈ ਰਖਿਆ। ਭਾਈ ਗੁਰਦਾਸ ਜੀ ਆਗਰੇ ਤੋਂ ਆਏ, ਉਹਨਾਂ ਬਾਬਾ ਬੁੱਢਾ ਜੀ ਤੇ ਹੋਰ ਮੁੱਖੀ ਸਿੱਖਾਂ ਨਾਲ ਮਿਲ ਕੇ ਵਿਰੋਧੀਆਂ ਦੀ ਇਹ ਸਾਰੀ ਖੇਡ ਮੁਕਾ ਦਿੱਤੀ।

ਇਸ ਕਲਹ ਦੇ ਮੁੱਕਣ ਪਿਛੋਂ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤ ਸਰੋਵਰ, ਸੰਤੋਖਸਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੇ ਕੰਮ ਸ਼ੁਰੂ ਕਰਾ ਦਿਤੇ। ਦੂਰ-ਦੁਰੇਡੇ ਇਲਾਕਿਆਂ ਤੋਂ ਸੇਵਾ ਕਰਨ ਲਈ ਹਜ਼ਾਰਾਂ ਸਿੱਖਾਂ ਦੀ ਆਵਾਜਾਈ ਸ਼ੁਰੂ ਹੋ ਗਈ। ਸ਼ਹਿਰ ਵਿਚ ਗਹਿਮਾ ਗਹਿਮ ਹੋ ਪਈ, ਜਿਸ ਦੇ ਸਾਹਮਣੇ ਨਾ ਉੱਚ-ਜਾਤੀਏ ਅਤੇ ਨਾ ਬਾਬਾ ਪ੍ਰਿਥੀ ਚੰਦ ਜੀ ਕੋਈ ਛੇੜਖ਼ਾਨੀ ਕਰਨ ਦਾ ਹੀਆ ਕਰ ਸਕੇ।

ਅਸੀ ਪਿੱਛੇ ਵੇਖ ਆਏ ਹਾਂ ਕਿ ਜਦੋਂ ਇਮਾਰਤਾਂ ਦੇ ਅਰੰਭੇ ਕੰਮ ਸੰਨ ੧੫੯੦ ਤਕ ਸਿਰੇ ਚੜ੍ਹ ਗਏ ਤਾਂ ਗੁਰੂ ਅਰਜਨ ਸਾਹਿਬ ਨੇ ਮਾਝੇ ਦੀ ਪੇਂਡੂ ਵੱਸੋਂ ਨੂੰ ਸਰਵਰੀਆਂ ਦੇ ਅਸਰ ਤੋਂ ਬਚਾਣ ਲਈ ਲੰਮਾ ਉੱਦਮ ਸ਼ੁਰੂ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਰੋਜ਼ਾਨਾ ਸਤਸੰਗ ਦਾ ਪਰਬੰਧ ਭਾਈ ਗੁਰਦਾਸ ਆਦਿ



 www.sikhbookclub.com

ਉੱਘੇ ਸਿੱਖਾਂ ਦੇ ਸਪੁਰਦ ਕਰ ਕੇ ਸਤਿਗੁਰੂ ਜੀ ਮਾਝੇ ਦੇ ਪਿੰਡ ਪਿੰਡ ਵਿਚ ਅੱਪੜੇ। ਸੰਨ ੧੫੯੫ ਵਿਚ ਤਿੰਨ-ਚਾਰ ਸਾਲਾ ਕਾਲ ਪੈ ਜਾਣ ਕਰਕੇ ਗੁਰੂ ਅਰਜਨ ਸਾਹਿਬ ਨੂੰ ਬਾਹਰ ਦਾ ਹੋਰ ਹੀ ਰੁਝੇਵਾਂ ਪੈ ਗਿਆ।

ਸਿੱਖਾਂ ਦੀ ਗੁਰੂ ਵਿਚ ਸ਼ਰਧਾ ਤੇ ਵਫ਼ਾਦਾਰੀ ਵੇਖ ਕੇ ਬਾਬਾ ਪ੍ਰਿਥੀ ਚੰਦ ਜੀ ਨੂੰ ਆਪਣੇ ਗੁਰੂ ਬਣਨ ਦੀ ਤਾਂ ਕੋਈ ਆਸ ਨਾ ਰਹੀ, ਪਰ ਚੁੱਕੇ-ਚੁਕਾਏ ਅਤੇ ਈਰਖਾ ਦੇ ਮਾਰੇ ਹੁਣ ਉਹ ਆਪਣੇ ਪੁੱਤਰ ਬਾਬਾ ਮਿਹਰਬਾਨ ਜੀ ਦੀ ਗੁਰਿਆਈ ਦੀਆਂ ਆਸਾਂ ਧਾਰਨ ਲੱਗ ਪਏ। ਸਿਖ-ਇਤਿਹਾਸ ਲਿਖਦਾ ਹੈ ਕਿ ਜਦੋਂ ਪਿੰਡ ਵਡਾਲੀ ਸੰਨ ੧੫੯੫ ਵਿਚ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ, ਤਾਂ ਬਾਬਾ ਜੀ ਨੇ ਅੰਮ੍ਰਿਤਸਰ ਤੋਂ ਇਕ ਦਾਈ ਨੂੰ ਥਣਾਂ ਉਤੇ ਜ਼ਹਿਰ ਲਵਾ ਕੇ ਭੇਜਿਆ, ਤਾਕਿ ਬਾਲ (ਗੁਰੂ) ਹਰਿ ਗੋਬਿੰਦ ਸਾਹਿਬ ਦੇ ਮੂੰਹ ਵਿਚ ਆਪਣਾ ਥਣ ਦੇ ਕੇ ਉਹਨਾਂ ਨੂੰ ਜਾਨੋਂ ਮਾਰ ਸਕੇ। ਪਰ ਵਡਾਲੀ ਅੱਪੜਨ ਤਕ ਉਸ ਜ਼ਹਿਰ ਦਾ ਅਸਰ ਦਾਈ ਦੇ ਆਪਣੇ ਉਤੇ ਹੀ ਇਤਨਾ ਹੋ ਗਿਆ ਕਿ ਉਹ ਮਰ ਗਈ। ਮਰਦੀ ਮਰਦੀ ਮੰਦ-ਕਰਤੂਤ ਦਾ ਸਾਰਾ ਭੇਤ ਦੱਸ ਗਈ। ਇਤਿਹਾਸ ਇਹ ਵੀ ਦੱਸਦਾ ਹੈ ਕਿ ਬਾਬਾ ਪ੍ਰਿਥੀ ਚੰਦ ਜੀ ਨੇ ਇਕ ਸਪਾਧੇ ਨੂੰ ਵਡਾਲੀ ਭੇਜਿਆ, ਜੋ ਬਾਲਕ ਨੂੰ ਸੱਪ ਲੜਾ ਸਕੇ। ਸੱਪ ਆਮ ਤੌਰ 'ਤੇ ਬੱਚਿਆਂ ਉੱਤੇ ਡੰਗ ਨਹੀਂ ਚਲਾਂਦੇ। ਕੁਝ ਰੌਲਾ ਭੀ ਪੈ ਗਿਆ। ਸਪਾਧੇ ਨੇ ਭੀ ਭੇਦ ਖੋਲ੍ਹ ਦਿੱਤਾ। ਸੰਨ ੧੫੯੭ ਵਿਚ ਗੁਰੂ ਅਰਜਨ ਸਾਹਿਬ ਪਰਵਾਰ ਸਮੇਤ ਅੰਮ੍ਰਿਤਸਰ ਆ ਗਏ। ਇਥੇ ਬਹੁਤਾ ਸਮਾ ਨਾ ਠਹਿਰ ਸਕੇ, ਕਿਉਂਕਿ ਬੜੀ ਔੜ ਦੇ ਕਾਰਨ ਪਿੰਡਾਂ ਵਿਚ ਦਾਣੇ ਪੱਠੇ ਦੀ ਬਹੁਤ ਤੰਗੀ ਹੋ ਗਈ, ਕਾਲ ਟੁੱਟ ਕੇ ਆ ਪਿਆ ਅਤੇ ਸਤਿਗੁਰੂ ਜੀ ਕਾਲ-ਪੀੜਤ ਲੋਕਾਂ ਦੀ ਸਹਾਇਤਾ ਕਰਨ ਲਈ ਫਿਰ ਚਲ ਪਏ। ਸਿਖ-ਇਤਿਹਾਸ ਲਿਖਦਾ ਹੈ ਕਿ ਇਸ ਥੋੜੇ ਸਮੇ ਵਿਚ ਭੀ ਬਾਬਾ ਪ੍ਰਿਥੀ ਚੰਦ ਜੀ ਨੇ (ਗੁਰੂ) ਹਰਿ ਗੋਬਿੰਦ ਸਾਹਿਬ ਦੀ ਜ਼ਿੰਦਗੀ ਉਤੇ ਇਕ ਹੋਰ ਵਾਰ ਕਰਾ ਦਿੱਤਾ। (ਗੁਰੂ) ਹਰਿ ਗੋਬਿੰਦ ਜੀ ਦੇ ਖਿਡਾਵੇ ਨੂੰ ਪ੍ਰੇਰ ਕੇ ਉਸ ਦੇ ਹੱਥੋਂ ਜ਼ਹਿਰ ਮਿਲਿਆ ਦਹੀਂ ਉਹਨਾਂ ਨੂੰ ਖਿਲਾਣ ਦੀ ਕੋਸ਼ਸ਼ ਕੀਤੀ। (ਗੁਰੂ) ਹਰਿ ਗੋਬਿੰਦ ਸਾਹਿਬ ਨੇ ਦਹੀਂ ਖਾਣੋਂ ਨਾਂਹ ਕਰ ਦਿਤੀ। ਖਿਡਾਵੇ ਨੇ ਬਦੋ-ਬਦੀ ਖੁਆਣ ਦੇ ਜਤਨ ਕੀਤੇ, ਬਾਲਕ ਨੇ ਚੀਕ-ਚਿਹਾੜਾ ਪਾ ਦਿਤਾ। ਸਤਿਗੁਰੂ ਅਰਜਨ ਸਾਹਿਬ ਪਹੁੰਚ ਗਏ। ਖਿਡਾਵਾ ਦੁਸ਼ਟਤਾ ਕਮਾਂਦਾ ਸਿਰੋਂ ਫੜਿਆ ਗਿਆ। ਇਹ ਲੂਣ-ਹਰਾਮੀ ਜਾਤਿ ਦਾ ਬ੍ਰਾਹਮਣ ਸੀ। ਉੱਚ-ਜਾਤੀਆ, ਤੇ ਇਹ ਦੁਸ਼ਟ-ਪੁਣਾ! ਇਸ ਮੰਦ-ਕਰਤੂਤ ਦੀ ਉਸ ਦੇ ਦਿਲ ਨੂੰ ਅਜਿਹੀ ਚੋਟ ਵੱਜੀ

ਕਿ ਓਸੇ ਵੇਲੇ ਸੂਲ ਪੈ ਗਇਓਸੁ। ਮਰਦਾ ਮਰਦਾ ਉਹ ਭੀ ਸਾਰਾ ਭੇਤ ਦੱਸ ਗਿਆ। ਗੁਰੂ ਅਰਜਨ ਸਾਹਿਬ ਤਾਂ ਅਗੇ ਹੀ ਪਿੰਡਾਂ ਦੇ ਬਿਪਤਾ-ਮਾਰੇ ਲੋਕਾਂ ਦੀ ਬਾਂਹ ਫੜਨ ਲਈ ਜਾਣ ਨੂੰ ਤਿਆਰ ਬੈਠੇ ਸਨ, ਉਹਨਾਂ ਬਾਬਾ ਪ੍ਰਿਥੀ ਚੰਦ ਜੀ ਦੀ ਇਸ ਵਧੀਕੀ ਉਤੇ ਕੋਈ ਰੋਸ ਨਾ ਕੀਤਾ। ਪਰ ਇਸ ਅਨਰਥ ਨੇ ਸ਼ਹਿਰ ਵਿਚ ਹਾਹਾਕਾਰ ਮਚਾ ਦਿਤੀ। ਬਾਬਾ ਪ੍ਰਿਥੀ ਚੰਦ ਜੀ ਕਿਸੇ ਨੂੰ ਮੂੰਹ ਦੇਣ ਜੋਗੇ ਨਾ ਰਹੇ। ਆਪਣੇ ਪਰਵਾਰ ਨੂੰ ਨਾਲ ਲੈ ਕੇ ਉਹ ਆਪਣੇ ਸਹੁਰੇ-ਪਿੰਡ ਹੇਹਰੀਂ ਚਲੇ ਗਏ। ਹੇਹਰ ਜ਼ਿਲਾ ਲਾਹੌਰ ਵਿਚ ਹੈ, ਸਟੇਸ਼ਨ ਕੋਟ ਲਖਪਤ ਤੋਂ ੮ ਮੀਲ। ਇਹ ਜ਼ਿਕਰ ਸੰਨ ੧੫੯੭ ਦਾ ਹੈ।

## ਸਰਕਾਰੀ ਰਸੂਖ਼ ਦੀ ਵਰਤੋਂ

### ਬੀਰਬਲ

ਅਸੀ ਪਿਛੇ ਵੇਖ ਆਏ ਹਾਂ ਕਿ ਸਿਖ-ਧਰਮ ਦੇ ਪਰਚਾਰ ਦੇ ਰਾਹ ਵਿਚ ਰੋਕਾਂ ਪਾਣ ਲਈ ਜਾਤਿ-ਅਭਿਮਾਨੀ ਲੋਕ ਬਾਬਾ ਪ੍ਰਿਥੀ ਚੰਦ ਜੀ ਦੀ ਪਿੱਠ ਠੋਕ ਰਹੇ ਸਨ। ਇਹ ਜਾਤਿ-ਅਭਿਮਾਨੀ ਭੀ ਟੱਪ ਰਹੇ ਸਨ ਕਿੱਲੇ ਦੇ ਜ਼ੋਰ। ਉਹ ਕਿੱਲਾ ਸੀ ਬੀਰਬਲ। ਬੀਰਬਲ ਜਾਤਿ ਦਾ ਬ੍ਰਾਹਮਣ ਸੀ। ਇਸ ਦਾ ਅਸਲੀ ਨਾਮ ਮਹੇਸ਼ ਦਾਸ ਸੀ। ਇਹ ਸੰਨ ੧੫੨੮ ਵਿਚ ਜੰਮਿਆ ਸੀ। ਪਹਿਲਾਂ ਇਹ ਜੈਪੁਰ ਦੇ ਰਾਜੇ ਭਗਵਾਨ ਦਾਸ ਪਾਸ ਨੌਕਰ ਰਿਹਾ। ਰਾਜ ਦਰਬਾਰਾਂ ਵਾਸਤੇ ਇਹ ਇਕ ਚੰਗਾ ਫਬਵਾਂ ਗੁਣੀ ਆਦਮੀ ਸੀ। ਬੀਰਬਲ ਨੂੰ ਰਾਗ ਦੀ ਬੜੀ ਸੂਝ ਸੀ, ਸਿਆਣਾ ਕਵੀ ਭੀ ਸੀ, ਹਾਜ਼ਰ-ਜਵਾਬ ਸੀ ਤੇ ਮਸਖ਼ਰਾ ਸੀ। ਜਦੋਂ ਸੰਨ ੧੫੬੨ ਵਿਚ ਰਾਜੇ ਭਗਵਾਨ ਦਾਸ ਦੀ ਵੱਡੀ ਭਤੀਜੀ ਦਾ ਡੋਲਾ ਅਕਬਰ ਨੂੰ ਦਿੱਤਾ ਗਿਆ, ਅਤੇ ਭਗਵਾਨ ਦਾਸ ਦੇ ਪੁੱਤਰ ਮਾਨ ਸਿੰਘ ਨੂੰ ਸ਼ਾਹੀ ਮੁਲਾਜ਼ਮਤ ਮਿਲ ਗਈ, ਤਾਂ ਕੁਝ ਚਿਰ ਪਿਛੋਂ ਭਗਵਾਨ ਦਾਸ ਨੇ ਬੀਰਬਲ ਨੂੰ ਭੀ ਅਕਬਰ ਦੇ ਦਰਬਾਰ ਵਿਚ ਅਪੜਾ ਦਿਤਾ। ਅਕਬਰ ਨੂੰ ਇਸ ਦੇ ਗੁਣ ਪਸੰਦ ਆਏ, ਜਿਸ ਕਰਕੇ ਇਸ ਦਾ ਚੰਗਾ ਮਰਾਤਬਾ ਬਣ ਗਿਆ। ਦੋ-ਹਜ਼ਾਰੀ ਦਾ ਖ਼ਿਤਾਬ ਭੀ ਮਿਲ ਗਇਓਸੁ।

ਬੀਰਬਲ ਕੱਟੜ ਬ੍ਰਾਹਮਣ ਸੀ, ਸ਼ਾਸਤਰਾਂ ਦੀਆਂ ਪਾਈਆਂ ਲੀਹਾਂ ਉਤੇ ਤੁਰਨ ਵਾਲਾ। ਅਕਬਰ ਦੇ ਨਾਲ ਜਦੋਂ ਜਦੋਂ ਇਹ ਲਾਹੌਰ ਆਉਂਦਾ ਰਿਹਾ, ਤਾਂ ਗੁਰੂ ਅਮਰਦਾਸ ਜੀ ਦੇ ਲੰਗਰ ਦੇ ਵਿਰੋਧੀ ਉੱਚ ਜਾਤੀਏ, ਇਸ ਨੂੰ ਮਿਲ ਕੇ ਸਿਖ ਧਰਮ ਦੇ ਵਿਰੁੱਧ ਇਸ ਦੇ ਕੰਨ ਭਰਦੇ ਰਹੇ। ਬਾਬਾ ਦਾਤੂ ਜੀ ਦੇ ਵਿਰੋਧ ਵਾਲੀ ਘਟਨਾ ਲੰਘ ਚੁਕੀ ਹੋਈ ਸੀ। ਸਿੱਧਾ ਹੱਥ ਸਿਖ-ਧਰਮ ਉਤੇ ਕੋਈ ਪੈ

ਨਹੀਂ ਸੀ ਸਕਦਾ। ਬੀਰਬਲ ਨੇ ਅਕਬਰ ਨੂੰ ਕਈ ਵਾਰੀ ਯਕੀਨ ਦਿਵਾਣ ਦੇ ਜਤਨ ਕੀਤੇ ਕਿ ਗੁਰੂ ਨਾਨਕ ਦੇ ਜਾ-ਨਸ਼ੀਨ ਕੁਫ਼ਰ ਅਤੇ ਨਾਸਤਕਤਾ ਦਾ ਪਰਚਾਰ ਕਰ ਰਹੇ ਹਨ, ਪਰ ਅਕਬਰ ਦਾ ਮਨ ਨਾ ਮੰਨਿਆ। ਆਖ਼ਰ ਜਦੋਂ ਬਾਬਾ ਪ੍ਰਿਥੀ ਚੰਦ ਜੀ ਨੇ ਗੁਰੂ ਅਰਜਨ ਸਾਹਿਬ ਦੀ ਵਿਰੋਧਤਾ ਸ਼ੁਰੂ ਕੀਤੀ, ਤਾਂ ਬੀਰਬਲ ਨੂੰ ਵੀ ਸਿਖ-ਧਰਮ ਦੇ ਰਾਹ ਵਿਚ ਰੋਕਾਂ ਪਾਣ ਦਾ ਮੌਕਾ ਮਿਲ ਗਿਆ। ਅਜੇ ਬਹੁਤ ਸਾਲ ਨਹੀਂ ਸਨ ਗੁਜ਼ਰੇ ਜਦੋਂ ਗੋਇੰਦਵਾਲ ਦੇ ਜਾਤਿ-ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੇ ਵਿਰੁੱਧ ਅੱਤ ਚੁਕੀ ਹੋਈ ਸੀ। ੧ ਸਤੰਬਰ ਸੰਨ ੧੫੮੧ ਨੂੰ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ 'ਤੇ ਦਸਤਾਰਬੰਦੀ ਦੀ ਰਸਮ ਭੀ ਗੋਇੰਦਵਾਲ ਹੀ ਹੋ ਰਹੀ ਸੀ। ਕਾਬਲ ਦੇ ਕੁਝ ਝਗੜੇ ਤੈਅ ਕਰਨ ਲਈ ਅਕਬਰ ਭੀ ਅਗਸਤ ਸੰਨ ੧੫੮੧ ਵਿਚ ਲਾਹੌਰ ਆਇਆ। ਕਈ ਸਾਲ ਉਸ ਨੂੰ ਪੰਜਾਬ ਵਿਚ ਹੀ ਰਹਿਣਾ ਪਿਆ। ਬੀਰਬਲ ਭੀ ਨਾਲ ਹੀ ਸੀ। ਬੀਰਬਲ ਦੀ ਸ਼ਹਿ 'ਤੇ ਜਾਤਿ-ਅਭਿਮਾਨੀਆਂ ਨੇ ਬਾਬਾ ਪ੍ਰਿਥੀ ਚੰਦ ਜੀ ਨੂੰ ਚੰਗਾ ਚਮਕਾਇਆ। ਇਸ ਤੋਂ ਪਿਛੋਂ ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਆ ਗਏ। ਇਥੇ ਭੀ ਬੀਰਬਲ ਦੀ ਹੀ ਸ਼ੈਅ ਸੀ, ਜਿਸ ਦੇ ਆਸਰੇ ਬਾਬਾ ਪ੍ਰਿਥੀ ਚੰਦ ਜੀ ਕਈ ਮਹੀਨੇ ਗੁਰੂ ਕੇ ਲੰਗਰ ਦੀ ਮਾਇਕ ਹਾਲਤ ਨੂੰ ਪਤਲਾ ਕਰਨ ਦੇ ਜਤਨ ਕਰਦੇ ਰਹੇ ਸਨ। ਪਰ ਸਿੱਖਾਂ ਦੀ ਅਤੁੱਟ ਸ਼ਰਧਾ ਨੇ ਵਿਰੋਧੀਆਂ ਦਾ ਕੁਝ ਨਾ ਬਣਨ ਦਿਤਾ। ਫਿਰ ਭੀ ਬੀਰਬਲ ਸਤਿਗੁਰੂ ਜੀ ਦੇ ਵਿਰੁੱਧ ਛੇੜਖ਼ਾਨੀ ਖੜੀ ਕਰਾਣ ਦਾ ਕੋਈ ਮੌਕਾ ਖੁੰਝਣ ਨਹੀਂ ਸੀ ਦੇਂਦਾ।

ਪਿਸ਼ੌਰ ਤੋਂ ਦੂਰ ਉਤਾਂਹ ਪਹਾੜ ਵਲ ਪੰਜਕੋੜਾ ਦਰਿਆ ਤੋਂ ਪਾਰਲੇ ਪਾਸੇ ਬਜੌਰ ਦਾ ਇਲਾਕਾ ਹੈ। ਪੰਜਕੋੜੇ ਤੋਂ ਚੜ੍ਹਦੇ ਵਲ ਸੁਵਾਤ ਦਰਿਆ ਤੋਂ ਉਪਰ ਸੁਵਾਤ ਦਾ ਪਠਾਣੀ ਇਲਾਕਾ ਹੈ। ਇਨ੍ਹਾਂ ਇਲਾਕਿਆਂ ਦੇ ਯੂਸਫ਼ਜ਼ਈ ਤੇ ਮੰਦਾਰ ਪਠਾਣ ਅਕਬਰ ਵਾਸਤੇ ਸਿਰ-ਦਰਦੀ ਦਾ ਕਾਰਨ ਬਣੇ ਹੋਏ ਸਨ। ਇਹਨਾਂ ਦੀ ਖ਼ਾਤਰ ਤੇ ਕਸ਼ਮੀਰ ਦੇ ਆਕੀ ਸੁਲਤਾਨ ਯੂਸਫ਼ ਖ਼ਾਂ ਦੀ ਖ਼ਾਤਰ ਅਕਬਰ ਸੰਨ ੧੫੮੫ ਤੋਂ ਪੰਜਾਬ ਵਿਚ ਆਇਆ ਹੋਇਆ ਸੀ। ਸੰਨ ੧੫੮੫ ਵਿਚ ਇਨ੍ਹਾਂ ਪਠਾਣਾਂ ਨੂੰ ਸਰ ਕਰਨ ਲਈ ਅਕਬਰ ਨੇ ਫ਼ੌਜ ਦੇ ਕੇ ਆਪਣੇ ਇਕ ਸਰਦਾਰ ਜ਼ੈਨ ਖ਼ਾਂ ਨੂੰ ਭੇਜਿਆ। ਅਕਬਰ ਨੇ ਆਪ ਭੀ ਕੁਝ ਫ਼ੌਜ ਸਮੇਤ ਅਟਕ ਜਾ ਕੇ ਡੇਰੇ ਲਾਏ। ਜ਼ੈਨ ਖ਼ਾਂ ਨੂੰ ਆਪਣਾ ਪੱਲਾ ਕੁਝ ਹੌਲਾ ਜਾਪਿਆ, ਉਸ ਨੇ ਹੋਰ ਫ਼ੌਜੀ ਮਦਦ ਮੰਗ ਭੇਜੀ। ਅਕਬਰ ਨੇ ਬੀਰਬਲ ਦੀ ਸਰਦਾਰੀ ਹੇਠ ਕੁਝ ਫ਼ੌਜ ਘੱਲੀ। ਪਰ ਬੀਰਬਲ ਇਸ ਫ਼ੌਜ ਸਮੇਤ ਉਥੇ ਹੀ ਮਾਰਿਆ ਗਿਆ। ਫ਼ਰਵਰੀ ਸੰਨ ੧੫੮੬ ਦਾ ਜ਼ਿਕਰ ਹੈ।

## ਹੇਹਰੀਂ ਦੂਖ ਨਿਵਾਰਨ

ਬੀਰਬਲ ਦੇ ਮਰਨ ਨਾਲ ਬਾਬਾ ਪ੍ਰਿਥੀ ਚੰਦ ਜੀ ਦੀ, ਮਾਨੋ, ਸੱਜੀ ਬਾਂਹ ਟੁੱਟ ਗਈ, ਸਰਕਾਰੇ ਦਰਬਾਰੇ ਦੌੜ ਭੱਜ ਕਰ ਕੇ ਉਹਨਾਂ ਬੀਰਬਲ ਦੀ ਰਾਹੀਂ ਹੋਰ ਕਈ ਹਾਕਮਾਂ ਨਾਲ ਗੰਢ-ਤੁਪ ਕਰ ਲਈ ਹੋਈ ਸੀ, ਜਿਨ੍ਹਾਂ ਵਿਚੋਂ ਸੁਲਹੀ ਖ਼ਾਂ ਮੋਢੀ ਸੀ। ਸੁਲਹੀ ਖ਼ਾਂ ਲਾਹੌਰ ਰਹਿੰਦਾ ਸੀ, ਉਸ ਦੀ ਸਹਾਇਤਾ ਨਾਲ ਬਾਬਾ ਪ੍ਰਿਥੀ ਚੰਦ ਜੀ ਨੇ ਹੇਹਰੀਂ ਬਹੁਤ ਸਾਰੀ ਜ਼ਮੀਨ ਲੈ ਲਈ ਸੀ, ਉਸ ਵਿਚ ਖੂਹ ਭੀ ਲਵਾ ਲਏ ਸਨ।

(ਗੁਰੂ) ਹਰਿ ਗੋਬਿੰਦ ਸਾਹਿਬ ਦੀ ਜਿੰਦ ਉਤੇ ਵਾਰ ਕਰਾਣ ਕਰਕੇ ਬਦਨਾਮੀ ਦੇ ਕਾਰਨ ਜਦੋਂ ਇਹਨਾਂ ਨੂੰ ਅੰਮ੍ਰਿਤਸਰ ਛਡਣਾ ਪਿਆ, ਇਹ ਆਪਣੇ ਸਹੁਰੇ ਪਿੰਡ ਹੇਹਰੀਂ ਚਲੇ ਗਏ। ਉਥੇ ਭੀ ਬੀਰਬਲ ਦੀ ਰਾਹੀਂ ਬਣੀ ਸਾਂਝ ਦੇ ਆਸਰੇ ਹੀ ਹੱਥ ਪੈਰ ਮਾਰਦੇ ਰਹੇ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਮੁਕਾਬਲੇ ਉਤੇ ਇਹਨਾਂ ਹੇਹਰੀਂ ਇਸੇ ਨਮੂਨੇ ਦਾ ਸਰੋਵਰ ਤੇ ਧਰਮ-ਅਸਥਾਨ ਬਣਵਾਣਾ ਸ਼ੁਰੂ ਕੀਤਾ। ਅਜਿਹੀਆਂ ਵੱਡੀਆਂ ਇਮਾਰਤਾਂ ਬਾਦਸ਼ਾਹੀ ਪਰਬੰਧਾਂ ਨਾਲ ਸਿਰੇ ਚੜ੍ਹਦੀਆਂ ਹਨ, ਜਾਂ ਜਨਤਾ ਦੇ ਪਿਆਰ ਤੇ ਮਿਲਵਰਤਣ ਨਾਲ। ਸਿਖ ਜਨਤਾ ਤਾਂ ਬਾਬਾ ਪ੍ਰਿਥੀ ਚੰਦ ਜੀ ਦੇ ਨਾਲ ਹੈ ਹੀ ਨਹੀਂ ਸੀ। ਸਰਕਾਰੀ ਰਸੂਖ਼ ਤੇ ਸਹਾਇਤਾ ਨਾਲ ਹੀ ਇਹ ਢੌਂਗ ਖੜਾ ਕੀਤੋ ਨੇ। ਪਰ ਨਿਰੇ ਮੰਦਰ ਦੇ ਆਸਰੇ ਸਿੱਖਾਂ ਦਾ ਦਿਲ ਕਿਵੇਂ ਖਿੱਚ ਸਕਦੇ ? ਸਿਖ-ਇਤਿਹਾਸ ਲਿਖਦਾ ਹੈ ਕਿ ਬਾਬਾ ਪ੍ਰਿਥੀ ਚੰਦ ਜੀ ਨੇ ਉਸ ਸਰੋਵਰ ਦਾ ਨਾਮ 'ਦੂਖ ਨਿਵਾਰਨ' ਰੱਖਿਆ, ਮਾਇਆ ਦਾ ਲਾਲਚ ਦੇ ਕੇ ਕਈ 'ਮਸੰਦ' ਦੂਰ-ਦੁਰੇਡੇ ਇਲਾਕਿਆਂ ਵਿਚ ਭੇਜੇ, ਅਤੇ ਸਿੱਖਾਂ ਵਿਚ ਇਹ ਮਸ਼ਹੂਰ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਇਹ ਸਤਜੁਗੀ ਤੀਰਥ ਪਰਗਟ ਕੀਤਾ ਹੈ। ਪਰ ਇਹ ਦੁਕਾਨ ਬਹੁਤਾ ਚਿਰ ਨਾ ਚੱਲ ਸਕੀ।

## ਸੁਲਹੀ ਖ਼ਾਂ

ਬਾਬਾ ਪ੍ਰਿਥੀ ਚੰਦ ਜੀ ਦੇ ਪਾਸ ਹੇਹਰੀਂ ਇਤਨੀ ਜ਼ਮੀਨ ਤੇ ਜਾਇਦਾਦ ਸੀ ਕਿ ਬੜੇ ਅਮੀਰੀ ਠਾਠ ਵਿਚ ਰਹਿ ਸਕਦੇ ਸਨ, ਪਰ ਉਹਨਾਂ ਦੇ ਹਿਰਦੇ ਵਿਚ ਗੁਰੂ ਅਰਜਨ ਸਾਹਿਬ ਦੇ ਵਿਰੁੱਧ ਈਰਖਾ ਦੀ ਇਤਨੀ ਅੱਗ ਮੱਚ ਚੁਕੀ ਸੀ ਕਿ ਉਹ ਆਪਣੀ ਜਾਇਦਾਦ ਨਾਲ ਸੰਤੋਖੀ ਨਾ ਹੋ ਸਕੇ। ਪਹਿਲਾਂ ਕਦੇ ਉਹ ਸੁਪਨੇ ਲੈ ਰਹੇ ਸਨ ਕਿ ਗੁਰੂ ਅਰਜਨ ਸਾਹਿਬ ਤੋਂ ਪਿਛੋਂ ਉਹਨਾਂ ਦਾ ਲੜਕਾ ਮਿਹਰਵਾਨ ਗੁਰੂ ਬਣੇਗਾ, ਪਰ (ਗੁਰੂ) ਹਰਿ ਗੋਬਿੰਦ ਸਾਹਿਬ ਦੇ ਜਨਮ ਨੇ ਉਹਨਾਂ

ਦੀਆਂ ਇਹਨਾਂ ਆਸਾਂ ਉਤੇ ਪਾਣੀ ਫੇਰ ਦਿਤਾ ਸੀ। ਆਖ਼ਰ ਸਤਿਗੁਰੂ ਜੀ ਨੂੰ ਡੂਮ-ਡਰਾਵੇ ਦੇਣ ਲਈ ਲਾਹੌਰੋਂ ਸੁਲਹੀ ਖ਼ਾਂ ਨੂੰ ਲੈ ਆਏ। ਅਕਬਰ ਤਦੋਂ ਪੰਜਾਬ ਤੋਂ ਵਾਪਸ ਆਗਰੇ ਜਾ ਕੇ ਅਗਾਂਹ ਦੱਖਣ ਵਲ ਚਲਾ ਗਿਆ ਹੋਇਆ ਸੀ। ਲਾਹੌਰੋਂ ਆਉਂਦਾ ਰਸਤੇ ਵਿਚ ਸੁਲਹੀ ਖ਼ਾਂ ਹੇਹਰਾਂ ਆ ਠਹਿਰਿਆ। ਬਾਬਾ ਪ੍ਰਿਥੀ ਚੰਦ ਜੀ ਨੇ ਇੱਟਾਂ ਦੇ ਭੱਠੇ ਚੜ੍ਹਵਾਏ ਹੋਏ ਸਨ, ਸੁਲਹੀ ਖ਼ਾਂ ਨੂੰ ਵਿਖਾਲਣ ਲੈ ਗਏ। ਸੁਲਹੀ ਖ਼ਾਂ ਘੋੜੇ 'ਤੇ ਚੜ੍ਹਿਆ ਚੜ੍ਹਾਇਆ ਹੀ ਭੱਠੇ 'ਤੇ ਜਾ ਚੜ੍ਹਿਆ। ਘੋੜਾ ਭੱਠਿਆਂ ਦੀ ਅੱਗ ਦੇ ਕਾਰਨ ਤ੍ਰਬਕ ਪਿਆ, ਬਲਦੇ ਭੱਠੇ ਵਿਚ ਸੁਲਹੀ ਖ਼ਾਂ ਸਮੇਤ ਜਾ ਪਿਆ, ਅਤੇ ਦੋਵੇਂ ਸੜ ਕੇ ਸੁਆਹ ਹੋ ਗਏ। ਬਾਬਾ ਪ੍ਰਿਥੀ ਚੰਦ ਦੀ ਇਹ ਆਸ ਭੀ ਅਧਵਾਟਿਓਂ ਟੁੱਟ ਗਈ।

ਜਦੋਂ ਸਿੱਖਾਂ ਨੇ ਸਰਕਾਰੀ ਹਾਕਮ ਸੁਲਹੀ ਖ਼ਾਂ ਦੇ ਚੜ੍ਹ ਆਉਣ ਦੀ ਖ਼ਬਰ ਸੁਣੀ ਸੀ, ਤਾਂ ਕਈ ਸਿਖ ਬਹੁਤ ਹੀ ਘਬਰਾਏ ਸਨ, ਕਿਉਂਕਿ ਮੁਸਲਮ ਰਾਜ ਦਾ ਹਿੰਦੂ ਜਨਤਾ ਉਤੇ ਬੜਾ ਭਾਰੀ ਦਬਾਉ ਪਿਆ ਹੋਇਆ ਸੀ। ਕਈ ਸਿੱਖਾਂ ਨੇ ਸਤਿਗੁਰੂ ਜੀ ਨੂੰ ਸਲਾਹਾਂ ਦਿਤੀਆਂ ਸਨ ਕਿ ਸੁਲਹੀ ਖ਼ਾਂ ਦਾ ਗੁੱਸਾ ਮੱਠਾ ਕਰਨ ਲਈ ਅਗੋਂ-ਵਾਂਢੀ ਕੋਈ ਇਕ ਦੋ ਸਿਖ ਭੇਜੇ ਜਾਣ ਜਾਂ ਕੋਈ ਚਿੱਠੀ ਲਿਖ ਕੇ ਭੇਜੀ ਜਾਏ। ਪਰ ਸਤਿਗੁਰੂ ਜੀ ਨੇ ਸਭ ਨੂੰ ਹੌਸਲਾ ਦਿਤਾ ਸੀ ਤੇ ਆਖਿਆ ਸੀ ਕਿ ਅਸੀ ਕਿਸੇ ਉਤੇ ਕੋਈ ਵਧੀਕੀ ਨਹੀਂ ਕਰ ਰਹੇ, ਇਸ ਵਾਸਤੇ ਸਾਨੂੰ ਕਰਤਾਰ ਉਤੇ ਭਰੋਸਾ ਰਖਣਾ ਚਾਹੀਦਾ ਹੈ, ਉਹੀ ਸਾਡੇ ਸਿਰ ਉਤੇ ਰਾਖਾ ਹੈ। ਇਹ ਪਹਿਲਾ ਮੌਕਾ ਸੀ ਜਦੋਂ ਨਿਕੀ ਜਿਹੀ ਸਿਖ ਕੌਮ ਦੀ ਸਰਕਾਰੀ ਹਾਕਮਾਂ ਨਾਲ ਸਿੱਧੀ ਟੱਕਰ ਹੋ ਜਾਣ ਦੀ ਸੰਭਾਵਨਾ ਹੋ ਗਈ ਸੀ।

## ਗੁਰਬਾਣੀ ਵਿਰੁੱਧ ਸ਼ਿਕਾਇਤਾਂ

ਅਸੀ ਪਿਛੇ ਵੇਖ ਆਏ ਹਾਂ ਕਿ ਗੁਰੂ ਅਰਜਨ ਦੇਵ ਜੀ ਸੰਨ ੧੫੯੦ ਤੋਂ ੧੬੦੧ ਤਕ ਦਸ ਯਾਰ੍ਹਾਂ ਸਾਲ ਮਾਝੇ ਦੇ ਪਿੰਡਾਂ ਵਿਚ ਰਹੇ। ਪਾਠਕ ਇਹ ਭੀ ਪੜ੍ਹ ਚੁਕੇ ਹਨ ਕਿ ਬਾਬਾ ਪ੍ਰਿਥੀ ਚੰਦ ਜੀ ਨੇ ਗੁਰੂ ਬਣਨ ਲਈ ਗੁਰੂ ਅਰਜਨ ਸਾਹਿਬ ਦੀ ਵਿਰੋਧਤਾ ਵਿਚ ਸਿਰੋਂ ਪਰੇ ਜ਼ੋਰ ਲਾ ਦਿਤਾ। ਅਸੀ ਇਹ ਭੀ ਵੇਖ ਚੁਕੇ ਹਾਂ ਕਿ ਗੁਰੂ ਰਾਮਦਾਸ ਜੀ ਨੇ ਬਾਣੀ ਦਾ ਉਹ ਸਾਰਾ ਸੰਗ੍ਰਹਿ ਗੁਰਿਆਈ ਦੇਣ ਵੇਲੇ ਗੁਰੂ ਅਰਜਨ ਸਾਹਿਬ ਦੇ ਸਪੁਰਦ ਕਰ ਦਿਤਾ ਸੀ, ਜਿਸ ਵਿਚ ਉਹਨਾਂ ਦੀ ਆਪਣੀ ਸਾਰੀ ਬਾਣੀ, ਪਹਿਲੇ ਤਿੰਨ ਗੁਰ-ਵਿਅਕਤੀਆਂ ਦੀ ਸਾਰੀ ਬਾਣੀ ਅਤੇ ਭਗਤਾਂ ਦੀ ਬਾਣੀ ਸੀ। ਗੁਰੂ-ਘਰ ਦਾ ਸਭ ਤੋਂ ਵੱਡਾ ਕੀਮਤੀ ਖ਼ਜ਼ਾਨਾ

ਇਹ ਬਾਣੀ ਹੀ ਸੀ। ਇਹ ਨਹੀਂ ਹੋ ਸਕਦਾ ਸੀ ਕਿ ਅੰਮ੍ਰਿਤਸਰ ਤੋਂ ਦਸ ਯਾਰ੍ਹਾਂ ਸਾਲ ਬਾਹਰ ਰਹਿਣ ਵਾਲੇ ਸਮੇ ਬਾਣੀ ਦਾ ਇਹ ਕੀਮਤੀ ਖ਼ਜ਼ਾਨਾ ਅੰਮ੍ਰਿਤਸਰ ਵਿਚ ਹੀ ਪਿਆ ਰਹਿਣ ਦਿਤਾ ਜਾਂਦਾ। ਇਕ ਤਾਂ ਸਤਿਗੁਰੂ ਜੀ ਆਪ ਇਸਨੂੰ ਹਰ ਰੋਜ਼ ਪੜ੍ਹਦੇ ਵਿਚਾਰਦੇ ਸਨ, ਦੂਜੇ, ਇਹ ਬਾਣੀ ਹੀ ਗੁਰਮਤਿ ਦੇ ਪਰਚਾਰ ਦਾ ਵਸੀਲਾ ਸੀ, ਪਿੰਡਾਂ ਦੀ ਜਨਤਾ ਨੂੰ ਇਹ ਸੁਣਾਈ ਜਾਣੀ ਸੀ। ਤੀਜੇ, ਜਿਹੜੇ ਬਾਬਾ ਪ੍ਰਿਥੀ ਚੰਦ ਜੀ ਗੁਰੂ ਅਰਜਨ ਸਾਹਿਬ ਜੀ ਪਾਸੋਂ ਗੁਰਤਾ ਦੀ ਕਾਮਯਾਬੀ ਦਾ ਹਰੇਕ ਵਸੀਲਾ ਖੋਹਣ ਲਈ ਜ਼ੋਰ ਲਾਂਦੇ ਰਹੇ, ਜਿਨ੍ਹਾਂ ਨੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਜਾਨ ਉਤੇ ਵਾਰ ਕਰਨੋਂ ਭੀ ਸੰਕੋਚ ਨਾ ਕੀਤਾ, ਉਹ ਮੌਕਾ ਮਿਲ ਸਕਣ 'ਤੇ ਸਾਰੇ ਗੁਰ-ਵਿਅਕਤੀਆਂ ਦੀ ਬਾਣੀ ਉਤੇ ਕਬਜ਼ਾ ਕਿਉਂ ਨਾ ਕਰਦੇ ?

ਜਦੋਂ ਬਾਬਾ ਪ੍ਰਿਥੀ ਚੰਦ ਜੀ ਨੇ ਵੇਖਿਆ ਕਿ ਸਿਖ ਗੁਰਬਾਣੀ ਸੁਣਨ ਪੜ੍ਹਨ ਵਿਚ ਬਹੁਤ ਦਿਲਚਸਪੀ ਲੈਂਦੇ ਹਨ, ਤਾਂ ਉਹਨਾਂ ਨੇ ਆਪ ਭੀ ਗੁਰੂ ਨਾਨਕ ਦੇਵ ਜੀ ਦਾ ਨਾਮ ਵਰਤ ਕੇ ਕਵਿਤਾ ਲਿਖਣੀ ਸ਼ੁਰੂ ਕੀਤੀ। ਪਰ ਜੇ ਗੁਰਤਾ ਵਾਲੇ ਗੁਣ ਪੱਲੇ ਨਾ ਹੋਣ ਤਾਂ ਨਿਰੀ ਕਵਿਤਾ ਕਾਹਦੀ ਖਿੱਚ ਪਾਏ ? ਇਸ ਉੱਦਮ ਵਿਚ ਭੀ ਨਿਰਾਸਤਾ ਹੀ ਹੋਈਓ ਨੇ।

ਅਸੀ ਵੇਖ ਆਏ ਹਾਂ ਕਿ ਪੰਜਾਬ ਵਿਚ ਸਖ਼ਤ ਔੜ ਦੀਆਂ ਖ਼ਬਰਾਂ ਸੁਣ ਕੇ ਅਤੇ ਖ਼ਾਸ ਤੌਰ ਤੇ ਲਾਹੌਰ ਦੀ ਬਹੁਤ ਭੈੜੀ ਹਾਲਤ ਸੁਣ ਕੇ ਅਕਬਰ ਸੰਨ ੧੫੯੫ ਵਿਚ ਫਿਰ ਪੰਜਾਬ ਆਇਆ ਸੀ ਅਤੇ ੧੫੯੮ ਵਿਚ ਵਾਪਸ ਆਗਰੇ ਗਿਆ ਸੀ। ਲਾਹੌਰ ਦੇ ਕਾਲ-ਪੀੜਤ ਲੋਕਾਂ ਦੀ ਮਦਦ ਕਰਨ ਲਈ ਗੁਰੂ ਅਰਜਨ ਸਾਹਿਬ ਭੀ ਉਥੇ ਅੱਠ ਮਹੀਨੇ ਰਹੇ ਸਨ। ਅਕਬਰ ਤੋਂ ਇਹ ਗੱਲ ਲੁਕੀ-ਛਿਪੀ ਨਹੀਂ ਸੀ। ਫਿਰ ਭੀ ਲਾਲਚ ਤੇ ਈਰਖਾ ਬੁਰੀ ਬਲਾ ਹੈ। ਬਾਬਾ ਪ੍ਰਿਥੀ ਚੰਦ ਜੀ ਨੇ ਜਦੋਂ ਇਹ ਵੇਖਿਆ ਕਿ ਉਨ੍ਹਾਂ ਦੀ ਆਪਣੀ ਕਵਿਤਾ ਸਿਖ-ਜਨਤਾ ਨੂੰ ਕੋਈ ਖਿੱਚ ਨਹੀਂ ਪਾ ਸਕੀ, ਤਾਂ ਉਹਨਾਂ ਆਪਣੇ ਮਿੱਤਰ ਸਰਕਾਰੀ ਕਰਮਚਾਰੀਆਂ ਦੀ ਰਾਹੀਂ ਅਕਬਰ ਦੇ ਕੰਨ ਭਰਨੇ ਸ਼ੁਰੂ ਕੀਤੇ ਕਿ ਗੁਰੂ ਅਰਜਨ ਸਾਹਿਬ ਹਿੰਦੂ-ਧਰਮ ਤੇ ਇਸਲਾਮ ਦੇ ਵਿਰੁੱਧ ਆਪਣੀ ਬਾਣੀ ਦੀ ਰਾਹੀਂ ਪਰਚਾਰ ਕਰ ਰਹੇ ਹਨ। ਅਜਿਹੀਆਂ ਚੁੱਕਾਂ ਬੀਰਬਲ ਭੀ ਦੇਂਦਾ ਰਿਹਾ ਸੀ, ਪਰ ਅਕਬਰ ਉਤੇ ਕੋਈ ਅਸਰ ਨਹੀਂ ਪੈ ਸਕਿਆ ਸੀ। ਹੁਣ ਉਸ ਨੇ ਵਿਰੋਧੀਆਂ ਦੀ ਤਸੱਲੀ ਕਰਨੀ ਭੀ ਜ਼ਰੂਰੀ ਸਮਝੀ। ਜਦੋਂ ਸੰਨ ੧੫੯੮ ਦੇ ਅਖ਼ੀਰ ਵਿਚ ਲਾਹੌਰ ਤੋਂ ਦਿੱਲੀ ਨੂੰ ਵਾਪਸ ਜਾਂਦਾ ਅਕਬਰ ਗੋਇੰਦਵਾਲ ਅੱਪੜਿਆ, ਤਦੋਂ ਗੁਰੂ ਅਰਜਨ ਸਾਹਿਬ ਭੀ ਜੰਬਰ, ਬਹੜਵਾਲ, ਚੂਨੀਆਂ ਆਦਿ ਦੇ ਇਲਾਕੇ

ਵਿਚੋਂ ਦੀ ਹੋ ਕੇ ਗੋਇੰਦਵਾਲ ਆਏ ਹੋਏ ਸਨ। ਇਥੇ ਮਿਲਣ ਦਾ ਸਬੱਬ ਬਣ ਗਿਆ। ਹੁਣ ਤਕ ਗੁਰੂ ਅਰਜਨ ਸਾਹਿਬ ਪਾਸ ਨਿਰੀ ਪਹਿਲੇ ਚਾਰ ਗੁਰ-ਵਿਅਕਤੀਆਂ ਤੇ ਭਗਤਾਂ ਦੀ ਹੀ ਬਾਣੀ ਨਹੀਂ ਸੀ। ਇਤਨੇ ਸਾਲਾਂ ਵਿਚ ਉਹ ਆਪ ਭੀ ਬਹੁਤ ਕੁਝ ਲਿਖ ਚੁਕੇ ਸਨ। ੧੭ ਸਾਲ ਥੋੜਾ ਸਮਾ ਨਹੀਂ ਹੈ। ਛੇ ਹਜ਼ਾਰ ਦਿਨਾਂ ਵਿਚ ਭੰਡਾਰ ਭਰਿਆ ਜਾ ਸਕਦਾ ਹੈ। ਬਾਣੀ ਦਾ ਇਸ਼ਕ ਤਾਂ ਓਹਨਾਂ ਨੂੰ ਯਾਰ੍ਹਾਂ ਸਾਲ ਦੀ ਉਮਰ ਤਕ ਬਣ ਚੁਕਿਆ ਸੀ। ਅਕਬਰ ਨੇ ਬਾਣੀ ਦਾ ਉਹ ਸਾਰਾ ਸੰਗ੍ਰਹਿ ਵੇਖਿਆ, ਕਈ ਸ਼ਬਦ ਸਤਿਗੁਰੂ ਜੀ ਪਾਸੋਂ ਸੁਣੇ, ਆਪਣੀ ਹੱਥੀਂ ਵਰਕੇ ਪਰਤ ਕੇ ਭੀ ਪੜ੍ਹਾਏ। ਗੁਰੂ ਨਾਨਕ ਪਾਤਿਸ਼ਾਹ ਦੀ ਤਾਲੀਮ ਉਸ ਨੂੰ ਸਰਬੱਤ ਦੇ ਭਲੇ ਵਾਲੀ ਪ੍ਰਤੀਤ ਹੋਈ। ਅਕਬਰ ਸੁਣ ਕੇ ਖ਼ੁਸ਼ ਹੋਇਆ। ਗੁਰੂ ਅਰਜਨ ਸਾਹਿਬ ਦੀ ਪ੍ਰੇਰਨਾ 'ਤੇ ਕਾਲ-ਪੀੜਤ ਪੰਜਾਬੀਆਂ ਦਾ ਬਹੁਤ ਸਾਰਾ ਮਾਮਲਾ ਭੀ ਮੁਆਫ਼ ਕਰ ਗਿਆ।

ਬਾਬਾ ਪ੍ਰਿਥੀ ਚੰਦ ਜੀ ਦੇ ਸਭ ਮਨਸੂਬੇ ਮਿੱਟੀ ਵਿਚ ਮਿਲ ਗਏ। ਅਕਬਰ ਫਿਰ ਇਸ ਤੋਂ ਪਿਛੋਂ ਪੰਜਾਬ ਵਲ ਨਹੀਂ ਆ ਸਕਿਆ।

 www.sikhbookclub.com

# ਸੱਤਵਾਂ ਕਾਂਡ

## ਅੰਮ੍ਰਿਤਸਰ ਵਿਚ ਵਾਪਸੀ

ਅਸੀ ਪਿਛੇ ਵੇਖ ਚੁਕੇ ਹਾਂ ਕਿ ਗੁਰੂ ਅਰਜਨ ਸਾਹਿਬ ਸਾਰੇ ਮਾਝੇ ਦਾ ਬਾਰ੍ਹਾਂ-ਸਾਲਾ ਦੌਰਾ ਮੁਕਾ ਕੇ ਸੰਨ ੧੬੦੧ ਦੇ ਸ਼ੁਰੂ ਵਿਚ ਅੰਮ੍ਰਿਤਸਰ ਆ ਗਏ ਸਨ। ਸਤਿਗੁਰੂ ਜੀ ਦੀ ਇਸ ਮਿਹਨਤ ਨੇ ਮਾਝੇ ਵਿਚ ਸਿਖ-ਧਰਮ ਦੀਆਂ ਜੜ੍ਹਾਂ ਪੱਕੀਆਂ ਲਾ ਦਿਤੀਆਂ। ਬ੍ਰਾਹਮਣਾਂ ਤੇ ਸਰਵਰੀਆਂ ਦੇ ਪੈਰ ਇਥੋਂ ਉੱਖੜ ਗਏ।

ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਚੁਕੀ ਸੀ। ਸਤਿਗੁਰੂ ਜੀ ਨੇ ਇਸ ਵਿਚ ਰੋਜ਼ਾਨਾ ਸਤਸੰਗ ਦੀ ਮਰਯਾਦਾ ਕਾਇਮ ਕੀਤੀ, ਜੋ ਹੁਣ ਤਕ ਚਲੀ ਆ ਰਹੀ ਹੈ।

## (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਸੀਤਲਾ

ਮਾਝੇ ਦਾ ਤਿੰਨ-ਚਾਰ ਸਾਲਾ ਕਾਲ ਸੰਨ ੧੫੯੮ ਵਿਚ ਅਜੇ ਜ਼ੋਰਾਂ 'ਤੇ ਸੀ। ਗੁਰੂ ਅਰਜਨ ਸਾਹਿਬ ਨੇ ਕਾਲ-ਪੀੜਤ ਲੋਕਾਂ ਦੀ ਮਦਦ ਕਰਨ ਵਾਸਤੇ ਇਹ ਸਾਰਾ ਸਮਾ ਪਿੰਡਾਂ ਵਿਚ ਗੁਜ਼ਾਰਿਆ ਸੀ। ਕਾਲ ਦੀ ਬਿਪਤਾ ਦੇ ਨਾਲ ਨਾਲ ਇਕ ਹੋਰ ਭਿਆਨਕ ਬਿਪਤਾ ਭੀ ਕਾਲ-ਪੀੜਤ ਲੋਕਾਂ ਉਤੇ ਬਿੱਜ ਵਾਂਗ ਆ ਪੈਂਦੀ ਹੈ। ਭੁੱਖ ਨਾਲ ਕਮਜ਼ੋਰ ਹੋਏ ਲੋਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹੀ ਕਾਰਨ ਸੀ ਕਿ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰ ਸੰਨ ੧੫੯੮ ਵਿਚ ਕਈ ਮਹੀਨੇ ਹਰ ਰੋਜ਼ ਮੁਰਦਿਆਂ ਨਾਲ ਭਰ ਜਾਂਦੇ ਸਨ। ਗੁਰੂ ਅਰਜਨ ਸਾਹਿਬ ਲਾਹੌਰ-ਨਿਵਾਸੀ ਬਿਪਤਾ-ਮਾਰੇ ਬੰਦਿਆਂ ਦੀ ਸਹਾਇਤਾ ਵਾਸਤੇ ਅੱਠ ਮਹੀਨੇ ਲਾਹੌਰ ਰਹੇ ਸਨ।

ਅਜਿਹੇ ਸਮੇ ਆਮ ਤੌਰ 'ਤੇ ਦੋ ਬੀਮਾਰੀਆਂ ਮੱਚ ਪੈਂਦੀਆਂ ਸਨ—ਮੌਸਮੀ ਤਾਪ (ਮਲੇਰੀਆ) ਅਤੇ ਸੀਤਲਾ (ਚੀਚਕ)। ਸੀਤਲਾ ਦੀ ਬੀਮਾਰੀ ਨੂੰ ਲੋਕ ਮਾਤਾ ਆਖਦੇ ਹਨ। ਮੌਸਮੀ ਤਾਪ ਤਾਂ ਹਰ ਸਮੇ ਹੀ ਕਮਜ਼ੋਰਾਂ ਉਤੇ ਜ਼ੋਰ ਪਾ

ਸਕਦਾ ਹੈ, ਪਰ ਇਸਦੀ ਅਸਲੀ ਰੁੱਤ ਹੈ ਅੱਸੂ ਕੱਤਕ ਦੇ ਮਹੀਨੇ। ਸੀਤਲਾ ਦੇ ਜ਼ੋਰ ਪਾਣ ਲਈ ਸਿਆਲ ਤੋਂ ਪਿਛੋਂ ਮਿੱਠੀ ਮਿੱਠੀ ਬਸੰਤ ਰੁੱਤ ਫੱਬਦੀ ਹੁੰਦੀ ਹੈ।

ਗੁਰੂ ਅਰਜਨ ਸਾਹਿਬ ਸੰਨ ੧੬੦੧ ਦੇ ਸ਼ੁਰੂ ਵਿਚ ਅੰਮ੍ਰਿਤਸਰ ਵਾਪਸ ਆਏ ਸਨ। ਮੌਸਮੀ ਤਾਪ ਦੇ ਪਿਛੇ ਪਿਛੇ ਸੀਤਲਾ ਨੇ ਭੀ ਗ਼ਰੀਬ ਲੋਕਾਂ ਉਤੇ ਆ ਕਾਠੀ ਪਾਈ ਸੀ। ਸਤਿਗੁਰੂ ਜੀ ਪਰਿਵਾਰ ਸਮੇਤ ਹੀ ਸਨ ਜਦੋਂ ਪਿੰਡਾਂ ਵਿਚ ਦੁਖੀਆਂ ਦਾ ਦਰਦ ਵੰਡਣ ਦੇ ਜਤਨ ਕਰ ਰਹੇ ਸਨ। ਸੀਤਲਾ ਦਾ ਬੱਚਿਆਂ ਉਤੇ ਛੇਤੀ ਅਸਰ ਹੁੰਦਾ ਹੈ। ਅੰਮ੍ਰਿਤਸਰ ਵਿਚ ਵਾਪਸ ਆਉਣ ਸਮੇ (ਗੁਰੂ) ਹਰਿ ਗੋਬਿੰਦ ਸਾਹਿਬ ਦੀ ਉਮਰ ਪੰਜ ਕੁ ਸਾਲ ਹੀ ਸੀ। ਸੀਤਲਾ ਦਾ ਬਹੁਤ ਫੁਹਾਰਾ ਸੀ। ਲੋਕਾਂ ਦੇ ਬੱਚਿਆਂ ਦੀ ਦਾਰੀ ਕਰਦਿਆਂ ਕਰਦਿਆਂ ਆਪਣੇ ਬੱਚੇ ਨੂੰ ਭੀ ਕਿਤੋਂ ਛੂਤ ਹੋ ਗਈ। (ਗੁਰੂ) ਹਰਿ ਗੋਬਿੰਦ ਜੀ ਨੂੰ ਸੀਤਲਾ ਨਿਕਲ ਆਈ। ਸਿਖ-ਇਤਿਹਾਸ ਲਿਖਦਾ ਹੈ ਕਿ ਬੜੀ ਹੀ ਭਰਵੀਂ ਸੀ।

ਇਸ ਬੀਮਾਰੀ ਦਾ ਪਹਿਲਾ ਲੱਛਣ ਇਹ ਹੁੰਦਾ ਹੈ ਕਿ ਬੜਾ ਸਖ਼ਤ ਤਾਪ ਚੜ੍ਹਦਾ ਹੈ, ਜੋ ਕਈ ਦਿਨ ਨਹੀਂ ਉਤਰਦਾ, ਅਤੇ ਮਰੀਜ਼ ਨੂੰ ਘੂਕੀ ਤੇ ਬੇ-ਸੁਰਤੀ ਰਹਿੰਦੀ ਹੈ। ਸਾਰਾ ਪਿੰਡਾ ਬਹੁਤ ਲਾਲ ਹੋ ਜਾਂਦਾ ਹੈ। ਫਿਰ ਸਰੀਰ ਉਤੇ ਪਾਣੀ ਭਰੇ ਫਲੂਹੇ ਨਿਕਲਣ ਲੱਗ ਪੈਂਦੇ ਹਨ। ਜਿਉਂ ਜਿਉਂ ਫਲੂਹੇ ਨਿਕਲਦੇ ਹਨ, ਘੂਕੀ ਘਟਦੀ ਜਾਂਦੀ ਹੈ। ਇਹ ਬੀਮਾਰੀ ਬੜੀ ਖ਼ਤਰਨਾਕ ਹੈ। ਕਈ ਵਿਚਾਰਿਆਂ ਦੀਆਂ ਅੱਖਾਂ ਹੀ ਮਾਰੀਆਂ ਜਾਂਦੀਆਂ ਹਨ।

ਵਹਿਮੀ ਅਨਪੜ੍ਹ ਲੋਕ ਇਸ ਦਾ ਕੋਈ ਇਲਾਜ ਨਹੀਂ ਕਰਦੇ। ਹਿੰਦੂ-ਇਸਤ੍ਰੀਆਂ ਤਾਂ ਸਗੋਂ ਇਹ ਸਮਝਦੀਆਂ ਹਨ ਕਿ ਇਹ ਬੀਮਾਰੀ ਨਹੀਂ, ਮਾਤਾ (ਦੇਵੀ) ਆਈ ਹੈ। ਇਸ ਨੂੰ ਬੀਮਾਰੀ ਆਖਣ ਤੋਂ ਹੀ ਉਹ ਡਰਦੀਆਂ ਹਨ ਕਿ ਕਿਤੇ ਇਹ ਲਫ਼ਜ਼ ਸੁਣ ਕੇ ਮਾਤਾ ਕਹਿਰ ਵਿਚ ਨਾ ਆ ਜਾਏ। ਸੋ ਹਿੰਦੂ-ਜ਼ਨਾਨੀਆਂ ਆਖਦੀਆਂ ਹਨ ਕਿ ਮਾਤਾ 'ਪ੍ਰੁੱਸੀ' ਹੈ, ਭਾਵ, ਮਾਤਾ ਪ੍ਰਸੰਨ ਹੋਈ ਹੈ, ਅਤੇ ਇਸ ਰੂਪ ਵਿਚ ਦਰਸ਼ਨ ਦਿੱਤਾ ਸੂ। ਬੀਮਾਰ ਬੱਚੇ ਦੇ ਪਾਸ ਮਾਤਾ ਦੇਵੀ (ਸੀਤਲਾ ਦੇਵੀ) ਦੀਆਂ ਭੇਟਾਂ (ਉਸਤਤ ਦੇ ਗੀਤ) ਗਾਵੀਆਂ ਜਾਂਦੀਆਂ ਹਨ, ਤਾਕਿ ਉਹ ਨਰਾਜ਼ ਹੋ ਕੇ ਬੱਚੇ ਦੇ ਕਿਸੇ ਅੰਗ ਨੂੰ ਕੋਈ ਬੱਜ ਨਾ ਲਾ ਜਾਏ।

ਹਰੇਕ ਪਿੰਡ, ਕਸਬੇ ਅਤੇ ਸ਼ਹਿਰ ਦੇ ਬਾਹਰ ਸੀਤਲਾ ਦਾ ਮੰਦਰ ਬਣਿਆ ਹੁੰਦਾ ਹੈ। ਪਿੰਡਾਂ ਵਿਚ ਤਾਂ ਪਿੰਡੋਂ ਬਾਹਰ ਕਿਸੇ ਨਿੱਕੀ ਜਿਹੀ ਛੱਪੜੀ ਦੇ ਕੰਢੇ ਕਿਸੇ ਮਲ੍ਹੇ ਜਿਹੇ ਨੂੰ ਹੀ ਪੂਜਣ-ਜੋਗ ਮਿੱਥ ਲੈਂਦੇ ਹਨ, ਜਾਂ ਇਕ ਨਿੱਕੀ ਜਿਹੀ

ਮੰਦਰ-ਨੁਮਾ ਪੱਕੀ ਬੁਰਜੀ ਬਣਾ ਲੈਂਦੇ ਹਨ। ਉਸ ਛੱਪਰੀ ਤੋਂ ਮਿੱਟੀ (=ਰੱਖ) ਲਿਆ ਕੇ ਪਾਣੀ ਵਿਚ ਘੋਲ ਕੇ ਸੀਤਲਾ ਦੇ ਰੋਗੀ ਦੇ ਫਲੂਹਿਆਂ ਉਤੇ ਘਾਹ ਦੀਆਂ ਤਿੜ੍ਹਾਂ ਨਾਲ ਕਦੇ ਕਦੇ ਛਿੜਕ ਦੇਂਦੇ ਹਨ। ਬਸ! ਇਹੀ ਹੈ ਦਵਾਈ ਜੋ ਹਿੰਦੂ ਅਨਪੜ੍ਹ ਜ਼ਨਾਨੀ ਵਰਤਣ ਦੀ ਆਗਿਆ ਦੇਂਦੀ ਹੈ। ਘਰ ਵਿਚ ਇਸ ਤੋਂ ਛੁੱਟ ਕਿਸੇ ਹੋਰ ਦਵਾਈ ਦਾ ਨਾਮ ਲੈਣਾ ਹੀ ਅਨਰਥ ਸਮਝਿਆ ਜਾਂਦਾ ਹੈ, ਕਿਉਂਕਿ ਉਹ ਮਾਤਾ ਦੀ ਕਰੋਪੀ ਦਾ ਕਾਰਨ ਬਣਦਾ ਹੈ।

ਜਦੋਂ ਮਰੀਜ਼ ਨੂੰ ਫਲੂਹੇ ਨਿਕਲ ਪੈਂਦੇ ਹਨ, ਤਾਂ ਉਸ ਨੂੰ ਮਾਤਾ ਰਾਣੀ (ਸੀਤਲਾ ਦੇਵੀ) ਦੀ ਪੂਜਾ ਵਾਸਤੇ ਜ਼ਨਾਨੀਆਂ ਲੈ ਜਾਂਦੀਆਂ ਹਨ। ਰਸਤੇ ਵਿਚ ਸਾਰੀ ਵਾਟ ਮਾਤਾ ਰਾਣੀ ਦੀ ਪ੍ਰਸੰਨਤਾ ਦੇ ਗੀਤ ਗਾਂਦੀਆਂ ਜਾਂਦੀਆਂ ਹਨ। ਉਥੇ ਅੱਪੜ ਕੇ ਬੱਚੇ ਨੂੰ ਪਰਦੱਖਣਾ ਕਰਾਂਦੀਆਂ ਹਨ, ਆਪ ਭੀ ਕਰਦੀਆਂ ਹਨ, ਮੌਲੀ ਮੱਖਣ ਮਿੱਠੀ ਰੋਟੀ ਆਦਿਕ ਭੇਟਾ ਧਰਦੀਆਂ ਹਨ। ਛੱਪੜੀ ਦੀ ਮਿੱਟੀ (ਮਾਤਾ ਦੀ 'ਰੱਖ') ਘਰ ਲਿਆ ਕੇ ਪਾਣੀ ਵਿਚ ਘੋਲ ਕੇ ਘਾਹ ਦੀਆਂ ਤਿੜ੍ਹਾਂ ਨਾਲ ਹਰ ਰੋਜ਼ ਕਈ ਵਾਰੀ ਬੱਚੇ ਦੇ ਫਲੂਹਿਆਂ ਉਤੇ ਛਿੜਕਦੀਆਂ ਹਨ।

ਚੀਚਕ ਆਮ ਤੌਰ ਤੇ ਫੱਗਣ ਚੇਤਰ ਵਿਚ ਫੁੱਟਦੀ ਹੈ। ਉਹਨੀਂ ਹੀ ਦਿਨੀਂ ਗੱਜਣ ਗੜ੍ਹਕਣ ਵਾਲੇ ਬੱਦਲ ਭੀ ਆ ਜਾਂਦੇ ਹਨ। ਕਿਤੇ ਮਾਤਾ ਰਾਣੀ ਦੇ ਕੰਨਾਂ ਵਿਚ ਬੱਦਲਾਂ ਦੇ ਗੜ-ਗੜ ਕਰਨ ਦੀ ਖਰ੍ਹਵੀਂ ਵਾਜ ਨਾ ਅੱਪੜੇ, ਅਤੇ ਮਾਤਾ ਕਿਤੇ ਗੁੱਸੇ ਨਾ ਹੋ ਜਾਏ, ਇਸ ਖ਼ਾਤਰ ਛੱਜ ਵਿਚ ਠੀਕਰੀਆਂ ਪਾ ਰਖਦੀਆਂ ਹਨ, ਜਦੋਂ ਬੱਦਲ ਗੱਜਣ, ਉਸ ਵੇਲੇ ਛੱਜ ਵਿਚਲੀਆਂ ਠੀਕਰੀਆਂ ਖੜਕਾਈਆਂ ਜਾਂਦੀਆਂ ਹਨ।

ਅੰਮ੍ਰਿਤਸਰ ਸ਼ਹਿਰ ਭਾਵੇਂ ਸਤਿਗੁਰੂ ਜੀ ਨੇ ਆਪ ਹੀ ਵਸਾਇਆ ਸੀ, ਪਰ ਇਥੇ ਹਿੰਦੂ ਮੁਸਲਮਾਨ ਭੀ ਵਸਾਏ ਗਏ ਸਨ। ਹਰੇਕ ਨੂੰ ਆਪੋ ਆਪਣੇ ਧਰਮ ਅਨੁਸਾਰ ਤੁਰਨ ਦੀ ਪੂਰੀ ਖੁਲ੍ਹ ਸੀ। ਹਿੰਦੂ ਲੋਕਾਂ ਨੇ ਸ਼ਹਿਰੋਂ ਬਾਹਰ ਲੋਹਗੜ੍ਹ ਦਰਵਾਜ਼ੇ ਵਾਲੇ ਪਾਸੇ ਸੀਤਲਾ ਮੰਦਰ ਬਣਾਇਆ ਹੋਇਆ ਸੀ।

ਜਿਸ ਸਤਿਗੁਰੂ ਪਾਤਿਸ਼ਾਹ ਜੀ ਨੇ ਦੁਖੀ ਲੋਕਾਂ ਦੇ ਦੁਖ-ਦਰਦ ਵੰਡਣ ਲਈ ਤਿੰਨ ਚਾਰ ਸਾਲਾਂ ਤੋਂ ਦਿਨ ਰਾਤ ਇਕ ਕੀਤਾ ਹੋਇਆ ਸੀ, ਉਸ ਨਾਲ ਲੋਕਾਂ ਦਾ ਦਿਲੀ ਪਿਆਰ ਬਣ ਜਾਣਾ ਇਕ ਸਾਧਾਰਨ ਕੁਦਰਤੀ ਗੱਲ ਸੀ। ਜਦੋਂ (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਮਾਤਾ ਨਿਕਲੀ ਤਾਂ ਨਗਰ ਦੇ ਨਰ-ਨਾਰੀਆਂ ਸੁਰਤ ਲੈਣ ਆਉਣ ਲੱਗ ਪਏ। ਹਰੇਕ ਨੇ ਇਹੋ ਪ੍ਰੇਰਨਾ ਕੀਤੀ ਕਿ ਸੀਤਲਾ ਮੰਦਰ ਮੱਥਾ ਟਿਕਾ ਲਿਆਓ, ਅਤੇ ਮਾਤਾ ਦੀ ਰੱਖ ਲਿਆ ਕੇ ਪਿੰਡੇ ਉਤੇ ਛਿਣਕੋ।

 www.sikhbookclub.com

ਗੁਰੂ ਅਰਜਨ ਦੇਵ ਜੀ ਭਰਮੀ ਲੋਕਾਂ ਨੂੰ ਸਦਾ ਸਮਝਾਂਦੇ ਕਿ ਸੀਤਲਾ ਕੋਈ ਦੇਵੀ ਨਹੀਂ ਹੈ, ਇਹ ਇਕ ਬੀਮਾਰੀ ਹੈ। ਹਰੇਕ ਰੋਗ ਤੋਂ ਰੱਖਣ ਵਾਲਾ ਸਿਰਜਣਹਾਰ ਕਰਤਾਰ ਆਪ ਹੀ ਹੈ। ਦਵਾ ਦਾਰੂ ਕਰਨਾ ਗ੍ਰਿਹਸਤੀ ਦਾ ਫ਼ਰਜ਼ ਹੈ। ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ, ਦਵਾਈ ਕਾਟ ਕਰ ਦੇਂਦੀ ਹੈ।

ਸਿੱਖਾਂ ਨੂੰ ਅਗਾਂਹ ਸਦਾ ਲਈ ਸੀਤਲਾ ਦੇ ਇਸ ਭਰਮ-ਵਹਿਮ ਤੋਂ ਬਚਾਣ ਲਈ ਸਤਿਗੁਰੂ ਜੀ ਨੇ ਕਈ ਸ਼ਬਦ ਭੀ ਲਿਖੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਗਏ।

# ਅੱਠਵਾਂ ਕਾਂਡ

## ਆਦਿ ਬੀੜ

ਹੁਣ ਤਕ ਹਰੇਕ ਗੁਰ-ਵਿਅਕਤੀ ਦੀ ਬਾਣੀ ਵੱਖਰੀ ਵੱਖਰੀ ਸੀ, ਹੈ ਸੀ ਉਹ ਰਾਗ-ਵਾਰ ਹੀ। ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਪਰਮਾਤਮਾ ਵਿਚ ਪ੍ਰੀਤ ਜੋੜਨ ਦਾ ਸਭ ਤੋਂ ਸੌਖਾ ਰਸਤਾ ਦਸਿਆ ਅਤੇ ਸਾਰੀ ਉਮਰ ਵਿਚ ਇਸ ਰਸਤੇ ਉਤੇ ਚਲ ਕੇ ਵਿਖਾਇਆ ਸੀ। ਗੁਰਬਾਣੀ ਨੂੰ ਰਾਗ ਵਿਚ ਗਾਉਣਾ—ਗੁਰੂ ਆਸ਼ੇ ਅਨੁਸਾਰ ਇਸ ਦਾ ਨਾਮ ਕੀਰਤਨ ਹੈ। ਲੋਕ ਰਾਗ ਨੂੰ ਗੰਦੇ-ਮੰਦੇ ਗੀਤਾਂ ਵਿਚ ਵਰਤ ਵਰਤ ਕੇ ਸ਼ਰੀਫ਼ ਲੋਕਾਂ ਦੇ ਦਿਲਾਂ ਵਿਚ ਰਾਗ ਵਲੋਂ ਨਫ਼ਰਤ ਪੈਦਾ ਕਰ ਚੁਕੇ ਹੋਏ ਸਨ, ਤਾਹੀਏਂ ਮੁਸਲਮਾਨਾਂ ਨੇ ਤਾਂ ਇਸ ਨੂੰ ਮਕਰੂਹ ਹੀ ਕਹਿ ਦਿੱਤਾ ਸੀ। ਇਸ ਤਰ੍ਹਾਂ ਜਗਤ ਉਨ੍ਹਾਂ ਕੋਮਲ ਹੁਲਾਰਿਆਂ ਤੋਂ ਵਾਂਜਿਆ ਜਾ ਰਿਹਾ ਸੀ, ਜੋ ਰਾਗ ਦੀ ਬਰਕਤ ਨਾਲ ਇਨਸਾਨੀ ਦਿਲ ਵਿਚ ਪੈਦਾ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਮਨੁੱਖਤਾ ਵਿਚ ਬਹੁਤ ਪਰਧਾਨਤਾ ਦਿਤੀ। ਹੁਣ ਕੀਰਤਨ ਹੀ ਸਿੱਖਾਂ ਦੇ ਸਤਸੰਗਾਂ ਦੀ ਜਿੰਦ-ਜਾਨ ਹੈ।

ਰਾਗ ਦੀ ਇਸ ਪਰਧਾਨਤਾ ਨੂੰ ਕਾਇਮ ਰੱਖਣ ਲਈ ਗੁਰੂ ਅਰਜਨ ਸਾਹਿਬ ਨੇ ਸਭ ਗੁਰ-ਵਿਅਕਤੀਆਂ ਦੀ ਬਾਣੀ ਰਾਗਾਂ ਅਨੁਸਾਰ ਹੀ ਨਵੇਂ ਸਿਰਿਓਂ ਤਰਤੀਬ-ਵਾਰ ਕਰਨੀ ਸ਼ੁਰੂ ਕੀਤੀ। ਜਿਵੇਂ ਹਰੇਕ ਗੁਰ-ਵਿਅਕਤੀ ਦੀ ਸਾਰੀ ਬਾਣੀ ਪਹਿਲਾਂ ਵੱਖ-ਵੱਖ ਇਕੱਠੀ ਸੀ, ਇਸੇ ਤਰ੍ਹਾਂ ਹਰੇਕ ਭਗਤ ਦੀ ਬਾਣੀ ਭੀ ਵੱਖ-ਵੱਖ ਸੀ। ਇਸ ਨੂੰ ਭੀ ਸਤਿਗੁਰੂ ਜੀ ਨੇ ਰਾਗਾਂ ਅਨੁਸਾਰ ਹੀ ਆਪੋ ਆਪਣੇ ਟਿਕਾਣੇ ਰੱਖ ਦਿਤਾ। ਕਵਿਤਾ ਦੇ ਦ੍ਰਿਸ਼ਟੀ-ਕੋਣ ਤੋਂ ਬਾਣੀ ਕਈ ਕਿਸਮਾਂ ਦੇ ਕਾਵਿ-ਛੰਦਾਂ ਵਿਚ ਲਿਖੀ ਹੋਈ ਸੀ—ਸ਼ਬਦ, ਅਸ਼ਟਪਦੀਆਂ, ਛੰਤ, ਵਾਰ, ਸਲੋਕ ਆਦਿਕ। ਹਰੇਕ ਰਾਗ ਵਿਚ ਹਰੇਕ ਗੁਰ-ਵਿਅਕਤੀ ਦੇ ਪਹਿਲਾਂ ਸ਼ਬਦ ਇਕੱਠੇ ਕੀਤੇ ਗਏ, ਫਿਰ ਅਸ਼ਟਪਦੀਆਂ, ਫਿਰ ਛੰਤ ਆਦਿਕ। ਇਹ ਕੰਮ ਕਾਫ਼ੀ ਮਿਹਨਤ ਦਾ ਸੀ ਅਤੇ ਕਾਫ਼ੀ ਸਮਾ ਲੈਣ ਵਾਲਾ ਸੀ। ਸਿਖ-ਜਨਤਾ ਦੀ



Page 172 www.sikhbookclub.com

ਅਗਵਾਈ ਦੀਆਂ ਬਾਕੀ ਜ਼ਿੰਮੇਵਾਰੀਆਂ ਭੀ ਰੋਜ਼ ਕਰਨੀਆਂ ਹੁੰਦੀਆਂ ਸਨ। ਜਦੋਂ ਸਾਰੀ ਬਾਣੀ ਦੀ ਨਵੀਂ ਤਰਤੀਬ ਹੋ ਗਈ, ਤਾਂ ਸਤਿਗੁਰੂ ਜੀ ਨੇ ਇਸ ਨੂੰ ਇਕ ਨਵੇਂ ਰੂਪ ਵਿਚ ਮੁੜ ਲਿਖਣ ਲਈ ਭਾਈ ਗੁਰਦਾਸ ਜੀ ਨੂੰ ਆਗਿਆ ਕੀਤੀ। ਭਾਈ ਗੁਰਦਾਸ ਜੀ ਉਸ ਵੇਲੇ ਸਿੱਖਾਂ ਵਿਚ ਚੋਟੀ ਦੇ ਉੱਘੇ ਵਿਦਵਾਨ ਸਨ। ਇਹ ਆਪ ਭੀ ਕਵੀ ਸਨ। ਪੰਜਾਬੀ ਵਿਚ 'ਵਾਰਾਂ' ਅਤੇ ਬ੍ਰਜ-ਭਾਸ਼ਾ ਵਿਚ 'ਕਬਿਤ'—ਇਹਨਾਂ ਦੇ ਇਹ ਦੋ ਪੁਸਤਕ ਸਿਖ-ਜਗਤ ਵਿਚ ਬੜੇ ਆਦਰ-ਸਤਿਕਾਰ ਨਾਲ ਪੜ੍ਹੇ ਜਾਂਦੇ ਹਨ। ਗੁਰੂ ਰਾਮਦਾਸ ਜੀ ਨੇ ਇਹਨਾਂ ਨੂੰ ਆਗਰੇ ਬਨਾਰਸ ਆਦਿਕ ਵਲ ਸਿਖ-ਧਰਮ ਦਾ ਪਰਚਾਰ ਕਰਨ ਭੇਜਿਆ ਹੋਇਆ ਸੀ। ਭਾਈ ਗੁਰਦਾਸ ਜੀ ਕਈ ਸਾਲ ਉਸ ਇਲਾਕੇ ਵਿਚ ਇਹ ਸੇਵਾ ਕਰਦੇ ਰਹੇ।

ਸਿਖ-ਇਤਿਹਾਸ ਲਿਖਦਾ ਹੈ ਕਿ ਸਾਰੀ ਬਾਣੀ ਨੂੰ ਮੌਜੂਦਾ ਨਵੇਂ ਰੂਪ ਵਿਚ ਲਿਖਣ ਵਾਸਤੇ ਸ਼ਹਿਰੋਂ ਬਾਹਰ ਏਕਾਂਤ ਥਾਂ ਚੁਣਿਆ ਗਿਆ, ਜਿਥੇ ਹੁਣ ਗੁਰਦੁਆਰਾ ਤੇ ਸਰੋਵਰ ਰਾਮਸਰ ਹੈ। ਗੁਰਬਾਣੀ ਨੂੰ ਨਵਾਂ ਰੂਪ ਦੇਣ ਵੇਲੇ ਰਾਗਾਂ ਅਨੁਸਾਰ ਕਰਨ ਤੋਂ ਇਲਾਵਾ ਇਕ ਹੋਰ ਤਬਦੀਲੀ ਭੀ ਕੀਤੀ ਗਈ ਸੀ। ਪਹਿਲਾਂ ਹਰੇਕ ਗੁਰ-ਵਿਅਕਤੀ ਦੇ ਸਾਰੇ 'ਸਲੋਕਾਂ' ਦਾ ਸੰਗ੍ਰਹਿ ਇਕੋ ਥਾਂ ਸੀ। 'ਵਾਰਾਂ' ਸਿਰਫ਼ ਪਉੜੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਇਹ ਸਲੋਕ 'ਵਾਰਾਂ' ਦੀ ਹਰੇਕ ਪਉੜੀ ਦੇ ਨਾਲ ਘਟ ਤੋਂ ਘਟ ਦੋ ਦੋ ਦਰਜ ਕਰ ਦਿਤੇ, ਜਿਹੜੇ ਸਲੋਕ ਫਿਰ ਭੀ ਵਧ ਰਹੇ, ਉਹ ਹਰੇਕ ਗੁਰ-ਵਿਅਕਤੀ ਦਾ ਵੱਖ-ਵੱਖ ਸੰਗ੍ਰਹਿ ਇਸ 'ਆਦਿ ਬੀੜ' ਦੇ ਅਖ਼ੀਰ 'ਤੇ ਦਰਜ ਕਰ ਦਿਤਾ।

### ਪਹਿਲਾ ਪਰਕਾਸ਼

ਚੰਦ੍ਰਮਾ ਦੇ ਹਿਸਾਬ ਸੰਮਤ ੧੬੬੧ ਦੀ ਭਾਦਰੋਂ ਵਦੀ ੧ ਸੀ, ਭਾਵ, ਪੂਰਨਮਾਸ਼ੀ ਤੋਂ ਅਗਲਾ ਦਿਨ ਸੀ, ਜਦੋਂ ਭਾਈ ਗੁਰਦਾਸ ਜੀ ਨੇ ਸਾਰੀ ਬਾਣੀ ਦਾ ਉਤਾਰਾ ਖ਼ਤਮ ਕੀਤਾ, ਅਤੇ ਫਿਰ ਬਾਣੀ ਦਾ ਤਤਕਰਾ ਲਿਖਣਾ ਸ਼ੁਰੂ ਕੀਤਾ। ਇਹ ਗੱਲ ਉਹਨਾਂ ਨੇ ਤਤਕਰੇ ਦੇ ਸ਼ੁਰੂ ਵਿਚ ਇਉਂ ਲਿਖੀ ਹੈ—"ਸੂਚੀ-ਪਤ੍ਰ ਪੋਥੀ ਦਾ, ਤਤਕਰਾ ਰਾਗਾਂ ਕਾ, ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ"। ਇਸ ਦਾ ਭਾਵ ਇਹ ਹੈ ਕਿ ਸਾਰੀ 'ਬੀੜ' ਦੀ ਲਿਖਾਈ ਮੁਕਾ ਕੇ ਭਾਈ ਗੁਰਦਾਸ ਜੀ ਸੰਮਤ ੧੬੬੧ ਭਾਦਰੋਂ ਵਦੀ ੧ ਨੂੰ ਤਤਕਰੇ 'ਤੇ ਪਹੁੰਚੇ ਸਨ।

ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ 'ਬੀੜ' ਦੇ ੯੭੪ ਪੱਕੇ ਪੱਤਰੇ (ਵਰਕੇ) ਹਨ। ਤਤਕਰਾ ਲਿਖਣ ਵੇਲੇ ਹਰੇਕ ਸ਼ਬਦ ਦੀ ਪਹਿਲੀ ਤੁਕ ਲਿਖ ਕੇ ਉਸ ਦੇ ਸਾਹਮਣੇ ਪੱਤਰੇ ਦਾ ਨੰਬਰ ਦਰਜ ਕਰਨਾ ਸੀ। ਇਹ ਸਾਰਾ ਕੰਮ ਕਾਫ਼ੀ ਮਿਹਨਤ ਦਾ ਸੀ। ਇਸ ਉਤੇ ਕਈ ਦਿਨ ਲਗਣੇ ਸਨ। ਫਿਰ ਤਤਕਰੇ ਸਮੇਤ ਇਸ 'ਬੀੜ' ਦੀ ਜਿਲਦ ਬੱਝਣੀ ਸੀ। ਜਿਲਦ ਸੁਕਾਣ ਲਈ ਭੀ ਇਕ ਦੋ ਦਿਨ ਚਾਹੀਦੇ ਸਨ। ਇਹ ਸਾਰਾ ਕੰਮ ਭਾਦਰੋਂ ਵਦੀ ੧੫ ਤਕ ਮੁਕਾਇਆ ਗਿਆ, ਪੰਦਰ੍ਹਾਂ ਦਿਨਾਂ ਵਿਚ। ਅਗਲੇ ਦਿਨ ਭਾਦਰੋਂ ਸੁਦੀ ੧ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਸ 'ਆਦਿ ਬੀੜ' ਦਾ ਪਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ। ਬਾਬਾ ਬੁੱਢਾ ਜੀ ਗ੍ਰੰਥੀ ਬਣਾਏ। ਉਸ ਸ਼ੁਭ ਦਿਹਾੜੇ ਦੀ ਯਾਦ ਅਜ ਤਕ ਸ੍ਰੀ ਹਰਿਮੰਦਰ ਸਾਹਿਬ ਵਿਚ ਮਨਾਈ ਜਾਂਦੀ ਹੈ। ਭਾਦਰੋਂ ਸੁਦੀ ੧ ਹਰ ਸਾਲ ਬੜਾ ਉਤਸ਼ਾਹ ਕੀਤਾ ਜਾਂਦਾ ਹੈ।

ਸਿਖ-ਇਤਿਹਾਸ ਨੇ ਉੱਘੜ ਕੇ ਇਹ ਨਹੀਂ ਦੱਸਿਆ ਕਿ 'ਆਦਿ ਬੀੜ' ਦੀ ਸਾਰੀ ਬਾਣੀ ਭਾਈ ਗੁਰਦਾਸ ਜੀ ਨੇ ਕਿਤਨੇ ਚਿਰ ਵਿਚ ਲਿਖੀ। ਪਰ 'ਬੀੜ' ਦੇ ਆਕਾਰ ਨੂੰ ਵੇਖ ਕੇ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਭਾਈ ਸਾਹਿਬ ਨੇ ਲਿਖਣ ਦੀ ਇਹ ਮਿਹਨਤ ਡੇਢ ਕੁ ਸਾਲ ਕੀਤੀ ਹੋਵੇਗੀ।

## ਭਾਈ ਬੰਨੋ ਵਾਲੀ ਬੀੜ

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤਕ ਹਰੇਕ ਗੁਰ-ਵਿਅਕਤੀ ਗੁਰਮਤਿ ਦਾ ਪਰਚਾਰ ਗੁਰਬਾਣੀ ਦੀ ਰਾਹੀਂ ਹੀ ਕਰਦੇ ਰਹੇ। ਹੋਰ ਕੋਈ ਤਰੀਕਾ ਹੋ ਹੀ ਨਹੀਂ ਸਕਦਾ ਸੀ। ਦੂਰ ਦੂਰ ਇਲਾਕਿਆਂ ਵਿਚ ਜਿਹੜੀਆਂ 'ਮੰਜੀਆਂ' ਥਾਪੀਆਂ ਗਈਆਂ, ਜਿਹੜੇ 'ਮਸੰਦ' ਭੇਜੇ ਗਏ, ਉਹ ਭੀ ਛੋਟੇ ਮੋਟੇ ਗੁਟਕੇ ਪੋਥੀਆਂ ਲਿਖ ਕੇ ਆਪਣੇ ਨਾਲ ਲੈ ਜਾਂਦੇ ਸਨ। ਉਹ ਸਮਾ ਛਾਪੇ-ਖ਼ਾਨਿਆਂ ਦਾ ਅਜੇ ਹੈ ਹੀ ਨਹੀਂ ਸੀ। ਹੱਥੀਂ ਹੀ ਉਤਾਰੇ ਕਰਨੇ ਹੁੰਦੇ ਸਨ। ਉਸ ਵੇਲੇ ਦੀਆਂ ਲਿਖੀਆਂ ਪੋਥੀਆਂ ਦੂਰ ਦੂਰ ਤਕ ਸਾਰੇ ਭਾਰਤ ਵਿਚ ਅਨੇਕਾਂ ਸਿਖ-ਘਰਾਣਿਆਂ ਵਿਚ ਹੁਣ ਤਕ ਮੌਜੂਦ ਹਨ।

ਗੁਰੂ ਅਰਜਨ ਸਾਹਿਬ ਨੇ ਸਾਰੇ ਗੁਰ-ਵਿਅਕਤੀਆਂ ਦੀ ਬਾਣੀ ਅਤੇ ਭਗਤ ਬਾਣੀ ਇਕ 'ਬੀੜ' ਵਿਚ ਇਕੱਠੀ ਲਿਖਾ ਲਈ। ਇਸ ਸਮੁੱਚੀ ਬਾਣੀ ਦਾ ਪਰਚਾਰ ਦੂਰ-ਦੁਰੇਡੇ ਥਾਈਂ ਸਾਰੀ ਸਿਖ-ਜਨਤਾ ਵਿਚ ਤਦੋਂ ਹੀ ਹੋ ਸਕਦਾ ਸੀ, ਜੇ ਇਸ ਸਾਰੀ 'ਬੀੜ' ਦੇ ਹੋਰ ਉਤਾਰੇ ਕੀਤੇ ਜਾਣ। ਭਾਦਰੋਂ ਸੁਦੀ ੧ ਨੂੰ 'ਆਦਿ

 www.sikhbookclub.com

ਬੀੜ' ਦਾ ਪਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਜਾਣਾ ਸੀ। ਪਰਕਾਸ਼ ਕਰਨ ਤੋਂ ਪਿਛੋਂ ਇਸ ਤੋਂ ਉਤਾਰਾ ਕੀਤਾ ਜਾਣਾ ਅਸੰਭਵ ਸੀ। ਤਦੋਂ ਭਾਈ ਗੁਰਦਾਸ ਜੀ 'ਆਦਿ ਬੀੜ' ਲਿਖ ਰਹੇ ਸਨ, ਉਸ ਵੇਲੇ ਭੀ ਨਾਲੋ-ਨਾਲ ਦੂਜਾ ਉਤਾਰਾ ਕਰਨਾ ਔਖੀ ਗੱਲ ਸੀ। ਜਦੋਂ ਥੋੜੀ ਕੁ ਬਾਣੀ ਲਿਖਣੀ ਰਹਿ ਗਈ ਤਾਂ ਗੁਰੂ ਅਰਜਨ ਸਾਹਿਬ ਨੇ ਦੂਜੇ ਉਤਾਰੇ ਵਾਸਤੇ ਬਹੁਤੇ ਲਿਖਾਰੀ ਲਾ ਦਿਤੇ। ਉਹਨਾਂ ਦੇ ਕੰਮ ਦੀ ਨਿਗਰਾਨੀ ਵਾਸਤੇ ਜ਼ਿਲਾ ਗੁਜਰਾਤ ਦੇ ਪਿੰਡ ਮਾਂਗਟ ਦੇ ਰਹਿਣ ਵਾਲੇ ਸਿਖ ਭਾਈ ਬੰਨੋ ਦੀ ਸੇਵਾ ਲਾਈ ਸੀ। ਸਿਖ-ਇਤਿਹਾਸ ਉਹਨਾਂ ਲਿਖਾਰੀਆਂ ਦੀ ਗਿਣਤੀ ੧੨ ਦੱਸਦਾ ਹੈ। ਜਿਵੇਂ ਫ਼ਾਰਸੀ ਆਦਿਕ ਦੀਆਂ ਕਿਤਾਬਾਂ ਲਿਖਣ ਦੇ ਕੰਮ ਨੂੰ ਅਨੇਕਾਂ ਕਾਤਬਾਂ ਨੇ ਆਪਣੀ ਆਜੀਵਕਾ ਦਾ ਵਸੀਲਾ ਬਣਾਇਆ ਹੋਇਆ ਸੀ, ਉਵੇਂ ਹੀ ਬਾਣੀ ਦੇ ਸੁੰਦਰ ਗੁਟਕੇ ਤੇ ਪੋਥੀਆਂ ਲਿਖਣ ਦਾ ਕੰਮ ਭੀ ਕਈ ਕਾਤਬ (ਲਿਖਾਰੀ) ਕਰਿਆ ਕਰਦੇ ਸਨ।

## ਉਤਾਰਾ ਕਿਵੇਂ ਹੋਇਆ ?

ਜਦੋਂ ਭਾਈ ਗੁਰਦਾਸ ਜੀ ਨੇ 'ਆਦਿ ਬੀੜ' ਲਿਖਣੀ ਸ਼ੁਰੂ ਕੀਤੀ ਸੀ, ਉਹ ਆਪਣੇ ਸਾਹਮਣੇ ਪਏ ਹਰੇਕ 'ਰਾਗ' ਦੀ ਸਮੁੱਚੀ ਬਾਣੀ ਦਾ ਅੰਦਾਜ਼ਾ ਲਾ ਕੇ ਕੋਰੇ ਵਰਕਿਆਂ ਦੀ ਇਕ ਥੱਬੀ (ਜੁਜ਼) ਸੀਉਂ ਲੈਂਦੇ ਸਨ। ਇਹ ਜਾਂਚ ਲੈਂਦੇ ਸਨ ਕਿ ਵਰਕੇ ਘਟਣ ਨਾ, ਵਧ ਜਾਣ ਵਿਚ ਕੋਈ ਹਰਜ ਨਹੀਂ। ਇਸ ਤਰ੍ਹਾਂ ਛੋਟੇ ਵੱਡੇ ਆਕਾਰ ਦੀਆਂ ਥੱਬੀਆਂ (ਜੁਜ਼ਾਂ) ਬਣਦੀਆਂ ਗਈਆਂ। ਹਰੇਕ ਥੱਬੀ ਦੇ ਅਖ਼ੀਰ 'ਤੇ ਕਈ ਵਰਕੇ ਬਚ ਜਾਂਦੇ ਰਹੇ, ਉਹ ਕੋਰੇ ਹੀ ਛੱਡੇ ਗਏ। ਭਾਈ ਬੰਨੋ ਜੀ ਦੀ ਨਿਗਰਾਨੀ ਵਿਚ ਦੂਜਾ ਉਤਾਰਾ ਕਰਾਣ ਲਈ ਸਤਿਗੁਰੂ ਜੀ ਨੇ ਉਹ ਥੱਬੀਆਂ ਉਹਨਾਂ ੧੨ ਕਾਤਬਾਂ ਵਿਚ ਵੰਡ ਦਿਤੀਆਂ। ਜਿਹੜਾ ਕੰਮ ਭਾਈ ਗੁਰਦਾਸ ਜੀ ਨੇ ਡੇਢ ਸਾਲ ਵਿਚ ਕੀਤਾ, ਇਹ ਬਾਰ੍ਹਾਂ ਕਾਤਬ ਰਲ ਕੇ ਡੇਢ ਮਹੀਨੇ ਵਿਚ ਮੁਕਾ ਸਕੇ।

## ਭਾਈ ਬੰਨੋ ਦੀ ਨਿਗਰਾਨੀ ਕਿਉਂ ?

ਭਾਈ ਗੁਰਦਾਸ ਜੀ ਅਜੇ 'ਆਦਿ ਬੀੜ' ਦਾ ਅਖ਼ੀਰਲਾ ਹਿੱਸਾ ਲਿਖ ਰਹੇ ਸਨ। ਫਿਰ ਉਹਨਾਂ ਤਤਕਰਾ ਭੀ ਲਿਖਣਾ ਸੀ। ਨਵੇਂ ਲਾਏ ੧੨ ਕਾਤਬਾਂ ਦੀ ਨਿਗਰਾਨੀ ਉਹਨਾਂ ਦੇ ਜ਼ਿੰਮੇ ਨਹੀਂ ਲੱਗ ਸਕਦੀ ਸੀ। ਮਾਂਗਟ ਵਾਲੇ ਭਾਈ ਬੰਨੋ ਜੀ ਨੂੰ ਇਹ ਕੰਮ ਸੌਂਪਿਆ ਗਿਆ।

 www.sikhbookclub.com

## ਖਾਰੀ ਬੀੜ

ਜਿਸ ਕਸਬੇ ਦਾ ਨਾਮ ਅੱਜ-ਕੱਲ੍ਹ ਮਾਂਗਟ ਹੈ, ਉਸ ਦਾ ਪਹਿਲਾ ਨਾਮ 'ਖਾਰਾ' ਸੀ। ਬੜੇ ਨੇੜੇ ਦੇ ਸਮੇ ਤਕ 'ਖਾਰਾ' ਨਾਮ ਹੀ ਪ੍ਰਸਿੱਧ ਸੀ। ਇਥੋਂ ਦੀ ਸੰਗਤ ਦਾ ਨਾਮ 'ਖਾਰੇ ਦੀ ਸੰਗਤ' ਸੀ। ਭਾਈ ਬੰਨੋ ਜੀ ਦੀ ਸੰਤਾਨ ਵਿਚ ਕਈ ਸੱਜਣਾਂ ਪਾਸ ਗੁਰੂ ਸਾਹਿਬਾਨ ਦੇ ਹੁਕਮਨਾਮੇ ਹੁਣ ਤਕ ਮੌਜੂਦ ਹਨ। ਉਹਨਾਂ ਵਿਚ ਉਥੋਂ ਦੀ ਸੰਗਤ ਨੂੰ 'ਖਾਰੇ ਦੀ ਸੰਗਤ' ਲਫ਼ਜ਼ਾਂ ਨਾਲ ਹੀ ਸੰਬੋਧਨ ਕੀਤਾ ਹੋਇਆ ਹੈ। ਸਹਿਜੇ ਸਹਿਜੇ ਨਾਮ 'ਖਾਰਾ ਮਾਂਗਟ' ਪੈ ਗਿਆ। ਫਿਰ ਨਿਰਾ 'ਮਾਂਗਟ' ਰਹਿ ਗਿਆ। ਅਸਲ ਗੱਲ ਇਹ ਸੀ ਕਿ ਉਥੋਂ ਦੇ ਜੱਟਾਂ ਦੀ ਗੋਤ ਦਾ ਨਾਮ 'ਖਾਰਾ' ਪਰਸਿੱਧ ਹੋ ਚੁਕਿਆ ਹੋਇਆ ਸੀ, ਉਥੋਂ ਹੀ ਕਸਬੇ ਦਾ ਨਾਮ 'ਖਾਰਾ' ਪਿਆ ਸੀ। 'ਖਾਰਾ ਮਾਂਗਟ' ਦੇ ਰਹਿਣ ਵਾਲੇ ਭਾਈ ਬੰਨੋ ਦੀ ਨਿਗਰਾਨੀ ਵਿਚ ਦੂਜਾ ਉਤਾਰਾ ਹੋਇਆ ਸੀ, ਉਸ 'ਬੀੜ' ਦਾ ਨਾਮ ਭੀ, 'ਖਾਰੇ ਦੀ ਬੀੜ' ਪੈ ਗਿਆ ਸੀ; ਫਿਰ ਸਹਿਜੇ ਸਹਿਜੇ 'ਖਾਰੀ ਬੀੜ'[੧] ਹੋ ਗਿਆ।

ਅਸੀ ਵੇਖ ਆਏ ਹਾਂ ਕਿ 'ਆਦਿ ਬੀੜ' ਦੀ ਸਾਰੀ ਲਿਖਾਈ ਭਾਦਰੋਂ ਵਦੀ ੧ ਨੂੰ ਮੁੱਕ ਕੇ ਉਸ ਦਾ ਪਰਕਾਸ਼ ਭਾਦਰੋਂ ਸੁਦੀ ੧ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਹੋ ਗਿਆ ਸੀ। ਭਾਈ ਬੰਨੋ ਦੀ ਨਿਗਰਾਨੀ ਵਿਚ ਲਿਖਾਈ ਗਈ ਬੀੜ ਵਾਲਾ ਉਤਾਰਾ ਅੱਸੂ ਵਦੀ ੧ ਨੂੰ ਖ਼ਤਮ ਹੋਇਆ ਸੀ, ਅਤੇ ਫਿਰ ਉਸ ਦਾ ਤਤਕਰਾ ਲਿਖਿਆ ਗਿਆ ਸੀ। ਇਹ ਤਰੀਕ ਉਸ 'ਬੀੜ' ਦੇ ਸ਼ੁਰੂ ਵਿਚ ਲਿਖੀ ਹੋਈ ਹੈ।

## ਹੋਰ ਉਤਾਰੇ

ਭਾਈ ਬੰਨੋ ਗੁਰੂ ਅਰਜਨ ਸਾਹਿਬ ਦੀ ਆਗਿਆ ਅਨੁਸਾਰ ਇਹ 'ਬੀੜ' ਆਪਣੇ ਪਿੰਡ ਮਾਂਗਟ (ਜ਼ਿਲਾ ਗੁਜਰਾਤ) ਲੈ ਗਿਆ। ਜਿਵੇਂ ਪਹਿਲਾਂ ਬਾਣੀ ਦੇ ਗੁਟਕੇ ਤੇ ਪੋਥੀਆਂ ਸਤਿਗੁਰੂ ਜੀ ਦੀ ਹਦਾਇਤ ਅਨੁਸਾਰ ਉਤਾਰਾ ਕੀਤੇ ਜਾਂਦੇ ਸਨ, ਅਤੇ ਮਸੰਦ ਉਹਨਾਂ ਦੀ ਰਾਹੀਂ ਦੂਰ-ਦੁਰੇਡੇ ਇਲਾਕਿਆਂ ਵਿਚ ਗੁਰਮਤਿ ਦਾ ਪਰਚਾਰ ਕਰਦੇ ਸਨ, ਹੁਣ ਇਸ ਗੱਲ ਵਲ ਭੀ ਧਿਆਨ ਦਿੱਤਾ ਗਿਆ ਕਿ ਸਾਰੀ 'ਬੀੜ' ਦੇ ਉਤਾਰੇ ਭੀ ਕੀਤੇ ਜਾਣ। ਪਰ ਸਾਰੀ ਬੀੜ ਦਾ ਉਤਾਰਾ ਬਹੁਤ ਲੰਮਾ ਵਕਤ ਮੰਗਦਾ ਸੀ। ਫਿਰ ਭੀ ਚੂੰਕਿ ਗੁਰਮੁਖੀ ਲਿਖਣ

---

੧. ਜੀ. ਬੀ. ਸਿੰਘ ਦੀ ਪੁਸਤਕ 'ਪ੍ਰਾਚੀਨ ਬੀੜਾਂ'।


www.sikhbookclub.com

ਵਾਲੇ ਕਾਤਬ ਬਥੇਰੇ ਬਣ ਚੁਕੇ ਸਨ, ਸਿਖ ਕੌਮ ਦੀ ਦਿਲਚਸਪੀ ਇਸ ਪਾਸੇ ਦਿਨੋ-ਦਿਨ ਵਧਦੀ ਗਈ। ਮਾਂਗਟ ਤੋਂ ਪਿਛੋਂ ਹੋਰ ਪਹਿਲੇ ਉਤਾਰੇ ਮਾਂਗਟ ਦੇ ਇਲਾਕੇ ਵਿਚ ਹੀ ਹੋ ਸਕਦੇ ਸਨ। ਗੁਰੂ ਅਰਜਨ ਦੇਵ ਜੀ ਦੀ ਹਯਾਤੀ ਵਿਚ ਹੀ ਮਾਂਗਟ ਤੋਂ ਹੋਰ ਉਤਾਰੇ ਹੋਣੇ ਸ਼ੁਰੂ ਹੋ ਗਏ। ਬੋਹਤ (ਤਸੀਲ ਫਾਲੀਆਂ), ਪਿੰਡੀ ਲਾਲਾ ਅਤੇ ਵਾਸੂ—ਇਹ ਕਸਬੇ ਜ਼ਿਲਾ ਗੁਜਰਾਤ ਵਿਚ ਹਨ। ਪਹਿਲੇ ਉਤਾਰੇ ਇਹਨਾਂ ਕਸਬਿਆਂ ਵਿਚ ਹੀ ਰਖੇ ਗਏ।

## ਫ਼ਾਲਤੂ ਨਕਲੀ ਬਾਣੀਆਂ

ਅੱਜ-ਕੱਲ੍ਹ ਭਾਈ ਬੰਨੋ ਵਾਲੀ ਅਤੇ ਕੁਝ ਕੁ ਹੋਰ ਲਿਖਤੀ ਬੀੜਾਂ ਦੇ ਅਖ਼ੀਰ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ ਹੇਠ ਕੁਝ ਨਕਲੀ ਬਾਣੀਆਂ ਦਰਜ ਮਿਲਦੀਆਂ ਹਨ। ਸਾਰੰਗ ਅਤੇ ਮਾਰੂ ਰਾਗ ਵਿਚ ਭੀ ਰਤਾ ਕੁ ਹੱਥ-ਫੇਰੀ ਕੀਤੀ ਮਿਲਦੀ ਹੈ। ਸਿਖ-ਧਰਮ ਦੇ ਵਿਰੁੱਧ ਇਹ ਇਕ ਲੰਮੀ ਗੋਂਦ ਦਾ ਨਤੀਜਾ ਹਨ। ਜੋ ਸੱਜਣ ਇਸ ਨੂੰ ਸਮਝਣਾ ਚਾਹੁਣ, ਉਹ ਮੇਰੀ ਕਿਤਾਬ 'ਆਦਿ ਬੀੜ ਬਾਰੇ' ਪੜ੍ਹਨ।

 www.sikhbookclub.com

# ਨੌਵਾਂ ਕਾਂਡ

## ਗੁਰੂ ਅਰਜਨ ਸਾਹਿਬ ਦੇ ਵਿਰੋਧੀ

ਅਸੀ ਪਿਛੇ ਵੇਖ ਆਏ ਹਾਂ ਕਿ ਜਦੋਂ ਤੋਂ ਗੋਇੰਦਵਾਲ ਵਿਚ ਜਾਤਿ-ਅਭਿਮਾਨੀ ਬ੍ਰਾਹਮਣ ਖੱਤ੍ਰੀਆਂ ਅਤੇ ਉਹਨਾਂ ਦੇ ਬਣੇ ਸਾਥੀ-ਖੋਜਿਆਂ ਨੇ ਗੁਰੂ ਕੇ ਲੰਗਰ ਦੀ ਸਮ-ਦ੍ਰਿਸ਼ਟਤਾ ਤੋਂ ਖਿੱਝ ਕੇ ਸਿਖ-ਧਰਮ ਦੀ ਵਿਰੋਧਤਾ ਸ਼ੁਰੂ ਕੀਤੀ, ਉਹ ਵਿਰੋਧਤਾ ਸਹਿਜੇ ਸਹਿਜੇ ਜੜ੍ਹਾਂ ਫੜਦੀ ਗਈ। ਸ਼ਾਹੀ ਦਰਬਾਰ ਦੇ ਕਈ ਕਰਮਚਾਰੀ ਭੀ ਇਸ ਵਿਚ ਦਿਲਚਸਪੀ ਲੈਣ ਲੱਗ ਪਏ ਸਨ। ਅਕਬਰ ਦਾ ਮੂੰਹ-ਲੱਗ ਬੀਰਬਲ ਤਾਂ ਜਦ ਕਦੇ ਸਬੱਬ ਬਣਦਾ ਸੀ, ਅਕਬਰ ਦੇ ਕੰਨ ਭਰਦਾ ਹੀ ਰਹਿੰਦਾ ਸੀ। ਪਰ ਅਕਬਰ ਬੜਾ ਸਿਆਣਾ ਨੀਤੀਵਾਨ ਸੀ, ਉਹ ਗੁਰੂ-ਘਰ ਦੇ ਵਿਰੁੱਧ ਸੁਣੀਆਂ ਸ਼ਿਕਾਇਤਾਂ ਨੂੰ ਸਦਾ ਅਣ-ਸੁਣੀਆਂ ਕਰਦਾ ਰਿਹਾ। ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਉਸ ਨੇ ਆਪ ਜਾ ਕੇ ਵੇਖ ਲਿਆ ਸੀ ਕਿ ਹਰੇਕ ਮੱਤ ਅਤੇ ਸ਼੍ਰੇਣੀ ਦੀ ਮਨੁੱਖਤਾ ਦਾ ਸਤਿਕਾਰ ਕੀਤਾ ਜਾਂਦਾ ਸੀ। ਗੁਰੂ ਅਮਰਦਾਸ ਜੀ ਦੇ ਭੇਜੇ (ਗੁਰੂ) ਰਾਮਦਾਸ ਜੀ ਨੂੰ ਉਹ ਪਹਿਲਾਂ ਹੀ ਲਾਹੌਰ ਮਿਲ ਕੇ ਉਹਨਾਂ ਦੇ ਗੁਣਾਂ ਅਤੇ ਜੀਵਨ ਵਲੋਂ ਤਸੱਲੀ ਕਰ ਚੁਕਿਆ ਹੋਇਆ ਸੀ। ਜਦੋਂ ਪੰਜਾਬ ਵਿਚ ਤ੍ਰਿੰਨ-ਸਾਲਾ ਕਾਲ ਪਿਆ, ਤੇ ਅਕਬਰ ਆਗਰੇ ਤੋਂ ਲਾਹੌਰ ਆ ਗਿਆ, ਉਦੋਂ ਭੀ ਉਹ ਸੁਣ ਵੇਖ ਰਿਹਾ ਸੀ ਕਿ ਗੁਰੂ ਅਰਜਨ ਸਾਹਿਬ ਨੇ ਮਾਝੇ ਦੇ ਪਿੰਡ ਪਿੰਡ ਵਿਚ ਜਾ ਕੇ ਕਾਲ-ਪੀੜਤ ਲੋਕਾਂ ਦੀ ਸਹਾਇਤਾ ਤੇ ਸਹੀ ਅਗਵਾਈ ਕੀਤੀ ਸੀ। ਜਦੋਂ ਕਾਲ ਦੀ ਪਿੱਛ-ਲੱਗ ਮਰੀ ਦੇ ਕਾਰਨ ਮੁਰਦਿਆਂ ਨਾਲ ਲਾਹੌਰ ਦੀਆਂ ਗਲੀਆਂ ਤੇ ਬਜ਼ਾਰ ਤਰੱਕ ਉਠੇ ਸਨ, ਉਦੋਂ ਦਾ ਭੀ ਅਕਬਰ ਨੂੰ ਪਤਾ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਉਥੇ ਅੱਠ ਮਹੀਨੇ ਰਹਿ ਕੇ ਦੁਖੀ ਬੰਦਿਆਂ ਦਾ ਦੁੱਖ ਹੌਲਾ ਕਰਨ ਲਈ ਦਿਨ ਰਾਤ ਇਕ ਕੀਤਾ ਹੋਇਆ ਸੀ।

੧੫੯੮ ਦੇ ਅਖ਼ੀਰ ਵਿਚ ਪੰਜਾਬ ਤੋਂ ਆਗਰੇ ਵਲ ਜਾ ਕੇ ਅਕਬਰ ਮੁੜ

ਪੰਜਾਬ ਨਹੀਂ ਆਇਆ। ਉਸ ਦੇ ਜੀਉਂਦਿਆਂ ਸਿਖ-ਧਰਮ ਦੇ ਵਿਰੋਧੀ ਸਿਰ ਨਾ ਚੁੱਕ ਸਕੇ, ਪਰ ਈਰਖਾ ਦੀ ਅੱਗ ਅੰਦਰੋ-ਅੰਦਰ ਧੁਖਦੀ ਰਹੀ। ਧੁਖਦੀ ਰਹਿਣੀ ਹੈ ਸੀ ਭੀ ਕੁਦਰਤੀ। ਬਾਬਾ ਪ੍ਰਿਥੀ ਚੰਦ ਜੀ ਇਸ ਅੱਗ ਨੂੰ ਧੁਖਦੇ ਰੱਖਣ ਲਈ ਹਰ ਸੰਭਵ ਜਤਨ ਕਰਦੇ ਰਹਿੰਦੇ ਸਨ।

ਪਿਛੇ ਵੇਖ ਚੁਕੇ ਹਾਂ ਕਿ ਜਦੋਂ ਲਾਹੌਰ ਵਿਚ ਕਾਲ ਤੇ ਮਰੀ ਦੇ ਕਾਰਨ ਲੋਕ ਬਹੁਤ ਦੁਖੀ ਸਨ, ਈਸਾਈ ਪਾਦਰੀਆਂ ਨੇ ਇਥੇ ਆ ਕੇ ਯਤੀਮਖ਼ਾਨੇ ਖੋਲ੍ਹੇ ਸਨ। ਇਹ ਈਸਾਈ ਪਾਦਰੀ ਯੂਰਪ ਦੇ ਮੁਲਕ ਪੁਰਤਗਾਲ ਵਿਚੋਂ ਆਏ ਹੋਏ ਸਨ, ਭਾਰਤ ਦੇ ਪੱਛਮੀ ਸਮੁੰਦਰੀ ਕੰਢੇ ਉਤੇ ਗੋਆ ਵਿਚ ਪੁਰਤਗੇਜ਼ਾਂ ਨੇ ਆਪਣੀ ਬਸਤੀ ਕਾਇਮ ਕੀਤੀ ਹੋਈ ਸੀ। ਮਿਲ-ਮਿਲਾ ਕੇ ਇਹਨਾਂ ਪਾਦਰੀਆਂ ਨੇ ਅਕਬਰ ਪਾਸੋਂ ਇਹ ਸ਼ਾਹੀ ਲਿਖਤ ਭੀ ਲੈ ਲਈ ਹੋਈ ਸੀ ਕਿ ਜੇ ਕੋਈ ਮੁਸਲਮਾਨ ਦੀਨ ਛੱਡਣਾ ਚਾਹੇ ਤਾਂ ਉਸ ਦੇ ਰਾਹ ਵਿਚ ਕੋਈ ਸਰਕਾਰੀ ਰੁਕਾਵਟ ਨਾ ਹੋਵੇ। ਬ੍ਰਾਹਮਣਾਂ ਦੀ ਜਾਤਿ-ਅਭਿਮਾਨ ਦੀ ਕੁਟਿਲ ਨੀਤੀ ਦੇ ਕਾਰਨ ਨੀਵੀਂ ਜਾਤਿ ਵਾਲਿਆਂ ਦੇ ਸਾਹਮਣੇ ਜੋ ਇਸਲਾਮ ਦਾ ਸੋਹਣਾ ਝਲਕਾਰਾ ਪਹਿਲਾਂ ਵੱਜਾ ਸੀ, ਉਹ ਝਲਕਾਰਾ ਹੁਣ ਤਕ ਮੁਸਲਮਾਨ ਹਾਕਮਾਂ ਦੀਆਂ ਬਦ-ਕਾਰੀਆਂ ਤੇ ਅੱਤਿਆਚਾਰਾਂ ਦੇ ਕਾਰਨ ਮੱਠਾ ਪੈ ਚੁਕਾ ਸੀ। ਹਿੰਦੂ ਤੋਂ ਮੁਸਲਮਾਨ ਬਣੇ ਕਈ ਬੰਦੇ ਈਸਾਈ ਮੱਤ ਨੂੰ ਪਸੰਦ ਕਰਨ ਲੱਗ ਪਏ ਸਨ। ਕਈ ਘਰਾਣੇ ਗੁਰੂ-ਘਰ ਵਲ ਭੀ ਖਿਚੇ ਜਾ ਚੁਕੇ ਸਨ। ਕਾਜ਼ੀ ਮੁਲਾਣੇ ਲੋਕਾਂ ਵਾਸਤੇ ਇਹ ਗੱਲ ਬੜੀ ਅਸਹਿ ਸੀ, ਪਰ ਅਕਬਰ ਦੀ ਰਾਜਨੀਤੀ ਉਹਨਾਂ ਦੀ ਪੇਸ਼ ਨਹੀਂ ਜਾਣ ਦੇਂਦੀ ਸੀ।

ਜਦੋਂ ਅਕਬਰ ਦੀ ਜ਼ਿੰਦਗੀ ਦੇ ਦਿਨ ਮੁੱਕਣ ਤੇ ਆਉਂਦੇ ਗਏ, ਤਾਂ ਦਰਬਾਰੀ ਮੁਸਲਮਾਨ ਅਮੀਰਾਂ ਨੇ ਕਾਜ਼ੀ ਲੋਕਾਂ ਦੀ ਪ੍ਰੇਰਨਾ ਨਾਲ ਜਹਾਂਗੀਰ ਦੀ, ਤਖ਼ਤ ਵਾਸਤੇ ਹਿਮਾਇਤ ਇਕ ਇਸ ਸ਼ਰਤ ਉਤੇ ਭੀ ਮੰਨੀ ਸੀ ਕਿ ਉਹ ਕਿਸੇ ਮੁਸਲਮਾਨ ਨੂੰ ਦੀਨ ਛਡਣ ਦੀ ਇਜਾਜ਼ਤ ਨਾ ਦੇਵੇ। ਸੋ, ਦਿਲੋਂ ਜਹਾਂਗੀਰ ਭਾਵੇਂ ਕੁਝ ਭੀ ਹੋਵੇ, ਉਸ ਨੇ ਤਖ਼ਤ ਦੀ ਖ਼ਾਤਰ ਇਹ ਢੌਂਗ ਕਾਇਮ ਰਖਣਾ ਸੀ।

## ਚੰਦੂ

ਜ਼ਿਲਾ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਰਹਿਣ ਵਾਲਾ ਚੰਦੂ ਲਾਲ ਖੱਤ੍ਰੀ, ਕਿਸਮਤ ਦਾ ਚੁਕਿਆ ਹੋਇਆ ਸਹਿਜੇ ਸਹਿਜੇ ਲਾਹੌਰ ਸਰਕਾਰੀ ਮੁਲਾਜ਼ਮਤ ਵਿਚ ਜਾ ਅੱਪੜਿਆ। ਮੁਸਲਮ ਰਾਜ ਦੀ ਲੰਮੀ ਗ਼ੁਲਾਮੀ ਵਿਚ ਦੱਬੇ ਹੋਏ ਹਿੰਦੂ-ਸਮਾਜ ਨੇ ਆਪਣੀਆਂ ਧੀਆਂ ਦੀ ਕਿਸਮਤ ਦੀ ਵਾਗ-ਡੋਰ ਬ੍ਰਾਹਮਣਾਂ



Page 179 www.sikhbookclub.com

ਤੇ ਨਾਈਆਂ ਦੇ ਹੱਥ ਦੇ ਰਖੀ ਸੀ। ਚੰਦੂ ਨੇ ਆਪਣੀ ਧੀ ਦਾ ਸਾਕ ਲੱਭਣ ਲਈਂ ਲਾਗੀ ਭੇਜੇ। ਸਿਖ-ਇਤਿਹਾਸ ਲਿਖਦਾ ਹੈ ਕਿ ਉਹ ਲਾਗੀ ਅੰਮ੍ਰਿਤਸਰ ਆ ਕੇ ਗੁਰੂ ਅਰਜਨ ਸਾਹਿਬ ਦੇ ਸਾਹਿਬਜ਼ਾਦੇ (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਯੋਗ ਵਰ ਜਾਣ ਕੇ ਪਸੰਦ ਕਰ ਗਏ। ਚੰਦੂ ਨੂੰ ਇਹ ਜੋੜ ਪਸੰਦ ਨਾ ਆਇਆ। ਉਸ ਨੇ ਅਹੰਕਾਰ ਵਿਚ ਆ ਕੇ ਆਪਣੇ ਆਪ ਨੂੰ ਚੁਬਾਰਾ ਅਤੇ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਨੂੰ ਮੋਰੀ ਆਖਿਆ। ਫਿਰ ਭੀ ਚੰਦੂ ਨੇ ਲਾਗੀਆਂ ਦੀ ਟੁੱਕੀ ਹੋਈ ਗੱਲ ਪਰਵਾਨ ਕਰ ਲਈ, ਕਿਉਂਕਿ ਉਸ ਨੂੰ ਇਹ ਭੀ ਲਾਲਚ ਸੀ ਕਿ ਗੁਰੂ-ਘਰ ਵਿਚ ਧੀ ਨੂੰ ਧਨ ਦੀ ਥੁੜ ਨਹੀਂ ਹੋਵੇਗੀ ਅਤੇ ਸਿੱਖਾਂ ਦੀ ਮਾਂ ਅਖਵਾਏਗੀ। ਦੂਜੇ ਪਾਸੇ, ਜਿਸ ਅਹੰਕਾਰੀ ਨੇ ਗੁਰੂ-ਘਰ ਨੂੰ ਕੰਗਾਲ ਫ਼ਕੀਰਾਂ ਦਾ ਘਰ ਆਖ ਕੇ ਸਤਿਗੁਰੂ ਨਾਨਕ ਦੇਵ ਜੀ ਦੀ ਭਾਰੀ ਨਿਰਾਦਰੀ ਕੀਤੀ ਸੀ, ਉਸ ਨਾਲ ਸਾਂਝ ਪਾਉਣੀ ਗੁਰੂ ਅਰਜਨ ਸਾਹਿਬ ਨੇ ਪਰਵਾਨ ਨਾ ਕੀਤੀ। ਇਸ ਤਰ੍ਹਾਂ ਆਪਣੀ ਹੀ ਮੰਦ ਕਰਤੂਤ ਦਾ ਫਿਟਕਾਰਿਆ ਹੋਇਆ ਚੰਦੂ ਸਤਿਗੁਰੂ ਜੀ ਦਾ ਦਿਲੋਂ ਵੈਰੀ ਬਣ ਗਿਆ। ਉਸ ਨੇ ਹੋਰ ਭੀ ਕਈ ਸਰਕਾਰੀ ਕਰਮਚਾਰੀਆਂ ਦੇ ਦਿਲ ਵਿਚ ਗੁਰੂ ਸਾਹਿਬ ਦੇ ਵਿਰੁੱਧ ਜ਼ਹਿਰ ਭਰ ਦਿਤੀ।

## ਜਹਾਂਗੀਰ ਦਾ ਤਖ਼ਤ ਉਤੇ ਬੈਠਣਾ

੧੭ ਅਕਤੂਬਰ ਸੰਨ ੧੬੦੫ ਨੂੰ ਅਕਬਰ ਆਗਰੇ ਵਿਚ ਸਦਾ ਲਈ ਅੱਖਾਂ ਮੀਟ ਗਿਆ। ਉਸ ਦੇ ਥਾਂ ਉਸ ਦਾ ਪੁੱਤਰ ਸਲੀਮ ਤਖ਼ਤ ਉਤੇ ਬੈਠਾ, ਜੋ ਜਹਾਂਗੀਰ ਦੇ ਨਾਮ ਨਾਲ ਪਰਸਿੱਧ ਹੋਇਆ। ਸਲੀਮ ਨੂੰ ਤਖ਼ਤ ਵਾਸਤੇ ਵਰ੍ਹਿਆਂ-ਬੱਧੀ ਤਰਲੇ ਲੈਣੇ ਪਏ ਸਨ, ਹੀਲੇ ਹੱਥ-ਕੰਡੇ ਕਰਨੇ ਪਏ ਸਨ। ਇਹ ੩੦ ਅਗਸਤ ਸੰਨ ੧੫੬੯ ਨੂੰ ਜੰਮਿਆ ਸੀ। ਇਸ ਦਾ ਪਿਉ ਅਕਬਰ ਸੰਨ ੧੬੦੫ ਵਿਚ ਮਰਿਆ। ਸਲੀਮ ਉਸ ਵਕਤ ੩੬ ਸਾਲਾਂ ਦਾ ਹੋ ਚੁਕਿਆ ਸੀ। ਉਸ ਦੀ ਜਵਾਨੀ ਲੰਘਦੀ ਜਾ ਰਹੀ ਸੀ, ਉਸ ਨੂੰ ਪਿਉ ਉਤੇ ਗੁੱਸਾ ਆ ਰਿਹਾ ਸੀ ਕਿ ਮਰਨ ਵਿਚ ਕਿਉਂ ਨਹੀਂ ਆਉਂਦਾ। ਅਕਬਰ ਨੇ ਰਾਜ ਭੀ ਤਾਂ ੪੯ ਸਾਲ ਕੀਤਾ ਸੀ। ਸੋ, ਸਲੀਮ ਨੇ ਸੰਨ ੧੬੦੧ ਵਿਚ ਬਗ਼ਾਵਤ ਭੀ ਕਰ ਦਿੱਤੀ ਸੀ, ਪਰ ਮੂੰਹ ਦੀ ਖਾਣੀ ਪਈ ਸਾ ਸੁ। ਆਖ਼ਰ ਸੰਨ ੧੬੦੪ ਵਿਚ ਪਿਉ ਨਾਲ ਓਪਰੀ ਓਪਰੀ ਸੁਲਹ ਕਰ ਲਈਓਸੁ। ਕਈ ਇਤਿਹਾਸਕਾਰ ਲਿਖਦੇ ਹਨ ਕਿ ਤਖ਼ਤ ਦੀ ਖ਼ਾਤਰ ਸਲੀਮ ਨੇ ਆਪਣੇ ਪਿਉ ਅਕਬਰ ਨੂੰ ਇਕ ਵਾਰੀ ਜ਼ਹਿਰ ਭੀ ਦਿਵਾ ਦਿਤਾ ਸੀ, ਪਰ ਸੂਲ ਨਾਲ ਕੁਝ ਚਿਰ ਬਹੁਤ ਤੰਗ ਰਹਿ ਕੇ ਆਖ਼ਰ ਅਕਬਰ ਬੱਚ ਗਿਆ ਸੀ। ਇਕ ਤਾਂ ਸਲੀਮ ਦੇ ਬੁਰੇ ਲੇਖਾਂ ਨੂੰ ਪਿਉ ਮਰਨ ਵਿਚ ਨਹੀਂ ਸੀ ਆਉਂਦਾ,

ਦੂਜੇ ਉਸ ਨੂੰ ਇਕ ਹੋਰ ਸਹਿਮ ਪੈ ਗਿਆ। ਉਸ ਨੂੰ ਸ਼ੱਕ ਪੈ ਗਿਆ ਕਿ ਅਕਬਰ ਤਾਂ ਉਸ ਨੂੰ ਤਖ਼ਤ ਤੋਂ ਉਂਜ ਹੀ ਜਵਾਬ ਦੇਣ ਦੀਆਂ ਸੋਚਾਂ ਸੋਚ ਰਿਹਾ ਹੈ। ਇਹ ਸ਼ੱਕ ਹੈ ਸੀ ਭੀ ਸੱਚਾ। ਸਲੀਮ ਪਰਲੇ ਦਰਜੇ ਦਾ ਸ਼ਰਾਬੀ ਹੋ ਚੁਕਾ ਸੀ। ੧੭ ਸਾਲ ਦੀ ਉਮਰ ਤਕ ਤਾਂ ਉਸ ਨੇ ਸ਼ਰਾਬ ਦੀ ਕਦੇ ਇਕ ਬੂੰਦ ਭੀ ਨਹੀਂ ਸੀ ਚੱਖੀ, ਪਰ ਇਕ ਨੌਕਰ ਦੀ ਪ੍ਰੇਰਨਾ 'ਤੇ ਜਦੋਂ ਇਕ ਵਾਰੀ ਸ਼ਿਕਾਰ ਤੋਂ ਵਾਪਸ ਆ ਕੇ ਮੂੰਹ ਲਾ ਬੈਠਾ, ਫਿਰ ਤਾਂ ਸ਼ਰਾਬ ਉਤੇ ਲੱਟੂ ਹੀ ਹੋ ਗਿਆ। ਇਥੋਂ ਤਕ ਇਹ ਇੱਲਤ ਵਧੀ ਕਿ ਦਿਨ ਵਿਚ ਪੰਜ ਪੰਜ ਸੇਰ ਪੱਕੇ ਪੀ ਜਾਂਦਾ ਸੀ। ਅਕਬਰ ਦੇ ਦੋ ਪੁੱਤਰ ਮੁਰਾਦ ਤੇ ਦਾਨੀਆਲ ਸ਼ਰਾਬ ਦੇ ਢਹੇ ਚੜ੍ਹ ਕੇ ਹੀ ਛੇਤੀ ਮਰ ਗਏ ਸਨ। ਜਦੋਂ ਉਸ ਨੇ ਸਲੀਮ ਦਾ ਇਹ ਭੈੜਾ ਹਾਲ ਸੁਣਿਆ ਤਾਂ ਉਹ ਸਲਾਹਾਂ ਕਰਨ ਲੱਗ ਪਿਆ ਕਿ ਮੇਰੇ ਮਰਨ ਪਿਛੋਂ ਸਲੀਮ ਦੇ ਥਾਂ ਸਲੀਮ ਦੇ ਪੁੱਤਰ ਖ਼ੁਸਰੋ ਨੂੰ ਤਖ਼ਤ ਦਿਤਾ ਜਾਏ। ਇਹ ਸੋਆਂ ਸੁਣ ਕੇ ਸਲੀਮ ਦੀ ਹਿੱਕ ਉਤੇ ਤਾਂ ਮਾਨੋ ਸੱਪ ਲੇਟ ਗਿਆ। ਪਰ ਸਲੀਮ ਹੈ ਸੀ ਬੜਾ ਹੁਸ਼ਿਆਰ। ਅਕਬਰ ਦੇ ਕਈ ਦਰਬਾਰੀਆਂ ਨਾਲ ਉਸ ਨੇ ਗੰਢ-ਤੁੱਪ ਕਰ ਲਈ। ਗੋਆ ਦੇ ਈਸਾਈ ਮੱਤ ਦੇ ਪਾਦਰੀਆਂ ਨੂੰ ਭੀ ਕਈ ਝੂਠੇ-ਸੱਚੇ ਇਕਰਾਰ ਦੇ ਕੇ ਆਪਣੇ ਪੱਖ 'ਤੇ ਕਰ ਲਇਓਸੁ। ਉਹਨਾਂ ਅੱਗੇ ਇਹ ਭੀ ਲਾਰੇ ਲਾਇਓਸੁ ਕਿ ਮੈਨੂੰ ਈਸਾਈ ਮੱਤ ਬੜਾ ਪਿਆਰਾ ਲੱਗਦਾ ਹੈ। ਇੰਗਲਿਸਤਾਨ ਵਿਚ ਤਦੋਂ ਮਲਕਾ ਅਲਿਜ਼ਬਿਥ ਦਾ ਰਾਜ ਸੀ। ਪੁਰਤਗੇਜ਼ਾਂ ਦੀ ਰੀਸੇ ਉਸ ਨੇ ਭੀ ਹਿੰਦੁਸਤਾਨ ਵਿਚ ਪੈਰ ਜਮਾਣ ਲਈ ਤਜਾਰਤ ਕਰਨ ਦੇ ਬਹਾਨੇ ਆਪਣੇ ਪ੍ਰਤਿਨਿਧ ਭੇਜੇ, ਜੋ ਸੰਨ ੧੬੦੩ ਵਿਚ ਲਾਹੌਰ ਪਹੁੰਚੇ ਤੇ ਅਗਾਂਹ ਅਕਬਰ ਪਾਸ ਆਗਰੇ ਗਏ। ਪੁਰਤਗੇਜ਼ ਪਾਦਰੀਆਂ ਦੀ ਸ਼ਹਿ 'ਤੇ ਅਕਬਰ ਅੰਗਰੇਜ਼ਾਂ ਨੂੰ ਅਜੇ ਲਾਰੇ-ਲੱਪੇ ਲਾ ਰਿਹਾ ਸੀ। ਪਰ ਸਲੀਮ ਨੇ ਇਹਨਾਂ ਨੂੰ ਆਪਣਾ ਪੱਖੀ ਬਣਾਣ ਲਈ ਵਿਚ ਪੈ ਕੇ ਤਜਾਰਤ ਦੀ ਇਜਾਜ਼ਤ ਲੈ ਦਿਤੀ। ਸਲੀਮ ਦੇ ਇਹ ਸਾਰੇ ਉੱਦਮ ਇਸ ਖ਼ਾਤਰ ਸਨ ਕਿ ਜੇ ਉਸ ਦਾ ਹੱਕ ਖੋਹ ਕੇ ਉਸ ਦੇ ਪੁੱਤਰ ਖ਼ੁਸਰੋ ਨੂੰ ਤਖ਼ਤ ਮਿਲਣ ਲੱਗੇ ਤਾਂ ਇਹ ਸਾਰੇ ਸਾਥੀ ਵੇਲੇ ਸਿਰ ਕੰਮ ਆ ਸਕਣ। ਖ਼ੁਸਰੋ ਦੀ ਖ਼ਾਤਰ ਸਲੀਮ ਨੂੰ ਅਕਬਰ ਦੇ ਅਖ਼ੀਰਲੇ ਦਿਨਾਂ ਵਿਚ ਗ੍ਰਿਫ਼ਤਾਰ ਕਰਨ ਦੇ ਹੀਲੇ ਭੀ ਕੀਤੇ ਗਏ ਸਨ, ਪਰ ਉਸ ਦੇ ਪੱਖੀ ਦਰਬਾਰੀਆਂ ਨੇ ਵੇਲੇ ਸਿਰ ਖ਼ਬਰ ਦੇ ਕੇ ਉਸ ਨੂੰ ਬਚਵਾ ਦਿਤਾ ਸੀ।

ਇਸ ਸਾਰੀ ਦੌੜ-ਭੱਜ ਦਾ ਸਦਕਾ ਅਕਬਰ ਦੇ ਮਰਨ 'ਤੇ ਸਲੀਮ (ਜਹਾਂਗੀਰ) ਨੂੰ ਤਖ਼ਤ ਮਿਲ ਹੀ ਗਿਆ। ਪਰ ਉਸ ਦੇ ਪੁੱਤਰ ਖ਼ੁਸਰੋ ਨੇ ਬਗ਼ਾਵਤ

ਕਰ ਦਿਤੀ। ਜਹਾਂਗੀਰ ਨੇ ਤਖ਼ਤ ਉਤੇ ਬੈਠਦਿਆਂ ਖ਼ੁਸਰੋ ਨੂੰ ਆਗਰੇ ਦੇ ਕਿਲ੍ਹੇ ਵਿਚ ਨਜ਼ਰ-ਬੰਦੀ ਜਿਹੀ ਦੀ ਹਾਲਤ ਵਿਚ ਰਖਿਆ ਹੋਇਆ ਸੀ। ਖ਼ੁਸਰੋ ਇਹ ਸਭ ਕੁਝ ਸਮਝਦਾ ਸੀ। ੬ ਅਪ੍ਰੈਲ ਸੰਨ ੧੬੦੬ ਨੂੰ ਮੌਕਾ ਪਾ ਕੇ ਉਥੋਂ ਪੰਜਾਬ ਵਲ ਭੱਜ ਨਿਕਲਿਆ। ਸਾਢੇ ਤਿੰਨ ਸੌ ਅਸਵਾਰ ਉਸ ਦੇ ਨਾਲ ਸਨ। ਮਥਰਾ ਪਹੁੰਚ ਕੇ ਉਸ ਨੂੰ ਇਤਨੇ ਹੀ ਮਨ-ਚਲੇ ਹੋਰ ਮਿਲ ਗਏ। ਦਿੱਲੀ ਅੱਪੜਨ ਤਕ ਉਸ ਦੇ ਨਾਲ ਬਾਰ੍ਹਾਂ ਹਜ਼ਾਰ ਬੰਦਿਆਂ ਦੀ ਭੀੜ ਹੋ ਗਈ। ਪੰਜਾਬ ਦੀ ਰਾਜਧਾਨੀ ਉਤੇ ਕਬਜ਼ਾ ਜਮਾਣ ਲਈ ਖ਼ੁਸਰੋ ਲਾਹੌਰ ਪਹੁੰਚਿਆ, ਪਰ ਉਸ ਦੇ ਪਹੁੰਚਣ ਤੋਂ ਦੋ ਦਿਨ ਪਹਿਲਾਂ ਹੀ ਜਹਾਂਗੀਰ ਦੇ ਇਕ ਵਫ਼ਾਦਾਰ ਸਰਦਾਰ ਨੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਸੀ। ਖ਼ੁਸਰੋ ਨੇ ਨੌਂ ਦਿਨ ਘੇਰਾ ਘੱਤੀ ਰੱਖਿਆ, ਪਰ ਬਣਿਆ ਕੁਝ ਨਾ। ਉਧਰੋਂ ਜਹਾਂਗੀਰ ਫ਼ੌਜ ਲੈ ਕੇ ਸਿਰ 'ਤੇ ਆ ਪਹੁੰਚਿਆ। ਖ਼ੁਸਰੋ ਭੱਜ ਨਿਕਲਿਆ, ਪਰ ਦਰਿਆ ਝਨਾਂ ਉਤੇ ਸੋਧਰੇ ਦੇ ਪਾਸ ਉਥੋਂ ਦੇ ਚੌਧਰੀ ਦੀ ਰਾਹੀਂ ਕੁਝ ਸਾਥੀਆਂ ਸਮੇਤ ਫੜਿਆ ਗਿਆ। ਜਹਾਂਗੀਰ ਲਾਹੌਰ ਟਿਕਿਆ ਹੋਇਆ ਸੀ। ੧ ਮਈ ਨੂੰ ਖ਼ੁਸਰੋ ਕੈਦੀ ਦੀ ਹਾਲਤ ਵਿਚ ਲਾਹੌਰ ਲਿਆਂਦਾ ਗਿਆ।

ਜਿਸ ਜਹਾਂਗੀਰ ਨੇ ਇਤਨਾ ਸਹਿਕ ਸਹਿਕ ਕੇ ਤਖ਼ਤ ਲੱਭਾ ਸੀ, ਪੁੱਤਰ ਦੀ ਬਗ਼ਾਵਤ ਉਸ ਵਾਸਤੇ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ। ਉਸ ਦੇ ਅੰਦਰ ਗੁੱਸੇ ਦੇ ਭਾਂਬੜ ਮੱਚ ਰਹੇ ਸਨ। ਜਿਸ ਵੇਲੇ ਖ਼ੁਸਰੋ ਨੂੰ ਲਾਹੌਰ ਅਪੜਾਇਆ ਗਿਆ, ਉਸੇ ਹੀ ਵੇਲੇ ਜਹਾਂਗੀਰ ਨੇ ਉਸ ਦੇ ਹਿਮਾਇਤੀਆਂ ਨੂੰ ਬੜੇ ਬੜੇ ਤਸੀਹੇ ਦੇ ਕੇ ਸ਼ਹਿਰ ਦੇ ਦਰਵਾਜ਼ਿਆਂ ਦੇ ਸਾਹਮਣੇ ਸੂਲੀਆਂ ਉਤੇ ਲਟਕਵਾ ਦਿਤਾ। ਖ਼ੁਸਰੋ ਦੀ ਬਗ਼ਾਵਤ ਦਾ ਫ਼ਾਇਦਾ ਉਠਾ ਕੇ ਲਾਹੌਰ ਦੇ ਦੋ ਤੁਰਨੇ ਸਿਰ ਬੰਦਿਆਂ ਅੰਬਾ ਤੇ ਰਾਜੂ ਨੇ ਸ਼ਹਿਰ ਵਿਚੋਂ ਕਾਫ਼ੀ ਲੁੱਟ-ਮਾਰ ਕਰ ਲਈ ਸੀ। ਜਹਾਂਗੀਰ ਨੇ ਇਹਨਾਂ ਦੇ ਜੁਰਮ ਨੂੰ ਕੁਝ ਕੱਸਾ ਮਿਥ ਕੇ ਸਿਰਫ਼ ਇਹਨਾਂ ਦੀ ਜਾਨ-ਬਖ਼ਸ਼ੀ ਕੀਤੀ ਸੀ, ਜੁਰਮਾਨਾ ਲੈ ਕੇ ਇਹਨਾਂ ਨੂੰ ਛਡ ਦਿਤਾ ਸੀ। ਆਪਣੇ ਅੰਦਰ ਦੀ ਈਰਖਾ ਤੇ ਕ੍ਰੋਧ ਦੀ ਅੱਗ ਨੂੰ ਸ਼ਾਂਤ ਕਰਨ ਲਈ ਜਹਾਂਗੀਰ ਨੇ ਖ਼ੁਸਰੋ ਦੇ ਸਾਥੀਆਂ ਨੂੰ ਇਕ ਦੋ ਦਿਨਾਂ ਵਿਚ ਹੀ ਤਸੀਹਿਆਂ ਨਾਲ ਮਾਰ ਮੁਕਾਇਆ।

ਜਿਨ੍ਹਾਂ ਸਰਦਾਰਾਂ ਤੇ ਚੌਧਰੀਆਂ ਨੇ ਜਹਾਂਗੀਰ ਨਾਲ ਸਾਥ ਨਿਬਾਹਿਆ ਸੀ, ਉਹਨਾਂ ਨੂੰ ਉਸ ਨੇ ਇਨਾਮ ਭੀ ਦਿਤੇ। ਸ਼ੇਖ਼ ਫ਼ਰੀਦ ਬੁਖ਼ਾਰੀ ਨੇ ਲਾਹੌਰ ਦਾ ਕਿਲ੍ਹਾ ਖ਼ੁਸਰੋ ਦੇ ਹਵਾਲੇ ਨਹੀਂ ਸੀ ਕੀਤਾ, ਜਹਾਂਗੀਰ ਨੇ ਉਸ ਨੂੰ ਮੁਰਤਜ਼ਾ ਖ਼ਾਂ ਦਾ ਖ਼ਿਤਾਬ ਦਿਤਾ। ਝਨਾਂ ਤੇ ਜੇਹਲਮ ਦੇ ਵਿਚਕਾਰਲੇ ਇਲਾਕੇ ਵਿਚ ਕਈ ਚੌਧਰੀਆਂ ਨੂੰ ਜਗੀਰਾਂ ਵੰਡੀਆਂ।



 www.sikhbookclub.com

## ਗੁਰੂ ਅਰਜਨ ਸਾਹਿਬ ਦੇ ਵਿਰੋਧੀਆਂ ਦੀ ਸਾਜ਼ਸ਼

ਜਿਨ੍ਹਾਂ ਜਾਤਿ-ਅਭਿਮਾਨੀਆਂ ਦੀ ਕਈ ਵਰ੍ਹਿਆਂ ਦੀ ਈਰਖਾ ਨੇ ਲਾਹੌਰ ਤੇ ਦਿੱਲੀ ਦੇ ਸ਼ਾਹੀ ਦਰਬਾਰਾਂ ਵਿਚ ਗੁਰੂ ਅਰਜਨ ਸਾਹਿਬ ਦੇ ਵਿਰੋਧੀ ਪੈਦਾ ਕਰ ਦਿਤੇ ਸਨ, ਉਹਨਾਂ ਨੂੰ ਆਪਣੇ ਦਿਲ ਦੇ ਪੁਰਾਣੇ ਸਾੜ ਕੱਢਣ ਦਾ ਹੁਣ ਮੌਕਾ ਮਿਲਿਆ। ਅਕਬਰ ਦੀ ਨਰਮ ਰਾਜਨੀਤੀ ਦੇ ਕਾਰਨ ਕਈ ਮੁਸਲਮਾਨ-ਘਰਾਣੇ ਈਸਾਈ ਬਣ ਚੁਕੇ ਹੋਏ ਸਨ, ਕਈ ਘਰਾਣੇ ਸਿਖ ਭੀ ਬਣ ਗਏ ਸਨ। ਕਾਜ਼ੀਆਂ ਨੂੰ ਭੀ ਇਹ ਕੰਡਾ ਚੁੱਭ ਰਿਹਾ ਸੀ। ਚੰਦੂ ਨੇ ਇਹਨਾਂ ਲੋਕਾਂ ਨੂੰ ਹੋਰ ਚਮਕਾਇਆ। ਸਭ ਨੇ ਰਲ ਕੇ ਗੋਂਦ ਗੁੰਦੀ। (ਬਾਬਾ ਪ੍ਰਿਥੀ ਚੰਦ ਜੀ ਦਾ ਦੇਹਾਂਤ ਸੰਨ ੧੬੦੫ ਦੇ ਅਖ਼ੀਰ ਵਿਚ ਹੋ ਚੁਕਾ ਸੀ)। ਜਹਾਂਗੀਰ ਤਾਂ ਖ਼ੁਸਰੋ ਦੇ ਹਿਮਾਇਤੀਆਂ, ਆਪਣੇ ਵੈਰੀਆਂ ਦੀ ਅਲਖ ੨ ਮਈ ਤਕ ਪਹਿਲੇ ਦੋ ਦਿਨਾਂ ਵਿਚ ਹੀ ਮੁਕਾ ਚੁੱਕਾ ਸੀ। ਉਸ ਨੇ ਇਹ ਵੈਰ ਲਿਆ ਭੀ ਆਪ ਸਾਹਮਣੇ ਖਲੋ ਕੇ। ਜਦੋਂ ਖ਼ੁਸਰੋ ਦੇ ਹਿਮਾਇਤੀਆਂ ਨੂੰ ਖੁਲ੍ਹੇ ਬਜ਼ਾਰਾਂ ਵਿਚ ਤਸੀਹੇ ਦਿਤੇ ਜਾ ਰਹੇ ਸਨ ਤਾਂ ਜਹਾਂਗੀਰ ਖ਼ੁਸਰੋ ਨੂੰ ਨਾਲ ਲੈ ਕੇ ਆਪ ਜਾ ਕੇ ਵੇਖਦਾ ਸੀ, ਹੱਸਦਾ ਸੀ, ਤੇ ਖ਼ੁਸਰੋ ਨੂੰ ਚੋਭਾਂ ਦੇਣ ਲਈ ਆਖਦਾ ਸੀ ਕਿ ਆਪਣੇ ਵਫ਼ਾਦਾਰਾਂ ਦੀ ਸਲਾਮ ਕਬੂਲ ਕਰੋ। ਫਿਰ ਭੀ ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਨੇ ਇਹੀ ਆਖ ਕੇ ਜਹਾਂਗੀਰ ਦੇ ਕੰਨ ਭਰੇ ਕਿ ਉਹਨਾਂ ਖ਼ੁਸਰੋ ਦੇ ਮੱਥੇ ਉਤੇ ਤਿਲਕ ਲਾਇਆ ਸੀ, ਉਸ ਨੂੰ ਅਸੀਸ ਦਿਤੀ ਸੀ ਅਤੇ ਰੁਪਏ ਨਾਲ ਭੀ ਮਦਦ ਕੀਤੀ ਸੀ। ਵਿਰੋਧੀ ਜਾਣਦੇ ਸਨ ਕਿ ਇਹ ਇਲਜ਼ਾਮ ਹੀ ਇਕ ਐਸਾ ਕਾਰੀ ਹਥਿਆਰ ਹੈ ਜਿਸ ਦਾ ਵਾਰ ਕਦੇ ਉੱਕ ਨਹੀਂ ਸਕਦਾ। ਵੈਰੀਆਂ ਨੇ ਇਹ ਭੀ ਆਖਿਆ ਕਿ ਗੁਰੂ ਦੀ ਪ੍ਰੇਰਨਾ ਨਾਲ ਕਈ ਮੂਰਖ-ਮੁਸਲਮਾਨ ਦੀਨ ਛਡਦੇ ਜਾ ਰਹੇ ਸਨ।

ਜਹਾਂਗੀਰ ਦਿਲੋਂ ਜਾਣਦਾ ਸੀ ਕਿ ਖ਼ੁਸਰੋ ਦੇ ਅਸਲ ਹਿਮਾਇਤੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਚੁਕੀਆਂ ਹਨ, ਪਰ ਉਸ ਨੇ ਅਸਰ-ਰਸੂਖ਼ ਵਾਲੇ ਮੁਸਲਮਾਨ ਸਰਦਾਰਾਂ ਨੂੰ ਪਹਿਲਾਂ ਹੀ ਬਚਨ ਦਿਤਾ ਹੋਇਆ ਸੀ ਕਿ ਮੈਂ ਇਸਲਾਮ ਦੀ ਰਾਖੀ ਕਰਾਂਗਾ। ਮਾਝੇ ਵਿਚ ਸਿਖ-ਧਰਮ ਦੇ ਡੂੰਘੇ ਰਸੂਖ਼ ਦੀ ਭੀ ਉਸ ਨੂੰ ਵਾਕਫ਼ੀ ਸੀ। ਸਾਰੇ ਦੇ ਸਾਰੇ ਪੇਂਡੂ ਇਲਾਕੇ ਦੇ ਗ਼ਰੀਬ ਲੋਕਾਂ ਦਾ ਜਾਗ ਪੈਣਾ ਪਰਦੇਸੀ ਹਕੂਮਤ ਵਾਸਤੇ ਖ਼ਤਰਨਾਕ ਹੋ ਸਕਦਾ ਸੀ। ਸਭਨਾਂ ਗੱਲਾਂ ਨੂੰ ਸਾਹਮਣੇ ਰਖ ਕੇ ਉਸ ਨੇ ਗੁਰੂ ਅਰਜਨ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿਤਾ। ਇਹ ਫ਼ੈਸਲਾ ਦੇ ਦਿੱਤਾ ਕਿ ਉਹਨਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਏ। ਪਰ ਉਸ ਦੀ ਜ਼ਮੀਰ ਅੰਦਰੋਂ ਜਾਣਦੀ ਸੀ ਕਿ ਖ਼ੁਸਰੋ ਦੀ ਹਿਮਾਇਤ ਕਰਨ ਵਿਚ

ਗੁਰੂ ਅਰਜਨ ਸਾਹਿਬ ਦਾ ਕੋਈ ਹੱਥ ਨਹੀਂ ਹੈ। ਤਾਹੀਏਂ ਉਹ ਇਹ ਹੁਕਮ ਦੇ ਕੇ ਆਪ ਸਿੰਧ ਨੂੰ ਚਲਾ ਗਿਆ। ਜਿਵੇਂ ਉਸ ਨੇ ਆਪਣੇ ਅਸਲ ਵੈਰੀਆਂ ਦੇ ਤਸੀਹੇ ਆਪਣੀ ਅੱਖੀਂ ਵੇਖੇ ਸਨ ਅਤੇ ਵੇਖ ਵੇਖ ਕੇ ਖ਼ੁਸ਼ ਹੁੰਦਾ ਸੀ, ਗੁਰੂ ਅਰਜਨ ਸਾਹਿਬ ਨੂੰ ਦਿਤੇ ਗਏ ਤਸੀਹੇ ਉਸ ਨੇ ਆਪ ਵੇਖਣ ਦੀ ਹਿੰਮਤ ਨਹੀਂ ਕੀਤੀ। ਸਗੋਂ ਗ੍ਰਿਫ਼ਤਾਰੀ ਦਾ ਹੁਕਮ ਦੇ ਕੇ ਆਪ ਲਾਹੌਰ ਤੋਂ ਚਲਾ ਹੀ ਗਿਆ ਸੀ। ਮੁਰਤਜ਼ਾ ਖ਼ਾਂ ਨੇ ਸਤਿਗੁਰੂ ਜੀ ਨੂੰ ਅੰਮ੍ਰਿਤਸਰ ਤੋਂ ਲਾਹੌਰ ਮੰਗਾਇਆ, ਗ੍ਰਿਫ਼ਤਾਰ ਕਰ ਕੇ ਤਸੀਹੇ ਦੇਣ ਲਈ ਉਹਨਾਂ ਨੂੰ ਚੰਦੂ ਦੇ ਹਵਾਲੇ ਕੀਤਾ ਗਿਆ। ਇਹ ਜ਼ਿਕਰ ਮਈ ਦੇ ਅਖ਼ੀਰਲੇ ਹਫ਼ਤੇ ਦਾ ਹੈ। ਅੱਜ-ਕੱਲ੍ਹ ਦੇ ਹਿਸਾਬ ਜੂਨ ਦਾ ਦੂਜਾ ਹਫ਼ਤਾ ਸੀ।

ਇਥੇ ਇਹ ਗੱਲ ਚੇਤੇ ਰਖਣ ਵਾਲੀ ਹੈ ਕਿ ਜਦੋਂ ਆਗਰੇ ਤੋਂ ਜਹਾਂਗੀਰ ਖ਼ੁਸਰੋ ਦਾ ਪਿੱਛਾ ਕਰ ਕੇ ਲਾਹੌਰ ਨੂੰ ਆ ਰਿਹਾ ਸੀ, ਤਾਂ ਰਸਤੇ ਵਿਚ ਜਿਥੇ ਜਿਥੇ ਉਸ ਨੂੰ ਖ਼ਬਰ ਮਿਲੀ ਕਿ ਫ਼ਲਾਣੇ ਥਾਂ ਫ਼ਲਾਣੇ ਸ਼ਖ਼ਸ ਨੇ ਖ਼ੁਸਰੋ ਦੀ ਸਹਾਇਤਾ ਕੀਤੀ ਸੀ, ਉਥੇ ਉਥੇ ਉਸ ਨੇ ਉਹਨਾਂ ਲੋਕਾਂ ਨੂੰ ਸਜ਼ਾਵਾਂ ਦੇ ਦਿਤੀਆਂ ਸਨ। ਥਾਨੇਸਰ ਦੇ ਸ਼ੈਖ਼ ਨਜ਼ਾਮ ਨੇ ਖ਼ੁਸਰੋ ਵਾਸਤੇ ਰੱਬ ਦੀ ਦਰਗਾਹ ਵਿਚ ਦੁਆ ਕੀਤੀ ਸੀ। ਜਹਾਂਗੀਰ ਨੇ ਥਾਨੇਸਰ ਪਹੁੰਚ ਕੇ ਸ਼ੈਖ਼ ਨਜ਼ਾਮ ਨੂੰ ਗੱਦੀ ਤੋਂ ਲਾਹ ਦਿਤਾ ਅਤੇ ਮੱਕੇ ਭੇਜ ਦਿਤਾ ਸੀ। ਦਿੱਲੀ-ਲਾਹੌਰ ਵਾਲੀ ਸ਼ਾਹੀ ਸੜਕ ਗੋਇੰਦਵਾਲ ਦੇ ਕੋਲੋਂ ਦੀ ਲੰਘਦੀ ਸੀ। ਜਹਾਂਗੀਰ ਗੋਇੰਦਵਾਲ ਆ ਕੇ ਠਹਿਰਿਆ ਭੀ ਸੀ, ਪਰ ਕਿਸੇ ਨੇ ਗੁਰੂ ਅਰਜਨ ਸਾਹਿਬ ਦੇ ਵਿਰੁੱਧ ਖ਼ੁਸਰੋ ਦੀ ਹਿਮਾਇਤ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ। ਕੋਈ ਹਿਮਾਇਤ ਕੀਤੀ ਹੀ ਹੁੰਦੀ, ਤਾਂ ਕੋਈ ਸ਼ਿਕਾਇਤ ਭੀ ਕਰਦਾ। ਨਾ ਹੀ ਗੁਰੂ ਅਰਜਨ ਸਾਹਿਬ ਉਹਨੀਂ ਦਿਨੀਂ ਗੋਇੰਦਵਾਲ ਵਿਚ ਸਨ। ਖ਼ੁਸਰੋ ਦੇ ਨਾਲ ਸ਼ਾਮਲ ਹੋਏ ੧੨ ਹਜ਼ਾਰ ਸਾਥੀਆਂ ਵਿਚੋਂ ਬਹੁਤੇ ਲੁੱਟ-ਮਾਰ ਦੀ ਆਸ 'ਤੇ ਸ਼ਾਮਲ ਹੋਏ ਸਨ। ਉਹ ਲੋਕ ਰਾਹ ਵਿਚ ਲੁੱਟ-ਮਾਰ ਕਰਦੇ ਆਏ। ਖ਼ੁਸਰੋ ਦੇ ਰੋਕੇ ਉਹ ਰੁਕਦੇ ਨਹੀਂ ਸਨ, ਉਸ ਦੀ ਪੇਸ਼ ਨਹੀਂ ਸੀ ਜਾਂਦੀ। ਸਿੱਟਾ ਇਹ ਨਿਕਲਿਆ ਕਿ ਜਿਨ੍ਹੀਂ ਰਾਹੀਂ ਖ਼ੁਸਰੋ ਲੰਘਿਆ, ਉਹ ਲੁੱਟੇ-ਪੁੱਟੇ ਲੋਕ ਖ਼ੁਸਰੋ ਦੇ ਵਿਰੋਧੀ ਹੁੰਦੇ ਗਏ। ਜਦੋਂ ਉਸ ਦੇ ਪਿਛੇ ਪਿਛੇ ਜਹਾਂਗੀਰ ਉਹਨੀਂ ਰਾਹੀਂ ਲੰਘਿਆ ਤਾਂ ਲੁੱਟੇ-ਪੁੱਟੇ ਲੋਕ ਖ਼ੁਸਰੋ ਦੀ ਹਿਮਾਇਤ ਕਰਨ ਵਾਲੇ ਬੰਦਿਆਂ ਦੇ ਨਾਮ ਜਹਾਂਗੀਰ ਨੂੰ ਦਸਦੇ ਗਏ ਸਨ।

## ਤਸੀਹੇ ਤੇ ਸ਼ਹੀਦੀ

ਚੰਦੂ ਨੇ ਗੁਰੂ ਅਰਜਨ ਸਾਹਿਬ ਨੂੰ ਸੜਦੇ ਉਬਲਦੇ ਪਾਣੀ ਦੀ ਦੇਗ ਵਿਚ

ਬਿਠਾਇਆ। ਅਗਲੇ ਦਿਨ ਉਹਨਾਂ ਦੇ ਨੰਗੇ ਪਿੰਡੇ ਉਤੇ ਸੜਦੀ ਸੜਦੀ ਤੱਤੀ ਰੇਤ ਪੁਆਈ ਗਈ। ਫਿਰ ਉਹਨਾਂ ਨੂੰ ਲੋਹ ਉਤੇ ਬਿਠਾ ਕੇ ਹੇਠਾਂ ਅੱਗ ਦਾ ਭਾਂਬੜ ਮਚਾਇਆ ਗਿਆ। ਸਤਿਗੁਰੂ ਜੀ ਦਾ ਸਾਰਾ ਪਿੰਡਾ ਇਹਨਾਂ ਤਸੀਹਾਂ ਨਾਲ ਛਾਨਣੀ ਛਾਨਣੀ ਹੋ ਗਿਆ। ਰੋਮ ਰੋਮ ਵਿਚੋਂ ਲਹੂ ਜਾਰੀ ਸੀ। ਇਸ ਹਾਲਤ ਵਿਚ ਉਹਨਾਂ ਨੂੰ ਲੈ ਜਾ ਕੇ ਰਾਵੀ ਦੇ ਠੰਢੇ ਪਾਣੀ ਵਿਚ ਬਿਠਾ ਦਿਤਾ ਗਿਆ। ਜਦੋਂ ਆਪ ਦੀ ਜੋਤਿ ਇਸ ਅਸਾਰ ਸਰੀਰ ਨੂੰ ਛਡ ਕੇ ਰੱਬੀ ਜੋਤਿ ਵਿਚ ਜਾ ਰਲੀ, ਤਾਂ ਆਪ ਦੇ ਸਰੀਰ ਨੂੰ ਰਾਵੀ ਵਿਚ ਹੀ ਰੋੜ੍ਹ ਦਿਤਾ ਗਿਆ। ਉਸ ਦਿਨ ਸੰਮਤ ੧੬੬੩ ਦੇ ਹਾੜ ਮਹੀਨੇ ਦੀ ਪਹਿਲੀ ਤਰੀਕ ਸੀ। ਚੰਦ੍ਰਮਾ ਦੇ ਹਿਸਾਬ ਜੇਠ ਸੁਦੀ ਚੌਥ ਸੀ, ਭਾਵ, ਮੱਸਿਆ ਤੋਂ ਪਿਛੋਂ ਚੌਥਾ ਦਿਨ। ਈਸਵੀ ਸੰਨ ੧੬੦੬ ਸੀ, ਮਈ ਦੀ ੩੦ ਤਰੀਕ।

## ਵਲੀ ਮੀਆਂ ਮੀਰ

ਮੀਆਂ ਮੀਰ ਵਰਗੇ ਰੱਬੀ ਆਸ਼ਿਕ ਅਤੇ ਖ਼ਲਕਤ ਦੇ ਦਰਦੀ ਨਾਲ ਭਲਾ ਗੁਰੂ ਅਰਜਨ ਸਾਹਿਬ ਦੀ ਡੂੰਘੀ ਸਾਂਝ ਕਿਉਂ ਨਾ ਬਣਦੀ ? ਅਸੀ ਇਸ ਸਾਂਝ ਦੀ ਨੇੜ ਤਾਂ ਵੇਖ ਆਏ ਹਾਂ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਤਿਗੁਰੂ ਜੀ ਨੇ ਮੀਆਂ ਮੀਰ ਸਾਹਿਬ ਦੇ ਹੱਥੋਂ ਰਖਵਾਈ ਸੀ। ਜਦੋਂ ਸੰਨ ੧੫੯੭-੯੮ ਵਿਚ ਕਾਲ ਅਤੇ ਮਰੀ ਦੇ ਕਾਰਨ ਲਾਹੌਰ-ਨਿਵਾਸੀਆਂ ਦੇ ਦੁਖ ਵੰਡਣ ਲਈ ਗੁਰੂ ਅਰਜਨ ਦੇਵ ਜੀ ਅੱਠ ਮਹੀਨੇ ਲਾਹੌਰ ਰਹਿ ਕੇ ਘਰ ਘਰ ਪਹੁੰਚ ਕੇ ਲੋੜਵੰਦ ਦੁਖੀਆਂ ਦੀ ਹਰ ਕਿਸਮ ਦੀ ਸਹਾਇਤਾ ਕਰਦੇ ਰਹੇ ਸਨ, ਸਤਿਗੁਰੂ ਜੀ ਦੀ ਉਹ ਬੇ-ਮਿਸਾਲ ਕੁਰਬਾਨੀ ਮੀਆਂ ਮੀਰ ਜੀ ਨੇ ਅੱਖੀਂ ਵੇਖੀ ਸੀ, ਜਿਸ ਦਾ ਸਦਕਾ ਉਹ ਪਹਿਲੀ ਸਾਂਝ ਇਸ਼ਕ-ਪਿਆਰ ਵਿਚ ਬਦਲ ਚੁਕੀ ਸੀ।

ਜੇ ਕਿਸੇ ਦੇਸ਼ ਦੀ ਹਕੂਮਤ ਨੇ ਜਨਤਾ ਦੇ ਕਿਸੇ ਅਜਿਹੇ ਆਗੂ ਜਾਂ ਮਹਾਂਪੁਰਖ ਉਤੇ ਹੱਥ ਪਾਣਾ ਹੋਵੇ, ਜੋ ਹਰਮਨ-ਪਿਆਰਾ ਹੋਵੇ ਤਾਂ ਇਹੋ ਜਿਹਾ ਤਰੀਕਾ ਵਰਤਿਆ ਜਾਂਦਾ ਹੈ ਕਿ ਆਮ ਲੋਕਾਂ ਨੂੰ ਛੇਤੀ ਪਤਾ ਨਾ ਮਿਲ ਸਕੇ। ਭੜਕੀ ਹੋਈ ਜਨਤਾ ਤੋਂ ਹਾਕਮਾਂ ਨੂੰ ਡਰ ਹੋਣਾ ਹੀ ਹੋਇਆ। ਜਹਾਂਗੀਰ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਦੇ ਕੇ ਆਪ ਤਾਂ ਉਸੇ ਵੇਲੇ ਲਾਹੌਰ ਤੋਂ ਸਿੰਧ ਨੂੰ ਚਲਾ ਗਿਆ। ਮੁਰਤਜ਼ਾ ਖ਼ਾਂ ਨੇ ਭੀ ਇਸ ਹੁਕਮ ਨੂੰ ਗੁਪਤ ਰਖ ਕੇ ਹੀ ਸਤਿਗੁਰੂ ਜੀ ਨੂੰ ਲਾਹੌਰ ਸੱਦ ਭੇਜਿਆ। ਉਂਜ ਦੂਰ-ਦਰਸ਼ੀ ਗੁਰੂ ਅਰਜਨ ਸਾਹਿਬ ਸਭ ਕੁਝ ਜਾਣ ਚੁਕੇ ਸਨ, ਅਤੇ ਆਪਣੇ ਥਾਂ ਗੁਰੂ

ਹਰਿ ਗੋਬਿੰਦ ਸਾਹਿਬ ਨੂੰ ਗੁਰੂ ਥਾਪ ਕੇ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿਕ ਮੁਖੀ ਸਿੱਖਾਂ ਨੂੰ ਸੌਂਪਣਾ ਕਰ ਆਏ ਸਨ। ਸ਼ਖ਼ਸੀ ਰਾਜ ਸੀ। ਕਿਤੇ ਕੋਈ ਮੁਕੱਦਮਾ ਤਾਂ ਪੇਸ਼ ਹੋਣਾ ਹੀ ਨਹੀਂ ਸੀ। ਜੋ ਕੁਝ ਬਾਦਸ਼ਾਹ ਹੁਕਮ ਦੇ ਗਿਆ, ਉਸ ਉਤੇ ਅਮਲ ਕੀਤਾ ਜਾਣਾ ਸੀ, ਜਿਸਦੀ ਤਿਆਰੀ ਆਦਿਕ ਪਹਿਲਾਂ ਹੀ ਕੀਤੀ ਜਾ ਚੁਕੀ ਸੀ। ਚੰਦੂ ਨੂੰ ਜ਼ਾਤੀ ਵੈਰ ਵੀ ਸੀ। ਸਤਿਗੁਰੂ ਜੀ ਦੇ ਲਾਹੌਰ ਅੱਪੜਨ ਦੀ ਹੀ ਢਿੱਲ ਸੀ ਕਿ ਤੁਰਤ ਗ੍ਰਿਫ਼ਤਾਰ ਕਰ ਕੇ ਅੰਦਰ-ਖ਼ਾਨੇ ਕਹਿਰ ਦੇ ਤਸੀਹੇ ਦੇਣੇ ਸ਼ੁਰੂ ਕੀਤੇ ਗਏ।

ਇਹ ਜ਼ੁਲਮ ਅੱਤਿਆਚਾਰ ਲੁਕਿਆ ਰਹਿਣ ਵਾਲਾ ਤਾਂ ਹੈ ਹੀ ਨਹੀਂ ਸੀ। ਅੰਮ੍ਰਿਤਸਰ-ਨਿਵਾਸੀਆਂ ਨੂੰ ਤਾਂ ਸਤਿਗੁਰੂ ਜੀ ਦੇ ਉਥੋਂ ਤੁਰਨ 'ਤੇ ਹੀ ਹੌਲ ਪੈ ਗਿਆ ਸੀ। ਲਾਹੌਰ ਵਿਚ ਭੀ ਬਿਜਲੀ ਵਾਂਗ ਘਰ ਘਰ ਖ਼ਬਰ ਹੋ ਗਈ। ਅਜੇ ਅੱਠ ਸਾਲ ਭੀ ਨਹੀਂ ਹੋਏ ਸਨ, ਜਦੋਂ ਕਹਿਰ ਦੇ ਕਾਲ ਤੇ ਮਰੀ ਦੇ ਦਿਨੀਂ ਇਹੀ ਗੁਰੂ-ਪਾਤਿਸ਼ਾਹ ਆਪਣੀ, ਆਪਣੇ ਇਕਲੌਤੇ ਪੁੱਤਰ ਅਤੇ ਅਨੇਕਾਂ ਸਿਦਕੀ ਸਿੱਖਾਂ ਦੀ ਜਿੰਦ ਤਲੀ ਉਤੇ ਰੱਖ ਰਖਾ ਕੇ ਲਾਹੌਰੀ ਲੋਕਾਂ ਦੀ ਜਿੰਦ ਬਚਾਣ ਲਈ ਦਿਨ ਰਾਤ ਇਕ ਕਰਦਾ ਰਿਹਾ ਸੀ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚ ਗਿਆ। ਹਾਕਮ ਤਾਂ ਹਕੂਮਤ ਦੇ ਨਸ਼ੇ ਵਿਚ ਸਨ। ਉਹ ਗ਼ਰੀਬ ਪਰਜਾ ਦੀ ਕਿਉਂ ਸੁਣਨ ? ਗ਼ਰੀਬਾਂ ਦਾ ਉਥੇ ਇਕੋ ਇਕ ਦਰਦੀ ਸੀ, ਵਲੀ ਮੀਆਂ ਮੀਰ। ਉਸ ਨੂੰ ਖ਼ਬਰਾਂ ਕੀਤੀਆਂ ਗਈਆਂ। ਪਰ ਉਧਰ ਵੈਰੀ ਆਪਣਾ ਕੰਮ ਕਰ ਚੁਕੇ ਸਨ। ਉਬਲਦੀ ਦੇਗ ਤੇ ਸੜਦੀ ਰੇਤ ਸਤਿਗੁਰੂ ਜੀ ਦੇ ਸੋਹਣੇ ਸਰੀਰ ਨੂੰ ਨਿਢਾਲ ਕਰ ਚੁਕੀ ਸੀ।

ਮੀਆਂ ਮੀਰ ਵਾਹੋ-ਦਾਹੀ ਭੱਜਾ ਆਇਆ। ਉਸ ਬੁੱਚੜ-ਖ਼ਾਨੇ ਤਕ ਹੋਰ ਤਾਂ ਕਿਸੇ ਦੀ ਪਹੁੰਚ ਹੀ ਨਹੀਂ ਹੋ ਸਕਦੀ ਸੀ। ਸਤਿਗੁਰੂ ਜੀ ਉਤੇ ਹੋਏ ਜ਼ੁਲਮਾਂ ਦਾ ਪਰਤੱਖ ਅਸਰ ਅੱਖੀਂ ਵੇਖ ਕੇ ਮੀਆਂ ਮੀਰ ਜੀ ਦੇ ਅੰਦਰ ਕਾਤੀਆਂ ਚੱਲ ਗਈਆਂ। ਕੋਈ ਵੱਡੇ ਤੋਂ ਵੱਡਾ ਹਾਕਮ ਉਹਨਾਂ ਦੇ ਸਾਹਮਣੇ ਹੀਲ-ਹੁੱਜਤ ਨਹੀਂ ਕਰ ਸਕਦਾ ਸੀ। ਪਰ ਵੈਰੀਆਂ ਨੇ ਸਭ ਕੁਝ ਪਹਿਲਾਂ ਹੀ ਗਿਣ-ਮਿਥ ਰਖਿਆ ਸੀ, ਜਿਥੇ ਮੀਆਂ ਮੀਰ ਦੀ ਭੀ ਪੇਸ਼ ਨਾ ਜਾ ਸਕੇ। ਇਸ ਅੱਤਿਆਚਾਰ ਦਾ ਹੁਕਮ ਦੇਣ ਵਾਲਾ ਬਾਦਸ਼ਾਹ ਜਹਾਂਗੀਰ ਸੀ, ਜੋ ਆਪ ਉਸ ਵੇਲੇ ਲਾਹੌਰ ਵਿਚ ਹੈ ਹੀ ਨਹੀਂ ਸੀ। ਵੈਰੀਆਂ ਨੇ ਮੀਆਂ ਮੀਰ ਅਗੇ ਆਪਣੀ ਬੇ-ਬਸੀ ਜ਼ਾਹਰ ਕੀਤੀ ਕਿ ਬਾਦਸ਼ਾਹ ਦੀ ਹੁਕਮ-ਅਦੂਲੀ ਕਰਨ ਦੀ ਕਿਸੇ ਨੂੰ ਹਿੰਮਤ ਨਹੀਂ ਪੈ ਸਕਦੀ।

ਇਸ ਤਰ੍ਹਾਂ ਲਾਹੌਰ ਨਿਵਾਸੀਆਂ ਦੇ ਦਿਲਾਂ ਦਾ ਪਾਤਿਸ਼ਾਹ ਉਹਨਾਂ ਦੇ ਆਪਣੇ ਹੀ ਸ਼ਹਿਰ ਵਿਚ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ। ਵੈਰੀਆਂ ਨੇ ਉਹਨਾਂ

ਦੇ ਦਿਲਾਂ ਦੀ ਬਲਦੀ ਅੱਗ ਦੀ ਕੋਈ ਪਰਵਾਹ ਨਾ ਕੀਤੀ।

## ਥੋੜੀ ਕੁ ਵਿਚਾਰ

ਜੇ ਪਾਠਕ ਰਤਾ ਗਹੁ ਨਾਲ ਸੋਚਣਗੇ ਤਾਂ ਪਰਤੱਖ ਵੇਖ ਲੈਣਗੇ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਜਿਉਂ ਜਿਉਂ ਸਦੀਆਂ-ਤੋਂ-ਲਤਾੜੀਂਦੇ ਸ਼ੂਦਰ-ਅਖਵਾਂਦੇ ਲੋਕਾਂ ਦੀ ਹਾਲਤ ਨੂੰ ਸੁਧਾਰਨ ਦੇ ਜਤਨ ਤੇਜ਼ ਕੀਤੇ ਗਏ, ਗੁਰੂ ਨਾਨਕ ਸਾਹਿਬ ਦੀ ਤਾਲੀਮ ਦੀ ਵਿਰੋਧਤਾ ਵਧਦੀ ਗਈ। ਜਾਤਿ-ਅਭਿਮਾਨੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਆਖਣਾ ਸ਼ੁਰੂ ਕੀਤਾ। ਸਤਿਗੁਰੂ ਜੀ ਨੇ ਰਿਸ਼ਵਤੀ ਮੁਸਲਮਾਨ ਹਾਕਮਾਂ, ਉਹਨਾਂ ਦੇ ਸਾਥੀ ਕੁਲ-ਘਾਤੀ ਖੱਤਰੀਆਂ ਅਤੇ ਉਹਨਾਂ ਦੇ ਘਰੀਂ ਆ ਕੇ ਖੀਰਾਂ ਖਾਣ ਵਾਲੇ ਬ੍ਰਾਹਮਣਾਂ—ਇਹਨਾਂ ਸਭਨਾਂ ਦੀਆਂ ਕਾਲੀਆਂ ਕਰਤੂਤਾਂ ਖੁਲ੍ਹਮ-ਖੁਲ੍ਹਾ ਨਸ਼ਰ ਕਰਨੀਆਂ ਸ਼ੁਰੂ ਕਰ ਦਿਤੀਆਂ ਸਨ। ਸਤਿਗੁਰੂ ਜੀ ਸ਼ੂਦਰ ਹਿੰਦੂਆਂ ਨੂੰ ਮੁਸਲਮਾਨ ਬਣਨ ਤੋਂ ਭੀ ਰੋਕਣ ਲੱਗ ਪਏ ਸਨ। ਇਹਨਾਂ ਹੀ ਪੂਰਨਿਆਂ ਉਤੇ ਤੁਰ ਕੇ ਗੁਰੂ ਅੰਗਦ ਸਾਹਿਬ ਨੇ ਲੰਗਰ ਦੀ ਮਰਯਾਦਾ ਹਰ-ਮਨ ਪਿਆਰੀ ਕਰ ਦਿਤੀ ਸੀ, ਜਿਸ ਕਰਕੇ ਜਾਤਿ-ਅਭਿਮਾਨੀ ਲੋਕਾਂ ਦੇ ਮੂੰਹ ਪੀਲੇ ਪੈਂਦੇ ਜਾ ਰਹੇ ਸਨ। ਗੁਰੂ ਅਮਰਦਾਸ ਜੀ ਨੇ ਲੰਗਰ ਨੂੰ ਹੋਰ ਵਧੀਕ ਚਮਕਾਇਆ, ਨਾਲ ਨਾਲ ਮਾਝੇ ਦੀ ਪੇਂਡੂ-ਜਨਤਾ ਨੂੰ ਸਖ਼ੀ ਸਰਵਰ ਦੇ ਮੁਸਲਮਾਨੀ ਅਸਰ ਹੇਠੋਂ ਕੱਢਣ ਦੇ ਜਤਨ ਕੀਤੇ। ਜਾਤਿ-ਅਭਿਮਾਨੀ ਬ੍ਰਾਹਮਣਾਂ ਖੱਤ੍ਰੀਆਂ ਅਤੇ ਖੋਜਿਆਂ ਨੇ ਰਲ ਕੇ ਵਾਹ ਲਾਈ ਕਿ ਇਹ ਪਰਚਾਰ ਦਾ ਸੋਮਾ ਬੰਦ ਹੋ ਸਕੇ। ਅਕਬਰ ਤਕ ਸ਼ਿਕਾਇਤ ਲੈ ਕੇ ਅੱਪੜੇ। ਖਡੂਰ ਤੋਂ ਬਾਬਾ ਦਾਤੂ ਜੀ ਨੂੰ ਚੁੱਕ-ਚੁਕਾ ਕੇ ਗੁਰ-ਗੱਦੀ ਉਤੇ ਬਿਠਾਣ ਲਈ ਲੈ ਆਏ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ 'ਤੇ ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ ਨੂੰ ਹੋਰ ਚਮਕਾਇਓ ਨੇ। ਅਕਬਰ ਦੇ ਮੂੰਹ-ਲਗਦੇ ਦਰਬਾਰੀ ਬੀਰਬਲ ਦੀ ਸਹਾਇਤਾ ਨਾਲ ਬਾਬਾ ਪ੍ਰਿਥੀ ਚੰਦ ਜੀ ਦੀ ਰਾਹੀਂ ਅੰਮ੍ਰਿਤਸਰ ਵਿਚ ਗੁਰੂ-ਘਰ ਦੀ ਕਈ ਮਹੀਨੇ ਨਾਕਾਬੰਦੀ ਕਰਾਈ ਰਖੀਓ ਨੇ। ਇਹ ਸਭ ਕੁਝ ਕਿਉਂ ਕੀਤਾ ਜਾ ਰਿਹਾ ਸੀ ? ਗੁਰੂ ਨਾਨਕ ਦੇਵ ਜੀ ਦੀ ਤਾਲੀਮ ਦਾ ਸਦਕਾ ਗ਼ਰੀਬ ਸ਼ੂਦਰ ਲੋਕ ਆਪਣੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਹੋਇਆ ਵੇਖ ਕੇ ਬ੍ਰਾਹਮਣ ਦੇ ਧਾਰਮਿਕ ਜੂਲੇ ਹੇਠੋਂ ਨਿਕਲ ਰਹੇ ਸਨ, ਇਸਲਾਮ ਦੇ ਪਹਿਲੇ ਪਹਿਲੇ ਝਲਕਾਰਿਆਂ ਵਲੋਂ ਭੀ ਖ਼ਬਰਦਾਰ ਹੋ ਗਏ ਸਨ, ਮੁਸਲਮਾਨ ਬਣਨ ਦੇ ਥਾਂ ਉਹ ਗੁਰੂ ਨਾਨਕ ਪਾਤਿਸ਼ਾਹ ਦੇ ਝੰਡੇ ਹੇਠ ਆ ਕੇ



 www.sikhbookclub.com

ਜਾਤਿ-ਅਭਿਮਾਨੀਆਂ ਦਾ ਟਾਕਰਾ ਡਟ ਕੇ ਕਰ ਰਹੇ ਸਨ; ਰਿਸ਼ਵਤੀ ਕਰਮਚਾਰੀਆਂ ਦੀਆਂ ਕਰਤੂਤਾਂ ਭੀ ਸਮਝ ਰਹੇ ਸਨ। ਗੁਰੂ ਅਰਜਨ ਸਾਹਿਬ ਨੇ ਤਾਂ ਗੁਰੂ ਨਾਨਕ ਦੇਵ ਜੀ ਵਾਲਾ ਇਹ ਪਰਚਾਰ ਰੋਜ਼ਾਨਾ ਕੀਰਤਨ ਵਾਲੀ ਆਸਾ ਦੀ ਵਾਰ ਵਿਚ ਦਰਜ ਕਰ ਦਿਤਾ। ਸਿਖ ਹਰ ਰੋਜ਼ ਸਵੇਰੇ ਪੜ੍ਹਨ ਲੱਗ ਪਏ :

**ਮਾਣਸ-ਖਾਣੇ ਕਰਹਿ ਨਿਵਾਜ ॥**
**ਛੁਰੀ ਵਗਾਇਨਿ ਤਿਨ ਗਲਿ ਤਾਗ ॥**
**ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥ ਉਨ੍ਾ ਭਿ ਆਵਹਿ ਓਹੀ ਸਾਦ ॥**
**ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥**
**ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥**

ਆਖ਼ਰ ਇਹਨਾਂ ਲੋਕਾਂ ਦਾ ਦਾਅ ਲੱਗ ਗਿਆ। ਜਹਾਂਗੀਰ ਦੇ ਪੁੱਤਰ ਖ਼ੁਸਰੋ ਨੇ ਬਗ਼ਾਵਤ ਕੀਤੀ। ਜਿਨ੍ਹਾਂ ਨੂੰ ਗੁਰੂ ਨਾਨਕ ਜੀ ਦੀ ਤਾਲੀਮ ਚੁੱਭ ਰਹੀ ਸੀ, ਉਹਨਾਂ ਨੇ ਜਹਾਂਗੀਰ ਨੂੰ ਭਖਾਇਆ ਕਿ ਗੁਰੂ ਅਰਜਨ ਸਾਹਿਬ ਨੇ ਭੀ ਖ਼ੁਸਰੋ ਦੀ ਸਹਾਇਤਾ ਕੀਤੀ ਸੀ। ਸੋ, ਸਦੀਆਂ ਤੋਂ ਪੈਰਾਂ ਹੇਠ ਲਤਾੜੀਂਦੇ ਗ਼ਰੀਬਾਂ ਦੀ ਬਾਂਹ ਫੜਨ ਕਰਕੇ ਗੁਰੂ ਅਰਜਨ ਦੇਵ ਜੀ ਨੇ ਜ਼ਾਲਮਾਂ ਦੇ ਦਿਤੇ ਤਸੀਹੇ ਤਿੰਨ ਚਾਰ ਦਿਨ ਸਹਾਰ ਕੇ ੩੦ ਮਈ ਸੰਨ ੧੬੦੬ ਨੂੰ ਸ਼ਹੀਦੀ ਪਾਈ।

## ਸ਼ਹੀਦੀ ਬਾਰੇ ਗਵਾਹੀਆਂ

(ੳ) 'ਤੁਜ਼ਕ ਜਹਾਂਗੀਰੀ' ਵਿਚਲੇ ਸ਼ਬਦ ਹੇਠਾਂ ਹੂ-ਬ-ਹੂ ਫ਼ਾਰਸੀ ਅੱਖਰਾਂ ਵਿਚ ਦੇ ਕੇ ਉਸ ਦਾ ਪੰਜਾਬੀ ਉਲਥਾ ਦਿਤਾ ਜਾਂਦਾ ਹੈ :

در گوئندوال کہ بر کنار دریائے بیاہ واقع است ہندوئے بود
ارجن نام در لباس پیرے و شیخے ۔ چنانچہ بسیار از سادہ لوحان ہندو
بلکہ نادان و سفیہان اسلام را مقید اطوار و اوضاع خود ساختہ
کوس پیری و ولائت را بلند آوازہ گردانیدہ بود ۔ او را گوروے گفتند
و از اطراف و جوانب گولان و گول پرستان بدو رجوع آوردہ اعتقاد تمام

باؤ اظہار مے کردند۔ از سہ چہار پُشت اُو ایں دوکان را گرم مے داشتند
مُدت ہا بخاطر مے گذشت کہ ایں دوکانِ باطل را برطرف باید ساخت۔ یا
اُو را در جرگۂ اہلِ اسلام در باید آورد۔ تا آنکہ دریں ایّام خُسرو ازاں
راہ عبُور مے نمُود۔ ایں مردکِ مجہُول ارادہ کرد کہ ملازمتِ اُو دریابد۔
در منزلے کہ جا و مقامِ اُو بُود۔ خسُرو را نزُول اُفتاد۔ آمدہ اُو را دید و
بعضے مُقدمات فرا یافتہ باؤ رسانید۔ و بر پیشانی اُو اُنگشتے از زعفران کہ
بہ اصطلاحِ ہندُواں قشقہ گویند کشید و آں را شگُون مے دانند
چُوں ایں مقدّمہ بسامع جاہ و جلال مے رسد و بطلان اُو را
بوجہ اکمل مے دانستم۔ امر کردم کہ اُو را حاضر سازند و
مساکن و منازل و فرزندانِ اُو را بمرتضٰی خاں عنایت نمُودم
و اسباب و ہوالِ اُو را بقید ضبط در آوردہ فرمُودم کہ
اُو را بہ سیاست و یاسا رسانند ؛

ਦਰ ਗੋਇੰਦਵਾਲ, ਕਿ ਬਰ ਕਿਨਾਰੇ ਦਰੀਆਏ ਬਿਆਹ ਵਾਕਹਿ ਅਸਤ, ਹਿੰਦੂਏ ਬੂਦ ਅਰਜੁਨ ਨਾਮ, ਦਰ ਲਿਬਾਸੇ ਪੀਰੀ ਵ ਸ਼ੈਖ਼ੀ। ਚੁਨਾਚਿ ਬਿਸੀਆਰੇ ਅਜ਼ ਸਾਦਾ ਲੌਹਾਨੇ ਹਨੂਦ, ਬਲਕਿ ਨਾਦਾਨੋ ਸਫ਼ੀਹਾਨੇ ਇਸਲਾਮ ਰਾ, ਮੁਕੈਦੇ ਅਵਤਾਰੋ ਅਉਜ਼ਾਏ ਖ਼ੁਦ ਸਾਖ਼ਤਹ ਕੌਸੇ ਪੀਰੀ ਵ ਵਲਾਇਤ ਰਾ ਬੁਲੰਦ ਆਵਾਜ਼ਹ ਗਰਦਾਨੀਦਾ ਬੂਦ। ਊ ਰਾ ਗੁਰੂ ਮੇ-ਗੁਫ਼ਤੰਦ। ਵ ਅਜ਼ ਅਤਰਾਫ਼ੋ ਜਵਾਨਬ ਗੋਲਾਨੇ ਗੋਲ ਪ੍ਰਸਤਾਂ ਬ-ਦੂ ਰਜੂਹ ਆਵੁਰਦਹ ਏਤਕਾਦੇ ਤਮਾਮ ਬ ਊ ਇਜ਼ਹਾਰ ਮੇ-ਕਰਦੰਦ।

ਅਜ਼ ਸਿਹ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੇ-ਦਾਸ਼ਤੰਦ।

ਮੁੱਦਤਹਾ ਬ-ਖ਼ਾਤਰ ਮੇ ਗੁਜ਼ੱਸ਼ਤ ਕਿ ਈਂ ਦੁਕਾਨੇ ਬਾਤਲ ਰਾ ਬਰ-ਤਰਫ਼ ਬਾਇਦ ਸਾਖ਼ਤ। ਯਾ ਊ ਰਾ ਜਿਰਗਹੇ ਅਹਲੇ ਇਸਲਾਮ ਦਰ ਬਾਇਦ ਆਵੁਰਦ।.............................ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵ ਮਸਾਕਨੋ ਮਨਾਜ਼ਲੋ ਫ਼ਰਜ਼ੰਦਾਨੇ ਊ ਰਾ ਬ-ਮੁਰਤਜ਼ਾ ਖ਼ਾਂ ਅਨਾਇਤ ਨਮੂਦਮ। ਵ ਅਸਬਾਬੋ ਅਮਵਾਲੋ ਊ ਰਾ ਬ-ਕੈਦੇ ਜ਼ਬਤ ਆਵੁਰਦਹ; ਫ਼ਰਮੂਦਮ ਕਿ ਊ ਰਾ ਬ-ਸਿਆਸਤ ਵ ਬ-ਯਾਸਾ ਰਸਾਨੰਦ।

ਇਸ ਦਾ ਪੰਜਾਬੀ ਉਲਥਾ ਇਉਂ ਹੈ:

ਗੋਇੰਦਵਾਲ ਵਿਚ, ਜਿਹੜਾ ਕਿ ਬਿਆਸ ਦਰਿਆ ਦੇ ਕੰਢੇ ਉਤੇ ਹੈ, ਪੀਰਾਂ ਬਜ਼ੁਰਗਾਂ ਦੇ ਵੇਸ ਵਿਚ ਅਰਜਨ ਨਾਮ ਇਕ ਹਿੰਦੂ ਸੀ, ਜਿਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ, ਸਗੋਂ ਮੂਰਖ ਤੇ ਬੇ-ਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ-ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਉਹ ਉਸ ਨੂੰ ਗੁਰੂ ਆਖਦੇ ਸਨ। ਸਭਨਾਂ ਤਰਫ਼ਾਂ ਤੋਂ ਫ਼ਰੇਬੀ ਤੇ ਠੱਗੀ-ਪਸੰਦ ਲੋਕ ਉਸ ਦੇ ਪਾਸ ਆ ਕੇ ਉਸ ਉਤੇ ਆਪਣੀ ਪੂਰੀ ਸ਼ਰਧਾ ਪਰਗਟ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਇਹ ਦੁਕਾਨ ਚਲਾਈ ਹੋਈ ਸੀ।

ਢੇਰ ਸਮੇ ਤੋਂ ਮੇਰੇ ਦਿਲ ਵਿਚ ਖ਼ਿਆਲ ਉੱਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ, ਜਾਂ ਉਸ (ਗੁਰੂ) ਨੂੰ ਮੁਸਲਮਾਨੀ ਫ਼ਿਰਕੇ ਵਿਚ ਲੈ ਆਉਣਾ ਚਾਹੀਦਾ ਹੈ।..........

ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਤੇ ਮੈਂ ਉਸ ਦੇ ਘਰ-ਘਾਟ ਤੇ ਬੱਚੇ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿਤੇ, ਅਤੇ ਉਸ ਦਾ ਮਾਲ-ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦੇਣ।

(ਅ) ਭਾਈ ਰਤਨ ਸਿੰਘ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ:

ਕੇ ਗੁਰ ਅਰਜਨ ਦਰਿਆਇ ਨ ਬੋੜਯੋ ?<br>
ਕੇ ਗੁਰ ਤੇਗ਼ ਬਹਾਦਰ ਸੀਸ ਨ ਤੋੜਯੋ ?<br>
ਕੇ ਸਾਹਿਬਜ਼ਾਦੇ ਨਾਹਿ ਮਰਾਏ ?<br>
ਸ਼ੀਰ-ਖੁਰ ਤੋਹਿ ਨਾਹਿ ਕੁਹਾਏ ?

(ੲ) ਦਰਿਆ ਰਾਵੀ ਵਿਚ ਡੋਬਣ ਸੰਬੰਧੀ ਮੁਨਸ਼ੀ ਸੋਹਨ ਲਾਲ ਭੀ 'ਉਮਦਹਤੁਤ-ਤਵਾਰੀਖ਼' ਵਿਚ ਲਿਖਦਾ ਹੈ:

"ਬਾਅਦ ਅਜ਼ ਜ਼ਹੂਰੇ ਬਾਅਜ਼ੇ ਮੁਕੱਦਮਾਤੇ ਨਾ-ਮੁਲਾਯਮ ਜ਼ਾਤੇ ਆਲੀ ਰਾ ਦਰ ਬਹਰੇ ਰਾਵੀ ਅੰਦਾਖ਼ਤੰਦ।"

ਉਲਥਾ: ਕੁਝ ਤਸੀਹੇ ਦੇਣ ਪਿਛੋਂ ਉਸ ਮਹਾਂਪੁਰਖ (ਗੁਰੂ) ਨੂੰ ਉਹਨਾਂ ਨੇ ਦਰਿਆ ਰਾਵੀ ਵਿਚ ਸੁੱਟਿਆ।

# ਦਸਵਾਂ ਕਾਂਡ

## ਗੁਰੂ ਅਰਜਨ ਸਾਹਿਬ ਦੇ ਕੁਝ ਕੁ ਗੁਰ-ਅਸਥਾਨ

੧. ਜਨਮ-ਅਸਥਾਨ—ਗੋਇੰਦਵਾਲ।

੨. ਸ੍ਰੀ ਹਰਿਮੰਦਰ ਸਾਹਿਬ—ਅੰਮ੍ਰਿਤਸਰ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਨੇ ਆਪ ਬਣਵਾਇਆ ਸੀ।

੩. ਸ੍ਰੀ ਹਰਿਮੰਦਰ ਸਾਹਿਬ—ਤਰਨ ਤਾਰਨ। ਗੁਰੂ ਅਰਜਨ ਸਾਹਿਬ ਨੇ ਇਹ ਗੁਰਦੁਆਰਾ ਆਪ ਬਣਵਾਇਆ ਸੀ।

੪. ਗੰਗਸਰ—ਕਰਤਾਰਪੁਰ (ਜ਼ਿਲਾ ਜਲੰਧਰ) ਦੁਆਬੇ ਵਿਚ ਇਹ ਕੇਂਦਰ ਗੁਰੂ ਅਰਜਨ ਸਾਹਿਬ ਨੇ ਆਪ ਬਣਵਾਇਆ ਸੀ।

੫. ਗੁਰੂ ਕਾ ਬਾਗ—ਸਹਸਰਾ (ਤਸੀਲ ਅਜਨਾਲਾ ਜ਼ਿਲਾ ਅੰਮ੍ਰਿਤਸਰ)। ਸਤਿਗੁਰੂ ਜੀ ਦੇ ਉਧਰ ਆਗਮਨ ਦੀ ਯਾਦ ਵਿਚ।

੬. ਬਾਉਲੀ ਸਾਹਿਬ—ਡੱਬੀ ਬਜ਼ਾਰ, ਲਾਹੌਰ। ਗੁਰੂ ਅਰਜਨ ਸਾਹਿਬ ਨੇ ਆਪ ਬਣਵਾਇਆ ਸੀ, ਜਦੋਂ ਕਾਲ ਤੇ ਮਰੀ ਦੇ ਦਿਨਾਂ ਵਿਚ ਸਤਿਗੁਰੂ ਜੀ ਲਾਹੌਰ ਅੱਠ ਮਹੀਨੇ ਰਹੇ ਸਨ।

੭. ਗੁਰਦੁਆਰਾ ਡੇਹਰਾ ਸਾਹਿਬ—ਲਾਹੌਰ। ਕਿਲ੍ਹੇ ਦੇ ਸਾਹਮਣੇ ਉਹ ਅਸਥਾਨ ਜਿਥੇ ਗੁਰੂ ਅਰਜਨ ਸਾਹਿਬ ਨੂੰ ਜਹਾਂਗੀਰ ਦੇ ਹੁਕਮ ਨਾਲ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

## ਗੁਰੂ ਅਰਜਨ ਸਾਹਿਬ ਦੀ ਬਾਣੀ

ਗੁਰੂ ਰਾਮਦਾਸ ਜੀ ਵਾਂਗ ਗੁਰੂ ਅਰਜਨ ਸਾਹਿਬ ਨੇ ਭੀ ੩੦ ਰਾਗਾਂ ਵਿਚ ਬਾਣੀ ਲਿਖੀ, ਜਿਸਦਾ ਵੇਰਵਾ ਇਉਂ ਹੈ:

| | |
|---|---|
| ਸ਼ਬਦ | ੧੩੪੫ |
| ਅਸ਼ਟਪਦੀਆਂ | ੬੨ |
| ਛੰਤ | ੬੨ |

ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ ੨੨ 'ਵਾਰਾਂ' ਵਿਚੋਂ ਗੁਰੂ ਅਰਜਨ ਸਾਹਿਬ ਦੀਆਂ ੬ 'ਵਾਰਾਂ' ਹੇਠ-ਲਿਖੇ ਰਾਗਾਂ ਵਿਚ ਦਰਜ ਹਨ:

ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ।

ਇਹਨਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਹੇਠ-ਲਿਖੀਆਂ ਉਚੇਚੀਆਂ ਬਾਣੀਆਂ ਵੀ ਲਿਖੀਆਂ:

| | |
|---|---|
| ੧. ਸਿਰੀ ਰਾਗ ਵਿਚ | —ਪਹਰੇ ੧ ਸ਼ਬਦ |
| ੨. ਮਾਝ ਵਿਚ | —ਬਾਰਹਮਾਹਾ ੧੪ ਪਉੜੀਆਂ |
| | —ਦਿਨ ਰੈਣਿ |
| ੩. ਗਉੜੀ ਵਿਚ | —ਬਾਵਨ ਅਖਰੀ ੫੭ ਸਲੋਕ ਅਤੇ ੫੫ ਪਉੜੀਆਂ |
| | —ਸੁਖਮਨੀ ੨੪ ਸਲੋਕ ਅਤੇ ੨੪ ਅਸ਼ਟਪਦੀਆਂ |
| | —ਥਿਤੀ |
| ੪. ਆਸਾ ਵਿਚ | —ਬਿਰਹੜੇ ੩ ਸ਼ਬਦ |
| ੫. ਸੂਹੀ ਵਿਚ | —ਗੁਣਵੰਤੀ ੧ ਸ਼ਬਦ |
| ੬. ਮਾਰੂ ਵਿਚ | —ਅੰਜੁਲੀਆਂ |
| | —ਸੋਲਹੇ ੧੪ ਸ਼ਬਦ |

ਰਾਗਾਂ ਦੇ ਮੁੱਕਣ 'ਤੇ ਹੇਠ-ਲਿਖੀਆਂ ਹੋਰ ਉਚੇਚੀਆਂ ਬਾਣੀਆਂ ਗੁਰੂ ਅਰਜਨ ਸਾਹਿਬ ਦੀਆਂ ਹਨ:

| | |
|---|---|
| ੧. ਸਲੋਕ ਸਹਸਕ੍ਰਿਤੀ | ੬੭ |
| ੨. ਗਾਥਾ | ੨੪ |
| ੩. ਫੁਨਹੇ | ੨੩ |
| ੪. ਚਉਬੋਲੇ | ੧੧ |
| ੫. ਸਵਯੇ | ੯ |
| ੬. ਸਵਯੇ | ੧੧ |

ਇਹਨਾਂ ਤੋਂ ਇਲਾਵਾ ਸਲੋਕ ਭੀ ਹਨ, ਜੋ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਹਨ। ਉਹਨਾਂ ਸਾਰੇ ਸਲੋਕਾਂ ਦੀ ਗਿਣਤੀ ੨੫੫ ਹੈ। ਇਹਨਾਂ 'ਵਾਰਾਂ' ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ 'ਤੇ ਦਰਜ ਹੈ, ਉਹਨਾਂ ਦੀ ਗਿਣਤੀ ੨੨ ਹੈ। ਸਾਰੇ ਰਲਾ ਕੇ ਗੁਰੂ ਅਰਜਨ ਸਾਹਿਬ ਦੇ ੨੭੭ ਸਲੋਕ ਹਨ।

ਇਹਨਾਂ ਦੀਆਂ ੬ 'ਵਾਰਾਂ' ਦੀਆਂ ਕੁਲ ੧੧੦ ਪਉੜੀਆਂ ਹਨ।

 www.sikhbookclub.com

*ਨੋਟ :* ਗਉੜੀ ਕੀ ਵਾਰ ਮ: ੪ ਵਿਚ ੫ ਪਉੜੀਆਂ ਗੁਰੂ ਅਰਜਨ ਸਾਹਿਬ ਦੀਆਂ,
ਸਾਰੰਗ ਕੀ ਵਾਰ ਮ: ੪ ਵਿਚ ੧ ਪਉੜੀ ਗੁਰੂ ਅਰਜਨ ਸਾਹਿਬ ਦੀ,
ਮਲਾਰ ਕੀ ਵਾਰ ਮ: ੧ ਵਿਚ ੧ ਪਉੜੀ ਗੁਰੂ ਅਰਜਨ ਸਾਹਿਬ ਦੀ,
ਕੁਲ ਜੋੜ ਪਉੜੀਆਂ ਦਾ ੧੧੭

ਨੋਟ : ਸਲੋਕ ਕਬੀਰ ਜੀ ਵਿਚ ੫ ਸਲੋਕ ਗੁਰੂ ਅਰਜਨ ਸਾਹਿਬ ਦੇ,
ਸਲੋਕ ਫ਼ਰੀਦ ਜੀ ਵਿਚ ੮ ਸਲੋਕ ਗੁਰੂ ਅਰਜਨ ਸਾਹਿਬ ਦੇ,
ਕੁਲ ਜੋੜ ਸਲੋਕਾਂ ਦਾ ੨੭੭+੫+੮=੨੯੦ ਸਲੋਕ।

ਰਾਗਾਂ ਅਨੁਸਾਰ ਸ਼ਬਦਾਂ, ਅਸ਼ਟਪਦੀਆਂ ਤੇ ਛੰਤਾਂ ਦਾ ਵੇਰਵਾ :

| | *ਰਾਗ* | *ਸ਼ਬਦ* | *ਅਸ਼ਟਪਦੀਆਂ* | *ਛੰਤ* |
|---|---|---|---|---|
| ੧. | ਸਿਰੀ ਰਾਗ | ੩੭ | ੨ | ੨ |
| ੨. | ਮਾਝ | ੪੩ | ੫ | ... |
| ੩. | ਗਉੜੀ | ੧੭੨ | ੧੫ | ੪ |
| ੪. | ਆਸਾ | ੧੬੩ | ੨ | ੧੪ |
| ੫. | ਗੂਜਰੀ | ੩੨ | ੨ | ... |
| ੬. | ਦੇਵਗੰਧਾਰੀ | ੩੮ | ... | ... |
| ੭. | ਬਿਹਾਗੜਾ | ੧ | ... | ੯ |
| ੮. | ਵਡਹੰਸ | ੯ | ... | ੩ |
| ੯. | ਸੋਰਠਿ | ੯੪ | ੩ | ... |
| ੧੦. | ਧਨਾਸਰੀ | ੫੮ | ੧ | ੧ |
| ੧੧. | ਜੈਤਸਰੀ | ੧੩ | ... | ੩ |
| ੧੨. | ਟੋਡੀ | ੩੦ | ... | ... |
| ੧੩. | ਬੈਰਾੜੀ | ੧ | ... | ... |
| ੧੪. | ਤਿਲੰਗ | ੫ | ... | ... |
| ੧੫. | ਸੂਹੀ | ੫੮ | ੫ | ੧੧ |
| ੧੬. | ਬਿਲਾਵਲ | ੧੨੯ | ੨ | ੫ |

| ਰਾਗ | | ਸ਼ਬਦ | ਅਸ਼ਟਪਦੀਆਂ | ਛੰਤ |
|---|---|---|---|---|
| ੧੭. | ਗੋਂਡ | ੨੨ | ੧ | ... |
| ੧੮. | ਰਾਮਕਲੀ | ੬੦ | ੮ | ੬ |
| ੧੯. | ਨਟ ਨਾਰਾਇਨ | ੧੦ | ... | ... |
| ੨੦. | ਮਾਲੀ ਗਉੜਾ | ੮ | ... | ... |
| ੨੧. | ਮਾਰੂ | ੩੨ | ੬ | ... |
| ੨੨. | ਤੁਖਾਰੀ | ... | ... | ੧ |
| ੨੩. | ਕੇਦਾਰਾ | ੧੫ | ... | ੧ |
| ੨੪. | ਭੈਰਉ | ੫੭ | ੩ | ... |
| ੨੫. | ਬਸੰਤ | ੨੧ | ੨ | ... |
| ੨੬. | ਸਾਰੰਗ | ੧੩੯ | ੨ | ... |
| ੨੭. | ਮਲਾਰ | ੩੦ | ... | ੧ |
| ੨੮. | ਕਾਨੜਾ | ੫੦ | ... | ੧ |
| ੨੯. | ਕਲਿਆਨ | ੧੦ | ... | ... |
| ੩੦ | ਪ੍ਰਭਾਤੀ | ੧੫ | ੩ | ... |
| | ਜੋੜ | ੧੩੪੫ | ੬੨ | ੬੨ |

ਵਾਰਾਂ ਦੀਆਂ ਪਉੜੀਆਂ ਦਾ ਵੇਰਵਾ :

| | |
|---|---|
| ਗਉੜੀ | ੨੧ |
| ਗੂਜਰੀ | ੨੧ |
| ਜੈਤਸਰੀ | ੨੦ |
| ਰਾਮਕਲੀ | ੨੨ |
| ਮਾਰੂ | ੨੩ |
| ਬਸੰਤ | ੩ |
| ਜੋੜ | ੧੧੦ |

***ਨੋਟ :*** ਇਹਨਾਂ ਤੋਂ ਇਲਾਵਾ ਗਉੜੀ ਕੀ ਵਾਰ ਮ: ੪ ਵਿਚ ੫ ਪਉੜੀਆਂ, ਸਾਰੰਗ ਕੀ ਵਾਰ ਮ: ੪ ਵਿਚ ਇਕ ਪਉੜੀ, ਮਲਾਰ ਕੀ ਵਾਰ ਮ: ੧ ਵਿਚ ਇਕ ਪਉੜੀ ਗੁਰੂ ਅਰਜਨ ਸਾਹਿਬ ਦੀਆਂ ਹਨ।

ਕੁੱਲ ਜੋੜ ਪਉੜੀਆਂ ਦਾ—੧੧੭ ਹੈ।

[1]ਸਲੋਕਾਂ ਦਾ ਵੇਰਵਾ

| | | |
|---|---|---|
| ੧. | ਸਿਰੀ ਰਾਗ ਕੀ ਵਾਰ ਮ: ੪ ਵਿਚ | — ੧ |
| ੨. | ਗਉੜੀ ਕੀ ਵਾਰ ਮ: ੪ ਵਿਚ | — ੮+੫ ਪਉੜੀਆਂ |
| ੩. | ਗਉੜੀ ਕੀ ਵਾਰ ਮ: ੫ ਵਿਚ | —੪੨ |
| ੪. | ਗੂਜਰੀ ਕੀ ਵਾਰ ਮ: ੫ ਵਿਚ | —੪੨ |
| ੫. | ਬਿਹਾਗੜੇ ਕੀ ਵਾਰ ਮ: ੪ ਵਿਚ | — ੨ |
| ੬. | ਜੈਤਸਰੀ ਕੀ ਵਾਰ ਮ: ੫ ਵਿਚ | —੪੦ |
| ੭. | ਰਾਮਕਲੀ ਕੀ ਵਾਰ ਮ: ੫ ਵਿਚ | —੪੪ |
| ੮. | ਮਾਰੂ ਕੀ ਵਾਰ ਮ: ੩ ਵਿਚ | — ੨ |
| ੯. | ਮਾਰੂ ਕੀ ਵਾਰ ਮ: ੫ ਵਿਚ | —੬੯ |
| ੧੦. | ਸਾਰੰਗ ਕੀ ਵਾਰ ਮ: ੪ ਵਿਚ | — ੩+੧ ਪਉੜੀ |
| ੧੧. | ਮਲਾਰ ਕੀ ਵਾਰ ਮ: ੩ ਵਿਚ | — ੨+੧ ਪਉੜੀ |
| | | ੨੫੫+੭ ਪਉੜੀਆਂ |
| | ਸਲੋਕ ਵਾਰਾਂ ਦੇ ਵਧੀਕ | —੨੨ |
| | | ੨੭੭ ਜੋੜ |

ਸਲੋਕ ਕਬੀਰ ਜੀ ਵਿਚ—ਸਲੋਕ ਨੰ: ੨੦੯, ੨੧੦, ੨੧੧, ੨੧੪, ੨੨੧—੫ ਸਲੋਕ ਗੁਰੂ ਅਰਜਨ ਸਾਹਿਬ ਦੇ ਹਨ।

ਸਲੋਕ ਫ਼ਰੀਦ ਜੀ ਵਿਚ—ਸਲੋਕ ਨੰ: ੭੫, ੮੨, ੮੩, ੧੦੫, ੧੦੮ ੧੦੯, ੧੧੦, ੧੧੧—੮ ਸਲੋਕ

ਗੁਰੂ ਅਰਜਨ ਸਾਹਿਬ ਦੇ ਕੁਲ ਸਲੋਕਾਂ ਦਾ ਜੋੜ—੨੭੭+੫+੮—੨੯੦ ਸਲੋਕ

---

੧. ਹੇਠ-ਲਿਖੀਆਂ 'ਵਾਰਾਂ' ਵਿਚ ਗੁਰੂ ਅਰਜਨ ਸਾਹਿਬ ਦਾ ਕੋਈ ਸਲੋਕ ਨਹੀਂ ਹੈ : ਮਾਝ ਕੀ ਵਾਰ, ਆਸਾ ਦੀ ਵਾਰ, ਗੂਜਰੀ ਕੀ ਵਾਰ ਮ: ੩, ਵਡਹੰਸ ਕੀ ਵਾਰ, ਸੋਰਠਿ ਕੀ ਵਾਰ, ਸੂਹੀ ਕੀ ਵਾਰ, ਬਿਲਾਵਲ ਕੀ ਵਾਰ, ਰਾਮਕਲੀ ਕੀ ਵਾਰ ਮ: ੩, ਕਾਨੜੇ ਕੀ ਵਾਰ-੯ ਵਾਰਾਂ।
ਹੇਠ-ਲਿਖੀਆਂ 'ਵਾਰਾਂ' ਦੀਆਂ ਨਿਰੀਆਂ ਪਉੜੀਆਂ ਹੀ ਹਨ, ਸਲੋਕ ਕੋਈ ਨਹੀਂ—ਬਸੰਤ ਕੀ ਵਾਰ, ਸੱਤੇ ਬਲਵੰਡ ਦੀ ਵਾਰ।

# ੧੧ਵਾਂ ਕਾਂਡ

# ਗੁਰੂ ਅਰਜਨ ਸਾਹਿਬ ਦੀ ਸ਼ਖ਼ਸੀਅਤ

## ਸਹਿਨ-ਸ਼ੀਲਤਾ

ਬੀਰਬਲ ਆਦਿਕ ਜਾਤਿ-ਅਭਿਮਾਨੀ ਬ੍ਰਾਹਮਣਾਂ ਦੀ ਸ਼ਹਿ ਅਤੇ ਨਿੱਜੀ ਈਰਖਾ ਦੇ ਕਾਰਨ ਬਾਬਾ ਪ੍ਰਿਥੀ ਚੰਦ ਜੀ ਨੇ ਗੁਰੂ ਅਰਜਨ ਸਾਹਿਬ ਉਤੇ ਅਨੇਕਾਂ ਵਧੀਕੀਆਂ ਕੀਤੀਆਂ, ਪਰ ਉਹ ਸਦਾ ਖਿੜੇ-ਮੱਥੇ ਜਰਦੇ ਰਹੇ। ਬਾਬਾ ਪ੍ਰਿਥੀ ਚੰਦ ਜੀ ਨੇ ਕਈ ਮਹੀਨੇ ਅੰਮ੍ਰਿਤਸਰ ਗੁਰੂ-ਘਰ ਦੀ ਨਾਕਾ-ਬੰਦੀ ਕੀਤੀ ਰੱਖੀ, ਸਤਿਗੁਰੂ ਜੀ ਦੀ ਇਹ ਸਹਿਨ-ਸ਼ੀਲਤਾ ਹੀ ਸੀ ਜਿਸ ਦੇ ਅਸਰ ਹੇਠ ਕੋਈ ਸਿੱਖ ਭੀ ਵਿਰੋਧੀਆਂ ਨਾਲ ਖਰ੍ਹਵਾ ਨਾ ਹੋ ਸਕਿਆ। ਜਦੋਂ ਗੁਰੂ ਕੇ ਦਰਬਾਰ ਦੀ ਮਾਇਕ ਆਮਦਨ ਨਾਮ-ਮਾਤ੍ਰ ਹੀ ਰਹਿ ਗਈ, ਅਤੇ ਸੱਤਾ ਬਲਵੰਡ ਰਬਾਬੀ ਭੀ ਹੋਛੇ ਰਵੱਈਏ 'ਤੇ ਆ ਉਤਰੇ ਤਦੋਂ ਭੀ ਗੁਰੂ ਅਰਜਨ ਸਾਹਿਬ ਨੇ ਉਸ ਨਿਰਾਦਰੀ ਨੂੰ ਬੜੇ ਠੰਢੇ ਜਿਗਰੇ ਤੇ ਗੰਭੀਰਤਾ ਨਾਲ ਸਹਾਰਿਆ। ਉਸ ਵੇਲੇ ਸਤਿਗੁਰੂ ਜੀ ਦੀ ਉਮਰ ਅਠਾਰ੍ਹਾਂ ਉੱਨੀ ਸਾਲਾਂ ਦੀ ਹੀ ਸੀ। ਇਸ ਉਮਰ ਦੇ ਗੱਭਰੂ ਦਾ ਲਹੂ ਰਤਾ ਕੁ ਭੀ ਹੌਲੇ ਸਲੂਕ ਨਾਲ ਜੋਸ਼ ਵਿਚ ਆ ਜਾਂਦਾ ਹੈ। ਪਰ ਰੱਬੀ-ਨੂਰ ਗੁਰੂ ਅਰਜਨ ਸਾਹਿਬ ਦਾ ਜਿਗਰਾ ਸਮੁੰਦਰਾਂ ਵਰਗਾ ਸੀ, ਕਦੇ ਭੀ ਮੱਥੇ ਉਤੇ ਵੱਟ ਨਾ ਪੈਣ ਦਿਤੋ ਨੇ।

ਗੁਰੂ ਅਰਜਨ ਸਾਹਿਬ ਦੇ ਇਕੋ ਇਕ ਸਾਹਿਬਜ਼ਾਦੇ (ਗੁਰੂ) ਹਰਿ ਗੋਬਿੰਦ ਜੀ ਸਨ। ਇਹਨਾਂ ਦੀ ਬਾਲ ਜਿੰਦ ਉਤੇ ਬਾਬਾ ਪ੍ਰਿਥੀ ਚੰਦ ਜੀ ਨੇ ਤਿੰਨ ਵਾਰੀ ਨਿਰਦਈ ਵਾਰ ਕਰਾਏ। ਅੰਮ੍ਰਿਤਸਰ ਦੇ ਵਸਨੀਕਾਂ ਵਿਚ ਇਤਨੀ ਹਾਹਾਕਾਰ ਮੱਚੀ ਸੀ ਕਿ ਸ਼ਰਮ ਦੇ ਮਾਰੇ ਬਾਬਾ ਪ੍ਰਿਥੀ ਚੰਦ ਜੀ ਸ਼ਹਿਰ ਛੱਡ ਕੇ ਆਪਣੇ ਸਹੁਰੇ ਪਿੰਡ ਹੇਹਰੀਂ ਚਲੇ ਗਏ। ਆਂਦਰਾਂ ਨੂੰ ਇਤਨਾ ਨਿਰਦਈ ਹੱਥ ਪਿਆਂ ਭੀ ਕੀ ਮਜਾਲ ਕਿ ਗੁਰੂ ਅਰਜਨ ਸਾਹਿਬ ਦੇ ਮੱਥੇ ਤੀਊੜੀ ਪਈ ਹੋਵੇ। ਉਹਨਾਂ

ਦੀ ਸੂਰਤ ਤਾਂ ਮਾਝੇ ਦੇ ਉਹਨਾਂ ਵਿਲਕਦੇ ਯਤੀਮ ਬੱਚਿਆਂ ਵਲ ਹੀ ਲੱਗੀ ਰਹੀ ਸੀ ਜਿਨ੍ਹਾਂ ਦੇ ਮਾਪੇ ਉਹਨੀਂ ਦਿਨੀਂ ਭਿਆਨਕ ਕਾਲ ਦਾ ਸ਼ਿਕਾਰ ਹੁੰਦੇ ਜਾ ਰਹੇ ਸਨ।

## ਆਪਾ ਵਾਰਨ ਦਾ ਇਸ਼ਕ

ਦੂਜਿਆਂ ਵਾਸਤੇ ਜੀਉਣਾ—ਇਹੀ ਹੈ ਰੱਬੀ ਧਰਮ। ਪਰ ਇਹ ਕੋਈ ਸੌਖੀ ਖੇਡ ਨਹੀਂ। ਆਪਾ ਵਾਰਨ ਤੋਂ ਬਿਨਾਂ ਗ਼ੈਰਾਂ ਨੂੰ ਆਪਣੇ ਬਣਾਇਆ ਨਹੀਂ ਜਾ ਸਕਦਾ। ਇਸ ਖੇਡ ਵਿਚ ਗੁਰੂ ਅਰਜਨ ਸਾਹਿਬ ਦਾ ਇਸ਼ਕ ਅਖ਼ੀਰਲੀ ਅਵਧੀ ਉਤੇ ਅਪੜਿਆ ਹੋਇਆ ਸੀ। ਸੰਨ ੧੫੯੫ ਵਿਚ ਪੰਜਾਬ ਵਿਚ ਕਾਲ ਪਿਆ। ਬੜੀ ਭਿਆਨਕ ਔੜ ਲੱਗੀ। ਤਿੰਨ ਚਾਰ ਸਾਲ ਦੀ ਔੜ ਨਾਲ ਦੁਨੀਆ ਤ੍ਰਾਹ ਤ੍ਰਾਹ ਕਰ ਉੱਠੀ। ਭੁੱਖ਼-ਮਰਦੇ ਕੰਗਾਲਾਂ ਉਤੇ, ਉਤੋਂ ਮੌਸਮੀ ਤਾਪ ਤੇ ਸੀਤਲਾ ਨੇ ਆ ਵਾਰ ਕੀਤੇ। ਇਸੇ ਹੀ ਸਾਲ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ। ਇਸ ਬਾਲ-ਜਿੰਦੜੀ ਨੂੰ ਪੰਘੂੜਿਆਂ ਦੀ ਲੋੜ ਸੀ। ਪਰ ਵੇਖੋ ਇਸ਼ਕ ਖ਼ਲਕਤ ਦੀ ਸੇਵਾ ਕਰਨ ਦਾ! ਭੁੱਖਿਆਂ ਤੇ ਰੋਗ-ਗ੍ਰਸਿਆਂ ਨੂੰ ਮੌਤ ਦੇ ਮੂੰਹੋਂ ਬਚਾਣ ਲਈ ਆਪਣੇ ਜਿਗਰ ਦੇ ਟੁਕੜੇ ਇਸ ਕੋਮਲ ਜਿੰਦੜੀ ਨੂੰ ਉਥੇ ਉਥੇ ਲਈ ਫਿਰਦੇ ਰਹੇ, ਜਿਥੇ ਤਾਪ ਤੇ ਸੀਤਲਾ ਦੀ ਹੋਣੀ ਦਾ ਰਾਜ ਸੀ। ਸੰਨ ੧੫੯੮ ਵਿਚ ਲਾਹੌਰ ਸ਼ਹਿਰ ਤਾਂ ਸਚਮੁਚ ਨਰਕ ਬਣਿਆ ਪਿਆ ਸੀ। ਮੁਰਦਿਆਂ ਦੇ ਢੇਰ ਗਲੀਆਂ ਬਜ਼ਾਰਾਂ ਵਿਚ ਲੱਗੇ ਰਹਿੰਦੇ ਸਨ, ਤ੍ਰੱਕਿਹਾਣ ਇਤਨੀ ਕਿ ਕੋਈ ਮੂੰਹ ਨਹੀਂ ਸੀ ਉਧਰ ਕਰ ਸਕਦਾ। ਪਰ ਤੱਕੋ ਮਰਦਾਨਗੀ ਗੁਰੂ ਅਰਜਨ ਪਾਤਿਸ਼ਾਹ ਦੀ! ਗਲੀ ਗਲੀ ਘਰ ਘਰ ਜਾ ਕੇ ਮੌਤ ਨਾਲ ਘੁਲਦੇ ਬੰਦਿਆਂ ਨੂੰ ਹੱਲਾਸ਼ੇਰੀ ਤੇ ਦਵਾ-ਦਾਰੂ ਦੇਂਦੇ ਰਹੇ। ਅੱਠ ਮਹੀਨੇ ਉਥੇ ਰਹੇ। ਉਥੇ ਭੀ ਕੋਮਲ ਜਿੰਦੜੀ (ਗੁਰੂ) ਹਰਿ ਗੋਬਿੰਦ ਸਾਹਿਬ ਨਾਲ ਹੀ ਸਨ। ਇਸ ਲੰਬੀ ਕੁਰਬਾਨੀ ਦਾ ਹੀ ਨਤੀਜਾ ਸੀ ਕਿ ਆਖ਼ਰ (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਭੀ ਸੀਤਲਾ ਨੇ ਆ ਦਬਾਇਆ ਸੀ।



 www.sikhbookclub.com

# ਗੁਰੂ ਅਰਜਨ ਦੇਵ ਜੀ ਦੀ ਤਾਲੀਮ

## ਉਹਨਾਂ ਦੀਆਂ ਜੀਵਨ-ਸਾਖੀਆਂ ਵਿਚੋਂ

### (ੳ) ਖਾਲਕੁ ਖਲਕ ਮਹਿ

(੧) **ਭਾਈ ਬਹਿਲੋ** : ਜਦੋਂ ਸੰਤੋਖਸਰ ਅਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਵਾਸਤੇ ਇੱਟਾਂ ਪਕਾਣ ਲਈ ਆਵੇ ਚਾੜ੍ਹੇ ਜਾ ਰਹੇ ਸਨ, ਤਾਂ ਇਕ ਵਾਰੀ ਜ਼ਿਕਰ ਚੱਲਿਆ, ਕਿਸੇ ਆਦਮੀ ਨੇ ਗੁਰੂ ਅਰਜਨ ਸਾਹਿਬ ਨੂੰ ਇਹ ਦੱਸਿਆ ਕਿ ਜੇ ਆਵਿਆਂ ਵਿਚ ਮੈਲਾ ਪਾਇਆ ਜਾਏ ਤਾਂ ਇੱਟਾਂ ਬਹੁਤ ਵਧੀਆ ਪੱਕਦੀਆਂ ਹਨ। ਸਿਖ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਬੜੇ ਉਤਸ਼ਾਹ ਨਾਲ ਸੇਵਾ ਕਰਦੇ ਸਨ। ਪਰ ਇਸ ਨਵੀਂ ਤਜਵੀਜ਼ ਉਤੇ ਅਮਲ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਮੈਲਾ ਆਦਿਕ ਚੁੱਕਣ ਦੇ ਨੀਵੇਂ ਕੰਮ ਹਿੰਦੂ ਸਮਾਜ ਨੇ ਉਹਨਾਂ ਗ਼ਰੀਬਾਂ ਦੇ ਸਪੁਰਦ ਕੀਤੇ ਹੋਏ ਸਨ, ਜਿਨ੍ਹਾਂ ਨੂੰ ਅੱਤ ਨੀਵੀਂ ਸ਼੍ਰੇਣੀ ਦੇ ਸ਼ੂਦਰ ਕਿਹਾ ਜਾਂਦਾ ਸੀ। ਇਹਨਾਂ ਹੀ ਗੰਦੇ ਕੰਮਾਂ ਦੇ ਕਾਰਨ ਸਾਊ ਲੋਕ ਉਹਨਾਂ ਤੋਂ ਨਫ਼ਰਤ ਕਰਦੇ ਸਨ। ਕਿਸੇ ਸਿਖ ਨੂੰ ਹੀਆ ਨਾ ਪਏ ਕਿ ਵਧੀਆ ਇੱਟਾਂ ਦੀ ਖ਼ਾਤਰ 'ਚੂਹੜਿਆਂ' ਵਾਲਾ ਕੰਮ ਕਰਨ ਲੱਗ ਪਏ। ਮਾਲਵੇ ਦਾ ਇਕ ਸਿਖ ਭਾਈ ਬਹਿਲੋ ਗੁਰੂ ਅਰਜਨ ਦੇਵ ਜੀ ਦਾ ਦਰਸ਼ਨ ਕਰਨ ਅੰਮ੍ਰਿਤਸਰ ਆਇਆ। ਇਹ ਬਹਿਲੋ ਜਨਮ ਦਾ ਜੱਟ ਅਤੇ ਸਰਵਰੀਆ ਸੀ। ਸਾਲ ਦੇ ਸਾਲ ਨਿਗਾਹੇ ਜਾਂਦਾ ਸੀ। ਗੁਰੂ ਅਰਜਨ ਸਾਹਿਬ ਦੀ ਪ੍ਰੇਰਨਾ ਨਾਲ ਇਹ ਸਿਖ ਬਣਿਆ ਸੀ। ਅੰਮ੍ਰਿਤਸਰ ਦਰਸ਼ਨ ਕਰਨ ਆਇਆਂ ਇਸ ਨੇ ਹਰਿਮੰਦਰ ਸਾਹਿਬ ਦੀ ਇਮਾਰਤ ਬਣਦੀ ਵੇਖੀ। ਜਦੋਂ ਪਤਾ ਲੱਗੋ ਸੁ ਕਿ ਵਧੀਆ ਇੱਟਾਂ ਤਿਆਰ ਕਰਨ ਦੀ ਖ਼ਾਤਰ ਮੈਲਾ ਆਵਿਆਂ ਵਿਚ ਪਾਉਣਾ ਚਾਹੀਦਾ ਹੈ, ਤਾਂ ਭਾਈ ਬਹਿਲੋ ਨੇ ਮੈਲਾ ਇਕੱਠਾ ਕਰ ਕੇ ਆਵਿਆਂ ਵਿਚ ਪਾਉਣ ਦੀ ਸੇਵਾ ਸ਼ੁਰੂ ਕਰ ਦਿਤੀ। ਜਿਸ ਨੇ ਆਪ ਮੈਲਾ ਚੁੱਕਣਾ ਸ਼ੁਰੂ ਕਰ ਦਿਤਾ, ਉਹ ਮੈਲਾ ਚੁੱਕਣ ਉਤੇ ਮਜਬੂਰ ਕੀਤੇ ਹੋਏ ਗ਼ਰੀਬਾਂ ਤੋਂ ਕਿਵੇਂ



 www.sikhbookclub.com

ਨਫ਼ਰਤ ਕਰ ਸਕੇ ? ਭਾਈ ਬਹਿਲੋ ਦੀ ਕਾਇਆਂ ਹੀ ਪਲਟ ਗਈ। ਗੁਰੂ ਅਰਜਨ ਸਾਹਿਬ ਨੇ ਜਦੋਂ ਭਾਈ ਬਹਿਲੋ ਦਾ ਜੀਵਨ ਵੇਖਿਆ ਤਾਂ ਉਸ ਨੂੰ ਭਰੇ ਦੀਵਾਨ ਵਿਚ ਆਪਣੇ ਪਾਸ ਸੱਦਿਓ ਨੇ, ਪਿਆਰ ਕੀਤੋ ਨੇ ਤੇ ਆਖਿਓ ਨੇ—ਭਾਈ ਬਹਿਲੋ, ਸਭ ਤੋਂ ਪਹਿਲੋਂ। ਸਤਿਗੁਰੂ ਜੀ ਨੇ ਸਿਖ ਧਰਮ ਦਾ ਪਰਚਾਰ ਕਰਨ ਲਈ ਭਾਈ ਬਹਿਲੋ ਨੂੰ ਮਾਲਵੇ ਦਾ ਮਸੰਦ (ਪਰਚਾਰਕ) ਬਣਾ ਦਿਤਾ।

(੨) **ਪੰਡਤ ਗੰਗਾ ਰਾਮ** : ਗੰਗਾ ਰਾਮ ਬਠਿੰਡੇ ਦੇ ਇਲਾਕੇ ਦਾ ਵਪਾਰੀ ਸੀ। ਊਠਾਂ ਉਤੇ ਅੰਨ ਲੱਦ ਕੇ ਦੂਰ-ਨੇੜੇ ਦੇ ਇਲਾਕਿਆਂ ਵਿਚ ਵੇਚ ਆਉਂਦਾ ਸੀ। ਇਕ ਵਾਰੀ ਗੰਗਾ ਰਾਮ ਬਾਜਰੀ ਲੱਦ ਕੇ ਅੰਮ੍ਰਿਤਸਰ ਲੈ ਆਇਆ। ਅੰਮ੍ਰਿਤ-ਸਰੋਵਰ ਵਿਚ ਹਰਿਮੰਦਰ ਸਾਹਿਬ ਦੀ ਇਮਾਰਤ ਬਣ ਰਹੀ ਸੀ। ਸੈਂਕੜੇ ਹਜ਼ਾਰਾਂ ਸਿਖ ਹੱਥੀਂ ਸੇਵਾ ਕਰ ਰਹੇ ਸਨ। ਲੰਗਰ ਵਿਚ ਭੀ ਗਹਿਮਾ-ਗਹਿਮ ਸੀ। ਲੋਹਾਂ ਤਪ ਰਹੀਆਂ ਸਨ ਤੇ ਰੋਟੀਆਂ ਪੱਕ ਰਹੀਆਂ ਸਨ। ਗੰਗਾ ਰਾਮ ਅੰਮ੍ਰਿਤਸਰ ਦੋ ਚਾਰ ਦਿਨਾਂ ਲਈ ਅਟਕ ਗਿਆ। ਸਬੱਬ ਨਾਲ ਇਕ ਡੰਗ ਲੰਗਰ ਵਿਚ ਅੰਨ ਦੀ ਕੁਝ ਥੁੜ ਜਿਹੀ ਹੋ ਗਈ। ਸਿੱਖਾਂ ਦੀ ਪ੍ਰੇਮ-ਭਰੀ ਸੇਵਾ ਵੇਖ ਕੇ ਗੰਗਾ ਰਾਮ ਦੇ ਦਿਲ ਨੂੰ ਖਿੱਚ ਪੈ ਚੁਕੀ ਹੋਈ ਸੀ। ਸੋਚਿਓਸੁ ਕਿ ਸਾਰੀ ਉਮਰ ਆਪਣੇ ਵਾਸਤੇ ਹੀ ਕਮਾਂਦਾ ਰਿਹਾ ਹਾਂ, ਅੱਜ ਮੌਕਾ ਬਣਿਆ ਹੈ, ਹੋਰਨਾਂ ਦੀ ਸੇਵਾ ਭੀ ਕਿਉਂ ਨਾ ਕਰ ਲਵਾਂ। ਇਹ ਸੋਚ ਕੇ ਗੰਗਾ ਰਾਮ ਨੇ ਸਾਰੀ ਬਾਜਰੀ ਲੰਗਰ ਵਿਚ ਦੇ ਦਿੱਤੀ, ਆਪ ਭੀ ਲੰਗਰ ਵਿਚ ਸੇਵਾ ਕਰਨ ਲਗ ਗਿਆ। ਇਕ ਦਿਨ ਸਤਿਗੁਰੂ ਜੀ ਉਸ ਨੂੰ ਬਾਜਰੀ ਦਾ ਮੁੱਲ ਦੇਣ ਲੱਗੇ ਤਾਂ ਉਸ ਨੇ ਨਾਂਹ ਕਰ ਦਿੱਤੀ। ਅਰਜ਼ ਕੀਤੀਓਸੁ ਕਿ ਹੁਣ ਤਾਂ ਜੇ ਦੇਂਦੇ ਹੋ ਤਾਂ ਖ਼ਲਕਤ ਦੀ ਸੇਵਾਂ ਤੇ ਪਰਮਾਤਮਾ ਦੀ ਯਾਦ ਹੀ ਬਖ਼ਸ਼ੋ। ਗੰਗਾ ਰਾਮ ਦਾ ਜੀਵਨ ਸੇਵਾ ਦਾ ਸਦਕਾ ਇਤਨਾ ਉੱਚਾ ਹੋਇਆ ਕਿ ਗੁਰੂ ਅਰਜਨ ਸਾਹਿਬ ਨੇ ਉਸ ਨੂੰ ਬਠਿੰਡੇ ਦੇ ਇਲਾਕੇ ਦਾ ਪਰਚਾਰਕ ਥਾਪ ਦਿਤਾ।

(੩) **ਭਾਈ ਮੰਝ** : ਮੰਝ ਹੁਸ਼ਿਆਰਪੁਰ ਦੇ ਇਲਾਕੇ ਦਾ ਰਹਿਣ ਵਾਲਾ ਸੀ, ਅਤੇ ਸਖ਼ੀ ਸਰਵਰ ਦਾ ਚੇਲਾ ਸੀ। ਗੁਰੂ ਅਰਜਨ ਸਾਹਿਬ ਦੀ ਮਿਹਰ ਦੀ ਨਿਗਾਹ ਨਾਲ ਇਹ ਸਿਖ ਬਣਿਆ ਸੀ। ਫਿਰ ਨਗਾਹੇ ਜਾਣ ਦੇ ਥਾਂ ਮੰਝ ਨੇ ਜੀਵਨ-ਕਿਰਨ ਅੰਮ੍ਰਿਤਸਰ ਤੋਂ ਹਾਸਲ ਕਰਨੀ ਸ਼ੁਰੂ ਕੀਤੀ। ਸਰੋਵਰ ਤਿਆਰ ਹੋ ਰਹੇ ਸਨ। ਮੰਝ ਭੀ ਜਦੋਂ ਅੰਮ੍ਰਿਤਸਰ ਆਇਆ, ਗੁਰੂ ਕੇ ਲੰਗਰ ਵਾਸਤੇ ਬਾਲਣ ਇਕੱਠਾ ਕਰਨ ਦੀ ਸੇਵਾ ਚੁੱਕੀਓਸੁ। ਸੇਵਾ ਇਸ਼ਕ ਦੇ ਦਰਜੇ ਉਤੇ ਜਾ ਪਹੁੰਚੀ। ਸਿਖ-ਇਤਹਾਸ ਲਿਖਦਾ ਹੈ ਕਿ ਗਰਮੀ ਦੀ ਰੁੱਤੇ ਇਕ ਦਿਨ ਲੌਂਢੇ ਪਹਿਰ ਮੰਝ ਅੰਮ੍ਰਿਤਸਰ ਤੋਂ

 www.sikhbookclub.com

ਚੜ੍ਹਦੇ ਪਾਸੇ ਸੁਲਤਾਨਵਿੰਡ ਪਿੰਡ ਤੋਂ ਨੇੜੇ ਬਾਲਣ ਚੁਣ ਕੇ ਪੰਡ ਸਿਰ ਉਤੇ ਰੱਖ ਕੇ ਸ਼ਹਿਰ ਵਲ ਤੁਰਨ ਲਗਾ ਤਾਂ ਬੜੀ ਸਖ਼ਤ ਹਨੇਰੀ ਆ ਗਈ। ਰਾਹ-ਖਹਿੜਾ ਦਿਸਣੋਂ ਰਹਿ ਗਿਆ। ਮੰਝ ਬਾਲਣ ਦੀ ਪੰਡ ਨੂੰ ਸਿਰ ਉਤੇ ਸੰਭਾਲੀ ਤੁਰਿਆ ਆ ਰਿਹਾ ਸੀ ਕਿ ਖੂਹ ਦੀ ਇਕ ਡੱਲ ਵਿਚ ਡਿੱਗ ਪਿਆ। ਢੱਠੇ ਹੋਏ ਖੂਹ ਵਿਚ ਪਾਣੀ ਥੋੜਾ ਹੀ ਸੀ। ਮੰਝ ਨੇ ਬਾਲਣ ਨੂੰ ਭਿੱਜਣੋਂ ਬਚਾਣ ਲਈ ਪੰਡ ਸਿਰ ਉਤੇ ਹੀ ਸੰਭਾਲੀ ਰਖੀ। ਰਾਤ ਖੂਹ ਵਿਚ ਹੀ ਖਲੋਤਾ ਰਿਹਾ ਅਤੇ ਬਾਣੀ ਦਾ ਪਾਠ ਕਰਦਾ ਰਿਹਾ। ਸਬੱਬ ਨਾਲ ਇਕ ਜ਼ਿਮੀਦਾਰ ਆਪਣਾ ਪੈਲੀ-ਬੰਨਾ ਵੇਖਦਾ ਉਥੇ ਪਹੁੰਚਿਆ। ਉਸ ਨੇ ਉਸੇ ਵੇਲੇ ਸ਼ਹਿਰ ਗੁਰੂ ਅਰਜਨ ਸਾਹਿਬ ਨੂੰ ਆ ਖ਼ਬਰ ਕੀਤੀ। ਖ਼ਲਕਤ ਦੀ ਸੇਵਾ ਦੇ ਆਸ਼ਕ ਭਾਈ ਮੰਝ ਨੂੰ ਖੂਹ ਵਿਚੋਂ ਕੱਢਣ ਲਈ ਸਤਿਗੁਰੂ ਜੀ ਕੁਝ ਸਿੱਖਾਂ ਸਮੇਤ ਆਪ ਚੱਲ ਕੇ ਆਏ। ਮੰਝ ਨੂੰ ਪਿਆਰ ਕੀਤੋ ਨੇ। ਹੁਣ ਪੂਰਾ ਭਾਂਡਾ ਵੇਖ ਕੇ ਸਤਿਗੁਰੂ ਜੀ ਨੇ ਮੰਝ ਨੂੰ ਉਸ ਦੇ ਇਲਾਕੇ ਵਿਚ ਭੇਜ ਦਿਤਾ। ਦੁਆਬੇ ਵਿਚ ਮੰਝ ਦੇ ਉੱਦਮ ਨਾਲ ਅਨੇਕਾਂ ਘਰਾਣੇ ਸਖ਼ੀ ਸਰਵਰ ਦੀ ਮੰਨਤ ਛੱਡ ਕੇ ਗੁਰੂ ਨਾਨਕ ਦੇ ਨਾਮ-ਲੇਵਾ ਬਣੇ।

(੪) **ਭਾਈ ਬੁੱਧੂ** : ਧਰਮੀ ਸਰਦੇ-ਪੁਜਦੇ ਲੋਕ, ਰਾਹੀਆਂ ਮੁਸਾਫ਼ਰਾਂ ਵਾਸਤੇ ਛਬੀਲਾਂ ਲਵਾਂਦੇ ਹਨ। ਪਰ ਇਸ ਖ਼ਲਕ-ਸੇਵਾ ਵਿਚ ਭੀ ਵਿਤਕਰਾ ਰਖ ਲੈਂਦੇ ਹਨ। ਸਾਊਆਂ ਨੂੰ ਛਬੀਲੀਆ ਬੁੱਕ ਨਾਲ ਜਾਂ ਗਲਾਸ ਨਾਲ ਪਾਣੀ ਪਿਲਾ ਦੇਂਦਾ ਹੈ। ਨੀਵੀਂ ਜਾਤਿ ਵਾਲਿਆਂ ਵਾਸਤੇ ਇਕ ਵੱਖਰੀ ਟਿੰਡ ਰਖੀ ਹੁੰਦੀ ਹੈ, ਜਿਸ ਦੇ ਹੇਠ ਮੋਰੀ ਕੀਤੀ ਹੁੰਦੀ ਹੈ ਅਤੇ ਜੋ ਲੱਕੜ ਦੀ ਇਕ ਨਸਾਰ ਉਤੇ ਬੱਧੀ ਹੁੰਦੀ ਹੈ। ਨੀਵੀਂ ਜਾਤਿ ਵਾਲੇ ਨੂੰ ਪਾਣੀ ਪਿਲਾਣ ਲਈ ਛਬੀਲਿਆ ਉਸ ਟਿੰਡ ਵਿਚ ਪਾਣੀ ਪਾ ਦੇਂਦਾ ਹੈ। ਉਹ ਪਾਣੀ ਟਿੰਡ ਵਿਚੋਂ ਨਿਕਲ ਕੇ ਨਸਾਰ ਵਿਚ ਆਉਂਦਾ ਹੈ, ਜਿਸ ਦੇ ਅਖ਼ੀਰਲੇ ਸਿਰੇ ਅੱਗੇ ਬੁੱਕ ਡਾਹ ਕੇ ਉਹ ਆਦਮੀ ਪਾਣੀ ਪੀ ਲੈਂਦਾ ਹੈ। ਕਿਸੇ ਦਿਨ-ਦਿਹਾਰ ਸਮੇਂ ਜਾਂ ਕਿਸੇ ਘਰੋਗੀ ਖ਼ੁਸ਼ੀ ਸਮੇ ਅਮੀਰ ਲੋਕ ਅਖੰਡ ਪਾਠ ਆਦਿਕ ਕਰਾਂਦੇ ਹਨ ਅਤੇ ਲੰਗਰ ਭੀ ਲਾਂਦੇ ਹਨ। ਪਰ ਅਜਿਹੇ ਥਾਈਂ ਭੀ ਕਈ ਵਾਰੀ ਵੇਖੀਦਾ ਹੈ ਕਿ ਗ਼ਰੀਬ ਕੰਗਾਲ ਲੋਕ ਲੰਗਰੋਂ ਬਾਹਰ ਬੈਠੇ ਜੂਠੇ ਡੂਨੇ ਹੀ ਫਰੋਲਦੇ ਤੇ ਚੱਟਦੇ ਹਨ। ਧਰਮੀ ਲੋਕਾਂ ਨੂੰ ਕਦੇ ਸ਼ਾਇਦ ਹੀ ਇਹ ਚੋਭ ਲਗਦੀ ਹੋਵੇ ਕਿ ਮਨੁੱਖਤਾ ਦੀ ਇਹ ਨਿਰਾਦਰੀ ਮਨੁੱਖਾਂ ਦੇ ਕਰਤਾਰ ਨੂੰ ਪਸੰਦ ਨਹੀਂ ਹੈ।

ਭਾਈ ਬੁੱਧੂ ਲਾਹੌਰ ਦਾ ਰਹਿਣ ਵਾਲਾ ਸੀ। ਇੱਟਾਂ ਪਕਾ ਕੇ ਵੇਚਣ ਦੀ

 www.sikhbookclub.com

ਕਿਰਤ-ਕਾਰ ਕਰਦਾ ਸੀ। ਗੁਰੂ ਅਰਜਨ ਸਾਹਿਬ ਸੰਨ ੧੫੯੮ ਵਿਚ ਲਾਹੌਰ ਗਏ ਤੇ ਉੱਥੇ ਅੱਠ ਮਹੀਨੇ ਰਹੇ ਸਨ। ਉਹਨੀਂ ਦਿਨੀਂ ਕਾਲ ਪੈਣ ਕਰਕੇ ਲਾਹੌਰ ਵਿਚ ਬੀਮਾਰੀਆਂ ਦਾ ਭੀ ਬਹੁਤ ਜ਼ੋਰ ਸੀ। ਅਜਿਹੇ ਸਮੇ ਅਮੀਰਾਂ-ਗ਼ਰੀਬਾਂ ਦੀ ਨੇੜਤਾ ਹੋਰ ਭੀ ਕਮਜ਼ੋਰ ਹੋ ਜਾਂਦੀ ਹੈ, ਕਿਉਂਕਿ ਬੀਮਾਰੀਆਂ ਆਮ ਤੌਰ 'ਤੇ ਕੰਗਾਲਾਂ ਦੇ ਨਸੀਬਾਂ ਵਿਚ ਹੀ ਹੁੰਦੀਆਂ ਹਨ। ਸਤਿਗੁਰੂ ਜੀ ਅਜੇ ਲਾਹੌਰ ਵਿਚ ਹੀ ਸਨ, ਭਾਈ ਬੁੱਧੂ ਨੇ ਆਵੇ ਚੜ੍ਹਾਏ ਹੋਏ ਸਨ। ਇਕ ਦਿਨ ਉਸ ਨੇ ਗੁਰੂ ਸਾਹਿਬ ਦਾ ਪਰਸ਼ਾਦ ਵਰਜਿਆ। ਕੁਝ ਖੁਲ੍ਹਾ ਲੰਗਰ ਭੀ ਕੀਤੋਸੁ। ਪਰ ਲੰਗਰ ਉਹੋ ਜਿਹਾ ਹੀ, ਜਿਥੋਂ ਕੰਗਾਲ ਕੰਧੋਂ ਪਾਰ ਖਲੋਤੇ ਜੂਠੀਆਂ ਪੱਤਲਾਂ ਹੀ ਫਰੋਲਣ ਤੇ ਚੱਟਣ। ਦਿਨ ਸਨ ਬੀਮਾਰੀਆਂ ਦੇ। ਬੁੱਧੂ ਨੇ ਪਲਮਦੀਆਂ ਲੀਰਾਂ ਵਾਲੇ ਤਾਪ-ਗ੍ਰਸੇ ਗ਼ਰੀਬਾਂ ਨੂੰ ਪਰੇ ਪਰੇ ਰੱਖਣ ਲਈ ਕੁਝ ਉਚੇਚੀਆਂ ਰੋਕਾਂ ਭੀ ਲਾ ਰੱਖੀਆਂ। ਸਿਖ-ਇਤਿਹਾਸ ਲਿਖਦਾ ਹੈ ਕਿ ਇਕ ਗਰੀਬ ਸਿਖ ਇਹਨਾਂ ਰੋਕਾਂ ਦੇ ਕਾਰਨ ਸਤਿਗੁਰੂ ਜੀ ਦੇ ਚਰਨਾਂ ਤਕ ਨਾ ਪਹੁੰਚ ਸਕਿਆ। ਉਸ ਦੇ ਤਰਲਿਆਂ ਦੀ ਕਿਸੇ ਪਰਵਾਹ ਨਾ ਕੀਤੀ। ਪਰਸ਼ਾਦ ਛਕਿਆ ਗਿਆ। ਸਿਖ ਨੇ ਅਰਦਾਸ ਕੀਤੀ ਕਿ ਬੁੱਧੂ ਦਾ ਆਵਾ ਪੱਕ ਜਾਏ। ਬਾਹਰੋਂ ਉਹ ਗ਼ਰੀਬ ਸਿਖ ਬੋਲ ਉਠਿਆ ਕਿ ਨਹੀਂ ਨਹੀਂ, ਗ਼ਰੀਬਾਂ ਨੂੰ ਧੱਕੇ ਦੇਣ ਵਾਲੇ ਦਾ ਆਵਾ ਕੱਚਾ ਹੀ ਰਹੇ। ਗੁਰੂ ਅਰਜਨ ਦੇਵ ਜੀ ਤਕ ਗੱਲ ਅੱਪੜੀ ਤਾਂ ਆਪ ਨੇ ਬਚਨ ਕੀਤਾ ਕਿ ਸਿਰਜਣਹਾਰ ਪਿਤਾ ਦੇ ਬੱਚਿਆਂ ਨੂੰ ਪੈਰ ਹੇਠ ਰੋਲ ਕੇ ਪਿਤਾ ਨੂੰ ਖ਼ੁਸ਼ ਕਰਨ ਦੀਆਂ ਆਸਾਂ ਕੂੜੀਆਂ ਹਨ।

### (ਅ) ਸ਼ਰਧਾ ਤੇ ਪਰਤੀਤ

ਗੁਰੂ ਨਾਨਕ ਦੇਵ ਜੀ ਨੇ ਵੇਖ ਲਿਆ ਸੀ ਕਿ ਜਾਤਿ-ਅਭਿਮਾਨੀ ਲੋਕਾਂ ਨੇ ਇਕ ਤਾਂ ਧਰਮ-ਸ਼ਾਸਤਰਾਂ ਦੀ ਓਟ ਲੈ ਕੇ ਕਰੋੜਾਂ ਗ਼ਰੀਬਾਂ ਨੂੰ ਪੈਰਾਂ ਹੇਠ ਲਤਾੜ ਰਖਿਆ ਹੈ, ਦੂਜੇ ਧਰਮ ਨੂੰ ਹੱਟੀ ਬਣਾਇਆ ਹੋਇਆ ਹੈ। ਸਤਿਗੁਰੂ ਜੀ ਨੇ ਭੋਲੇ ਲੋਕਾਂ ਨੂੰ ਇਸ ਜੂਲੇ ਹੇਠੋਂ ਕੱਢਣ ਲਈ ਪੂਰੀ ਵਾਹ ਲਾਈ। ਉਹਨਾਂ ਤੋਂ ਪਿਛੋਂ ਉਹਨਾਂ ਦੇ ਜਾ-ਨਸ਼ੀਨ ਗੁਰੂ ਭੀ ਇਹ ਉੱਦਮ ਜਾਰੀ ਰਖਦੇ ਰਹੇ। ਜਿਨ੍ਹਾਂ ਦੀ ਆਮਦਨ ਵਿਚ ਖੱਪੇ ਪੈ ਰਹੇ ਸਨ, ਉਹ ਹੱਥ-ਪੈਰ ਤਾਂ ਬਥੇਰੇ ਮਾਰਦੇ ਰਹੇ, ਪਰ ਜਾਗੇ ਹੋਏ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਦਿਨੋ-ਦਿਨ ਡਿੱਗਦੇ ਹੀ ਗਏ। ਕਈ ਬ੍ਰਾਹਮਣ ਤਾਂ ਉਚੇਚੇ ਆ ਕੇ ਸਤਿਗੁਰੂ ਜੀ ਨਾਲ ਧਰਮ-ਚਰਚਾ ਛੇੜ ਦਿਆ ਕਰਦੇ ਸਨ। ਪਰ ਰੁੜ੍ਹਦੇ ਜਾਂਦਿਆਂ ਦੇ ਇਹ ਅੱਕਾਂ-ਪਲਾਹਾਂ ਨੂੰ ਪਾਏ ਹੱਥ ਕੁਝ ਸਵਾਰ ਨਹੀਂ ਰਹੇ ਸਨ।

 www.sikhbookclub.com

ਗੁਰੂ ਅਰਜਨ ਸਾਹਿਬ ਪਾਸ ਭੀ ਅੰਮ੍ਰਿਤਸਰ ਇਕ ਪੰਡਿਤ ਬਨਾਰਸ ਤੋਂ ਆਇਆ। ਉਸ ਦੇ ਨਾਲ ਉਸ ਦਾ ਗੱਭਰੂ ਪੁੱਤਰ ਭੀ ਸੀ। ਆਪਣੇ ਨਾਲ ਉਹ ਬਨਾਰਸ ਤੋਂ ਕੁਝ ਧਾਰਮਕ ਪੁਸਤਕਾਂ ਲੈ ਆਇਆ ਸੀ। ਸਿਖ ਸੰਗਤ ਵਿਚ ਉਹਨਾਂ ਪੁਸਤਕਾਂ ਦੀ ਕਥਾ ਕਰਨ ਵਾਸਤੇ ਪੰਡਿਤ ਨੇ ਸਤਿਗੁਰੂ ਜੀ ਪਾਸੋਂ ਆਗਿਆ ਮੰਗੀ, ਜੋ ਪਰਵਾਨ ਕੀਤੀ ਗਈ। ਇਕ ਤਾਂ ਉਹ ਉੱਚ ਜਾਤੀਏ ਵਿਦਵਾਨਾਂ ਦਾ, ਸਿੱਖਾਂ ਦੇ ਦਿਲਾਂ ਵਿਚ ਘਟਦਾ ਰਸੂਖ਼ ਮੁੜ ਜਿਵਾਲਣ ਦੀ ਆਸ ਰਖਦਾ ਹੋਵੇਗਾ, ਦੂਜੇ ਇਸ ਕਥਾ ਦੇ ਆਸਰੇ ਪਿਉ-ਪੁੱਤਰ ਦੋਹਾਂ ਦੀ ਕੁਝ ਆਮਦਨ ਬਣਨ ਦੀ ਆਸ ਸੀ। ਜੋ ਜੋ ਪੋਥੀਆਂ ਪੰਡਿਤ ਲਿਆਇਆ ਸੀ, ਉਹ ਸੁਣਾ ਬੈਠਾ। ਅਸਰ ਕਿਸੇ ਉਤੇ ਕੀ ਹੋਣਾ ਸੀ ? ਪੰਡਿਤ ਨੇ ਇਜਾਜ਼ਤ ਮੰਗੀ ਕਿ ਮੈਂ ਪੁੱਤਰ ਨੂੰ ਵਾਪਸ ਭੇਜ ਕੇ ਹੋਰ ਧਰਮ-ਪੁਸਤਕਾਂ ਕਾਂਸ਼ੀ ਤੋਂ ਮੰਗਾਵਾਂ। ਸਤਿਗੁਰੂ ਜੀ ਨੇ ਇਹ ਆਗਿਆ ਭੀ ਦੇ ਦਿਤੀ। ਮਾਇਆ ਵਲੋਂ ਭੀ ਉਸ ਦਾ ਮਨ ਰਜਾ ਦਿਤਾ। ਪੰਡਿਤ ਨੇ ਪੁੱਤਰ ਨੂੰ ਭੇਜਣ ਦਾ ਸਮਾ ਸੋਧਣ ਲਈ ਆਪਣੇ ਕੁਝ ਪੁਸਤਕ ਪੜ੍ਹੇ-ਵਿਚਾਰੇ। ਉਹਨਾਂ ਅਨੁਸਾਰ ਸ਼ੁਭ ਮਹੂਰਤ ਲੱਭ ਕੇ ਯੋਗ ਦੇਵਤਿਆਂ ਦੀ ਪੂਜਾ ਕੀਤੀ। ਤੋਰਨ ਲਈ ਸ਼ਹਿਰੋਂ ਬਾਹਰ ਤਕ ਪੁੱਤਰ ਦੇ ਨਾਲ ਗਿਆ। ਪਰ ਉਸ ਦੇ ਚੰਗੇ ਜਾਂ ਮੰਦੇ ਭਾਗਾਂ ਨੂੰ ਰਸਤੇ ਵਿਚ ਇਕ ਖੋਤਾ ਟੱਕਰ ਪਿਆ, ਜੋ ਹੀਂਗ ਰਿਹਾ ਸੀ। ਪੰਡਿਤ ਨੇ ਇਸ ਨੂੰ ਬੜੀ ਭਾਰੀ ਬੇ-ਸ਼ਗਨੀ ਸਮਝਿਆ। ਉਹ ਪੁੱਤਰ ਨੂੰ ਆਪਣੇ ਨਾਲ ਹੀ ਵਾਪਸ ਮੋੜ ਲਿਆਇਆ। ਸਿੱਖਾਂ ਨੇ ਭੀ ਉਸ ਦੇ ਮੁੜਨ ਦਾ ਕਾਰਨ ਸੁਣਿਆ। ਭਰੇ ਦੀਵਾਨ ਵਿਚ ਚੰਗਾ ਹਾਸਾ ਪਿਆ। ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਜੇ ਸ਼ਾਸਤਰਾਂ ਦੇ ਸੋਧੇ ਮਹੂਰਤ ਇਤਨੀ ਦੇਵ-ਪੂਜਾ ਕਰਨ ਤੇ ਸਿਰਫ਼ ਇਕ ਖੋਤੇ ਦੇ ਹੀਂਗਣ ਨਾਲ ਰੱਦੇ ਜਾ ਸਕਦੇ ਹਨ, ਤਾਂ ਉਹਨਾਂ ਸ਼ਾਸਤਰਾਂ ਬਾਰੇ ਕੀ ਸ਼ਰਧਾ ਰਹਿ ਗਈ। ਸੁਣਾਣ ਵਾਲਿਆਂ ਦੇ ਦਿਲ ਵਿਚ ਸ਼ਰਧਾ ਦਾ ਇਹ ਹਾਲ ਹੈ, ਤਾਂ ਸੁਣਨ ਵਾਲਿਆਂ ਉਤੇ ਕੀ ਅਸਰ ਪੈ ਸਕਦਾ ਹੈ ? ਤੇ, ਜੇ ਧਰਮ-ਪੁਸਤਕਾਂ ਵਿਚ ਸ਼ਰਧਾ ਨਹੀਂ ਬਣ ਸਕਦੀ, ਤਾਂ ਇਸ ਨੂੰ ਪੜ੍ਹਨ ਦੀ ਸਿਰ-ਖਪਾਈ ਤੋਂ ਭੀ ਕੋਈ ਲਾਭ ਨਹੀਂ ਨਿਕਲਦਾ।

ੴ ਸਤਿਗੁਰਪ੍ਰਸਾਦਿ ॥

ਜੀਵਨ-ਬ੍ਰਿਤਾਂਤ

# ਗੁਰੂ ਹਰਿ ਗੋਬਿੰਦ ਸਾਹਿਬ

(੧੫੯੫ ਤੋਂ ੧੬੪੪)

# ਪਹਿਲਾ ਕਾਂਡ

## ਜਨਮ-ਅਸਥਾਨ

ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਛੇ ਕੁ ਮੀਲਾਂ ਦੀ ਵਿੱਥ 'ਤੇ ਵਡਾਲੀ ਨਾਮ ਦਾ ਇਕ ਨਿੱਕਾ ਜਿਹਾ ਪਿੰਡ ਹੈ। ਇਥੇ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ। ਜਦੋਂ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਕਰਾ ਚੁਕੇ, ਤਾਂ ਮਾਝੇ ਦੇ ਪਿੰਡ ਪਿੰਡ ਵਿਚ ਸਿਖ-ਧਰਮ ਦਾ ਪਰਚਾਰ ਕਰਨ ਲਈ ਉਹਨਾਂ ਦਸ ਯਾਰ੍ਹਾਂ ਸਾਲਾਂ ਦਾ ਇਕ ਲੰਮਾ ਚੱਕਰ ਲਾਇਆ ਸੀ; ਸੰਨ ੧੫੯੦ ਤੋਂ ਲੈ ਕੇ ੧੬੦੧ ਦੇ ਸ਼ੁਰੂ ਤਕ। ਪਹਿਲਾਂ ਅੰਮ੍ਰਿਤਸਰ ਤੋਂ ਦੱਖਣ ਪਾਸੇ ਦੇ ਪਿੰਡਾਂ ਵਿਚ ਦਰਿਆ ਬਿਆਸਾ ਦੇ ਕੰਢੇ ਗੋਇੰਦਵਾਲ ਤਕ ਗਏ ਸਨ, ਫਿਰ ਚੜ੍ਹਦੇ ਪਾਸੇ ਵਲ ਬਿਆਸ ਤੋਂ ਪਾਰ ਲੰਘ ਕੇ ਦੁਆਬੇ ਵਿਚ ਭੀ ਗਏ ਤੇ ਕਰਤਾਰਪੁਰ ਵਸਾਇਆ। ਦੁਆਬੇ ਤੋਂ ਮੁੜ ਕੇ ਥੋੜਾ ਕੁ ਸਮਾ ਅੰਮ੍ਰਿਤਸਰ ਠਹਿਰ ਕੇ ਸਤਿਗੁਰੂ ਜੀ ਲਹਿੰਦੇ ਵਲ ਨੂੰ ਪਰਤੇ। ਸੰਨ ੧੫੯੪ ਦਾ ਜ਼ਿਕਰ ਹੈ। ਕੁਝ ਚਿਰ ਲਈ ਪੱਕਾ ਟਿਕਾਣਾ ਪਿੰਡ ਵਡਾਲੀ ਰੱਖਿਓ ਨੇ। ਵਡਾਲੀ ਉਹਨੀਂ ਦਿਨੀਂ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ।

## ਜਨਮ-ਤਰੀਕ

(ਗੁਰੂ) ਹਰਿ ਗੋਬਿੰਦ ਸਾਹਿਬ ਦਾ ਜਨਮ ੨੧ ਹਾੜ ਸੰਮਤ ੧੬੫੨ ਨੂੰ ਹੋਇਆ ਸੀ। ਚੰਦ੍ਰਮਾ ਦੇ ਹਿਸਾਬ ਉਸ ਦਿਨ ਹਾੜ ਵਦੀ ੧ ਸੀ, ਭਾਵ ਜੇਠ ਦੀ ਪੂਰਨਮਾਸ਼ੀ ਤੋਂ ਅਗਲਾ ਦਿਨ। ਈਸਵੀ ੧੫੯੫ ਜੂਨ ਦੀ ੧੯ ਤਰੀਕ

ਤੇ ਵੀਰਵਾਰ ਦਾ ਦਿਹਾੜਾ ਸੀ।

## ਬਾਲ-ਉਮਰ

ਗੁਰੂ ਅਰਜਨ ਸਾਹਿਬ ਦੇ ਜੀਵਨ ਵਿਚ ਅਸੀ ਵੇਖ ਆਏ ਹਾਂ ਕਿ ਸੰਨ ੧੫੯੫ ਦੇ ਨੇੜੇ ਕੁ ਮਾਝੇ ਵਿਚ ਬੜੀ ਸਖ਼ਤ ਔੜ ਦੇ ਕਾਰਨ ਭਿਆਨਕ ਕਾਲ ਪੈ ਗਿਆ ਸੀ। ਸਤਿਗੁਰੂ ਜੀ ਕਾਲ-ਪੀੜਤਾਂ ਦੀ ਸਹਾਇਤਾ ਵਾਸਤੇ ਪਿੰਡ ਪਿੰਡ ਪਹੁੰਚ ਰਹੇ ਸਨ। ਪਰਵਾਰ ਭੀ ਨਾਲ ਹੀ ਸੀ। ਸੋ, (ਗੁਰੂ) ਹਰਿ ਗੋਬਿੰਦ ਸਾਹਿਬ ਦੀ ਬਾਲ-ਉਮਰ ਦੇ ਪਹਿਲੇ ਦੋ ਸਾਲਾਂ ਦਾ ਬਹੁਤਾ ਹਿੱਸਾ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਦੇ ਪਿੰਡਾਂ ਵਿਚ ਹੀ ਲੰਘਿਆ ਸੀ। ਕਦੇ ਕਦਾਈਂ ਗੁਰੂ ਅਰਜਨ ਸਾਹਿਬ ਵਡਾਲੀ ਆ ਜਾਂਦੇ ਸਨ।

ਅਸੀ ਇਹ ਭੀ ਪੜ੍ਹ ਆਏ ਹਾਂ ਕਿ ਬੀਰਬਲ ਅਤੇ ਹੋਰ ਸਰਕਾਰੀ ਕਰਮਚਾਰੀਆਂ ਦੀ ਸ਼ਹਿ ਦੇ ਕਾਰਨ ਬਾਬਾ ਪ੍ਰਿਥੀ ਚੰਦ ਜੀ ਦੀ ਵਿਰੋਧਤਾ ਸਧਾਰਨ ਹੱਦਾਂ ਟੱਪ ਕੇ ਨਿਰਦਈ ਵੈਰ ਤਕ ਅੱਪੜ ਚੁਕੀ ਸੀ। ਸਿਖ-ਇਤਿਹਾਸ ਲਿਖਦਾ ਹੈ ਕਿ (ਗੁਰੂ) ਹਰਿ ਗੋਬਿੰਦ ਸਾਹਿਬ ਦੀ ਜਿੰਦ ਉਤੇ ਦੋ ਵਾਰੀ ਖ਼ੂਨੀ ਵਾਰ ਕੀਤੇ ਗਏ ਸਨ। ਪਹਿਲਾਂ ਇਕ ਦਾਈ ਨੂੰ ਅੰਮ੍ਰਿਤਸਰੋਂ ਭੇਜਿਆ ਗਿਆ, ਜੋ ਥਣਾਂ ਨੂੰ ਜ਼ਹਿਰ ਲਾ ਕੇ ਆਈ ਸੀ; ਫਿਰ ਇਕ ਸਪਾਧੇ ਨੂੰ ਘੱਲਿਆ ਗਿਆ ਸੀ, ਜਿਸ ਨੇ ਬਾਲ (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਸੱਪ ਲੜਾਨ ਦੀ ਕੋਸ਼ਿਸ਼ ਕੀਤੀ ਸੀ। ਪਰ ਪਰਮਾਤਮਾ ਦੀ ਕਿਰਪਾ ਨਾਲ ਦੋਵੇਂ ਵਾਰ ਖ਼ਾਲੀ ਗਏ ਸਨ।

੧੫੯੪ ਦੇ ਗਏ ਸੰਨ ੧੫੯੭ ਵਿਚ ਗੁਰੂ ਅਰਜਨ ਸਾਹਿਬ ਪਰਵਾਰ ਸਮੇਤ ਅੰਮ੍ਰਿਤਸਰ ਵਾਪਸ ਆਏ। (ਗੁਰੂ) ਹਰਿ ਗੋਬਿੰਦ ਸਾਹਿਬ ਤਦੋਂ ਦੋ ਕੁ ਸਾਲਾਂ ਦੇ ਹੋ ਗਏ ਸਨ। ਪਰ ਪਿੰਡਾਂ ਵਿਚ ਕਾਲ ਤੇ ਬੀਮਾਰੀਆਂ ਦਾ ਜ਼ੋਰ ਹੋਣ ਦੇ ਕਾਰਨ ਸਤਿਗੁਰੂ ਜੀ ਬਹੁਤਾ ਚਿਰ ਅੰਮ੍ਰਿਤਸਰ ਠਹਿਰ ਨਾ ਸਕੇ। ਬਾਬਾ ਪ੍ਰਿਥੀਚੰਦ ਜੀ ਭੀ ਅੰਮ੍ਰਿਤਸਰ ਹੀ ਰਹਿੰਦੇ ਸਨ। ਸਿਖ-ਇਤਿਹਾਸ ਦੱਸਦਾ ਹੈ ਕਿ ਉਹਨਾਂ (ਗੁਰੂ) ਹਰਿ ਗੋਬਿੰਦ ਸਾਹਿਬ ਉਤੇ ਤੀਜਾ ਖ਼ੂਨੀ ਵਾਰ ਫਿਰ ਕਰਾਇਆ। ਖਿਡਾਵੇ ਨੂੰ ਭਰਮਾ ਕੇ ਜ਼ਹਿਰ ਦਿਵਾਣ ਦੀ ਕੋਸ਼ਿਸ਼ ਕੀਤੀਓ ਨੇ। ਖਿਡਾਵੇ ਨੇ ਜ਼ਹਿਰ ਦਹੀਂ ਵਿਚ ਰਲਾਇਆ, ਪਰ (ਗੁਰੂ) ਹਰਿ ਗੋਬਿੰਦ ਸਾਹਿਬ ਨੇ ਪੀਣ ਤੋਂ ਨਾਂਹ ਕੀਤੀ। ਦੁਸ਼ਟ ਨੇ ਬਦੋ-ਬਦੀ ਪਿਲਾਣਾ ਚਾਹਿਆ, ਤਾਂ ਉਨ੍ਹਾਂ ਬਾਲਾਂ ਵਾਂਗ ਚੀਕ-ਚਿਹਾੜਾ ਪਾ ਦਿਤਾ। ਗੁਰੂ ਅਰਜਨ ਸਾਹਿਬ ਮੌਕੇ 'ਤੇ ਪਹੁੰਚ ਗਏ। ਖਿਡਾਵਾ ਜਾਤ ਦਾ ਬ੍ਰਾਹਮਣ ਸੀ। ਆਪਣੀ ਅੱਤ ਨੀਚ ਕਰਤੂਤ 'ਤੇ ਉਸ ਨੂੰ ਇਤਨਾ ਹੌਲ ਪਿਆ ਕਿ ਸੂਲ ਪੈ ਗਇਓਸੁ, ਤੇ ਸੂਲ ਨਾਲ ਹੀ ਤੜਪ ਕੇ ਮਰ ਗਿਆ। ਬਾਲ-ਜਿੰਦਾਂ ਉਤੇ ਖ਼ੂਨੀ ਵਾਰ ਕਰਨਾ—ਮਨੁੱਖਤਾ ਦੀ ਚਾਦਰ ਉਤੇ



 www.sikhbookclub.com

ਇਹ ਮੰਦੇ ਤੋਂ ਮੰਦਾ ਅਤੇ ਅੱਤ ਕਾਲਾ ਦਾਗ਼ ਮੰਨਿਆ ਗਿਆ ਹੈ। ਗੁਰੂ ਅਰਜਨ ਸਾਹਿਬ ਨੇ ਭੀ ਉਸ ਉੱਚ-ਜਾਤੀਏ ਦੀ ਅੱਤ ਨੀਵੀਂ ਕਰਤੂਤ ਦਾ ਜ਼ਿਕਰ ਇਕ ਸ਼ਬਦ ਵਿਚ ਕਰ ਦਿੱਤਾ ਹੋਇਆ ਹੈ। ਉਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਅਤੇ ਮਸੂਮ ਬਾਲਾਂ ਦੀ ਜਿੰਦ ਉਤੇ ਵਾਰ ਕਰਨ ਦੀ ਪਾਮਰਤਾ ਵਲੋਂ ਵਰਜਦਾ ਹੈ।

ਕਾਲ ਤੇ ਬੀਮਾਰੀਆਂ ਦੀਆਂ ਭਿਆਨਕ ਸੋਆਂ ਦੇ ਕਾਰਨ ਗੁਰੂ ਅਰਜਨ ਸਾਹਿਬ ਪਰਵਾਰ ਸਮੇਤ ਅੰਮ੍ਰਿਤਸਰ ਤੋਂ ਫਿਰ ਲਹਿੰਦੇ ਪਾਸੇ ਮਾਝੇ ਦੇ ਪਿੰਡਾਂ ਵਲ ਚੱਲ ਪਏ। ਲਾਹੌਰ ਦੀ ਹਾਲਤ ਬਹੁਤ ਹੀ ਭੈੜੀ ਸੁਣੀ ਜਾ ਰਹੀ ਸੀ। ਭੁੱਖ ਦੇ ਨਾਲ ਮੌਸਮੀ ਤਾਪ ਤੇ ਸੀਤਲਾ ਦਾ ਜ਼ੋਰ ਭੀ ਵਧ ਰਿਹਾ ਸੀ। ਲਾਹੌਰ ਦੀਆਂ ਗਲੀਆਂ ਬਜ਼ਾਰ ਲੋਥਾਂ ਨਾਲ ਭਰੇ ਰਹਿੰਦੇ ਸਨ। ਗੁਰੂ ਅਰਜਨ ਸਾਹਿਬ ਅੱਠ ਮਹੀਨੇ ਲਾਹੌਰ ਰਹੇ। ਇਥੋਂ ਚੱਲ ਕੇ ਸਤਿਗੁਰੂ ਜੀ ਦੱਖਣ ਵਲ ਰਾਵੀ ਦੇ ਕੰਢੇ ਤਕ ਸਭ ਪਿੰਡਾਂ ਵਿਚ ਗਏ ਸਨ। ਮਦਰ, ਜੰਬਰ, ਚੂਨੀਆਂ, ਬਹੜਵਾਲ ਉਧਰ ਉੱਘੇ ਕਸਬੇ ਸਨ। ਉਹ ਸਾਰਾ ਚੱਕਰ ਕੱਟ ਕੇ ੧੫੯੯ ਦੇ ਅਖ਼ੀਰ ਵਿਚ ਗੋਇੰਦਵਾਲ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ। ਇਸ ਤਰ੍ਹਾਂ ਪਿਤਾ-ਗੁਰੂ ਦੇ ਨਾਲ ਨਾਲ (ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਆਪਣੀ ਬਾਲ-ਉਮਰ ਰੋਗ-ਗ੍ਰਸੇ ਇਲਾਕਿਆਂ ਵਿਚ ਹੀ ਗੁਜ਼ਾਰਨੀ ਪਈ।

ਅੰਮ੍ਰਿਤਸਰ ਥੋੜਾ ਹੀ ਸਮਾ ਰਹਿ ਕੇ ਗੁਰੂ ਅਰਜਨ ਸਾਹਿਬ ਪਹਾੜ ਪਾਸੇ ਵਲ ਦਰਿਆ ਰਾਵੀ ਦੇ ਕੰਢੇ ਤਕ ਪਿੰਡਾਂ ਵਿਚ ਗਏ ਸਨ। ਸਹਸਰਾ, ਰਮਦਾਸ, ਡੇਹਰਾ ਬਾਬਾ ਨਾਨਕ, ਕਲਾਨੌਰ ਆਦਿਕ ਤੋਂ ਲੰਘ ਕੇ ਬਾਹਠ ਗਏ, ਜੋ ਜ਼ਿਲਾ ਗੁਰਦਾਸਪੁਰ ਵਿਚ ਹੈ। ਉਥੇ ਬਾਬਾ ਸਿਰੀ ਚੰਦ ਜੀ ਰਹਿੰਦੇ ਸਨ। ਇਹ ਸਾਰਾ ਚੱਕਰ ਦੋ ਕੁ ਸਾਲਾਂ ਦਾ ਸੀ। ਸੰਨ ੧੬੦੧ ਦੇ ਸ਼ੁਰੂ ਵਿਚ ਅੰਮ੍ਰਿਤਸਰ ਵਾਪਸ ਆਏ। ਬਾਲ (ਗੁਰੂ) ਹਰਿ ਗੋਬਿੰਦ ਸਾਹਿਬ ਭੀ ਸਤਿਗੁਰੂ ਜੀ ਦੇ ਨਾਲ ਹੀ ਸਨ। ਉਸ ਵੇਲੇ ਉਨ੍ਹਾਂ ਦੀ ਉਮਰ ਸਾਢੇ ਪੰਜ ਸਾਲਾਂ ਤੋਂ ਵਧੀਕ ਹੋ ਚੁਕੀ ਸੀ।

## ਸੀਤਲਾ

ਗੁਰੂ ਅਰਜਨ ਸਾਹਿਬ ਦੇ ਜੀਵਨ ਵਿਚ ਅਸੀ ਵਿਸਥਾਰ ਨਾਲ ਪੜ੍ਹ ਆਏ ਹਾਂ ਕਿ ਕਾਲ ਦੇ ਨਾਲ ਨਾਲ ਮਾਝੇ ਦੇ ਪਿੰਡਾਂ ਵਿਚ ਅਤੇ ਲਾਹੌਰ ਸ਼ਹਿਰ ਵਿਚ ਮੌਸਮੀ ਤਾਪ ਤੇ ਸੀਤਲਾ ਦਾ ਭੀ ਬਹੁਤ ਜ਼ੋਰ ਪਿਆ ਸੀ। ਗ਼ਰੀਬਾਂ ਦੀ ਬਿਪਤਾ ਦੇ ਇਹ ਚਾਰ ਪੰਜ ਸਾਲ ਸਤਿਗੁਰੂ ਜੀ ਨੇ ਗ਼ਰੀਬਾਂ ਵਿਚ ਹੀ ਗੁਜ਼ਾਰੇ ਸਨ। ਸੀਤਲਾ ਛੂਤ ਦੀ ਬੀਮਾਰੀ ਹੈ। ਅੰਮ੍ਰਿਤਸਰ ਪਹੁੰਚਦਿਆਂ ਤਕ (ਗੁਰੂ) ਹਰਿ ਗੋਬਿੰਦ ਸਾਹਿਬ ਉੱਤੇ ਭੀ ਕਿਤੋਂ ਅਸਰ ਹੋ ਗਿਆ। ਬੜਾ ਤੇਜ਼ ਬੁਖ਼ਾਰ ਹੋ



 www.sikhbookclub.com

ਕੇ ਫਿਰ ਭਰਵੀਂ ਮਾਤਾ ਨਿਕਲੀ। ਪਰ ਅਕਾਲ ਪੁਰਖ ਦੀ ਅਪਾਰ ਕਿਰਪਾ ਨਾਲ ਕਿਸੇ ਅੰਗ ਉਤੇ ਉਸ ਦਾ ਕੋਈ ਕੁਹਜਾ ਟਿਕਵਾਂ ਅਸਰ ਨਾ ਰਿਹਾ।

## ਵਿੱਦਿਆ ਆਦਿਕ ਗੁਣਾਂ ਦੀ ਸਿਖਲਾਈ

ਅੰਮ੍ਰਿਤਸਰ ਗੁਰੂ ਅਰਜਨ ਸਾਹਿਬ ਦੇ ਪਾਸ ਉੱਚੀ ਕਰਨੀ ਵਾਲੇ ਤੇ ਉੱਘੇ ਦੋ ਸਿਖ ਸਨ—ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ। ਜਦੋਂ ਸੀਤਲਾ ਤੋਂ ਪੂਰੀ ਅਰੋਗਤਾ ਹੋਈ, ਉਸ ਵੇਲੇ (ਗੁਰੂ) ਹਰਿ ਗੋਬਿੰਦ ਸਾਹਿਬ ਦੀ ਉਮਰ ਛੇ ਸਾਲਾਂ ਦੀ ਹੋ ਚੁੱਕੀ ਸੀ। ਇਹਨਾਂ ਦੀ ਵਿੱਦਿਆ ਆਦਿਕ ਦਾ ਕੰਮ ਗੁਰੂ ਅਰਜਨ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਸੌਂਪਿਆ। ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਲਿਖਣ ਦੇ ਕੰਮ ਉੱਤੇ ਲਾਇਆ ਗਿਆ ਸੀ। ਸਿਆਣੇ ਆਖਦੇ ਹਨ ਕਿ ਹੋਣਹਾਰ ਬਾਲ ਦੇ ਲੱਛਣ ਪੰਘੂੜੇ ਤੋਂ ਹੀ ਦਿੱਸ ਪੈਂਦੇ ਹਨ। ਬਾਬਾ ਬੁੱਢਾ ਜੀ ਨੇ (ਗੁਰੂ) ਹਰਿ ਗੋਬਿੰਦ ਸਾਹਿਬ ਵਿਚ ਸ਼ਸਤ੍ਰ-ਵਿੱਦਿਆ ਵਲ ਖ਼ਾਸ ਰੁਚੀ ਵੇਖੀ। ਮੁਗ਼ਲ ਬਾਦਸ਼ਾਹਾਂ ਤੇ ਹਾਕਮਾਂ ਦੇ ਕਰਤੱਬਾਂ ਤੋਂ ਭੀ ਸਾਫ਼ ਦਿੱਸ ਰਿਹਾ ਸੀ ਕਿ ਉਹ ਜਨਤਾ ਦੀ ਉਸ ਜਾਗ੍ਰਤ ਨੂੰ ਪਸੰਦ ਨਹੀਂ ਕਰ ਰਹੇ ਸਨ ਜੋ ਸਤਿਗੁਰੂ ਜੀ ਦੇ ਉਪਦੇਸ਼ ਤੇ ਪ੍ਰੇਰਨਾ ਨਾਲ ਦਿਨੋ-ਦਿਨ ਵਧ ਰਹੀ ਸੀ। ਬਾਬਾ ਬੁੱਢਾ ਜੀ ਨੂੰ ਉਹ ਸਮਾ ਦੂਰ ਨਹੀਂ ਸੀ ਦਿਸ ਰਿਹਾ, ਜਦੋਂ ਦਿਲ-ਵਧੇ ਸਿੱਖਾਂ ਨਾਲ ਮੁਗ਼ਲ ਹਕੂਮਤ ਦੀ ਟੱਕਰ ਅਵੱਸ਼ ਹੋਣੀ ਸੀ। ਤਾਹੀਏਂ ਸ਼ਸਤ੍ਰ-ਵਿੱਦਿਆ ਵਿਚ (ਗੁਰੂ) ਹਰਿ ਗੋਬਿੰਦ ਸਾਹਿਬ ਦਾ ਸ਼ੌਕ ਤੇ ਨਿਪੁੰਨਤਾ ਵੇਖ ਕੇ ਬਾਬਾ ਜੀ ਕਹਿ ਦਿਆ ਕਰਦੇ ਸਨ ਕਿ ਇਹ ਜੋਧਾ ਮੁਗ਼ਲਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਗੰਢਾ ਮੁੱਕੀ ਮਾਰ ਕੇ ਭੰਨੀਦਾ ਹੈ।

## ਗੁਰਿਆਈ

ਅਕਬਰ ਦੇ ਥਾਂ ਜਹਾਂਗੀਰ ਤਖ਼ਤ ਉੱਤੇ ਬੈਠਾ। ਝੱਬਦੇ ਹੀ ਉਸ ਦੇ ਪੁੱਤਰ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ ਤੇ ਆਗਰੇ ਤੋਂ ਪੰਜਾਬ ਵੱਲ ਆਇਆ। ਜਹਾਂਗੀਰ ਭੀ ਫ਼ੌਜ ਲੈ ਕੇ ਪਿੱਛੇ ਪਿੱਛੇ। ਖ਼ੁਸਰੋ ਚਿਨਾਬ ਦੇ ਕੰਢੇ ਫੜਿਆ ਗਿਆ। ਉਸ ਦੇ ਸਾਥੀਆਂ ਸਹਾਇਕਾਂ ਨੂੰ ਜਹਾਂਗੀਰ ਨੇ ਲਾਹੌਰ ਬੜੇ ਬੜੇ ਤਸੀਹੇ ਦੇ ਕੇ ਆਪਣੀਆਂ ਅੱਖਾਂ ਦੇ ਸਾਹਮਣੇ ਮਰਵਾਇਆ। ਇਹ ਸਾਰਾ ਹਾਲ ਵਿਸਥਾਰ ਨਾਲ ਅਸੀ ਗੁਰੂ ਅਰਜਨ ਸਾਹਿਬ ਦੇ ਜੀਵਨ ਵਿਚ ਪੜ੍ਹ ਆਏ ਹਾਂ।

ਸਿਖ-ਧਰਮ ਦੇ ਵਧਦੇ ਰਸੂਖ਼ ਨੂੰ ਨਾ ਸਹਾਰ ਕੇ ਜਾਤਿ-ਅਭਿਮਾਨੀ ਅਤੇ ਕਾਜ਼ੀ ਲੋਕ ਗੁਰੂ-ਘਰ ਦੇ ਵੈਰੀ ਬਣ ਚੁਕੇ ਹੋਏ ਸਨ। ਕਾਰੀ ਚੋਟ ਮਾਰਨ ਵਾਸਤੇ ਖ਼ੁਸਰੋ ਦੀ ਬਗ਼ਾਵਤ ਉਹਨਾਂ ਨੂੰ ਚੰਗਾ ਬਹਾਨਾ ਮਿਲਿਆ। ਭਾਵੇਂ ਵਕਤ ਲੰਘ

ਚੁਕਾ ਹੋਇਆ ਸੀ। ਤਿੰਨ ਹਫ਼ਤੇ ਹੋ ਚੁਕੇ ਸਨ ਕਿ ਖ਼ੁਸਰੋ ਦੇ ਹਮਾਇਤੀਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਜਾ ਚੁਕੀਆਂ ਸਨ। ਫਿਰ ਭੀ ਉਹਨਾਂ ਤੀਰ ਚਲਾ ਹੀ ਦਿੱਤਾ। ਦਰਬਾਰੀਆਂ ਦੀ ਰਾਹੀਂ ਜਹਾਂਗੀਰ ਦੇ ਕੰਨ ਭਰਿਓ ਨੇ ਕਿ ਗੁਰੂ ਅਰਜਨ ਸਾਹਿਬ ਨੇ ਖ਼ੁਸਰੋ ਨੂੰ ਅਸੀਸ ਤੇ ਸਹਾਇਤਾ ਦਿੱਤੀ ਸੀ। ਜਹਾਂਗੀਰ ਨੇ ਸਤਿਗੁਰੂ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਸੰਨ ੧੬੦੬ ਦੇ ਮਈ ਦਾ ਅਖ਼ੀਰਲਾ ਹਫ਼ਤਾ ਸੀ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਆਦਿਕ ਮੁਖੀ ਸਿੱਖਾਂ ਨੂੰ ਸੱਦ ਕੇ ਦੇਸ ਦੇ ਉਸ ਵਕਤ ਦੇ ਰਾਜਸੀ ਹਾਲਾਤ ਦੱਸੇ ਅਤੇ ਸਮਝਾਇਆ ਕਿ ਪੈਰਾਂ ਹੇਠ ਲਤਾੜੀਂਦੇ ਲੋਕਾਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਕਰਨ ਵਾਲੀ ਤਾਲੀਮ ਦਾ ਪਰਚਾਰ ਕਰਨ ਦਾ ਇਹ ਸਿੱਟਾ ਅਵੱਸ਼ ਨਿਕਲਣਾ ਸੀ। ਅਗਾਂਹ ਉੱਘੜਨ ਵਾਲੇ ਹਾਲਾਤ ਦੀ ਸੰਭਾਵਨਾ ਭੀ ਦੱਸੀ ਕਿ ਸ਼ਾਇਦ ਹਕੂਮਤ ਨਾਲ ਸਿੱਧੀ ਟੱਕਰ ਭੀ ਹੋ ਪਏ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੰਗਤ ਦੇ ਸਾਹਮਣੇ ਭਰੇ ਦੀਵਾਨ ਵਿਚ ਗੁਰੂ ਅਰਜਨ ਸਾਹਿਬ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਸੌਂਪੀ। ਆਦਿ ਬੀੜ ਦਾ ਤਾਂ ਹੁਣ ਪਰਤੱਖ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਹਰ ਰੋਜ਼ ਹੀ ਪਰਕਾਸ਼ ਕੀਤਾ ਜਾਂਦਾ ਸੀ। ਪਹਿਲੇ ਗੁਰ-ਵਿਅਕਤੀਆਂ ਵਾਂਗ ਗੁਰਬਾਣੀ ਦੀ ਸਪੁਰਦਗੀ ਦੀ ਹੁਣ ਲੋੜ ਨਹੀਂ ਰਹੀ ਸੀ। ਗੁਰਿਆਈ ਮਿਲਣ ਵੇਲੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਉਮਰ ੧੧ ਸਾਲਾਂ ਦੀ ਸੀ। ਗੁਰੂ ਅਰਜਨ ਸਾਹਿਬ ਨੂੰ ਲਾਹੌਰ 'ਚ ਤਸੀਹੇ ਦੇ ਦੇ ਸ਼ਹੀਦ ਕੀਤਾ ਗਿਆ। ਉਸ ਦਿਨ ਮਈ ਦੀ ੩੦ ਤਰੀਕ ਸੀ।

 www.sikhbookclub.com

# ਦੂਜਾ ਕਾਂਡ

## ਸ਼ਹੀਦੀ ਦਾ ਅਸਰ

ਸਿੱਖਾਂ ਨੇ ਅੱਖੀਂ ਵੇਖ ਲਿਆ ਕਿ ਕਾਜ਼ੀ-ਹਾਕਮਾਂ, ਖੱਤ੍ਰੀ-ਕਰਮਚਾਰੀਆਂ ਅਤੇ ਜਾਤ-ਅਭਿਮਾਨੀ ਬ੍ਰਾਹਮਣਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਚੁੱਭ ਰਹੀ ਸੀ। ਪੈਰਾਂ ਹੇਠ ਲਤਾੜੀਂਦੇ ਬੰਦਿਆਂ ਨੂੰ ਜਗਾਣਾ ਹੀ ਇਹਨਾਂ ਲੋਕਾਂ ਵਾਸਤੇ ਅਸਹਿ ਕੰਮ ਸੀ। ਨਿਰਦਈ ਸੁਆਰਥੀ ਲੋਕਾਂ ਨੇ ਗ਼ਰੀਬਾਂ ਦੇ ਦਰਦੀ ਪੰਜਵੇਂ ਗੁਰੂ ਅਰਜਨ ਪਾਤਿਸ਼ਾਹ ਨੂੰ ਸ਼ਹੀਦ ਕਰ ਕੇ ਜਾਗ ਪਈ ਮਨੁੱਖਤਾ ਨੂੰ ਵੰਗਾਰਿਆ। ਮਾਝੇ ਦੀ ਰਗ ਰਗ ਤੜਪ ਉੱਠੀ। ਗੱਭਰੂਆਂ ਦੇ ਡੌਲਿਆਂ ਵਿਚ ਲਹੂ ਨੇ ਜੋਸ਼ ਮਾਰਿਆ। ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਜਾ-ਨਸ਼ੀਨ ਗੁਰ-ਵਿਅਕਤੀਆਂ ਦੇ ਜਗਾਏ ਹੋਏ ਬੰਦੇ, ਹੁਣ ਮੁੜ ਨਿਰਦਈ ਸੁਆਰਥੀਆਂ ਦੇ ਜ਼ੁਲਮ ਦਾ ਨਿਸ਼ਾਨਾ ਬਣਨ ਨੂੰ ਤਿਆਰ ਨਹੀਂ ਸਨ। ਅੱਤ ਦਾ ਇਲਾਜ ਘਸੁੰਨ ਹੀ ਹੈ। ਸਿੱਖਾਂ ਨੇ ਪੱਕਾ ਕਰ ਲਿਆ ਕਿ ਟਾਕਰਾ ਹੋ ਕੇ ਹੀ ਰਹੇਗਾ। ਸ਼ਸਤ੍ਰ-ਧਾਰੀ ਬਣਨ ਦਾ ਸਮਾ ਆ ਗਿਆ ਹੈ। ਸਤਿਗੁਰੂ ਜੀ ਨੇ ਆਪ ਭੀ ਦੋ ਤਲਵਾਰਾਂ ਪਹਿਨ ਲਈਆਂ। ਇਕ ਮੀਰੀ ਦੀ ਤੇ ਦੂਜੀ ਪੀਰੀ ਦੀ। ਰਾਜ ਤੇ ਜੋਗ ਇਕੱਠੇ ਕਰ ਦਿੱਤੇ।

## ਬੀਰ-ਰਸ ਲਈ ਸਹੀ ਅਗਵਾਈ

ਗੁਰੂ ਹਰਿ ਗੋਬਿੰਦ ਸਾਹਿਬ ਭਾਵੇਂ ਅਜੇ ੧੧ ਸਾਲਾਂ ਦੇ ਸਨ, ਪਰ ਉਨ੍ਹਾਂ ਚੰਗੀ ਤਰ੍ਹਾਂ ਜਾਂਚ ਲਿਆ ਕਿ ਹਕੂਮਤ ਦੀ ਬਦਲੀ ਹੋਈ ਰਾਜਨੀਤੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤਕ ਹੀ ਬੱਸ ਨਹੀਂ ਕਰੇਗੀ। ਗ਼ਰੀਬਾਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਹੋਣਾ ਕਦੇ ਬਹੁਤਾ ਚਿਰ ਜਰਿਆ ਨਹੀਂ ਜਾ ਸਕਦਾ। ਉਸ ਮਨੁੱਖਤਾ ਨੂੰ ਕੁਚਲੇ ਜਾਣ ਤੋਂ ਬਚਾਣ ਲਈ ਉਹਨਾਂ ਦੇ ਅੰਦਰ ਬੀਰ-ਰਸ ਪੈਦਾ ਕਰਨਾ ਜ਼ਰੂਰੀ ਸੀ, ਜੋ ਨਾ ਕਿਸੇ ਨੂੰ ਡਰਾਵੇ ਅਤੇ ਨਾ ਕਿਸੇ ਤੋਂ ਡਰੇ।

## ਘੋੜੇ ਅਤੇ ਸ਼ਸਤ੍ਰ

ਦੂਰ ਦੂਰ ਦੇਸਾਂ ਤੇ ਪ੍ਰਾਂਤਾਂ ਵਿਚ ਵੱਸਦੇ ਸਿਖ-ਘਰਾਣਿਆਂ ਪਾਸੋਂ ਦਸਵੰਧ



 www.sikhbookclub.com

ਦੀ ਮਾਇਆ ਇਕੱਠੀ ਕਰਨ ਲਈ ਮਸੰਦ-ਮਰਯਾਦਾ ਗੁਰੂ ਅਰਜਨ ਸਾਹਿਬ ਹੀ ਚਲਾ ਗਏ ਸਨ। ਕਿਰਤ-ਕਾਰ ਅਤੇ ਵਪਾਰ ਆਦਿਕ ਸਿਖ ਦਾ ਸਦਾ ਹੀ ਮੁੱਖ ਧਰਮ ਹੈ। ਦੂਰ ਦੂਰ ਥਾਵਾਂ 'ਤੇ ਵਪਾਰੀ ਸਿਖ ਪਹੁੰਚੇ ਹੋਏ ਸਨ। ਗੁਰੂ ਹਰਿ ਗੋਬਿੰਦ ਸਾਹਿਬ ਨੇ ਮਸੰਦਾਂ ਨੂੰ ਹਦਾਇਤ ਕਰ ਦਿੱਤੀ ਕਿ ਵਪਾਰੀ ਸਿਖ ਨਕਦ ਭੇਟਾ ਦੇ ਥਾਂ ਸੋਹਣੇ ਵਧੀਆ ਘੋੜੇ ਅਤੇ ਸ਼ਸਤ੍ਰ ਖ਼ਰੀਦ ਕੇ ਭੇਜਿਆ ਕਰਨ। ਸ੍ਰੀ ਹਰਿਮੰਦਰ ਸਾਹਿਬ ਮੁਕੰਮਲ ਹੋ ਜਾਣ ਕਰਕੇ ਅਤੇ ਕਾਲ ਤੇ ਬੀਮਾਰੀਆਂ ਦਾ ਸਹਿਮ ਮੁੱਕ ਜਾਣ ਕਰਕੇ ਹੁਣ ਨਕਦ ਰੁਪਏ ਦੀ ਉਤਨੀ ਬਹੁਤੀ ਲੋੜ ਭੀ ਨਹੀਂ ਸੀ।

### ਸ਼ਿਕਾਰ ਅਤੇ ਸ਼ਸਤ੍ਰ-ਵਿੱਦਿਆ

ਅੰਮ੍ਰਿਤਸਰ ਦੇ ਦੁਆਲੇ ਖੁਲ੍ਹੀਆਂ ਜੂਹਾਂ ਤੇ ਜੰਗਲ ਸਨ। ਸ਼ਹਿਰੋਂ ਪਹਾੜ ਪਾਸੇ ਚਾਰ ਕੁ ਮੀਲਾਂ ਦੀ ਵਿੱਥ ਉੱਤੇ ਸਿਆਲਕੋਟ ਨੂੰ ਜਾਂਦੀ ਸੜਕ ਦੇ ਲਾਗੇ ਇਕ ਕਸਬਾ ਗੁਮਟਾਲਾ ਹੈ। ਇਹ ਪੁਰਾਣਾ ਕਸਬਾ ਹੈ। ਲਾਹੌਰ ਤੋਂ ਸ਼ਿਕਾਰ ਖੇਡਣ ਲਈ ਮੁਗ਼ਲ ਹਾਕਮ ਗੁਮਟਾਲੇ ਤਕ ਆ ਅੱਪੜਿਆ ਕਰਦੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਨੇ ਚੁਣਵੇਂ ੫੨ ਸੂਰਮੇ ਆਪਣੇ ਪਾਸ ਰੱਖੇ, ਜੋ ਸਿੱਖਾਂ ਨੂੰ ਸ਼ਸਤ੍ਰ-ਵਿੱਦਿਆ ਸਿਖਾ ਸਕਣ। ਗੁਰੂ ਸਾਹਿਬ ਦੀ ਇਹ ਰੁਚੀ ਵੇਖ ਕੇ ਮਾਝੇ ਮਾਲਵੇ ਦੁਆਬੇ ਵਿਚੋਂ ਪੰਜ ਸੌ ਦੇ ਕਰੀਬ ਜਵਾਨ ਸਿਖ ਗੱਭਰੂ ਸਤਿਗੁਰੂ ਜੀ ਦੇ ਪਾਸ ਆ ਇਕੱਠੇ ਹੋਏ। ਦਸਵੰਧ ਵਜੋਂ ਆਏ ਹੋਏ ਘੋੜੇ ਤੇ ਸ਼ਸਤ੍ਰ ਉਹਨਾਂ ਨੂੰ ਦਿੱਤੇ ਗਏ, ਅਤੇ ਸ਼ਸਤ੍ਰ-ਵਿੱਦਿਆ ਦੀ ਸਿਖਲਾਈ ਸ਼ੁਰੂ ਕੀਤੀ ਗਈ। ਸਤਿਗੁਰੂ ਜੀ ਦੀ ਅਗਵਾਈ ਵਿਚ ਸਿਖ ਗੁਆਂਢ ਦੇ ਜੰਗਲਾਂ ਵਿਚ ਸ਼ਿਕਾਰ ਖੇਡਣ ਭੀ ਜਾਣ ਲੱਗ ਪਏ। ਜਾਗੀ ਜਨਤਾ ਦੀ ਹੋਂਦ ਕਾਇਮ ਰੱਖਣ ਲਈ ਤਨਖ਼ਾਹ ਤੋਂ ਬਿਨਾਂ ਹੀ ਸਤਿਗੁਰੂ ਜੀ ਦੇ ਕੋਲ ਇਹ ਸਿਰ-ਵੇਚ ਫ਼ੌਜ ਬਣਨ ਲੱਗ ਪਈ। ਸਿਖ ਗੱਭਰੂ ਦੂਰੋਂ ਦੂਰੋਂ ਆ ਕੇ ਮਹੀਨਿਆਂ-ਬੱਧੀ ਅੰਮ੍ਰਿਤਸਰ ਟਿਕ ਕੇ ਇਥੋਂ ਘੋੜ-ਸਵਾਰੀ ਤੇ ਸ਼ਸਤ੍ਰ-ਵਿੱਦਿਆ ਸਿੱਖ ਲੈਂਦੇ ਸਨ ਅਤੇ ਫਿਰ ਆਪਣੀ ਘਰੀਂ ਕਿਰਤ-ਕਾਰੇ ਜਾ ਲੱਗਦੇ ਸਨ।

### ਮੁਸਲਮਾਨ ਭੀ

ਮੁਸਲਮਾਨ ਬਾਦਸ਼ਾਹਾਂ ਦੇ ਆਉਣ ਤੋਂ ਪਹਿਲਾਂ ਭਾਰਤ ਵਿਚ ਬ੍ਰਾਹਮਣਾਂ ਦੀ ਚਲਾਈ ਮਰਯਾਦਾ ਅਨੁਸਾਰ ਉੱਚ-ਜਾਤੀਏ ਲੋਕਾਂ ਦਾ ਰਾਜ ਸੀ। ਨੀਵੀਆਂ ਜਾਤਾਂ ਵਾਲੇ ਬਹੁਤ ਦੁਖੀ ਸਨ। ਮੁਸਲਮਾਨ ਹਮਲਾ-ਆਵਰਾਂ ਦੇ ਨਾਲ ਇਸਲਾਮ ਦੇ ਪਰਚਾਰਕ ਪੀਰ ਫ਼ਕੀਰ ਵਲੀ ਭੀ ਆਏ, ਜਿਨ੍ਹਾਂ ਇਹ ਦੱਸਿਆ ਕਿ ਇਸਲਾਮ ਵਿਚ ਸਭ ਮਨੁੱਖਾਂ ਨੂੰ ਬਰਾਬਰੀ ਦਾ ਹੱਕ ਹੈ। ਇਸ ਦੇ ਨਾਲ ਹਕੂਮਤ ਦਾ ਰਸੂਖ਼

 www.sikhbookclub.com

ਭੀ ਰਲਿਆ। ਨਤੀਜਾ ਇਹ ਨਿਕਲਿਆ ਕਿ ਬੜੀ ਭਾਰੀ ਗਿਣਤੀ ਵਿਚ ਨੀਵੀਆਂ ਜਾਤਾਂ ਦੇ ਲੋਕ ਮੁਸਲਮਾਨ ਬਣਦੇ ਗਏ। ਪਰ ਹਕੂਮਤ ਦੇ ਨਸ਼ੇ ਵਿਚ ਆ ਕੇ ਹਾਕਮਾਂ ਨੇ ਬਦਕਾਰੀ ਤੇ ਅੱਤਿਆਚਾਰਾਂ ਉਤੇ ਲੱਕ ਬੰਨ੍ਹ ਲਿਆ। ਉਥੇ ਨਾ ਹਿੰਦੂ ਦੀ ਇੱਜ਼ਤ ਦਾ ਲਿਹਾਜ਼ ਸੀ, ਨਾ ਹਿੰਦੂ ਤੋਂ ਬਣੇ ਮੁਸਲਮਾਨ ਦੀ ਇੱਜ਼ਤ ਦਾ। ਇਸਲਾਮ ਦੀ ਪਹਿਲੀ ਝਲਕ ਮੱਧਮ ਪੈ ਗਈ। ਸੰਨ ੧੫੯੫-੯੮ ਦੇ ਕਾਲ ਵਿਚ ਤਾਂ ਅਨੇਕਾਂ ਮੁਸਲਮਾਨ ਕੁਝ ਈਸਾਈ ਬਣ ਗਏ, ਕੁਝ ਸਿਖ ਬਣ ਗਏ ਸਨ। ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ, ਹਾਕਮਾਂ ਦੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ, ਲੋਕ ਸ਼ਸਤ੍ਰ-ਧਾਰੀ ਬਣਨ ਲੱਗੇ, ਤਾਂ ਅਨੇਕਾਂ ਮੁਸਲਮਾਨ ਭੀ ਸਤਿਗੁਰੂ ਜੀ ਦੀ ਨਵੀਂ ਬਣ ਰਹੀ ਫ਼ੌਜ ਵਿਚ ਭਰਤੀ ਹੋਣ ਲੱਗ ਪਏ।

## ਸ੍ਰੀ ਅਕਾਲ ਤਖ਼ਤ

ਗੁਰੂ ਨਾਨਕ ਦੇਵ ਜੀ ਦੀ ਤਾਲੀਮ ਦਾ ਇਹ ਇਕ ਅੱਤ ਜ਼ਰੂਰੀ ਅੰਗ ਹੈ ਕਿ ਸਿਖ ਹਰ ਰੋਜ਼ ਸਵੇਰੇ ਸ਼ਾਮ ਗੁਰਦੁਆਰੇ ਵਿਚ ਹਾਜ਼ਰ ਹੋਵੇ, ਤੇ ਸਤਸੰਗ ਵਿਚ ਸਾਂਝੀਵਾਲ ਬਣੇ। ਇਸ ਤਰ੍ਹਾਂ ਬੇ-ਮਲੂਮੇ ਜਿਹੇ ਹੀ ਸਿਖ ਦਾ ਰੋਜ਼ਾਨਾ ਜੀਵਨ ਗੁਰਮਤਿ ਦੇ ਸੱਚੇ ਵਿਚ ਢਲਣਾ ਸ਼ੁਰੂ ਹੋ ਜਾਂਦਾ ਹੈ। ਜਿਥੇ ਕਿਤੇ ਭੀ ਸਿਖ-ਵੱਸੋਂ ਸੀ, ਉਥੇ ਉਥੇ ਸਤਸੰਗ ਦੀ ਖ਼ਾਤਰ ਗੁਰਦੁਆਰੇ ਬਣਾਏ ਹੋਏ ਸਨ। ਅੰਮ੍ਰਿਤਸਰ ਸਿੱਖਾਂ ਦਾ ਕੇਂਦਰੀ ਅਸਥਾਨ ਸੀ। ਸ੍ਰੀ ਹਰਿਮੰਦਰ ਸਾਹਿਬ ਵਿਚ ਹਰ ਵੇਲੇ ਸਤਸੰਗ ਦਾ ਪਰਬੰਧ ਸੀ, ਦੂਰੋਂ ਦੂਰੋਂ ਸਿੱਖ ਦਰਸ਼ਨ ਨੂੰ ਆਉਂਦੇ ਸਨ। ਬੀਰ-ਰਸ ਪੈਦਾ ਕਰਨ ਲਈ ਗੁਰੂ ਹਰਿ ਗੋਬਿੰਦ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਨਵਾਂ ਗੁਰਦੁਆਰਾ ਤਿਆਰ ਕਰਾਇਆ, ਜਿਸ ਦੇ ਦਰਸ਼ਨ-ਮਾਤ੍ਰ ਨਾਲ ਹੀ ਸਿਖ ਦੇ ਹਿਰਦੇ ਵਿਚ ਰਾਜਸੀ ਠਾਠ ਦਾ ਪਰਭਾਵ ਪੈਂਦਾ ਜਾਏ। ਉਸ ਦਾ ਨਾਂ ਅਕਾਲ ਤਖ਼ਤ ਰੱਖਿਆ। ਇਹ ਜ਼ਿਕਰ ਸੰਨ ੧੬੦੯ ਦਾ ਹੈ।

## ਸ਼ਾਂਤ-ਰਸ ਅਤੇ ਬੀਰ-ਰਸ

ਤਖ਼ਤ, ਛਤ੍ਰ, ਰਾਜ ਆਦਿਕ ਦੇ ਸੰਸਕਾਰ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਕੋਈ ਨਵੇਂ ਨਹੀਂ ਚਲਾਏ ਗਏ। ਦੁਨੀਆ ਦੇ ਸੁਆਰਥੀ ਰਾਜਿਆਂ ਬਾਦਸ਼ਾਹਾਂ ਦੇ ਟਾਕਰੇ ਉਤੇ ਸਿਖ ਆਪਣੇ ਸਤਿਗੁਰੂ ਨੂੰ ਸੱਚੇ ਰੱਬੀ ਰਾਜ ਤਖ਼ਤ ਛਤ੍ਰ ਦਾ ਮਾਲਕ ਸਮਝਦੇ ਅਤੇ ਆਖਦੇ ਆ ਰਹੇ ਹਨ। ਸੱਤਾ ਅਤੇ ਬਲਵੰਡ ਰਬਾਬੀ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਦੇ ਵੇਲੇ ਕੀਰਤਨ ਕਰਦੇ ਸਨ। ਜਦੋਂ ਉਹਨਾਂ ਸੰਨ ੧੫੯੨ ਵਿਚ ਆਪਣੀ ਭੁੱਲ ਦੀ ਮਾਫ਼ੀ ਮੰਗਣ ਪਿੱਛੋਂ ਗੁਰੂ ਦੀ ਮਹਿਮਾ ਵਿਚ ਇਕ 'ਵਾਰ' ਲਿਖੀ ਸੀ, ਉਸ ਵਿਚ ਉਹਨਾਂ ਨੇ ਲਫ਼ਜ਼ ਤਖ਼ਤ,

ਛਤ੍ਰ ਰਾਜ ਆਦਿਕ ਵਰਤ ਕੇ ਸਿੱਖਾਂ ਦੇ ਆਪਣੇ ਗੁਰੂ ਪਾਤਿਸ਼ਾਹ ਬਾਰੇ ਦਿਲੀ ਭਾਵ ਸਾਫ਼ ਪਰਗਟ ਕਰ ਦਿਤੇ ਸਨ। ਬੀਰ-ਰਸ ਦਾ ਅੰਕੁਰ ਤਾਂ ਤਦੋਂ ਹੀ ਫੁੱਟ ਪਿਆ, ਜਦੋਂ ਪੈਰਾਂ ਹੇਠ ਲਤਾੜੀਂਦੇ ਬੰਦਿਆਂ ਦੀ ਮਨੁੱਖਤਾ ਨੂੰ ਹੁਲਾਰਾ ਦਿੱਤਾ ਗਿਆ। ਗੁਰੂ ਹਰਿ ਗੋਬਿੰਦ ਸਾਹਿਬ ਨੇ ਉਸ ਨੂੰ ਹੋਰ ਉੱਘਾ ਕਰ ਦਿੱਤਾ ਸੀ।

## ਵਾਰਾਂ ਅਤੇ ਢਾਡੀ

ਦੂਜਿਆਂ ਦੇ ਘਰ ਲੁਟਣੇ ਤੇ ਦੇਸ ਮੱਲਣੇ, ਮਨੁੱਖ ਦਾ ਇਹ ਪਸ਼ੂ-ਸੁਭਾਉ ਮੁੱਢ ਕਦੀਮਾਂ ਤੋਂ ਤੁਰਿਆ ਆ ਰਿਹਾ ਹੈ। ਅੱਗੋਂ ਆਪਣੇ ਦੇਸ਼ ਦੀ ਇੱਜ਼ਤ ਤੇ ਅਣਖ ਬਚਾਣ ਲਈ ਕਈ ਸੂਰਮੇ ਨਿੱਤਰ ਪੈਂਦੇ ਹਨ, ਜੋ ਆਪਣਾ ਸਿਰ ਤਲੀ ਉੱਤੇ ਰੱਖ ਕੇ ਮਰਦਾਂ ਵਾਂਗ ਜਾਬਰਾਂ ਦਾ ਟਾਕਰਾ ਕਰਦੇ ਹਨ। ਅਜਿਹੇ ਸੂਰਮਿਆਂ ਦੀ ਬਹਾਦਰੀ ਦੇ ਕਰਤੱਬ ਦਿਲ-ਖਿੱਚਵੀਂ ਕਵਿਤਾ ਵਿਚ ਲਿਖੇ ਜਾਂਦੇ ਹਨ, ਜਿਨ੍ਹਾਂ ਨੂੰ 'ਵਾਰਾਂ' ਆਖਦੇ ਹਨ। ਦੇਸ-ਵਾਸੀਆਂ ਦੇ ਦਿਲ ਵਿਚ ਦੇਸ-ਪਿਆਰ ਦੇ ਤਰੰਗ ਪੈਦਾ ਕਰਨ ਲਈ ਇਹ 'ਵਾਰਾਂ' ਬੰਦਿਆਂ ਦੇ ਵੱਡੇ ਵੱਡੇ ਇਕੱਠਾਂ ਵਿਚ ਢੱਡ ਤੇ ਸਾਰੰਗੀ ਸਾਜ ਵਜਾ ਕੇ ਗਾਂਵੀਆਂ ਜਾਂਦੀਆਂ ਹਨ। ਢੱਡ ਵਜਾਣ ਕਰਕੇ ਉਨ੍ਹਾਂ ਨੂੰ 'ਢਾਡੀ' ਕਿਹਾ ਜਾਂਦਾ ਹੈ। ਢਾਡੀਆਂ ਦੀ 'ਵਾਰਾਂ' ਗਾਵਣ ਦੀ ਰੀਤ ਭੀ ਮਨੁੱਖੀ ਇਤਿਹਾਸ ਵਿਚ ਬੜੀ ਪੁਰਾਣੀ ਚਲੀ ਆ ਰਹੀ ਹੈ।

ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਬੜਾ ਖੁਲ੍ਹਾ ਦਲਾਨ ਹੈ, ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸਰੋਤੇ ਬੈਠ ਸਕਦੇ ਹਨ। ਗੁਰਬਾਣੀ ਦੇ ਕੀਰਤਨ ਦੇ ਦੀਵਾਨ ਤਾਂ ਦੋਵੇਂ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਲੱਗਦੇ ਹੀ ਸਨ। ਗੁਰੂ ਹਰਿ ਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲੌਢੇ ਪਹਿਰ ਇਕੱਠ ਹੋਣੇ ਸ਼ੁਰੂ ਹੋਏ, ਜਿਥੇ ਢਾਡੀ ਲੋਕ ਜੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਇਹ ਨਵਾਂ ਉੱਦਮ ਸਿੱਖਾਂ ਵਿਚ ਬੀਰ-ਰਸ ਪੈਦਾ ਕਰਨ ਅਤੇ ਚਮਕਾਣ ਲਈ ਕੀਤਾ ਗਿਆ। ਸਿੱਖ-ਇਤਿਹਾਸ ਲਿਖਦਾ ਹੈ ਕਿ ਜਿਸ ਢਾਡੀ ਨੇ ਪਹਿਲਾਂ ਪਹਿਲ ਇਹ ਕੰਮ ਸ਼ੁਰੂ ਕੀਤਾ ਸੀ, ਉਸ ਦਾ ਨਾਮ ਅਬਦੁੱਲਾ ਸੀ।

ਅਸੀਂ ਪਿੱਛੇ ਵੇਖ ਆਏ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਦੀਆਂ 'ਵਾਰਾਂ' ਭੀ ਹਨ। ਇਹਨਾਂ ਨੂੰ ਗਾਉਣ ਲਈ ਗੁਰੂ ਅਰਜਨ ਸਾਹਿਬ ਨੇ ਉਹੀ ਰੀਤਾਂ ਮੁਕੱਰਰ ਕੀਤੀਆਂ ਸਨ, ਜਿਨ੍ਹਾਂ ਰੀਤਾਂ ਵਿਚ ਢਾਡੀ ਲੋਕ ਜੋਧਿਆਂ ਦੀਆਂ ਵਾਰਾਂ ਗਾਇਆ ਕਰਦੇ ਸਨ। ਇਸ ਦਾ ਭਾਵ ਭੀ ਇਹੀ ਸੀ ਕਿ ਪਰਮਾਤਮਾ ਦੀ ਸਿਫ਼ਤ-ਸਲਾਹ ਗਾਉਂਦਿਆਂ ਭੀ ਬੀਰ-ਰਸ-ਹੁਲਾਰੇ ਵਿਚ ਆਵੇ।

ਇਸੇ ਹੀ ਸਿਲਸਿਲੇ ਵਿਚ ਕੁਸ਼ਤੀ ਆਦਿਕ ਮਰਦਾਵੀਆਂ ਖੇਡਾਂ ਵਲ ਸਿੱਖਾਂ ਦੀ ਰੁਚੀ ਵਧਾਣ ਲਈ ਕਈ ਉਚੇਚੇ ਪਰਬੰਧ ਕੀਤੇ ਗਏ।

# ਤੀਜਾ ਕਾਂਡ

## ਟਿਕਵਾਂ ਸਮਾ

ਗੁਰੂ ਅਰਜਨ ਸਾਹਿਬ ਦੇ ਜੀਵਨ ਵਿਚ ਅਸੀ ਵੇਖ ਆਏ ਹਾਂ ਕਿ ਸੰਨ ੧੬੦੬ ਦੇ ਮਈ ਦੇ ਅਖ਼ੀਰਲੇ ਹਫ਼ਤੇ ਵਿਚ ਦੋਖੀਆਂ ਦੀਆ ਲਾਈਆਂ ਲੂਤੀਆਂ ਦੇ ਅਸਰ ਹੇਠ ਜਹਾਂਗੀਰ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਜਾਰੀ ਕਰ ਕੇ, ਆਪ ਉਸੇ ਵੇਲੇ ਸਿੰਧ ਨੂੰ ਚਲਾ ਗਿਆ ਸੀ। ਕੰਧਾਰ ਤਕ ਦਾ ਇਲਾਕਾ ਮੁਗ਼ਲ ਬਾਦਸ਼ਾਹਾਂ ਦੇ ਅਧੀਨ ਸੀ। ਪਰ ਅਕਬਰ ਦੀ ਮੌਤ ਦੇ ਪਿਛੋਂ ਈਰਾਨ ਦੇ ਬਾਦਸ਼ਾਹ ਨੇ ਕੰਧਾਰ ਵਲ ਛੇੜਖ਼ਾਨੀ ਸ਼ੁਰੂ ਕਰ ਦਿੱਤੀ। ਜਹਾਂਗੀਰ ਇਹ ਸੁਣ ਕੇ ਸਿੰਧ ਤੋਂ ਛੇਤੀ ਹੀ ਲਾਹੌਰ ਮੁੜ ਆਇਆ। ਇਥੋਂ ਭੀ ਤੁਰਤ ਹੀ ੨੭ ਮਾਰਚ ੧੬੦੭ ਨੂੰ ਕਾਬਲ ਵਲ ਚੱਲ ਪਿਆ, ਅਤੇ ਬੇਗਮਾਂ ਸਮੇਤ ੪ ਜੂਨ ਨੂੰ ਕਾਬਲ ਅੱਪੜਿਆ। ਜਦੋਂ ਕੰਧਾਰ ਵਾਲੀ ਗੜਬੜ ਮੁਕ ਗਈ, ਤਾਂ ਜਹਾਂਗੀਰ ਅਗਸਤ ੧੬੦੭ ਵਿਚ ਕਾਬਲੋਂ ਚੱਲ ਕੇ ਫ਼ਰਵਰੀ ੧੬੦੮ ਵਿਚ ਫਿਰ ਲਾਹੌਰ ਵਾਪਸ ਆ ਗਿਆ। ਇਥੇ ਕੁਝ ਦਿਨ ਠਹਿਰ ਕੇ ਉਹ ਆਗਰੇ ਨੂੰ ਰਵਾਨਾ ਹੋ ਗਿਆ, ਜਿੱਥੇ ਉਹ ੨੨ ਮਾਰਚ ੧੬੦੮ ਨੂੰ ਜਾ ਪਹੁੰਚਿਆ।

ਜਹਾਂਗੀਰ ਨੂੰ ਰਾਜਪੂਤਾਨੇ, ਦੱਖਣ ਤੇ ਗੁਜਰਾਤ ਕਾਠੀਆਵਾੜ ਵਿਚ ਇਤਨੇ ਰਾਜਸੀ ਝੰਬੇਲੇ ਆ ਪਏ ਕਿ ਉਸ ਨੂੰ ਆਗਰਾ ਭੀ ਛੱਡ ਕੇ ਉਧਰ ਜਾਣਾ ਪਿਆ। ਕਈ ਸਾਲ ਉਧਰ ਰਹਿ ਕੇ ਉਹ ਸੰਨ ੧੬੧੯ ਵਿਚ ਆਗਰੇ ਵਾਪਸ ਆਇਆ ਸੀ।

ਗੁਰੂ ਹਰਿ ਗੋਬਿੰਦ ਸਾਹਿਬ ਨੂੰ ਕਈ ਸਾਲਾਂ ਦਾ ਇਹ ਟਿਕਵਾਂ ਸਮਾ ਮਿਲ ਗਿਆ। ਜਹਾਂਗੀਰ ਨੇ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਪਿਛੋਂ ਸਿੱਖਾਂ ਵਲ ਭਲੀ ਨੀਤੀ ਹੀ ਵਰਤੀ। ਇਸੇ ਵਾਸਤੇ ਪੰਜਾਬ ਦੇ ਕਿਸੇ ਹਾਕਮ ਨੇ ਭੀ ਸਿੱਖਾਂ ਵਲ ਬੀਰਬਲ ਸੁਲਹੀ ਖ਼ਾਂ ਵਾਲਾ ਹੋਛਾ ਰਵੱਈਆ ਨਾ ਵਰਤਿਆ।

## ਤਪੇ ਦਿਲਾਂ ਲਈ ਉੱਦਮ

ਇਹ ਯਕੀਨ ਜਹਾਂਗੀਰ ਨੂੰ ਪਹਿਲਾਂ ਹੀ ਹੋ ਚੁਕਿਆ ਸੀ ਕਿ ਗੁਰੂ ਅਰਜਨ


www.sikhbookclub.com

ਸਾਹਿਬ ਨੇ ਖ਼ੁਸਰੋ ਦੀ ਬਗ਼ਾਵਤ ਵਿਚ ਕੋਈ ਦਿਲਚਸਪੀ ਨਹੀਂ ਲਈ ਸੀ; ਪਰ ਕਈ ਰਸੂਖ਼ ਵਾਲੇ ਦਰਬਾਰੀਆਂ ਦੀ ਪ੍ਰੇਰਨਾ ਹੇਠ ਉਸ ਨੇ ਉਹ ਅੱਤਿਆਚਾਰ ਕੀਤਾ ਸੀ। ਉਹਨਾਂ ਵਿਚ ਚੰਦੂ ਭੀ ਸ਼ਾਮਲ ਸੀ। ਚੰਦੂ ਨੇ ਹੀ ਆਪਣੇ ਸਾਹਮਣੇ ਸਾਰੇ ਤਸੀਹੇ ਸਤਿਗੁਰੂ ਜੀ ਨੂੰ ਦਿੱਤੇ ਸਨ।

ਅਜੇ ਮਸਾਂ ਸਾਢੇ ਸਤ ਸਾਲ ਹੀ ਬੀਤੇ ਸਨ, ਜਦੋਂ ਸੰਨ ੧੫੯੭-੯੮ ਵਿਚ ਲਾਹੌਰ-ਨਿਵਾਸੀ ਲੋਕ ਭਿਆਨਕ ਕਾਲ ਦੇ ਪੈਦਾ ਕੀਤੇ ਮੌਸਮੀ ਤਾਪ ਅਤੇ ਚੀਚਕ ਦਾ ਸ਼ਿਕਾਰ ਹੋਏ ਹੋਏ ਸਨ, ਲਾਹੌਰ ਦੀਆਂ ਗਲੀਆਂ ਬਜ਼ਾਰ ਮੁਰਦਿਆਂ ਨਾਲ ਇਤਨੇ ਤਰੱਕੇ ਪਏ ਸਨ ਕਿ ਕੋਈ ਨੱਕ ਨਹੀਂ ਸੀ ਡਾਂਹਦਾ। ਗੁਰੂ ਅਰਜਨ ਦੇਵ ਜੀ ਆਪਣਾ ਸਿਰ ਤਲੀ ਉੱਤੇ ਰੱਖ ਕੇ ਆਪਣੇ ਇਕੋ-ਇਕ ਪੁੱਤਰ ਦੀ ਬਾਲ-ਜਿੰਦੜੀ ਨੂੰ ਖ਼ਤਰੇ ਵਿਚ ਪਾ ਕੇ ਅੱਠ ਮਹੀਨੇ ਲਾਹੌਰ ਰਹੇ ਸਨ। ਗਲੀ ਗਲੀ ਘਰ ਘਰ ਅੱਪੜਦੇ ਸਨ, ਤੇ ਭੁੱਖੇ-ਮਰਦਿਆਂ ਲਈ ਰੋਟੀ ਦਾ ਪਰਬੰਧ ਕਰਦੇ ਸਨ ਅਤੇ ਰੋਗ ਗ੍ਰਸਿਆਂ ਨੂੰ ਦਾਰੂ-ਦਰਮਲ ਦੇਂਦੇ ਸਨ। ਲਾਹੌਰ-ਨਿਵਾਸੀ ਕੀ ਹਿੰਦੂ ਤੇ ਕੀ ਮੁਸਲਮਾਨ ਸਤਿਗੁਰੂ ਜੀ ਦਾ ਇਹ ਉਪਕਾਰ ਭੁੱਲੇ ਨਹੀਂ ਸਨ। ਗੁਰੂ ਅਰਜਨ ਸਾਹਿਬ ਨੂੰ ਮਿਲ-ਰਹੇ ਤਸੀਹਿਆਂ ਨੇ ਸਿੱਖਾਂ ਦੇ ਦਿਲਾਂ ਵਿਚ ਤਾਂ ਛੁਰੀ ਚਲਾਣੀ ਹੀ ਸੀ, ਹਿੰਦੂ ਮੁਸਲਮਾਨ ਭੀ ਤੜਪ ਉੱਠੇ ਸਨ। ਇਹ ਸਭ ਖ਼ਬਰਾਂ ਜਹਾਂਗੀਰ ਨੂੰ ਅੱਪੜੀਆਂ ਹੋਈਆਂ ਸਨ। ਉਸ ਨੇ ਲਾਹੌਰ-ਨਿਵਾਸੀਆਂ ਦੇ ਤਪੇ ਦਿਲਾਂ ਨੂੰ ਠੰਢਾ ਭੀ ਕਰਨਾ ਸੀ। ਕਾਬਲੋਂ ਲਾਹੌਰ ਵਾਪਸ ਆ ਕੇ ਜਹਾਂਗੀਰ ਨੇ ਚੰਦੂ ਨੂੰ ਲਾਹੌਰ-ਨਿਵਾਸੀਆਂ ਦੇ ਹਵਾਲੇ ਕਰ ਦਿੱਤਾ ਤੇ ਆਪ ਆਗਰੇ ਵੱਲ ਚਲਾ ਗਿਆ। ਲਾਹੌਰ-ਨਿਵਾਸੀਆਂ ਦੇ ਦਿਲਾਂ ਤੋਂ ਚੰਦੂ ਦੀਆਂ ਹਿਰਦੇ-ਵੇਧਕ ਕਰਤੂਤਾਂ ਦੀ ਯਾਦ ਅਜੇ ਭੁੱਲੀ ਨਹੀਂ ਸੀ। ਉਹਨਾਂ ਉਸ ਨੂੰ ਯੋਗ ਦੰਡ ਦਿੱਤੇ। ਜਿਸ ਭਠਿਆਰੇ ਨੂੰ ਮਜਬੂਰ ਕਰ ਕੇ ਚੰਦੂ ਨੇ ਗੁਰੂ ਅਰਜਨ ਸਾਹਿਬ ਦੇ ਸਰੀਰ ਉਤੇ ਸੜਦੀ ਰੇਤ ਪੁਆਈ ਸੀ, ਉਸ ਨੂੰ ਭੀ ਅਜੇ ਉਹ ਸੱਲ ਭੁੱਲੇ ਨਹੀਂ ਸਨ। ਜਦੋਂ ਚੰਦੂ ਲਾਹੌਰ-ਨਿਵਾਸੀਆਂ ਦੇ ਹੱਥ ਆਇਆ, ਤਾਂ ਉਸ ਭਠਿਆਰੇ ਨੇ ਉਹਨੀਂ ਹੱਥੀਂ ਚੰਦੂ ਉੱਤੇ ਸੜਦੀ ਰੇਤ ਦੇ ਕੜਛੇ ਪਾ ਕੇ ਆਪਣੇ ਦਿਲ ਦੀ ਭੜਾਸ ਕੱਢੀ। ਉਹ ਰੇਤ ਦੇ ਕੜਛੇ ਹੀ ਚੰਦੂ ਦੀ ਮੌਤ[੧] ਦਾ ਕਾਰਨ ਬਣੇ ਸਨ।

## ਸਿਖ ਧਰਮ ਦਾ ਪਰਚਾਰ—ਦੁਆਬੇ, ਮਾਲਵੇ ਵਿਚ

ਮਨੁੱਖੀ ਇਤਿਹਾਸ ਵਿਚ ਮਨੁੱਖ ਦਾ ਇਹ ਚੰਦਰਾ ਰਵੱਈਆ ਮੁੱਢ-ਕਦੀਮਾਂ ਤੋਂ ਤੁਰਿਆ ਆ ਰਿਹਾ ਹੈ ਕਿ ਇਹ ਆਪਣੇ ਸੁਆਰਥਾਂ ਦੀ ਖ਼ਾਤਰ ਵਾਹ-ਲੱਗਦੇ

---

੧. *ਮਹਾਨ ਕੋਸ਼* ਦੇ ਕਰਤਾ ਭਾਈ ਕਾਹਨ ਸਿੰਘ ਜੀ ਚੰਦੂ ਦੀ ਮੌਤ ਸੰਨ ੧੬੧੩ ਵਿਚ ਦੱਸਦੇ ਹਨ। ਪਰ ਜਹਾਂਗੀਰ ਸੰਨ ੧੬੦੮ ਵਿਚ ਲਾਹੌਰ ਤੋਂ ਵਾਪਸ ਜਾ ਕੇ ਬਹੁਤਾ ਸਮਾ ਗੁਜਰਾਤ☛

ਆਪਣੇ ਤੋਂ ਮਾੜੇ ਬੰਦਿਆਂ ਨੂੰ ਪੈਰਾਂ ਹੇਠ ਲਤਾੜਦਾ ਹੈ। ਕਈ ਐਸੇ ਬੰਦੇ ਭੀ ਮੌਜੂਦ ਹੁੰਦੇ ਹਨ ਜੋ ਅਜਿਹੀ ਧਿਙੋਜ਼ੋਰੀ ਨੂੰ ਪਸੰਦ ਨਹੀਂ ਕਰਦੇ, ਪਰ ਡਾਢੇ ਨੂੰ ਵਧੀਕੀਆਂ ਤੋਂ ਰੋਕਣ ਦਾ ਹੌਸਲਾ ਕਿਸੇ ਵਿਰਲੇ ਸੂਰਮੇ ਨੂੰ ਹੀ ਪੈ ਸਕਦਾ ਹੈ। ਗੁਰੂ ਨਾਨਕ ਜੀ ਦੀ ਤਾਲੀਮ ਵਿਚ ਇਹ ਇਕ ਅੱਤ ਜ਼ਰੂਰੀ ਅੰਗ ਹੈ ਕਿ ਗ਼ਰੀਬਾਂ ਦੀ ਬਾਂਹ ਫੜਨੀ ਧਰਮ ਦਾ ਕੰਮ ਹੈ। ਇਸ ਤਾਲੀਮ ਅਨੁਸਾਰ ਤੁਰਿਆਂ ਸੁਤੇ ਹੀ ਦੁਰਾਚਾਰੀਆਂ, ਅੱਤਿਆਚਾਰੀਆਂ ਅਤੇ ਜਰਵਾਣਿਆਂ ਨਾਲ ਮੱਥਾ ਲੱਗ ਜਾਂਦਾ ਹੈ। ਸੋ, ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਸ਼ਾਂਤ-ਰਸ ਅਤੇ ਬੀਰ-ਰਸ ਨਾਲੋ-ਨਾਲ ਸਾਵੇਂ ਹੀ ਤੁਰੇ ਆਏ ਹਨ। ਫਿਰ ਭੀ ਨਿਰਾ ਕੀਰਤਨ ਸਿਮਰਨ ਵਲ ਵਧੀਕ ਧਿਆਨ ਦੇਣ ਵਾਲੇ ਬੰਦੇ ਕਈ ਵਾਰੀ ਟਪਲਾ ਖਾ ਜਾਂਦੇ ਹਨ। ਉਹ ਸ਼ਾਂਤ-ਰਸ ਅਤੇ ਬੀਰ-ਰਸ ਨੂੰ ਵੱਖ-ਵੱਖ ਦਰਜਾ ਦੇ ਦੇਂਦੇ ਹਨ।

ਗ਼ਰੀਬਾਂ ਦੀ ਬਾਂਹ ਫੜਨ ਵਾਲੇ ਸਿਖ-ਧਰਮ ਦੀ ਵਿਰੋਧਤਾ ਇਥੋਂ ਤਕ ਆ ਅੱਪੜੀ ਕਿ ਇਸ ਨੂੰ ਮੁਕਾਅ ਦੇਣ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾਣ ਲੱਗ ਪਏ ਅਤੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਭੀ ਕੀਤਾ ਗਿਆ। ਜੇ ਜਗਾਏ ਹੋਏ ਗ਼ਰੀਬਾਂ ਨੂੰ ਜੀਊਂਦੇ ਜਾਗਦੇ ਰੱਖਣਾ ਸੀ, ਤਾਂ ਇਹ ਭੀ ਜ਼ਰੂਰੀ ਸੀ ਕਿ ਉਹਨਾਂ ਨੂੰ ਜਗਾਣ ਵਾਲੀ ਜਮਾਤ ਦੀ ਜਥੇਬੰਦੀ ਕਾਇਮ ਰਹੇ। ਗੁਰੂ ਹਰਿ ਗੋਬਿੰਦ ਸਾਹਿਬ ਨੇ ਉੱਘੜ ਕੇ ਸਿੱਖਾਂ ਨੂੰ ਬੀਰ-ਰਸ ਵੱਲ ਉਚੇਚੀ ਪ੍ਰੇਰਨਾ ਕੀਤੀ। ਇਸ ਦਾ ਮੁੱਢ ਉਹਨਾਂ ਨੇ ਸਭ ਤੋਂ ਪਹਿਲਾਂ ਕੇਂਦਰੀ ਅਸਥਾਨ ਅੰਮ੍ਰਿਤਸਰ ਵਿਚ ਹੀ ਬੱਧਾ। ਪੰਜ ਛੇ ਸਾਲ ਅੰਮ੍ਰਿਤਸਰ ਵਿਚ ਹੀ ਰਹਿ ਕੇ ਸ਼ਸਤ੍ਰ-ਵਿੱਦਿਆ, ਸ਼ਿਕਾਰ, ਮਰਦਾਵੀਆਂ ਖੇਡਾਂ ਆਦਿਕ ਵਲ ਸਿੱਖਾਂ ਦੀ ਰੁਚੀ ਵਧਾਂਦੇ ਰਹੇ। ਗੁਰੂ ਨਾਨਕ ਦੇਵ ਜੀ ਦੇ ਦਿੱਤੇ ਬੀਰ-ਰਸ ਵਿਚ ਪਹਿਲੀ ਸ਼ਰਤ ਇਹ ਹੀ ਹੈ ਕਿ ਕਿਸੇ ਨੂੰ ਦੁੱਖ ਦੇਣਾ ਜਾਂ ਕਿਸੇ ਦਾ ਨੁਕਸਾਨ ਕਰਨਾ ਤਾਂ ਕਿਤੇ ਰਿਹਾ, ਕਿਸੇ ਨੂੰ ਫਿੱਕਾ ਬੋਲ ਭੀ ਨਹੀਂ ਬੋਲਣਾ। ਇਹ ਇਕ ਐਸਾ ਕਠਨ ਤਪ ਸੀ, ਜੋ ਸਿਖ ਆਪਣੇ ਗੁਰੂਆਂ ਦੀ ਅਗਵਾਈ ਵਿਚ ਪੰਜ ਪੀੜ੍ਹੀਆਂ ਤੋਂ ਸਾਧਦੇ ਆ ਰਹੇ ਸਨ। ਇਹੀ ਕ਼ਾਰਨ ਸੀ ਕਿ ਸਿੱਖਾਂ ਦਾ ਨਵਾਂ-ਦਿੱਸਦਾ ਜੀਵਨ-ਢੰਗ ਗੁਆਂਢੀਆਂ ਨੂੰ ਚੁਭਵਾਂ ਨਹੀਂ ਸੀ ਲੱਗਾ।

---

ਕਾਠੀਆਵਾੜ ਰਾਜਪੂਤਾਨੇ ਵਿਚ ਰਿਹਾ ਸੀ, ਉਧਰੋਂ ਉਹ ਅਪ੍ਰੈਲ ਸੰਨ ੧੬੧੯ ਵਿਚ ਮੁੜ ਆਗਰੇ ਪਹੁੰਚਿਆ ਸੀ। ਸ਼ਰਾਬ ਬਹੁਤੀ ਪੀਣ ਕਰਕੇ ਉਸ ਨੂੰ ਉਸੇ ਸਾਲ ਦਮਾ ਹੋ ਗਿਆ। ਸਿਹਤ ਦੀ ਖ਼ਾਤਰ ਜਹਾਂਗੀਰ ਸੰਨ ੧੬੨੦ ਦੇ ਸ਼ੁਰੂ ਵਿਚ ਕਸ਼ਮੀਰ ਚਲਾ ਗਿਆ। ਉਥੋਂ ਵਾਪਸੀ 'ਤੇ ੨੦ ਨਵੰਬਰ ੧੬੨੦ ਨੂੰ ਉਹ ਲਾਹੌਰ ਆਇਆ ਸੀ। ਸੋ, ਚੰਦੂ ਨੂੰ ਸਜ਼ਾ ਮਿਲਣ ਦਾ ਠੀਕ ਸਾਲ ੧੬੦੮ ਹੀ ਜਾਪਦਾ ਹੈ, ਜਦੋਂ ਜਹਾਂਗੀਰ ਕਾਬਲ ਤੋਂ ਵਾਪਸ ਆ ਕੇ ਲਾਹੌਰ ਠਹਿਰਿਆ ਸੀ।


www.sikhbookclub.com

ਅਸੀ ਪਿਛੇ ਇਹ ਭੀ ਵੇਖ ਆਏ ਹਾਂ ਕਿ ਚਾਰ ਗੁਰ-ਵਿਅਕਤੀਆਂ ਦੀ ਮਿਹਨਤ ਨਾਲ ਮਾਝੇ ਵਿਚੋਂ ਬ੍ਰਾਹਮਣ ਦੀ ਉੱਚੀ ਜਾਤ ਵਾਲਾ ਜੂਲਾ ਅਤੇ ਸਖ਼ੀ ਸਰਵਰ ਦਾ ਰਸੂਖ਼ ਮੁਕ ਗਏ ਸਨ। ਗੁਰੂ ਅਰਜਨ ਸਾਹਿਬ ਨੇ ਬਿਆਸਾ ਤੋਂ ਪਾਰ ਲੰਘ ਕੇ ਦੁਆਬੇ ਵਿਚ ਭੀ ਪਰਚਾਰ ਸ਼ੁਰੂ ਕਰ ਦਿਤਾ ਸੀ, ਅਤੇ ਕਰਤਾਰਪੁਰ ਨੂੰ ਨਵਾਂ ਪਰਚਾਰ-ਕੇਂਦਰ ਬਣਾ ਆਏ ਸਨ। ਹੁਣ ਗੁਰੂ ਹਰਿ ਗੋਬਿੰਦ ਸਾਹਿਬ ਉਸ ਅਰੰਭੇ ਉੱਦਮ ਵਿਚ ਵਧੀਕ ਜਿੰਦ ਪਾਣ ਲਈ ਦੁਆਬੇ ਮਾਲਵੇ ਵਲ ਚੱਲ ਪਏ। ਇਹ ਜ਼ਿਕਰ ਸੰਨ ੧੬੧੨-੧੩ ਦਾ ਹੈ।

## ਪੈਂਦੇ ਖ਼ਾਂ

ਦੁਆਬੇ ਦੇ ਪਿੰਡਾਂ ਵਿਚ ਸਿਖ-ਧਰਮ ਦਾ ਪਰਚਾਰ ਕਰਦੇ ਹੋਏ ਗੁਰੂ ਹਰਿ ਗੋਬਿੰਦ ਸਾਹਿਬ ਕਰਤਾਰਪੁਰ ਪਹੁੰਚੇ। ਪਹਿਲਾਂ ਤਾਂ ਪਰਦੇਸੀ ਹਕੂਮਤ ਦਾ ਹਿੰਦ-ਵਾਸੀਆਂ ਉਤੇ ਇਤਨਾ ਦਬਾਅ ਸੀ ਕਿ ਕੋਈ ਉਭਾਸਰ ਨਹੀਂ ਸੀ ਸਕਦਾ, ਪਰ ਪੰਜ ਪੀੜ੍ਹੀਆਂ ਤੋਂ ਹੋ ਰਹੇ ਮਨੁੱਖਤਾ ਦੇ ਪਰਚਾਰ ਨੇ ਲੋਕਾਂ ਵਿਚ ਜਿੰਦ ਪਾ ਦਿਤੀ। ਜਿਥੇ ਜਿਥੇ ਸਤਿਗੁਰੂ ਜੀ ਅੱਪੜੇ, ਸਿਖ ਗੱਭਰੂ ਚਾਅ ਨਾਲ ਆਪਾ-ਵਾਰੂ ਦਲ ਵਿਚ ਭਰਤੀ ਹੁੰਦੇ ਗਏ। ਕਰਤਾਰਪੁਰ ਤੋਂ ਨੇੜੇ ਪਠਾਣਾਂ ਦਾ ਇਕ ਪਿੰਡ ਵੱਡਾ ਮੀਰ ਸੀ। ਉਥੋਂ ਦੇ ਕਈ ਪਠਾਣ ਗੱਭਰੂ ਭੀ ਸਤਿਗੁਰੂ ਜੀ ਪਾਸ ਫ਼ੌਜੀ ਨੌਕਰੀ ਕਰਨ ਲਈ ਭਰਤੀ ਹੋ ਗਏ। ਉਹਨਾਂ ਵਿਚੋਂ ਸਿਰ-ਕੱਢ ਗੱਭਰੂ ਪੈਂਦੇ ਖ਼ਾਂ ਸੀ। ਗੁਰੂ ਹਰਿ ਗੋਬਿੰਦ ਸਾਹਿਬ ਦੀ ਪਾਰਖੂ ਅੱਖ ਨੇ ਤੁਰਤ ਪਛਾਣ ਲਿਆ ਕਿ ਇਹ ਗੱਭਰੂ ਹੋਣਹਾਰ ਨਿਕਲੇਗਾ। ਉਸੇ ਦਿਨ ਤੋਂ ਉਸ ਵਲ ਖ਼ਾਸ ਮਿਹਰ ਦੀ ਨਿਗਾਹ ਰੱਖਣ ਲੱਗ ਪਏ।[੧]

## ਭਾਈ ਸਾਈਂ ਦਾਸ

ਦੁਆਬੇ ਵਿਚੋਂ ਦੀ ਲੰਘ ਕੇ ਸਤਿਗੁਰੂ ਜੀ ਮਾਲਵੇ ਵਿਚ ਗਏ। ਦੁਆਬੇ ਵਾਂਗ ਮਾਲਵੇ ਵਿਚ ਵੀ ਲੋਕ ਸਖ਼ੀ ਸਰਵਰ ਦੇ ਰਸੂਖ਼ ਹੇਠ ਸਨ। ਪਿੰਡ ਪਿੰਡ ਵਿਚ ਸਿਖ-ਧਰਮ ਦਾ ਪਰਚਾਰ ਕਰਦੇ ਹੋਏ ਗੁਰੂ ਹਰਿ ਗੋਬਿੰਦ ਸਾਹਿਬ ਡਰੌਲੀ[੨] ਪਹੁੰਚੇ। ਸਤਿਗੁਰੂ ਜੀ ਦਾ ਸਾਂਢੂ ਭਾਈ ਸਾਈਂ ਦਾਸ ਇਥੇ ਹੀ ਰਹਿੰਦਾ ਸੀ।

---

੧. ਪੈਂਦੇ ਖ਼ਾਂ (ਪਾਯੰਦਾ ਖ਼ਾਂ) ਜ਼ਿਲਾ ਹੁਸ਼ਿਆਰਪੁਰ ਦੇ ਨਗਰ ਆਲਮਪੁਰ ਦੇ ਰਹਿਣ ਵਾਲਾ ਸੀ। ਇਸ ਦੇ ਪਿਉ ਦਾ ਨਾਮ ਫ਼ਤਹ ਖ਼ਾਂ ਸੀ। ਪਿੰਡ ਵੱਡੇ ਮੀਰ ਇਸ ਦੇ ਨਾਨਕੇ ਸਨ, ਇਹ ਇਥੇ ਹੀ ਰਹਿੰਦਾ ਸੀ।

੨. ਡਰੌਲੀ ਜ਼ਿਲਾ ਫ਼ੀਰੋਜ਼ਪੁਰ ਦੀ ਤਹਿਸੀਲ ਮੋਗਾ ਵਿਚ ਹੈ। ਰੇਲਵੇ ਸਟੇਸ਼ਨ ਡਗਰੂ ਤੋਂ ਡੇਢ ਮੀਲ ਦੱਖਣ ਪੱਛਮ ਪਾਸੇ।


www.sikhbookclub.com

ਸਤਿਗੁਰੂ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦਾ ਜਨਮ ਇਥੇ ਹੀ ਸੰਨ ੧੬੧੩ ਵਿਚ ਹੋਇਆ; ਕਤਕ ਸੁਦੀ ੧੫, ਸੰਮਤ ੧੬੭੦ ਵਿਚ। ਅਨੇਕਾਂ ਹਿੰਦੂ ਘਰਾਣੇ ਜੋ ਸਰਵਰੀਏ ਬਣ ਚੁਕੇ ਸਨ, ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਬਣੇ। ਸਿਖ-ਇਤਿਹਾਸ ਨੇ ਉਸ ਸ਼੍ਰੇਣੀ ਵਿਚ ਭਾਈ ਸਾਧੂ ਦਾ ਨਾਮ ਬੜਾ ਉੱਘਾ ਕਰ ਕੇ ਲਿਖਿਆ ਹੈ। ਭਾਈ ਸਾਧੂ ਦਾ ਪਿਉ ਚੌਧਰੀ ਸੱਦਾ ਨਾਭਾ ਰਿਆਸਤ ਦੇ ਪਿੰਡ ਤੁਕਲਾਣੀ ਦਾ ਰਹਿਣ ਵਾਲਾ ਸੀ। ਸੱਦਾ ਸਖ਼ੀ ਸਰਵਰ ਦਾ ਮੁਰੀਦ ਸੀ। ਸਾਧੂ ਦਾ ਸਾਕ ਜ਼ਿਲਾ ਫ਼ੀਰੋਜ਼ਪੁਰ ਦੇ ਪਿੰਡ ਵਡਾ ਘਰ ਵਿਚ ਗੁਰੂ-ਘਰ ਦੇ ਇਕ ਸਿਖ ਭਾਈ ਆਕਲ ਦੇ ਘਰ ਹੋ ਗਿਆ। ਸਾਕ ਕਰਨ ਵੇਲੇ ਭਾਈ ਆਕਲ ਨੂੰ ਪਤਾ ਨਾ ਲੱਗ ਸਕਿਆ ਕਿ ਮੇਰਾ ਕੁੜਮ ਸਰਵਰੀਆ ਹੈ। ਜਿਨ੍ਹੀਂ ਦਿਨੀਂ ਗੁਰੂ ਹਰਿ ਗੋਬਿੰਦ ਸਾਹਿਬ ਡਰੌਲੀ ਆਏ ਹੋਏ ਸਨ, ਉਹਨੀਂ ਹੀ ਦਿਨੀਂ ਸੱਦਾ ਆਪਣੇ ਪੁੱਤਰ ਸਾਧੂ ਨੂੰ ਵਿਆਹੁਣ ਆਇਆ ਸੀ। ਮੁੜਦੀ ਵਾਰੀ ਜੰਞ ਡਰੌਲੀ ਦੇ ਰਸਤੇ ਲੰਘੀ। ਸਾਧੂ ਨੂੰ ਮੌਕਾ ਮਿਲ ਗਿਆ, ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ। ਵਹੁਟੀ ਤਾਂ ਅੱਗੇ ਹੀ ਗੁਰੂ-ਘਰ ਵਿਚ ਸ਼ਰਧਾ ਰੱਖਦੀ ਸੀ, ਸਾਧੂ ਭੀ ਸਿਖ ਬਣ ਗਿਆ। ਇਹ ਜ਼ਿਕਰ ਸੰਨ ੧੬੧੩ ਦਾ ਹੈ। ਸਾਧੂ ਦੇ ਘਰ ਸੰਨ ੧੬੧੪ ਵਿਚ ਪੁੱਤਰ ਜੰਮਿਆ, ਜਿਸ ਦਾ ਨਾਮ ਉਸ ਨੇ ਰੂਪ (ਰੂਪ ਚੰਦ) ਰੱਖਿਆ।

ਢਾਈ ਤਿੰਨ ਸਾਲ ਮਾਲਵੇ ਦੁਆਬੇ ਵਿਚ ਸਿਖ-ਧਰਮ ਦਾ ਪਰਚਾਰ ਕਰ ਕੇ ਸਤਿਗੁਰੂ ਜੀ ਸੰਨ ੧੬੧੫ ਵਿਚ ਮੁੜ ਅੰਮ੍ਰਿਤਸਰ ਵਾਪਸ ਆ ਗਏ। ਅੰਮ੍ਰਿਤਸਰ ਬੀਬੀ ਵੀਰੋ ਜੀ ਦਾ ਜਨਮ ਸੰਨ ੧੬੧੫ ਵਿਚ ਹੋਇਆ।

## ਕਸ਼ਮੀਰ ਜਾਣਾ

ਦੂਜੀ 'ਉਦਾਸੀ' ਸਮੇ ਗੁਰੂ ਨਾਨਕ ਦੇਵ ਜੀ ਰਾਵੀ ਦੇ ਕੰਢੇ ਵਸਾਏ ਕਰਤਾਰਪੁਰ ਤੋਂ ਸੰਨ ੧੫੧੭ ਵਿਚ ਚੱਲ ਕੇ ਸਾਲ ਦੇ ਕਰੀਬ ਕਸ਼ਮੀਰ ਵਿਚ ਰਹੇ ਸਨ। ਹਿਮਾਲੇ ਪਰਬਤ ਦੀਆਂ ਗੁਫਾਂ ਤਕ ਪਹੁੰਚ ਕੇ ਸਮਾਧੀਆਂ ਵਿਚ ਮਸਤ ਜੋਗੀਆਂ ਨੂੰ ਭੀ ਮਿਲੇ ਸਨ, ਅਤੇ ਕਸ਼ਮੀਰ-ਵਾਸੀ ਆਮ ਲੋਕਾਂ ਤਕ ਭੀ ਪਹੁੰਚੇ ਸਨ। ਕਸ਼ਮੀਰੀ ਪੰਡਿਤਾਂ ਦੀ ਵਿੱਦਵਤਾ ਦੀ ਚਰਚਾ ਭਾਰਤ ਵਿਚ ਦੂਰ ਦੂਰ ਤਕ ਸੀ। ਵਰਨ-ਵੰਡ ਦੇ ਸਭ ਤੋਂ ਵਧੀਕ ਹਾਮੀ ਇਹੀ ਲੋਕ ਹੋਏ। ਇਸ ਦਾ ਭਾਰ ਪੈਂਦਾ ਹੈ ਉਹਨਾਂ ਲੋਕਾਂ ਉਤੇ, ਜਿਨ੍ਹਾਂ ਨੂੰ ਬ੍ਰਾਹਮਣ ਦੀਆਂ ਸਿਮ੍ਰਿਤੀਆਂ ਨੇ ਸ਼ੂਦਰ ਮਿਥ ਰਖਿਆ ਹੈ। ਅਨੇਕਾਂ ਘਰਾਣੇ ਗੁਰੂ ਨਾਨਕ ਦੇਵ ਜੀ ਦੇ ਸਿਖ ਬਣ ਗਏ। ਬ੍ਰਾਹਮਣ ਜਾਤੀ ਵਿਚੋਂ ਭੀ ਪੁਣਛ ਦੇ ਇਲਾਕੇ ਵਿਚ ਅਨੇਕਾਂ ਨੇ ਸਿਖ-ਧਰਮ ਗ੍ਰਹਿਣ ਕਰ ਲਿਆ। ਬ੍ਰਾਹਮਣ ਜਾਤੀ ਤੋਂ ਬਣੇ ਸਿਖ ਹੀ ਕਸ਼ਮੀਰ



 www.sikhbookclub.com

ਵਿਚ ਸਿਖ ਧਰਮ ਦਾ ਪਰਚਾਰ ਕਰਦੇ ਰਹੇ। ਗੁਰੂ ਨਾਨਕ ਸਾਹਿਬ ਦੀ ਸੰਗਤ ਦਾ ਸਦਕਾ ਕਸ਼ਮੀਰ ਦਾ ਪਰਸਿੱਧ ਵਿਦਵਾਨ ਪੰਡਿਤ ਬ੍ਰਹਮਦਾਸ ਸਿਖ ਬਣਿਆ ਸੀ। ਫਿਰ ਉਹ ਅਤੇ ਉਸ ਦੀ ਸੰਤਾਨ ਕਸ਼ਮੀਰ ਵਿਚ ਸਿਖ ਧਰਮ ਦੇ ਉੱਘੇ ਪਰਚਾਰਕ ਸਨ।

ਕਸ਼ਮੀਰ ਇਸ ਧਰਤੀ ਦਾ ਬਹਿਸ਼ਤ ਅਖਵਾਂਦਾ ਹੈ। ਮੁਸਲਮਾਨ ਬਾਦਸ਼ਾਹਾਂ ਦੇ ਨਾਲ ਆਏ ਮੁਸਲਮਾਨ ਪੀਰਾਂ ਫ਼ਕੀਰਾਂ ਤੋਂ ਇਹ ਇਲਾਕਾ ਕਿਵੇਂ ਲੁਕਿਆ ਰਹਿ ਸਕਦਾ ਸੀ ? ਇਕ ਪਾਸੇ ਕਸ਼ਮੀਰੀ ਪੰਡਿਤਾਂ ਦੀ ਵਰਨ-ਵੰਡ ਦਾ ਅਸਹਿ ਜੂਲਾ, ਦੂਜੇ ਪਾਸੇ ਇਸਲਾਮ ਵਲੋਂ ਬਰਾਬਰੀ ਦਾ ਸੱਦਾ। ਅਨੇਕਾਂ ਹਿੰਦੂ ਘਰਾਣੇ ਮੁਸਲਮਾਨ ਬਣ ਗਏ ਸਨ।

ਅਕਬਰ ਦੇ ਰਾਜ ਸਮੇ ਪੰਜਾਬ ਵਿਚ, ਖ਼ਾਸ ਕਰਕੇ ਮਾਝੇ ਵਿਚ ਤਿੰਨ ਚਾਰ ਸਾਲ ਬੜੀ ਔੜ ਲੱਗੀ ਸੀ, ਅਤੇ ਭਿਆਨਕ ਕਾਲ ਪੈ ਜਾਣ ਕਰਕੇ ਮੌਸਮੀ ਤਾਪ ਤੇ ਸੀਤਲਾ ਨੇ ਬੜੀ ਤਬਾਹੀ ਮਚਾਈ ਸੀ। ਜਹਾਂਗੀਰ ਦੇ ਰਾਜ ਸਮੇ ਇਕ ਹੋਰ ਬਿਪਤਾ ਆ ਪਈ। ਸੰਨ ੧੬੧੬ ਵਿਚ ਗਿਲ੍ਹਟੀ-ਤਾਪ ਫੁੱਟ ਪਿਆ। ਸਾਰੇ ਪੰਜਾਬ ਵਿਚ ਹੀ ਇਸ ਨੇ ਬੜਾ ਜ਼ੋਰ ਪਾਇਆ। ਸਰਹੰਦ, ਦਿੱਲੀ ਤੋਂ ਭੀ ਅਗਾਂਹ ਟੱਪ ਕੇ ਆਗਰੇ ਤਕ ਬੜੀ ਤਬਾਹੀ ਮਚੀ। ਇਸ ਮਰੀ ਨੇ ਕਸ਼ਮੀਰ ਦੀ ਸੁੰਦਰ ਧਰਤੀ ਨੂੰ ਭੀ ਨਾ ਛੱਡਿਆ। ਸੰਨ ੧੬੧੬ ਤੋਂ ਲੈ ਕੇ ੧੬੨੪ ਤਕ ਅੱਠ ਸਾਲ ਕਸ਼ਮੀਰ ਵਿਚ ਗਿਲ੍ਹਟੀ-ਤਾਪ ਮਾਰ ਕਰਦਾ ਰਿਹਾ। ਕਦੇ ਠੰਢ ਵਰਤ ਜਾਂਦੀ ਸੀ, ਕਦੇ ਫਿਰ ਫੁੱਟ ਪੈਂਦਾ ਸੀ।

ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਦੇ ਦੁਖੀ ਲੋਕਾਂ ਦੀ ਸਹਾਇਤਾ ਵਾਸਤੇ ਅਤੇ ਹਿੰਦੂਆਂ ਨੂੰ ਪੀਰਾਂ ਫ਼ਕੀਰਾਂ ਦੇ ਅਸਰ ਤੋਂ ਬਚਾਣ ਲਈ ਸੰਨ ੧੬੧੬ ਵਿਚ ਉਚੇਚੀਆਂ ਮੰਜ਼ਲਾਂ ਮਾਰ ਕੇ ਉਧਰ ਗਏ। ਦੁਨੀਆ ਦੇ ਸਭ ਰੋਗ ਗ਼ਰੀਬਾਂ ਉੱਤੇ ਹੀ ਛੱਟ ਪਾਂਦੇ ਹਨ, ਕਿਉਂਕਿ ਪੂਰੀ ਖ਼ੁਰਾਕ ਨਾ ਮਿਲਣ ਕਰਕੇ ਗ਼ਰੀਬ ਦੇ ਅੰਦਰ ਰੋਗਾਂ ਦਾ ਟਾਕਰਾ ਕਰਨ ਦੀ ਸੱਤਿਆ ਘਟ ਜਾਂਦੀ ਹੈ। ਸਤਿਗੁਰੂ ਜੀ ਨੇ ਦੇਸ-ਦੇਸਾਂਤਰਾਂ ਤੋਂ ਆ ਰਹੀ ਦਸਵੰਧ ਦੀ ਮਾਇਆ ਦੁਖੀ ਕਸ਼ਮੀਰੀਆਂ ਦੀ ਸਹਾਇਤਾ ਵਾਸਤੇ ਵਰਤਣੀ ਸ਼ੁਰੂ ਕਰ ਦਿਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕਸ਼ਮੀਰੀ ਸਿੱਖਾਂ ਦੀ ਹੌਸਲਾ-ਅਫ਼ਜ਼ਾਈ ਤੋਂ ਇਲਾਵਾ ਹੋਰ ਅਨੇਕਾਂ ਹਿੰਦੂ ਘਰਾਣੇ ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਬਣੇ, ਅਤੇ ਮੁਸਲਮਾਨ ਬਣ ਚੁਕੇ ਭੀ ਅਨੇਕਾਂ ਹਿੰਦੂ ਇਸਲਾਮ ਛੱਡ ਕੇ ਸਿਖ ਬਣ ਗਏ। ਸਿਖ-ਇਤਿਹਾਸ ਵਿਚ ਇਕ ਸਿਖ, ਭਾਈ ਕੱਟੂ ਦਾ ਨਾਮ ਬੜੇ ਪਿਆਰ ਨਾਲ ਲਿਆ ਜਾਂਦਾ ਹੈ। ਇਹ ਮੁਸਲਮਾਨ ਤੋਂ ਹੀ ਸਿੱਖ ਬਣਿਆ ਸੀ।

ਜਾਂਦੀ ਵਾਰੀ ਸਤਿਗੁਰੂ ਜੀ ਸਿਆਲਕੋਟ ਦੇ ਰਸਤੇ ਗਏ ਸਨ। ਸਿਆਲਕੋਟ ਤੋਂ ਪਰੇ ਇਕ ਪਿੰਡ ਚਪਰਨਾਲਾ ਹੈ, ਜਿਥੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਉਸ ਪਾਣੀ-ਹੀਨ ਧਰਤੀ ਦੇ ਲੋਕਾਂ ਦੇ ਸੁਖ ਵਾਸਤੇ ਇਕ ਸੋਮਾ-ਸਰੋਵਰ ਤਿਆਰ ਕਰਾਇਆ ਸੀ, ਜਿਸ ਦਾ ਨਾਮ ਗੁਰੂ-ਸਰ ਹੈ। ਸ੍ਰੀ ਨਗਰ ਤੋਂ ਵਾਪਸੀ 'ਤੇ ਸਤਿਗੁਰੂ ਜੀ ਬਾਰਾਮੂਲੇ ਦੇ ਰਸਤੇ ਗੁਜਰਾਤ, ਵਜ਼ੀਰਾਬਾਦ ਤੇ ਹਾਫ਼ਜ਼ਾਬਾਦ ਹੁੰਦੇ ਹੋਏ ਨਨਕਾਣਾ ਸਾਹਿਬ ਗਏ। ਕਸ਼ਮੀਰ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਦੇ ਚਰਨ ਪਾਣ ਸੰਬੰਧੀ ਕਈ ਇਤਿਹਾਸਕ ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ ਸ੍ਰੀ ਨਗਰ (ਕਾਠੀ ਦਰਵਾਜ਼ੇ) ਅਤੇ ਬਾਰਾਮੂਲੇ ਦੇ ਗੁਰਦੁਆਰੇ ਪਰਸਿੱਧ ਹਨ।

ਜਿਵੇਂ ਅਕਬਰ ਦੇ ਵੇਲੇ ਕਾਲ ਦੇ ਕਾਰਨ ਲਾਹੌਰ ਸ਼ਹਿਰ ਵਿਚ ਭੁੱਖ, ਮੌਸਮੀ ਤਾਪ ਅਤੇ ਸੀਤਲਾ ਨੇ ਬਰਬਾਦੀ ਲਿਆਂਦੀ ਸੀ, ਤਿਵੇਂ ਜਹਾਂਗੀਰ ਦੇ ਰਾਜ ਵਿਚ ਇਸ ਗਿਲ੍ਹਟੀ-ਤਾਪ ਨੇ ਭੀ ਲਾਹੌਰ ਨੂੰ ਆ ਘੇਰਿਆ। ਸੰਨ ੧੬੧੬ ਅਤੇ ੧੬੧੭ ਦੀ ਤਬਾਹੀ ਨੇ ਲਾਹੌਰ-ਨਿਵਾਸੀਆਂ ਨੂੰ ਮੁੜ ਸੰਨ ੧੫੯੮ ਚੇਤੇ ਕਰਾ ਦਿੱਤਾ। ਇਤਿਹਾਸ ਲਿਖਦਾ ਹੈ ਕਿ ਬਹੁਤੀ ਬਰਬਾਦੀ ਹਿੰਦੂ ਜਨਤਾ ਦੀ ਹੋਈ ਸੀ; ਘਰਾਂ ਦੇ ਘਰ ਖ਼ਾਲੀ ਹੋ ਗਏ ਸਨ। ਤਅੱਸਬ ਅਤੇ ਹਕੂਮਤ ਦੇ ਮਦ ਵਿਚ ਮੱਤੇ ਹਾਕਮਾਂ ਨੇ ਇਹਨਾਂ ਗ਼ੁਲਾਮਾਂ ਦੀ ਪਰਵਾਹ ਭੀ ਕਿਉਂ ਕਰਨੀ ਸੀ ? ਗੁਰੂ ਹਰਿ ਗੋਬਿੰਦ ਸਾਹਿਬ ਮੁੜਦੀ ਪੈਰੀਂ ਨਨਕਾਣਾ ਸਾਹਿਬ ਤੋਂ ਲਾਹੌਰ ਪਹੁੰਚੇ। ਲਾਹੌਰ ਦੀ ਸੰਨ ੧੫੯੮ ਦੀ ਬਿਪਤਾ ਵੇਲੇ ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਤਿੰਨ ਸਾਲਾਂ ਦੇ ਅੰਞਾਣੇ ਬਾਲ ਹੀ ਸਨ, ਪਰ ਆਪਣੇ ਪਿਤਾ ਗੁਰੂ ਅਰਜਨ ਸਾਹਿਬ ਪਾਸੋਂ ਫਿਰ ਕਈ ਵਾਰੀ ਉਸ ਬਿਪਤਾ ਦੀ ਦਰਦ-ਕਹਾਣੀ ਸੁਣ ਚੁਕੇ ਸਨ। ਉਹਨਾਂ ਨੂੰ ਇਹ ਭੀ ਪਤਾ ਸੀ ਕਿ ਉਸ ਵੇਲੇ ਗੁਰੂ ਅਰਜਨ ਸਾਹਿਬ ਨੇ ਦੁਖੀਆਂ ਦੀ ਬਾਂਹ ਫੜਨ ਲਈ ਕੀ ਕੁਝ ਕੀਤਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਭੀ ਹੁਣ ਉਹੀ ਉੱਦਮ ਸ਼ੁਰੂ ਕੀਤੇ। ਭਾਟੀ ਦਰਵਾਜ਼ੇ ਦੇ ਅੰਦਰਵਾਰ ਗੁਰਦੁਆਰਾ ਚੁਮ੍ਹਾਲਾ ਸਾਹਿਬ, ਲਾਹੌਰ-ਨਿਵਾਸੀਆਂ ਦੀ ਤਦੋਂ ਦੀ ਬਿਪਤਾ ਦੀ ਯਾਦ ਹੀ ਚੇਤੇ ਕਰਾਂਦਾ ਹੈ।

ਲੋੜ ਅਨੁਸਾਰ ਲਾਹੌਰ ਰਹਿ ਕੇ ਸਤਿਗੁਰੂ ਜੀ ਮਾਝੇ ਦੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਸੰਨ ੧੬੧੮ ਨੂੰ ਅੰਮ੍ਰਿਤਸਰ ਵਾਪਸ ਆ ਗਏ।

## ਅੰਮ੍ਰਿਤਸਰ ਦੀ ਉੱਨਤੀ ਵਾਸਤੇ ਉੱਦਮ

ਸਿਖ-ਧਰਮ ਦਾ ਕੇਂਦਰੀ ਅਸਥਾਨ ਬਣ ਜਾਣ ਕਰਕੇ ਅੰਮ੍ਰਿਤਸਰ ਸ਼ਹਿਰ ਦਿਨੋ-ਦਿਨ ਵਧੀਕ ਤਰੱਕੀ ਕਰਨ ਲੱਗ ਪਿਆ। ਪੰਜਾਬ ਵਿਚ ਅੱਗੇ ਇਕੋ ਹੀ ਵੱਡਾ ਸ਼ਹਿਰ ਸੀ ਲਾਹੌਰ। ਉਹਦੀ ਮਹੱਤਤਾ ਪੰਜਾਬ ਦੀ ਰਾਜਧਾਨੀ ਹੋਣ ਕਰਕੇ


www.sikhbookclub.com

ਹੀ ਸੀ। ਹੁਣ ਇਹ ਦੂਜਾ ਸ਼ਹਿਰ ਉਸ ਦੇ ਟਾਕਰੇ 'ਤੇ ਵਧਣਾ ਸ਼ੁਰੂ ਹੋਇਆ। ਸਿੱਖਾਂ ਦੀ ਗਿਣਤੀ ਦੇਸ-ਦੇਸਾਂਤਰਾਂ ਵਿਚ ਬੜੀ ਵਧ ਗਈ, ਉਸੇ ਹਿਸਾਬ ਅੰਮ੍ਰਿਤਸਰ ਵਿਚ ਗੁਰੂ ਕਾ ਦਰਸ਼ਨ ਕਰਨ ਆਉਣ ਵਾਲਿਆਂ ਦੀ ਗਿਣਤੀ ਭੀ ਵਧੀਕ ਹੁੰਦੀ ਗਈ। ਆਏ ਸਿੱਖਾਂ ਦੀ ਜਲ ਆਦਿਕ ਦੀ ਲੋੜ ਨੂੰ ਸਾਹਮਣੇ ਰੱਖ ਕੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਇਕ ਹੋਰ ਸਰੋਵਰ ਤਿਆਰ ਕਰਾ ਦਿਤਾ, ਜਿਸ ਦਾ ਨਾਮ ਬਿਬੇਕਸਰ ਰੱਖਿਆ ਗਿਆ। ਇਹ ਸਰੋਵਰ ਹੁਣ ਦਰਵਾਜ਼ਾ ਚਾਟੀਵਿੰਡ ਤੋਂ ਨੇੜੇ ਹੀ ਪਹਾੜ ਪਾਸੇ ਰਾਮਸਰ ਦੇ ਸਾਹਮਣੇ ਹੈ।

ਭਾਵੇਂ ਜੀਕਰ ਸਤਿਗੁਰੂ ਜੀ ਹਰੇਕ ਪ੍ਰਾਣੀ ਮਾਤਰ ਦੀ ਭਲਾਈ ਵਾਸਤੇ ਉੱਦਮ ਕਰਦੇ ਸਨ, ਇਥੋਂ ਤਕ ਕਿ ਮੁਸਲਮਾਨਾਂ ਦੇ ਨਮਾਜ਼ ਪੜ੍ਹਨ ਲਈ ਭੀ ਆਪਣੇ ਨਵੇਂ ਵਸਾਏ ਨਗਰਾਂ ਵਿਚ ਆਪਣੇ ਵਲੋਂ ਹੀ ਮਸਜਿਦਾਂ ਬਣਵਾਣ ਦਾ ਪਰਬੰਧ ਕਰਦੇ ਸਨ, ਪਰ ਉਹਨਾਂ ਦੀ ਇਹ ਖੁਲ੍ਹ-ਦਿਲੀ ਸਭਨਾਂ ਨੂੰ ਚੰਗੀ ਨਹੀਂ ਲਗ ਸਕਦੀ ਸੀ। ਬ੍ਰਾਹਮਣ ਇਹ ਪਸੰਦ ਨਹੀਂ ਕਰ ਸਕਦੇ ਸਨ ਕਿ ਸ਼ੂਦਰ ਲੋਕ ਮਨੁੱਖਤਾ ਦੇ ਬਰਾਬਰ ਦੇ ਹੱਕ ਲੈ ਸਕਣ। ਕਾਜ਼ੀਆਂ ਨੂੰ ਇਹ ਗੱਲ ਨਹੀਂ ਸੀ ਭਾਉਂਦੀ ਕਿ ਹਿੰਦੂ ਤੋਂ ਮੁਸਲਮਾਨ ਹੋਏ ਲੋਕ ਦੀਨ ਛੱਡ ਕੇ ਸਿਖ ਬਣਦੇ ਜਾਣ। ਸਤਿਗੁਰੂ ਜੀ ਦਾ ਹਰਮਨ-ਪਿਆਰਾ ਬਣਦੇ ਜਾਣਾ ਕਿਸੇ ਵੇਲੇ ਹਕੂਮਤ ਨੂੰ ਚੋਭਵਾਂ ਲਗਣਾ ਕੁਦਰਤੀ ਗੱਲ ਸੀ। ਇਸ ਵਾਸਤੇ ਦੂਰ-ਦਰਸ਼ੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਸ਼ਹਿਰ ਦੀ ਰੱਖਿਆ ਲਈ ਭੀ ਵਿਚਾਰ ਸ਼ੁਰੂ ਕੀਤੀ। ਪੰਜਾਬ ਦੀ ਰਾਜਧਾਨੀ ਲਾਹੌਰ ਸ਼ਹਿਰ ਅੰਮ੍ਰਿਤਸਰ ਤੋਂ ਸਿਰਫ਼ ਤੀਹ ਬੱਤੀ ਮੀਲਾਂ ਦੀ ਵਿੱਥ 'ਤੇ ਸੀ। ਲਹਿੰਦੇ ਪਾਸੇ ਨੂੰ ਸੁਰੱਖਿਅਤ ਕਰਨ ਲਈ ਸਤਿਗੁਰੂ ਜੀ ਨੇ ਲੋਹਗੜ੍ਹ ਕਿਲ੍ਹਾ ਤਿਆਰ ਕਰਵਾਇਆ।

# ਚੌਥਾ ਕਾਂਡ

## ਨਜ਼ਰਬੰਦੀ ਅਤੇ ਰਿਹਾਈ

ਅਸੀ ਪਿੱਛੇ ਵੇਖ ਆਏ ਹਾਂ ਕਿ ਜਹਾਂਗੀਰ ਫ਼ਰਵਰੀ ਸੰਨ ੧੬੦੮ ਵਿਚ ਲਾਹੌਰ ਤੋਂ ਚੱਲ ਕੇ ੨੨ ਮਾਰਚ ੧੬੦੮ ਨੂੰ ਆਗਰੇ ਆ ਪਹੁੰਚਾ ਸੀ। ਮਈ ੧੬੧੧ ਵਿਚ ਉਸ ਨੇ ਨੂਰਜਹਾਂ ਨਾਲ ਸ਼ਾਦੀ ਕੀਤੀ। ਉਸ ਤੋਂ ਥੋੜਾ ਹੀ ਚਿਰ ਪਿੱਛੋਂ ਉਸ ਨੂੰ ਮੇਵਾੜ ਫ਼ਤਹ ਕਰਨ ਲਈ ਆਗਰਾ ਛੱਡ ਕੇ ਅਜਮੇਰ ਨੂੰ ਆਪਣਾ ਸ਼ਾਹੀ ਟਿਕਾਣਾ ਬਣਾਨਾ ਪਿਆ। ਉਥੇ ਜਹਾਂਗੀਰ ਤਿੰਨ ਸਾਲ ਰਿਹਾ, ਸੰਨ ੧੬੧੬ ਦੇ ਅਖ਼ੀਰ ਤਕ। ਮੇਵਾੜ ਸਰ ਕਰ ਕੇ ਸ਼ਾਹੀ ਫ਼ੌਜ ਨੇ ੧੦ ਨਵੰਬਰ ੧੬੧੬ ਨੂੰ ਅਜਮੇਰ ਤੋਂ ਦੱਖਣ ਵਲ ਕੂਚ ਕੀਤਾ, ਅਤੇ ਦੱਖਣ ਤੋਂ ਅਕਤੂਬਰ ੧੬੧੭ ਵਿਚ ਜਹਾਂਗੀਰ ਗੁਜਰਾਤ, ਕਾਠੀਆਵਾੜ ਵਲ ਰਵਾਨਾ ਹੋ ਗਿਆ। ੫ ਜਨਵਰੀ ੧੬੧੮ ਤੋਂ ਅਗਸਤ ੧੬੧੮ ਤਕ ਬਾਦਸ਼ਾਹ ਨੇ ਅਹਿਮਦਾਬਾਦ ਵਿਚ ਮੁਕਾਮ ਕੀਤੀ ਰੱਖਿਆ। ੧੮ ਅਗਸਤ ਨੂੰ ਅਹਿਮਦਾਬਾਦ ਤੋਂ ਸ਼ਾਹੀ ਸੈਨਾ ਆਗਰੇ ਨੂੰ ਮੁੜੀ। ਅਕਤੂਬਰ ਵਿਚ ਉਜੈਨ ਪਹੁੰਚੇ। ਉਤਨੇ ਨੂੰ ਖ਼ਬਰ ਆ ਗਈ ਕਿ ਸਾਰੇ ਦੁਆਬੇ ਵਿਚ ਗਿਲ੍ਹਟੀ-ਤਾਪ ਬੜੇ ਜ਼ੋਰਾਂ ਵਿਚ ਹੈ। ਇਸ ਵਾਸਤੇ ਪੰਜ ਛੇ ਮਹੀਨੇ ਜਹਾਂਗੀਰ ਨੇ ਉਜੈਨ ਵਾਲੇ ਪਾਸੇ ਹੀ ਆਪਣਾ ਡੇਰਾ ਕੀਤੀ ਰੱਖਿਆ। ਅਪ੍ਰੈਲ ੧੬੧੯ ਵਿਚ ਉਹ ਆਗਰੇ ਪਹੁੰਚਿਆ।

ਜਹਾਂਗੀਰ ਨੇ ਆਪਣੀ ਹੱਡ-ਬੀਤੀ ਵਿਚ ਲਿਖਿਆ ਹੈ ਕਿ ਮੇਰੀ ਸ਼ਰਾਬ ਪੀਣ ਦੀ ਆਦਤ ਇਤਨੀ ਵਧ ਗਈ ਕਿ ਮੈਂ ਹਰ ਰੋਜ਼ ਪੰਜ ਪੰਜ ਸੇਰ ਪੱਕੇ ਪੀ ਜਾਂਦਾ ਸਾਂ। ਨੂਰਜਹਾਂ ਦੀ ਪ੍ਰੇਰਨਾ ਭੀ ਉਸ ਨੂੰ ਇਸ ਆਦਤ ਤੋਂ ਰੋਕ ਨਾ ਸਕੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਹਾਂਗੀਰ ਨੂੰ ਦਮੇ ਦੀ ਬੀਮਾਰੀ ਹੋ ਗਈ, ਜਿਸ ਕਰਕੇ ਬਹੁਤਾ ਚਿਰ ਗਰਮ ਇਲਾਕੇ ਵਿਚ ਰਹਿਣਾ ਉਸ ਲਈ ਬਹੁਤ ਔਖਾ ਹੋ ਗਿਆ। ਸੰਨ ੧੬੨੦ ਦੇ ਸ਼ੁਰੂ ਵਿਚ ਹੀ ਜਹਾਂਗੀਰ ਆਗਰੇ ਤੋਂ ਚੱਲ ਪਿਆ ਅਤੇ ਕਲਾਨੌਰ ਦੇ ਰਸਤੇ ਕਸ਼ਮੀਰ ਜਾ ਪਹੁੰਚਿਆ, ਜਿਥੇ ਉਸ ਨੇ ਮਾਰਚ ਤੋਂ ਲੈ ਕੇ ਅਕਤੂਬਰ ਤਕ ਡੇਰਾ ਰੱਖਿਆ। ਅਸੀ ਪਿੱਛੇ ਵੇਖ ਆਏ ਹਾਂ ਕਿ ਕਸ਼ਮੀਰ ਵਿਚ ਗਿਲ੍ਹਟੀ-ਤਾਪ ਸੰਨ ੧੬੧੬ ਤੋਂ ੧੬੨੪ ਤਕ ਰਿਹਾ ਸੀ। ਜਹਾਂਗੀਰ ਨੇ ਕਸ਼ਮੀਰ ਜਾ ਕੇ ਲੋਕਾਂ ਦੀ ਤਬਾਹੀ ਦੇ ਹਾਲ ਅੱਖੀਂ ਵੇਖੇ। ਰਿਪੋਟਾਂ ਤਾਂ ਉਸ ਨੂੰ ਹਾਕਮਾਂ ਵਲੋਂ

ਪਹਿਲਾਂ ਹੀ ਪਹੁੰਚ ਜਾਂਦੀਆਂ ਸਨ। ਇਹ ਭੀ ਉਸ ਨੇ ਸੁਣ ਵੇਖ ਲਿਆ ਕਿ ਗੁਰੂ ਅਰਜਨ ਸਾਹਿਬ ਦੇ ਬੀਰ ਸਪੁੱਤਰ ਗੁਰੂ ਹਰਿ ਗੋਬਿੰਦ ਸਾਹਿਬ ਨੇ ਉਸ ਖ਼ਤਰੇ-ਭਰੇ ਸਮੇ ਆਪ ਕਸ਼ਮੀਰ ਅੱਪੜ ਕੇ ਦੁਖੀਆਂ ਦੀ ਸਹਾਇਤਾ ਕੀਤੀ, ਜਿਸ ਦਾ ਸਦਕਾ ਅਨੇਕਾਂ ਹਿੰਦੂ-ਘਰਾਣੇ ਸਿਖ ਬਣ ਗਏ ਸਨ, ਸਗੋਂ ਹਿੰਦੂਓਂ ਮੁਸਲਮਾਨ ਬਣੇ ਅਨੇਕਾਂ ਬੰਦੇ ਭੀ ਸਿਖ-ਧਰਮ ਕਬੂਲ ਕਰ ਚੁਕੇ ਸਨ।

ਕਸ਼ਮੀਰ ਤੋਂ ਵਾਪਸੀ 'ਤੇ ਜਹਾਂਗੀਰ ਪੀਰ ਪੰਜਾਲ, ਬਹਿਰਾਮਗੁੱਲਾ, ਨੌਸ਼ਹਿਰਾ, ਰਾਜੌੜੀ, ਭਿੰਬਰ ਦੇ ਰਸਤੇ ਲਾਹੌਰ ਆਇਆ। ੨੦ ਨਵੰਬਰ ੧੬੨੦ ਨੂੰ ਇਥੇ ਪਹੁੰਚਿਆ, ਅਤੇ ਸਿਰਫ਼ ਚਾਰ ਦਿਨ ਹੀ ਇਥੇ ਠਹਿਰਿਆ। ਲਾਹੌਰ ਵਿਚ ਭੀ ਗਿਲ੍ਹਟੀ-ਤਾਪ ਨੇ ਬੜੀ ਤਬਾਹੀ ਮਚਾਈ ਸੀ। ਇਥੇ ਭੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਆ ਕੇ ਦੁਖੀਆਂ ਦੀ ਮਦਦ ਕੀਤੀ ਸੀ। ਹਿੰਦੂ ਮੁਸਲਮਾਨ ਸਾਰੇ ਹੀ ਸਤਿਗੁਰੂ ਜੀ ਦੀ ਸਿਫ਼ਤ ਕਰਦੇ ਸਨ। ਜਹਾਂਗੀਰ ਨੇ ਚਹੁੰ ਦਿਨਾਂ ਵਿਚ ਹੀ ਇਹ ਸਭ ਕੁਝ ਸੁਣ ਲਿਆ। ਉਸ ਨੂੰ ਸਿੱਖਾਂ ਦੀ ਇਹ ਵਧਦੀ ਤਾਕਤ ਆਪਣੀ ਬਾਦਸ਼ਾਹੀ ਵਾਸਤੇ ਭਾਰੀ ਖ਼ਤਰੇ ਵਾਲੀ ਜਾਪੀ। ਗੁਰੂ ਹਰਿ ਗੋਬਿੰਦ ਸਾਹਿਬ ਦਾ ਹਰਮਨ ਪਿਆਰਾ ਹੋਣਾ ਭੀ ਉਸ ਨੂੰ ਪਸੰਦ ਨਾ ਆਇਆ।

ਹਰਮਨ ਪਿਆਰੇ ਧਰਮ-ਪਰਚਾਰਕ ਜਹਾਂਗੀਰ ਨੂੰ ਸਦਾ ਹੀ ਆਪਣੇ ਵਾਸਤੇ ਖ਼ਤਰਨਾਕ ਜਾਪਿਆ ਕਰਦੇ ਸਨ। ਚਾਹੇ ਕੋਈ ਹਿੰਦੂ ਹੋਵੇ, ਚਾਹੇ ਮੁਸਲਮਾਨ, ਜਦੋਂ ਭੀ ਕੋਈ ਅਜਿਹਾ ਸਿਰਕੱਢ ਨਿਕਲਦਾ ਸੀ, ਜਹਾਂਗੀਰ ਉਸ ਨੂੰ ਨਜ਼ਰਬੰਦ ਕਰ ਦੇਂਦਾ ਸੀ। ਪਰ ਇਹ ਨਜ਼ਰਬੰਦੀ ਭੀ ਉਹ ਬਹੁਤ ਚਿਰ ਨਹੀਂ ਸੀ ਰੱਖਦਾ, ਤਾਕਿ ਕਿਤੇ ਆਮ ਲੋਕ ਵਿਗੜ ਨਾ ਜਾਣ। ਉਞ ਵੀ ਸ਼ਰਾਬੀ ਬੰਦੇ ਦਾ ਇਹ ਸੁਭਾਉ ਹੀ ਹੁੰਦਾ ਹੈ, ਘੜੀ ਤੋਲਾ ਘੜੀ ਮਾਸਾ। ਸੰਨ ੧੬੧੯ ਵਿਚ ਜਹਾਂਗੀਰ ਨੇ ਸਰਹੰਦ ਦੇ ਦੋ ਮੁਸਲਮਾਨ ਪੀਰਾਂ, ਸ਼ੈਖ਼ ਅਹਿਮਦ ਅਤੇ ਸ਼ੈਖ਼ ਇਬਰਾਹੀਮ ਬਾਬਾ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਸੀ। ਗੁਜਰਾਤ ਦੇ ਸ੍ਵੈਤੰਬਰ ਜੈਨੀਆਂ ਉਤੇ ਭੀ ਸਖ਼ਤੀ ਕਰਨ ਦੇ ਹੁਕਮ ਜਾਰੀ ਕਰ ਦਿਤੇ ਸਨ।

ਚਾਰ ਦਿਨ ਲਾਹੌਰ ਠਹਿਰ ਕੇ ਜਹਾਂਗੀਰ ਨੇ ੨੫ ਨਵੰਬਰ ਨੂੰ ਆਗਰੇ ਵਲ ਕੂਚ ਕੀਤਾ। ਮੁਗ਼ਲ ਇਤਿਹਾਸ ਲਿਖਦਾ ਹੈ ਕਿ ਲਾਹੌਰ ਤੋਂ ਆਗਰੇ ਪਹੁੰਚਣ ਲਈ ੭੦ ਦਿਨ ਰਸਤੇ ਵਿਚ ਲੱਗੇ; ੪੯ ਦਿਨ ਸਫ਼ਰ ਅਤੇ ੨੧ ਦਿਨ ਮੁਕਾਮ। ਇਹਨਾਂ ੭੦ ਦਿਨਾਂ ਵਿਚੋਂ ਪਹਿਲੇ ੨੩ ਦਿਨ ਤਾਂ ਬਿਆਸਾ ਤੋਂ ਉਰੇ ਉਰੇ ਹੀ ਬਿਤਾ ਦਿੱਤੇ। ਦੋ ਦਿਨਾਂ ਦਾ ਪੈਂਡਾ ਜਹਾਂਗੀਰ ਨੇ ੨੩ ਦਿਨਾਂ ਵਿਚ ਮੁਕਾਇਆ। ਬਿਆਸਾ ਦੇ ਕੰਢੇ ਗੋਇੰਦਵਾਲ ਪੰਜ ਦਿਨ ਮੁਕਾਮ ਕੀਤਾ। ਇਸ ਤਰ੍ਹਾਂ ਮਾਝੇ ਦੇ ਪਿੰਡਾਂ ਵਿਚੋਂ ਪੂਰੀਆਂ ਖ਼ਬਰਾਂ ਹਾਸਲ ਕਰ ਕੇ ਜਹਾਂਗੀਰ ਨੂੰ ਤਸੱਲੀ ਹੋ ਗਈ ਕਿ ਮਾਝੇ ਦਾ ਬੱਚਾ ਬੱਚਾ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਵਿਕਿਆ ਹੋਇਆ ਹੈ।

ਇਹ ਗੱਲ ਉਸ ਦੇ ਵਾਸਤੇ ਅਸਹਿ ਸੀ। ਮਾਰਚ ਵਿਚ ਆਗਰੇ ਪਹੁੰਚ ਕੇ ਜਹਾਂਗੀਰ ਨੇ ਗੁਪਤ ਹੁਕਮ ਜਾਰੀ ਕਰ ਦਿੱਤੇ ਕਿ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਲਿਆ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤਾ ਜਾਏ। ਉਸ ਕਿਲ੍ਹੇ ਵਿਚ ਰਾਜਸੀ ਕੈਦੀ ਰੱਖੇ ਜਾਂਦੇ ਸਨ। ਹਿੰਦੂ ਰਾਜੇ, ਜਿਨ੍ਹਾਂ ਦੇ ਵਿਰੁੱਧ ਰਾਜ-ਧ੍ਰੋਹ ਆਦਿਕ ਦੀਆਂ ਸ਼ਿਕਾਇਤਾਂ ਜਾਂ ਖ਼ਤਰਾ ਹੁੰਦਾ ਸੀ, ਉਥੇ ਹੀ ਕੈਦ ਕੀਤੇ ਹੋਏ ਸਨ। ਜਿਤਨਾ ਚਿਰ ਸਤਿਗੁਰੂ ਜੀ ਕਿਲ੍ਹੇ ਵਿਚ ਰਹੇ, ਉਧਰ ਦੇ ਸਿਖ ਦੂਰੋਂ ਦੂਰੋਂ ਆ ਕੇ ਕਿਲ੍ਹੇ ਦੇ ਬਾਹਰ ਖਲੋ ਕੇ ਹੀ ਆਪਣੇ ਦਿਲ ਦੇ ਪਾਤਸ਼ਾਹ ਅਗੇ ਸਿਰ ਨਿਵਾ ਜਾਂਦੇ ਸਨ ਤੇ ਉਸ ਧਰਤੀ ਦੀ ਧੂੜ ਆਪਣੇ ਸਿਰ ਮੱਥੇ ਉਤੇ ਲਾਂਦੇ ਸਨ। ਇਹ ਸਭ ਖ਼ਬਰਾਂ ਜਹਾਂਗੀਰ ਨੂੰ ਪਹੁੰਚਦੀਆਂ ਸਨ।

ਅਗਸਤ ੧੬੨੧ ਵਿਚ ਜਹਾਂਗੀਰ ਨੂੰ ਦਮੇ ਦਾ ਫਿਰ ਬੜਾ ਸਖ਼ਤ ਦੌਰਾ ਪੈ ਗਿਆ। ਆਗਰੇ ਦੀ ਸਿੱਲ੍ਹੀ ਤਪਸ਼ ਉਸ ਵਾਸਤੇ ਅਸਹਿ ਹੋ ਗਈ। ਕਸ਼ਮੀਰ ਵਲ ਕੂਚ ਦੀ ਤਿਆਰੀ ਕੀਤੀ ਗਈ। ਆਗਰਾ ਛੱਡਣ ਤੋਂ ਪਹਿਲਾਂ ਉਸ ਨੇ ਸਰਹੰਦ ਦੇ ਦੋਹਾਂ ਪੀਰਾਂ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ। ਸ੍ਵੈਤੰਬਰ ਜੈਨੀਆਂ ਉਤੇ ਸਖ਼ਤੀਆਂ ਭੀ ਬੰਦ ਕਰਾ ਦਿੱਤੀਆਂ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਹਿੰਦੂ ਰਾਜਿਆਂ ਦੀ ਹਾਲਤ ਪਹਿਲਾਂ ਬੜੀ ਹੀ ਤਰਸਯੋਗ ਸੀ, ਪਰ ਜਦੋਂ ਸਤਿਗੁਰੂ ਜੀ ਉਥੇ ਪਹੁੰਚੇ ਸਨ ਤਾਂ ਉਹਨਾਂ ਦੀ ਪ੍ਰੇਰਨਾ ਦਾ ਸਦਕਾ ਰਾਜਿਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ। ਪਹਿਲਾਂ ਭੀ ਤਾਂ ਇਹ ਸ਼ੱਕ ਵਿਚ ਹੀ ਕੈਦ ਕੀਤੇ ਹੋਏ ਸਨ, ਜਿਹੜੇ ਕੁਝ ਸਿਰ ਚੁੱਕਣ ਜੋਗੇ ਸਨ, ਉਨ੍ਹਾਂ ਦਾ ਮੱਚ ਕੈਦ ਦੇ ਕਸ਼ਟਾਂ ਨੇ ਮਾਰ ਦਿਤਾ। ਜਦੋਂ ਸਤਿਗੁਰੂ ਜੀ ਦੀ ਰਿਹਾਈ ਦੇ ਹੁਕਮ ਆਏ; ਰਾਜਿਆਂ ਨੂੰ ਉਹਨਾਂ ਤੋਂ ਬਿਨਾਂ ਫਿਰ ਪੁਰਾਣੇ ਦੁਖਾਂ ਦਾ ਹੌਲ ਪਿਆ। ਸਤਿਗੁਰੂ ਜੀ ਨੇ ਕਿਲ੍ਹੇ ਦੇ ਹਾਕਮ ਰਾਹੀਂ ਬਾਦਸ਼ਾਹ ਨੂੰ ਰਾਜਿਆਂ ਦੀ ਰਿਹਾਈ ਵਾਸਤੇ ਪ੍ਰੇਰਨਾ ਕੀਤੀ, ਜੋ ਬਾਦਸ਼ਾਹ ਨੇ ਮੰਨ ਲਈ। ਸਿੱਖ ਇਤਿਹਾਸ ਲਿਖਦਾ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਨੇ ੫੨ ਕਲੀਆਂ ਵਾਲਾ ਕੁੜਤਾ ਪਹਿਨ ਲਿਆ, ਬਵੰਜਾ ਹੀ ਕੈਦੀ ਰਾਜਿਆਂ ਨੇ ਕੁੜਤੇ ਦੀ ਇਕ ਇਕ ਕਲੀ ਫੜ ਲਈ, ਅਤੇ ਇਸ ਤਰ੍ਹਾਂ ਉਹ ਸਤਿਗੁਰੂ ਜੀ ਦੇ ਪੱਲੇ ਲੱਗ ਕੇ ਲੰਮੀਆਂ ਕੈਦਾਂ ਦੇ ਦੁਖੜਿਆਂ ਤੋਂ ਬਚ ਗਏ। ਉਸ ਦਿਨ ਤੋਂ ਸਤਿਗੁਰੂ ਜੀ ਦਾ ਨਾਮ 'ਬੰਦੀ ਛੋੜ' ਪਰਸਿੱਧ ਹੋ ਗਿਆ। ਕਿਲ੍ਹੇ ਵਿਚ ਇਕ ਇਤਿਹਾਸਕ ਗੁਰਦੁਆਰਾ ਭੀ ਹੈ, ਜੋ ਉਸ ਪੁਰਾਣੀ ਯਾਦ ਦਾ ਚੇਤਾ ਕਰਾਂਦਾ ਹੈ। ਇਹ ਜ਼ਿਕਰ ਅਗਸਤ ੧੬੨੧ ਦਾ ਹੈ।

## ਜਹਾਂਗੀਰ ਦੇ ਨਾਲ ਪੰਜਾਬ ਨੂੰ ਵਾਪਸੀ

ਜਹਾਂਗੀਰ ਆਖਣ ਨੂੰ ਤਾਂ ਮੁਸਲਮਾਨ ਸੀ, ਪਰ ਹਿੰਦੂ ਮਾਂ ਦੇ ਪੇਟੋਂ ਜੰਮਣ ਕਰਕੇ ਉਸ ਦੇ ਦਿਲ ਉਤੇ ਹਿੰਦੂ ਸੱਭਿਅਤਾ ਦੇ ਕਈ ਪ੍ਰਭਾਵ ਪਰਤੱਖ ਦਿੱਸਦੇ

ਸਨ। ਜਦੋਂ ਭੀ ਕਦੇ ਉਹ ਸਫ਼ਰ ਲਈ ਤੁਰਦਾ ਸੀ ਤਾਂ ਜੋਤਸ਼ੀ ਸ਼ੁਭ ਲਗਨ ਮਹੂਰਤ ਸੋਧਦੇ ਸਨ, ਉਹਨਾਂ ਲਗਨਾਂ ਮਹੂਰਤਾਂ ਵਲੋਂ ਕਦੇ ਭੀ ਉਕਾਈ ਨਹੀਂ ਕੀਤੀ ਜਾਂਦੀ ਸੀ। ਸੰਤਾਂ ਸਾਧਾਂ, ਪੀਰਾਂ, ਫ਼ਕੀਰਾਂ ਦਾ ਆਦਰ-ਸਤਿਕਾਰ ਭੀ ਜਹਾਂਗੀਰ ਕਰਦਾ ਸੀ, ਪਰ ਉਸ ਨੂੰ ਇਹ ਤੌਖਲਾ ਭੀ ਸਦਾ ਟਿਕਿਆ ਰਹਿੰਦਾ ਸੀ ਕਿ ਕੋਈ ਸੰਤ ਸਾਧ ਪੀਰ ਫ਼ਕੀਰ ਇਤਨਾ ਹਰ-ਮਨ ਪਿਆਰਾ ਨਾ ਬਣ ਜਾਏ, ਜਿਸ ਕਰਕੇ ਉਸ ਦੇ ਰਾਜ ਵਿਚ ਕਿਸੇ ਗੜਬੜ ਦੀ ਸੰਭਾਵਨਾ ਹੋ ਸਕੇ। ਚਾਰ ਕੁ ਮਹੀਨਿਆਂ ਦੀ ਨਜ਼ਰਬੰਦੀ ਤੋਂ ਪਿਛੋਂ ਗੁਰੂ ਹਰਿ ਗੋਬਿੰਦ ਸਾਹਿਬ ਅੰਮ੍ਰਿਤਸਰ ਨੂੰ ਪਰਤੇ। ਜਹਾਂਗੀਰ ਨੇ ਕਸ਼ਮੀਰ ਵਲ ਆਉਣਾ ਸੀ। ਭਾਰਤ ਦੇ ਦੁਨੀਆਵੀ ਬਾਦਸ਼ਾਹ ਅਤੇ ਦੀਨ ਦੁਨੀਆ ਦੇ ਸੱਚੇ ਪਾਤਿਸ਼ਾਹ—ਦੋਹਾਂ ਨੇ ਇਹ ਸਫ਼ਰ ਇਕੱਠਿਆਂ ਹੀ ਕੀਤਾ। ਡੇਰੇ ਆਪੋ ਆਪਣੇ ਵੱਖਰੇ ਵੱਖਰੇ ਹੀ ਹੁੰਦੇ ਸਨ। ਸਿਖ ਇਤਿਹਾਸ ਨੇ ਰਸਤੇ ਦੀ ਇਕ ਨਿੱਕੀ ਜਿਹੀ ਸੁਆਦਲੀ ਘਟਨਾ ਦਾ ਜ਼ਿਕਰ ਕੀਤਾ ਹੈ, ਜੋ ਪਾਠਕਾਂ ਨੂੰ ਜੀਵਨ-ਹੁਲਾਰਾ ਦੇਣ ਵਿਚ ਸਹਾਈ ਹੋ ਸਕੇਗੀ।

## ਇਕ ਗ਼ਰੀਬ ਘਾਹੀ

ਇਕ ਗ਼ਰੀਬ ਘਾਹੀ ਸਿਖ ਨੂੰ ਪਤਾ ਲੱਗਾ ਕਿ ਜਹਾਂਗੀਰ ਦੇ ਨਾਲ ਗੁਰੂ ਹਰਿ ਗੋਬਿੰਦ ਸਾਹਿਬ ਭੀ ਇਥੋਂ ਦੀ ਲੰਘ ਰਹੇ ਹਨ। ਉਸ ਨੇ ਅਜੇ ਤਕ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕੀਤੇ ਸਨ। ਸ਼ਾਹੀ ਕੈਂਪ ਵਿਚ ਜਾ ਕੇ ਸਿਪਾਹੀ ਨੂੰ ਆਖਣ ਲੱਗਾ ਕਿ ਮੈਂ ਸੱਚੇ ਪਾਤਿਸ਼ਾਹ ਦੇ ਦਰਸ਼ਨ ਕਰਨੇ ਹਨ। ਜਹਾਂਗੀਰ ਨੇ ਹੁਕਮ ਦੇ ਰੱਖਿਆ ਹੋਇਆ ਸੀ ਕਿ ਜੇ ਕੋਈ ਫ਼ਰਿਆਦੀ ਆਵੇ, ਤਾਂ ਉਸ ਨੂੰ ਕੋਈ ਰੋਕੇ ਨਾ, ਤੁਰਤ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਏ। ਸਿਪਾਹੀ ਨੇ ਸਮਝਿਆ ਕਿ ਕੋਈ ਫ਼ਰਿਆਦੀ ਹੈ। ਉਹ ਉਸ ਨੂੰ ਜਹਾਂਗੀਰ ਦੇ ਪਾਸ ਲੈ ਗਿਆ। ਸਿਖ ਨੇ ਇਕ ਟਕਾ ਸ਼ਾਹ ਦੇ ਅੱਗੇ ਰੱਖ ਕੇ ਮੱਥਾ ਟੇਕਿਆ, ਅਤੇ ਜਿਵੇਂ ਸਿਖ ਆਪਣੇ ਸਤਿਗੁਰੂ ਦੇ ਦਰ 'ਤੇ ਸਿੱਖੀ-ਸਿਦਕ ਨਾਮ-ਦਾਨ ਮੰਗਦੇ ਹਨ, ਉਸ ਨੇ ਭੀ ਇਹ ਅਰਜ਼ੋਈ ਕੀਤੀ ਕਿ ਇਸ ਜਗਤ ਭਵਜਲ ਵਿਚੋਂ ਮੇਰੀ ਬਾਂਹ ਫੜਨੀ। ਜਹਾਂਗੀਰ ਸਮਝ ਗਿਆ ਕਿ ਸਿਖ ਭੁਲੇਖੇ ਨਾਲ ਉਸ ਦੇ ਪਾਸ ਲਿਆਂਦਾ ਗਿਆ ਹੈ। ਉਸ ਨੇ ਉਸ ਨੂੰ ਸਾਫ਼ ਦੱਸ ਦਿੱਤਾ ਕਿ ਅਜਿਹੀਆਂ ਬਖਸ਼ਸ਼ਾਂ ਕਰਨ ਵਾਲਾ ਸੱਚਾ ਪਾਤਿਸ਼ਾਹ ਤਾਂ ਦੂਜੇ ਕੈਂਪ ਵਿਚ ਹੈ। ਤੂੰ ਸਬੱਬ ਨਾਲ ਮੇਰੇ ਪਾਸ ਆ ਅਪੜਿਆ ਹੈਂ, ਜੇ ਕਹੇਂ, ਤਾਂ ਮੈਂ ਤੈਨੂੰ ਲੋੜ ਅਨੁਸਾਰ ਧਨ-ਪਦਾਰਥ ਦੇ ਸਕਦਾ ਹਾਂ। ਪਰ ਸਿਖ ਨੇ ਆਪਣਾ ਟਕਾ ਚੁਕ ਲਿਆ ਤੇ ਚੁਪ-ਕੀਤਾ ਬਾਹਰ ਨਿਕਲ ਗਿਆ। ਸਿਪਾਹੀ ਉਸ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਦੇ ਡੇਰੇ ਲੈ ਗਿਆ, ਜਿਥੇ ਆਪਣੇ ਦਿਲ ਦੇ ਪਾਤਿਸ਼ਾਹ ਦਾ ਦਰਸ਼ਨ ਕਰ ਕੇ ਉਸ ਨੇ ਆਪਣੇ ਮਨ ਦੀ ਤੜਪ ਦੂਰ ਕੀਤੀ।

## ਜਹਾਂਗੀਰ ਅੰਮ੍ਰਿਤਸਰ ਵਿਚ

ਪਹਿਲੀ ਵਾਰ ਸੰਨ ੧੬੨੦ ਵਿਚ ਜਹਾਂਗੀਰ ਕਲਾਨੌਰ ਦੇ ਰਸਤੇ ਕਸ਼ਮੀਰ ਗਿਆ ਸੀ। ਐਤਕੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਨਾਲ ਹੀ ਉਹ ਭੀ ਅੰਮ੍ਰਿਤਸਰ ਆਇਆ। ਇਸ ਵਿਚ ਉਸ ਦੀ ਰਾਜਨੀਤੀ ਭੀ ਸੀ। ਆਮ ਸਿਖ ਜਨਤਾ ਅਤੇ ਖ਼ਾਸ ਕਰਕੇ ਮਾਝੇ ਦੇ ਲੋਕ ਅਜੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰਾਣ ਦੀ ਉਸ ਦੀ ਕਾਲੀ ਕਰਤੂਤ ਨਹੀਂ ਭੁੱਲੇ ਸਨ। ਹੁਣ ਉਹ ਕਾਲੇ ਦਾਗ਼ ਧੋਣੇ ਚਾਹੁੰਦਾ ਸੀ ਅਤੇ ਮਝੈਲ ਗੱਭਰੂਆਂ ਦੇ ਦਿਲਾਂ ਦੇ ਸੱਲ ਮਿਟਾਣੇ ਲੋੜਦਾ ਸੀ। ਜਹਾਂਗੀਰ ਨੇ ਆਪਣੀ ਹੱਡ-ਬੀਤੀ ਵਿਚ ਅੰਮ੍ਰਿਤਸਰ ਆਉਣ ਦਾ ਜ਼ਿਕਰ ਨਹੀਂ ਕੀਤਾ। ਉਸ ਨੇ ਤਾਂ ਕਿਤੇ ਇਹ ਭੀ ਨਹੀਂ ਲਿਖਿਆ ਕਿ ਮੈਂ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਨਜ਼ਰਬੰਦ ਕਰੀ ਰੱਖਿਆ ਸੀ। ਸਿਖ-ਇਤਿਹਾਸ ਲਿਖਦਾ ਹੈ ਕਿ ਸ਼ਾਹੀ ਡੇਰਾ ਗੁਮਟਾਲੇ ਦੇ ਲਾਗੇ ਕੀਤਾ ਗਿਆ, ਜਹਾਂਗੀਰ ਤੇ ਨੂਰਜਹਾਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕੀਤੇ, ਜਾਗੀਰ ਆਦਿਕ ਸਹਾਇਤਾ ਦੇਣ ਦੀ ਇੱਛਾ ਪਰਗਟ ਕੀਤੀ, ਪਰ ਸਤਿਗੁਰੂ ਜੀ ਨੇ ਉੱਤਰ ਦਿਤਾ ਕਿ ਗੁਰਦੁਆਰਿਆਂ ਦੀਆਂ ਇਮਾਰਤਾਂ ਅਤੇ ਗੁਰੂ ਕਾ ਲੰਗਰ ਸ਼ਰਧਾਵਾਨ ਸਿੱਖਾਂ ਦੀ ਪਿਆਰ-ਭੇਟ ਨਾਲ ਹੀ ਸ਼ੋਭਦੇ ਹਨ।

## ਸਤਿਗੁਰੂ ਜੀ ਦਾ ਲਾਹੌਰ ਜਾਣਾ

ਜਹਾਂਗੀਰ ਦੀ ਖ਼ਾਹਸ਼ ਸੀ ਕਿ ਲਾਹੌਰ ਤਕ ਹੀ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਸਾਥ ਬਣਿਆ ਰਹੇ, ਤਾਕਿ ਇਸ ਨੇੜਤਾ ਦਾ ਚੰਗਾ ਅਸਰ ਸਾਰੇ ਮਾਝੇ ਉਤੇ ਪੈ ਸਕੇ। ਸਤਿਗੁਰੂ ਜੀ ਅੰਮ੍ਰਿਤਸਰ ਵਿਚ ਥੋੜੇ ਹੀ ਦਿਨ ਠਹਿਰ ਕੇ ਲਾਹੌਰ ਨੂੰ ਚੱਲ ਪਏ। ਜਿਥੇ ਜਹਾਂਗੀਰ ਇਸ ਨੇੜਤਾ ਦੀ ਰਾਹੀਂ ਸਿੱਖਾਂ ਦੇ ਦਿਲਾਂ ਵਿਚੋਂ ਆਪਣੇ ਵਿਰੁੱਧ ਬਣੀ ਨਫ਼ਰਤ ਮਿਟਾਣੀ ਚਾਹੁੰਦਾ ਸੀ, ਉਥੇ ਸਿਖ ਭੀ ਇਹ ਅਨੁਭਵ ਕਰ ਰਹੇ ਸਨ ਕਿ ਸਿਖ ਕੌਮ ਦੀ ਵਧਦੀ ਤਾਕਤ ਵੇਖ ਕੇ ਜਹਾਂਗੀਰ ਉਹਨਾਂ ਨਾਲ ਕੋਈ ਵਿਗਾੜ ਨਹੀਂ ਸਹੇੜਨਾ ਚਾਹੁੰਦਾ। ਇਸ ਤੋਂ ਸਿੱਖਾਂ ਦੇ ਹੌਸਲੇ ਵਧਣ ਵਿਚ ਸੁਤੇ ਹੀ ਸਹਾਇਤਾ ਮਿਲਦੀ ਗਈ। ਅਜੇ ਚਾਰ ਕੁ ਸਾਲ ਹੀ ਬੀਤੇ ਸਨ ਜਦੋਂ ਗਿਲ੍ਹਟੀ-ਤਾਪ ਦੀ ਹਨੇਰੀ ਸਮੇ ਸਤਿਗੁਰੂ ਜੀ ਨੇ ਲਾਹੌਰ-ਨਿਵਾਸੀਆਂ ਦੇ ਕੋਲ ਰਹਿ ਕੇ ਉਹਨਾਂ ਦੇ ਦੁਖ ਵੰਡੇ ਸਨ। ਵਲੀ ਮੀਆਂਮੀਰ ਗੁਰੂ ਅਰਜਨ ਸਾਹਿਬ ਦਾ ਪ੍ਰੇਮੀ ਬਣ ਚੁਕਿਆ ਸੀ। ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਗਿਲ੍ਹਟੀ-ਤਾਪ ਦੀ ਬਿਪਤਾ ਸਮੇ ਲਾਹੌਰ ਆ ਕੇ ਰਹੇ ਸਨ, ਮੀਆਂਮੀਰ ਭੀ ਉਹਨਾਂ ਦੇ ਨਾਲ ਰਲ ਕੇ ਸੇਵਾ ਕਰਦਾ ਰਿਹਾ ਸੀ, ਤੇ ਇਸ ਤਰ੍ਹਾਂ ਉਸ ਦੇ ਦਿਲ ਵਿਚ ਗੁਰੂ-ਘਰ ਵਾਸਤੇ ਹੋਰ ਨੇੜਤਾ ਬਣ ਗਈ ਸੀ। ਹੁਣ ਜਦੋਂ ਦੂਜੀ ਵਾਰੀ ਗੁਰੂ



 www.sikhbookclub.com

ਹਰਿ ਗੋਬਿੰਦ ਸਾਹਿਬ ਲਾਹੌਰ ਆਏ, ਤਾਂ ਵਲੀ ਮੀਆਂਮੀਰ ਅਤੇ ਪਹਿਲੀ ਵਾਰ ਦੇ ਬਣੇ ਹੋਰ ਕਈ ਪ੍ਰੇਮੀ ਸਤਿਗੁਰੂ ਜੀ ਦੇ ਪਾਸ ਆਉਣ ਲੱਗ ਪਏ। ਸਤਿਗੁਰੂ ਜੀ ਨੇ ਮੁਜ਼ੰਗੀਂ ਡੇਰਾ ਕੀਤਾ, ਜੋ ਲਾਹੌਰ ਸ਼ਹਿਰ ਤੋਂ ਦੱਖਣ ਪਾਸੇ ਦੋ ਢਾਈ ਮੀਲਾਂ ਦੀ ਵਿੱਥ 'ਤੇ ਹੈ। ਉਥੇ ਹੁਣ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

**ਦੋ ਘਟਨਾਵਾਂ**

ਉਹਨੀਂ ਦਿਨੀਂ ਉਥੇ ਦੋ ਐਸੀਆਂ ਘਟਨਾਵਾਂ ਵਾਪਰੀਆਂ ਜੋ ਇਕ ਪਾਸੇ ਮੁਗ਼ਲ ਹਾਕਮਾਂ ਦਾ ਪਰਜਾ ਨਾਲ ਵਧੀਕੀ-ਭਰਿਆ ਰਵੱਈਆ ਪਰਗਟ ਕਰਦੀਆਂ ਹਨ ਅਤੇ ਦੂਜੇ ਇਹ ਦੱਸਦੀਆਂ ਹਨ ਕਿ ਆਮ ਹਿੰਦੂ ਅਤੇ ਮੁਸਲਿਮ ਜਨਤਾ ਦੇ ਦਿਲ ਵਿਚ ਗੁਰੂ-ਘਰ ਵਾਸਤੇ ਖਿੱਚ ਵਧ ਰਹੀ ਸੀ, ਕਿਉਂਕਿ ਗੁਰੂ ਪਰਤੱਖ ਤੌਰ ਤੇ ਦੁਖੀਆਂ ਦਾ ਦਰਦੀ ਸੀ।

**(੧) ਕੌਲਾਂ**

ਦਮੇ ਦਾ ਜ਼ੋਰ ਪੈਣ ਕਰਕੇ ਜਹਾਂਗੀਰ ਬਹੁਤਾ ਚਿਰ ਲਾਹੌਰ ਨਾ ਠਹਿਰਿਆ, ਉਹ ਕਸ਼ਮੀਰ ਨੂੰ ਚਲਾ ਗਿਆ। ਗੁਰੂ ਹਰਿ ਗੋਬਿੰਦ ਸਾਹਿਬ ਲਾਹੌਰ ਹੀ ਟਿਕੇ ਰਹੇ। ਗੁਰੂ-ਘਰ ਤੋਂ ਸਭ ਬੰਦਿਆਂ ਨੂੰ ਬਰਾਬਰੀ ਦਾ ਪਿਆਰ-ਭਰਿਆ ਸਲੂਕ ਮਿਲਣ ਕਰਕੇ ਅਨੇਕਾਂ ਐਸੇ ਮੁਸਲਮਾਨ ਭੀ ਸਨ ਜੋ ਗੁਰੂ ਨਾਨਕ ਸਾਹਿਬ ਦੀ ਬਾਣੀ ਸ਼ੌਕ ਨਾਲ ਪੜ੍ਹਨ ਲੱਗ ਪਏ ਸਨ। ਸਤਿਗੁਰੂ ਜੀ ਦੇ ਸਤਸੰਗ ਵਿਚ ਮੁਸਲਮਾਨ ਭੀ ਆਉਂਦੇ ਸਨ। ਲਾਹੌਰ ਦਾ ਸ਼ਾਹੀ ਕਾਜ਼ੀ ਮੁਜ਼ੰਗੀਂ ਰਹਿੰਦਾ ਸੀ, ਉਸ ਦੀ ਇਕ ਲੜਕੀ ਵਲੀ ਮੀਆਂਮੀਰ ਜੀ ਦੀ ਮੁਰੀਦ ਸੀ, ਜਿਸ ਤੋਂ ਉਸ ਨੂੰ ਸਤਿਗੁਰੂ ਜੀ ਦੀ ਬਾਣੀ ਸੁਣਨ ਦਾ ਅਵਸਰ ਮਿਲਦਾ ਰਿਹਾ ਅਤੇ ਸਹਿਜੇ ਸਹਿਜੇ ਉਹ ਆਪ ਭੀ ਪੜ੍ਹਨ ਲੱਗ ਪਈ। ਆਪਣੇ ਵਤਨ ਦੀ ਬੋਲੀ ਕੁਦਰਤੀ ਤੌਰ ਤੇ ਮਿੱਠੀ ਲੱਗਣੀ ਹੀ ਸੀ। ਕਾਜ਼ੀ ਦੀ ਲੜਕੀ ਦੀ ਬਾਣੀ ਵਲ ਦੀ ਲਗਨ ਦਿਨੋ-ਦਿਨ ਵਧਣ ਲੱਗ ਪਈ। ਉਹ ਮਸੂਮ ਕੀ ਜਾਣੇ ਕਿ ਉਸ ਦਾ ਸ਼ਰਈ ਪਿਉ ਇਸ ਨੂੰ ਕਾਫ਼ਰਾਂ ਦੀ ਬਾਣੀ ਆਖਦਾ ਹੈ! ਉਸ ਨੇ ਤਾਂ ਆਪਣੇ ਮੁਸਲਮਾਨ ਪੀਰ ਤੋਂ ਹਾਸਲ ਕੀਤੀ ਸੀ।

**(੨) ਘੋੜਾ**

ਸਿਖ, ਗੁਰੂ ਅਰਜਨ ਸਾਹਿਬ ਦੇ ਸਮੇ ਤੋਂ ਹੀ ਉਹਨਾਂ ਦੀ ਪ੍ਰੇਰਨਾ ਨਾਲ ਘੋੜੇ ਆਦਿਕਾਂ ਦੇ ਵਪਾਰ ਵਾਸਤੇ ਕਾਬਲ ਕੰਧਾਰ ਤਕ ਜਾਣ ਲੱਗ ਪਏ ਸਨ। ਉਹ ਸਾਰਾ ਇਲਾਕਾ ਮੁਗ਼ਲ ਬਾਦਸ਼ਾਹਾਂ ਦੇ ਹੁਕਮ ਵਿਚ ਸੀ, ਇਸ ਵਾਸਤੇ ਭਾਰਤ ਦੇ ਵਪਾਰੀਆਂ ਨੂੰ ਉਧਰ ਜਾਣ ਦੀ ਕੋਈ ਮਨਾਹੀ ਨਹੀਂ ਸੀ। ਪਰ ਮੁਗ਼ਲ ਹਾਕਮ ਦਾਅ-ਲੱਗੇ ਵਪਾਰੀਆਂ ਪਾਸੋਂ ਖੋਹਾ-ਮੋਹੀ ਭੀ ਕਰ ਲੈਂਦੇ ਸਨ। ਇਕ ਸਿਖ ਵਪਾਰੀ

ਘੋੜੇ ਖ਼ਰੀਦ ਕੇ ਲਿਆਇਆ। ਉਹਨਾਂ ਵਿਚ ਇਕ ਵਧੀਆ ਘੋੜਾ ਉਸ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਭੇਟਾ ਕਰਨ ਲਈ ਲਿਆਂਦਾ। ਲਾਹੌਰ ਦੇ ਹਾਕਮ ਨੇ ਉਹ ਬਦੋ-ਬਦੀ ਖੋਹ ਕੇ ਸ਼ਾਹੀ ਤਬੇਲੇ ਵਿਚ ਜਾ ਬੱਧਾ। ਸਿਖ ਨੇ ਗੁਰੂ ਹਰਿ ਗੋਬਿੰਦ ਸਾਹਿਬ ਪਾਸ ਜਾ ਫ਼ਰਿਆਦ ਕੀਤੀ। ਸਤਿਗੁਰੂ ਜੀ ਨੇ ਉਸ ਨੂੰ ਧੀਰਜ ਦੇਂਦਿਆਂ ਆਖਿਆ ਕਿ ਤੇਰੇ ਵਲੋਂ ਸਾਨੂੰ ਪਹੁੰਚ ਗਿਆ।

ਕਿਸੇ ਅਨਗਹਿਲੀ ਕਰਕੇ ਘੋੜੇ ਨੂੰ ਕੋਈ ਅਜਿਹੀ ਅਹੁਰ ਹੋਈ ਕਿ ਉਸਨੇ ਖਾਣਾ ਪੀਣਾ ਬੰਦ ਕਰ ਦਿੱਤਾ। ਕਿਸੇ ਦਵਾਈ ਨੇ ਕੋਈ ਕਾਟ ਨਾ ਕੀਤੀ। ਅਖਾਣ ਹੈ ਇੱਲ ਝੁਰਾਟੀ ਧਾੜੀ, ਜਠੇਰਿਆਂ ਦੇ ਸਿਰ ਚਾੜ੍ਹੀ। ਘੋੜਾ ਸ਼ਾਹੀ ਕਾਜ਼ੀ ਨੂੰ ਭੇਟ ਕੀਤਾ ਗਿਆ। ਕਾਜ਼ੀ ਨੂੰ ਭੀ ਜਦੋਂ ਉਸ ਦੇ ਬਚਣ ਦੀ ਕੋਈ ਆਸ ਨਾ ਜਾਪੀ, ਤਾਂ ਜਾਂਦੇ ਚੋਰ ਦੀ ਲੰਗੋਟੀ ਵਾਲਾ ਸੌਦਾ ਕਰਕੇ ਉਸ ਨੇ ਸਸਤੇ-ਮੁੱਲ ਗੁਰੂ ਹਰਿ ਗੋਬਿੰਦ ਸਾਹਿਬ ਪਾਸ ਵੇਚ ਦਿੱਤਾ। ਬੜੀ ਮਿਹਨਤ ਨਾਲ ਘੋੜੇ ਦਾ ਇਲਾਜ ਕੀਤਾ ਗਿਆ, ਤੇ ਉਹ ਨਵਾਂ-ਨਰੋਆ ਹੋ ਗਿਆ। ਹੁਣ ਘੋੜੇ ਨੂੰ ਵੇਖ ਵੇਖ ਕੇ ਕਾਜ਼ੀ ਨੂੰ ਸੂਲ ਉੱਠੇ ਕਿ ਕਿਉਂ ਕੌਡੀਆਂ ਦੇ ਭਾਅ ਰੋੜ੍ਹ ਦਿੱਤਾ। ਸੌਦੇ ਤੋਂ ਤਿਲ੍ਹਕਣ ਦੇ ਉਸ ਨੇ ਕਈ ਬਹਾਨੇ ਬਣਾਏ, ਪਰ ਬਣਿਆ ਕੁਝ ਨਾ। ਇਸੇ ਗੱਲੋਂ ਉਹ ਦਿਲੋਂ ਸਤਿਗੁਰੂ ਜੀ ਨਾਲ ਵੈਰ ਰੱਖਣ ਲੱਗ ਪਿਆ। ਸਤਿਗੁਰੂ ਜੀ ਦਾ ਰੋਜ਼ਾਨਾ ਸਤਸੰਗ ਹੁਣ ਉਸ ਨੂੰ ਕੰਡੇ ਵਾਂਗ ਚੁੱਭਣ ਲੱਗਾ। ਪਰ ਥੋੜ੍ਹੇ ਹੀ ਦਿਨ ਠਹਿਰ ਕੇ ਸਤਿਗੁਰੂ ਜੀ ਲਾਹੌਰ ਤੋਂ ਅੰਮ੍ਰਿਤਸਰ ਵਾਪਸ ਆ ਗਏ। ਇਹ ਜ਼ਿਕਰ ਸੰਨ ੧੬੨੧ ਦੇ ਅਖ਼ੀਰ ਦਾ ਹੈ।

## ਕੌਲਾਂ ਲਈ ਮੌਤ ਦਾ ਫ਼ਤਵਾ

ਕਾਜ਼ੀ ਦੀ ਲੜਕੀ ਦੀ, ਬਾਣੀ ਵਲ ਦੀ ਲਗਨ ਘਰ ਵਿਚ ਉੱਘੜ ਆਈ। ਕਾਜ਼ੀ ਲੋਹਾ-ਲਾਖਾ ਹੋ ਗਿਆ ਕਿ ਮੋਮਨ ਦੀ ਧੀ ਕਾਫ਼ਰਾਂ ਦੀ ਬਾਣੀ ਕਿਉਂ ਪੜ੍ਹੇ। ਲੜਕੀ ਨੇ ਬਾਣੀ ਤੋਂ ਇਲਾਵਾ ਸਤਿਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਵਿਚ ਇਕ ਹੋਰ ਗੱਲ ਭੀ ਵੇਖ ਲਈ ਸੀ, ਜਿਸ ਦਾ ਅੰਸ਼-ਮਾਤਰ ਭੀ ਉਸ ਨੂੰ ਆਪਣੇ ਮੋਮਨ ਪਿਉ ਵਿਚ ਨਹੀਂ ਦਿਸਿਆ ਸੀ। ਗਿਲ੍ਹਟੀ-ਤਾਪ ਨੇ ਲਾਹੌਰ ਦੀ ਗ਼ਰੀਬ ਜਨਤਾ ਉਤੇ ਜਦੋਂ ਅਸਹਿ ਬਿਪਤਾ ਲਿਆਂਦੀ ਸੀ, ਮੋਮਨ ਹਾਕਮਾਂ ਦੇ ਕੰਨ ਉਤੇ ਤਾਂ ਜੂੰ ਭੀ ਨਹੀਂ ਸਰਕੀ ਸੀ, ਪਰ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਉਹਨਾਂ ਦੇ ਸਿਖ ਜਾਨ ਤਲੀ ਉਤੇ ਰੱਖ ਕੇ ਦੁਖੀਆਂ ਦਾ ਦਰਦ ਵੰਡਦੇ ਸਨ। ਲੜਕੀ ਨੇ ਕਾਜ਼ੀ-ਪਿਉ ਦੇ ਡਰਾਵਿਆਂ ਦੀ ਕੋਈ ਪਰਵਾਹ ਨਾ ਕੀਤੀ। ਬਖੇੜਾ ਇਥੋਂ ਤਕ ਵਧਿਆ ਕਿ ਸ਼ਰਹ ਦਾ ਫ਼ਤਵਾ ਲਵਾ ਕੇ ਲੜਕੀ ਦੇ ਮਾਰਨ ਦਾ ਫ਼ੈਸਲਾ ਕਰਵਾਇਆ ਗਿਆ। ਹੁਣ ਜੀ-ਭਿਆਣੀ ਲੜਕੀ ਨੇ ਆਪਣੇ ਪੀਰ


www.sikhbookclub.com

ਮੀਆਂਮੀਰ ਦਾ ਆਸਰਾ ਲਿਆ। ਉਹਨਾਂ ਆਪਣੇ ਖ਼ਾਸ ਮੁਰੀਦਾਂ ਦੀ ਸਹਾਇਤਾ ਨਾਲ ਉਸ ਨੂੰ ਅੰਮ੍ਰਿਤਸਰ ਅਪੜਾ ਦਿਤਾ। ਹੋਰ ਕੋਈ ਪਾਸਾ ਝੱਲਣ ਜੋਗਾ ਨਹੀਂ ਸੀ। ਲੜਕੀ[1] ਵਾਸਤੇ ਮੌਤ ਦਾ ਫ਼ਤਵਾ ਲੱਗ ਚੁੱਕਾ ਹੋਇਆ ਸੀ। ਅੰਮ੍ਰਿਤਸਰ ਰਹਿ ਕੇ ਹੀ ਉਸ ਦੀ ਜਿੰਦ ਬਚ ਸਕਦੀ ਸੀ। ਸਤਿਗੁਰੂ ਜੀ ਨੇ ਉਸ ਦੀ ਰਿਹਾਇਸ਼ ਵਾਸਤੇ ਪਰਬੰਧ ਕਰ ਦਿੱਤਾ। ਸਰਕਾਰੀ ਹਾਕਮਾਂ ਨੇ ਕੋਈ ਦਖ਼ਲ ਨਾ ਦਿੱਤਾ, ਜਹਾਂਗੀਰ ਦਾ ਝੁਕਾਉ ਉਸ ਸਮੇਂ ਗੁਰੂ ਹਰਿ ਗੋਬਿੰਦ ਸਾਹਿਬ ਵਲ ਸੀ।

## ਜਹਾਂਗੀਰ ਕਸ਼ਮੀਰੋਂ ਵਾਪਸ

ਸ਼ਰਾਬ ਦੇ ਕਾਰਨ ਜਹਾਂਗੀਰ ਦੀ ਸਿਹਤ ਛੇਤੀ ਢਹਿੰਦੀ ਵੇਖ ਕੇ ਤਖ਼ਤ ਵਾਸਤੇ ਗੋਂਦਾਂ ਗੁੰਦੀਆਂ ਜਾਣ ਲੱਗ ਪਈਆਂ। ਇਕ ਪਾਸੇ ਜਹਾਂਗੀਰ ਦਾ ਪੁੱਤਰ ਸ਼ਾਹ ਜਹਾਨ (ਖ਼ੁੱਰਮ) ਹੱਥ ਪੈਰ ਮਾਰਨ ਲੱਗਾ, ਦੂਜੇ ਪਾਸੇ ਨੂਰਜਹਾਂ ਆਪਣੇ ਜਵਾਈ ਸ਼ਹਰਯਾਰ ਵਾਸਤੇ ਕੋਸ਼ਿਸ਼ਾਂ ਕਰਨ ਲੱਗੀ। ਜਹਾਂਗੀਰ ਖ਼ੁਸਰੋ ਨੂੰ ਚਾਹੁੰਦਾ ਸੀ, ਪਰ ਸ਼ਾਹ ਜਹਾਨ ਨੇ ਮੌਕਾ ਪਾ ਕੇ ਉਸ ਨੂੰ ਫ਼ਰਵਰੀ ਸੰਨ ੧੬੨੨ ਵਿਚ ਮਰਵਾ ਦਿੱਤਾ। ਜਹਾਂਗੀਰ ਤਦੋਂ ਕਸ਼ਮੀਰ ਵਿਚ ਸੀ, ਅਤੇ ਸ਼ਾਹ ਜਹਾਨ ਖ਼ੁਸਰੋ ਨੂੰ ਆਪਣੇ ਨਾਲ ਦੱਖਣ ਦੀ ਮੁਹਿੰਮ 'ਤੇ ਲੈ ਗਿਆ ਹੋਇਆ ਸੀ। ਸ਼ਾਹੀ ਘਰਾਣੇ ਦੀ ਇਸ ਖਿੱਚੋਤਾਣ ਦੇ ਕਾਰਨ ਕੰਧਾਰ ਵਿਚ ਫਿਰ ਬਗ਼ਾਵਤ ਹੋ ਗਈ। ਜਹਾਂਗੀਰ ਨੂੰ ਸੰਨ ੧੬੨੨ ਦੇ ਅਖ਼ੀਰ ਤਕ ਕਸ਼ਮੀਰ ਹੀ ਟਿਕਣਾ ਪਿਆ। ਅਜੇ ਕੰਧਾਰ ਦਾ ਝਗੜਾ ਮੁੱਕਾ ਹੀ ਸੀ ਕਿ ਸ਼ਾਹ ਜਹਾਨ ਦੇ ਬਾਗ਼ੀ ਹੋ ਜਾਣ ਦੀ ਖ਼ਬਰ ਆ ਗਈ। ਜਹਾਂਗੀਰ ਨੇ ਵਾਹੋ-ਦਾਹੀ ਕਸ਼ਮੀਰ ਤੋਂ ਕੂਚ ਕੀਤਾ। ਫ਼ਰਵਰੀ ੧੬੨੩ ਵਿਚ ਲਾਹੌਰ ਪਹੁੰਚਿਆ। ਲਾਹੌਰ ਦੇ ਕਾਜ਼ੀ ਨੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਵਿਰੁੱਧ ਜਹਾਂਗੀਰ ਦੇ ਕੰਨ ਭਰਨ ਦੀ ਕੋਸ਼ਿਸ਼ ਕੀਤੀ, ਪਰ ਇਕ ਤਾਂ ਉਹ ਆਪ ਚਾਰ ਮਹੀਨੇ ਸਤਿਗੁਰੂ ਜੀ ਦੇ ਨਾਲ ਰਹਿ ਕੇ ਉਹਨਾਂ ਦੇ ਉੱਚੇ ਆਚਰਨ ਨੂੰ ਵੇਖ ਚੁਕਿਆ ਸੀ, ਦੂਜੇ ਉਸ ਨੂੰ ਸ਼ਾਹ ਜਹਾਨ ਦੀ ਬਗਾਵਤ ਦਾ ਬਹੁਤਾ ਫ਼ਿਕਰ ਸੀ, ਉਸ ਨੇ ਕਾਜ਼ੀ ਦੀ ਸ਼ਿਕਾਇਤ ਰੱਦ ਕਰ ਦਿੱਤੀ। ਥੋੜੇ ਹੀ ਦਿਨ ਠਹਿਰ ਕੇ ਜਹਾਂਗੀਰ ਲਾਹੌਰੋਂ ਦਿੱਲੀ ਨੂੰ ਚਲਾ ਗਿਆ।

---

੧. ਸਿਖ-ਇਤਿਹਾਸ ਉਸ ਲੜਕੀ ਦਾ ਨਾਮ ਕੌਲਾਂ ਦੱਸਦਾ ਹੈ। ਕੌਲਾਂ ਹੋਂਦਕਾ ਨਾਮ ਜਾਪਦਾ ਹੈ। ਹੋ ਸਕਦਾ ਹੈ ਕਿ ਉਸਦੇ ਕਿਸੇ ਮੁਸਲਮਾਨੀ ਨਾਮ ਕਲੀਮਾ ਆਦਿਕ ਤੋਂ ਸਿੱਖਾਂ ਵਿਚ ਕੌਲਾਂ ਨਾਮ ਪਰਸਿੱਧ ਹੋ ਗਿਆ ਹੋਵੇ।

[ਇਸ ਬਾਰੇ *ਮਹਾਨ ਕੋਸ਼* ਦੇ ਕਰਤਾ ਸ: ਕਾਹਨ ਸਿੰਘ ਲਿਖਦੇ ਹਨ, 'ਕਮਲਾ' ਨਾਮ ਦੀ ਇਹ ਇਕ ਹਿੰਦੂ ਲੜਕੀ ਸੀ ਜੋ ਕਾਜ਼ੀ ਰੁਸਤਮ ਖ਼ਾਂ ਮੁਜੰਗ-ਨਿਵਾਸੀ ਨੇ ਮੁੱਲ ਲੈ ਕੇ ਗੋਲੀ ਪਾਲੀ ਸੀ, ਅਤੇ ਇਸਲਾਮ ਧਰਮ ਦੀ ਸਿਖਿਆ ਦੇ ਕੇ ਵਿਦਵਾਨ ਬਣਾਈ ਸੀ। ਪਰ ਇਸਦਾ ਝੁਕਾਉ ਗੁਰੂ-ਘਰ ਵੱਲ ਹੋ ਗਿਆ ਸੀ।' [ਬਾਕੀ ਪੜ੍ਹੋ ਸਫ਼ਾ ੨੭ ਉਤੇ ਪਹਿਲੀ ਘਟਨਾ]

# ਪੰਜਵਾਂ ਕਾਂਡ

## ਮੁੜ ਅੰਮ੍ਰਿਤਸਰ ਵਿਚ

ਛੇ ਸੱਤ ਮਹੀਨੇ ਬਾਹਰ ਰਹਿ ਕੇ ਗੁਰੂ ਹਰਿ ਗੋਬਿੰਦ ਸਾਹਿਬ ਸੰਨ ੧੬੨੧ ਦੇ ਅਖ਼ੀਰਲੇ ਮਹੀਨਿਆਂ ਵਿਚ ਅੰਮ੍ਰਿਤਸਰ ਵਾਪਸ ਆਏ। ਸਿਖ-ਇਤਿਹਾਸ ਲਿਖਦਾ ਹੈ ਕਿ ਉਹ ਦੀਵਾਲੀ ਦਾ ਮੌਕਾ ਸੀ ਤੇ ਸਿੱਖਾਂ ਨੇ ਸਤਿਗੁਰੂ ਜੀ ਦੇ ਸਹੀ-ਸਲਾਮਤ ਵਾਪਸ ਆਉਣ ਦੀ ਖ਼ੁਸ਼ੀ ਵਿਚ ਦੀਪ-ਮਾਲਾ, ਆਤਸ਼ਬਾਜ਼ੀ ਆਦਿਕ ਦਾ ਉਤਸ਼ਾਹ ਕੀਤਾ ਸੀ।

ਰੋਜ਼ਾਨਾ ਸਤਸੰਗਾਂ ਦੇ ਇਲਾਵਾ ਅੱਗੇ ਵਾਂਗ ਹੀ ਅੰਮ੍ਰਿਤਸਰ ਵਿਚ ਸ਼ਸਤ੍ਰ-ਵਿੱਦਿਆ ਤੇ ਹੋਰ ਮਰਦਾਵੀਆਂ ਖੇਡਾਂ ਦਾ ਪਰਚਾਰ ਫਿਰ ਸ਼ੁਰੂ ਹੋ ਗਿਆ। ਸਤਿਗੁਰੂ ਜੀ ਨੇ ਇਕ ਸਰੋਵਰ ਭੀ ਹੋਰ ਬਣਵਾ ਦਿੱਤਾ, ਜੋ ਇਸ ਵੇਲੇ ਬਾਬਾ ਅਟੱਲ ਸਾਹਿਬ ਦੇ ਗੁਰਦੁਆਰੇ ਦੇ ਨਾਲ ਹੀ ਲਹਿੰਦੇ ਪਾਸੇ ਹੈ। ਇਸ ਦਾ ਨਾਮ ਕੌਲਸਰ ਰੱਖਿਆ ਗਿਆ। ਸਿਖ-ਇਤਿਹਾਸ ਲਿਖਦਾ ਹੈ ਕਿ ਇਸ ਸਰੋਵਰ ਦਾ ਇਹ ਨਾਮ ਸਤਿਗੁਰੂ ਜੀ ਨੇ ਕੌਲਾਂ ਦੇ ਨਾਮ 'ਤੇ ਰੱਖਿਆ ਸੀ। ਕੌਲਾਂ ਨੇ ਆਖ਼ਰ ਕੁਰਬਾਨੀ ਭੀ ਬੜੀ ਕੀਤੀ ਸੀ। ਸਾਰੇ ਦੇ ਸਾਰੇ ਟੱਬਰ ਤਾਂ ਅਨੇਕਾਂ ਹੀ ਇਸਲਾਮ ਛੱਡ ਕੇ ਸਿਖ ਬਣੇ ਹੋਏ ਸਨ; ਪਰ ਇਕ ਇਕੱਲੀ ਲੜਕੀ ਦਾ ਸਤਿਗੁਰੂ ਦੀ ਸ਼ਰਨ ਆਉਣਾ ਸੂਰਮਿਆਂ ਵਾਲੀ ਖੇਡ ਸੀ। ਗੁਰੂ ਅਤੇ ਗੁਰੂ ਕੇ ਸਿੱਖਾਂ ਨੇ ਮੌਤ ਦੇ ਮੂੰਹ ਵਿਚ ਜਾ ਜਾ ਕੇ ਗ਼ਰੀਬ ਲਾਹੌਰ-ਨਿਵਾਸੀਆਂ ਦਾ ਦੁੱਖ-ਦਰਦ ਵੰਡਿਆ ਸੀ, ਜਿਸ ਦਾ ਬੜਾ ਡੂੰਘਾ ਅਸਰ ਇਸ ਮਾਸੂਮ ਲੜਕੀ ਉਤੇ ਹੋਇਆ। ਸਿੱਖੀ ਆਚਰਨ ਦੀ ਉੱਚਤਾ ਦੀ ਇਹ ਇਕ ਭਾਰੀ ਜਿੱਤ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਕੌਲਸਰ ਬਣਾ ਕੇ ਸਦਾ ਲਈ ਉਸ ਦੀ ਉੱਚਤਾ ਦੀ ਯਾਦਗਾਰ ਕਾਇਮ ਕਰ ਦਿੱਤੀ।

ਨਜ਼ਰਬੰਦੀ ਦੇ ਕਾਰਨ ਜੇ ਕੋਈ ਉਦਾਸੀ, ਸਿੱਖਾਂ ਉਤੇ ਆਈ ਸੀ, ਤਾਂ ਉਸ ਨੂੰ ਦੂਰ ਕਰਨ ਲਈ ਸਤਿਗੁਰੂ ਜੀ ਨੇ ਅੰਮ੍ਰਿਤਸਰ ਦੇ ਆਲੇ-ਦੁਆਲੇ ਮਾਝੇ ਦੇ ਪਿੰਡਾਂ ਵਿਚ ਭੀ ਜਾਣਾ ਸ਼ੁਰੂ ਕਰ ਦਿੱਤਾ। ਮਾਤਾ ਗੰਗਾ ਜੀ ਦਾ ਦੇਹਾਂਤ ਬਾਬੇ ਬਕਾਲੇ ਹੋਇਆ ਸੀ, ਸੰਨ ੧੬੨੧ ਦੇ ਅਖ਼ੀਰ ਵਿਚ।

ਪਿਆਰ ਦੁ-ਵੱਲੀ ਖੇਡ ਹੈ। ਗੁਰੂ ਪਾਤਿਸ਼ਾਹ ਨੇ ਸਦੀਆਂ ਤੋਂ ਲਤਾੜੀਂਦਿਆਂ ਨਾਲ ਪਿਆਰ ਕੀਤਾ, ਉਹ ਭੀ ਗੁਰੂ ਤੋਂ ਸਦਕੇ ਹੋਣ ਲੱਗ ਪਏ। ਜਿਥੇ ਪਿਆਰ ਹੋਵੇ, ਉਥੇ ਕੋਈ ਝਾਕਾ ਨਹੀਂ ਰਹਿੰਦਾ। ਸ਼ਖ਼ਸੀ ਲੋੜਾਂ ਭੀ ਨਿਸੰਗ ਹੋ ਕੇ ਮੰਗ ਲਈਦੀਆਂ ਹਨ। ਪਿਆਰ ਦਾ ਸਦਕਾ ਦਰ ਆਏ ਸਵਾਲੀਆਂ ਨੂੰ ਗੁਰੂ ਖ਼ਾਲੀ ਨਹੀਂ ਮੋੜਦਾ। ਸ਼ਰਧਾ ਦੇ ਬੇੜੇ ਪਾਰ ਹੁੰਦੇ ਹਨ। ਪਰ ਆਤਮ-ਪੈਂਡੇ ਤੋਂ ਅੰਞਾਣ ਰਾਹੀ ਇਸ ਰਮਜ਼ ਨੂੰ ਸਮਝਣ ਦੀ ਘੱਟ ਕੋਸ਼ਿਸ਼ ਕਰਦੇ ਹਨ। ਉਹ ਨਿਰਾ ਰੁੱਖਾ ਇਤਿਹਾਸ ਪੜ੍ਹਨ ਦੇ ਹੀ ਮਤਵਾਲੇ ਹੁੰਦੇ ਹਨ।

ਗੁਰੂ ਹਰਿ ਗੋਬਿੰਦ ਸਾਹਿਬ ਸਿੱਖਾਂ ਵਿਚ ਬੀਰ-ਰਸ ਭਰਨ ਲਈ ਉਹਨਾਂ ਨੂੰ ਸ਼ਿਕਾਰ ਖੇਡਣ ਵਾਸਤੇ ਅੰਮ੍ਰਿਤਸਰ ਤੋਂ ਬਾਹਰ ਲੈ ਜਾਇਆ ਕਰਦੇ ਸਨ। ਪਿੰਡ ਚੱਬਾ ਸ਼ਹਿਰ ਤੋਂ ਚੜ੍ਹਦੇ-ਦੱਖਣ ਦੀ ਗੁੱਠੇ ਤਿੰਨ ਕੁ ਮੀਲਾਂ ਦੀ ਵਿੱਥ 'ਤੇ ਹੈ। ਉਥੋਂ ਦੀ ਰਹਿਣ ਵਾਲੀ ਮਾਈ ਸੁਲੱਖਣੀ ਦੀ ਉਮਰ ਵਡੇਰੀ ਹੁੰਦੀ ਜਾ ਰਹੀ ਸੀ, ਪਰ ਅਜੇ ਤਕ ਉਸ ਨੇ ਆਪਣੀ ਗੋਦ ਵਿਚ ਕੋਈ ਬਾਲ ਖਿਡਾ ਨਾ ਵੇਖਿਆ। ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਚੱਬੇ ਵਲ ਚੱਲ ਪਏ। ਮਾਈ ਸੁਲੱਖਣੀ ਨੂੰ ਭੀ ਪਤਾ ਲੱਗਾ। ਉਦਾਸ ਤੇ ਨਿਰਾਸ ਹੋਈ ਮਾਈ ਨੂੰ ਸਤਿਗੁਰੂ ਦੇ ਮਹਿਰਮ ਕਿਸੇ ਸਿਖ ਨੇ ਸਮਝਾਇਆ ਕਿ ਗੁਰੂ-ਦਰ ਤੋਂ ਦੀਨ ਅਤੇ ਦੁਨੀਆ ਦੋਹਾਂ ਦੇ ਹੀ ਪਦਾਰਥ ਮਿਲ ਜਾਂਦੇ ਹਨ। ਕਈ ਪੀਰਾਂ-ਫ਼ਕੀਰਾਂ ਪਾਸੋਂ ਸੁਣ ਚੁਕੀ ਹੋਈ ਸੀ ਕਿ ਮੇਰੇ ਲੇਖਾਂ ਵਿਚ ਸੰਤਾਨ ਨਹੀਂ। ਸਿਖ ਦੇ ਕਹਿਣ 'ਤੇ ਮਾਈ ਕਲਮ ਦਵਾਤ ਭੀ ਲੈ ਤੁਰੀ। ਜਾ ਹਾਜ਼ਰ ਹੋਈ। ਅਰਜ਼ ਕੀਤੀਓਸੁ ਕਿ ਕੁੱਖ ਹਰੀ ਹੋਵੇ। ਪਾਤਿਸ਼ਾਹ ਨੇ ਆਖਿਆ, "ਮਾਈ ਤੇਰੇ ਲੇਖਾਂ ਵਿਚ ਨਹੀਂ।" ਤੁਰਤ ਕਲਮ ਦਵਾਤ ਪੇਸ਼ ਕਰ ਕੇ ਕਹਿਣ ਲੱਗੀ, "ਦਾਤਿਆ! ਉਥੇ ਭੀ ਤੂੰ ਹੀ ਲੇਖ ਲਿਖਣੇ ਸਨ, ਅਹਿ ਲੈ ਕਲਮ ਤੇ ਦਵਾਤ। ਜੇ ਓਦੋਂ ਨਹੀਓਂ ਲਿਖੇ ਤਾਂ ਹੁਣ ਲਿਖ ਦੇਹ।" ਵਾਹ! ਕਿਤਨੀ ਸਾਦਾ ਤੇ ਭੋਲੇ ਭਾਵ ਦੀ ਅਰਜ਼ੋਈ ਸੀ। ਦਰਦੀਆਂ ਦਾ ਮਹਿਰਮ ਕਿਵੇਂ ਮੋੜਦਾ? ਸਿਖ-ਇਤਿਹਾਸ ਲਿਖਦਾ ਹੈ ਕਿ ਕਲਮ ਫੜ ਕੇ ਮਾਈ ਦੇ ਹੱਥ ਉਤੇ ਏਕਾ ਲਿਖਣ ਲੱਗੇ, ਘੋੜੇ ਨੇ ਲੱਤ ਹਿਲਾਈ, ਏਕੇ ਦਾ ਸਾਤਾ ਬਣ ਗਿਆ। ਸਤਿਗੁਰੂ ਪਾਤਿਸ਼ਾਹ ਨੇ ਹੱਸ ਕੇ ਆਖਿਆ, "ਲੈ ਮਾਈ! ਸੱਤ ਲਿਖੇ ਗਏ ਹਨ।" ਚੱਬੇ ਵਿਚ ਉਸ ਮਾਈ ਦੀ ਸੰਤਾਨ ਹੁਣ ਤਕ ਵੱਸਦੀ ਹੈ।

ਇਸ ਮਾਈ ਦਾ ਪਰਸੰਗ ਸੁਣਾਣ ਵਾਲੇ ਇਉਂ ਸੁਣਾਂਦੇ ਹਨ ਕਿ ਜਦੋਂ ਮਾਈ ਨੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਘੋੜੇ ਦੀ ਵਾਗ ਫੜੀ ਤਾਂ ਅਲਬੇਲੀ ਸੁਰ ਵਿਚ ਗਾ ਉੱਠੀ:

ਸੱਚੀਏ ਦਾੜ੍ਹੀਏ! ਚਿੱਟੀਏ ਪੱਗੇ!
ਅਰਜ਼ ਕਰੇਂਦੀ ਆਂ, ਗੁਰੂ ਹਰਿ ਗੋਬਿੰਦ ਅੱਗੇ।

ਨਾਮ ਸੁਲੱਖਣੀ, ਵੱਸਨੀ ਆਂ ਚੱਬੇ।
ਅਫੱਲ ਜਾਂਦੀ ਨੂੰ, ਕੋਈ ਫਲ ਲੱਗੇ।

ਪਿਆਰ ਦੀਆਂ ਖੇਡਾਂ ਅਨੋਖੀਆਂ ਹਨ। ਗੁਰ-ਇਤਿਹਾਸ ਨਿਰੀਆਂ ਘਟਨਾਵਾਂ ਦਾ ਸੰਗ੍ਰਹਿ ਨਹੀਂ, ਇਥੇ ਜੀਵਨ-ਨਾਟ ਦੇ ਚੋਜ ਭੀ ਹਨ, ਜੋ ਆਤਮਕ ਜੀਵਨ ਵਲੋਂ ਮਰ ਚੁੱਕੇ ਬੰਦਿਆਂ ਦੇ ਅੰਦਰ ਜਿੰਦ ਪਾ ਦੇਂਦੇ ਹਨ।

## ਜਹਾਂਗੀਰ ਦੇ ਅਖ਼ੀਰਲੇ ਸਾਲ

ਦਮੇ ਦੇ ਦੌਰਿਆਂ ਕਾਰਨ ਜਹਾਂਗੀਰ ਦੀ ਹਾਲਤ ਦਿਨੋ-ਦਿਨ ਖ਼ਰਾਬ ਹੋਣ ਲੱਗ ਪਈ। ਪਰ ਆਪਣੇ ਆਕੀ ਹੋਏ ਪੁੱਤਰ ਸ਼ਾਹ ਜਹਾਨ ਨੂੰ ਸੂਤ ਕਰਨ ਲਈ ਉਸ ਨੂੰ ਅਜਮੇਰ ਤਕ ਜਾਣਾ ਪਿਆ। ੯ ਮਈ ੧੬੨੩ ਨੂੰ ਜਹਾਂਗੀਰ ਅਜਮੇਰ ਪਹੁੰਚਿਆ ਸੀ। ਦਮੇ ਦੇ ਕਾਰਨ ੧੪ ਨਵੰਬਰ ਨੂੰ ਉਥੋਂ ਕਸ਼ਮੀਰ ਵਲ ਕੂਚ ਕੀਤੋਸੁ। ਹੁਣ ਤਾਂ ਇਤਨਾ ਕਮਜ਼ੋਰ ਹੋ ਗਿਆ ਸੀ ਕਿ ਆਪਣੀ 'ਤੁਜ਼ਕ' (ਹੱਡ-ਬੀਤੀ) ਲਿਖਣੀ ਭੀ ਛੱਡ ਦਿੱਤੀ। ਜ਼ਿੰਦਗੀ ਵਲੋਂ ਆਸਾਂ ਲਾਹ ਕੇ ਸ਼ਰਾਬ ਭੀ ਮੁੜ ਵਧੀਕ ਪੀਣ ਲੱਗ ਪਿਆ। ਉਮਰ ਦੇ ਅਖ਼ੀਰਲੇ ਸਾਲ ਉਹ ਰਿਹਾ ਭੀ ਲਾਹੌਰ, ਕਸ਼ਮੀਰ ਜਾਂ ਕਾਬਲ ਹੀ। ਮਾਰਚ ੧੬੨੭ ਵਿਚ ਜਹਾਂਗੀਰ ਲਾਹੌਰ ਤੋਂ ਕਸ਼ਮੀਰ ਨੂੰ ਰਵਾਨਾ ਹੋਇਆ। ਕਸ਼ਮੀਰ ਦੀ ਸੋਹਣੀ ਧਰਤੀ ਦੀ ਇਹ ਸੈਰ ਉਸ ਦੀ ਆਖ਼ਰੀ ਸੈਰ ਸੀ। ਅਕਤੂਬਰ ਵਿਚ ਉਥੋਂ ਵਾਪਸ ਮੁੜਿਆ, ਪਰ ਰਸਤੇ ਵਿਚ ਭਿੰਬਰ ਦੇ ਕੋਲ ੨੮ ਅਕਤੂਬਰ ੧੬੨੭ ਨੂੰ ਮੌਤ ਨੇ ਉਸ ਨੂੰ ਸਦਾ ਲਈ ਸ਼ਰਾਬ ਤੇ ਦਮੇ ਤੋਂ ਖ਼ਲਾਸੀ ਦਿਵਾ ਦਿੱਤੀ। ਉਸ ਦੀ ਲੋਥ ਸ਼ਾਹਦਰੇ ਲਿਆ ਕੇ ਦਫ਼ਨ ਕੀਤੀ ਗਈ। ਉਸ ਦੇ ਥਾਂ ਉਸ ਦਾ ਪੁੱਤਰ ਸ਼ਾਹ ਜਹਾਨ ਤਖ਼ਤ ਉਤੇ ਬੈਠਾ।

## ਕਮਜ਼ੋਰ-ਦਿਲ ਸਿੱਖਾਂ ਦੇ ਤੌਖਲੇ

ਭਾਰਤ ਵਿਚ ਸਦੀਆਂ ਤੋਂ ਬ੍ਰਾਹਮਣ ਹੀ ਧਰਮ ਦੇ ਨੇਤਾ ਮੰਨੇ ਜਾਂਦੇ ਹਨ। ਦੂਰ ਪੁਰਾਣੇ ਸਮਿਆਂ ਦੇ ਹਾਲਾਤ ਅਨੁਸਾਰ ਬ੍ਰਾਹਮਣ ਨੇ ਮਨੁੱਖ-ਜਾਤੀ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਸੀ, ਹਰੇਕ ਵਰਨ ਦੇ ਫ਼ਰਜ਼ ਵਖ-ਵਖ ਨਿਯਤ ਕਰ ਦਿਤੇ ਗਏ ਸਨ। ਧਰਮ-ਪੁਸਤਕਾਂ ਦਾ ਪੜ੍ਹਨਾ-ਵਿਚਾਰਨਾ, ਦੇਵ-ਪੂਜਾ ਆਦਿਕ ਬ੍ਰਾਹਮਣ ਦੇ ਹਿੱਸੇ ਆਈ ਸੀ, ਸ਼ਸਤ੍ਰ ਫੜ ਕੇ ਦੇਸ਼ ਦੀ ਇੱਜ਼ਤ ਅਣਖ ਬਚਾਣੀ ਖੱਤ੍ਰੀ ਦੇ ਜ਼ਿੰਮੇ ਸੀ। ਕਈ ਸਦੀਆਂ ਤੋਂ ਇਹ ਵੰਡ ਤੁਰੀ ਆਉਣ ਕਰਕੇ


www.sikhbookclub.com

ਭਾਰਤ-ਵਾਸੀਆਂ ਦੇ ਦਿਲ ਵਿਚ ਇਹ ਖ਼ਿਆਲ ਪੱਕਾ ਬਹਿ ਚੁਕਿਆ ਸੀ ਕਿ ਸਿਰਫ਼ ਪੂਜਾ-ਪਾਠ ਹੀ ਧਰਮ ਦਾ ਅੰਗ ਹੈ, ਤਲਵਾਰ ਫੜਨੀ ਨਿਰਦਇਤਾ ਅਤੇ ਧਰਮ ਤੋਂ ਹੇਠਲੇ ਦਰਜੇ ਦਾ ਕਰਤੱਵ ਹੈ। ਸਿਖ ਧਰਮ ਨੇ ਭਾਵੇਂ ਉਸ ਵਰਨ-ਵੰਡ ਨੂੰ ਮੁਕਾਉਣ ਦੇ ਬੜੇ ਜਤਨ ਕੀਤੇ ਸਨ, ਫਿਰ ਵੀ ਸਧਾਰਨ ਮਨੁੱਖ ਦੇ ਅੰਦਰ ਅਜੇ ਇਹੀ ਨਿਸਚਾ ਸੀ ਕਿ ਸਿਮਰਨ, ਕੀਰਤਨ ਅਤੇ ਤਲਵਾਰ ਦਾ ਆਪੋ ਵਿਚ ਮੇਲ ਨਹੀਂ ਹੈ।

ਜਿਉਂ ਜਿਉਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤ੍ਰ-ਧਾਰੀ ਬਣਾਉਣ ਦੇ ਜਤਨ ਤੇਜ਼ ਕੀਤੇ, ਤਿਉਂ ਤਿਉਂ ਥੋੜ-ਵਿਤੇ ਬੰਦਿਆਂ ਦੇ ਅੰਦਰ ਹੌਲ ਪੈਣ ਲੱਗੇ। ਅਸੀ ਪਿਛੇ ਵੇਖ ਆਏ ਹਾਂ ਕਿ ਸਤਿਗੁਰੂ ਜੀ ਨੇ ਦੁਆਬੇ ਮਾਲਵੇ ਵਿਚ ਜਾਣ ਵੇਲੇ ਕਰਤਾਰਪੁਰ ਅੱਪੜ ਕੇ ਕੁਝ ਪਠਾਣ ਗੱਭਰੂ ਭੀ ਭਰਤੀ ਕਰ ਲਏ ਸਨ, ਉਹਨਾਂ ਵਿਚੋਂ ਪੈਂਦੇ ਖ਼ਾਂ ਉਤੇ ਸਤਿਗੁਰੂ ਜੀ ਦੀ ਉਚੇਚੀ ਮਿਹਰ ਸੀ। ਸਦੀਆਂ ਤੋਂ ਸੁੱਚ-ਭਿਟ ਦੇ ਭਰਮੀਆਂ ਨੂੰ ਇਹ ਗੱਲ ਭੀ ਪਸੰਦ ਨਹੀਂ ਸੀ ਆਉਂਦੀ। ਕਈ ਸਿਖ ਕਦੇ ਕਦੇ ਡੋਲ ਕੇ ਆਪੋ ਵਿਚ ਇਹ ਘੋਰ-ਮਸੋਰੇ ਕਰਿਆ ਕਰਦੇ ਸਨ ਕਿ ਗੁਰੂ ਹਰਿ ਗੋਬਿੰਦ ਸਾਹਿਬ ਦੇ ਕਰਤੱਬ ਪਹਿਲੇ ਗੁਰੂ-ਵਿਅਕਤੀਆਂ ਦੇ ਕਰਤੱਬਾਂ ਨਾਲ ਮੇਲ ਨਹੀਂ ਖਾਂਦੇ। ਪਹਿਲੇ ਗੁਰੂ ਬਾਣੀ ਉਚਾਰਦੇ ਸਨ, ਧਰਮ-ਸਾਲ ਵਿਚ ਬੈਠਦੇ ਸਨ, ਰਾਜੇ ਮਹਾਰਾਜੇ ਆ ਕੇ ਉਹਨਾਂ ਅੱਗੇ ਸਿਰ ਨਿਵਾਂਦੇ ਸਨ। ਪਰ ਗੁਰੂ ਹਰਿ ਗੋਬਿੰਦ ਸਾਹਿਬ ਨੇ ਸ਼ਿਕਾਰੀ ਕੁੱਤੇ ਰੱਖੇ ਹੋਏ ਹਨ, ਸ਼ਿਕਾਰ ਖੇਡਦੇ ਫਿਰਦੇ ਹਨ; ਅਤੇ ਖੰਡੇ ਖੜਕਾਣ ਦਾ ਅੱਭਿਆਸ ਕਰਦੇ ਹਨ। ਉਂਞ ਸਿਆਣੇ ਸਿਖ ਜਾਣਦੇ ਸਨ ਕਿ ਤਲਵਾਰ ਅਤੇ ਕੀਰਤਨ ਦੋ ਵਖ ਵਖ ਰਸਤੇ ਨਹੀਂ ਹਨ। ਭਾਈ ਗੁਰਦਾਸ ਜੀ ਆਦਿਕ ਵਿਦਵਾਨ ਤੇ ਸ਼ਰਧਾਲੂ ਸਿਖ, ਭੁੱਲੜਾਂ ਨੂੰ ਸਮਝਾ ਕੇ ਉਹਨਾਂ ਦੇ ਤੌਖਲੇ ਦੂਰ ਕਰਨ ਦੇ ਜਤਨ[੧] ਕਰਦੇ ਹੀ ਰਹਿੰਦੇ ਸਨ।

## ਗੁਰੂ ਹਰਿ ਗੋਬਿੰਦ ਸਾਹਿਬ ਦੀ ਅਗਵਾਈ ਦਾ ਪ੍ਰਭਾਵ

ਬ੍ਰਾਹਮਣ ਦੀ ਵਰਨ-ਵੰਡ ਨੇ ਵੈਸ਼ ਅਤੇ ਸ਼ੂਦਰ ਲੋਕਾਂ ਦੇ ਅੰਦਰ ਬੀਰ-ਰਸ ਦੀ ਕਿਤੇ ਅੰਸ਼ ਨਹੀਂ ਸੀ ਰਹਿਣ ਦਿੱਤੀ। ਇਹੀ ਕਾਰਨ ਸੀ ਕਿ ਦੂਰੋਂ ਆਏ ਜਰਵਾਣੇ ਭਾਰਤ ਉਤੇ ਮਨ-ਮੰਨੇ ਜ਼ੁਲਮ ਅੱਤਿਆਚਾਰ ਕਰ ਲੈਂਦੇ ਸਨ।

---

੧. ਪੜ੍ਹੋ ਭਾਈ ਗੁਰਦਾਸ ਜੀ ਦੀ ਵਾਰ ਨੰ: ੨੬ ਦੀ ਪਉੜੀ ਨੰ: ੨੪ .
ਧਰਮਸਾਲ ਕਰਿ ਬਹੀਦਾ, ਇਕਤੁ ਥਾਂਇ ਨ ਟਿਕੈ ਟਿਕਾਇਆ॥
ਪਾਤਿਸ਼ਾਹ ਘਰਿ ਆਂਵਦੇ, ਗੜ੍ਹ ਚੜ੍ਹਿਆ ਪਾਤਿਸ਼ਾਹ ਚੜ੍ਹਾਇਆ॥
ਉੱਮਤਿ ਮਹਲੁ ਨ ਪਾਂਵਦੀ, ਨੱਠਾ ਫਿਰੈ, ਨ ਡਰੈ ਡਰਾਇਆ॥
ਮੰਜੀ ਬਹਿ ਸੰਤੋਖਦਾ, ਕੁੱਤੇ ਰੱਖਿ ਸਿਕਾਰੁ ਖਿਲਾਇਆ॥

ਮੁਸਲਮਾਨ-ਰਾਜ ਦੇ ਅਸਰ ਹੇਠ ਹਿੰਦੂ-ਜਾਤੀ ਹੋਰ ਭੀ ਡਰਾਕਲ ਤੇ ਕਮਜ਼ੋਰ ਹੋ ਗਈ। ਮੁਸਲਮਾਨ ਹਾਕਮਾਂ ਦੇ ਸਾਹਮਣੇ ਕੋਈ ਉਭਾਸਰ ਨਹੀਂ ਸਕਦਾ ਸੀ। ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਚਾਰ ਜਾ-ਨਸ਼ੀਨ ਗੁਰੂ ਸਾਹਿਬਾਨ ਨੇ ਇਹ ਨਿਤਾਣਾ-ਪਣ ਦੂਰ ਕਰਨ ਦੇ ਜਤਨ ਕੀਤੇ। ਪੈਰਾਂ ਹੇਠ ਲਤਾੜੀਂਦੇ ਬੰਦਿਆਂ ਵਿਚ ਮਨੁੱਖਤਾ ਫਿਰ ਰੁਮਕਣ ਲੱਗੀ। ਬਿਦੇਸ਼ੀ ਹਾਕਮਾਂ ਵਾਸਤੇ ਇਹ ਤਬਦੀਲੀ ਅਸਹਿ ਸੀ। ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਕੇ ਬੜੀ ਭਾਰੀ ਚੋਟ ਮਾਰੀ ਗਈ। ਪਰ ਗੁਰੂ ਹਰਿ ਗੋਬਿੰਦ ਸਾਹਿਬ ਦੀ ਰਾਹਬਰੀ ਨੇ ਕੁਮਲਾਏ ਦਿਲਾਂ ਨੂੰ ਸੁਰਜੀਤ ਕਰ ਲਿਆ। ਜਾਗੀ ਹੋਈ ਜਨਤਾ ਕੁਚਲੇ ਜਾਣ ਦੇ ਥਾਂ ਬੀਰਤਾ ਦੇ ਹੁਲਾਰੇ ਲੈਣ ਲੱਗੀ। ਗੁਰੂ ਹਰਿ ਗੋਬਿੰਦ ਸਾਹਿਬ ਦੇ ਝੰਡੇ ਹੇਠ ਆਏ ਬੰਦਿਆਂ ਨੂੰ ਡਰਾਣਾ ਧਮਕਾਣਾ ਕੋਈ ਸੌਖੀ ਖੇਡ ਨਾ ਰਹਿ ਗਈ। ਪੰਜਾਬ ਦੇ ਮੁਸਲਮਾਨ ਹਾਕਮ ਇਹ ਤਬਦੀਲੀ ਵੇਖ ਰਹੇ ਸਨ ਅਤੇ ਚੋਟ ਕਰਨ ਲਈ ਆਪਣਾ ਸਮਾ ਉਡੀਕ ਰਹੇ ਸਨ।

---

☛ ਬਾਣੀ ਕਰਿ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ॥
ਸੇਵਕ ਪਾਸਿ ਨ ਰੱਖੀਅਨਿ, ਦੋਖੀ ਦੁਸ਼ਟ ਆਗੂ ਮੁਹਿ ਲਾਇਆ॥
ਸੱਚੁ ਨ ਲੁਕੈ ਲੁਕਾਇਆ, ਚਰਨ ਕਵਲ ਸਿੱਖੁ ਭਵਰੁ ਲੁਭਾਇਆ॥
ਅਜਰੁ ਜਰੈ, ਨ ਆਪੁ ਜਣਾਇਆ॥੨੪॥੨੬॥

# ਛੇਵਾਂ ਕਾਂਡ

## ਹਕੂਮਤ ਨਾਲ ਟੱਕਰ

ਜਦੋਂ ਜਹਾਂਗੀਰ ਮਰਿਆ, ਉਸ ਦਾ ਪੁੱਤਰ ਸ਼ਾਹ ਜਹਾਨ ਤਦੋਂ ਦੱਖਣ ਵਿਚ ਸੀ। ਨੂਰਜਹਾਂ ਦੇ ਭਰਾ ਆਸਫ਼ ਖ਼ਾਂ ਦੀ ਹਿੰਮਤ ਤੇ ਸਿਆਣਪ ਨਾਲ ਤਖ਼ਤ ਉਸ ਨੂੰ ਮਿਲ ਸਕਿਆ, ਨਹੀਂ ਤਾਂ ਨੂਰਜਹਾਂ ਇਹ ਨਹੀਂ ਸੀ ਚਾਹੁੰਦੀ। ਸ਼ਾਹ ਜਹਾਨ ਵਾਹੋ-ਦਾਹੀ ਦੱਖਣ ਤੋਂ ਮੁੜ ਕੇ ੨੮ ਜਨਵਰੀ ੧੬੨੮ ਨੂੰ ਆਗਰੇ ਪਹੁੰਚਿਆ। ਇਧਰੋਂ ਸ਼ਾਹ ਜਹਾਨ ਦੇ ਸਭ ਰਾਜ-ਸ਼ਰੀਕਾਂ ਨੂੰ ਮੁਕਾ ਕੇ ਆਸਫ਼ ਖ਼ਾਂ ਭੀ ਲਾਹੌਰ ਤੋਂ ਉਥੇ ੨੬ ਫ਼ਰਵਰੀ ਨੂੰ ਜਾ ਅੱਪੜਿਆ। ਆਗਰੇ ਹੀ ਤਾਜ ਪਹਿਨਣ ਦੀ ਰਸਮ ਹੋਈ। ਡੇਢ ਪੌਣੇ ਦੋ ਸਾਲ ਸ਼ਾਹ ਜਹਾਨ ਆਗਰੇ ਹੀ ਰਿਹਾ। ਜਹਾਂਗੀਰ ਦੀ ਉਮਰ ਦੇ ਅਖ਼ੀਰਲੇ ਸਾਲਾਂ ਵਿਚ ਕਈ ਮੁਗ਼ਲ ਹਾਕਮ ਬੜੀਆਂ ਬੜੀਆਂ ਰਿਸ਼ਵਤਾਂ ਲੈਣ ਲੱਗ ਪਏ ਸਨ। ਸ਼ਾਹ ਜਹਾਨ ਨੇ ਰਾਜ-ਪਰਬੰਧ ਨੂੰ ਕੁਝ ਠੀਕ ਕਰਨ ਦੇ ਜਤਨ ਸ਼ੁਰੂ ਕੀਤੇ। ਪਰ ਇਸ ਗੱਲੋਂ ਉਸ ਦੇ ਇਕ ਸਰਦਾਰ ਖ਼ਾਨ ਜਹਾਨ ਨੇ ਬਗ਼ਾਵਤ ਕਰ ਦਿੱਤੀ। ੫ ਅਕਤੂਬਰ ੧੬੨੯ ਨੂੰ ਉਹ ਆਗਰੇ ਤੋਂ ਦੱਖਣ ਨੂੰ ਭੱਜ ਨਿਕਲਿਆ। ਇਹ ਬਗ਼ਾਵਤ ਜਨਵਰੀ ਸੰਨ ੧੬੩੧ ਵਿਚ ਮੁਕੀ, ਜਦੋਂ ਖ਼ਾਨ ਜਹਾਨ ਦੱਖਣ ਵਲੋਂ ਪੰਜਾਬ ਨੂੰ ਆਉਂਦਾ ਰਸਤੇ ਵਿਚ ਮਾਰਿਆ ਗਿਆ। ਇਸ ਤੋਂ ਪਿਛੋਂ ਅੱਗੜ-ਪਿੱਛੜ ਦੋ ਹੋਰ ਸਰਦਾਰਾਂ ਨੇ ਬਗ਼ਾਵਤ ਕੀਤੀ, ਜਿਸ ਕਰਕੇ ਸ਼ਾਹ ਜਹਾਨ ਆਗਰੇ ਤੋਂ ਪਰੇ ਪਰੇ ਹੀ ਰਿਹਾ। ਸੰਨ ੧੬੩੯ ਦੇ ਜਨਵਰੀ ਦੇ ਅੱਧ ਵਿਚ ਸ਼ਾਹ ਜਹਾਨ ਆਗਰੇ ਤੋਂ ਲਾਹੌਰ ਵਲ ਰਵਾਨਾ ਹੋਇਆ, ਫ਼ਰਵਰੀ ਵਿਚ ਲਾਹੌਰ ਪਹੁੰਚਿਆ। ਤਖ਼ਤ ਉਤੇ ਬੈਠਣ ਪਿਛੋਂ ਲਾਹੌਰ ਆ ਕੇ ਕੁਝ ਚਿਰ ਟਿਕਣ ਦਾ ਸ਼ਾਹ ਜਹਾਨ ਲਈ ਇਹ ਪਹਿਲਾ ਮੌਕਾ ਸੀ। ਉਂਞ ਉਹ ਸੰਨ ੧੬੩੪[੧] ਵਿਚ ਭੀ ਲਾਹੌਰ ਆਇਆ, ਪਰ ਉਹ ਜੋਗੀ ਵਾਲੀ ਫੇਰੀ ਹੀ ਸੀ।

ਤਕਰੀਬਨ ਸਾਰਾ ਹਿੰਦੁਸਤਾਨ ਮੁਗ਼ਲ ਰਾਜ ਵਿਚ ਸੀ। ਕਾਬਲ ਕੰਧਾਰ ਭੀ ਮੁਗ਼ਲ ਹਕੂਮਤ ਦੇ ਥੱਲੇ ਸਨ। ਸਾਰਾ ਦੇਸ ਵੱਡੇ ਵੱਡੇ ਸੂਬਿਆਂ ਵਿਚ ਵੰਡਿਆ ਹੋਇਆ ਸੀ। ਉਹਨਾਂ ਦਾ ਪਰਬੰਧ ਕਰਨ ਲਈ ਬਾਦਸ਼ਾਹ ਵਲੋਂ ਸੂਬੇਦਾਰ ਮੁਕੱਰਰ

---

੧ ਲਤੀਫ ਸੰਨ ੧੬੩੩ ਲਿਖਦਾ ਹੈ।


www.sikhbookclub.com

ਕੀਤੇ ਜਾਂਦੇ ਸਨ। ਵੱਡੇ ਸੂਬਿਆਂ ਦੀ ਅਗਾਂਹ ਹੋਰ ਵੰਡ ਕੀਤੀ ਜਾਂਦੀ ਸੀ। ਪੰਜਾਬ ਦੇ ਤਿੰਨ ਵੱਡੇ ਸੂਬੇ ਸਨ—ਲਾਹੌਰ, ਮੁਲਤਾਨ, ਸਰਹੰਦ। ਜਲੰਧਰ ਸ਼ਹਿਰ ਲਾਹੌਰ ਦੇ ਅਧੀਨ ਸੀ, ਉਵ ਉਥੇ ਇਕ ਵੱਡਾ ਫ਼ੌਜਦਾਰ ਨਿਯਤ ਕੀਤਾ ਜਾਂਦਾ ਸੀ।

ਅਸੀ ਪਿਛੇ ਵੇਖ ਆਏ ਹਾਂ ਕਿ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਹੀ ਦੋਖੀਆਂ ਨੂੰ ਆਮ ਜਨਤਾ ਦੀ ਸਿਖ-ਧਰਮ ਵਲ ਖਿੱਚ ਭਾਉਂਦੀ ਨਹੀਂ ਸੀ। ਜਾਤਿ-ਅਭਿਮਾਨੀ ਹਿੰਦੂਆਂ ਅਤੇ ਕਾਜ਼ੀਆਂ ਦੀ ਈਰਖਾ ਦੇ ਕਾਰਨ ਸਹਿਜੇ ਸਹਿਜੇ ਰਾਜ ਦਰਬਾਰ ਵਿਚ ਸਿਖ ਧਰਮ ਦਾ ਵੈਰੀ-ਧੜਾ ਬਣਦਾ ਗਿਆ। ਸਿਖ-ਧਰਮ ਦੇ ਕੇਂਦਰੀ ਅਸਥਾਨ ਲਾਹੌਰ ਦੇ ਸੂਬੇ ਵਿਚ ਹੀ ਸਨ, ਇਸ ਵਾਸਤੇ ਵੈਰੀ ਭੀ ਪਹਿਲਾਂ ਪਹਿਲ ਲਾਹੌਰ ਦਰਬਾਰ ਵਿਚ ਹੀ ਬਣੇ। ਗੁਰੂ ਅਰਜਨ ਸਾਹਿਬ ਦੇ ਵਿਰੁੱਧ ਬਾਬਾ ਪ੍ਰਿਥੀ ਚੰਦ ਜੀ ਨੂੰ ਸਾਲਾਂ-ਬੱਧੀ ਹੱਲਾ-ਸ਼ੇਰੀ, ਗੁਰੂ ਸਾਹਿਬ ਦੀ ਸ਼ਹੀਦੀ, ਗੁਰੂ ਹਰਿ ਗੋਬਿੰਦ ਸਾਹਿਬ ਦੀ ਨਜ਼ਰਬੰਦੀ—ਇਹ ਸਭ ਕੁਝ ਲਾਹੌਰ ਦਰਬਾਰ ਦੀਆਂ ਚੁੱਕਾਂ ਦਾ ਹੀ ਨਤੀਜਾ ਸੀ। ਪਰ ਜਦੋਂ ਜਹਾਂਗੀਰ ਸੰਨ ੧੬੨੧ ਤੋਂ ੧੬੨੭ ਤਕ ਬਹੁਤਾ ਸਮਾ ਪੰਜਾਬ ਵਲ ਰਿਹਾ ਅਤੇ ਸਤਿਗੁਰੂ ਜੀ ਵਲ ਸੁਲਹ ਦਾ ਰਵੱਈਆ ਹੀ ਰਖਦਾ ਰਿਹਾ, ਸਿਖ-ਧਰਮ ਦੇ ਵਿਰੋਧੀ ਇਤਨਾ ਸਮਾ ਢਿੱਲੇ ਪਏ ਰਹੇ।

ਜਹਾਂਗੀਰ ਦੇ ਅੱਖਾਂ ਮੀਟ ਜਾਣ 'ਤੇ ਸ਼ਾਹ ਜਹਾਨ ਤਖ਼ਤ ਉਤੇ ਬੈਠਾ। ਪਹਿਲਾਂ ਪਹਿਲ ਕਈ ਸਾਲ ਰਿਹਾ ਭੀ ਉਹ ਆਗਰੇ ਵਲ ਹੀ। ਲਾਹੌਰ-ਦਰਬਾਰ ਨੇ ਸਿਖ ਧਰਮ ਨੂੰ ਤਾਕਤ ਨਾਲ ਦਬਾਣ ਦੇ ਰਾਹ ਲੱਭਣੇ ਸ਼ੁਰੂ ਕੀਤੇ, ਜੋ ਉਹਨਾਂ ਦੇ ਨਵੇਂ ਰਵੱਈਏ ਤੋਂ ਉੱਘੜਨ ਲੱਗ ਪਏ। ਬਹਾਨੇ ਬਣਾ ਬਣਾ ਕੇ ਗੁਰੂ ਹਰਿ ਗੋਬਿੰਦ ਸਾਹਿਬ ਉਤੇ ਚਾਰ ਵਾਰੀ ਫ਼ੌਜੀ ਚੜ੍ਹਾਈ ਕੀਤੀ ਗਈ।

### (੧) ਲੋਹਗੜ੍ਹ ਦੀ ਲੜਾਈ

ਗੁਰੂ ਹਰਿ ਗੋਬਿੰਦ ਸਾਹਿਬ ਨੇ ਆਪਣੀ ਸਪੁੱਤਰੀ ਬੀਬੀ ਵੀਰੋ ਦਾ ਸਾਕ ਦੁਆਬੇ ਦੇ ਪਿੰਡ ਮੱਲ੍ਹੇ ਵਿਚ ਕੀਤਾ ਹੋਇਆ ਸੀ, ਭਾਈ ਧਰਮ ਚੰਦ ਦੇ ਪੁੱਤਰ ਭਾਈ ਸਾਧੂ ਨਾਲ। ਮਈ ਸੰਨ ੧੬੨੯ (ਜੇਠ ਸੰਮਤ ੧੬੮੫) ਵਿਚ ਵਿਆਹ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਸਮੇ ਨੂੰ ਉਤਸ਼ਾਹ-ਭਰਿਆ ਬਣਾਣ ਲਈ ਅੰਮ੍ਰਿਤਸਰ ਦੇ ਸਿਖ ਤਿਆਰੀ ਕਰਨ ਲੱਗੇ। ਸ਼ਿਕਾਰ ਆਦਿਕ ਵਾਸਤੇ ਸਿੱਖਾਂ ਨੂੰ ਬਾਹਰ ਲੈ ਜਾਣ ਵਾਲੀ ਮਰਯਾਦਾ ਵਿਆਹ ਦੇ ਰੁੱਝੇ ਸਮੇ ਵੀ ਜਾਰੀ ਸੀ। ਇਕ ਦਿਨ ਸ਼ਿਕਾਰ ਖੇਡਦੇ ਖੇਡਦੇ ਕੁਹਾਲੇ ਪਿੰਡ ਤਕ ਚਲੇ ਗਏ। ਕੁਹਾਲਾ ਅੰਮ੍ਰਿਤਸਰ ਤੋਂ ਲਹਿੰਦੇ-ਪਹਾੜ ਦੀ ਗੁੱਠੇ ਸਤ ਅੱਠ ਮੀਲਾਂ 'ਤੇ ਰਾਮ ਤੀਰਥ


www.sikhbookclub.com

ਵਾਲੀ ਸੜਕ ਉਤੇ ਹੈ। ਲਾਹੌਰ ਦਾ ਸੂਬੇਦਾਰ ਭੀ ਸ਼ਿਕਾਰ ਖੇਡਣ ਇਸੇ ਪਾਸੇ ਕੁਹਾਲੇ ਤਕ ਸਬੱਬ ਨਾਲ ਆ ਪਹੁੰਚਿਆ। ਗੁਰੂ ਹਰਿ ਗੋਬਿੰਦ ਸਾਹਿਬ ਅਤੇ ਉਹਨਾਂ ਦੇ ਸਿੱਖਾਂ ਦਾ ਸ਼ਿਕਾਰ ਖੇਡਣ ਆਉਣਾ—ਇਹ ਖ਼ਬਰ ਉਸ ਨੂੰ ਕਲੇਜੇ ਵਿਚ ਤੀਰ ਵਾਂਗ ਚੁੱਭੀ। ਜਿਨ੍ਹਾਂ ਲੋਕਾਂ ਨੇ ਹਿੰਦੂਆਂ ਨੂੰ ਸ਼ਸਤ੍ਰ-ਹੀਣ ਕਰਨ ਲਈ ਇਥੋਂ ਤਕ ਸ਼ਰਈ ਹੁਕਮ ਦੇ ਰੱਖੇ ਸਨ ਕਿ ਕੋਈ ਹਿੰਦੂ ਆਪਣੇ ਹੱਥੀਂ ਕਿਸੇ ਪਸ਼ੂ ਨੂੰ ਮਾਰ ਕੇ ਮਾਸ ਨਾ ਖਾਏ, ਉਹ ਕਿਵੇਂ ਝੱਲ ਸਕਦੇ ਸਨ ਕਿ ਸ਼ਸਤ੍ਰ ਹੱਥੀਂ ਫੜ ਕੇ ਇਹ ਸ਼ਿਕਾਰ ਭੀ ਚੜ੍ਹ ਪੈਣ ? ਸਿਖ-ਇਤਿਹਾਸ ਲਿਖਦਾ ਹੈ ਕਿ ਜੂਹ ਵਿਚ ਤੁਰਕ ਸਿਪਾਹੀਆਂ ਅਤੇ ਸਿੱਖਾਂ ਦਾ ਆਪੋ ਵਿਚ ਤਕਰਾਰ ਹੋ ਪਿਆ। ਤਕਰਾਰ ਹੋਇਆ ਇਕ ਬਾਜ਼ ਤੋਂ। ਪਰ ਬਾਜ਼ ਦਾ ਨਿਰਾ ਬਹਾਨਾ ਸੀ। ਤੁਰਕ ਹਾਕਮ ਦੇ ਲੋਹਾ-ਲਾਖਾ ਹੋਣ ਲਈ ਇਤਨਾ ਹੀ ਬਹੁਤ ਕਾਫ਼ੀ ਸੀ ਕਿ ਗ਼ੁਲਾਮ ਬੰਦੇ ਸਿਰ ਉੱਚਾ ਕਰ ਕੇ ਤੁਰਕ ਸਿਪਾਹੀਆਂ ਦੇ ਸਾਹਮਣੇ ਬੋਲਣ ਦਾ ਹੀਆ ਕਰ ਸਕਣ। ਉਸ ਵੇਲੇ ਮਾਮਲਾ ਰਫ਼ਾ-ਦਫ਼ਾ ਹੋ ਗਿਆ। ਪਰ ਲਾਹੌਰ ਜਾਂਦਿਆਂ ਹੀ ਸੂਬੇਦਾਰ ਨੇ ਮੁਖ਼ਲਿਸ ਖ਼ਾਂ ਨੂੰ ਫ਼ੌਜ ਦੇ ਕੇ ਅੰਮ੍ਰਿਤਸਰ ਉਤੇ ਚਾੜ੍ਹ ਭੇਜਿਆ।

ਇਧਰ ਕਿਸੇ ਨੂੰ ਇਹ ਚਿੱਤ-ਚੇਤਾ ਭੀ ਨਹੀਂ ਸੀ ਕਿ ਤੁਰਕ ਹਾਕਮ ਹੁਣ ਅਖ਼ੀਰਲੇ ਹਥਿਆਰਾਂ ਉਤੇ ਉਤਰ ਆਏ ਸਨ। ਮੁਖ਼ਲਿਸ ਖ਼ਾਂ ਦੀ ਫ਼ੌਜ ਨੇ ਆਉਂਦਿਆਂ ਹੀ, ਸ਼ਾਮ ਵੇਲੇ ਹੀ ਹੱਲਾ ਕਰ ਦਿੱਤਾ। ਲੋਹਗੜ੍ਹ ਵਲੋਂ ਦੀ ਲੰਘ ਕੇ ਤੁਰਕ ਸਿਪਾਹੀਆਂ ਨੇ ਸ਼ਹਿਰ ਦਾ ਚੋਖਾ ਹਿੱਸਾ ਲੁੱਟ ਲਿਆ। ਸ਼ਹਿਰ ਵਿਚ ਹਫੜਾ-ਦਫੜੀ ਪੈ ਗਈ। ਆਖ਼ਰ ਗੁਰੂ ਕੇ ਸੂਰਮੇ ਸਿਖ ਭੀ ਸੰਭਲ ਗਏ। ਮੁਖ਼ਲਿਸ ਖ਼ਾਂ ਦੀ ਫ਼ੌਜ ਅੰਮ੍ਰਿਤਸਰ ਵਲ ਆਉਂਦੀ ਵੇਖ ਕੇ ਮਾਝੇ ਦੇ ਅਨੇਕਾਂ ਗੱਭਰੂ ਵਾਹੋ ਦਾਹੀ ਆ ਅੱਪੜੇ। ਰਾਤੋ-ਰਾਤ ਪਹਿਲਾਂ ਗੁਰੂ ਕੇ ਪਰਵਾਰ ਨੂੰ ਅਤੇ ਹੋਰ ਬੱਚਿਆਂ ਤ੍ਰੀਮਤਾਂ ਨੂੰ ਸ਼ਹਿਰ ਤੋਂ ਬਾਹਰ ਅੱਪੜਾਇਆ। ਬੀਬੀ ਵੀਰੋ ਜੀ ਦਾ ਵਿਆਹ ਅਗਲੇ ਹੀ ਦਿਨ ਹੋਣਾ ਸੀ। ਜੰਞ ਨੂੰ ਅਗੋਂ-ਵਾਂਢੀ ਸਨੇਹਾ ਭੇਜਿਆ ਗਿਆ ਕਿ ਅੰਮ੍ਰਿਤਸਰ ਦੇ ਥਾਂ ਝਬਾਲ ਜਾਣ। ਪਰਵਾਰ ਨੂੰ ਭੀ ਝਬਾਲ ਭੇਜਿਆ ਗਿਆ। ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੀ 'ਬੀੜ' ਭੀ ਝਬਾਲ ਅਪੜਾਈ ਗਈ।[੧]

ਮੋਰਚੇ ਮੱਲ ਲਏ ਗਏ। ਅਗਲਾ ਸਾਰਾ ਦਿਨ ਜੰਮ ਕੇ ਲੜਾਈ ਹੋਈ। ਮੁਖ਼ਲਿਸ

੧. ਝਬਾਲ ਤਰਨ ਤਾਰਨ ਅੰਮ੍ਰਿਤਸਰ ਤੋਂ ਲਹਿੰਦੇ-ਦੱਖਣ ਦੀ ਗੁੱਠੇ ਸੱਤ-ਅੱਠ ਮੀਲਾਂ ਦੀ ਵਿੱਥ 'ਤੇ ਹੈ। ਨਗਰ ਦੇ ਨਾਲ ਹੀ ਚੜ੍ਹਦੇ-ਪਹਾੜ ਦੀ ਗੁੱਠੇ ਗੁਰਦੁਆਰਾ ਹੈ, ਜਿਥੇ ਸਤਿਗੁਰੂ ਜੀ ਨੇ ਬੀਬੀ ਵੀਰੋ ਜੀ ਦਾ ਵਿਆਹ ੨੬ ਜੇਠ ਸੰਮਤ ੧੬੮੫ ਨੂੰ ਕੀਤਾ ਸੀ। ਗੁਰਦੁਆਰੇ ਦਾ ਨਾਮ ਮਾਣਕ ਚੌਕ ਹੈ। ਹਰ ਸਾਲ ੨੬ ਜੇਠ ਨੂੰ ਮੇਲਾ ਲਗਦਾ ਹੈ।



 www.sikhbookclub.com

ਖ਼ਾਂ ਮਾਰਿਆ ਗਿਆ। ਤੁਰਕਾਂ ਦੇ ਹੌਸਲੇ ਢਹਿ ਗਏ ਅਤੇ ਆਪੋ ਆਪਣੀ ਜਾਨ ਬਚਾਅ ਕੇ ਲਾਹੌਰ ਨੂੰ ਭੱਜ ਉੱਠੇ। ਇਹ ਲੜਾਈ ਲੋਹਗੜ੍ਹ ਤੋਂ ਲੈ ਕੇ ਉਸ ਥਾਂ ਤਕ ਹੁੰਦੀ ਰਹੀ, ਜਿਥੇ ਹੁਣ ਖਾਲਸਾ ਕਾਲਜ ਹੈ। ਸਿਖ ਇਤਿਹਾਸ ਲਿਖਦਾ ਹੈ ਕਿ ਇਸ ਲੜਾਈ ਵਿਚ ਸਤਿਗੁਰੂ ਜੀ ਨੇ ਲਕੜੀ ਦੀ ਤੋਪ ਭੀ ਵਰਤੀ ਸੀ। ਉਸ ਯੁਧ ਦੀ ਯਾਦਗਾਰ ਵਿਚ ਗੁਰਦੁਆਰਾ ਲੋਹਗੜ੍ਹ ਬਣਵਾਇਆ ਗਿਆ ਸੀ। ਇਸ ਜੰਗ ਵਿਚ ਪੈਂਦੇ ਖ਼ਾਂ ਅਤੇ ਭਾਈ ਬਿਧੀ ਚੰਦ ਆਦਿਕ ਉੱਘੇ ਸਿੱਖਾਂ ਨੇ ਵੈਰੀ ਨੂੰ ਚੰਗੇ ਕਰਾਰੇ ਹੱਥ ਵਿਖਾਏ ਸਨ। ਇਹ ਜ਼ਿਕਰ ੨੫ ਜੇਠ ਸੰਮਤ ੧੬੮੫ ਦਾ ਹੈ, ਈਸਵੀ ਸੰਨ ੧੬੨੮ ਦੇ ਜੂਨ ਦੀ ੭ ਤਰੀਕ ਸੀ।

## ਝਬਾਲ, ਬੀਬੀ ਵੀਰੋ ਜੀ ਦੀ ਸ਼ਾਦੀ

ਜੰਗ ਤੋਂ ਵਿਹਲੇ ਹੋ ਕੇ ਗੁਰੂ ਹਰਿ ਗੋਬਿੰਦ ਸਾਹਿਬ ਝਬਾਲ ਗਏ। ਜੰਞ ਉਥੇ ਪਹੁੰਚ ਚੁਕੀ ਹੋਈ ਸੀ। ਬੀਬੀ ਵੀਰੋ ਜੀ ਦੀ ਸ਼ਾਦੀ ਕੀਤੀ, ਅਤੇ ਇਥੋਂ ਬਿਆਸਾ ਪਾਰ ਲੰਘ ਕੇ ਕਰਤਾਰਪੁਰ ਚਲੇ ਗਏ। ਸਤਿਗੁਰੂ ਜੀ ਦਾ ਕਿਸੇ ਨਾਲ ਕੋਈ ਜ਼ਾਤੀ ਵੈਰ ਨਹੀਂ ਸੀ। ਝਬਾਲ ਤੋਂ ਕਰਤਾਰਪੁਰ ਚਲੇ ਜਾਣ ਦਾ ਭਾਵ ਇਹ ਭੀ ਸੀ ਕਿ ਝਗੜਾ ਵਧਾਇਆ ਨਾ ਜਾਏ, ਅਤੇ ਪਰਮਾਤਮਾ ਦੇ ਬੰਦਿਆਂ ਦਾ ਅਜਾਈਂ ਨੁਕਸਾਨ ਨਾ ਹੋਵੇ।

ਅਸੀਂ ਪਿੱਛੇ ਵੇਖ ਆਏ ਹਾਂ ਕਿ ਮਾਝੇ ਦੇ ਘਰ ਘਰ ਵਿਚ ਸਿਖ-ਧਰਮ ਦੀ ਸੱਦ ਅਪੜਾਣ ਲਈ ਸ੍ਰੀ ਅੰਮ੍ਰਿਤਸਰ ਦਾ ਕੇਂਦਰੀ ਅਸਥਾਨ ਬਣਾਇਆ ਗਿਆ ਸੀ, ਪਰ ਗੁਰੂ ਅਰਜਨ ਸਾਹਿਬ ਨੇ ਬਿਆਸਾ ਤੋਂ ਪਾਰ ਲੰਘ ਕੇ ਦੁਆਬੇ ਵਿਚ ਭੀ ਕਰਤਾਰਪੁਰ ਵਸਾ ਕੇ ਸਿਖ-ਧਰਮ ਦਾ ਬੂਟਾ ਲਾ ਦਿਤਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪਰਬੰਧ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੇ ਸਪੁਰਦ ਕਰ ਦਿੱਤਾ ਅਤੇ ਆਪ ਕਰਤਾਰਪੁਰ ਟਿਕ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ 'ਬੀੜ' ਜੰਗ ਵਾਲੇ ਦਿਨ ਹੀ ਅੰਮ੍ਰਿਤਸਰ ਤੋਂ ਝਬਾਲ ਭੇਜੀ ਗਈ ਸੀ। ਝਬਾਲ ਤੋਂ ਕਰਤਾਰਪੁਰ ਲਿਆਂਦੀ ਗਈ। ਉਸ ਵਕਤ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਉਤਾਰੇ ਭੀ ਹੋ ਚੁਕੇ ਸਨ।

## ਪੈਂਦੇ ਖ਼ਾਂ ਦਾ ਅਹੰਕਾਰ

ਲੋਹਗੜ੍ਹ ਵਾਲੀ ਜੰਗ ਵਿਚ ਪੈਂਦੇ ਖ਼ਾਂ ਨੇ ਬੜੀ ਬਹਾਦਰੀ ਵਿਖਾਈ ਸੀ। ਹੋਰ ਸਿਖ ਭੀ ਜਾਨਾਂ ਹੂਲ ਕੇ ਲੜੇ ਸਨ। ਪਰ ਇਥੇ ਇਕ ਫ਼ਰਕ ਭੀ ਸੀ। ਪੈਂਦੇ ਖ਼ਾਂ ਪਠਾਣ-ਪੁੱਤਰ ਸੀ,ਜੋ ਪੀੜ੍ਹੀਆਂ ਤੋਂ ਸ਼ਸਤ੍ਰ-ਧਾਰੀ ਚਲੇ ਆ ਰਹੇ ਸਨ। ਉਹਨਾਂ

ਨੂੰ ਆਪਣੇ ਸ਼ਸਤ੍ਰ-ਧਾਰੀ ਤੇ ਸੂਰਮੇ ਹੋਣ ਉਤੇ ਫ਼ਖ਼ਰ ਭੀ ਸੀ। ਸਤਿਗੁਰੂ ਜੀ ਨੇ ਆ ਕੇ ਉਹਨਾਂ ਲੋਕਾਂ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਕੀਤਾ, ਜਿਨ੍ਹਾਂ ਨੂੰ ਬ੍ਰਾਹਮਣ ਦਾ ਧਰਮ-ਸ਼ਾਸਤ੍ਰ ਸ਼ਸਤ੍ਰ ਪਹਿਨਣ ਦੀ ਆਗਿਆ ਨਹੀਂ ਸੀ ਦੇਂਦਾ। ਇਹ ਨਵੇਂ ਜਾਗੇ ਲੋਕ ਆਪਣੇ ਖ਼ਾਨਦਾਨੀ ਸ਼ਸਤ੍ਰ-ਧਾਰੀ ਹੋਣ ਦਾ ਕੋਈ ਦਾਅਵਾ ਨਹੀਂ ਕਰ ਸਕਦੇ ਸਨ। ਜਦੋਂ ਉਹਨਾਂ ਦੇ ਸਾਹਮਣੇ ਆਪਣੀ ਮਨੁੱਖਤਾ ਦੇ ਕੁਚਲੇ ਜਾਣ ਦਾ ਖ਼ਤਰਾ ਫਿਰ ਪੈਦਾ ਹੋਇਆ, ਤਾਂ ਆਪਣੇ ਸੂਰਬੀਰ ਗੁਰੂ-ਪਾਤਿਸ਼ਾਹ ਦੀ ਅਗਵਾਈ ਵਿਚ ਉਹ ਜਾਨਾਂ ਤਲੀ ਉਤੇ ਰਖ ਕੇ ਲੜੇ। ਸਿਖ ਇਹ ਜਾਣਦੇ ਸਨ ਕਿ ਉਹਨਾਂ ਦੀ ਦਲੇਰੀ ਅਤੇ ਹੌਸਲੇ ਦਾ ਮੂਲ-ਕਾਰਨ ਗੁਰੂ ਆਪ ਹੈ। ਪਰ ਪੈਂਦੇ ਖ਼ਾਂ ਨੂੰ ਇਹ ਯਕੀਨ ਸੀ ਕਿ ਮੈਂ ਖ਼ਾਨਦਾਨੀ ਬਹਾਦਰ ਹਾਂ। ਇਸ ਦਾ ਕੁਦਰਤੀ ਨਤੀਜਾ ਇਹ ਨਿਕਲਿਆ ਕਿ ਪੈਂਦੇ ਖ਼ਾਂ ਆਪਣੇ ਆਪ ਨੂੰ ਸਧਾਰਨ ਸਿੱਖਾਂ ਨਾਲੋਂ ਵਧੀਕ ਜੋਧਾ ਸਮਝ ਰਿਹਾ ਸੀ। ਸਤਿਗੁਰੂ ਜੀ ਦੀ ਉਚੇਚੀ ਮਿਹਰ ਦੀ ਨਿਗਾਹ ਦੇ ਕਾਰਨ ਆਪਣੀ ਸੂਰਮਤਾ ਦਾ ਖ਼ਿਆਲ ਹੋਰ ਭੀ ਉਸ ਦੇ ਅੰਦਰ ਪੱਕਾ ਹੋ ਗਿਆ।

ਹਕੂਮਤ ਨਾਲ ਸਿੱਖਾਂ ਦੀ ਇਹ ਪਹਿਲੀ ਹੀ ਟੱਕਰ ਸੀ। ਲਾਈ ਭੀ ਮੁਗ਼ਲ ਹਾਕਮਾਂ ਨੇ ਆਪ ਹੀ ਸੀ। ਹਾਰ ਭੀ ਖਾਧੀਓ ਨੇ। ਸਿੱਖਾਂ ਦਾ ਇਹ ਇਕ ਨਵਾਂ ਤਜਰਬਾ ਸੀ। ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਕਰਤਾਰਪੁਰ ਆਏ, ਉਸ ਇਲਾਕੇ ਦੇ ਸਿਖ ਦਰਸ਼ਨ ਕਰਨ ਆਉਂਦੇ ਰਹੇ। ਜੰਗ ਦੀ ਚਰਚਾ ਹਰੇਕ ਦੀ ਜੀਭ ਉਤੇ ਹੋਣੀ ਇਕ ਕੁਦਰਤੀ ਗੱਲ ਸੀ। ਪਰ ਅਜਿਹੇ ਮੌਕਿਆਂ 'ਤੇ ਪੈਂਦੇ ਖ਼ਾਂ ਸਦਾ ਆਪਣੇ ਮੂੰਹੋਂ ਆਪਣੀ ਬਹਾਦਰੀ ਸਲਾਹੁੰਦਾ ਸੀ। ਉਹ ਇਕ ਕਦਮ ਹੋਰ ਭੀ ਅਗਾਂਹ ਲੰਘ ਤੁਰਿਆ। ਇਹ ਭੀ ਕਹਿਣ ਲੱਗ ਪਿਆ ਕਿ ਇਹ ਗ਼ਰੀਬ ਸਿਖ ਕਾਹਦੇ ਜੋਗੇ ਸਨ, ਜੇ ਮੈਂ ਨਾ ਹੁੰਦਾ ਤਾਂ ਇਹਨਾਂ ਦੀ ਕੀ ਮਜਾਲ ਸੀ ਕਿ ਤੁਰਕ ਸਿਪਾਹੀਆਂ ਅੱਗੇ ਅੜ ਸਕਦੇ। ਪੈਂਦੇ ਖ਼ਾਂ ਦਾ ਇਹ ਅਹੰਕਾਰ ਦਿਨੋ-ਦਿਨ ਵਧਦਾ ਗਿਆ। ਉਸ ਦਾ ਇਹ ਰੋਗ ਦੂਰ ਕਰਨ ਲਈ ਸਤਿਗੁਰੂ ਜੀ ਨੇ ਉਸ ਨੂੰ ਉਸ ਦੇ ਪਿੰਡ ਵੱਡੇ ਮੀਰ ਛੁੱਟੀ 'ਤੇ ਭੇਜ ਦਿੱਤਾ। ਉਥੇ ਹੀ ਤਨਖ਼ਾਹ ਅਪੜਾਣ ਦਾ ਪਰਬੰਧ ਕੀਤਾ ਗਿਆ। ਪੈਂਦੇ ਖ਼ਾਂ ਦੀ ਸ਼ਾਦੀ ਹੋ ਚੁਕੀ ਸੀ, ਉਹ ਆਪਣੇ ਪਰਵਾਰ ਵਿਚ ਜਾ ਟਿਕਿਆ। ਇਕ ਲੜਕੀ ਉਸ ਦੇ ਘਰ ਜੰਮੀ।

# ਸਤਵਾਂ ਕਾਂਡ

## ਪਿੰਡਾਂ ਵਿਚ ਪਰਚਾਰ—ਰਮਦਾਸ, ਬਾਹਠ, ਗੋਇੰਦਵਾਲ

ਨਿਰਾ ਬੀਰ-ਰਸ ਹੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਨਿਸ਼ਾਨਾ ਨਹੀਂ ਸੀ। ਪਹਿਲੇ ਗੁਰ-ਵਿਅਕਤੀਆਂ ਵਾਂਗ ਇਹਨਾਂ ਨੇ ਭੀ ਸਿਖ-ਧਰਮ ਦੇ ਪਰਚਾਰ ਵਲ ਪੂਰਾ ਧਿਆਨ ਦਿੱਤਾ।

ਕਰਤਾਰਪੁਰ ਆ ਕੇ ਭੀ ਸਤਿਗੁਰੂ ਜੀ ਨੇ ਸਿਖ-ਧਰਮ ਦੇ ਪਰਚਾਰ ਦਾ ਉਹੀ ਸਿਲਸਿਲਾ ਜਾਰੀ ਕਰ ਦਿੱਤਾ, ਜੋ ਅੰਮ੍ਰਿਤਸਰ ਸੀ। ਪਿੰਡਾਂ ਵਿਚ ਅੱਪੜ ਅੱਪੜ ਕੇ ਲੋਕਾਂ ਨੂੰ ਬ੍ਰਾਹਮਣਾਂ ਦੇ ਜੂਲੇ ਹੇਠੋਂ ਅਤੇ ਸਖ਼ੀ ਸਰਵਰ ਆਦਿਕ ਮੁਸਲਮਾਨ ਪੀਰਾਂ ਫ਼ਕੀਰਾਂ ਦੇ ਜਾਲ ਵਿਚੋਂ ਕੱਢਦੇ ਰਹੇ।

ਬਾਬਾ ਬੁੱਢਾ ਜੀ ਬਹੁਤ ਬਿਰਧ ਹੋ ਜਾਣ ਦੇ ਕਾਰਨ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਪਿੰਡ ਰਮਦਾਸ ਚਲੇ ਗਏ। ਰਮਦਾਸ ਤੋਂ ਇਹ ਖ਼ਬਰ ਆਉਣ 'ਤੇ ਕਿ ਬਾਬਾ ਜੀ ਚਲਾਣੇ 'ਤੇ ਹਨ, ਸਤਿਗੁਰੂ ਜੀ ਰਮਦਾਸ ਪਹੁੰਚੇ। ਸੰਨ ੧੬੨੮ ਦੇ ਅਖ਼ੀਰ ਵਿਚ ਬਾਬਾ ਜੀ ਦਾ ਦੇਹਾਂਤ ਹੋਇਆ। ਰਮਦਾਸ ਤੋਂ ਰਾਵੀਓਂ ਪਾਰ ਸਤਿਗੁਰੂ ਨਾਨਕ ਦੇਵ ਜੀ ਵਾਲੇ ਕਰਤਾਰਪੁਰ ਅਤੇ ਡੇਹਰਾ ਬਾਬਾ ਨਾਨਕ ਤੋਂ ਹੋ ਕੇ ਜ਼ਿਲਾ ਗੁਰਦਾਸਪੁਰ ਦੇ ਪਿੰਡਾਂ ਨਗਰਾਂ ਵਿਚੋਂ ਦੀ ਹੁੰਦੇ ਹੋਏ ਗੁਰੂ ਹਰਿ ਗੋਬਿੰਦ ਸਾਹਿਬ ਬਾਹਠ ਪਹੁੰਚੇ। ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸਿਰੀ ਚੰਦ ਜੀ ਬਾਹਠ ਰਹਿੰਦੇ ਸਨ। ਬਾਹਠ ਰੇਲਵੇ ਸਟੇਸ਼ਨ ਸਰਨਾ ਤੋਂ ਤਿੰਨ ਮੀਲ ਉੱਤਰ-ਪੱਛਮ ਪਾਸੇ ਹੈ। ਇਥੇ ਵੈਸਾਖ ਨੂੰ ਹਰ ਸਾਲ ਮੇਲਾ ਲਗਦਾ ਹੈ।

## ਬਾਬਾ ਸਿਰੀ ਚੰਦ ਜੀ ਦੀ ਸਾਦਗੀ

ਜੋ ਮਹਾਂਪੁਰਖ ਖ਼ਲਕਤ ਦੀ ਸੇਵਾ ਕਰਨੀ ਆਪਣੇ ਜੀਵਨ ਦਾ ਨਿਸ਼ਾਨਾ ਬਣਾਏ, ਉਸ ਲਈ ਜ਼ਿੰਦਗੀ ਵਿਚ ਸਭ ਤੋਂ ਪਹਿਲਾ ਕਦਮ ਇਹ ਹੋਵੇਗਾ ਕਿ ਆਪਣੀਆਂ ਸਰੀਰਕ ਲੋੜਾਂ ਨੂੰ ਘਟ ਤੋਂ ਘਟ ਕਰ ਦੇਵੇ। ਮਨੁੱਖਾ ਸਰੀਰ ਦੀਆਂ ਤਿੰਨ ਮੋਟੀਆਂ ਲੋੜਾਂ ਹਨ—ਕੁਲੀ, ਗੁਲੀ ਤੇ ਜੁਲੀ, ਭਾਵ ਘਰ, ਰੋਟੀ ਤੇ ਕਪੜਾ।

 www.sikhbookclub.com

ਘਰ ਬੈਠੇ ਰਿਹਾਂ ਤਾਂ ਰੱਬ ਦੇ ਬੰਦਿਆਂ ਦੀ ਸੇਵਾ ਹੋ ਨਹੀਂ ਸਕਦੀ। ਆਪਣੇ ਘਰੋਗੀ ਸੁਖ ਵਾਰਨੇ ਹੀ ਪੈਂਦੇ ਹਨ। ਇਸ ਕਰਕੇ ਦਰਵੇਸ਼ ਅਤੇ ਪੰਛੀ ਦਾ ਰੈਣ-ਬਸੇਰਾ ਮਸ਼ਹੂਰ ਹੈ। ਫ਼ਕੀਰ ਦੀ ਚਾਰੇ ਚੱਕ ਜਗੀਰ ਹੈ ਅਤੇ ਅਕਾਸ਼ ਉਸ ਦਾ ਘਰ ਹੈ, ਜਿਥੇ ਰਾਤ ਆਈ ਉਥੇ ਕੱਟ ਲਈ। ਸੇਵਕ ਨੂੰ ਘਰ ਦੀ ਸੁਲੱਬੀ ਰੋਟੀ ਦੀ ਤਾਂਘ ਮੁਕਾਣੀ ਹੀ ਪੈਂਦੀ ਹੈ। ਬਾਕੀ ਰਹਿ ਗਿਆ ਕੱਪੜਾ। ਤਨ ਤਾਂ ਰੁਤ ਅਨੁਸਾਰ ਢੱਕਣਾ ਹੀ ਹੋਇਆ। ਸੇਵਕ ਦਰਵੇਸ਼ ਇਸ ਨੂੰ ਭੀ ਘੱਟ ਤੋਂ ਘੱਟ ਕਰ ਦੇਂਦਾ ਹੈ—ਸਿਰ ਉਤੇ ਪਟਕਾ, ਗਲ ਕੁੜਤਾ, ਮੋਢੇ ਚਾਦਰ ਅਤੇ ਲੱਕ ਕੱਛਾ। ਪਰ ਚਿੱਟਾ ਕਪੜਾ ਛੇਤੀ ਮੈਲਾ ਹੋ ਜਾਂਦਾ ਹੈ, ਖੱਦਰ ਤਾਂ ਇਕ ਦਿਨ ਵਿਚ ਹੀ। ਘੱਟੇ ਮਿੱਟੀ ਅਤੇ ਗੇਰੂਏ ਰੰਗ ਦਾ ਆਪੋ ਵਿਚ ਵਾਹਵਾ ਫਬਵਾਂ ਮੇਲ ਹੈ। ਜਿਸ ਨੇ ਦੇਸਾਂ ਪਰਦੇਸਾਂ ਵਿਚ ਭੌਣਾ ਹੈ, ਉਸਨੂੰ ਇਸੇ ਗੱਲ ਵਿਚ ਸਹੂਲਤ ਹੁੰਦੀ ਹੈ ਕਿ ਆਪਣੇ ਚਾਰ ਕਪੜੇ ਗੇਰੂਏ ਰੰਗ ਵਿਚ ਡੋਬ ਲਏ।

ਜਦੋਂ ਗੁਰੂ ਨਾਨਕ ਦੇਵ ਜੀ ਖਹਿ-ਖਹਿ ਕਰਦੀ ਲੋਕਾਈ ਨੂੰ ਸ਼ਾਂਤੀ-ਠੰਢ ਦਾ ਸੁਨੇਹਾ ਦੇਣ ਲਈ ਸੁਲਤਾਨਪੁਰੋਂ ਤੁਰੇ ਸਨ, ਉਹਨਾਂ ਦੇ ਸਾਹਮਣੇ ਹਜ਼ਾਰਾਂ ਮੀਲ ਦਾ ਪੈਂਡਾ ਸੀ, ਜੋ ਪੈਰੀਂ ਤੁਰ ਕੇ ਮੁਕਾਣਾ ਸੀ; ਅਤੇ ਕਈ ਸਾਲਾਂ ਵਿਚ ਮੁਕਾਣਾ ਸੀ। ਉਹਨਾਂ ਨੂੰ ਕੁਝ ਇਹੋ ਜਿਹਾ ਬਾਣਾ ਧਾਰਨਾ ਹੀ ਪਿਆ ਸੀ। ਸੰਨ ੧੫੦੭ ਤੋਂ ਲੈ ਕੇ ੧੫੨੧ ਤਕ ਸਤਿਗੁਰੂ ਜੀ ਇਸ ਬਾਣੇ ਵਿਚ ਰਹੇ ਸਨ। ਬਾਬਾ ਸਿਰੀ ਚੰਦ ਜੀ ਨੇ ਸਤਿਗੁਰੂ ਜੀ ਦੇ ਇਸ ਬਾਣੇ ਨੂੰ ਸਦਾ ਲਈ ਅਪਣਾ ਲਿਆ, ਉਹ ਸਾਰੀ ਉਮਰ ਅਣ-ਵਿਆਹੇ ਰਹਿ ਕੇ ਹੀ ਗੁਰਦਾਸਪੁਰ ਦੇ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਦਾ ਪਰਚਾਰ ਕਰਦੇ ਰਹੇ।

## ਉਦਾਸੀ ਸੰਪ੍ਰਦਾਇ

ਕਰਤਾਰਪੁਰ ਤੋਂ ਰਮਦਾਸ ਆਦਿਕ ਵਲ ਚੱਲਣ ਵੇਲੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਭੀ ਆਪਣੇ ਨਾਲ ਲੈ ਲਿਆ ਸੀ। ਉਸ ਵਕਤ ਉਹਨਾਂ ਦੀ ਉਮਰ ੧੬ ਸਾਲਾਂ ਦੇ ਕਰੀਬ ਸੀ। ਬਾਬਾ ਗੁਰਦਿੱਤਾ ਜੀ ਨੂੰ ਗੁਰਬਾਣੀ ਦਾ ਬਹੁਤ ਸ਼ੌਕ ਸੀ। ਸਿਖ-ਇਤਿਹਾਸ ਲਿਖਦਾ ਹੈ ਕਿ ਇਹਨਾਂ ਦੀ ਨੁਹਾਰ ਗੁਰੂ ਨਾਨਕ ਸਾਹਿਬ ਨਾਲ ਮਿਲਦੀ ਸੀ।

ਬਾਬਾ ਸਿਰੀ ਚੰਦ ਜੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਸ਼ਨ ਕਰ ਕੇ ਬੜੇ ਪ੍ਰਸੰਨ ਹੋਏ। ਆਪਣਾ ਦੇਹਾਂਤ ਨੇੜੇ ਜਾਣ ਕੇ ਫ਼ੈਸਲਾ ਕੀਤੋ ਨੇ ਕਿ ਗੁਰ-ਸਿੱਖੀ ਦੇ ਪਰਚਾਰ ਦਾ ਉਹ ਸਾਰਾ ਉੱਦਮ, ਜੋ ਉਹ ਆਪ ਉਦਾਸੀ ਬਾਣੇ ਵਿਚ ਕਰਦੇ ਆਏ ਸਨ, ਸਤਿਗੁਰੂ ਜੀ ਦੇ ਸਪੁਰਦ ਕੀਤਾ ਜਾਏ। ਗੁਰੂ ਹਰਿ ਗੋਬਿੰਦ ਸਾਹਿਬ



 www.sikhbookclub.com

ਦੀ ਪਰਵਾਨਗੀ ਲੈ ਕੇ ਆਪਣਾ ਉਦਾਸੀ ਬਾਣਾ ਉਹਨਾਂ ਬਾਬਾ ਗੁਰਦਿੱਤਾ ਜੀ ਦੇ ਗਲ ਪਾਇਆ। ਨੁਹਾਰ ਤਾਂ ਮਿਲਦੀ ਹੀ ਸੀ। 'ਉਦਾਸੀ' ਪਹਿਰਾਵੇ ਵਿਚ ਬਾਬਾ ਸਿਰੀ ਚੰਦ ਜੀ ਨੂੰ ਇਉਂ ਜਾਪਿਆ, ਜਿਵੇਂ ਗੁਰੂ ਨਾਨਕ ਦੇਵ ਜੀ ਆਪ ਹੀ ਪਹਿਲੀ 'ਉਦਾਸੀ' ਤੋਂ ਵਾਪਸ ਆ ਕੇ ਉਹਨਾਂ ਨੂੰ ਮੁੜ ਰਾਵੀ-ਕੰਢੇ ਮਿਲੇ ਹਨ। ਬਾਬਾ ਸਿਰੀ ਚੰਦ ਜੀ ਦੇ ਚਾਰ ਉੱਘੇ ਸੇਵਕ ਸਨ, ਜੋ ਉਹਨਾਂ ਦੀ ਅਗਵਾਈ ਵਿਚ ਸਿਖ-ਧਰਮ ਦਾ ਪਰਚਾਰ ਕਰਦੇ ਸਨ—ਅਲਮਸਤ, ਬਾਲੂ ਹਸਨਾ, ਫੂਲ ਸ਼ਾਹ, ਅਤੇ ਗੋਂਦਾ। ਬਾਬਾ ਜੀ ਨੇ ਇਹਨਾਂ ਦੀ ਬਾਂਹ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਫੜਾ ਦਿੱਤੀ। ਇਹ ਚਾਰੇ ਉਦਾਸੀ ਸਿਖ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਸਿਖ ਧਰਮ ਦੇ ਬੜੇ ਉੱਘੇ ਪਰਚਾਰਕ ਹੋਏ ਹਨ। ਇਹਨਾਂ ਚਹੁੰਆਂ ਦੇ ਚਾਰ ਧੂਏਂ[੧] ਪਰਸਿੱਧ ਹਨ। ਅਲਮਸਤ ਨੂੰ ਨਾਨਕ ਮਤੇ ਭੇਜਿਆ ਗਿਆ।

ਬਾਹਠ ਤੋਂ ਚੱਲ ਕੇ ਜ਼ਿਲਾ ਗੁਰਦਾਸਪੁਰ ਦੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਸਤਿਗੁਰੂ ਜੀ ਅੰਮ੍ਰਿਤਸਰ ਆਏ।

## ਅੰਮ੍ਰਿਤਸਰ ਆਉਣਾ

ਇਕ ਸਾਲ ਦੇ ਕਰੀਬ ਅੰਮ੍ਰਿਤਸਰ ਤੋਂ ਬਾਹਰ ਰਹਿ ਕੇ ਗੁਰੂ ਹਰਿ ਗੋਬਿੰਦ ਸਾਹਿਬ ਅੰਮ੍ਰਿਤਸਰ ਵਾਪਸ ਆਏ। ਸਤਿਗੁਰੂ ਜੀ ਦਾ ਸਾਰਾ ਪਰਵਾਰ ਭੀ ਇਥੇ ਆ ਜੁੜਿਆ।

## ਬਾਬਾ ਅਟੱਲ ਰਾਇ ਦਾ ਦੇਹਾਂਤ

ਬਾਬਾ ਅਟੱਲ ਰਾਇ ਦਾ ਜਨਮ ਸੰਨ ੧੬੧੯ ਵਿਚ ਹੋਇਆ ਸੀ। ਸਿਖ-ਇਤਿਹਾਸ ਵਿਚ ਇਹਨਾਂ ਦੇ ਦੇਹਾਂਤ ਦੀ ਬੜੀ ਉੱਘੀ ਸਾਖੀ ਹੈ। ਆਪਣੇ ਹਾਣੀਆਂ ਨਾਲ ਮੀਟੀ ਖੇਡਦਿਆਂ ਇਕ ਸ਼ਾਮ ਨੂੰ ਇਹਨਾਂ ਦੇ ਇਕ ਸਾਥੀ ਮੋਹਨ ਦੇ ਸਿਰ ਮੀਟੀ ਆਈ। ਹਨੇਰਾ ਪੈ ਜਾਣ ਕਰਕੇ ਮੀਟੀ ਮੋਹਨ ਦੇ ਸਿਰ ਹੀ ਰਹੀ। ਰਾਤ ਨੂੰ ਘਰ ਸੁੱਤਿਆਂ ਮੋਹਨ ਨੂੰ ਸੱਪ ਲੜ ਗਿਆ ਤੇ ਉਹ ਮਰ ਗਿਆ। ਸਵੇਰੇ ਉਸ ਦੇ ਸਾਥੀ ਮੀਟੀ ਖੇਡਣ ਲਈ ਇਕੱਠੇ ਹੋਏ। ਮੋਹਨ ਨਾ ਆਇਆ। ਬਾਬਾ ਅਟੱਲ ਜੀ ਸੱਦਣ ਗਏ। ਘਰ ਵਿਚ ਰੋਣ-ਕੁਰਲਾਣ ਵੇਖਿਓ ਨੇ। ਸਾਦਾ-ਸੁਭਾਵ ਵਿਚ ਹੀ ਮੋਹਨ ਨੂੰ ਜਾ ਟੁੰਬਿਓ ਨੇ ਕਿ ਚੱਲ ਕੇ ਮੀਟੀ ਦੇਹ। ਮੋਹਨ ਨਵਾਂ-ਨਰੋਆ ਹੋ ਗਿਆ। ਸਾਰੇ ਸ਼ਹਿਰ ਵਿਚ ਚਰਚਾ ਚੱਲ ਪਈ ਕਿ ਬਾਬਾ ਅਟੱਲ ਸਾਹਿਬ ਨੇ ਮੋਇਆ ਬਾਲਕ ਜਿਵਾ ਦਿੱਤਾ। ਗੁਰੂ ਹਰਿ ਗੋਬਿੰਦ ਸਾਹਿਬ ਨੂੰ ਇਹ ਕੰਮ

੧. ਗੱਦੀ ਦਾ ਅਸਥਾਨ


www.sikhbookclub.com

ਪਸੰਦ ਨਾ ਆਇਆ। ਪਿਤਾ ਗੁਰੂ ਜੀ ਦਾ ਰੁਖ਼ ਵੇਖ ਕੇ ਬਾਬਾ ਅਟੱਲ ਜੀ ਨੇ ਕੌਲਸਰ ਦੇ ਚੜ੍ਹਦੇ ਪਾਸੇ ਇਕਾਂਤ ਵਿਚ ਬੈਠ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਉਸ ਵੇਲੇ ਉਹਨਾਂ ਦੀ ਉਮਰ ੯ ਸਾਲਾਂ ਦੀ ਸੀ। ਨੌਂ-ਛੱਤਾ ਗੁਰਦੁਆਰਾ ਉਸ ਯਾਦ ਵਿਚ ਕਾਇਮ ਹੈ।

## ਭਾਈ ਗੁਰਦਾਸ ਜੀ ਦਾ ਚਲਾਣਾ

ਸਤਿਗੁਰੂ ਜੀ ਇਕ ਸਾਲ ਮਾਝੇ ਦੇ ਪਿੰਡਾਂ ਵਿਚ ਪਰਚਾਰ ਕਰਦੇ ਰਹੇ। ਭਾਈ ਗੁਰਦਾਸ ਜੀ ਬਿਰਧ ਹੋ ਜਾਣ ਦੇ ਕਾਰਨ ਆਗਿਆ ਲੈ ਕੇ ਗੋਇੰਦਵਾਲ ਜਾ ਟਿਕੇ ਸਨ। ਉਥੋਂ ਖ਼ਬਰ ਆਈ ਕਿ ਉਹ ਚਲਾਣੇ ਦੇ ਨੇੜੇ ਹਨ। ਸਤਿਗੁਰੂ ਜੀ ਗੋਇੰਦਵਾਲ ਪਹੁੰਚੇ। ਭਾਈ ਗੁਰਦਾਸ ਜੀ ਦਾ ਦੇਹਾਂਤ ਸਤਿਗੁਰੂ ਜੀ ਦੇ ਸਾਹਮਣੇ ਹੀ ਹੋਇਆ।

# ਅੱਠਵਾਂ ਕਾਂਡ

## ਅੰਮ੍ਰਿਤਸਰ ਤੋਂ ਮੁੜ ਕਰਤਾਰਪੁਰ

### ਨਵੀਂ ਛੇੜਖ਼ਾਨੀ, ਦੂਜਾ ਜੰਗ

ਸੰਨ ੧੬੨੯ ਦੇ ਅਖ਼ੀਰ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕਰਤਾਰਪੁਰ ਆ ਗਏ। ਇਥੋਂ ਦੁਆਬੇ ਦੇ ਪਿੰਡਾਂ ਵਿਚ ਹੁੰਦੇ ਹੋਏ ਬਿਆਸਾ ਦੇ ਉੱਤਰੀ ਕੰਢੇ ਸ੍ਰੀ ਹਰਿ ਗੋਬਿੰਦਪੁਰ ਆਏ। ਇਹ ਨਗਰ ਗੁਰੂ ਅਰਜਨ ਸਾਹਿਬ ਨੇ ਸੰਨ ੧੫੮੭ ਵਿਚ ਵਸਾਇਆ ਸੀ। ਚੰਦੂ ਦੀ ਸ਼ਰਾਰਤ ਨਾਲ ਇਹ ਰੁਹੇਲੇ ਪਿੰਡ ਦੇ ਰਹਿਣ ਵਾਲੇ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ ਸੀ।

ਹਾਕਮਾਂ ਦੇ ਰਵੱਈਏ ਦਾ ਅਸਰ ਉਹਨਾਂ ਲੋਕਾਂ ਉਤੇ ਪਿਆ ਹੀ ਕਰਦਾ ਹੈ, ਜੋ ਸਦਾ ਹਾਕਮਾਂ ਨੂੰ ਖ਼ੁਸ਼ ਕਰਨ ਵਿਚ ਹੀ ਆਪਣੀ ਭਲਾਈ ਸਮਝਦੇ ਹਨ। ਸ੍ਰੀ ਹਰਿ ਗੋਬਿੰਦਪੁਰ ਤੋਂ ਨੇੜੇ ਹੀ ਪਿੰਡ ਰੁਹੇਲਾ ਸੀ। ਚੰਦੂ ਇਥੋਂ ਦਾ ਹੀ ਰਹਿਣ ਵਾਲਾ ਸੀ। ਸਿੱਖਾਂ ਵਲ ਤੁਰਕ ਹਾਕਮਾਂ ਦੀ ਕੈਰੀ ਅੱਖ ਵੇਖ ਕੇ ਰੁਹੇਲੇ ਦੇ ਰਹਿਣ ਵਾਲੇ ਭਗਵਾਨ ਦਾਸ ਖੱਤ੍ਰੀ ਨੇ ਸਿੱਖਾਂ ਨਾਲ ਛੇੜਖ਼ਾਨੀ ਸ਼ੁਰੂ ਕਰ ਦਿੱਤੀ। ਨੀਅਤ ਮਾੜੀ ਹੋਵੇ ਤਾਂ ਲੜਾਈ ਮੁੱਲ ਲੈਂਦਿਆਂ ਚਿਰ ਨਹੀਂ ਲੱਗਦਾ। ਲੜਾਈ ਸਹੇੜਦਾ ਭੀ ਉਹੀ ਹੈ ਜਿਸ ਨੂੰ ਆਪਣੀਆਂ ਬਾਹਾਂ ਉਤੇ ਮਾਣ ਹੋਵੇ। ਭਗਵਾਨ ਦਾਸ ਤੁਰਨੇ-ਸਿਰ ਆਦਮੀ ਸੀ। ਝਗੜਾ ਵਧਦਿਆਂ ਵਧਦਿਆਂ ਇਕ ਦਿਨ ਉਹ ਸਿੱਖਾਂ ਦੇ ਹੱਥੋਂ ਕਤਲ ਹੀ ਹੋ ਗਿਆ। ਸਿੱਖਾਂ ਨੇ ਉਸ ਨੂੰ ਬਿਆਸਾ ਵਿਚ ਸੁੱਟ ਦਿਤਾ। ਇਹ ਇਲਾਕਾ ਜਲੰਧਰ ਦੇ ਫ਼ੌਜਦਾਰ ਦੇ ਅਧੀਨ ਸੀ। ਭਗਵਾਨ ਦਾਸ ਦਾ ਪੁੱਤਰ ਰਤਨ ਚੰਦ ਜਲੰਧਰ ਦੇ ਫ਼ੌਜਦਾਰ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਦੇ ਵਿਰੁਧ ਚਾੜ੍ਹ ਲਿਆਇਆ। ਉਹਨਾਂ ਨੇ ਆਪਣੇ ਥਾਂ ਇਹ ਮਿਥਿਆ ਸੀ ਕਿ ਸਤਿਗੁਰੂ ਜੀ ਦੇ ਨਾਲ ਥੋੜੇ ਜਿਹੇ ਸਿਖ ਹਨ, ਕਿਸੇ ਲੜਾਈ ਦਾ ਉਹਨਾਂ ਨੂੰ ਚਿੱਤ-ਚੇਤਾ ਨਹੀਂ ਹੈ, ਅਸੀਂ ਅਚਨਚੇਤ ਪੈ ਕੇ ਮਾਰ ਲਵਾਂਗੇ, ਲਾਹੌਰ ਦਾ ਸੂਬੇਦਾਰ ਭੀ ਖ਼ੁਸ਼ ਹੋ ਜਾਏਗਾ। ਪਰ ਉਹਨਾਂ ਦੇ ਅੰਦਾਜ਼ੇ ਗ਼ਲਤ ਨਿਕਲੇ। ਸਿਖ ਜਾਨਾਂ ਤੋੜ ਕੇ ਲੜੇ। ਜਲੰਧਰ ਦਾ ਫ਼ੌਜਦਾਰ ਮਾਰਿਆ ਗਿਆ। ਉਹਨਾਂ ਸਮਿਆਂ ਵਿਚ ਲੜਾਈਆਂ


www.sikhbookclub.com

ਸਰਦਾਰ ਦੇ ਸਿਰ ਉਤੇ ਹੀ ਹੋਇਆ ਕਰਦੀਆਂ ਸਨ। ਫ਼ੌਜਦਾਰ ਨੂੰ ਮਰਿਆ ਵੇਖ ਕੇ ਫ਼ੌਜ ਭੱਜ ਨਿਕਲੀ। ਸਤਿਗੁਰੂ ਜੀ ਦਾ ਕਿਸੇ ਨਾਲ ਕੋਈ ਵੈਰ ਨਹੀਂ ਸੀ, ਨਾ ਹੀ ਉਹਨਾਂ ਕੋਈ ਦੇਸ ਮੱਲਣਾ ਸੀ। ਭੱਜੇ ਤੁਰਕਾਂ ਦਾ ਕੋਈ ਪਿੱਛਾ ਨਾ ਕੀਤਾ ਗਿਆ। ਇਹ ਘਟਨਾ ਸੰਨ ੧੬੩੦ ਦੀ ਹੈ। ਪੈਂਦੇ ਖ਼ਾਂ ਇਸ ਜੰਗ ਵਿਚ ਸ਼ਾਮਲ ਨਹੀਂ ਸੀ। ਉਹ ਆਪਣੇ ਪਿੰਡ ਵੱਡੇ ਮੀਰ ਰਹਿੰਦਾ ਸੀ। ਸਤਿਗੁਰੂ ਜੀ ਨਾ ਕੋਈ ਜੰਗ ਗਿਣ-ਮਿਥ ਰਹੇ ਸਨ, ਨਾ ਹੀ ਉਨ੍ਹਾਂ ਨੇ ਪੈਂਦੇ ਖ਼ਾਂ ਨੂੰ ਕੋਈ ਸੁਨੇਹਾ ਭੇਜਿਆ। ਸਭ ਕੁਝ ਅਚਨਚੇਤ ਹੀ ਹੋਇਆ। ਸ੍ਰੀ ਹਰਿਗੋਬਿੰਦਪੁਰ ਤੋਂ ਸਤਿਗੁਰੂ ਜੀ ਕਰਤਾਰਪੁਰ ਵਾਪਸ ਆ ਗਏ।

### ਕੀਰਤਪੁਰ ਵੱਸਣਾ

ਗੁਰੂ ਨਾਨਕ ਦੇਵ ਜੀ ਕਰਤਾਰਪੁਰ ਰਹਿੰਦੇ ਹੋਏ ਇਕ ਵਾਰੀ ਪਹਾੜੀ ਇਲਾਕੇ ਵਿਚ ਵਿਚਰਦੇ ਹੋਏ ਉਸ ਥਾਂ ਤੋਂ ਭੀ ਲੰਘੇ, ਜਿਥੇ ਹੁਣ ਕੀਰਤਪੁਰ ਵੱਸਦਾ ਹੈ। ਉਥੇ ਇਕ ਮੁਸਲਮਾਨ ਫ਼ਕੀਰ ਸਾਈਂ ਬੁੱਢਣ ਸ਼ਾਹ ਰਹਿੰਦਾ ਸੀ। ਸਤਿਗੁਰੂ ਨਾਨਕ ਦੇਵ ਜੀ ਵਿਚ ਉਸ ਦੀ ਸ਼ਰਧਾ ਬਣ ਗਈ। ਬੁੱਢਣ ਸ਼ਾਹ ਬੜੀ ਲੰਮੀ ਉਮਰ ਵਾਲਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇ ਤਕ ਜੀਉਂਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਉਸ ਪਾਸ ਭੇਜਿਆ ਅਤੇ ਨਗਰ ਵਸਾਣ ਦੀ ਆਗਿਆ ਕੀਤੀ। ਜਿਵੇਂ ਖਡੂਰ ਸਾਹਿਬ ਤੋਂ ਸਿਖ-ਧਰਮ ਦਾ ਪਰਚਾਰ-ਕੇਂਦਰ ਗੋਇੰਦਵਾਲ ਤਬਦੀਲ ਕੀਤਾ ਗਿਆ ਸੀ, ਤਿਵੇਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਕੀਰਤਪੁਰ ਵਸਾਣ ਦੀ ਤਿਆਰੀ ਕੀਤੀ। ਬਾਬਾ ਸਿਰੀ ਚੰਦ ਜੀ ਨੇ ਅਜੇ ਸੱਜਰਾ ਹੀ ਬਾਬਾ ਗੁਰਦਿੱਤਾ ਜੀ ਨੂੰ 'ਉਦਾਸੀ' ਬਾਣਾ ਦਿੱਤਾ ਸੀ, ਉਸੇ ਵਿਚ ਹੀ ਇਹ ਸਾਈਂ ਬੁੱਢਣ ਸ਼ਾਹ ਪਾਸ ਗਏ। ਸਾਈਂ ਨੂੰ ਸਾਖਿਆਤ ਗੁਰੂ ਨਾਨਕ ਸਾਹਿਬ ਦਾ ਰੂਪ ਦਿੱਸੇ। ਗੁਰ-ਆਗਿਆ ਅਨੁਸਾਰ ਕੀਰਤਪੁਰ ਵਸਾਇਆ ਗਿਆ। ਇਹ ਜ਼ਿਕਰ ਸੰਨ ੧੬੩੦ ਦੇ ਅਖ਼ੀਰ ਦਾ ਹੈ। ਬਾਬਾ ਗੁਰਦਿੱਤਾ ਜੀ ਉਸ ਵੇਲੇ ੧੭ ਸਾਲਾਂ ਦੀ ਉਮਰ ਦੇ ਸਨ।

### ਨਾਨਕ-ਮਤੇ ਵਲ ਫੇਰਾ

ਅਸੀ ਪਿਛੇ ਵੇਖ ਆਏ ਹਾਂ ਕਿ ਬਾਬਾ ਸਿਰੀ ਚੰਦ ਜੀ ਦੇ ਦੇਹਾਂਤ ਪਿਛੋਂ ਸਤਿਗੁਰੂ ਜੀ ਨੇ ਭਾਈ ਅਲਮਸਤ ਨੂੰ ਸਿਖ ਧਰਮ ਦਾ ਪਰਚਾਰ ਕਰਨ ਲਈ ਨਾਨਕ-ਮਤੇ ਭੇਜਿਆ ਸੀ। ਗੁਰੂ ਨਾਨਕ ਦੇਵ ਜੀ ਦੇ ਉਧਰ ਜਾਣ ਤੋਂ ਪਹਿਲਾਂ ਉਸ ਇਲਾਕੇ ਵਿਚ ਜੋਗੀਆਂ ਦੀ ਬੜੀ ਮਾਣ-ਪ੍ਰਤਿਸ਼ਟਾ ਸੀ। ਪਰ ਜਿਉਂ ਜਿਉਂ


www.sikhbookclub.com

ਲੋਕਾਂ ਨੂੰ ਸਿਖ ਧਰਮ ਦੀ ਸੂਝ ਹੁੰਦੀ ਗਈ, ਜੋਗੀਆਂ ਦੀ ਸੇਵਾ ਘਟਦੀ ਗਈ। ਇਹ ਕੁਦਰਤੀ ਗੱਲ ਸੀ ਕਿ ਜੋਗੀਆਂ ਨੂੰ ਚੇੜ੍ਹ ਆਵੇ। ਉਹਨਾਂ ਆਪੋ ਵਿਚ ਸਲਾਹ ਮੇਲ ਕੇ ਭਾਈ ਅਲਮਸਤ ਨੂੰ ਨਾਨਕ-ਮਤੇ ਤੋਂ ਕੱਢ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਮਿਟਾਣ ਲਈ ਉਹਨਾਂ ਉਹ ਪਿੱਪਲ ਭੀ ਸਾੜ ਦਿੱਤਾ, ਜਿਸ ਦੇ ਹੇਠ ਸਤਿਗੁਰੂ ਜੀ ਦੀ ਜੋਗੀਆਂ ਨਾਲ ਚਰਚਾ ਹੋਈ ਸੀ। ਸਿੱਖਾਂ ਨੂੰ ਉਹ ਥਾਂ ਤੇ ਪਿੱਪਲ ਪਿਆਰੇ ਸਨ, ਜੋਗੀਆਂ ਨੂੰ ਇਹ ਗੱਲ ਸੁਖਾਂਦੀ ਨਹੀਂ ਸੀ। ਗੁਰੂ ਨਾਨਕ ਦੇਵ ਜੀ ਦੇ ਪਰਚਾਰੇ ਖ਼ਿਆਲਾਂ ਨੂੰ ਲੋਕਾਂ ਦੇ ਦਿਲਾਂ ਵਿਚ ਮੁੜ ਸੁਰਜੀਤ ਕਰਨ ਲਈ ਗੁਰੂ ਹਰਿ ਗੋਬਿੰਦ ਸਾਹਿਬ ਉਸ ਇਲਾਕੇ ਵਿਚ ਨਾਨਕ-ਮਤੇ ਤਕ ਪਹੁੰਚੇ। ਜੋਗੀਆਂ ਦੀਆਂ ਆਸਾਂ ਉਤੇ ਪਾਣੀ ਫਿਰ ਗਿਆ। ਭਾਈ ਅਲਮਸਤ ਫਿਰ ਉਸ ਚੁਗਿਰਦੇ ਵਿਚ ਗੁਰੂ ਨਾਨਕ ਦੇਵ ਜੀ ਦੇ ਮਤ ਦਾ ਪਰਚਾਰ ਕਰਨ ਲੱਗ ਪਏ।

## ਡਰੌਲੀ

ਨਾਨਕ-ਮਤੇ ਤੋਂ ਚੱਲ ਕੇ ਸਿਖ ਧਰਮ ਦਾ ਸੁਨੇਹਾ ਦੇਂਦੇ ਗੁਰੂ ਹਰਿ ਗੋਬਿੰਦ ਸਾਹਿਬ ਡਰੌਲੀ ਆਏ। ਇਥੇ ਭੀ ਮਾਲਵੇ ਦੇ ਇਲਾਕੇ ਵਿਚ ਚੱਕਰ ਲਾਂਦੇ ਰਹੇ। ਭਾਈ ਸਾਧੂ ਦੇ ਪਿੰਡ ਤੁਕਲਾਣੀ ਪਹੁੰਚੇ। ਸਾਧੂ ਦਾ ਪੁੱਤਰ ਰੂਪਾ ਹੁਣ ਸੋਲ੍ਹਾਂ ਸਤਾਰ੍ਹਾਂ ਸਾਲਾਂ ਦਾ ਗੱਭਰੂ ਹੋ ਚੁਕਿਆ ਸੀ। ਪਿਉ ਪੁੱਤਰ ਦੋਵੇਂ ਬੜੇ ਸਿਦਕੀ ਸਿਖ ਸਨ। ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਰੂਪੇ ਦੇ ਨਾਮ ਉਤੇ ਨਵਾਂ ਪਿੰਡ ਭਾਈ ਰੂਪਾ ਵਸਾਇਆ ਜਾਏ। ਮਾਲਵੇ ਵਿਚ ਸਿਖ-ਧਰਮ ਦੇ ਪਰਚਾਰ ਦਾ ਇਹ ਨਵਾਂ ਕੇਂਦਰ ਬਣਾਇਆ ਗਿਆ। ਇਹ ਜ਼ਿਕਰ ਸੰਨ ੧੬੩੧-੩੨ ਦਾ ਹੈ।

## ਤੁਰਕ ਹਾਕਮਾਂ ਦਾ ਧੱਕਾ, ਤੀਜੀ ਲੜਾਈ

ਇਹ ਕੁਦਰਤੀ ਨਿਯਮ ਚਲਿਆ ਆ ਰਿਹਾ ਹੈ ਕਿ ਤਾਕਤ ਮਿਲਣ 'ਤੇ ਕੋਈ ਵਿਰਲਾ ਬੰਦਾ ਹੱਕ-ਨਿਆਂ ਉਤੇ ਕਾਇਮ ਰਹਿੰਦਾ ਹੈ। ਇਹ ਹਾਲ ਤੁਰਕ ਹਾਕਮਾਂ ਦਾ ਹੋ ਗਿਆ। ਕਾਬਲ ਵੱਲ ਦਾ ਇਕ ਸਿਖ-ਮਸੰਦ ਸੰਗਤ ਸਮੇਤ ਆਉਂਦਾ ਹੋਇਆ ਉਸ ਇਲਾਕੇ ਤੋਂ ਗੁਰੂ ਹਰਿ ਗੋਬਿੰਦ ਸਾਹਿਬ ਵਾਸਤੇ ਦੋ ਵਧੀਆ ਘੋੜੇ ਲਿਆਇਆ। ਰਸਤੇ ਵਿਚ ਕਿਸੇ ਤੁਰਕ ਹਾਕਮ ਨੇ ਉਹ ਘੋੜੇ ਬਦੋ-ਬਦੀ ਖੋਹ ਲਏ, ਅਤੇ ਸ਼ਾਹੀ ਤਬੇਲੇ ਵਿਚ ਲਾਹੌਰ ਅਪੜਾ ਦਿਤੇ। ਗੁਰੂ ਸਾਹਿਬ ਉਹਨੀਂ ਦਿਨੀਂ ਡਰੌਲੀ ਦੇ ਇਲਾਕੇ ਵਿਚ ਸਨ। ਸਿਖ ਦਰਸ਼ਨ ਲਈ ਉਥੇ ਪਹੁੰਚੇ। ਮਸੰਦ ਨੇ ਤੁਰਕ ਹਾਕਮ ਦੇ ਉਸ ਧੱਕੇ ਦੀ ਪੁਕਾਰ ਸਤਿਗੁਰੂ ਜੀ


www.sikhbookclub.com

ਦੇ ਪਾਸ ਕੀਤੀ। ਗ਼ੁਲਾਮ ਹਿੰਦੂ ਜਨਤਾ ਉਤੇ ਜ਼ਰ-ਜੋਰੂ ਆਦਿਕ ਖੋਹਣ ਦੇ ਅਜਿਹੇ ਧੱਕੇ ਤਦੋਂ ਆਮ ਹੋਇਆ ਕਰਦੇ ਸਨ। ਸਹਿਮੇ ਹੋਏ ਲੋਕ ਉਭਾਸਰਨ ਜੋਗੇ ਨਹੀਂ ਸਨ। ਪਰ ਸਿੱਖਾਂ ਦੀ ਕਾਇਆਂ ਕੁਝ ਪਲਟ ਚੁਕੀ ਸੀ। ਇਹ ਆਪਣੇ ਗੁਰੂ-ਪਾਤਿਸ਼ਾਹ ਪਾਸੋਂ ਦੋ ਗੱਲਾਂ ਸਿੱਖ ਚੁਕੇ ਸਨ—ਨਾ ਕਿਸੇ ਨੂੰ ਡਰਾਣਾ, ਅਤੇ ਨਾ ਕਿਸੇ ਤੋਂ ਡਰਨਾ। ਤੁਰਕਾਂ ਦੀ ਇਹ ਵਧੀਕੀ ਸਿੱਖਾਂ ਨੂੰ ਬਹੁਤ ਚੁਭੀ। ਸਤਿਗੁਰੂ ਜੀ ਦੇ ਜੋਧਿਆਂ ਵਿਚ ਭਾਈ ਬਿਧੀ ਚੰਦ[1] ਇਕ ਉੱਘਾ ਸਿਖ ਸੀ। ਭਾਈ ਬਿਧੀ ਚੰਦ ਮਾਝੇ ਦਾ ਵਸਨੀਕ ਸੀ। ਪਹਿਲਾਂ ਇਹ ਇਕ ਤਕੜਾ ਧਾੜਵੀ ਸੀ, ਪਰ ਗੁਰੂ ਅਰਜਨ ਸਾਹਿਬ ਦੀ ਸੰਗਤ ਦੀ ਬਰਕਤ ਨਾਲ ਬਿਧੀ ਚੰਦ ਬੜੇ ਸੁੱਚੇ ਜੀਵਨ ਵਾਲਾ ਬਣ ਗਿਆ। ਪਹਿਲੀਆਂ ਦੋਹਾਂ ਲੜਾਈਆਂ ਵਿਚ ਭਾਈ ਬਿਧੀ ਚੰਦ ਨੇ ਵੈਰੀਆਂ ਨੂੰ ਬੜੇ ਕਰਾਰੇ ਹੱਥ ਵਿਖਾਏ ਸਨ। ਭਾਈ ਬਿਧੀ ਚੰਦ ਗੁਰੂ ਦਰ 'ਤੇ ਆ ਕੇ ਪਰਾਇਆ ਹੱਕ ਖੋਹਣੋਂ ਹਟ ਚੁਕਾ ਸੀ। ਪਰ ਉਹ ਫਿਰ ਭੀ ਝੱਲ ਨਾ ਸਕਿਆ ਕਿ ਕੋਈ ਜਰਵਾਣਾ ਸ਼ਾਂਤ ਜੀਵਨ ਜੀਉਂਦੇ ਬੰਦਿਆਂ ਉਤੇ ਵਧੀਕੀ ਕਰੇ, ਅਤੇ ਇਥੋਂ ਤਕ ਵਧ ਨਿਕਲੇ ਕਿ ਸਤਿਗੁਰੂ ਵਾਸਤੇ ਆਏ ਘੋੜੇ ਬਦੋ-ਬਦੀ ਖੋਹ ਲਏ। ਅੰਤਰ-ਆਤਮੇ ਗੁਰੂ-ਚਰਨਾਂ ਵਿਚ ਅਰਦਾਸ ਕਰ ਕੇ ਭਾਈ ਬਿਧੀ ਚੰਦ ਆਪਣੇ ਗੁਰੂ-ਪਾਤਿਸ਼ਾਹ ਦੇ ਘੋੜੇ ਮੋੜਨ ਲਈ ਲਾਹੌਰ ਨੂੰ ਚਲ ਪਿਆ। ਸਿਖ-ਇਤਿਹਾਸ ਲਿਖਦਾ ਹੈ ਕਿ ਲਾਹੌਰ ਪਹੁੰਚ ਕੇ ਭਾਈ ਬਿਧੀ ਚੰਦ ਨੇ ਪਹਿਲਾਂ ਘੋੜਿਆਂ ਦੀ ਸਾਰੀ ਸੂਹ ਕੱਢੀ, ਫਿਰ ਘਾਈ ਬਣ ਕੇ ਘਾਹ ਲਿਆ ਲਿਆ ਕੇ ਸ਼ਾਹੀ ਤਬੇਲੇ ਤਕ ਰਸੂਖ਼ ਹਾਸਲ ਕੀਤਾ। ਉਹਨਾਂ ਦੇ ਘੋੜਿਆਂ ਦੀ ਸੇਵਾ ਕਰਨ ਉਤੇ ਨੌਕਰ ਰਹਿ ਪਿਆ। ਆਪਣੇ ਮਿੱਠੇ ਅਤੇ ਸੇਵਾ ਵਾਲੇ ਸੁਭਾਵ ਨਾਲ ਕਿਲ੍ਹੇ ਦੇ ਸਾਰੇ ਮੁਲਾਜ਼ਮ ਉਸ ਨੇ ਆਪਣੇ ਹਮਦਰਦ ਮਿੱਤਰ ਬਣਾ ਲਏ। ਆਖ਼ਰ ਇਕ ਰਾਤ ਇਕ ਘੋੜੇ ਨੂੰ ਅੱਡੀ ਲਾ ਕੇ ਕਿਲ੍ਹੇ ਦੀ ਕੰਧ ਟਪਾ ਲਈ। ਰਾਵੀ ਦਰਿਆ ਕਿਲ੍ਹੇ ਦੇ ਨਾਲੋਂ ਦੀ ਵਗਦਾ ਸੀ। ਸ਼ਾਹੀ ਮਹੱਲਾਂ ਦੇ ਐਨ ਸਾਹਮਣੇ-ਵਾਰ ਸ਼ਾਹੀ ਤਬੇਲਾ ਸੀ। ਬਾਹਰਲੇ ਪਾਸਿਓਂ ਤਾਂ ਕੰਧ ਬਹੁਤ ਉੱਚੀ ਹੈ, ਪਰ ਅੰਦਰਲੇ ਪਾਸਿਓਂ ਛਾਲ ਮਾਰ ਕੇ ਹੀ ਕੰਧ ਟੱਪੀ ਜਾ ਸਕਦੀ ਹੈ, ਸ਼ਾਹੀ ਮਹੱਲ ਦੇ ਕੋਲੋਂ ਉਵ ਭੀ ਫ਼ਸੀਲ ਦਾ ਬਨੇਰਾ ਬਹੁਤ ਛੋਟਾ ਹੈ। ਘੋੜਾ ਉਸ ਛੋਟੇ ਬਨੇਰੇ ਤੋਂ ਛਾਲ ਮਾਰ

੧. ਭਾਈ ਬਿਧੀ ਚੰਦ ਜ਼ਿਲਾ ਲਾਹੌਰ ਦੇ ਪਿੰਡ ਸੁਰ ਸਿੰਘ ਦਾ ਵਸਨੀਕ ਸੀ, ਛੀਨੇ ਗੋਤ ਦਾ ਜੱਟ। ਬੜਾ ਦਲੇਰ, ਬਲੀ ਤੇ ਕੱਦਾਵਰ ਜੁਆਨ ਸੀ। ਇਸ ਦੇ ਨਾਨਕੇ ਸਰਹਾਲੀ ਜ਼ਿਲਾ ਅੰਮ੍ਰਿਤਸਰ ਵਿਚ ਸਨ। ਚੋਰ ਧਾੜਵੀਆਂ ਦੀ ਸੰਗਤ ਤੋਂ ਇਸ ਨੂੰ ਚੋਰੀ ਡਾਕੇ ਦੀ ਬਾਣ ਪੈ ਗਈ ਸੀ। ਪਰ ਸਤਿਗੁਰੂ ਦੇ ਗੁਰਮੁਖ ਸਿਖ ਭਾਈ ਅਦਲੀ ਜੀ ਦੀ ਸੰਗਤ ਨੇ ਇਸ ਦਾ ਜੀਵਨ ਬਦਲਾ ਦਿੱਤਾ। ਪਿਛਲੇ ਕੁਕਰਮਾਂ ਦਾ ਪਛਤਾਵਾ ਕਰ ਕੇ ਭਾਈ ਬਿਧੀ ਚੰਦ ਗੁਰੂ ਅਰਜਨ ਸਾਹਿਬ ਦਾ ਸਿਖ ਬਣਿਆ।

ਕੇ ਹੇਠਾਂ ਵਗਦੇ ਰਾਵੀ ਦੇ ਡੂੰਘੇ ਪਾਣੀ ਵਿਚ ਜਾ ਤਰਿਆ।

ਘੋੜਾ ਡਰੌਲੀ ਪਹੁੰਚਾਇਆ ਗਿਆ। ਇਧਰ ਕਿਲ੍ਹੇ ਦੇ ਦਰੋਗੇ ਨੂੰ ਪਿੱਸੂ ਪਏ, ਅੰਦਰੋਂ ਅੰਦਰ ਭਾਲ ਸ਼ੁਰੂ ਕੀਤੀ ਗਈ। ਦੂਜਾ ਘੋੜਾ ਲਿਆਉਣ ਲਈ ਭਾਈ ਬਿਧੀ ਚੰਦ ਫਿਰ ਚਲ ਪਿਆ। ਲਾਹੌਰ ਸ਼ਹਿਰ ਤੇ ਕਿਲ੍ਹੇ ਦੀ ਹਰ ਗੁੱਠ ਨੁੱਕਰ ਉਹ ਅੱਗੇ ਹੀ ਜਾਣਦਾ ਸੀ। ਸਿਖ-ਇਤਿਹਾਸ ਲਿਖਦਾ ਹੈ ਕਿ ਇਸ ਵਾਰੀ ਭਾਈ ਬਿਧੀ ਚੰਦ ਨੇ ਜੋਤਸ਼ੀ ਦਾ ਰੂਪ ਬਣਾਇਆ, ਅਤੇ ਆਪਣੀ ਅਕਲ ਦੇ ਬਲ ਨਾਲ ਫਿਰ ਕਿਲ੍ਹੇ ਤਕ ਰਸਾਈ ਹਾਸਲ ਕਰ ਲਈ। ਦੂਜਾ ਘੋੜਾ ਭੀ ਲੈ ਨਿਕਲਿਆ। ਪਰ ਐਤਕੀਂ ਵੱਜ-ਵਜਾ ਕੇ ਦਰੋਗੇ ਨੂੰ ਦੱਸ ਭੀ ਆਇਆ ਕਿ ਦੋਵੇਂ ਘੋੜੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਨ, ਪਹਿਲਾ ਉਥੇ ਪਹੁੰਚ ਚੁਕਿਆ ਹੈ, ਇਹ ਦੂਜਾ ਭੀ ਉਹਨਾਂ ਪਾਸ ਹੀ ਜਾ ਰਿਹਾ ਹੈ।

ਢਾਡੀ-ਸਿਖ ਦੀਵਾਨਾਂ ਵਿਚ ਘੋੜਿਆਂ ਦਾ ਇਹ ਪ੍ਰਸੰਗ ਬੜੇ ਹੁਲਾਸ ਵਿਚ ਆ ਕੇ ਸੁਣਾਇਆ ਕਰਦੇ ਹਨ।

ਲਾਹੌਰ ਦੇ ਹੀ ਸੂਬੇਦਾਰ ਨੇ ਪਹਿਲਾਂ ਇਕ ਬਾਜ ਤੋਂ ਹੁਮਾ-ਤੁਮਾ ਕੀਤੀ ਸੀ, ਅਤੇ ਬੇ-ਫ਼ਿਕਰ ਵੱਸਦੇ ਅੰਮ੍ਰਿਤਸਰ-ਨਿਵਾਸੀਆਂ ਉਤੇ ਅਚਨਚੇਤ ਕਟਕ ਭੇਜ ਦਿੱਤਾ ਸੀ। ਡਰੌਲੀ ਦਾ ਇਲਾਕਾ ਭੀ ਲਾਹੌਰ ਦੇ ਸੂਬੇ ਵਿਚ ਸੀ। ਸੂਬੇਦਾਰ ਨੂੰ ਪਹਿਲੀ ਹਾਰ ਨੇ ਫਿਰ ਚੋਭ ਲਾਈ। ਲਲਾਬੇਗ ਅਤੇ ਕਮਰਬੇਗ ਦੀ ਕਮਾਨ ਹੇਠ ਫ਼ੌਜ ਭੇਜ ਦਿਤੀਓਸੁ। ਸਿਖ ਤੁਰਕਾਂ ਦੇ ਸਹਿਮ ਵਾਲੀ ਛੱਟ ਲਾਹ ਚੁਕੇ ਹੋਏ ਸਨ। ਨਥਾਣੇ ਤੇ ਮੇਹਰਾਜ ਦੇ ਨੇੜੇ ਦੀ ਖੁੱਲ੍ਹੀ ਜੂਹ ਵਿਚ ਦੋਹਾਂ ਦਲਾਂ ਦਾ ਟਾਕਰਾ ਹੋਇਆ। ਇਹ ਜੰਗ ਪਹਿਲੇ ਦੋਹਾਂ ਨਾਲੋਂ ਵਧੀਕ ਕਰਾਰਾ ਸੀ। ਬਾਰ੍ਹਾਂ ਸੌ ਦੇ ਕਰੀਬ ਸਿਖ ਜੋਧੇ ਸ਼ਹੀਦ ਹੋਏ ਸਨ। ਤੁਰਕ ਸੈਨਾ ਦੇ ਏਦੂੰ ਵਧੀਕ ਆਹੂ ਲੱਥੇ। ਦੋਵੇਂ ਤੁਰਕ-ਸਰਦਾਰ ਜੰਗ ਵਿਚ ਮਾਰੇ ਗਏ ਅਤੇ ਸਰਦਾਰ-ਹੀਨ ਫ਼ੌਜ ਨੂੰ ਭਾਂਜ ਹੋਈ। ਸਤਿਗੁਰੂ ਜੀ ਨੇ ਜੁੱਧ-ਅਸਥਾਨ ਤੇ ਇਕ ਸਰੋਵਰ 'ਗੁਰੂ ਸਰ' ਤਿਆਰ ਕਰਵਾਇਆ, ਜੋ ਉਸ ਜਿੱਤ ਦੀ ਯਾਦ ਚੇਤੇ ਕਰਾਂਦਾ ਹੈ। ਇਹ ਲੜਾਈ ਸੰਨ ੧੬੩੨ ਵਿਚ ਹੋਈ ਸੀ। 'ਗੁਰੂ ਸਰ' ਪਿੰਡ ਮੇਹਰਾਜ ਤੋਂ ਦੋ ਮੀਲ ਦੱਖਣ ਪਾਸੇ ਹੈ। ਮੇਹਰਾਜ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ਚਾਰ ਮੀਲ ਉਤਰ-ਪੱਛਮ ਵੱਲ ਹੈ।

 www.sikhbookclub.com

# ਨੌਵਾਂ ਕਾਂਡ

## ਕਰਤਾਰਪੁਰ ਆਉਣਾ

ਸਾਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਗੁਰੂ ਨਾਨਕ ਸਾਹਿਬ ਨੇ ਨੀਵੀਆਂ ਜਾਤੀਆਂ ਦੇ ਬੰਦਿਆਂ ਦੇ ਦਿਲਾਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਕਰਨਾ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾਇਆ ਹੋਇਆ ਸੀ। ਉਹਨਾਂ ਦੇ ਜਾ-ਨਸ਼ੀਨ ਗੁਰੂ ਭੀ ਉਹਨਾਂ ਹੀ ਪੂਰਨਿਆਂ ਉਤੇ ਤੁਰਦੇ ਆ ਰਹੇ ਸਨ। ਜਿਉਂ ਜਿਉਂ ਸ਼ੂਦਰ ਅਤੇ ਗ਼ਰੀਬ ਲੋਕਾਂ ਵਿਚ ਜਿੰਦ ਪੈ ਰਹੀ ਸੀ, ਸੁਤੇ ਹੀ ਜਾਤਿ-ਅਭਿਮਾਨੀਆਂ ਅਤੇ ਧੱਕੇਖ਼ੋਰ ਹਾਕਮਾਂ ਨਾਲ ਗੁਰੂ-ਘਰ ਦੀ ਟੱਕਰ ਬਣਦੀ ਜਾ ਰਹੀ ਸੀ। ਗੁਰੂ-ਪਾਤਿਸ਼ਾਹ ਨਿਰਵੈਰ ਸੀ, ਪਰ ਆਪਣੇ ਨਿਸ਼ਾਨੇ ਉਤੇ ਅਡੋਲ ਟਿਕਿਆ ਹੋਇਆ ਸੀ। ਤੀਜੀ ਲੜਾਈ ਤੋਂ ਪਿਛੋਂ ਗੁਰੂ ਹਰਿ ਗੋਬਿੰਦ ਸਾਹਿਬ ਪਹਿਲੇ ਵਾਂਗ ਹੀ ਮਾਲਵੇ ਦੇ ਪਿੰਡਾਂ ਵਿਚ ਸਿਖ ਧਰਮ ਦਾ ਪਰਚਾਰ ਕਰਦੇ ਰਹੇ। ਨਵਾਂ ਵਸਾਇਆ ਪਿੰਡ ਭਾਈ ਰੂਪਾ ਚੰਗਾ ਉੱਘਾ ਪਰਚਾਰ-ਕੇਂਦਰ ਬਣ ਗਿਆ।

ਮਾਲਵੇ ਵਿਚੋਂ ਫਿਰ ਵਾਪਸ ਦੁਆਬੇ ਦੇ ਪਿੰਡਾਂ ਵਿਚੋਂ ਦੀ ਸਹਿਜੇ ਸਹਿਜੇ ਲੰਘ ਕੇ ਸਤਿਗੁਰੂ ਜੀ ਕਰਤਾਰਪੁਰ ਆ ਗਏ। ਪੈਂਦੇ ਖ਼ਾਂ ਨੇ ਭੀ ਆਪਣੇ ਪਿੰਡ ਤੋਂ ਸਤਿਗੁਰੂ ਜੀ ਦਾ ਦਰਸ਼ਨ ਕਰਨ ਲਈ ਕਰਤਾਰਪੁਰ ਆਉਣਾ ਸ਼ੁਰੂ ਕਰ ਦਿਤਾ। ਤੀਜੀ ਲੜਾਈ ਵਿਚ ਭੀ ਪੈਂਦੇ ਖ਼ਾਂ ਨੂੰ ਸੱਦਿਆ ਨਹੀਂ ਸੀ ਗਿਆ।

## ਪੈਂਦੇ ਖ਼ਾਂ ਦੀ ਬੇ-ਵਫ਼ਾਈ ਅਤੇ ਚੌਥੀ ਲੜਾਈ

ਤੀਜੀ ਲੜਾਈ ਦਾ ਹਾਲ ਸੁਣ ਸੁਣ ਕੇ ਸਿਖ ਦੂਰੋਂ ਦੂਰੋਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਉਣ ਲੱਗ ਪਏ। ਸ਼ਸਤ੍ਰ ਅਤੇ ਘੋੜੇ ਤਾਂ ਚਿਰ ਤੋਂ ਹੀ ਭੇਟਾ ਲਿਆਉਂਦੇ ਸਨ। ਇਕ ਸਿਖ ਇਕ ਵਧੀਆ ਘੋੜਾ, ਫ਼ੌਜੀ ਬਰਦੀ ਅਤੇ ਇਕ ਬਾਜ਼ ਲੈ ਕੇ ਹਾਜ਼ਰ ਹੋਇਆ। ਉਸ ਦਿਨ ਪੈਂਦੇ ਖ਼ਾਂ ਭੀ ਦੀਵਾਨ ਵਿਚ ਬੈਠਾ ਹੋਇਆ ਸੀ। ਸਤਿਗੁਰੂ ਜੀ ਨੇ ਘੋੜਾ ਅਤੇ ਬਰਦੀ ਪੈਂਦੇ ਖ਼ਾਂ ਨੂੰ ਦੇ ਦਿੱਤੇ, ਅਤੇ ਬਚਨ ਕੀਤਾ ਕਿ ਜਦੋਂ ਭੀ ਸਾਡੇ ਪਾਸ ਆਵੇਂ, ਇਹ ਬਰਦੀ ਪਾ ਕੇ ਇਸੇ ਘੋੜੇ ਉਤੇ ਆਇਆ ਕਰ। ਬਾਜ਼ ਬਾਬਾ ਗੁਰਦਿੱਤਾ ਜੀ ਨੂੰ ਦੇ ਦਿੱਤੇ

ਨੇ। ਕੁਝ ਸਮਾ ਲੰਘ ਗਿਆ। ਪੈਂਦੇ ਖ਼ਾਂ ਇਸ ਹੁਕਮ ਦੀ ਪਾਲਣਾ ਕਰਦਾ ਰਿਹਾ। ਆਪਣੀ ਬੀਰਤਾ ਬਾਰੇ ਉਸ ਦੇ ਅਹੰਕਾਰ-ਭਰੇ ਰਵੱਈਏ ਵਿਚ ਅਜੇ ਭੀ ਬਹੁਤਾ ਫ਼ਰਕ ਨਾ ਪਿਆ।

ਪੈਂਦੇ ਖ਼ਾਂ ਦੀ ਲੜਕੀ ਵਿਆਹੁਣ ਜੋਗ ਹੋ ਚੁਕੀ ਸੀ। ਉਸ ਦੀ ਸ਼ਾਦੀ ਕੀਤੀਓਸੁ। ਸਿਖ-ਇਤਿਹਾਸ ਲਿਖਦਾ ਹੈ ਕਿ ਜਵਾਈ ਨੂੰ ਉਹ ਘੋੜਾ ਤੇ ਬਰਦੀ ਬਹੁਤ ਪਸੰਦ ਆਏ। ਇਕ ਦਿਨ ਉਸ ਨੇ ਮੂੰਹੋਂ ਮੰਗ ਹੀ ਲਏ। ਪੈਂਦੇ ਖ਼ਾਂ ਨੇ ਇਨਕਾਰ ਕੀਤਾ। ਜਵਾਈ ਨੇ ਕੁਝ ਡ੍ਰੰਮ-ਡਰਾਵੇ ਦਿਤੇ। ਸੱਸ ਭੀ ਜਵਾਈ ਦੇ ਪੱਖ ਦੀ ਹੋ ਗਈ। ਆਖ਼ਰ ਉਹ ਘੋੜਾ ਅਤੇ ਬਰਦੀ ਲੈਣ ਵਿਚ ਕਾਮਯਾਬ ਹੋ ਗਿਆ। ਇਸ ਤਰ੍ਹਾਂ ਘੋੜਾ ਅਤੇ ਬਰਦੀ ਖੁਸ ਜਾਣ 'ਤੇ ਪੈਂਦੇ ਖ਼ਾਂ ਗੁਰੂ-ਦਰ 'ਤੇ ਹਾਜ਼ਰ ਹੋਣ ਜੋਗਾ ਨਾ ਰਿਹਾ। ਉਸ ਦਾ ਜਵਾਈ ਖੁੱਲ੍ਹਮ ਖੁੱਲ੍ਹਾ ਉਹੀ ਬਰਦੀ ਪਾ ਕੇ, ਉਸ ਘੋੜੇ ਉਤੇ ਸਵਾਰ ਹੋ ਕੇ ਸ਼ਿਕਾਰ ਖੇਡਣ ਜਾਣ ਲੱਗ ਪਿਆ। ਸਿਖ-ਇਤਿਹਾਸ ਲਿਖਦਾ ਹੈ ਕਿ ਇਕ ਦਿਨ ਉਹ ਬਾਬਾ ਗੁਰਦਿਤਾ ਜੀ ਵਾਲਾ ਬਾਜ਼ ਭੀ ਖੋਹ ਲਿਆਇਆ। ਉਹ ਭੀ ਕਿਤੇ ਉਸੇ ਪਾਸੇ ਸ਼ਿਕਾਰ ਨੂੰ ਗਏ ਹੋਏ ਸਨ। ਸਿੱਖਾਂ ਨੇ ਸਤਿਗੁਰ ਜੀ ਪਾਸ ਸ਼ਿਕਾਇਤ ਕੀਤੀ। ਪੈਂਦੇ ਖ਼ਾਂ ਨੂੰ ਹਾਜ਼ਰ ਹੋਣ ਲਈ ਸੁਨੇਹਾ ਭੇਜਿਆ ਗਿਆ। ਬਰਦੀ ਤੇ ਘੋੜਾ ਤਾਂ ਉਹ ਜਵਾਈ ਨੂੰ ਦੇ ਚੁਕਿਆ ਸੀ। ਨੀਵੀਂ ਪਾਈ ਆ ਹਾਜ਼ਰ ਹੋਇਆ। ਜੇ ਸਭ ਕੁਝ ਸਾਫ਼ ਮੰਨ ਲੈਂਦਾ, ਤਾਂ ਗੁਰੂ-ਘਰ ਸਦਾ ਬਖ਼ਸ਼ਿੰਦ ਹੈ। ਪਰ ਪੈਂਦੇ ਖ਼ਾਂ ਮੂਰਖ-ਪੁਣੇ ਵਿਚ ਆ ਕੇ ਬਾਜ਼ ਵਲੋਂ ਮੁੱਕਰ ਗਿਆ ਤੇ ਬਰਦੀ ਘੋੜੇ ਵਲੋਂ ਟਾਲ-ਮਟੋਲੇ ਕਰਨ ਲੱਗਾ। ਜਦੋਂ ਅਸਲ ਭੇਤ ਖੁਲ੍ਹਿਆ, ਤਾਂ ਸ਼ਰਮ-ਹਯਾ ਲਾਹ ਦਿੱਤੀਓਸੁ। ਆਪਣੀ ਬੀਰਤਾ ਦਾ ਮਾਣ ਤਾਂ ਉਸ ਨੂੰ ਪਹਿਲੋਂ ਹੀ ਸੀ। ਖਰ੍ਹਵੇ ਬੋਲਾਂ ਉਤੇ ਉਤਰ ਆਇਆ। ਜਾਂਦੀ ਵਾਰੀ ਵੰਗਾਰ ਕੇ ਗਿਆ ਕਿ ਮੇਰੀ ਨਿਰਾਦਰੀ ਕੀਤੀ ਗਈ ਹੈ, ਮੈਂ ਇਸ ਦਾ ਬਦਲਾ ਲਵਾਂਗਾ।

ਲੂਣ-ਹਰਾਮੀ ਪੈਂਦੇ ਖ਼ਾਂ ਜਲੰਧਰ ਦੇ ਫ਼ੌਜਦਾਰ ਪਾਸ ਗਿਆ। ਉਸ ਨੂੰ ਆਪਣੇ ਨਾਲ ਗੰਢ ਕੇ ਲਾਹੌਰ ਦੇ ਸੂਬੇਦਾਰ ਪਾਸ ਜਾ ਪਹੁੰਚਿਆ। ਉਸ ਨੂੰ ਯਕੀਨ ਦਿਵਾਇਓਸੁ ਕਿ ਗੁਰੂ ਦੇ ਕੋਲ ਕੋਈ ਤਿਆਰ-ਬਰ-ਤਿਆਰ ਫ਼ੌਜ ਨਹੀਂ ਹੈ। ਲਾਹੌਰ ਦੇ ਸੂਬੇਦਾਰ ਨੇ ਕਾਲੇ ਖ਼ਾਂ ਦੀ ਕਮਾਨ ਹੇਠ ਫ਼ੌਜ ਤੋਰ ਦਿੱਤੀ। ਇਹ ਕਾਲੇ ਖ਼ਾਂ ਉਸ ਮੁਖ਼ਲਿਸ ਖ਼ਾਂ ਦਾ ਭਰਾ ਸੀ ਜੋ ਅੰਮ੍ਰਿਤਸਰ ਲੋਹਗੜ੍ਹ ਵਾਲੀ ਲੜਾਈ ਵਿਚ ਮਾਰਿਆ ਗਿਆ ਸੀ। ਜਲੰਧਰ ਦਾ ਫ਼ੌਜਦਾਰ ਭੀ ਨਾਲ ਹੋ ਪਿਆ। ਪੈਂਦੇ ਖ਼ਾਂ ਨੂੰ ਮਾਣ ਸੀ ਕਿ ਅਸੀਂ ਜ਼ਰੂਰ ਜਿਤਾਂਗੇ। ਜਲੰਧਰ ਅਤੇ ਲਾਹੌਰ ਦੀ ਤੁਰਕ ਸੈਨਾ ਨੇ ਕਰਤਾਰਪੁਰ ਨੂੰ ਚੁਫੇਰਿਓਂ ਘੇਰ ਲਿਆ।

ਪਰ ਦੋਹਾਂ ਦਲਾਂ ਦੇ ਹੌਸਲੇ-ਮਰਦਾਨਗੀ ਵਿਚ ਜ਼ਿਮੀ ਅਸਮਾਨ ਦਾ ਫ਼ਰਕ ਸੀ। ਤੁਰਕ ਸੈਨਾ ਤਨਖ਼ਾਹ ਦੀ ਖ਼ਾਤਰ ਲੜਨ ਆਈ ਸੀ, ਹੁਣ ਉਹਨਾਂ ਨੂੰ ਸ਼ਹਿਰ ਲੁੱਟਣ ਦਾ ਲਾਲਚ ਭੀ ਸੀ। ਗੁਰੂ ਕੇ ਸਿਪਾਹੀ ਉਹ ਸਨ ਜਿਨ੍ਹਾਂ ਨੂੰ ਧੌਣ ਉੱਚੀ ਕਰ ਕੇ ਤੁਰਨਾ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਤੋਂ ਨਸੀਬ ਹੋਇਆ ਸੀ। ਉਹਨਾਂ ਦਾ ਲੂੰ ਲੂੰ ਮਨੁੱਖਤਾ-ਦਾਤੇ ਸਤਿਗੁਰੂ ਤੋਂ ਕੁਰਬਾਨ ਹੋ ਰਿਹਾ ਸੀ। ਸੋ ਨਾ ਉਹ ਇਹ ਸਹਾਰ ਸਕਦੇ ਸਨ ਕਿ ਸਦੀਆਂ ਪਿਛੋਂ ਮਿਲੀ ਸੁਤੰਤਰ ਮਨੁੱਖਤਾ ਫਿਰ ਖੁੱਸ ਜਾਏ, ਅਤੇ ਨਾ ਹੀ ਉਹ ਇਹ ਖ਼ਿਆਲ ਭੀ ਸਹਿ ਸਕਦੇ ਸਨ ਕਿ ਉਹਨਾਂ ਦੇ ਜਿੰਦ-ਦਾਤੇ ਦਾ ਵਾਲ ਭੀ ਵਿੰਗਾ ਹੋਵੇ। ਸਿਖ ਜਾਨਾਂ ਤੋੜ ਕੇ ਲੜੇ। ਭਾਈ ਬਿਧੀ ਚੰਦ ਅਤੇ ਉਹਨਾਂ ਵਰਗੇ ਹੋਰ ਮਨ-ਚਲੇ ਸਿੱਖ ਜੋਧੇ ਉਹਨਾਂ ਦੀ ਅਗਵਾਈ ਕਰਦੇ ਸਨ। (ਗੁਰੂ) ਤੇਗ਼ ਬਹਾਦਰ ਸਾਹਿਬ ਵੀ ਸ਼ਾਮਲ ਸਨ, ਭਾਵੇਂ ਉਹਨਾਂ ਦੀ ਉਮਰ ਅਜੇ ਤੇਰ੍ਹਾਂ ਚੌਦਾਂ ਸਾਲਾਂ ਦੀ ਹੀ ਸੀ।

ਆਪਣੇ ਮਾਲਕ ਮੇਹਰਬਾਨ ਦੇ ਸਾਰੇ ਉਪਕਾਰ ਵਿਸਾਰ ਕੇ ਲੂਣ-ਹਰਾਮੀ ਪੈਂਦੇ ਖ਼ਾਂ ਨੇ ਲਲਕਾਰ ਕੇ ਗੁਰੂ ਹਰਿ ਗੋਬਿੰਦ ਸਾਹਿਬ ਉਤੇ ਵਾਰ ਕੀਤੇ, ਪਰ ਸਭੇ ਨਕਾਰੇ ਗਏ। ਸਤਿਗੁਰੂ ਜੀ ਦੇ ਪਹਿਲੇ ਹੀ ਵਾਰ ਨਾਲ ਜ਼ਖ਼ਮੀ ਹੋ ਕੇ ਪੈਂਦੇ ਖ਼ਾਂ ਘੋੜੇ ਤੋਂ ਡਿੱਗ ਪਿਆ। ਜ਼ਖ਼ਮ ਕਾਰੀ ਲੱਗਾ। ਸਤਿਗੁਰੂ ਜੀ ਘੋੜੇ ਤੋਂ ਉਤਰ ਕੇ ਉਸ ਦੇ ਕੋਲ ਆਏ। ਆਪਣੀ ਹੱਥੀਂ ਪਾਲੇ ਹੋਏ ਦਾ ਆਪਣੀ ਹੀ ਹੱਥੀਂ ਅੰਤ ਵੇਖ ਕੇ ਦਿਲ ਦ੍ਰੱਵ ਗਇਓ ਨੇ। ਉਸ ਨੂੰ ਹਿਦਾਇਤ ਕੀਤੀਓ ਨੇ ਕਿ ਅਖ਼ੀਰਲੇ ਵੇਲੇ ਖ਼ੁਦਾ ਨੂੰ ਯਾਦ ਕਰ ਲੈ। ਪੈਂਦੇ ਖ਼ਾਂ ਦਾ ਮਾਣ ਟੁੱਟ ਗਿਆ। ਆਤਮਕ ਜਾਗ ਆ ਗਈਓਸੁ। ਕਹਿਣ ਲੱਗਾ—ਪਾਤਿਸ਼ਾਹ! ਤੂੰ ਹੀ ਮੇਰਾ ਖ਼ੁਦਾ ਹੈਂ, ਮੇਰੀਆਂ ਭੁੱਲਾਂ ਬਖ਼ਸ਼ ਲੈ। ਸਤਿਗੁਰੂ ਜੀ ਨੇ ਆਪਣੀ ਢਾਲ ਨਾਲ ਉਸ ਨੂੰ ਛਾਂ ਕੀਤੀ, ਅਤੇ ਉਸ ਦੀ ਵਿਛੜਦੀ ਰੂਹ ਵਾਸਤੇ ਪ੍ਰਭੂ-ਚਰਨਾਂ ਵਿਚ ਅਰਦਾਸ ਕੀਤੀ।

ਲਾਹੌਰ ਸੈਨਾ ਦਾ ਸਰਦਾਰ ਕਾਲੇ ਖ਼ਾਂ ਭੀ ਸਤਿਗੁਰੂ ਜੀ ਦੇ ਹੱਥੋਂ ਮਾਰਿਆ ਗਿਆ ਅਤੇ ਫ਼ੌਜ ਨੱਠ ਗਈ। ਇਹ ਲੜਾਈ ਸੰਨ ੧੬੩੪ ਵਿਚ ਹੋਈ ਸੀ।



 www.sikhbookclub.com

# ਦਸਵਾਂ ਕਾਂਡ

## ਕੀਰਤਪੁਰ ਜਾਣਾ

ਸੰਨ ੧੫੩੯ ਤੋਂ ਲੈ ਕੇ ਹੁਣ ਤਕ ਪਰਚਾਰ ਕਰਨ ਨਾਲ ਮਾਝੇ ਵਿਚ ਸਿਖ ਧਰਮ ਦੀਆਂ ਜੜ੍ਹਾਂ ਪੱਕੀਆਂ ਲੱਗ ਚੁਕੀਆਂ ਸਨ। ਸਦੀਆਂ ਦੇ ਦਬੇ ਹੋਏ ਲੋਕਾਂ ਨੇ ਬ੍ਰਾਹਮਣ ਦੇ ਕਰਮ-ਕਾਂਡ ਅਤੇ ਵਰਨ-ਵੰਡ ਦਾ ਜੂਲਾ ਪੂਰੇ ਤੌਰ 'ਤੇ ਆਪਣੇ ਮੋਢਿਆਂ ਤੋਂ ਲਾਹ ਦਿੱਤਾ। ਸਤਿਗੁਰੂ ਦੀ ਅਗਵਾਈ ਵਿਚ ਤੁਰਕ ਹਾਕਮਾਂ ਵਾਲਾ ਸਹਿਮ ਭੀ ਮਝੈਲਾਂ ਨੇ ਪਰੇ ਸੁਟ ਮਾਰਿਆ। ਸਖ਼ੀ ਸਰਵਰ ਅਤੇ ਸ਼ੇਖ਼ ਫ਼ੱਤੇ ਆਦਿਕ ਦੀਆਂ ਮੰਨਤਾਂ ਤੋਂ ਭੀ ਇਹ ਛੁਟ ਗਏ।

ਗੁਰੂ ਅਰਜਨ ਸਾਹਿਬ ਨੇ ਹੀ ਬਿਆਸਾ ਲੰਘ ਕੇ ਦੁਆਬੇ ਵਿਚ ਸਿਖ ਧਰਮ ਦੇ ਪਰਚਾਰ ਦਾ ਨਿੱਕਾ ਜਿਹਾ ਕੇਂਦਰ ਕਰਤਾਰਪੁਰ ਬਣਾ ਦਿੱਤਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਅਗਾਂਹ ਮਾਲਵੇ ਵਿਚ ਜਾ ਕੇ ਡਰੌਲੀ ਅਤੇ ਭਾਈ ਰੂਪਾ ਨਵੇਂ ਕੇਂਦਰ ਬਣਾ ਦਿੱਤੇ। ਲੋੜ ਅਨੁਸਾਰ ਮਾਲਵੇ ਦੇ ਪਿੰਡਾਂ ਵਿਚ ਉਹੀ ਪਰਚਾਰ ਕੀਤਾ ਜੋ ਮਾਝੇ ਵਿਚ ਕੀਤਾ ਜਾ ਰਿਹਾ ਸੀ।

ਪਹਾੜੀ ਲੋਕ ਮੈਦਾਨੀ ਇਲਾਕੇ ਦੇ ਬੰਦਿਆਂ ਨਾਲੋਂ ਵਧੀਕ ਵਹਿਮੀ-ਭਰਮੀ ਸਨ। ਪੱਥਰਾਂ ਦੇ ਡੂੰਘੇ ਸੰਗੀ ਹੋਣ ਕਰਕੇ ਪੱਥਰਾਂ ਦੇ ਬਣਾਏ ਬੁੱਤਾਂ, ਸਾਲਗਰਾਮਾਂ ਅਤੇ ਦੇਵੀ-ਦੇਵਤਿਆਂ ਦੀ ਪੂਜਾ ਉਹਨਾਂ ਦੇ ਅੰਦਰ ਘਰ ਕਰ ਚੁਕੀ ਹੋਈ ਸੀ। ਜੰਤ੍ਰ-ਮੰਤ੍ਰ, ਜਾਦੂ-ਟੂਣੇ ਪਹਾੜੀਆਂ ਵਿਚ ਆਮ ਪ੍ਰਚਲਤ ਸਨ। ਹਰ ਪਾਸਿਓਂ ਉਹਨਾਂ ਦੀ ਆਤਮਿਕ ਹਾਲਤ ਨਿੱਘਰੀ ਹੋਈ ਸੀ। ਇਸ ਵਾਸਤੇ ਪਹਾੜੀਏ ਮਾਨਸਕ ਕਮਜ਼ੋਰੀ ਅਤੇ ਕਾਇਰਤਾ ਦਾ ਸ਼ਿਕਾਰ ਸਨ। ਗੁਰੂ ਹਰਿ ਗੋਬਿੰਦ ਸਾਹਿਬ ਨੇ ਮਾਝਾ, ਜਾਗੇ ਹੋਏ ਮਝੈਲ ਸੂਰਬੀਰਾਂ ਦੇ ਹਵਾਲੇ ਕਰ ਕੇ ਆਪ ਦੁਆਬੇ ਅਤੇ ਖ਼ਾਸ ਕਰਕੇ ਡੂੱਗਰ ਵਲ ਵਾਗ ਮੋੜੀ। ਚੌਥੀ ਲੜਾਈ ਤੋਂ ਪਿਛੋਂ ਸਤਿਗੁਰੂ ਜੀ ਨੇ ਕੀਰਤਪੁਰ ਆ ਡੇਰਾ ਲਾਇਆ। ਕੀਰਤਪੁਰ ਸਤਲੁਜ ਦਰਿਆ ਤੋਂ ਪਾਰਲੇ ਪਾਸੇ ਹੈ। ਇਹ ਇਲਾਕਾ ਸਰਹੰਦ ਦੇ ਸੂਬੇ ਵਿਚ ਸੀ। ਸਰਹੰਦ ਤੋਂ ਕੀਰਤਪੁਰ ਚਾਲੀ ਕੁ ਮੀਲਾਂ ਦੀ ਵਿੱਥ 'ਤੇ ਹੀ ਹੈ। ਗੁਰੂ ਨਾਨਕ ਦੇਵ ਜੀ ਇਸ ਇਲਾਕੇ ਵਿਚ ਆਪਣੇ ਖ਼ਿਆਲਾਂ ਦਾ ਬੀਜ ਬੀਜ ਚੁਕੇ ਹੋਏ ਸਨ। ਗੁਰੂ ਹਰਿ ਗੋਬਿੰਦ

 www.sikhbookclub.com

ਸਾਹਿਬ ਨੇ ਉਸ ਨੂੰ ਪ੍ਰਫੁਲਤ ਕਰਨ ਦਾ ਕੰਮ ਸ਼ੁਰੂ ਕੀਤਾ। ਸਰੀਰਕ ਜੀਵਨ ਦੇ ਅਖ਼ੀਰਲੇ ਦਸ ਸਾਲ ਸਤਿਗੁਰੂ ਜੀ ਨੇ ਇਸ ਪਾਸੇ ਖ਼ਰਚ ਕੀਤੇ।

## ਦਾਰਾ ਸ਼ਿਕੋਹ ਪੰਜਾਬ ਦਾ ਗਵਰਨਰ

ਅਸੀ ਪਿਛੇ ਵੇਖ ਆਏ ਹਾਂ ਕਿ ਜਹਾਂਗੀਰ ਦੇ ਮਰਨ 'ਤੇ ਸ਼ਾਹ ਜਹਾਨ ਫ਼ਰਵਰੀ ਸੰਨ ੧੬੨੮ ਵਿਚ ਹਿੰਦੁਸਤਾਨ ਦੇ ਤਖ਼ਤ ਉਤੇ ਬੈਠਾ ਸੀ। ਪਹਿਲੇ ੬ ਸਾਲ ਉਹ ਪੰਜਾਬ ਵਲ ਨਹੀਂ ਆਇਆ। ਜਨਵਰੀ ਸੰਨ ੧੬੩੪ ਵਿਚ ਸ਼ਾਹ ਜਹਾਨ ਪਹਿਲੀ ਵਾਰ ਕਸ਼ਮੀਰ ਦੀ ਸੈਰ ਕਰਨ ਲਈ ਆਗਰੇ ਤੋਂ ਰਵਾਨਾ ਹੋਇਆ, ਲਾਹੌਰ ਦੇ ਰਸਤੇ ੫ ਜੂਨ ੧੬੩੪ ਨੂੰ ਕਸ਼ਮੀਰ ਪਹੁੰਚਿਆ। ਜਾਂਦੀ ਵਾਰੀ ਸ਼ਾਹ ਜਹਾਨ ਲਾਹੌਰ ਵਿਚ ਬਹੁਤਾ ਚਿਰ ਨਹੀਂ ਸੀ ਠਹਿਰਿਆ। ਤਿੰਨ ਮਹੀਨੇ ਕਸ਼ਮੀਰ ਰਹਿ ਕੇ ਸਤੰਬਰ ਵਿਚ ਉਥੋਂ ਚੱਲ ਕੇ ਨਵੰਬਰ ੧੬੩੪ ਵਿਚ ਸ਼ਾਹ ਜਹਾਨ ਫਿਰ ਲਾਹੌਰ ਆਇਆ, ਅਤੇ ਦੋ ਮਹੀਨੇ ਇਥੇ ਟਿਕਿਆ। ੧੬ ਜਨਵਰੀ ੧੬੩੫ ਨੂੰ ਲਾਹੌਰ ਤੋਂ ਆਗਰੇ ਨੂੰ ਮੁੜਿਆ ਸੀ।

ਮੁਗ਼ਲ ਬਾਦਸ਼ਾਹਾਂ ਦਾ ਖ਼ੁਫ਼ੀਆ-ਪੁਲਸ ਦਾ ਮਹਿਕਮਾ ਬੜਾ ਸੁਚੇਤ ਮਹਿਕਮਾ ਸੀ। ਕੇਂਦਰ 'ਤੇ ਬੈਠੇ ਬਾਦਸ਼ਾਹ ਨੂੰ ਸਾਰੇ ਹਿੰਦੁਸਤਾਨ ਦੀਆਂ ਖ਼ਬਰਾਂ ਅੱਪੜਦੀਆਂ ਰਹਿੰਦੀਆਂ ਸਨ। ਜੇ ਕੋਈ ਗਵਰਨਰ ਸੂਬੇਦਾਰ ਆਪਣੇ ਇਲਾਕੇ ਵਿਚ ਠੀਕ ਪਰਬੰਧ ਨਹੀਂ ਸੀ ਕਰ ਸਕਦਾ ਤਾਂ ਉਸ ਨੂੰ ਹਟਾਣ ਵਿਚ ਕੋਈ ਲਿਹਾਜ਼-ਮੁਲਾਹਜ਼ਾ ਨਹੀਂ ਸੀ ਵਰਤਿਆ ਜਾਂਦਾ। ਸ਼ਾਹ ਜਹਾਨ ਦਾ ਤਾਂ ਇਹ ਰਵੱਈਆ ਸੀ ਕਿ ਇਸ ਮਾਮਲੇ ਵਿਚ ਆਪਣੇ ਪੁੱਤਰਾਂ ਦਾ ਭੀ ਲਿਹਾਜ਼ ਨਹੀਂ ਸੀ ਕਰਦਾ।

ਲਾਹੌਰ ਦੋ ਮਹੀਨੇ ਰਹਿ ਕੇ ਸ਼ਾਹ ਜਹਾਨ ਨੇ ਤਸੱਲੀ ਕਰ ਲਈ ਸੀ ਕਿ ਸਿੱਖਾਂ ਦੀ ਨਿੱਕੀ ਜਿਹੀ ਕੌਮ ਉਤੇ ਚਾਰ ਵਾਰੀ ਫ਼ੌਜੀ ਵਾਰ ਕਰਨ ਵਿਚ ਸਰਾਸਰ ਲਾਹੌਰ ਦੇ ਸੂਬੇਦਾਰ ਦੀ ਗ਼ਲਤੀ ਸੀ। ਕਿਤੇ ਭੀ ਕਿਸੇ ਬਗ਼ਾਵਤ ਦੇ ਨਿਸ਼ਾਨ ਨਹੀਂ ਸਨ। ਗੁਰੂ ਹਰਿ ਗੋਬਿੰਦ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਨੇ ਕਿਤੇ ਕੋਈ ਮੱਲਾਂ ਮੱਲਣ ਦੇ ਜਤਨ ਨਹੀਂ ਕੀਤੇ, ਸਗੋਂ ਝਗੜੇ ਨੂੰ ਮੁਕਾਣ ਦੀ ਖ਼ਾਤਰ ਇਕਲ-ਵਾਂਜੇ ਹੁੰਦੇ ਰਹੇ। ਹੋਛੇ ਬਹਾਨੇ ਬਣਾ ਬਣਾ ਕੇ ਲਾਹੌਰ ਦੇ ਸੂਬੇਦਾਰ ਅਤੇ ਜਲੰਧਰ ਦੇ ਫ਼ੌਜਦਾਰ ਨੇ ਸ਼ਾਂਤੀ-ਪਸੰਦ ਬੰਦਿਆਂ ਨਾਲ ਟੱਕਰ ਲਈ, ਤੇ ਸ਼ਾਹੀ ਫ਼ੌਜ ਦਾ ਨੁਕਸਾਨ ਕਰਾਇਆ। ਚੌਥੀ ਲੜਾਈ ਵਿਚ ਤਾਂ ਉੱਕਾ ਹੀ ਕੋਈ ਬਹਾਨਾ ਨਹੀਂ ਸੀ।

ਸ਼ਾਹ ਜਹਾਨ ਨੇ ਆਪਣੇ ਵੱਡੇ ਸ਼ਾਹਜ਼ਾਦੇ ਦਾਰਾ ਸ਼ਿਕੋਹ ਨੂੰ ਪੰਜਾਬ ਤੇ ਮੁਲਤਾਨ ਦਾ ਗਵਰਨਰ ਮੁਕੱਰਰ ਕਰ ਦਿਤਾ। ਦਾਰਾ ਸ਼ਿਕੋਹ ੨੦ ਮਾਰਚ ਸੰਨ ੧੬੧੫ ਨੂੰ ਅਜਮੇਰ ਜੰਮਿਆ ਸੀ। ਪੰਜਾਬ ਦਾ ਗਵਰਨਰ ਬਣਨ ਵੇਲੇ ਉਸ ਦੀ ਉਮਰ ੨੦ ਸਾਲਾਂ ਦੀ ਸੀ। ਅਗਲੇ ਹੀ ਸਾਲ ਸੰਨ ੧੬੩੬ ਵਿਚ ਸ਼ਾਹ ਜਹਾਨ ਨੇ ਆਪਣੇ ਤੀਜੇ ਸ਼ਾਹਜ਼ਾਦੇ ਔਰੰਗਜ਼ੇਬ ਨੂੰ ਦੱਖਣ ਦਾ ਗਵਰਨਰ ਬਣਾ ਦਿੱਤਾ। ਔਰੰਗਜ਼ੇਬ ਦੀ ਉਮਰ ਉਸ ਵੇਲੇ ੧੮ ਸਾਲਾਂ ਦੀ ਸੀ।

ਦਾਰਾ ਵਿਚ ਧਾਰਮਿਕ ਤੰਗ-ਦਿਲੀ ਨਹੀਂ ਸੀ। ਹਰੇਕ ਧਰਮ ਦੇ ਮਹਾਂ ਪੁਰਖਾਂ ਨੂੰ ਸ਼ੌਕ ਨਾਲ ਮਿਲਦਾ ਸੀ, ਅਤੇ ਉਹਨਾਂ ਦੀਆਂ ਧਰਮ-ਪੁਸਤਕਾਂ ਨੂੰ ਪੜ੍ਹਨ ਵਿਚ ਦਿਲਚਸਪੀ ਲੈਂਦਾ ਸੀ। ਦਾਰਾ ਇਕ ਵਿਦਵਾਨ ਗੱਭਰੂ ਸੀ, ਅਤੇ ਵਿਦਵਾਨਾਂ ਦੀ ਕਦਰ ਕਰਨ ਵਾਲਾ ਭੀ ਸੀ। ਉਸ ਨੇ ਮੁਸਲਮਾਨ ਮਹਾਂਪੁਰਖਾਂ ਦੇ ਜੀਵਨ ਦੀ ਇਕ ਕਿਤਾਬ ਲਿਖੀ, ਜਿਸ ਦਾ ਨਾਂ 'ਸਫ਼ੀਨਤਲ ਔਲੀਆ' ਹੈ। ਦਾਰਾ ਨੇ ਸੰਸਕ੍ਰਿਤ ਦੀਆਂ ਭੀ ਕਈ ਕਿਤਾਬਾਂ ਦੇ ਉਲਥੇ ਫ਼ਾਰਸੀ ਵਿਚ ਕੀਤੇ ਅਤੇ ਕਰਾਏ। ਉਪਨਿਸ਼ਦਾਂ, ਭਾਗਵਤ ਗੀਤਾ ਅਤੇ ਯੋਗ ਵਸ਼ਿਸ਼ਟ ਦਾ ਉਹ ਇਕ ਉੱਘਾ ਵਿਦਵਾਨ ਸੀ। ਦਾਰਾ ਦੇ ਮੁਨਸ਼ੀ ਬਨਵਾਲੀ ਦਾਸ ਨੇ ਸੰਸਕ੍ਰਿਤ ਦੇ ਪਰਸਿੱਧ ਨਾਟਕ 'ਪ੍ਰਬੋਧ ਚੰਦ੍ਰੋਦਯ' ਦਾ ਫ਼ਾਰਸੀ ਵਿਚ ਉਲਥਾ ਕੀਤਾ ਸੀ।

ਅਜਿਹੇ ਖੁੱਲ੍ਹੇ ਸੁਭਾਵ ਵਾਲੇ ਗੱਭਰੂ ਸ਼ਾਹਜ਼ਾਦੇ ਦੇ ਪੰਜਾਬ ਦਾ ਗਵਰਨਰ ਬਣਨ ਨਾਲ ਪੰਜਾਬ ਵਿਚ ਅਮਨ ਸ਼ਾਂਤੀ ਹੋ ਗਈ। ਗੁਰੂ ਹਰਿ ਗੋਬਿੰਦ ਸਾਹਿਬ ਸੰਨ ੧੬੩੪ ਤੋਂ ਲੈ ਕੇ ੧੬੪੪ ਤਕ ਦਸ ਸਾਲ ਦੁਆਬੇ ਅਤੇ ਨਾਲ ਲਗਦੇ ਡੁੱਗਰ ਦੇ ਇਲਾਕੇ ਵਿਚ, ਹਾਕਮਾਂ ਵਲੋਂ ਕਿਸੇ ਰੋਕ ਟੋਕ ਤੋਂ ਬਿਨਾਂ ਸਿਖ-ਧਰਮ ਦਾ ਪਰਚਾਰ ਕਰ ਸਕੇ, ਜਿਸ ਵਿਚ ਗ਼ਰੀਬ ਤੋਂ ਗ਼ਰੀਬ ਦੀ ਮਨੁੱਖਤਾ ਦਾ ਸਤਿਕਾਰ ਕਰਨਾ ਮਨੁੱਖ ਦਾ ਫ਼ਰਜ਼ ਮੰਨਿਆ ਗਿਆ ਹੈ।

## ਸਿੱਖ ਧਰਮ ਦਾ ਪਰਚਾਰ

ਜਿਉਂ ਜਿਉਂ ਕੇਂਦਰੀ ਅਸਥਾਨ ਤੋਂ ਦੂਰ ਦੂਰ ਇਲਾਕਿਆਂ ਵਿਚ ਸਿੱਖਾਂ ਦੀ ਗਿਣਤੀ ਵਧਦੀ ਗਈ, ਤਿਉਂ ਤਿਉਂ ਉਹਨਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨ-ਜੁਗਤ ਦਾ ਪਰਚਾਰ ਕਾਇਮ ਰੱਖਣ ਲਈ ਪਰਚਾਰਕਾਂ ਦੀ ਲੋੜ ਬਣਦੀ ਗਈ। ਗੁਰੂ ਅਮਰਦਾਸ ਜੀ ਨੇ ਬਾਈ 'ਮੰਜੀਆਂ' ਕਾਇਮ ਕੀਤੀਆਂ ਸਨ। ਗੁਰੂ ਰਾਮਦਾਸ ਜੀ ਨੇ ਇਹਨਾਂ ਪਰਚਾਰਕਾਂ ਦੇ ਜ਼ਿੰਮੇ ਇਕ ਕੰਮ ਹੋਰ ਸੌਂਪ ਦਿੱਤਾ। ਮਾਝੇ ਦਾ ਕੇਂਦਰੀ ਨਗਰ ਅੰਮ੍ਰਿਤਸਰ ਵਸਾਇਆ ਜਾ ਰਿਹਾ ਸੀ, ਉਥੇ ਅੰਮ੍ਰਿਤ-ਸਰੋਵਰ ਭੀ ਤਿਆਰ ਕੀਤਾ ਜਾ ਰਿਹਾ ਸੀ। ਕੇਂਦਰੀ ਧਰਮ-ਅਸਥਾਨ

ਭੀ ਬਣਨਾ ਸੀ। ਵਧ ਰਹੀ ਕੌਮ ਨੂੰ ਜਥੇਬੰਦ ਰੱਖਣ ਲਈ ਹੋਰ ਕਈ ਪਰਬੰਧ ਕਰਨੇ ਸਨ। ਇਹਨਾਂ ਸਭਨਾਂ ਕਾਰਜਾਂ ਵਾਸਤੇ ਮਾਇਆ ਦੀ ਲੋੜ ਸੀ। ਪਰਚਾਰਕਾਂ ਨੂੰ ਹਦਾਇਤ ਕੀਤੀ ਗਈ ਕਿ ਕੇਂਦਰੀ ਗੋਲਕ ਵਾਸਤੇ ਸਿੱਖਾਂ ਪਾਸੋਂ ਭੇਟਾ ਇਕੱਠੀ ਕਰ ਕੇ ਲਿਆਇਆ ਕਰਨ। ਨਵੇਂ ਪਰਚਾਰਕ ਰੱਖਣ ਦੀ ਲੋੜ ਦਿਨੋ-ਦਿਨ ਵਧ ਰਹੀ ਸੀ। ਗੁਰੂ ਰਾਮਦਾਸ ਜੀ ਨੇ ਇਹਨਾਂ ਨਵੇਂ ਪਰਚਾਰਕਾਂ ਦਾ ਨਾਮ 'ਮਸੰਦ' ਰੱਖਿਆ। ਪੈਸੇ ਦੇ ਕੰਮ ਵਿਚ ਨੀਅਤ ਬਦਲਦਿਆਂ ਚਿਰ ਨਹੀਂ ਲਗਦਾ। ਕਈ ਥੋੜ੍ਹ-ਵਿਤਿਆਂ ਦੇ ਮਨ ਡੋਲ ਜਾਂਦੇ ਹਨ। ਗੁਰੂ ਅਰਜਨ ਸਾਹਿਬ ਨੇ ਬੰਧਾਨ ਬੰਧ ਦਿਤਾ ਕਿ ਹਰੇਕ ਸਿਖ ਘਰਾਣਾ ਸਿਖ-ਕੌਮ ਦੀ ਉਸਾਰੀ ਵਾਸਤੇ ਆਪਣੀ ਕਮਾਈ ਦਾ ਦਸਵਾਂ ਹਿੱਸਾ ਭੇਜਿਆ ਕਰੇ। ਮਸੰਦ ਉਸ ਸਾਰੀ ਆਮਦਨ ਨੂੰ ਵਹੀਆਂ ਵਿਚ ਦਰਜ ਕਰਦੇ ਜਾਣ। ਜਦੋਂ ਉਹ ਮਾਇਆ ਗੁਰ-ਗੋਲਕ ਵਾਸਤੇ ਲਿਆਂਦੀ ਜਾਵੇ, ਤਾਂ ਉਸ ਇਲਾਕੇ ਦਾ ਕੋਈ ਨਾ ਕੋਈ ਮੁਖੀ ਸਿਖ ਆਪ ਆਇਆ ਕਰੇ।

ਫਿਰ ਵੀ ਹੇਰਾ-ਫੇਰੀ ਦੀ ਸੰਭਾਵਨਾ ਦਿਨੋ-ਦਿਨ ਵਧੀਕ ਹੀ ਬਣਦੀ ਗਈ, ਜਿਸ ਕਰਕੇ ਕਈ ਪਰਚਾਰਕਾਂ ਤੇ ਮਸੰਦਾਂ ਦੇ ਅੰਦਰ ਧਰਮ-ਪਰਚਾਰ ਦਾ ਉਹ ਪਹਿਲਾ ਉਤਸ਼ਾਹ ਪੂਰੇ ਜੋਬਨ ਵਿਚ ਨਾ ਰਹਿ ਸਕਣ ਦੇ ਖ਼ਤਰੇ ਬਣਦੇ ਗਏ। ਬਾਬਾ ਸਿਰੀ ਚੰਦ ਜੀ ਨੇ ਸਾਰੀ ਉਮਰ ਉਹ 'ਉਦਾਸੀ' ਬਾਣਾ ਧਾਰਨ ਕਰੀ ਰੱਖਿਆ ਸੀ ਜੋ ਉਹਨਾਂ ਨੂੰ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦੀ ਜਵਾਨੀ ਸਮੇ ਦੀ ਲੰਮੀ ਅਦੁੱਤੀ ਕੁਰਬਾਨੀ ਦਾ ਚੇਤਾ ਕਰਾਂਦਾ ਰਿਹਾ। ਦਿਹਾਂਤ ਸਮੇ ਉਹਨਾਂ ਉਹ ਬਾਣਾ ਬਾਬਾ ਗੁਰਦਿੱਤਾ ਜੀ ਦੇ ਹਵਾਲੇ ਕੀਤਾ ਅਤੇ ਆਪਣੇ ਚਾਰ ਉੱਘੇ ਸੇਵਕ ਗੁਰੂ ਹਰਿ ਗੋਬਿੰਦ ਸਾਹਿਬ ਪਾਸ ਪੇਸ਼ ਕਰ ਕੇ ਬੇਨਤੀ ਕੀਤੀ ਕਿ ਇਹਨਾਂ ਨੂੰ ਸਿਖ ਧਰਮ ਦਾ ਪਰਚਾਰ ਕਰਨ ਦੀ ਸੇਵਾ ਸੌਂਪੀ ਜਾਏ। ਅਲਮਸਤ, ਗੋਂਦਾ, ਫੂਲ ਸ਼ਾਹ ਅਤੇ ਬਾਲੂ ਹਸਨਾ—ਇਹ ਚਾਰੇ ਨਾਂ ਅਸੀ ਪਿਛੇ ਪੜ੍ਹ ਆਏ ਹਾਂ। ਸਿਖ ਧਰਮ ਦੇ ਪਰਚਾਰ ਵਿਚ ਹੋਰ ਨਵੀਂ ਜਿੰਦ ਪਾਣ ਲਈ ਸਤਿਗੁਰੂ ਜੀ ਨੇ ਇਹ ਨਵੇਂ 'ਉਦਾਸੀ' ਪਰਚਾਰਕ ਨਿਯਤ ਕੀਤੇ, ਇਹਨਾਂ ਦੀ ਸਹਾਇਤਾ ਕਰਨ ਲਈ ਹੋਰ ਭੀ ਅਨੇਕਾਂ ਵਿਦਵਾਨ 'ਉਦਾਸੀ' ਸਿਖ ਮੁਕੱਰਰ ਕੀਤੇ ਗਏ। ਭਾਈ ਅਲਮਸਤ ਦੇ ਉੱਦਮ ਨਾਲ ਨਾਨਕ-ਮਤਾ ਸਿਖ ਧਰਮ ਦੇ ਪਰਚਾਰ ਦਾ ਇਕ ਬੜਾ ਤਕੜਾ ਕੇਂਦਰ ਬਣ ਚੁਕਿਆ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਉੱਤਰ ਪ੍ਰਦੇਸ਼ ਵਿਚ ਹੋਰ ਭੀ ਅਨੇਕਾਂ ਥਾਵਾਂ 'ਤੇ 'ਉਦਾਸੀ' ਵਿਦਵਾਨ ਸਿਖ ਭੇਜੇ, ਜਿਸ ਕਰਕੇ ਉਸ ਪਾਸੇ ਬਿਹਾਰ, ਬੰਗਾਲ, ਆਸਾਮ ਤਕ ਸਿਖ ਧਰਮ ਚੰਗਾ ਚਮਕਿਆ।

## ਬਾਬਾ ਗੁਰਦਿੱਤਾ ਜੀ ਦਾ ਦੇਹਾਂਤ

ਜਦੋਂ ਸੰਨ ੧੬੩੪ ਵਿਚ ਕਰਤਾਰਪੁਰ ਵਾਲੀ ਲੜਾਈ ਖ਼ਤਮ ਹੋਈ, ਜੋ ਪੈਂਦੇ ਖ਼ਾਂ ਦੀ ਬੇ-ਵਫ਼ਾਈ ਦੇ ਕਾਰਨ ਹੋਈ ਸੀ, ਤਾਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ (ਗੁਰੂ) ਤੇਗ਼ ਬਹਾਦਰ ਜੀ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਗਏ। ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਸਤਿਗੁਰੂ ਜੀ ਦੇ ਨਾਲ ਕੀਰਤਪੁਰ ਆ ਗਏ। ਬਾਬਾ ਗੁਰਦਿੱਤਾ ਜੀ ਦੇ ਦੋ ਪੁੱਤਰ ਸਨ—ਬਾਬਾ ਧੀਰ ਮਲ ਅਤੇ (ਗੁਰੂ) ਹਰਿ ਰਾਇ ਸਾਹਿਬ। ਇਹ ਤਾਂ ਆਪਣੇ ਪਿਤਾ ਜੀ ਦੇ ਨਾਲ ਕੀਰਤਪੁਰ ਆ ਗਏ, ਪਰ (ਗੁਰੂ) ਹਰਿ ਰਾਇ ਸਾਹਿਬ ਤੇ ਬਾਬਾ ਧੀਰ ਮਲ ਜੀ ਕਰਤਾਰਪੁਰ ਹੀ ਰਹਿ ਪਏ ਸਨ। ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ 'ਬੀੜ' ਵੀ ਆਪਣੇ ਪਾਸ ਹੀ ਰੱਖ ਲਈ। ਪਹਿਲੀ ਜੰਗ ਸਮੇ ਹੀ ਸੰਨ ੧੬੨੮ ਵਿਚ 'ਬੀੜ' ਪਹਿਲਾਂ ਝਬਾਲ ਭੇਜੀ ਗਈ ਸੀ, ਫਿਰ ਝਬਾਲ ਤੋਂ ਕਰਤਾਰਪੁਰ ਲਿਆਂਦੀ ਗਈ ਸੀ।

ਸੰਨ ੧੬੩੮ ਵਿਚ ਬਾਬਾ ਗੁਰਦਿੱਤਾ ਜੀ ਦਾ ਦੇਹਾਂਤ ਹੋ ਗਿਆ। ਸਿਖ-ਇਤਿਹਾਸ ਲਿਖਦਾ ਹੈ ਕਿ ਇਕ ਦਿਨ ਸ਼ਿਕਾਰ ਖੇਡਣ ਗਿਆਂ ਕਿਸੇ ਗ਼ਰੀਬ ਦੀ ਗਾਂ ਬਾਬਾ ਜੀ ਦੀ ਬੰਦੂਕ ਦਾ ਨਿਸ਼ਾਨਾ ਬਣ ਗਈ। ਪਰ ਬਾਬਾ ਜੀ ਨੇ ਆਪਣੀ ਆਤਮਿਕ ਸੱਤਿਆ ਨਾਲ ਮੋਈ ਗਾਂ ਜਿਵਾਲ ਦਿਤੀ। ਇਹ ਨਾਟਕ ਚੇਟਕ ਸਤਿਗੁਰੂ ਜੀ ਨੂੰ ਪਸੰਦ ਨਾ ਆਇਆ। ਬਾਬਾ ਅਟੱਲ ਸਾਹਿਬ ਵਾਂਗ ਬਾਬਾ ਗੁਰਦਿੱਤਾ ਜੀ ਨੇ ਭੀ ਆਪਣੇ ਪ੍ਰਾਣ ਆਪ ਹੀ ਤਿਆਗ਼ ਦਿੱਤੇ (ਚੇਤ ਸੁਦੀ ੧੦ ਸੰਮਤ ੧੬੯੫)।


www.sikhbookclub.com

# ੧੧ਵਾਂ ਕਾਂਡ

## ਜੋਤੀ ਜੋਤਿ ਸਮਾਉਣਾ

ਬਾਬਾ ਗੁਰਦਿੱਤਾ ਜੀ ਤੋਂ ੬ ਸਾਲ ਪਿਛੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੀਰਤਪੁਰ ਵਿਚ ਆਪਣੇ ਪੋਤਰੇ ਹਰਿ ਰਾਇ ਸਾਹਿਬ ਜੀ ਨੂੰ ਆਪਣੇ ਥਾਂ ਗੁਰੂ ਬਣਾ ਕੇ ਆਪ ੬ ਚੇਤਰ ਸੰਮਤ ੧੭੦੧ ਨੂੰ ਜੋਤੀ ਜੋਤਿ ਸਮਾਏ। ਚੰਦ੍ਰਮਾ ਦੀ ਥਿੱਤ ਦੇ ਹਿਸਾਬ ਉਸ ਦਿਨ ਚੇਤਰ ਸੁਦੀ ੫ ਸੀ। ਐਤਵਾਰ ਦਾ ਦਿਨ ਸੀ। ਈਸਵੀ ਸੰਨ ੧੬੪੪ ਸੀ, ਅਤੇ ਮਾਰਚ ਦੀ ੩ ਤਰੀਕ ਸੀ। ਉਸ ਵੇਲੇ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਤਖ਼ਤ ਉਤੇ ਸੀ।

ਜਨਮ—੨੧ ਹਾੜ ਸੰਮਤ ੧੬੫੨ (੧੯ ਜੂਨ ੧੫੯੫)

ਦੇਹਾਂਤ—੬ ਚੇਤਰ ਸੰਮਤ ੧੭੦੧ (੩ ਮਾਰਚ ੧੬੪੪)

## ਸੰਤਾਨ

(੧) ਬਾਬਾ ਗੁਰਦਿੱਤਾ ਜੀ ਸੰਨ ੧੬੧੩ ਵਿਚ।

(੨) ਬੀਬੀ ਵੀਰੋ ਜੀ ਸੰਨ ੧੬੧੫ ਵਿਚ।

(੩) ਬਾਬਾ ਸੂਰਜ ਮਲ ਜੀ ਸੰਨ ੧੬੧੭ ਵਿਚ।

(੪) ਬਾਬਾ ਅਣੀ ਰਾਇ ਜੀ ਸੰਨ ੧੬੧੮ ਵਿਚ।

(੫) ਬਾਬਾ ਅਟੱਲ ਰਾਇ ਜੀ ਸੰਨ ੧੬੧੯ ਵਿਚ।

(੬) (ਗੁਰੂ) ਤੇਗ਼ ਬਹਾਦਰ ਸਾਹਿਬ ਅਪ੍ਰੈਲ ੧੬੨੧ ਵਿਚ।


www.sikhbookclub.com

# ੧੨ਵਾਂ ਕਾਂਡ

## ਗੁਰੂ ਹਰਿ ਗੋਬਿੰਦ ਸਾਹਿਬ ਦੀ ਸ਼ਖ਼ਸੀਅਤ

### (੧) ਨਿਰਵੈਰਤਾ

(ੳ) ਪੈਂਦੇ ਖ਼ਾਂ ਪੰਦਰ੍ਹਾਂ-ਸੋਲ੍ਹਾਂ ਸਾਲਾਂ ਦਾ ਗੱਭਰੂ ਸੀ, ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਉਸ ਨੂੰ ਸੰਨ ੧੬੧੩ ਵਿਚ ਨੌਕਰ ਰੱਖਿਆ। ਉਸ ਉਤੇ ਬੇਅੰਤ ਮੇਹਰਬਾਨੀਆਂ ਕਰਦੇ ਰਹੇ। ਸੰਨ ੧੬੨੯ ਦੀ ਇਕੋ ਲੜਾਈ ਵਿਚ ਪੈਂਦੇ ਖ਼ਾਂ ਨੇ ਖਾਧੇ ਲੂਣ ਦਾ ਹੱਕ ਦਿੱਤਾ। ਫਿਰ ਅਹੰਕਾਰੀ ਹੋ ਗਿਆ। ਸਤਿਗੁਰੂ ਜੀ ਨੇ ਉਸ ਨੂੰ ਉਸ ਦੇ ਪਿੰਡ ਭੇਜ ਦਿਤਾ, ਪਰ ਉਸ ਦੀ ਤਨਖ਼ਾਹ ਕਾਇਮ ਰੱਖੀ। ਆਖ਼ਰ ੧੬੩੪ ਵਿਚ ਆਪਣੀ ਵਹੁਟੀ ਅਤੇ ਜਵਾਈ ਦੇ ਕਹੇ ਸਤਿਗੁਰੂ ਜੀ ਦੀਆਂ ੨੧ ਸਾਲਾਂ ਦੀਆਂ ਸਭ ਮੇਹਰਬਾਨੀਆਂ ਭੁਲਾ ਕੇ ਪੈਂਦੇ ਖ਼ਾਂ ਬੇ-ਵਫ਼ਾ ਹੋ ਗਿਆ। ਬੇ-ਵਫ਼ਾ ਭੀ ਇਤਨਾ ਕਿ ਲਾਹੌਰ ਦੇ ਸੂਬੇਦਾਰ ਤੋਂ ਫ਼ੌਜ ਲੈ ਕੇ ਚੜ੍ਹ ਆਇਆ। ਆਪਣੀ ਹੱਥੀਂ ਸਤਿਗੁਰੂ ਜੀ ਉਤੇ ਵਾਰ ਕੀਤਿਓਸੁ। ਵਾਰ ਖ਼ਾਲੀ ਜਾਣ 'ਤੇ ਸਤਿਗੁਰੂ ਜੀ ਉਸ ਨੂੰ ਹੱਸ ਕੇ ਹੀ ਆਖਦੇ ਰਹੇ, "ਪੈਂਦੇ ਖ਼ਾਂ! ਤੈਨੂੰ ਇਤਨੀ ਸ਼ਸਤ੍ਰ-ਵਿੱਦਿਆ ਸਿਖਾਈ ਸੀ, ਪਰ ਅੱਜ ਇਕ ਭੀ ਹੁਨਰ ਨਾ ਵਿਖਾ ਸਕਿਓਂ।" ਜਦੋਂ ਆਖ਼ਰ ਪੈਂਦੇ ਖ਼ਾਂ ਜ਼ਖ਼ਮੀ ਹੋ ਕੇ ਡਿੱਗਾ ਤਾਂ ਸਤਿਗੁਰੂ ਜੀ ਨੇ ਆਪਣੀ ਢਾਲ ਨਾਲ ਉਸ ਦੇ ਮੂੰਹ ਉਤੇ ਛਾਂ ਕੀਤੀ ਅਤੇ ਉਸ ਦੀ ਸਾਰੀ ਬੇ-ਵਫ਼ਾਈ ਭੁਲਾ ਕੇ ਰਣਭੂਮੀ ਵਿਚ ਹੀ ਉਸ ਦੀ ਵਿਛੜਦੀ ਰੂਹ ਵਾਸਤੇ ਪ੍ਰਭੂ-ਚਰਨਾਂ ਵਿਚ ਅਰਦਾਸ ਕੀਤੀ।

(ਅ) ਲਾਹੌਰ ਦੇ ਸੂਬੇਦਾਰ ਨੇ ਕਾਲੇ ਖ਼ਾਂ ਦੀ ਕਮਾਨ ਹੇਠ ਫ਼ੌਜ ਭੇਜੀ ਸੀ। ਜਦੋਂ ਪੈਂਦੇ ਖ਼ਾਂ ਮਾਰਿਆ ਗਿਆ, ਤਾਂ ਕਾਲੇ ਖ਼ਾਂ ਨੇ ਸਤਿਗੁਰੂ ਜੀ ਨੂੰ ਲਲਕਾਰਿਆ। ਕਾਲੇ ਖ਼ਾਂ ਬੜੇ ਰੋਹ ਵਿਚ ਆ ਕੇ ਵਾਰ ਕਰਨ ਲੱਗਾ, ਪਰ ਸਤਿਗੁਰੂ ਜੀ ਹੱਸਦੇ-ਮਥੇ ਹੀ ਵਾਰ ਰੋਕਦੇ ਗਏ। ਜਦੋਂ ਉਸ ਦਾ ਤੀਜਾ ਵਾਰ ਭੀ ਖ਼ਾਲੀ ਹੀ ਗਿਆ, ਤਾਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਹੱਸ ਕੇ ਉਸਨੂੰ ਆਖਿਆ, "ਕਾਲੇ ਖ਼ਾਂ! ਜਿਵੇਂ ਤੂੰ ਤਲਵਾਰ ਚਲਾਂਦਾ ਹੈਂ, ਉਸ ਤਰ੍ਹਾਂ ਨਹੀਂ ਚਲਾਈਦੀ, ਵਾਰ ਇਉਂ ਕਰੀਦਾ ਹੈ।" ਇਹ ਆਖ ਕੇ ਇਕੋ ਹੀ ਵਾਰ ਨਾਲ ਕਾਲੇ ਖ਼ਾਂ ਦੇ ਦੋ ਟੋਟੇ ਕਰ ਦਿੱਤੋ ਨੇ।

*ਦਬਿਸਤਾਨੇ ਮਜ਼ਾਹਬ* ਦਾ ਲਿਖਾਰੀ ਮੁੱਲਾਂ ਮੁਹਸਨ ਫ਼ਾਨੀ ਇਸ ਜੰਗ ਦਾ ਹਾਲ ਲਿਖਦਾ ਹੋਇਆ ਆਖਦਾ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਕਿਸੇ ਵੈਰ ਜਾਂ ਕ੍ਰੋਧ ਵਿਚ ਆ ਕੇ ਤਲਵਾਰ ਨਹੀਂ ਸਨ ਚਲਾ ਰਹੇ। ਸਗੋਂ ਇਉਂ ਜਾਪਦਾ ਸੀ ਕਿ ਜਿਵੇਂ ਕਿਸੇ ਸ਼ਗਿਰਦ ਨੂੰ ਤਲਵਾਰ ਚਲਾਣ ਦੀ ਜਾਚ ਸਿਖਾ ਰਹੇ ਸਨ।[੧]

**(੨) ਗ਼ਰੀਬਾਂ ਨਾਲ ਸ਼ਖ਼ਸੀ-ਪਿਆਰ**

ਸਮੁੱਚੇ ਤੌਰ 'ਤੇ ਤਾਂ ਸ਼ੁਰੂ ਤੋਂ ਹੀ ਗ਼ਰੀਬਾਂ ਨੂੰ ਉੱਚਾ ਕਰਨਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਆਦਰਸ਼ ਸੀ। ਹਰੇਕ ਗੁਰ-ਵਿਅਕਤੀ ਨੇ ਅਨੇਕਾਂ ਕਸ਼ਟ ਇਸ ਆਦਰਸ਼ ਦੀ ਖ਼ਾਤਰ ਸਹਾਰੇ। ਪਰ ਗ਼ਰੀਬਾਂ ਨਾਲ ਸ਼ਖ਼ਸੀ ਨੇਹੁੰ ਦੀਆਂ ਝਾਕੀਆਂ ਸ਼ਖ਼ਸੀ ਜੀਵਨ ਵਿਚ ਹੁਲਾਰੇ ਲਿਆਉਂਦੀਆਂ ਹਨ। ਬਾਹਰੋਂ ਦੋ-ਖੰਡੇ ਧਾਰੀ ਦਿੱਸਦਾ ਬੀਰ ਗੁਰੂ,ਅੰਦਰੋਂ ਕਿਸੇ ਗ਼ਰੀਬ ਦੀ ਨਿਕੀ ਜਿਹੀ ਪਿਆਰ-ਸੱਦ 'ਤੇ ਹੀ ਧੂਹਿਆ ਜਾਂਦਾ ਸੀ।

(ੳ) ਸੰਨ ੧੬੧੬-੧੭ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਗਏ। ਸ੍ਰੀ ਨਗਰ ਵਿਚ ਇਕ ਗ਼ਰੀਬ ਬ੍ਰਾਹਮਣ ਸਾਈਂ ਦਾਸ ਅਤੇ ਉਸ ਦੀ ਮਾਂ ਭਾਗ ਭਰੀ ਰਹਿੰਦੇ ਸਨ। ਮਾਈ ਭਾਗ ਭਰੀ ਬਹੁਤ ਹੀ ਬਿਰਧ ਹੋ ਚੁਕੀ ਸੀ। ਗ਼ਰੀਬਣੀ ਨੇ ਆਪਣੀ ਹੱਥੀਂ ਸੂਤਰ ਕੱਤ ਕੇ ਖੱਦਰ ਦਾ ਇਕ ਕੁੜਤਾ ਆਪਣੇ ਦਿਲ ਦੇ ਪਾਤਿਸ਼ਾਹ ਸਤਿਗੁਰੂ ਵਾਸਤੇ ਬਣਾਇਆ ਹੋਇਆ ਸੀ, ਤੇ ਦਿਲ ਵਿਚ ਹੀ ਅਰਦਾਸਾਂ ਕਰਿਆ ਕਰਦੀ ਸੀ—ਪਾਤਿਸ਼ਾਹ! ਮੈਂ ਬਿਰਧ ਹਾਂ ਤੇ ਗ਼ਰੀਬਣੀ ਹਾਂ। ਤੂੰ ਜਾਣਦਾ ਹੈਂ ਮੈਂ ਅੰਮ੍ਰਿਤਸਰ ਤੇਰੇ ਦਰਬਾਰ ਅੱਪੜਨ ਜੋਗੀ ਨਹੀਂ ਹਾਂ। ਇਹ ਕੁੜਤਾ ਗ਼ਰੀਬਣੀ ਦਾ ਕਬੂਲ ਕਰ। ਵੇਖੀਂ, ਮੇਰੀ ਸੱਧਰ ਮੇਰੇ ਦਿਲ ਵਿਚ ਹੀ ਨਾ ਰਹਿ ਜਾਏ, ਮੇਰੇ ਦਿਨ ਮੁੱਕ ਰਹੇ ਹਨ। ਪਾਤਿਸ਼ਾਹ! ਆ ਅਤੇ ਮੇਰੀ ਨਿਮਾਣੀ ਦੀ ਇਹ ਭੇਟ ਕੁੜਤਾ ਗਲ ਪਾ ਕੇ ਵਿਖਾ।

---

੧. ਮੁੱਲਾਂ ਮੁਹਸਨ ਫ਼ਾਨੀ ਕਸ਼ਮੀਰ ਦਾ ਰਹਿਣ ਵਾਲਾ ਸੀ। ਸ਼ਾਹ ਜਹਾਨ ਦੇ ਰਾਜ ਸਮੇ ਕਸ਼ਮੀਰ ਮੁਸਲਮਾਨ ਵਿਦਵਾਨਾਂ ਦਾ ਇਕ ਭਾਰਾ ਕੇਂਦਰ ਸੀ। ਮੁੱਲਾਂ ਹਸਨ ਫ਼ਰੋਗੀ ਵੀ ਕਸ਼ਮੀਰ ਦਾ ਵਸਨੀਕ ਸੀ। ਹੋਰ ਭੀ ਕਈ ਮੁਸਲਮਾਨ ਆਲਮ ਬਾਹਰੋਂ ਕਸ਼ਮੀਰ ਆ ਵੱਸੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਵਿਚ ਉਸ ਸਮੇ ਗਏ ਸਨ ਜਦੋਂ ਉਥੇ ਗਿਲ੍ਹਟੀ-ਤਾਪ ਦਾ ਜ਼ੋਰ ਸੀ। ਮੁਹਸਨ ਫ਼ਾਨੀ ਨੇ ਅੱਖੀਂ ਵੇਖਿਆ ਸੀ ਕਿ ਕਿਵੇਂ ਸਤਿਗੁਰੂ ਜੀ ਦੁਖੀਆਂ ਗ਼ਰੀਬਾਂ ਦੀ ਪਿਆਰ ਨਾਲ ਮਾਇਕ ਸਹਾਇਤਾ ਕਰਦੇ ਸਨ। ਇਸ ਕਰਕੇ ਉਸ ਨੇ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਨੇੜੇ ਦੀ ਸਾਂਝ ਪਾ ਲਈ ਸੀ। ਮੁਹਸਨ ਪੰਜਾਬ ਵਿਚ ਭੀ ਆਇਆ, ਕੁਝ ਚਿਰ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਅਤੇ ਫਿਰ ਗੁਰੂ ਹਰਿ ਰਾਇ ਸਾਹਿਬ ਨੂੰ ਨੇੜੇ ਹੋ ਕੇ ਵੇਖਦਾ ਰਿਹਾ।


www.sikhbookclub.com

ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਗਏ। ਗਏ ਤਾਂ ਸਨ ਗਿਲ੍ਹਟੀ-ਤਾਪ ਦਾ ਸ਼ਿਕਾਰ ਹੋਏ ਗ਼ਰੀਬਾਂ ਦੇ ਦੁੱਖ ਵੰਡਣ, ਪਰ ਮਾਈ ਭਾਗ ਭਰੀ ਦੀ ਸੱਦ ਭੀ ਧ੍ਰੂਹ ਪਾ ਰਹੀ ਸੀ। ਸ੍ਰੀ ਨਗਰ ਪਹੁੰਚੇ, ਦੋ ਦੋ ਮੰਜ਼ਲਾਂ ਦੀ ਇਕ ਇਕ ਕਰ ਕੇ ਮਾਂਈ ਭਾਗ ਭਰੀ ਦਾ ਸੀਤਾ ਹੋਇਆ ਕੁੜਤਾ ਪਾਇਓ ਨੇ। ਕਿੱਥੇ ਇਕ ਗ਼ਰੀਬਣੀ ਦਾ ਖੱਦਰ ਦਾ ਕੁੜਤਾ, ਤੇ ਕਿੱਥੇ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ? ਇਸ ਹੁਲਾਰੇ ਨੂੰ ਉਹ ਗ਼ਰੀਬ ਹੀ ਸਮਝ ਸਕਦਾ ਹੈ ਜਿਸ ਦੀ ਭੇਟ ਸ਼ਹਿਨਸ਼ਾਹ ਨੇ ਕਬੂਲ ਕੀਤੀ ਹੋਵੇ।

(ਅ) ਸੰਨ ੧੬੩੦-੩੧ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਡਰੋਲੀ ਗਏ ਹੋਏ ਸਨ। ਉਹ ਸਾਰੇ ਇਲਾਕੇ ਦੇ ਪਿੰਡਾਂ ਵਿਚ ਭੀ ਜਾਂਦੇ ਸਨ। ਧਾਰਮਕ ਅਤੇ ਰਾਜਸੀ ਗ਼ੁਲਾਮੀ ਹੇਠ ਦੱਬਿਆਂ ਨੂੰ ਮਨੁੱਖਤਾ ਦਾ ਸੁਨੇਹਾ ਦੱਸ ਕੇ ਨਵੀਂ ਜਿੰਦ ਬਖ਼ਸ਼ਦੇ ਸਨ। ਡਰੋਲੀ ਤੋਂ ਵੀਹ ਪੰਝੀ ਮੀਲਾਂ ਦੀ ਵਿੱਥ 'ਤੇ ਪਿੰਡ ਤੁਕਲਾਣੀ ਵਿਚ ਇਕ ਗ਼ਰੀਬ ਸਿਖ ਭਾਈ ਸਾਧੂ ਰਹਿੰਦਾ ਸੀ। ਸਾਧੂ ਨੂੰ ਜੀਵਨ-ਚਿਣਗ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਹੀ ਮਿਲੀ ਸੀ। ਸਾਧੂ ਅਤੇ ਉਸ ਦਾ ਪੰਦਰ੍ਹਾਂ ਸੋਲ੍ਹਾਂ ਸਾਲਾਂ ਦਾ ਗੱਭਰੂ ਪੁੱਤਰ ਰੂਪਾ—ਇਹ ਦੋਵੇਂ ਹਰ ਰੋਜ਼ ਜੰਗ਼ਲ ਵਿਚ ਜਾ ਕੇ ਲੱਕੜਾਂ ਕੱਟਿਆ ਕਰਦੇ ਸਨ। ਇਹਨਾਂ ਦੀ ਆਜੀਵਕਾ ਦਾ ਵਸੀਲਾ ਸੀ। ਘਰੋਂ ਰੋਟੀ ਪਕਵਾ ਲੈਣੀ, ਪਾਣੀ ਦੀ ਟਿੰਡ ਭਰ ਲੈਣੀ, ਜੰਗਲ ਵਿਚ ਆ ਕੇ ਕਿਸੇ ਰੁਖ ਨਾਲ ਲਟਕਾ ਦੇਣੀ। ਕੰਮ-ਕਾਰ ਤੋਂ ਵਿਹਲੇ ਹੋ ਕੇ ਪਿਉ ਪੁੱਤਰ ਦੋਹਾਂ ਨੇ ਉਹ ਰੋਟੀ ਖਾਣੀ ਤੇ ਪਾਣੀ ਪੀਣਾ। ਇਹ ਨਿੱਤ ਦੀ ਕਾਰ ਸੀ।

ਜੇਠ ਹਾੜ ਦੇ ਦਿਨ ਸਨ। ਇਕ ਦਿਨ ਦੁਪਹਿਰਾਂ ਵੇਲੇ ਟਿੰਡ ਨੂੰ ਹੱਥ ਲਾਇਓ ਨੇ ਤਾਂ ਲੋਅ ਨਾਲ ਪਾਣੀ ਬਰਫ਼ ਵਰਗਾ। ਪਿਉ ਦੀ ਸੰਗਤ ਵਿਚ ਰੂਪਾ ਭੀ ਗੁਰੂ-ਪ੍ਰੇਮ ਵਿਚ ਰੰਗਿਆ ਜਾ ਚੁਕਿਆ ਸੀ। ਦੋਹਾਂ ਦੇ ਅੰਦਰ ਤਾਰ ਜਿਹੀ ਖੜਕ ਗਈ—ਕਿਹਾ ਠੰਢਾ ਜਲ ਹੈ ! ਕਿਉਂ ਨਾ ਪਹਿਲਾਂ ਗੁਰੂ-ਪਾਤਿਸ਼ਾਹ ਆਪ ਪੀਵੇ। ਇਸ਼ਕ ਦੀਆਂ ਖੇਡਾਂ ਨਿਆਰੀਆਂ। ਭੁਖ ਤ੍ਰੇਹ ਨਾਲ ਬਿਹਬਲ ਹੋਏ ਪਿਉ ਪੁੱਤਰ ਪਾਤਿਸ਼ਾਹ ਨੂੰ ਸੱਦਣ ਲੱਗ ਪਏ। ਕੜਕਦੀ ਦੁਪਹਿਰ ! ਘੋੜੇ ਉਤੇ ਕਾਠੀ ਪਵਾ ਕੇ ਭਾਈ ਸਾਈਂ ਦਾਸ ਦੇ ਹੈਰਾਨੀ ਨਾਲ ਵੇਂਹਦਿਆਂ ਵੇਂਹਦਿਆਂ ਹਵਾ ਨਾਲ ਗੱਲਾਂ ਕਰਨ ਲੱਗ ਪਏ। ਤੁਕਲਾਣੀ ਦੀ ਜੂਹ ਵਿਚ ਪਹੁੰਚ ਕੇ ਗ਼ਰੀਬ ਆਸ਼ਕਾਂ ਦੀ ਸੱਧਰ ਪੂਰੀ ਕੀਤੀਓ ਨੇ। ਸਤਿਗੁਰੂ ਜੀ ਨੇ ਤਦੋਂ ਹੀ ਭਾਈ ਰੂਪਾ ਪਿੰਡ ਵਸਾਣ ਦਾ ਹੁਕਮ ਕੀਤਾ ਸੀ[੧]।

---

੧. ਭਾਈ ਰੂਪਾ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ੧੧ ਮੀਲ ਉੱਤਰ ਪਾਸੇ ਹੈ।
ਡਰੋਲੀ—ਰੇਲਵੇ ਸਟੇਸ਼ਨ ਡਗਰੂ ਤੋਂ ਡੇਢ ਮੀਲ ਦੱਖਣ ਪਾਸੇ ਹੈ।

# ਗੁਰੂ ਹਰਿ ਗੋਬਿੰਦ ਸਾਹਿਬ ਦੀ ਤਾਲੀਮ

## ਜੀਵਨ-ਸਾਖੀਆਂ ਵਿਚੋਂ

ਗੁਰੂ ਹਰਿ ਗੋਬਿੰਦ ਸਾਹਿਬ ਨੇ ਆਪ ਬਾਣੀ ਨਹੀਂ ਲਿਖੀ। ਹਰੇਕ ਗੁਰ-ਵਿਅਕਤੀ ਨੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਜੀਵਨ-ਰਸਤੇ ਦਾ ਹੀ ਪਰਚਾਰ ਕੀਤਾ। ਉਞ ਹਰੇਕ ਦੇ ਜੀਵਨ ਵਿਚ ਵਾਪਰੀਆਂ ਸਾਖੀਆਂ ਦਾ ਆਪੋ-ਆਪਣਾ ਜੀਵਨ-ਹੁਲਾਰਾ ਹੈ, ਜੋ ਸਿਖ ਨੂੰ ਗੁਰੂ-ਚਰਨਾਂ ਦੇ ਨੇੜੇ ਲਿਆਉਣ ਵਿਚ ਸਹਾਈ ਹੁੰਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਦੀਆਂ ਜੀਵਨ-ਸਾਖੀਆਂ ਵਿਚੋਂ ਹੇਠ-ਲਿਖੀ ਉਚੇਚੀ ਤਾਲੀਮ ਝਲਕਾਂ ਮਾਰਦੀ ਹੈ :

### (੧) ਗ਼ਰੀਬ ਦੀ ਸੇਵਾ ਗੁਰੂ ਦੀ ਸੇਵਾ ਹੈ

ਸੰਨ ੧੬੧੬-੧੭ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਗਏ। ਤਦੋਂ ਗਿਲ੍ਹਟੀ-ਤਾਪ ਉਧਰ ਜ਼ੋਰਾਂ ਵਿਚ ਸੀ। ਸਤਿਗੁਰੂ ਜੀ ਨੇ ਸਾਰੇ ਕਸ਼ਮੀਰ ਵਿਚ ਚੱਕਰ ਲਾਇਆ, ਅਤੇ ਡੋਲ ਰਹੇ ਗ਼ਰੀਬਾਂ ਨੂੰ ਧੀਰਜ-ਧਰਵਾਸ ਤੇ ਮਾਇਕ ਸਹਾਇਤਾ ਦਿਤੀ। ਅਨੇਕਾਂ ਉਹ ਹਿੰਦੂ, ਜੋ ਮੁਸਲਮਾਨ ਬਣ ਚੁਕੇ ਸਨ, ਗੁਰੂ ਹਰਿ ਗੋਬਿੰਦ ਸਾਹਿਬ ਦੇ ਪਰਤਾਪ ਦਾ ਸਦਕਾ ਸਿਖ ਬਣ ਗਏ। ਉਹਨਾਂ ਵਿਚੋਂ ਇਕ ਦਾ ਨਾਮ ਭ਼ਾਈ ਕੱਟੂ ਸੀ। ਜਿਉਂ ਜਿਉਂ ਕਸ਼ਮੀਰੀ ਸਿੱਖਾਂ ਨੂੰ ਸਤਿਗੁਰੂ ਜੀ ਦੇ ਉਧਰ ਆਉਣ ਦੀ ਖ਼ਬਰ ਮਿਲੀ, ਉਹ ਦਰਸ਼ਨ ਕਰਨ ਲਈ ਅੱਪੜਦੇ ਰਹੇ। ਵਿਤ ਅਨੁਸਾਰ ਕੋਈ ਪਿਆਰ-ਭੇਟ ਲੈ ਕੇ ਹਾਜ਼ਰ ਹੋਣਾ ਤਾਂ ਮਰਯਾਦਾ ਚਲੀ ਹੀ ਆ ਰਹੀ ਸੀ। ਕੁਝ ਸਿਖ ਸਤਿਗੁਰੂ ਜੀ ਦੇ ਦਰਸ਼ਨ ਨੂੰ ਜਾਂਦੇ ਹੋਏ ਰਸਤੇ ਵਿਚ ਭਾਈ ਕੱਟੂ ਦੇ ਪਾਸ ਠਹਿਰੇ। ਉਹ ਆਪਣੇ ਇਲਾਕੇ ਦਾ ਤਾਜ਼ਾ ਵਧੀਆ ਸ਼ਹਿਦ ਭੇਟਾ ਕਰਨ ਲਈ ਲੈ ਜਾ ਰਹੇ ਸਨ। ਭਾਈ ਕੱਟੂ ਬੜਾ ਹੀ ਗ਼ਰੀਬ ਸੀ। ਸ਼ਹਿਦ ਵੇਖ ਕੇ ਉਸ ਦਾ ਜੀਅ ਕਰ ਆਇਆ ਥੋੜ੍ਹਾ ਜਿਹਾ ਖਾਣ ਨੂੰ। ਝਕਦਾ ਝਕਦਾ ਇਕ ਸਿਖ ਪਾਸੋਂ ਉਹ ਮੰਗ ਹੀ ਬੈਠਾ। ਪਰ ਉਸ ਨੇ ਅੱਗੋਂ ਕੁਝ ਖਰ੍ਹਵੇ ਜਿਹੇ ਬੋਲ ਬੋਲੇ ਅਤੇ ਆਖਿਆ ਕਿ ਇਹ ਸ਼ਹਿਦ ਸਤਿਗੁਰੂ ਜੀ ਵਾਸਤੇ

ਲੈ ਕੇ ਜਾ ਰਿਹਾ ਹਾਂ, ਰਸਤੇ ਵਿਚ ਜੂਠਾ ਨਹੀਂ ਕੀਤਾ ਜਾ ਸਕਦਾ। ਭਾਈ ਕੱਟੂ ਮਨ ਵਿਚ ਬਹੁਤ ਹੌਲਾ ਪਿਆ, ਅੰਦਰ ਹੀ ਅੰਦਰ ਆਪਣੀ ਗ਼ਰੀਬੀ ਨੂੰ ਲਾਨ੍ਹਤ ਪਾ ਕੇ ਉਸ ਨਿਰਾਦਰੀ ਨੂੰ ਪੀ ਗਿਆ।

ਗੁਰੂ ਹਰਿ ਗੋਬਿੰਦ ਸਾਹਿਬ ਪਾਸ ਪਹੁੰਚ ਕੇ ਸਿਖ ਨੇ ਬੜੇ ਅਦਬ ਸਤਿਕਾਰ ਨਾਲ ਸ਼ਹਿਦ ਪੇਸ਼ ਕੀਤਾ। ਪਰ ਸਤਿਗੁਰੂ ਜੀ ਨੇ ਇਹ ਆਖ ਕੇ ਮੋੜ ਦਿਤਾ ਕਿ ਜਿਸ ਵੇਲੇ ਇਹ ਸ਼ਹਿਦ ਖਾਣ ਨੂੰ ਸਾਡਾ ਜੀਅ ਕੀਤਾ ਸੀ, ਅਸਾਂ ਮੂੰਹੋਂ ਮੰਗਿਆ ਤੇ ਤੁਸਾਂ ਨਾਂਹ ਕਰ ਦਿਤੀ। ਹੁਣ ਸਾਨੂੰ ਇਸ ਦੀ ਲੋੜ ਨਹੀਂ।

## (੨) ਲੰਮੀ ਉਮਰ ਵਧਾਇਆਂ ਧਰਮੀ ਨਹੀਂ ਬਣ ਜਾਈਦਾ

ਜ਼ਿਲਾ ਹੁਸ਼ਿਆਰਪੁਰ ਵਿਚ ਇਕ ਕਸਬਾ ਗੜ੍ਹ ਸ਼ੰਕਰ ਹੈ। ਉਥੇ ਇਕ ਜੋਗੀ ਰਹਿੰਦਾ ਸੀ। ਇਕ ਵਾਰੀ ਜੋਗੀ ਨੇ ਇਲਾਕੇ ਵਿਚ ਮਸ਼ਹੂਰ ਕਰਾ ਦਿਤਾ ਕਿ ਮੈਨੂੰ ਸ਼ਿਵ ਜੀ ਨੇ ਦਰਸ਼ਨ ਦਿਤਾ ਹੈ ਅਤੇ ਬਚਨ ਕੀਤਾ ਹੈ ਜੋ ਜੋ ਮਨੁੱਖ ਤੇਰਾ ਦਰਸ਼ਨ ਕਰੇਗਾ ਉਸ ਨੂੰ ਸੁਰਗ ਪ੍ਰਾਪਤ ਹੋਵੇਗਾ। ਅਨਪੜ੍ਹ ਲੋਕਾਂ ਦੀ ਭੇਡ-ਚਾਲ ਹੁੰਦੀ ਹੈ, ਅਜਿਹੀ ਠੱਗੀ ਵਿਚ ਤੁਰਤ ਆ ਜਾਂਦੇ ਹਨ। ਭੇਟਾ ਲੈ ਕੇ ਲੱਗੇ ਜੋਗੀ ਦੇ ਦਰਸ਼ਨਾਂ ਨੂੰ ਆਉਣ। ਉਥੇ ਸਤਿਗੁਰੂ ਜੀ ਦਾ ਇਕ ਸਿਖ ਭਾਈ ਤਿਲਕਾ ਭੀ ਰਹਿੰਦਾ ਸੀ। ਜੋਗੀ ਦੀਆਂ ਅੱਖਾਂ ਵਿਚ ਉਹ ਸਦਾ ਰੜਕਦਾ ਸੀ, ਕਿਉਂਕਿ ਉਸ ਨੇ ਕਦੇ ਜੋਗੀ ਦੀ ਮੁਥਾਜੀ ਆ ਕੇ ਨਹੀਂ ਕੀਤੀ ਸੀ; ਇਹ ਠੱਗੀ ਭੀ ਜੋਗੀ ਨੇ ਸ਼ਾਇਦ ਉਸੇ ਨੂੰ ਖਿੜਕਾਣ ਲਈ ਕੀਤੀ ਹੋਵੇ, ਪਰ ਭਾਈ ਤਿਲਕਾ ਨਾ ਖਿੜਕਿਆ। ਨਾ ਉਸ ਨੂੰ ਸੁਰਗ ਦੀ ਲੋੜ ਜਾਪੀ ਅਤੇ ਨਾ ਹੀ ਉਹ ਜੋਗੀ ਦਾ ਦਰਸ਼ਨ ਕਰਨ ਗਿਆ। ਜੋਗੀ ਨੇ ਆਪਣੇ ਕਈ ਚੇਲਿਆਂ ਦੀ ਰਾਹੀਂ ਪ੍ਰੇਰਨਾ ਕਰਾਈ, ਪਰ ਤਿਲਕੇ ਉਤੇ ਕੋਈ ਅਸਰ ਨਾ ਹੋਇਆ। ਆਖ਼ਰ ਜੋਗੀ ਆਪ ਹੀ ਤਿਲਕੇ ਨੂੰ ਦਰਸ਼ਨ ਦੇਣ ਚਲ ਪਿਆ। ਅਨੇਕਾਂ ਤਮਾਸ਼-ਬੀਨ ਤੇ ਚੇਲੇ ਨਾਲ ਰਲ ਪਏ। ਤਿਲਕੇ ਨੇ ਅਗੋਂ ਆਪਣੇ ਘਰ ਦਾ ਬੂਹਾ ਅੰਦਰੋਂ ਬੰਦ ਕਰ ਲਿਆ। ਜੋਗੀ ਦੇ ਪ੍ਰੇਰਨ 'ਤੇ ਉੱਤਰ ਦਿਤੋਸੁ ਕਿ ਮੈਂ ਤੁਹਾਡੇ ਸੁਰਗ ਵਿਚ ਜਾ ਕੇ ਆਪਣੇ ਗੁਰੂ ਪਾਤਿਸ਼ਾਹ ਦੇ ਚਰਨਾਂ ਤੋਂ ਵਿਛੜਨ ਨੂੰ ਤਿਆਰ ਨਹੀਂ ਹਾਂ।

ਸਿਖ ਦਾ ਇਤਨਾ ਉੱਚਾ ਜੀਵਨ ਵੇਖ ਕੇ ਜੋਗੀ ਦੀਆਂ ਅੱਖਾਂ ਖੁਲ੍ਹੀਆਂ। ਸਿਖ ਨੂੰ ਨਾਲ ਲੈ ਕੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਸ਼ਨ ਲਈ ਗਿਆ। ਪਰ ਇਕ ਗ੍ਰਿਹਸਤੀ ਗੱਭਰੂ ਉਮਰ ਤੱਕ ਕੇ ਮਨ ਫਿਰ ਡੋਲ ਗਇਓਸੁ। ਪੁੱਛਣ ਲੱਗਾ ਕਿ ਅਸੀ ਜੋਗੀ ਲੋਕ ਬੜੀ ਲੰਮੀ ਲੰਮੀ ਉਮਰ ਵਾਲੇ ਹੁੰਦੇ ਹਾਂ, ਪਰ ਤੁਹਾਨੂੰ ਇਸ ਜਵਾਨੀ ਦੀ ਉਮਰੇ ਹੀ ਸਿਖ ਮੱਥਾ ਟੇਕਦੇ ਹਨ। ਸਤਿਗੁਰੂ ਜੀ ਨੇ ਉੱਤਰ


www.sikhbookclub.com

ਦਿਤਾ ਕਿ ਇਹ ਜ਼ਰੂਰੀ ਨਹੀਂ ਜੁ ਲੰਮੀ ਉਮਰ ਵਧਾਇਆਂ ਧਰਮੀ ਬਣ ਸਕੀਦਾ ਹੈ। ਧਰਮੀ ਜੀਵਨ ਦਾ ਵੱਡੀ ਛੋਟੀ ਉਮਰ ਨਾਲ ਕੋਈ ਸੰਬੰਧ ਨਹੀਂ ਹੈ।

## (੩) ਕਰਾਮਾਤ ਵਿਖਾਣ ਦਾ ਸ਼ੌਕ ਕੁਰਾਹੇ ਪਾ ਦੇਂਦਾ ਹੈ

ਆਤਸ਼ੀ ਸ਼ੀਸ਼ੇ ਉਤੇ ਪੈਂਦੀਆਂ ਸੂਰਜ ਦੀਆਂ ਕਿਰਨਾਂ ਨੂੰ ਜੇ ਇਕ ਕੇਂਦਰੀ ਨੁਕਤੇ ਉਤੇ ਲੈ ਆਈਏ, ਤਾਂ ਉਹਨਾਂ ਇਕੱਠੀਆਂ ਹੋਈਆਂ ਕਿਰਨਾਂ ਵਿਚੋਂ ਤੁਰੰਤ ਅੱਗ ਬਲ ਪੈਂਦੀ ਹੈ। ਜਦ ਤਕ ਕਿਰਨਾਂ ਖਿਲਰੀਆਂ ਰਹਿੰਦੀਆਂ ਹਨ, ਉਹਨਾਂ ਵਿਚ ਅੱਗ ਪੈਦਾ ਕਰਨ ਦੀ ਤਾਕਤ ਨਹੀਂ ਹੁੰਦੀ। ਮਨੁੱਖ ਦੇ ਅੰਦਰ ਰੱਬੀ ਜੋਤਿ ਹੈ। ਪਰ ਮਨ ਦੀਆਂ ਵਾਸ਼ਨਾਂ ਖਿੰਡੀਆਂ ਰਹਿਣ ਕਰਕੇ ਉਸ ਜੋਤਿ ਦਾ ਜਲਵਾ ਪਰਗਟ ਨਹੀਂ ਹੋ ਸਕਦਾ। ਜਿਉਂ ਜਿਉਂ ਖਿੰਡੀ ਸੁਰਤ ਸਮੇਟ ਕੇ ਮਨੁੱਖ ਪ੍ਰਭੂ-ਚਰਨਾਂ ਵਿਚ ਜੁੜਨ ਦੀ ਲਗਨ ਵਧਾਏ, ਮਨ ਬਲਵਾਨ ਹੁੰਦਾ ਜਾਂਦਾ ਹੈ, ਨਿਗਾਹ ਵਿਚ ਤਾਕਤ ਪੈਦਾ ਹੋਣ ਲੱਗ ਪੈਂਦੀ ਹੈ। ਪਰ ਇਸ ਨਵੀਂ ਆਈ ਤਾਕਤ ਨੂੰ ਜਰਨਾ ਬਹੁਤ ਔਖਾ ਹੁੰਦਾ ਹੈ। ਗ਼ਰਜ਼ਮੰਦ ਲੋਕ ਆ ਆ ਕੇ ਮੱਥਾ ਟੇਕਦੇ ਹਨ। ਇਹ ਆਦਰ-ਮਾਣ ਕੁਰਾਹੇ ਪਾ ਦੇਂਦਾ ਹੈ, ਮਨੁੱਖ ਆਤਮਕ ਤਾਕਤ ਨੂੰ ਵਰਤ ਕੇ ਕਰਾਮਾਤਾਂ ਵਿਖਾਣ ਲੱਗ ਪੈਂਦਾ ਹੈ ਅਤੇ ਕਈ ਵਾਰੀ ਰਜ਼ਾ ਦੇ ਉਲਟ ਭੀ ਕੋਈ ਕੰਮ ਕਰ ਬੈਠਦਾ ਹੈ।

ਮੁੱਢੋਂ ਗੁਰੂ ਨਾਨਕ ਦੇਵ ਜੀ ਨੇ ਹੀ ਇਸ ਠੇਡੇ ਤੋਂ ਖ਼ਬਰਦਾਰ ਕਰ ਦਿਤਾ। ਸਿਖ ਨੂੰ ਜਪੁਜੀ ਦੀ ਰਾਹੀਂ ਰੋਜ਼ਾਨਾ ਚੇਤਾ ਕਰਨ ਦੀ ਹਿਦਾਇਤ ਹੋਈ ਕਿ 'ਰਿਧਿ ਸਿਧਿ ਅਵਰਾ ਸਾਦ'। ਪਰ ਫਿਰ ਭੀ ਭੁਲੇਖੇ ਲੱਗਦੇ ਹੀ ਰਹਿੰਦੇ ਹਨ। ਬਾਬਾ ਅਟੱਲ ਸਾਹਿਬ ਨੇ ਇਕ ਹਾਣੀ ਮੋਹਨ ਨੂੰ ਜਿਵਾਲਣ ਅਤੇ ਬਾਬਾ ਗੁਰਦਿਤਾ ਜੀ ਨੇ ਇਕ ਗਾਂ ਨੂੰ ਜਿਵਾਲਣ ਦੀ ਕਰਾਮਾਤ ਕਰ ਹੀ ਵਿਖਾਈ। ਗੁਰੂ ਹਰਿ ਗੋਬਿੰਦ ਸਾਹਿਬ ਨੇ ਇਤਨੇ ਹੋਣਹਾਰ ਸਾਹਿਬਜ਼ਾਦਿਆਂ ਦੇ ਸਦੀਵੀ ਵਿਛੋੜੇ ਨੂੰ ਝੱਲਣਾ ਪਰਵਾਨ ਕਰ ਲਿਆ, ਪਰ ਸਿਖ ਕੌਮ ਨੂੰ ਰਿੱਧੀਆਂ-ਸਿੱਧੀਆਂ ਅਤੇ ਕਰਾਮਾਤਾਂ ਦੇ ਕੁਰਾਹੇ ਨਾ ਪੈਣ ਦਿੱਤਾ।

## (੪) ਗੁਰੂ-ਚਰਨਾਂ ਦਾ ਪਿਆਰ ਹੀ ਅਸਲ ਸੁਰਗ ਹੈ

ਜਿਨ੍ਹੀਂ ਦਿਨੀਂ ਗੁਰੂ ਹਰਿ ਗੋਬਿੰਦ ਸਾਹਿਬ ਸ੍ਰੀ ਹਰਿ ਗੋਬਿੰਦਪੁਰੇ ਟਿਕੇ ਹੋਏ ਸਨ, ਵਟਾਲੇ ਦਾ ਇਕ ਬ੍ਰਾਹਮਣ ਨਿੱਤਿਆਨੰਦ ਉਥੇ ਚਲਾ ਗਿਆ। ਆਪਣਾ ਘਟਦਾ ਰਸੂਖ਼ ਵੇਖ ਕੇ ਬ੍ਰਾਹਮਣ ਮੁੜ ਮੁੜ ਹੱਥ ਪੈਰ ਮਾਰਦੇ ਹੀ ਰਹਿੰਦੇ ਸਨ ਕਿ ਕਿਵੇਂ ਲੋਕਾਂ ਵਿਚ ਭਰਮ-ਭਾ ਬਣਿਆ ਰਹੇ ਅਤੇ ਪੂਜਾ ਦੀ ਮਾਇਆ

ਜਜਮਾਨਾਂ ਪਾਸੋਂ ਮਿਲਦੀ ਰਹੇ। ਨਿੱਤਿਆਨੰਦ ਨੇ ਸਤਿਗੁਰੂ ਤੋਂ ਆਗਿਆ ਲੈ ਕੇ ਸਿੱਖਾਂ ਨੂੰ ਗਰੁੜ ਪੁਰਾਣ ਦੀ ਕਥਾ ਸੁਣਾਣੀ ਸ਼ੁਰੂ ਕੀਤੀ। ਪੰਡਿਤ ਕਥਾ ਵਿਚ ਸੁਰਗ-ਲੋਕ ਦੇ ਮਨ-ਮੋਹਣੇ ਨਕਸ਼ੇ ਪੇਸ਼ ਕਰਦਾ ਰਿਹਾ; ਅਤੇ ਇਹ ਭੀ ਦੱਸਿਓਸ ਕਿ ਉਥੇ ਇਕ ਸਾਲ ਵਿਚ ਅੱਪੜ ਸਕੀਦਾ ਹੈ। ਜਦੋਂ ਕਥਾ ਸਮਾਪਤ ਹੋਈ, ਤਾਂ ਇਕ ਸਿਖ ਨੇ ਉੱਠ ਕੇ ਆਖਿਆ ਕਿ ਇਕ ਸਾਲ ਦੇ ਥਾਂ ਮੈਂ ਇਕ ਮਹੀਨੇ ਵਿਚ ਪਹੁੰਚ ਸਕਦਾ ਹਾਂ। ਇਕ ਹੋਰ ਉੱਠਿਆ ਤੇ ਕਹਿਣ ਲੱਗਾ ਕਿ ਇਕ ਮਹੀਨਾ ਭੀ ਕਿਉਂ ਲੱਗੇ, ਮੈਂ ਤਾਂ ਅੱਠਾਂ ਪਹਿਰਾਂ ਵਿਚ ਅੱਪੜ ਕੇ ਵਿਖਾ ਦੇਂਦਾ ਹਾਂ। ਪੰਡਿਤ ਨਿੱਤਿਆਨੰਦ ਇਹ ਸੁਣ ਕੇ ਕੁਝ ਛਿੱਥਾ ਪਿਆ, ਅਤੇ ਸਤਿਗੁਰੂ ਜੀ ਪਾਸ ਸ਼ਿਕਾਇਤ ਕਰਨ ਨੂੰ ਹੀ ਸੀ ਕਿ ਇਕ ਤੀਜੇ ਸਿਖ ਨੇ ਉੱਠ ਕੇ ਕਿਹਾ, ਪੰਡਿਤ ਜੀ! ਅੱਠ ਪਹਿਰ ਭੀ ਜ਼ਾਇਆ ਕਰਨ ਦੀ ਕੀ ਲੋੜ ਹੈ? ਅਸਾਂ ਸੁਰਗ ਤੋਂ ਕੀ ਲੈਣਾ? ਇਹ ਲਾਲਚ ਉਹਨਾਂ ਨੂੰ ਦਿਉ, ਜੋ ਗੁਰੂ-ਦਰ ਤੋਂ ਵਿਛੜ ਕੇ ਦੁਨੀਆ ਵਿਚ ਰੁਲ ਰਹੇ ਹਨ। ਜਿਨ੍ਹਾਂ ਭਾਗਾਂ ਵਾਲਿਆਂ ਨੂੰ ਗੁਰੂ-ਪਾਤਿਸ਼ਾਹ ਦੇ ਸੋਹਣੇ ਕਦਮਾਂ ਦੀ ਖ਼ਾਕ ਨਸੀਬ ਹੋਈ ਹੈ, ਉਹ ਤੁਹਾਡੇ ਸੁਰਗਾਂ ਦੀ ਕੀ ਪਰਵਾਹ ਕਰਦੇ ਹਨ? ਸਤਸੰਗ ਦੀ ਚਰਨ-ਧੂੜ ਇਕ ਅਜਿਹੀ ਦਾਤਿ ਹੈ ਜੋ ਮਿੱਟੀ ਵਿਚ ਰੁਲੀ ਹੋਈ ਜਿੰਦ ਨੂੰ ਅਕਸੀਰ ਬਣਾ ਦੇਂਦੀ ਹੈ।

ਸਤਿਗੁਰੂ ਜੀ ਨੇ ਨਿਰਾਸ਼ ਹੋਏ ਪੰਡਿਤ ਨੂੰ ਸਮਝਾਇਆ ਕਿ ਸਤਸੰਗ ਦੀ ਬਰਕਤ ਨਾਲ ਦੂਰ-ਦਰਸ਼ੀ ਹੋਏ ਸਿੱਖਾਂ ਨੂੰ ਸੁਰਗ ਬਹਿਸ਼ਤ ਦੇ ਲਾਲਚ ਪੋਹ ਨਹੀਂ ਸਕਦੇ। ਨਿੱਤਿਆਨੰਦ ਨੇ ਵੇਖ ਲਿਆ ਕਿ ਗੁਰੂ ਤੇ ਸਿੱਖਾਂ ਉਤੇ ਜਜਮਾਨੀ ਪੁਰੋਹਤੀ ਵਾਲਾ ਜਾਦੂ ਹੁਣ ਚੱਲ ਨਹੀਂ ਸਕਦਾ। ਆਪਣੀਆਂ ਪੋਥੀਆਂ ਸਾਂਭ ਕੇ ਵਟਾਲੇ ਨੂੰ ਮੁੜ ਆਇਆ।

✪

ੴ ਸਤਿਗੁਰਪ੍ਰਸਾਦਿ ॥

## ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਹਰਿ ਰਾਇ ਸਾਹਿਬ

**(੧੬੩੦—੧੬੬੧)**

## ਜਨਮ-ਤਰੀਕ ਅਤੇ ਅਸਥਾਨ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ—ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਣੀ ਰਾਇ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ।

ਬਾਬਾ ਗੁਰਦਿੱਤਾ ਜੀ ਦੇ ਦੋ ਪੁੱਤਰ ਸਨ—ਬਾਬਾ ਧੀਰਮਲ ਜੀ ਅਤੇ (ਗੁਰੂ) ਹਰਿ ਰਾਇ ਸਾਹਿਬ।

(ਗੁਰੂ) ਹਰਿ ਰਾਇ ਸਾਹਿਬ ਦਾ ਜਨਮ ਨਗਰ ਕੀਰਤਪੁਰ ਵਿਚ ਮਾਘ ਸੁਦੀ ੧੩, (੧੯ ਮਾਘ) ਸੰਮਤ ੧੬੮੭ (ਮੁਤਾਬਕ ੧੬ ਜਨਵਰੀ ਸੰਨ ੧੬੩੦) ਨੂੰ ਹੋਇਆ ਸੀ। ਕੀਰਤਪੁਰ ਜ਼ਿਲਾ ਹੁਸ਼ਿਆਰਪੁਰ ਵਿਚ ਹੈ। ਇਹ ਨਗਰ ਹਾੜ ਸੰਮਤ ੧੬੮੪ (ਸੰਨ ੧੬੨੭) ਨੂੰ ਵੱਸਿਆ ਸੀ। ਦੂਣ ਹੰਡੂਰ ਦੇ ਰਾਜੇ ਤਾਰਾ ਚੰਦ ਤੋਂ ਜ਼ਮੀਨ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਇਹ ਉਹੀ ਥਾਂ ਹੈ ਜਿਥੇ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ। ਹੁਣ ਕੀਰਤਪੁਰ ਰੇਲ ਦਾ ਸਟੇਸ਼ਨ ਹੈ, ਸਰਹੰਦ ਤੋਂ ਪਹਾੜ ਪਾਸੇ ਵੱਲ ਨੰਗਲ ਤਕ ਜਾਣ ਵਾਲੀ ਰੇਲਵੇ ਲਾਈਨ ਉਤੇ ਸਰਹੰਦ ਤੋਂ ਯਾਰ੍ਹਵਾਂ ਤੇ ਰੋਪੜ ਤੋਂ ਤੀਜਾ। ਸਰਹੰਦ ਤੋਂ ਕੀਰਤਪੁਰ ੪੩ ਮੀਲ ਅਤੇ ਰੋਪੜ ਤੋਂ ੧੭ ਮੀਲ ਦੀ ਵਿੱਥ 'ਤੇ ਹੈ। ਕੀਰਤਪੁਰ ਤੋਂ ਅਗਲਾ ਸਟੇਸ਼ਨ ਅਨੰਦਪੁਰ ਤੇ ਉਸ ਤੋਂ ਅਗਲਾ ਨੰਗਲ ਹੈ। ਕੀਰਤਪੁਰ ਤੇ ਅਨੰਦਪੁਰ ਦੀ ਵਿੱਥ ਪੰਜ ਮੀਲਾਂ ਦੀ ਹੈ।

## ਗੁਰਿਆਈ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੬ ਚੇਤਰ ਸੰਮਤ ੧੭੦੧ (ਮੁਤਾਬਕ ੩ ਮਾਰਚ ੧੬੪੪) ਨੂੰ ਐਤਵਾਰ ਕੀਰਤਪੁਰ ਜੋਤੀ-ਜੋਤਿ ਸਮਾਏ ਸਨ। ਆਪਣੇ ਦੇਹਾਂਤ ਤੋਂ ਪਹਿਲਾਂ ਉਹਨਾਂ ਨੇ ਆਪਣੇ ਥਾਂ ਹਰਿ ਰਾਇ ਸਾਹਿਬ ਜੀ ਨੂੰ ਗੁਰਿਆਈ ਦੀ ਜ਼ਿਮੇਵਾਰੀ ਸੌਂਪੀ। ਸੋ, ਉਸ ਵਕਤ ਇਹਨਾਂ ਦੀ ਉਮਰ ੧੪ ਸਾਲਾਂ ਦੇ ਕਰੀਬ ਸੀ।

## ਔੜ ਅਤੇ ਕਾਲ

ਅਸੀ ਪਿੱਛੇ ਪੜ੍ਹ ਆਏ ਹਾਂ ਕਿ ਅਕਬਰ ਦੇ ਰਾਜ ਸਮੇ ਮਾਝੇ ਵਿਚ ਤਿੰਨ ਚਾਰ ਸਾਲ ਬੜੀ ਔੜ ਲੱਗਣ ਦੇ ਕਾਰਨ ਭਿਆਨਕ ਕਾਲ ਪਿਆ ਸੀ। ਗੁਰੂ ਅਰਜਨ ਸਾਹਿਬ ਨੇ ਮਾਝੇ ਦੇ ਪਿੰਡ ਪਿੰਡ ਵਿਚ ਜਾ ਕੇ ਲੋੜਵੰਦਿਆਂ ਨੂੰ ਮਾਇਕ ਸਹਾਹਿਤਾ ਦੇ ਦੇ ਕੇ ਖੂਹ ਲਵਾਏ ਸਨ। ਇਸ ਕਾਲ ਦਾ ਅਸਰ ਜਦੋਂ ਲਾਹੌਰ ਸ਼ਹਿਰ ਉਤੇ ਪਿਆ, ਤਾਂ ਸਤਿਗੁਰੂ ਜੀ ਅੱਠ ਮਹੀਨੇ ਲਾਹੌਰ ਰਹਿ ਕੇ ਦੁਖੀਆਂ ਦੀ ਹਰ ਤਰ੍ਹਾਂ ਮਦਦ ਕਰਦੇ ਰਹੇ। ਇਹੀ ਕਾਰਨ ਸੀ ਕਿ ਅਕਬਰ ਦੇ ਦਿਲ ਵਿਚ ਗੁਰ-ਘਰ ਵਾਸਤੇ ਆਦਰ-ਸਤਿਕਾਰ ਸੀ।

ਅਸੀ ਇਹ ਭੀ ਵੇਖ ਆਏ ਹਾਂ ਕਿ ਜਹਾਂਗੀਰ ਦੇ ਵਕਤ ਲਾਹੌਰ ਅਤੇ ਕਸ਼ਮੀਰ ਵਿਚ ਗਿਲ੍ਹਟੀ-ਤਾਪ ਨੇ ਬੜੇ ਆਹੂ ਲਾਏ ਸਨ। ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰੀਆਂ ਦੀ ਮਦਦ ਕਰਨ ਲਈ ਦੋ ਦੋ ਮੰਜ਼ਲਾਂ ਦੀ ਇਕ ਇਕ ਮੰਜ਼ਲ ਕਰ ਕੇ ਕਸ਼ਮੀਰ ਗਏ ਸਨ। ਉਥੇ ਇਕ ਸਾਲ ਦੇ ਕਰੀਬ ਉਹਨਾਂ ਲੋਕਾਂ ਦੀ ਉਹ ਹਰ ਤਰ੍ਹਾਂ ਸਹਾਇਤਾ ਕਰਦੇ ਰਹੇ ਸਨ। ਫਿਰ ਲਾਹੌਰ ਆ ਕੇ ਭੀ ਸਤਿਗੁਰੂ ਜੀ ਨੇ ਮਰੀ ਦਾ ਸ਼ਿਕਾਰ ਹੋ ਰਹੇ ਗ਼ਰੀਬਾਂ ਦੀ ਮਦਦ ਕੀਤੀ ਸੀ। ਕਸ਼ਮੀਰ ਅਤੇ ਮਾਝੇ ਵਿਚ ਇਸੇ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਬੜੇ ਹਰਮਨ ਪਿਆਰੇ ਹੋ ਗਏ ਸਨ। ਪਰ ਜਹਾਂਗੀਰ ਉਤੇ ਇਸ ਦਾ ਉਲਟਾ ਅਸਰ ਪਿਆ ਸੀ। ਉਸ ਨੂੰ ਤੌਖਲਾ ਪੈ ਗਿਆ ਸੀ ਕਿ ਕਿਤੇ ਸਿੱਖਾਂ ਦੀ ਵਧਦੀ ਤਾਕਤ ਮੁਗ਼ਲ ਹਕੂਮਤ ਵਾਸਤੇ ਖ਼ਤਰਾ ਨਾ ਬਣ ਜਾਏ।

ਸ਼ਾਹ ਜਹਾਨ ਦੇ ਰਾਜ ਸਮੇ ਭੀ ਹਿੰਦੁਸਤਾਨ ਵਿਚ ਭਾਰਾ ਕਾਲ ਪਿਆ ਸੀ। ਪਹਿਲਾਂ ਦੱਖਣ ਵਿਚ, ਫਿਰ ਕਸ਼ਮੀਰ ਵਿਚ ਅਤੇ ਫਿਰ ਪੰਜਾਬ ਵਿਚ। ਕਸ਼ਮੀਰ ਵਿਚ ਤਾਂ ਬਹੁਤੀ ਵਰਖਾ ਨੇ ਫ਼ਸਲ-ਮਾਰ ਕਰ ਦਿੱਤੀ, ਦੱਖਣ ਅਤੇ

 www.sikhbookclub.com

ਪੰਜਾਬ ਵਿਚ ਔੜ ਨੇ ਲੋਕਾਂ ਨੂੰ ਆਤੁਰ ਕਰ ਦਿੱਤਾ। ਸੰਨ ੧੬੩੯ ਵਿਚ ਸ਼ਾਹ ਜਹਾਨ ਨੇ ਪੰਜਾਬ ਵਿਚ ਨਹਿਰਾਂ ਪੁਟਾਣ ਦੇ ਜਤਨ ਤਾਂ ਕੀਤੇ ਕਰਾਏ, ਪਰ ਫਿਰ ਭੀ ਸੰਨ ੧੬੪੬ ਵਿਚ ਇਥੇ ਕਾਲ ਪੈ ਹੀ ਗਿਆ। ਤਿੰਨ ਕੁ ਸਾਲ ਬੜੀ ਔੜ ਲੱਗੀ ਰਹੀ। ਜਿਥੇ ਜਿਥੇ ਇਸ ਔੜ ਨੇ ਤਬਾਹੀ ਮਚਾਈ, ਲੋਕ ਰੋਟੀ ਦੀ ਇਕ ਇਕ ਬੁਰਕੀ ਤੋਂ ਆਤੁਰ ਹੋ ਗਏ। ਇਕ ਇਕ ਰੋਟੀ ਤੋਂ ਸਰੀਰਕ ਇੱਜ਼ਤ ਵਿਕ ਰਹੀ ਸੀ। ਮਨੁੱਖ ਮਨੁੱਖਾਂ ਨੂੰ ਖਾਣ ਲੱਗ ਪਏ। ਮਾਪੇ ਆਪਣੇ ਬੱਚਿਆਂ ਨੂੰ ਵੇਚ ਰਹੇ ਸਨ। ਸ਼ਾਹ ਜਹਾਨ ਨੇ ਸ਼ਾਹੀ ਖ਼ਜ਼ਾਨੇ ਵਿਚੋਂ ਚਾਲੀ ਕੁ ਹਜ਼ਾਰ ਰੁਪਇਆ ਦੇ ਕੇ ਦਸ ਲੰਗਰ ਖੁਲ੍ਹਾਏ ਸਨ, ਪਰ ਇਤਨੀ ਥੋੜ੍ਹੀ ਰਕਮ ਨਾਲ ਅਤੇ ਫਿਰ ਸਰਕਾਰੀ ਹਾਕਮਾਂ ਦੀ ਰਾਹੀਂ ਵਰਤੀ ਰਕਮ ਨਾਲ ਕਾਲ-ਪੀੜਤਾਂ ਦੀ ਕਿਤਨੀ ਕੁ ਸਹਾਇਤਾ ਹੋ ਸਕਦੀ ਸੀ ?

ਗੁਰੂ ਹਰਿ ਰਾਇ ਸਾਹਿਬ ਦੇ ਸਾਹਮਣੇ ਆਪਣੇ ਦਾਦਾ ਅਤੇ ਪੜਦਾਦਾ ਜੀ ਦੇ ਪਾਏ ਪੂਰਨੇ ਮੌਜੂਦ ਸਨ। ਜਿਸ ਦਸਵੰਧ-ਮਰਯਾਦਾ ਨੇ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਗ਼ਰੀਬਾਂ ਨੂੰ ਅਮੋਲਕ ਸਹਾਰਾ ਦਿੱਤਾ ਸੀ, ਉਹੀ ਦਸਵੰਧ ਹੁਣ ਭੀ ਕਾਲ-ਪੀੜਤਾਂ ਲਈ ਥੰਮ੍ਹੀ ਸਾਬਤ ਹੋਇਆ। ਸਿੱਖਾਂ ਦੀ ਗਿਣਤੀ ਭੀ ਅੱਗੇ ਨਾਲੋਂ ਬਹੁਤ ਵੱਧ ਚੁਕੀ ਹੋਈ ਸੀ। ਹੋਰ ਹੋਰ ਪ੍ਰਾਂਤਾਂ ਵਿਚੋਂ ਸੁਖੀ-ਵੱਸਦੇ ਸਿੱਖਾਂ ਨੇ ਦਿਲ ਖੋਲ੍ਹ ਕੇ ਮਾਇਆ ਭੇਜੀ, ਜੋ ਗੁਰੂ ਹਰਿ ਰਾਇ ਸਾਹਿਬ ਨੇ ਕਾਲ-ਪੀੜਤਾਂ ਦੀ ਮਦਦ ਵਾਸਤੇ ਵਰਤੀ।

## ਮੰਦਰਾਂ ਵਿਰੁੱਧ ਸ਼ਾਹੀ ਹੁਕਮ

ਕੋਈ ਭੀ ਧਰਮ ਹੋਵੇ, ਕਿਤਨੇ ਹੀ ਉੱਚੇ ਆਦਰਸ਼ ਵਾਲਾ ਹੋਵੇ, ਜਦੋਂ ਉਹ ਸਿਰਫ਼ ਰੀਤਾਂ-ਰਸਮਾਂ ਦੀ ਹੱਦ-ਬੰਦੀ ਵਿਚ ਆ ਜਾਂਦਾ ਹੈ, ਤਦੋਂ ਉਸ ਧਰਮ ਦੇ ਆਗੂ ਤੇ ਰਾਖੇ ਮਨੁੱਖਤਾ ਦੀ ਕਦਰ ਕਰਨ ਦੇ ਨਿਸ਼ਾਨੇ ਤੋਂ ਉੱਕ ਜਾਂਦੇ ਹਨ। ਨਵੇਂ ਨਵੇਂ ਧਰਮ-ਅਸਥਾਨ ਭੀ ਬਣਦੇ ਹੀ ਰਹਿੰਦੇ ਹਨ, ਫਿਰ ਭੀ ਧਾਰਮਿਕ ਕ੍ਰਿਆ ਧਰਮ-ਅਸਥਾਨਾਂ ਦੇ ਅੰਦਰ ਹੀ ਰਹਿ ਜਾਂਦੀ ਹੈ। ਇਹ ਕਮਜ਼ੋਰੀ ਹਿੰਦੂ ਧਰਮ ਦੇ ਨੇਤਾ ਬ੍ਰਾਹਮਣ ਲੋਕਾਂ ਵਿਚ ਆ ਹੀ ਚੁਕੀ ਸੀ। ਖ਼ਲਕਤ ਦਾ ਭਲਾ ਚਾਹੁਣ ਵਾਲੇ ਹਰੇਕ ਵਿਅਕਤੀ ਦਾ ਹੱਕ ਤੇ ਫ਼ਰਜ਼ ਹੈ ਕਿ ਇਸ ਉਕਾਈ ਵਲੋਂ ਜਨਤਾ ਨੂੰ ਸੁਚੇਤ ਕਰੇ। ਪਰ ਇਹ ਹੱਕ ਕਿਸੇ ਦਾ ਭੀ ਨਹੀਂ ਕਿ ਤਲਵਾਰ ਦੇ ਡਰਾਵੇ ਦੇ ਕੇ ਕੁਰਾਹ ਤੋਂ ਵਰਜੇ। ਹਿੰਦੂ-ਕੌਮ ਵਿਚ ਮੂਰਤੀ-ਪੂਜਾ ਦਾ ਬਹੁਤ ਪ੍ਰਚਾਰ ਹੋ ਚੁਕਾ ਸੀ। ਇਹ ਮੂਰਤੀ-ਪੂਜਾ ਮੂਰਤੀ-ਪੂਜ ਮਨੁੱਖ ਨੂੰ ਮਨੁੱਖ-ਜਾਤੀ ਦੀ ਸੇਵਾ

ਵਲੋਂ ਹੋਰ ਭੀ ਅਵੇਸਲਾ ਕਰਦੀ ਹੈ। ਮੂਰਤੀ-ਪੂਜ ਮਨੁੱਖ ਆਪਣੇ ਇਸ਼ਟ ਦੇਵਤੇ ਦੀ ਧੂਪ ਨਈਵੇਦ ਆਦਿਕ ਨਾਲ ਸੇਵਾ ਕਰ ਕੇ ਹੀ ਆਪਣੇ ਆਪ ਨੂੰ ਧਰਮੀ ਸਮਝੀ ਰੱਖਦਾ ਹੈ। ਮਨੁੱਖਾਂ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣਨ ਦੀ ਉਹ ਲੋੜ ਮਹਿਸੂਸ ਨਹੀਂ ਕਰਦਾ। ਸਾਰੇ ਭਾਰਤ ਦੇ ਪਿੰਡ ਪਿੰਡ, ਸ਼ਹਿਰ ਸ਼ਹਿਰ ਵਿਚ ਹਿੰਦੂ ਮੰਦਰਾਂ ਦਾ ਜਾਲ ਵਿਛਿਆ ਹੋਇਆ ਸੀ। ਹਰ ਥਾਂ ਇਹੀ ਧਰਮ ਕਮਾਇਆ ਜਾ ਰਿਹਾ ਸੀ। ਖ਼ਲਕਤ ਦੇ ਹਰੇਕ ਦਰਦੀ ਦਾ ਇਹ ਭੀ ਹੱਕ ਤੇ ਫ਼ਰਜ਼ ਹੈ ਕਿ ਇਸ ਉਕਾਈ ਵਲ ਭੀ ਧਿਆਨ ਦਿਵਾਏ। ਪਰ ਤਾਕਤ ਦਾ ਵਿਖਾਵਾ ਮਨੁੱਖਤਾ ਦੇ ਉਲਟ ਹੈ। ਮੁਸਲਮਾਨ ਮੂਰਤੀ-ਪੂਜਾ ਦੇ ਵਿਰੋਧੀ ਹਨ। ਮੁਸਲਮਾਨ ਬਾਦਸ਼ਾਹਾਂ ਦੇ ਨਾਲ, ਬੜੇ ਬੜੇ ਉੱਘੇ ਵਿਦਵਾਨ, ਆਲਮ-ਫ਼ਾਜ਼ਲ, ਪੀਰ-ਫ਼ਕੀਰ, ਔਲੀਆ ਭੀ ਹਿੰਦੁਸਤਾਨ ਵਿਚ ਆ ਗਏ, ਜੋ ਭਾਰਤ-ਵਾਸੀ ਹਿੰਦੂਆਂ ਨੂੰ ਇਸਲਾਮ ਦੀਆਂ ਖ਼ੂਬੀਆਂ ਦੱਸ ਕੇ ਉਹਨਾਂ ਨੂੰ ਮੁਸਲਮਾਨ ਬਣਨ ਲਈ ਪ੍ਰੇਰਦੇ ਸਨ, ਮੂਰਤੀ-ਪੂਜਾ ਵਲੋਂ ਭੀ ਰੋਕਦੇ ਸਨ। ਇਹ ਉੱਦਮ ਉਹਨਾਂ ਦਾ ਹੱਕ ਸੀ। ਮੁਗ਼ਲ ਬਾਦਸ਼ਾਹਾਂ ਦੇ ਵੇਲੇ ਲਾਹੌਰ, ਅੰਬਾਲਾ, ਸਰਹੰਦ, ਥਾਨੇਸਰ, ਅਹਿਮਦਾਬਾਦ, ਬੁਰਹਾਨਪੁਰ ਅਤੇ ਜੌਨਪੁਰ ਇਸਲਾਮੀ ਪ੍ਰਚਾਰ ਦੇ ਬੜੇ ਪਰਸਿੱਧ ਕੇਂਦਰ ਸਨ। ਕਸ਼ਮੀਰ ਭੀ ਇਸਲਾਮ ਦਾ ਗੜ੍ਹ ਬਣ ਚੁਕਿਆ ਸੀ।

ਪਰ ਸ਼ਾਹ ਜਹਾਨ ਨੇ ਹੁਕਮ ਦੇ ਦਿੱਤਾ ਕਿ ਸਭ ਨਵੇਂ ਬਣੇ ਹਿੰਦੂ-ਮੰਦਰ ਢਾਹ ਦਿੱਤੇ ਜਾਣ ਅਤੇ ਅਗਾਂਹ ਨੂੰ ਕੋਈ ਮੰਦਰ ਬਣਨ ਨਾ ਦਿੱਤਾ ਜਾਏ। ਪੁਰਾਣੇ ਮੰਦਰਾਂ ਦੀ ਮੁਰੰਮਤ ਭੀ ਵਰਜ ਦਿੱਤੀ ਗਈ। ਹਿੰਦੂਆਂ ਨੂੰ ਮੁਸਲਮਾਨ ਬਣਾਣ ਲਈ ਕਈ ਕਿਸਮ ਦੇ ਸਰਕਾਰੀ ਦਬਾਅ ਪਾਏ ਜਾਣ ਲੱਗ ਪਏ।

ਸ਼ਾਹ ਜਹਾਨ ਦਾ ਇਹ ਹੁਕਮ ਸਿੱਖਾਂ ਦੇ ਧਰਮ-ਅਸਥਾਨਾਂ ਉਤੇ ਲਾਗੂ ਨਹੀਂ ਸੀ, ਕਿਉਂਕਿ ਸਿੱਖ ਮੂਰਤੀ-ਪੂਜ ਨਹੀਂ ਸਨ। ਨਾ ਹੀ ਸਿੱਖ-ਧਰਮ ਕਿਸੇ ਰਸਮ-ਰੀਤਾਂ ਵਿਚ ਫਸ ਕੇ ਮਨੁੱਖ-ਜਾਤੀ ਦੀ ਸੇਵਾ ਵਲੋਂ ਅਵੇਸਲਾ ਹੋਇਆ ਸੀ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਜੇ ਨਵੇਂ ਹੀ ਧਰਮ-ਅਸਥਾਨ ਬਣੇ ਸਨ। ਮਾਝੇ, ਮਾਲਵੇ ਅਤੇ ਦੁਆਬੇ ਵਿਚ ਹੋਰ ਭੀ ਥਾਂ ਥਾਂ ਨਵੇਂ ਗੁਰਦੁਆਰੇ ਬਣ ਰਹੇ ਸਨ। ਸਿੱਖ ਗੁਰਦੁਆਰਿਆਂ ਦੇ ਵਿਰੁੱਧ ਸ਼ਾਹ ਜਹਾਨ ਦਾ ਕੋਈ ਅਜਿਹਾ ਹੁਕਮ ਨਹੀਂ ਸੀ, ਜੈਸਾ ਕਿ ਹਿੰਦੂ-ਮੰਦਰਾਂ ਬਾਰੇ ਦਿੱਤਾ ਗਿਆ ਸੀ।


www.sikhbookclub.com

## ਸਹਿਮਿਆਂ ਨੂੰ ਸਹਾਰਾ

ਪਰ ਗੁਰੂ ਹਰਿ ਰਾਇ ਸਾਹਿਬ ਵਾਸਤੇ ਇਤਨਾ ਕਾਫ਼ੀ ਨਹੀਂ ਸੀ। ਸਾਰੀ ਹਿੰਦੂ ਜਨਤਾ ਉਤੇ ਸਹਿਮ ਪੈ ਗਿਆ, ਮਨੁੱਖਤਾ ਪੈਰਾਂ ਹੇਠ ਲਤਾੜੀ ਜਾਣ ਲੱਗ ਪਈ। ਸਿੱਖ ਧਰਮ ਦੇ ਦ੍ਰਿਸ਼ਟੀਕੋਣ ਤੋਂ ਮਨੁੱਖਤਾ ਦੇ ਦੋ ਹੀ ਵੱਡੇ ਲੱਛਣ ਹਨ—ਨਾ ਕਿਸੇ ਨੂੰ ਡਰਾਵੇ ਅਤੇ ਨਾ ਹੀ ਕਿਸੇ ਤੋਂ ਡਰੇ। ਸਹਿਮੇ ਹੋਏ ਹਿੰਦੂਆਂ ਨੂੰ ਸਹਾਰਾ ਦੇਣ ਲਈ ਗੁਰੂ ਹਰਿ ਰਾਇ ਸਾਹਿਬ ਪਹਿਲਾਂ ਤਾਂ ਕੀਰਤਪੁਰ ਦੇ ਚੁਗਿਰਦੇ ਦੇ ਇਲਾਕੇ ਵਿਚ ਪ੍ਰਚਾਰ ਕਰਦੇ ਰਹੇ। ਕੀਰਤਪੁਰ ਤੋਂ ਪਰੇ ਦੇ ਪਹਾੜੀ ਇਲਾਕੇ ਵਿਚ ਖ਼ਾਸ ਤੌਰ ਤੇ ਵਧੀਕ ਲੋੜ ਸੀ, ਕਿਉਂਕਿ ਉਹ ਲੋਕ ਪੱਥਰ-ਪੂਜ ਭੀ ਸਨ ਅਤੇ ਡਰਾਕਲ ਭੀ ਸਨ। ਸੰਨ ੧੬੫੪ ਤੋਂ ੧੬੫੮ ਤਕ ਬਾਹਰ ਦੁਆਬੇ, ਮਾਲਵੇ ਅਤੇ ਮਾਝੇ ਦੇ ਇਲਾਕੇ ਵਿਚ ਚਾਰ ਸਾਲਾਂ ਦਾ ਚੱਕਰ ਲਾਇਓ ਨੇ।

ਕੀਰਤਪੁਰ ਤੋਂ ਚੱਲ ਕੇ ਵੱਡੀ ਬਹਿਲੀ, ਹਰੀਆਂ ਵੇਲਾਂ, ਭੂੰਗਰਨੀ, ਬੰਬੇਲੀ ਆਦਿਕ ਪਿੰਡਾਂ ਵਿਚ ਠਹਿਰਦੇ ਹੋਏ ਸਤਿਗੁਰੂ ਜੀ ਸ਼ਹਿਰ ਕਰਤਾਰਪੁਰ ਤੋਂ ਬਾਹਰ ਮੀਲ ਕੁ ਪੈਂਡੇ 'ਤੇ ਆ ਉਤਰੇ। ਉਥੇ ਹੁਣ ਮੰਜੀ ਸਾਹਿਬ ਗੁਰਦੁਆਰਾ ਹੈ। ਕਰਤਾਰਪੁਰ ਵਿਚ ਪੰਦਰ੍ਹਾਂ ਕੁ ਦਿਨ ਰਹਿ ਕੇ ਸਤਿਗੁਰੂ ਜੀ ਅੰਮ੍ਰਿਤਸਰ ਆਏ ਅਤੇ ਇਥੇ ੬ ਮਹੀਨੇ ਟਿਕੇ। ਸ਼ਹਿਰ ਅੰਮ੍ਰਿਤਸਰ ਗੁਰੂ ਰਾਮਦਾਸ ਜੀ ਨੇ ਸੰਨ ੧੫੭੦ ਵਿਚ ਵਸਾਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ ੧੬੩੦ ਵਿਚ ਇਹ ਸ਼ਹਿਰ ਛੱਡਿਆ ਅਤੇ ਮੁੜ ਇਥੇ ਨਹੀਂ ਆਏ। ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਮਾਝੇ ਤੋਂ ਦੁਆਬੇ ਵਿਚ ਤਬਦੀਲ ਕੀਤਾ ਗਿਆ। ਅੰਮ੍ਰਿਤਸਰ ਵਿਚ ਗੁਰੂ ਰਾਮਦਾਸ, ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ੬੦ ਸਾਲ ਰਿਹਾਇਸ਼ ਰੱਖੀ। ਫਿਰ ੧੬੩੦ ਤੋਂ ਪਿੱਛੋਂ ੨੪ ਸਾਲ ਤਕ ਗੁਰੂ ਸਾਹਿਬ ਇਥੇ ਨਹੀਂ ਆਏ। ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਸਪੁਰਦ ਕਰ ਗਏ ਸਨ। ਸੰਨ ੧੬੫੪ ਵਿਚ ਗੁਰੂ ਹਰਿ ਰਾਇ ਸਾਹਿਬ ਇਥੇ ਆ ਕੇ ੬ ਮਹੀਨੇ ਰਹੇ ਅਤੇ ਮੁੜ ਵਾਪਸ ਕਰਤਾਰਪੁਰ ਚਲੇ ਗਏ, ਜਿਥੇ ਦਸ ਕੁ ਮਹੀਨੇ ਨਿਵਾਸ ਰੱਖਿਓ ਨੇ। ਮਾਲਵੇ ਦੇ ਪ੍ਰਸਿੱਧ ਪ੍ਰਚਾਰਕ ਭਾਈ ਭਗਤੂ ਜੀ ਇਥੇ ਸਤਿਗੁਰੂ ਜੀ ਦੇ ਦਰਸ਼ਨ ਨੂੰ ਆਏ ਅਤੇ ਇਥੇ ਹੀ ਚਲਾਣਾ ਕਰ ਗਏ। ਸਤਿਗੁਰੂ ਜੀ ਨੇ ਭਾਈ ਭਗਤੂ ਦੇ ਥਾਂ ਉਸ ਦੇ ਛੋਟੇ ਪੁੱਤਰ ਭਾਈ ਜੀਊਣ ਨੂੰ ਯੋਗ ਪ੍ਰੇਮੀ ਸਿੱਖ ਵੇਖ ਕੇ ਮਾਲਵੇ ਦਾ ਮਸੰਦ ਮੁਕੱਰਰ ਕਰ ਦਿੱਤਾ।

ਮਾਲਵੇ ਦੇ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਦਾ ਪ੍ਰਚਾਰ



 www.sikhbookclub.com

ਕਰਨ ਲਈ ਸਤਿਗੁਰੂ ਜੀ ਕਰਤਾਰਪੁਰ ਤੋਂ ਚੱਲ ਪਏ। ਨੂਰ ਮਹੱਲ, ਡਰੋਲੀ, ਭਾਈ ਰੂਪਾ, ਕਾਂਗੜ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮਰਾਝ ਪਹੁੰਚੇ। ਇਥੋਂ ਦੇ ਚੌਧਰੀ ਕਾਲੇ ਨੇ ਬੜੀ ਸੇਵਾ ਕੀਤੀ। ਸਤਿਗੁਰੂ ਜੀ ਇਥੇ ਕਈ ਦਿਨ ਟਿਕੇ ਰਹੇ। ਇਕ ਦਿਨ ਚੌਧਰੀ ਕਾਲਾ ਆਪਣੇ ਦੋ ਭਤੀਜਿਆਂ ਫੂਲ ਤੇ ਸੁੰਦਲੀ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਆਇਆ। ਇਹਨਾਂ ਮੁੰਡਿਆਂ ਦੇ ਮਾਪੇ ਮਰ ਚੁਕੇ ਹੋਏ ਸਨ। ਚੌਧਰੀ ਕਾਲਾ ਹੀ ਇਹਨਾਂ ਦੀ ਪਾਲਣਾ-ਪੋਸਣਾ ਕਰਦਾ ਸੀ। ਮੁੰਡਿਆਂ ਨੇ ਸਤਿਗੁਰੂ ਜੀ ਅੱਗੇ ਮੱਥਾ ਟੇਕ ਕੇ ਆਪਣੇ ਢਿੱਡ ਉਤੇ ਹੱਥ ਮਾਰਨਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਵੇਖ ਕੇ ਹੱਸ ਪਏ। ਕਾਲੇ ਨੂੰ ਕਾਰਨ ਪੁੱਛਿਓ ਨੇ, ਤੇ ਉਸ ਨੇ ਉੱਤਰ ਦਿੱਤਾ ਕਿ ਯਤੀਮ ਕੁਝ ਖਾਣ ਨੂੰ ਮੰਗਦੇ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹਨਾਂ ਦੀ ਸੰਤਾਨ ਤਾਂ ਸਤਲੁਜ ਤੇ ਜਮਨਾ ਦੇ ਵਿਚਕਾਰ ਰਾਜ ਕਰੇਗੀ। ਅਗਲੇ ਦਿਨ ਚੌਧਰੀ ਕਾਲਾ ਆਪਣੀ ਵਹੁਟੀ ਦੇ ਕਹਿਣ 'ਤੇ ਆਪਣੇ ਪੁੱਤਰਾਂ ਨੂੰ ਲੈ ਆਇਆ। ਉਹਨਾਂ ਨੇ ਭੀ ਉਹੀ ਕੁਝ ਕੀਤਾ। ਪਰ ਚੌਧਰੀ ਨੇ ਅਸਲੀ ਸਾਰੀ ਗੱਲ ਸੁਣਾ ਦਿੱਤੀ ਕਿ ਬੱਚੇ ਸਿਖਾ-ਪੜ੍ਹਾ ਕੇ ਲਿਆਂਦੇ ਹਨ। ਗੁਰੂ ਹਰਿ ਰਾਇ ਸਾਹਿਬ ਨੇ ਬਚਨ ਕੀਤਾ ਕਿ ਇਹਨਾਂ ਦੀ ਸੰਤਾਨ ਭੀ ਸਭ ਮਾਫ਼ੀਦਾਰ ਹੋਵੇਗੀ।

ਪਿੰਡ ਮਰਾਝ ਤੋਂ ਸਤਿਗੁਰੂ ਜੀ ਪਿੰਡ ਬਿੰਝੂ-ਕੇ ਆਏ। ਮਾਲਵੇ ਦੇ ਪ੍ਰਸਿੱਧ ਪ੍ਰਚਾਰਕ ਭਾਈ ਭਗਤੂ ਦਾ ਇਹੀ ਜਨਮ-ਪਿੰਡ ਸੀ। ਗੁਰੂ ਅਰਜਨ ਦੇਵ ਜੀ ਦੇ ਵੇਲੇ ਮਾਲਵੇ ਵਿਚ ਚਾਰ ਉੱਘੇ ਮਸੰਦ ਸਨ—ਭਾਈ ਬਹਿਲੋ, ਭੂੰਦੜ, ਪੰਜਾਬਾ ਅਤੇ ਭਗਤੂ। ਇਹਨਾਂ ਸਭਨਾਂ ਵਿਚੋਂ ਭਾਈ ਭਗਤੂ ਨੇ ਆਪਣੀ ਜ਼ਿਮੇਵਾਰੀ ਬੜੇ ਉੱਦਮ ਤੇ ਸ਼ਰਧਾ ਨਾਲ ਨਿਬਾਹੀ। ਭਾਈ ਭਗਤੂ ਬੈਰਾੜਾਂ ਦੇ ਇਲਾਕੇ ਦਾ ਪ੍ਰਚਾਰਕ ਸੀ। ਬਿੰਝੂ-ਕੇ ਤੋਂ ਵਾਪਸ ਜੰਡਾਂਵਾਲੇ ਆਦਿਕ ਪਿੰਡਾਂ ਤੋਂ ਹੁੰਦੇ ਹੋਏ ਕੀਰਤਪੁਰ ਆ ਗਏ।

ਸਤਿਗੁਰੂ ਜੀ ਦੇ ਵੱਡੇ ਭਰਾ ਬਾਬਾ ਧੀਰਮਲ ਜੀ ਦੇ ਪੁੱਤਰ ਦਾ ਵਿਆਹ ਸੀ। ਕੀਰਤਪੁਰ ਵਿਚ ਤਿੰਨ ਕੁ ਮਹੀਨੇ ਠਹਿਰ ਕੇ ਗੁਰੂ ਹਰਿ ਰਾਇ ਸਾਹਿਬ ਵਿਆਹ ਵਿਚ ਸ਼ਾਮਲ ਹੋਣ ਲਈ ਦਰਿਆ ਸਤਲੁਜ ਮਾਛੂਵਾੜੇ ਦੇ ਪੱਤਣ ਤੋਂ ਲੰਘ ਕੇ ਕਰਤਾਰਪੁਰ ਆਏ। ਪੰਜ ਕੁ ਮਹੀਨੇ ਇਥੇ ਰਹਿ ਕੇ ਸਤਿਗੁਰੂ ਜੀ ਫਿਰ ਮਾਝੇ ਵਿਚ ਆਏ, ਕੁਝ ਦਿਨ ਗੋਇੰਦਵਾਲ ਠਹਿਰੇ। ਫਿਰ ਵਾਪਸ ਕਰਤਾਰਪੁਰ ਤੋਂ ਹੁੰਦੇ ਹੋਏ ਸਤਲੁਜ ਪਾਰ ਕਰ ਕੇ ਕੀਰਤਪੁਰ ਚਲੇ ਗਏ। ਇਹ ਸਾਰਾ ਚੱਕਰ ਚਾਰ ਕੁ ਸਾਲਾਂ ਦਾ ਸੀ।

## ਦਾਰਾ ਸ਼ਿਕੋਹ ਉਤੇ ਅਸਰ

ਅਸੀ ਇਹ ਵੇਖ ਚੁਕੇ ਹਾਂ ਕਿ ਮੁਗ਼ਲ ਬਾਦਸ਼ਾਹਾਂ ਦੀ ਖ਼ੁਫ਼ੀਆ ਪੁਲਸ ਦਾ ਸਿਲਸਿਲਾ ਬੜਾ ਤਕੜਾ ਅਤੇ ਕਾਮਯਾਬ ਸੀ। ਸ਼ਾਹ ਜਹਾਨ ਨੂੰ ਸਭ ਖ਼ਬਰਾਂ ਪਹੁੰਚ ਰਹੀਆਂ ਸਨ ਕਿ ਬਿਪਤਾ ਵੇਲੇ ਕੌਣ ਦੁਖੀਆਂ ਦਾ ਸੱਚਾ ਦਰਦੀ ਸਾਬਤ ਹੋ ਰਿਹਾ ਹੈ। ਬਾਦਸ਼ਾਹ ਉਤੇ ਇਸ ਦਾ ਅਸਰ ਪੈਣਾ ਕੁਦਰਤੀ ਗੱਲ ਸੀ। ਪਰ ਸਤਿਗੁਰੂ ਜੀ ਦੇ ਇਸ ਉੱਦਮ ਦਾ ਸਭ ਤੋਂ ਡੂੰਘਾ ਅਸਰ ਦਾਰਾ ਸ਼ਿਕੋਹ ਉਤੇ ਪਿਆ। ਦਾਰਾ ਪੰਜਾਬ ਦਾ ਗਵਰਨਰ ਸੀ, ਉਸੇ ਦਾ ਹੀ ਇਹ ਫ਼ਰਜ਼ ਸੀ, ਵੇਖੇ ਕਿ ਪਰਜਾ ਦੁਖੀ ਨਾ ਰਹੇ। ਦਾਰਾ ਸ਼ਿਕੋਹ ਦੇ ਅੰਦਰ ਗੁਰੂ-ਘਰ ਦੀ ਉੱਚਤਾ ਘਰ ਕਰ ਗਈ। ਮੌਕਾ ਮਿਲਣ 'ਤੇ ਦਾਰਾ ਗੁਰੂ ਹਰਿ ਰਾਇ ਸਾਹਿਬ ਨੂੰ ਮਿਲਦਾ ਭੀ ਰਿਹਾ। ਉਸ ਨੇ ਇਕ ਵਾਰੀ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣ ਦੀ ਭੀ ਕੋਸ਼ਸ਼ ਕੀਤੀ, ਪਰ ਸਤਿਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਇਹ ਲੰਗਰ ਸਿੱਖਾਂ ਦੇ ਪਿਆਰ-ਕੁਰਬਾਨੀ ਦੀ ਰਾਹੀਂ ਹੀ ਚਲਣਾ ਚਾਹੀਦਾ ਹੈ।

ਸਰੀਰਕ ਸੁਖ-ਦੁਖ ਹਰੇਕ ਉਤੇ ਹੀ ਆਇਆ ਕਰਦੇ ਹਨ। ਵੱਡਿਆਂ ਲੋਕਾਂ ਦੇ ਨਿਜੀ ਹਕੀਮ-ਡਾਕਟਰ ਹੁੰਦੇ ਹਨ। ਜਿਤਨਾ ਧਨ ਦੌਲਤ ਵਧੀਕ, ਉਤਨਾ ਹੀ ਵਧੀਕ ਜਿੰਦ ਨੂੰ ਖ਼ਤਰਾ। ਬਾਦਸ਼ਾਹਾਂ ਦੇ ਤਾਂ ਖ਼ਾਸ ਇਤਬਾਰੀ ਹਕੀਮ ਹੋਣੇ ਹੋਏ। ਦਾਰਾ ਇਕ ਵਾਰੀ ਬੀਮਾਰ ਪੈ ਗਿਆ; ਬੀਮਾਰੀ ਭੀ ਕੁਝ ਖ਼ਤਰਨਾਕ ਹੀ ਬਣ ਗਈ। ਅਜਿਹੇ ਸਮਿਆਂ ਤੇ ਅਜਿਹੇ ਬੰਦਿਆਂ ਦੀ ਜਾਨ ਦੀ ਰਾਖੀ ਕਰਨ ਲਈ ਉਚੇਚੇ ਪ੍ਰਬੰਧ ਕਰਨੇ ਪਿਆ ਕਰਦੇ ਹਨ ਕਿ ਕੋਈ ਸ਼ਰੀਕ ਵਾਰ ਨਾ ਕਰ ਜਾਏ। ਮੁਗ਼ਲ ਬਾਦਸ਼ਾਹਾਂ ਵਿਚ ਤਾਂ ਇਹ ਰੀਤ ਹੀ ਚਲੀ ਆ ਰਹੀ ਸੀ। ਰਾਜ ਦੀ ਖ਼ਾਤਰ ਭਰਾ ਭਰਾਵਾਂ ਦੇ ਜਾਨੀ ਵੈਰੀ ਬਣਦੇ ਰਹੇ ਸਨ। ਫਿਰ ਭੀ ਗੁਰੂ ਹਰਿ ਰਾਇ ਸਾਹਿਬ ਦੀ ਨਿਰਵੈਰਤਾ ਅਤੇ ਉੱਚੀ ਮਨੁੱਖਤਾ ਉਤੇ ਸ਼ਾਹ ਜਹਾਨ ਅਤੇ ਦਾਰਾ ਨੂੰ ਇਤਨਾ ਯਕੀਨ ਹੋ ਚੁਕਾ ਸੀ ਕਿ ਦਾਰਾ ਨੇ ਉਹ ਦਵਾਈ ਨਿਸੰਗ ਹੋ ਕੇ ਵਰਤੀ, ਜੋ ਸਤਿਗੁਰੂ ਜੀ ਨੇ ਉਸ ਦੇ ਵਾਸਤੇ ਭੇਜੀ ਸੀ।

ਪਰ ਪਾਠਕ ਇਥੇ ਸ਼ਾਹ ਜਹਾਨ ਦੀ ਰਾਜਨੀਤੀ ਬਾਰੇ ਟਪਲਾ ਨਾ ਖਾ ਜਾਣ। ਖ਼ੁਫ਼ੀਆ ਪੁਲਸ ਦੀ ਰਾਹੀਂ ਸ਼ਾਹ ਜਹਾਨ ਨੂੰ ਰੋਜ਼ ਰੋਜ਼ ਦੀਆਂ ਖ਼ਬਰਾਂ ਅੱਪੜਦੀਆਂ ਸਨ। ਉਸ ਨੂੰ ਪਤਾ ਸੀ ਕਿ ਕਾਲ ਦੀ ਬਿਪਤਾ ਵੇਲੇ ਗੁਰੂ ਹਰਿ ਰਾਇ ਸਾਹਿਬ ਅਤੇ ਉਹਨਾਂ ਦੇ ਸਿੱਖਾਂ ਨੇ ਕਾਲ-ਪੀੜਤਾਂ ਦੀ ਸਿਰੋਂ-ਪਰੇ ਸਹਾਇਤਾ ਕੀਤੀ ਸੀ ਅਤੇ ਲੋਕਾਂ ਦੇ ਦਿਲਾਂ ਵਿਚ ਉਹਨਾਂ ਵਾਸਤੇ ਡੂੰਘਾ ਪਿਆਰ ਬਣਦਾ

ਜਾ ਰਿਹਾ ਸੀ। ਸ਼ਾਹ ਜਹਾਨ ਜਾਣਦਾ ਸੀ ਕਿ ਜਿਨ੍ਹਾਂ ਹਿੰਦੂਆਂ ਨੂੰ ਮੁਸਲਮਾਨ ਬਣਾਣ ਲਈ ਉਸ ਨੇ ਨਵੇਂ ਹੁਕਮ ਜਾਰੀ ਕੀਤੇ ਸਨ, ਉਹ ਮੁਸਲਮਾਨ ਬਣਨ ਦੇ ਥਾਂ ਗੁਰੂ ਨਾਨਕ ਦੇਵ ਦੇ ਸਿੱਖ ਬਣਦੇ ਜਾ ਰਹੇ ਸਨ, ਕਿਉਂਕਿ ਇਸ ਤਰ੍ਹਾਂ ਉਹ ਬ੍ਰਾਹਮਣ ਦੇ ਧਾਰਮਿਕ ਜੂਲੇ ਹੇਠੋਂ ਭੀ ਨਿਕਲ ਜਾਂਦੇ ਸਨ ਅਤੇ ਆਪਣੇ ਸਾਕਾਂ ਸੰਬੰਧੀਆਂ ਨਾਲੋਂ ਵਿੱਥ ਪੈਣ ਤੋਂ ਬਚੇ ਰਹਿੰਦੇ ਸਨ। ਸ਼ਾਹ ਜਹਾਨ ਗੁਰੂ ਹਰਿ ਰਾਇ ਸਾਹਿਬ ਦੀ ਜ਼ਾਤੀ ਸ਼ਖ਼ਸੀਅਤ ਦੀ ਕਦਰ ਕਰਦਾ ਹੋਇਆ ਭੀ ਉਹਨਾਂ ਦੇ ਜਨਤਾ ਵਿਚ ਵਧਦੇ ਰਸੂਖ਼ ਨੂੰ ਪਸੰਦ ਨਹੀਂ ਕਰ ਸਕਦਾ ਸੀ। ਇਸ ਰਸੂਖ਼ ਤੋਂ ਉਸ ਨੂੰ ਆਪਣੀ ਬਾਦਸ਼ਾਹੀ ਵਾਸਤੇ ਖ਼ਤਰਾ ਸੀ। ਸੋ, ਸ਼ਾਹ ਜਹਾਨ ਅਵੇਸਲਾ ਨਹੀਂ ਸੀ। ਉਹ ਗੁਰੂ-ਘਰ ਦੀ ਕਿਤੇ ਦੂਰ ਨੇੜੇ ਦੀ ਪਰਸਪਰ ਫੁੱਟ ਭਾਲਦਾ ਸੀ, ਜਿਸ ਵਿਚ ਉਹ ਹੋਰ ਵਧੀਕ ਵਿੱਥ ਪਵਾ ਸਕੇ। ਸਿੱਖ-ਇਤਿਹਾਸ ਲਿਖਦਾ ਹੈ ਕਿ ਪੈਂਦੇ ਖ਼ਾਂ ਦੀ ਬੇ-ਵਫ਼ਾਈ ਦੇ ਕਾਰਨ ਜਿਹੜੀ ਚੌਥੀ ਲੜਾਈ ਸੰਨ ੧੬੩੪ ਵਿਚ ਕਰਤਾਰਪੁਰ ਹੋਈ ਸੀ, ਉਸ ਸਮੇ ਬਾਬਾ ਗੁਰਦਿੱਤਾ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਧੀਰਮਲ ਜੀ ਨੇ ਅੰਦਰੋ-ਅੰਦਰ ਪੈਂਦੇ ਖ਼ਾਂ ਦਾ ਪੱਖ ਕੀਤਾ ਸੀ। ਸਿੱਖ ਧਰਮ ਅਤੇ ਸਿੱਖ ਕੌਮ ਦੇ ਵਿਰੋਧੀਆਂ ਨੂੰ ਇਹ ਘਰੋਗੀ ਫੁੱਟ ਕੁਦਰਤੀ ਤੌਰ 'ਤੇ ਚੰਗੀ ਲੱਗਣੀ ਸੀ। ਸ਼ਾਹ ਜਹਾਨ ਨੇ ਬਾਬਾ ਧੀਰਮਲ ਜੀ ਨੂੰ ਜਾਗੀਰ ਦੇ ਦਿੱਤੀ।

## ਆਗਰੇ ਦੇ ਥਾਂ ਦਿੱਲੀ ਰਾਜਧਾਨੀ

ਸਿਕੰਦਰ ਲੋਦੀ ਦੇ ਸਮੇ ਤੋਂ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਤੋਂ ਆਗਰੇ ਤਬਦੀਲ ਕੀਤੀ ਗਈ ਸੀ। ਬਾਬਰ, ਹਮਾਯੂੰ, ਅਕਬਰ, ਜਹਾਂਗੀਰ—ਇਹਨਾਂ ਸਭ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਆਗਰਾ ਹੀ ਰਾਜਧਾਨੀ ਰਿਹਾ। ਸ਼ਾਹ ਜਹਾਨ ਸੰਨ ੧੬੨੭ ਦੇ ਅਖ਼ੀਰ ਵਿਚ ਤਖ਼ਤ ਉਤੇ ਬੈਠਾ, ਆਗਰੇ ਹੀ ਉਸ ਦੀ ਤਾਜ-ਪੋਸ਼ੀ ਦੀ ਰਸਮ ਹੋਈ ਸੀ। ਸੰਨ ੧੬੪੮ ਵਿਚ ਉਸ ਨੇ ਆਗਰੇ ਦੇ ਥਾਂ ਮੁੜ ਦਿੱਲੀ ਨੂੰ ਰਾਜਧਾਨੀ ਆ ਬਣਾਇਆ। ੨੭ ਮਾਰਚ ਨੂੰ ਆਗਰਾ ਛੱਡ ਦਿੱਤਾ ਗਿਆ। ੮ ਅਪਰੈਲ ਨੂੰ ਦਿੱਲੀ ਦੇ ਰਾਜਧਾਨੀ ਬਣਨ ਦੀ ਸ਼ਾਹੀ ਤੌਰ 'ਤੇ ਰਸਮ ਅਦਾ ਕੀਤੀ ਗਈ। ਆਗਰਾ ਦਿੱਲੀ ਤੋਂ ਸਵਾ ਕੁ ਸੌ ਮੀਲਾਂ ਦੀ ਵਿੱਥ 'ਤੇ ਦੱਖਣ-ਪੂਰਬ ਦੀ ਗੁੱਠ ਵਿਚ ਹੈ। ਦਿੱਲੀ ਦੇ ਰਾਜਧਾਨੀ ਬਣਨ ਨਾਲ ਮੁਗ਼ਲ ਬਾਦਸ਼ਾਹ ਪੰਜਾਬ ਤੋਂ ਅੱਗੇ ਨਾਲੋਂ ਸਵਾ ਸੌ ਮੀਲ ਨੇੜੇ ਹੋ ਗਿਆ।


www.sikhbookclub.com

## ਸ਼ਾਹੀ ਤਖ਼ਤ ਵਾਸਤੇ ਦੌੜ-ਭੱਜ

ਸ਼ਾਹ ਜਹਾਨ ਦੇ ਚਾਰ ਪੁੱਤਰ ਸਨ—ਦਾਰਾ ਸ਼ਿਕੋਹ, ਸ਼ੁਜਾਹ, ਔਰੰਗਜ਼ੇਬ ਅਤੇ ਮੁਰਾਦ। ਉਸ ਨੇ ਆਪਣੀ ਬਾਦਸ਼ਾਹੀ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਹਰੇਕ ਪੁੱਤਰ ਨੂੰ ਇੱਕ ਇੱਕ ਹਿੱਸੇ ਦਾ ਗਵਰਨਰ ਬਣਾ ਦਿੱਤਾ।

੧. ਦਾਰਾ ਸ਼ਿਕੋਹ—ਅਲਾਹਾਬਾਦ, ਪੰਜਾਬ ਅਤੇ ਮੁਲਤਾਨ ਦਾ ਗਵਰਨਰ।

੨. ਸ਼ੁਜਾਹ—ਬੰਗਾਲ ਦਾ ਗਵਰਨਰ।

੩. ਔਰੰਗਜ਼ੇਬ—ਦੱਖਣ ਦਾ ਗਵਰਨਰ।

੪. ਮੁਰਾਦ—ਮਾਲਵਾ ਅਤੇ ਗੁਜਰਾਤ ਕਾਠੀਆਵਾੜ ਦਾ ਗਵਰਨਰ।

ਸ਼ਾਹ ਜਹਾਨ ਦਾ ਦਾਰਾ ਨਾਲ ਸਭ ਤੋਂ ਵਧੀਕ ਪਿਆਰ ਸੀ। ਇਸ ਵਾਸਤੇ ਬਾਕੀ ਤਿੰਨ ਭਰਾਵਾਂ ਦੀ ਦਾਰਾ ਦੇ ਵਿਰੁੱਧ ਸਾਂਝੀ ਈਰਖਾ ਸੀ।

ਸਤੰਬਰ ਸੰਨ ੧੬੫੭ ਵਿਚ ਸ਼ਾਹ ਜਹਾਨ ਸਖ਼ਤ ਬੀਮਾਰ ਪੈ ਗਿਆ। ਬਚਣ ਦੀ ਆਸ ਨਾ ਰਹੀ। ਉਸ ਨੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਆਪਣੇ ਪਾਸ ਸਦਵਾ ਲਿਆ ਅਤੇ ਉਸ ਨੂੰ ਤਖ਼ਤ ਦਾ ਵਾਰਸ ਥਾਪ ਦਿੱਤਾ। ਬਾਕੀ ਤਿੰਨ ਭਰਾਵਾਂ ਨੇ ਚਿੱਠੀ-ਪੱਤਰ ਦੀ ਰਾਹੀਂ ਆਪੋ ਵਿਚ ਸਲਾਹ ਮੇਲੀ ਕਿ ਅਸੀ ਸਭੇ ਆਗਰੇ ਇਕੱਠੇ ਹੋਵੀਏ। ਔਰੰਗਜ਼ੇਬ ਸਭਨਾਂ ਵਿਚੋਂ ਚਲਾਕ ਸੀ। ਉਸ ਨੇ ਇਹ ਬਹਾਨਾ ਪੇਸ਼ ਕੀਤਾ ਕਿ ਦਾਰਾ ਨੇ ਬਾਦਸ਼ਾਹ ਨੂੰ ਨਜ਼ਰ-ਬੰਦੀ ਜਿਹੀ ਵਿਚ ਰਖਿਆ ਹੈ, ਅਸਾਂ ਆਪਣੇ ਪਿਉ ਨੂੰ ਉਸ ਦੀ ਗ਼ੁਲਾਮੀ ਵਿਚੋਂ ਕੱਢਣਾ ਹੈ।

ਇਤਨੇ ਨੂੰ ਨਵੰਬਰ ਸੰਨ ੧੬੫੭ ਵਿਚ ਸ਼ਾਹ ਜਹਾਨ ਬਿਲਕੁਲ ਰਾਜ਼ੀ ਹੋ ਗਿਆ। ਪਰ ਮੁਰਾਦ ਨੇ ਬਗ਼ਾਵਤ ਕਰ ਦਿੱਤੀ ਅਤੇ ਦਸੰਬਰ ਵਿਚ ਉਸ ਨੇ ਆਪਣੇ ਆਪ ਨੂੰ ਬਾਦਸ਼ਾਹ ਅਖਵਾਣਾ ਸ਼ੁਰੂ ਕਰ ਦਿੱਤਾ। ਸ਼ੁਜਾਹ ਨੇ ਭੀ ਬੰਗਾਲ ਵਿਚ ਬਗ਼ਾਵਤ ਕਰ ਦਿੱਤੀ। ਦਾਰਾ ਨੇ ਮੁਰਾਦ ਅਤੇ ਔਰੰਗਜ਼ੇਬ ਨੂੰ ਆਪੋ ਵਿਚ ਪਾੜਨ ਦੇ ਜਤਨ ਕੀਤੇ, ਪਰ ਕਾਮਯਾਬ ਨਾ ਹੋਇਆ। ਉਹ ਦੋਵੇਂ ਆਪੋ ਆਪਣੇ ਇਲਾਕੇ ਤੋਂ ਫ਼ੌਜਾਂ ਲੈ ਕੇ ਦਰਿਆ ਨਰਬਦਾ ਤੋਂ ਉਰਾਰ ਅਪਰੈਲ ਸੰਨ ੧੬੫੮ ਦੇ ਅੱਧ ਵਿਚ ਇਕੱਠੇ ਹੋ ਗਏ।

ਸ਼ਾਹ ਜਹਾਨ ਨਵੰਬਰ ਸੰਨ ੧੬੫੭ ਵਿਚ ਬੀਮਾਰੀ ਤੋਂ ਵੱਲ ਹੋ ਕੇ ਦਿੱਲੀ ਤੋਂ ਮੁੜ ਆਗਰੇ ਚਲਾ ਗਿਆ ਸੀ। ਦਾਰਾ ਸ਼ਿਕੋਹ ਭੀ ਉਸ ਦੇ ਪਾਸ ਹੀ ਸੀ।

ਜਦੋਂ ਸ਼ਾਹ ਜਹਾਨ ਨੂੰ ਮੁਰਾਦ ਅਤੇ ਔਰੰਗਜ਼ੇਬ ਬਾਰੇ ਪਤਾ ਲੱਗਾ, ਤਾਂ ਉਸ ਨੇ ਦਾਰਾ ਨੂੰ ਫ਼ੌਜ ਦੇ ਕੇ ਟਾਕਰਾ ਕਰਨ ਲਈ ਭੇਜਿਆ। ਦਾਰਾ ਨੂੰ ਹਾਰ ਹੋਈ। ਉਹ ਆਗਰੇ ਵਾਪਸ ਭੱਜਿਆ। ਪਰ ਉਸ ਨੂੰ ਇਤਨਾ ਸਹਿਮ ਪਿਆ ਕਿ ਆਗਰੇ ਭੀ ਅਟਕ ਨਾ ਸਕਿਆ, ਬੁੱਢੇ ਤੇ ਕਮਜ਼ੋਰ ਪਿਉ ਨੂੰ ਆਗਰੇ ਹੀ ਛੱਡ ਕੇ ਆਪ ਦਿੱਲੀ ਨੂੰ ਭੱਜ ਆਇਆ।

੧੮ ਜੂਨ ੧੬੫੮ ਨੂੰ ਆਗਰੇ ਪਹੁੰਚ ਕੇ ਔਰੰਗਜ਼ੇਬ ਨੇ ਆਪਣੇ ਪਿਉ ਸ਼ਾਹ ਜਹਾਨ ਨੂੰ ਕਿਲ੍ਹੇ ਵਿਚ ਨਜ਼ਰ-ਬੰਦ ਕਰ ਦਿੱਤਾ ਅਤੇ ਦਾਰਾ ਸ਼ਿਕੋਹ ਦੀ ਅਲਖ ਮੁਕਾਣ ਲਈ ਮੁਰਾਦ ਸਮੇਤ ਦਿੱਲੀ ਨੂੰ ਚੱਲ ਪਿਆ। ਮਥਰਾ ਪਹੁੰਚ ਕੇ ਉਸ ਨੇ ਮੁਰਾਦ ਨੂੰ ਭੀ ਮੌਕਾ ਪਾ ਕੇ ਕੈਦ ਕਰ ਲਿਆ ਅਤੇ ਆਗਰੇ ਭਿਜਵਾ ਦਿੱਤਾ, ਜਿਥੇ ਕਿਲ੍ਹੇ ਵਿਚ ਉਸ ਨੂੰ ਕਤਲ ਕਰਾ ਦਿਤਾ ਗਿਆ।

ਘਾਬਰਿਆ ਹੋਇਆ ਦਾਰਾ ਦਿੱਲੀ ਤੋਂ ਭੀ ਭੱਜ ਨਿਕਲਿਆ, ਗੋਇੰਦਵਾਲ ਦੇ ਕੋਲੋਂ ਬਿਆਸਾ ਲੰਘ ਕੇ ਲਾਹੌਰ ਆ ਅੱਪੜਿਆ। ਔਰੰਗਜ਼ੇਬ ਨੇ ਦਿੱਲੀ ਪਹੁੰਚ ਕੇ ਕੁਝ ਦਿਨ ਮੁਕਾਮ ਕੀਤਾ। ਫਿਰ ਫ਼ੌਜ ਲੈ ਕੇ ਲਾਹੌਰ ਨੂੰ ਚਲ ਪਿਆ। ਇਹ ਖ਼ਬਰ ਸੁਣਦਿਆਂ ਹੀ ਦਾਰਾ ਲਾਹੌਰ ਤੋਂ ਭੀ ਨੱਸ ਪਿਆ। ਪਹਿਲਾਂ ਮੁਲਤਾਨ ਪਹੁੰਚਿਆ। ਔਰੰਗਜ਼ੇਬ ਨੇ ਭੀ ਲਾਹੌਰ ਤੋਂ ਮੁਲਤਾਨ ਤਕ ਦਾਰਾ ਦਾ ਪਿੱਛਾ ਕੀਤਾ। ਮੁਲਤਾਨ ਤੋਂ ਔਰੰਗਜ਼ੇਬ ਆਪ ਦਿੱਲੀ ਨੂੰ ਵਾਪਸ ਆ ਗਿਆ ਅਤੇ ਦਾਰਾ ਦੀ ਅਲਖ ਮੁਕਾਣ ਦਾ ਕੰਮ ਆਪਣੇ ਕੁਝ ਜਰਨੈਲਾਂ ਦੇ ਸਪੁਰਦ ਕਰ ਆਇਆ। ਦਾਰਾ ਮੁਲਤਾਨ ਤੋਂ ਸਿੰਧ, ਕੱਛ, ਗੁਜਰਾਤ ਅਤੇ ਮੁੜ ਸਿੰਧ ਵੱਲ ਜੀ-ਭਿਆਣਾ ਟੱਕਰਾਂ ਮਾਰਦਾ ਆਖ਼ਰ ਦਾਦੇਰ ਦੇ ਕੋਲ ਫੜਿਆ ਗਿਆ ਅਤੇ ਦਿੱਲੀ ਲਿਆ ਕੇ ਕਤਲ ਕੀਤਾ ਗਿਆ। ਔਰੰਗਜ਼ੇਬ ਨੇ ਸ਼ੁਜਾਹ ਨੂੰ ਭੀ ਅਜਿਹੇ ਹੱਥ ਵਿਖਾਏ ਕਿ ਉਹ ਭੀ ਨੰਗ-ਧੜੰਗ ਹੋ ਕੇ ਕਿਤੇ ਅਰਾਕਾਨ ਦੇ ਇਲਾਕੇ ਵਿਚ ਜਾ ਮਰਿਆ।

ਇਸ ਤਰ੍ਹਾਂ ਹਿੰਦੁਸਤਾਨ ਦੀ ਬਾਦਸ਼ਾਹੀ ਔਰੰਗਜ਼ੇਬ ਦੇ ਹੱਥ ਆਈ। ਇਹ ਸਾਰਾ ਜ਼ਿਕਰ ਸੰਨ ੧੬੫੮ ਦਾ ਹੈ।

## ਸਿੱਖ-ਧਰਮ ਉਤੇ ਇਕ ਹੋਰ ਚੋਟ

ਇਸ ਗੱਲ ਨੂੰ ਸਮਝਣ ਵਾਸਤੇ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਦੀ ਪਰਸਪਰ ਟੱਕਰ ਨੂੰ ਹੋਰ ਵਧੀਕ ਵੇਰਵੇ ਨਾਲ ਪੜ੍ਹਨ ਦੀ ਲੋੜ ਹੈ। ਔਰੰਗਜ਼ੇਬ

ਨੇ ਆਪਣੇ ਪਿਉ ਸ਼ਾਹ ਜਹਾਨ ਨੂੰ ੧੯ ਜੂਨ ਵਾਲੇ ਦਿਨ ਆਗਰੇ ਕੈਦ ਕੀਤਾ ਸੀ। ਦਾਰਾ ਉਸ ਵੇਲੇ ਆਗਰੇ ਤੋਂ ਭੱਜ ਕੇ ਦਿੱਲੀ ਅੱਪੜਿਆ ਹੋਇਆ ਸੀ। ੨੨ ਜੂਨ ਨੂੰ ਭੀ ਔਰੰਗਜ਼ੇਬ ਅਜੇ ਆਗਰੇ ਹੀ ਸੀ। ਪਰ ਦਾਰਾ ਦਿੱਲੀ ਤੋਂ ੨੨ ਜੂਨ ਨੂੰ ਲਾਹੌਰ ਵੱਲ ਉੱਠ ਨੱਠਾ ਸੀ। ਔਰੰਗਜ਼ੇਬ ਆਗਰੇ ਵਲ ਦਾ ਪੱਕਾ ਪ੍ਰਬੰਧ ਕਰ ਕੇ ਦਾਰਾ ਦਾ ਪਿੱਛਾ ਕਰਨ ਲਈ ਦਿੱਲੀ ਨੂੰ ਚੱਲਿਆ। ੫ ਜੁਲਾਈ ਨੂੰ ਉਹ ਮਥਰਾ ਪਹੁੰਚਿਆ, ਜਿਥੇ ਉਸ ਨੇ ਇਸ ਮੁਹਿੰਮ ਵਿਚ ਆਪਣੇ ਸਾਥੀ ਅਤੇ ਸੱਕੇ ਭਰਾ ਮੁਰਾਦ ਨੂੰ ਕੈਦ ਕਰ ਲਿਆ। ਦਾਰਾ ੧੩ ਜੁਲਾਈ ਨੂੰ ਲਾਹੌਰ ਪਹੁੰਚ ਗਿਆ, ਪਰ ਔਰੰਗਜ਼ੇਬ ਉਸ ਵੇਲੇ ਅਜੇ ਦਿੱਲੀ ਹੀ ਸੀ। ੩੧ ਜੁਲਾਈ ਨੂੰ ਭੀ ਔਰੰਗਜ਼ੇਬ ਦਿੱਲੀ ਹੀ ਸੀ, ਉਸ ਦਿਨ ਉਸ ਨੇ ਉਥੇ ਆਪਣੇ ਹਿੰਦੁਸਤਾਨ ਦਾ ਬਾਦਸ਼ਾਹ ਬਣਨ ਦਾ ਐਲਾਨ ਕੀਤਾ ਸੀ। ਦਿੱਲੀ ਦੇ ਸਾਰੇ ਪ੍ਰਬੰਧ ਪੱਕੇ ਕਰ ਕੇ ਔਰੰਗਜ਼ੇਬ ਫ਼ੌਜ ਲੈ ਕੇ ਲਾਹੌਰ ਨੂੰ ਰਵਾਨਾ ਹੋਇਆ। ਰੋਪੜ ਦੇ ਕੋਲੋਂ ਉਸ ਦੀ ਫ਼ੌਜ ਨੇ ੧੫ ਅਗਸਤ ਨੂੰ ਦਰਿਆ ਸਤਲੁਜ ਪਾਰ ਕੀਤਾ। ਰੋਪੜ ਤੋਂ ਔਰੰਗਜ਼ੇਬ ਫ਼ੌਜ ਸਮੇਤ ਗੋਇੰਦਵਾਲ ਆਇਆ, ਜਿਥੇ ਉਹ ਦਰਿਆ ਬਿਆਸ ਤੋਂ ਪਾਰ ਲੰਘ ਕੇ ਲਾਹੌਰ ਪਹੁੰਚਿਆ। ਗੋਇੰਦਵਾਲ ਤੋਂ ਲਾਹੌਰ ਵਧ ਤੋਂ ਵਧ ਦੋ ਦਿਨਾਂ ਦਾ ਪੈਂਡਾ ਹੈ। ੧੩ ਜੁਲਾਈ ਨੂੰ ਲਾਹੌਰ ਪਹੁੰਚਣ ਵਾਲਾ ਦਾਰਾ ਸ਼ਿਕੋਹ ਗੋਇੰਦਵਾਲ ਦੇ ਕੋਲੋਂ ੧੧ ਜੁਲਾਈ ਨੂੰ ਲੰਘਿਆ ਸੀ। ਔਰੰਗਜ਼ੇਬ ਅਜੇ ਉਸ ਵੇਲੇ ਦਿੱਲੀ ਵਿਚ ਸੀ। ਜਦੋਂ ਉਸ ਦੀਆਂ ਫ਼ੌਜਾਂ ਰੋਪੜ ਦੇ ਕੋਲੋਂ ਸਤਲੁਜ ਲੰਘ ਰਹੀਆਂ ਸਨ, ਉਸ ਤੋਂ ਸਵਾ ਮਹੀਨਾ ਪਹਿਲਾਂ ਦਾਰਾ ਬਿਆਸਾ ਲੰਘ ਚੁਕਿਆ ਸੀ।

ਅਸੀ ਪਿਛੇ ਪੜ੍ਹ ਚੁਕੇ ਹਾਂ ਕਿ ਸ਼ਾਹ ਜਹਾਨ ਨੇ ਹਿੰਦੂਆਂ ਨੂੰ ਇਸਲਾਮ ਵਲ ਪ੍ਰੇਰਨ ਵਾਸਤੇ ਉਹਨਾਂ ਦੇ ਵਿਰੁੱਧ ਕੁਝ ਹੁਕਮ ਜਾਰੀ ਕੀਤੇ ਸਨ, ਜਿਨ੍ਹਾਂ ਦੇ ਕਾਰਨ ਹਿੰਦੂ ਕੌਮ ਉਤੇ ਬੜਾ ਸਹਿਮ ਪੈ ਗਿਆ ਸੀ। ਗੁਰੂ ਹਰਿ ਰਾਇ ਸਾਹਿਬ ਨੇ ਇਸ ਸਹਿਮ ਵਿਚ ਹਿੰਦੂ ਜਨਤਾ ਨੂੰ ਸਹਾਰਾ ਦੇਣ ਲਈ ਕੀਰਤਪੁਰ ਤੋਂ ਚੱਲ ਕੇ ਚਾਰ ਸਾਲ (ਸੰਨ ੧੬੫੪ ਤੋਂ ੧੬੫੮ ਤਕ) ਦੁਆਬੇ, ਮਾਲਵੇ ਅਤੇ ਮਾਝੇ ਦੇ ਪਿੰਡ ਪਿੰਡ ਚੱਕਰ ਲਾਇਆ ਸੀ।

ਜਦੋਂ ਦਾਰਾ ਸ਼ਿਕੋਹ ਜੀ-ਭਿਆਣਾ ਦਿੱਲੀ ਤੋਂ ਲਾਹੌਰ ਨੂੰ ਨੱਠਾ ਆ ਰਿਹਾ ਸੀ, ਉਹਨੀਂ ਦਿਨੀਂ ਗੁਰੂ ਹਰਿ ਰਾਇ ਸਾਹਿਬ ਗੋਇੰਦਵਾਲ ਸਨ। ਸ਼ਾਹੀ ਸੜਕ ਗੋਇੰਦਵਾਲ ਦੇ ਪਾਸੋਂ ਹੀ ਲੰਘਦੀ ਸੀ। ਦਾਰਾ ਸ਼ਿਕੋਹ ਸੂਫ਼ੀ ਖ਼ਿਆਲਾਂ ਦਾ ਖੁਲ੍ਹ-ਦਿਲਾ ਆਦਮੀ ਸੀ, ਗੁਰੂ ਹਰਿ ਰਾਇ ਸਾਹਿਬ ਦਾ ਪੁਰਾਣਾ ਕਦਰ-ਦਾਨ ਸੀ। ਲੰਘਦਾ ਲੰਘਦਾ ਸਤਿਗੁਰੂ ਜੀ ਨੂੰ ਭੀ ਮਿਲਿਆ। ਕੋਈ ਕਾਹਲੀ ਜਾਂ

ਘਬਰਾਹਟ ਵਾਲੀ ਗੱਲ ਤਾਂ ਹੈ ਹੀ ਨਹੀਂ ਸੀ, ਔਰੰਗਜ਼ੇਬ ਅਜੇ ਤਿੰਨ ਸੌ ਮੀਲਾਂ ਦੀ ਵਿੱਥ ਉਤੇ ਦਿੱਲੀ ਬੈਠਾ ਹੋਇਆ ਸੀ।

ਦਾਰਾ ਅਤੇ ਔਰੰਗਜ਼ੇਬ ਦੇ ਇਸ ਝਗੜੇ ਬਾਰੇ ਇਸੇ ਇਹ ਗੱਲ ਭੀ ਪਾਠਕ ਚੇਤੇ ਰੱਖਣ ਕਿ ਦਾਰਾ ਨੰਗ-ਧੜੰਗ ਹੋ ਕੇ ਨਹੀਂ ਭੱਜਾ ਜਾ ਰਿਹਾ ਸੀ। ਉਹ ਦਿੱਲੀ ਦਾ ਸਾਰਾ ਸ਼ਾਹੀ ਖ਼ਜ਼ਾਨਾ ਉਥੋਂ ਲੈ ਕੇ ਤੁਰਿਆ ਸੀ। ਸ਼ਾਹ ਜਹਾਨ ਨੇ ਭੀ ਆਗਰੇ ਤੋਂ ਆਪਣੇ ਸਾਰੇ ਹੀਰੇ ਜਵਾਹਰਾਤ ਦੇ ਦਿੱਤੇ ਸਨ। ਇਤਨੇ ਕੀਮਤੀ ਖ਼ਜ਼ਾਨੇ, ਫ਼ੌਜਾਂ ਤੇ ਜਰਨੈਲਾਂ ਤੋਂ ਬਿਨਾਂ ਸਾਂਭੇ ਨਹੀਂ ਜਾ ਸਕਦੇ। ਦਾਰਾ ਕੋਲ ਫ਼ੌਜ ਭੀ ਸੀ, ਦਾਰਾ ਦੇ ਪਾਸ ਵਫ਼ਾਦਾਰ ਜਰਨੈਲ ਭੀ ਸਨ। ਪਰ ਦਾਰਾ ਦੇ ਕੋਲ ਸੂਰਮਿਆਂ ਵਾਲਾ ਦਿਲ ਨਹੀਂ ਸੀ। ਬਹੁਤੇ ਲਾਡਾਂ ਵਿਚ ਪਲਿਆ ਦਾਰਾ ਕਾਇਰ-ਦਿਲ ਹੋ ਚੁਕਾ ਸੀ। ਔਰੰਗਜ਼ੇਬ ਦਾ ਨਾਮ ਸੁਣ ਕੇ ਹੀ ਉਸ ਨੂੰ ਸੱਤੇ-ਸੁੱਧਾਂ ਭੁੱਲ ਜਾਂਦੀਆਂ ਸਨ। ਸਾਰਾ ਪੰਜਾਬ ਦਾਰਾ ਨੂੰ ਪਿਆਰ ਕਰਦਾ ਸੀ। ਲਾਹੌਰ ਉਸ ਨੇ ਦਿਨਾਂ ਵਿਚ ਹੀ ਵੀਹ ਹਜ਼ਾਰ ਜਵਾਨ ਭਰਤੀ ਕਰ ਲਏ ਸਨ, ਪਰ ਔਰੰਗਜ਼ੇਬ ਅਜੇ ਸਤਲੁਜ ਬਿਆਸਾ ਦੇ ਵਿਚਕਾਰ ਹੀ ਸੀ ਕਿ ਜਰਨੈਲਾਂ ਦੇ ਮੋੜਦਿਆਂ ਮੋੜਦਿਆਂ ਦਾਰਾ ੨੮ ਅਗਸਤ ਨੂੰ ਲਾਹੌਰੋਂ ਮੁਲਤਾਨ ਨੂੰ ਭੱਜ ਪਿਆ।

ਅਸੀ ਵੇਖ ਰਹੇ ਸਾਂ ਕਿ ਬਿਆਸਾ ਲੰਘਣ ਵੇਲੇ ਦਾਰਾ ਨੂੰ ਕਿਸੇ ਹੋਰ ਫ਼ੌਜ ਦੀ ਲੋੜ ਨਹੀਂ ਸੀ, ਰੁਪਏ ਦੀ ਲੋੜ ਨਹੀਂ ਸੀ, ਪਿਛੋਂ ਦਿੱਲੀ ਵਲੋਂ ਵੀ ਕੋਈ ਨੇੜੇ ਦਾ ਖ਼ਤਰਾ ਨਹੀਂ ਸੀ। ਸਿਰਫ਼ ਪੁਰਾਣੀ ਜਾਣ-ਪਛਾਣ ਦੇ ਕਾਰਨ ਦਾਰਾ ਨੇ ਲੰਘਦਿਆਂ ਲੰਘਦਿਆਂ ਗੋਇੰਦਵਾਲ ਗੁਰੂ ਹਰਿ ਰਾਇ ਸਾਹਿਬ ਦਾ ਦਰਸ਼ਨ ਕੀਤਾ।

ਅਸੀ ਪਿਛੇ ਪੜ੍ਹਦੇ ਚਲੇ ਆ ਰਹੇ ਹਾਂ ਕਿ ਜਾਤਿ-ਅਭਿਮਾਨੀ ਲੋਕਾਂ ਦੀ ਸਿੱਖ ਧਰਮ ਨਾਲ ਟੱਕਰ ਮੁੱਢ ਤੋਂ ਹੀ ਲੱਗ ਪਈ ਸੀ। ਗੋਇੰਦਵਾਲ ਦੇ ਵਸਨੀਕਾਂ ਨੇ ਉਸ ਵਿਚ ਖ਼ਾਸ ਹਿੱਸਾ ਲਿਆ ਸੀ। ਗੁਰੂ ਹਰਿ ਰਾਇ ਸਾਹਿਬ ਨੂੰ ਉਥੇ ਆਇਆਂ ਵੇਖ ਕੇ ਉਹਨਾਂ ਦੇ ਈਰਖਾ ਵਾਲੇ ਪੁਰਾਣੇ ਅੱਲੇ ਜ਼ਖ਼ਮ ਫਿਰ ਛਿੱਲੇ ਗਏ। ਜ਼ਖ਼ਮ ਛਿੱਲੇ ਜਾਣ ਦਾ ਇਕ ਨਵਾਂ ਕਾਰਨ ਭੀ ਬਣ ਗਿਆ ਹੋਇਆ ਸੀ। ਸ਼ਾਹ ਜਹਾਨ ਨੇ ਹਿੰਦੂ-ਮੰਦਰਾਂ ਦੇ ਵਿਰੁੱਧ ਤਾਂ ਹੁਕਮ ਜਾਰੀ ਕੀਤੇ ਸਨ, ਪਰ ਸਿੱਖ ਗੁਰਦੁਆਰੇ ਸਗੋਂ ਨਵੇਂ ਬਣ ਰਹੇ ਸਨ। ਈਰਖਾ ਦੀ ਇਹ ਚੋਭ ਕੁਦਰਤੀ ਸੀ। ਲਾਹੌਰ ਦੇ ਦਰਬਾਰ ਵਿਚ ਅੱਗੇ ਹੀ ਸਿੱਖ ਧਰਮ ਦੇ ਵਿਰੁੱਧ ਧੜਾ ਬਣਿਆ ਹੋਇਆ ਸੀ, ਉਹ ਸਿਰਫ਼ ਦਾਰਾ ਦੇ ਗਵਰਨਰ ਬਣਨ ਦੇ ਸਮੇਂ ਤੋਂ ਦਬੇ ਹੋਏ ਸਨ। ਹੁਣ ਜਦੋਂ ਦਾਰਾ ਦੀ ਤਾਕਤ ਦਾ ਸੂਰਜ ਡੁੱਬ ਗਿਆ, ਔਰੰਗਜ਼ੇਬ ਲਾਹੌਰ ਪਹੁੰਚਿਆ ਤਾਂ


www.sikhbookclub.com

ਵਿਰੋਧੀ ਧੜੇ ਨੇ ਉਸ ਦੇ ਕੰਨ ਭਰੇ ਕਿ ਉਸ ਦੇ ਵੈਰੀ ਦਾਰਾ ਸ਼ਿਕੋਹ ਨੂੰ ਗੁਰੂ ਹਰਿ ਰਾਇ ਸਾਹਿਬ ਨੇ ਮਦਦ ਦਿੱਤੀ ਸੀ, ਸਿੱਖ ਕੌਮ ਦੀ ਤਾਕਤ ਦਿਨੋ ਦਿਨ ਵਧ ਰਹੀ ਹੈ, ਜੋ ਹਕੂਮਤ ਵਾਸਤੇ ਖ਼ਤਰਨਾਕ ਸਾਬਤ ਹੋ ਸਕਦੀ ਹੈ, ਅੱਗੇ ਭੀ ਇਹਨਾਂ ਤੋਂ ਪਹਿਲੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਹਾਕਮਾਂ ਦੇ ਸਾਹਮਣੇ ਸਿਰ ਚੁੱਕਣ ਦੀ ਦਲੇਰੀ ਕੀਤੀ ਸੀ।

## ਸ਼ਾਹੀ ਸੱਦਾ

੨੮ ਅਗਸਤ ੧੬੫੮ ਨੂੰ ਲਾਹੌਰੋਂ ਚੱਲ ਕੇ ਦਾਰਾ ਸ਼ਿਕੋਹ ੧੫ ਸਤੰਬਰ ਨੂੰ ਮੁਲਤਾਨ ਪਹੁੰਚਿਆ। ਔਰੰਗਜ਼ੇਬ ਭੀ ਫ਼ੌਜ ਲੈ ਕੇ ਉਸ ਦੇ ਪਿੱਛੇ ਪਿੱਛੇ। ੧੦ ਅਕਤੂਬਰ ਨੂੰ ਮੁਲਤਾਨ ਅੱਪੜਿਆ। ਉਤਨੇ ਚਿਰ ਨੂੰ ਦਾਰਾ ਅਗਾਂਹ ਸਿੰਧ ਵਲ ਚਾਲੇ ਪਾ ਚੁਕਿਆ ਸੀ।

ਔਰੰਗਜ਼ੇਬ ਨੂੰ ਪੰਜਾਬ ਵਲ ਗਿਆ ਸੁਣ ਕੇ ਸ਼ੁਜਾਹ ਨੂੰ ਆਸ ਬਣ ਪਈ ਕਿ ਹੁਣ ਮੌਕਾ ਹੈ ਦਿੱਲੀ ਦਾ ਤਖ਼ਤ ਮੱਲ ਲਵਾਂ ਅਤੇ ਆਪਣੇ ਪਿਓ ਸ਼ਾਹ ਜਹਾਨ ਨੂੰ ਕੈਦ ਤੋਂ ਛੁਡਾਵਾਂ। ਸ਼ੁਜਾਹ ਨਵੰਬਰ ਸੰਨ ੧੬੫੮ ਵਿਚ ਪਟਨੇ ਤੋਂ ਚੱਲ ਕੇ ੯ ਜਨਵਰੀ ੧੬੫੯ ਨੂੰ ਅਲਾਹਬਾਦ ਪਹੁੰਚਿਆ। ਔਰੰਗਜ਼ੇਬ ਨੂੰ ਭੀ ਉਸ ਦੀ ਤਿਆਰੀ ਦੀਆਂ ਖ਼ਬਰਾਂ ਮਿਲ ਚੁਕੀਆਂ ਸਨ। ਉਸ ਨੇ ਦਾਰਾ ਦੇ ਪਿੱਛੇ ਕੁਝ ਜਰਨੈਲ ਭੇਜ ਦਿੱਤੇ, ਆਪ ਮੁਲਤਾਨ ਤੋਂ ਵਾਹੋਦਾਹੀ ਵਾਪਸ ਦਿੱਲੀ ਨੂੰ ਮੁੜਿਆ। ੨੦ ਨਵੰਬਰ ਸੰਨ ੧੬੫੮ ਨੂੰ ਔਰੰਗਜ਼ੇਬ ਦਿੱਲੀ ਪਹੁੰਚ ਗਿਆ। ੧੨ ਜਨਵਰੀ ੧੬੫੯ ਨੂੰ ਇਹ ਭੀ ਅਲਾਹਬਾਦ ਜਾ ਅੱਪੜਿਆ। ੧੪ ਜਨਵਰੀ ਨੂੰ ਦੋਹਾਂ ਦਲਾਂ ਦਾ ਟਾਕਰਾ ਹੋਇਆ। ਸ਼ੁਜਾਹ ਨੂੰ ਭਾਂਜ ਹੋਈ। ਆਪਣੇ ਇਤਬਾਰੀ ਤੇ ਸਿਆਣੇ ਜਰਨੈਲ ਮੀਰ ਜੁਮਲਾ ਨੂੰ ਸ਼ੁਜਾਹ ਦਾ ਪਿੱਛਾ ਕਰਨ ਲਈ ਉਧਰ ਛੱਡ ਕੇ ਔਰੰਗਜ਼ੇਬ ਦਿੱਲੀ ਮੁੜ ਆਇਆ। ਅਜੇ ਦਾਰਾ ਵਾਲਾ ਕੰਡਾ ਵਿਚੇ ਹੀ ਸੀ, ਉਹ ਅਜਮੇਰ ਵਾਲੇ ਪਾਸੇ ਫ਼ੌਜਾਂ ਇਕੱਠੀਆਂ ਕਰ ਰਿਹਾ ਸੀ। ਔਰੰਗਜ਼ੇਬ ੨੪ ਮਾਰਚ ੧੬੫੯ ਨੂੰ ਅਜਮੇਰ ਜਾ ਵੱਜਿਆ। ਦੋਹਾਂ ਭਰਾਵਾਂ ਦੀ ਟੱਕਰ ਹੋਈ। ਦਾਰਾ ਵਿਚ ਦਲੇਰੀ ਕਿਥੋਂ ? ਭਾਂਜ ਖਾ ਕੇ ਅਹਿਮਦਾਬਾਦ ਨੂੰ ਭੱਜ ਪਿਆ। ਔਰੰਗਜ਼ੇਬ ਉਸ ਦੀ ਭੁਗਤ ਸਵਾਰਨ ਲਈ ਜਰਨੈਲ ਮੁਕੱਰਰ ਕਰ ਕੇ ਆਪ ਦਿੱਲੀ ਨੂੰ ਵਾਪਸ ਆ ਗਿਆ। ਹੁਣ ਔਰੰਗਜ਼ੇਬ ਦੋਹਾਂ ਸ਼ਰੀਕ ਭਰਾਵਾਂ ਵਲੋਂ ਨਿਸਚਿੰਤ ਹੋ ਗਿਆ। ਦੋਹਾਂ ਦਾ ਲੱਕ ਟੁੱਟ ਚੁਕਾ ਸੀ। ੧੫ ਜੂਨ ਸੰਨ ੧੬੫੯ ਨੂੰ ਉਸ ਨੇ ਆਪਣੀ ਕਾਮਯਾਬੀ ਦੇ ਬਾਰੇ ਜਸ਼ਨ ਦਿੱਲੀ ਵਿੱਚ ਕੀਤੇ ਕਰਾਏ। ਇਹ ਇਕ

ਤਰ੍ਹਾਂ ਤਾਜਪੋਸ਼ੀ ਦੀ ਦੂਜੀ ਰਸਮ ਸੀ। ਸ਼ੁਜਾਹ ਵਲੋਂ ਕੁਝ ਥੋੜ੍ਹਾ ਕੁ ਖ਼ਤਰਾ ਫਿਰ ਬਣਨ 'ਤੇ ਔਰੰਗਜ਼ੇਬ ਗੜ੍ਹ ਮੁਕਤੇਸ਼ਰ (ਗੰਗਾ ਦੇ ਕੰਢੇ) ਗਿਆ, ਉਥੋਂ ਜਨਵਰੀ ੧੬੬੦ ਵਿਚ ਵਾਪਸ ਮੁੜਿਆ ਅਤੇ ੧੩ ਫ਼ਰਵਰੀ ੧੬੬੦ ਨੂੰ ਦਿੱਲੀ ਅੱਪੜਿਆ। ਹੁਣ ਔਰੰਗਜ਼ੇਬ ਬੜੇ ਅਰਾਮ ਨਾਲ ੨੦ ਸਾਲ ਦਿੱਲੀ ਤੇ ਆਗਰੇ ਰਿਹਾ। ਸਿਰਫ਼ ਦੋ ਵਾਰੀ ਉਥੋਂ ਬਾਹਰ ਗਿਆ ਸੀ, ੧੬੬੩ ਵਿਚ ਇਕ ਸਾਲ ਲਈ ਕਸ਼ਮੀਰ ਅਤੇ ੧੬੭੪-੭੫ ਵਿਚ ਡੇਢ ਸਾਲ ਵਾਸਤੇ ਹਸਨ ਅਬਦਾਲ ਦੇ ਇਲਾਕੇ ਵਿਚ ਕੁਝ ਆਕੀ ਹੋਏ ਪੁਰਾਣੇ ਪਠਾਣਾਂ ਦਾ ਸਿਰ ਭੰਨਣ ਲਈ।

ਪੰਜਾਬ ਵਿਚ ਸਿੱਖਾਂ ਦੀ ਵਧ ਰਹੀ ਤਾਕਤ ਦੀਆਂ ਰਪੋਟਾਂ ਔਰੰਗਜ਼ੇਬ ਨੂੰ ਭੁੱਲ ਨਹੀਂ ਸਕਦੀਆਂ ਸਨ। ਪਰ ਉਹ ਦਿਲੋਂ ਇਹ ਭੀ ਨਹੀਂ ਮੰਨ ਸਕਦਾ ਸੀ ਕਿ ਗੁਰੂ ਹਰਿ ਰਾਇ ਸਾਹਿਬ ਨੇ ਦਾਰਾ ਦੀ ਕੋਈ ਮਦਦ ਕੀਤੀ ਸੀ। ਕਿਹੜੀ ਮਦਦ ਕਰਦੇ ? ਮੁਗ਼ਲਾਂ ਦੀਆਂ ਪੰਜ ਪੀੜ੍ਹੀਆਂ ਦਾ ਇਕੱਠਾ ਕੀਤਾ ਹੋਇਆ ਖ਼ਜ਼ਾਨਾ ਦਾਰਾ ਦੇ ਪਾਸ ਮੌਜੂਦ ਸੀ। ਉਸ ਖ਼ਜ਼ਾਨੇ ਦਾ ਸਦਕਾ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਸੀ। ਸਾਰਾ ਹੀ ਪੰਜਾਬ ਉਸ ਨਾਲ ਪਿਆਰ ਕਰਦਾ ਸੀ, ਕਿਉਂਕਿ ਉਹ ਪੰਜਾਬ ਦਾ ਗਵਰਨਰ ਰਹਿ ਚੁੱਕਾ ਸੀ ਅਤੇ ਪਰਜਾ ਦਾ ਦਰਦੀ ਸੀ। ਦਿੱਲੀ ਵਲੋਂ ਉਸਨੂੰ ਅਜੇ ਕੋਈ ਖ਼ਤਰਾ ਨਹੀਂ ਸੀ, ਕਿਉਂਕਿ ਔਰੰਗਜ਼ੇਬ ਅਜੇ ਦਿੱਲੀ ਤੋਂ ਪਰੇ ਸੀ, ਸਾਢੇ ਤਿੰਨ ਸੌ ਮੀਲਾਂ ਦੀ ਵਿੱਥ 'ਤੇ। ਦੋਹਾਂ ਦੇ ਵਿਚਕਾਰ ਪੰਜਾਬ ਦੇ ਦੋ ਵੱਡੇ ਦਰਿਆ ਸਨ, ਸਤਲੁਜ ਅਤੇ ਬਿਆਸ, ਜਿਨ੍ਹਾਂ ਵਿਚ ਬਰਸਾਤ ਦੀ ਬਹਾਰੇ ਬੇਅੰਤ ਹੜ੍ਹ ਠਾਠਾਂ ਮਾਰ ਰਹੇ ਸਨ, ਫ਼ੌਜਾਂ ਨੇ ਪਾਰ ਲੰਘਣ ਲਈ ਘੰਟੇ ਨਹੀਂ, ਕਈ ਕਈ ਦਿਨ ਖ਼ਰਚ ਕਰਨੇ ਸਨ। ਸੋ ਔਰੰਗਜ਼ੇਬ ਸਮਝਦਾ ਸੀ ਕਿ ਦਾਰਾ ਨੂੰ ਬਾਹਰੋਂ ਕਿਸੇ ਮਦਦ ਦੀ ਲੋੜ ਨਹੀਂ ਸੀ। ਉਸ ਨੂੰ ਘਾਟ ਸੀ ਅੰਦਰੋਂ, ਉਸ ਦੇ ਅੰਦਰ ਮਰਦਾਂ ਵਾਲਾ ਦਿਲ ਨਹੀਂ ਸੀ।

ਹਾਂ, ਸਿੱਖਾਂ ਦੀ ਵਧ ਰਹੀ ਤਾਕਤ ਵਲੋਂ ਅੱਖਾਂ ਮੀਟੀਆਂ ਨਹੀਂ ਜਾ ਸਕਦੀਆਂ ਸਨ। ਪਰ ਔਰੰਗਜ਼ੇਬ ਦੀ ਸਾਰੀ ਤੰਦ-ਤਾਣੀ ਹੀ ਅਜੇ ਕੱਚੀ ਸੀ। ਉਸ ਨੇ ਅਜੇ ਮਾਰਚ ੧੬੫੯ ਵਿਚ ਹੀ ਬਨਾਰਸ-ਫ਼ਰਮਾਨ ਦੀ ਰਾਹੀਂ ਹਿੰਦੂਆਂ ਨੂੰ ਢਾਰਸ ਦੇਣ ਲਈ ਆਖਿਆ ਸੀ ਕਿ ਸਿਰਫ਼ ਮਜ਼ਹਬ ਦੇ ਵਖੇਵੇਂ ਕਾਰਨ ਕਿਸੇ ਗ਼ੈਰ-ਮੁਸਲਿਮ ਉਤੇ ਕੋਈ ਵਧੀਕੀ ਨਹੀਂ ਕੀਤੀ ਜਾਏਗੀ। ਫਿਰ ਭੀ ਜ਼ਾਤੀ ਪ੍ਰੇਰਨਾ ਅਤੇ ਲਾਲਚ ਤਾਂ ਉਹ ਵਰਤ ਹੀ ਸਕਦਾ ਸੀ। ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸੱਦਾ ਭੇਜਿਆ। ਉਸ ਵੇਲੇ ਤਕ ਸਤਿਗੁਰੂ ਜੀ ਮਾਝੇ, ਮਾਲਵੇ, ਦੁਆਬੇ ਦੇ ਪਿੰਡਾਂ ਦਾ ਚੱਕਰ ਲਾ ਕੇ ਕੀਰਤਪੁਰ ਵਾਪਸ ਆ ਚੁਕੇ ਸਨ।

 www.sikhbookclub.com

ਸਤਿਗੁਰੂ ਜੀ ਨੇ ਆਪਣੇ ਥਾਂ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਭੇਜਿਆ ਅਤੇ ਕੁਝ ਕੁ ਸਿਆਣੇ ਸਿਆਣੇ ਮਸੰਦ (ਪ੍ਰਚਾਰਕ) ਭੀ ਨਾਲ ਦੇ ਦਿੱਤੇ। ਤੁਰਨ ਲੱਗਿਆਂ ਨੂੰ ਗੁਰੂ ਜੀ ਨੇ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿਚ ਗੁਰੂ ਆਸਰੇ ਰਹਿਣਾ, ਗੁਰੂ ਸਦਾ ਅੰਗ-ਸੰਗ ਸਮਝਣਾ। ਬਾਬਾ ਰਾਮ ਰਾਇ ਜੀ ਬੜੇ ਪ੍ਰਬੀਨ ਤੇ ਹਾਜ਼ਰ-ਜਵਾਬ ਸਨ। ਉਹਨਾਂ ਦੀ ਵਿਦਵਤਾ ਦਾ ਔਰੰਗਜ਼ੇਬ ਉਤੇ ਬਹੁਤ ਅਸਰ ਪਿਆ। ਸਿੱਖ ਇਤਿਹਾਸਕਾਰ ਲਿਖਦੇ ਹਨ ਕਿ ਬਾਦਸ਼ਾਹ ਨੇ ਬਾਬਾ ਰਾਮ ਰਾਇ ਜੀ ਦੀ ਅਜ਼ਮਤ ਪਰਖਣ ਲਈ ਕਈ ਅਜ਼ਮਾਇਸ਼ਾਂ ਕੀਤੀਆਂ, ਤੇ ਬਾਬਾ ਜੀ ਹਰੇਕ ਅਜ਼ਮਾਇਸ਼ ਵਿਚ ਪੂਰੇ ਉਤਰਦੇ ਰਹੇ, ਜਿਸ ਦਾ ਨਤੀਜਾ ਇਹ ਹੋਇਆ ਕਿ ਔਰੰਗਜ਼ੇਬ ਰਾਮ ਰਾਇ ਜੀ ਦਾ ਬੜਾ ਆਦਰ-ਸਤਿਕਾਰ ਕਰਨ ਲੱਗ ਪਿਆ। ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਇਸਲਾਮ ਵਿਚ ਉਸ ਦੀ ਸ਼ਰਧਾ ਤਅੱਸਬ ਦੀਆਂ ਹੱਦਾਂ ਤਕ ਅੱਪੜ ਚੁਕੀ ਹੋਈ ਸੀ। ਅਸਲ ਵਿਚ ਉਹ ਰਾਮ ਰਾਇ ਜੀ ਦੇ ਦਿਲ ਨੂੰ ਪਿਆਰ-ਸਤਿਕਾਰ ਨਾਲ ਜਿੱਤ ਕੇ ਆਪਣੇ ਦੀਨ ਵਿਚ ਲਿਆਉਣਾ ਚਾਹੁੰਦਾ ਸੀ, ਕਿਉਂਕਿ ਬਾਬਾ ਰਾਮ ਰਾਇ ਜੀ ਅਜੇ ਅੱਲ੍ਹੜ ਉਮਰ ਦੇ ਗੱਭਰੂ ਹੀ ਸਨ। ਪਰ ਦਰਬਾਰੀ ਕਾਜ਼ੀ ਮੌਲਵੀ ਬਾਦਸ਼ਾਹ ਦੀ ਇਸ ਨੀਤੀ ਨੂੰ ਸਮਝਦੇ ਹੋਏ ਉਸ ਦੇ ਇਸ ਜ਼ਾਹਰਾ ਝੁਕਾਉ ਨੂੰ ਪਸੰਦ ਨਹੀਂ ਕਰਦੇ ਸਨ। ਉਹ ਕਿਸੇ ਨਾ ਕਿਸੇ ਤਰ੍ਹਾਂ ਦੋਹਾਂ ਵਿਚ ਅਜੋੜ ਦੇਖਣਾ ਚਾਹੁੰਦੇ ਸਨ। ਇਸ ਗ਼ਰਜ਼ ਕਰਕੇ ਉਹ ਬਾਦਸ਼ਾਹ ਪਾਸੋਂ ਰਾਮ ਰਾਇ ਜੀ ਉਤੇ ਕਈ ਕਿਸਮ ਦੇ ਸਵਾਲ ਕਰਾਂਦੇ ਰਹਿੰਦੇ ਸਨ। ਪਰ ਬਾਬਾ ਜੀ ਦੀ ਹਾਜ਼ਰ-ਜਵਾਬੀ ਅੱਗੇ ਕਾਜ਼ੀਆਂ ਦੀ ਪੇਸ਼ ਨਹੀਂ ਜਾਂਦੀ ਸੀ, ਬਾਦਸ਼ਾਹ ਦੀ ਸਦਾ ਤਸੱਲੀ ਹੀ ਹੁੰਦੀ ਰਹੀ।

ਸਿੱਖ-ਇਤਿਹਾਸ ਵਿਚ ਇਹ ਆਮ ਪ੍ਰਸਿੱਧ ਹੈ ਕਿ ਆਖ਼ਰ ਇਕ ਦਿਨ ਕਾਜ਼ੀਆਂ ਦੀ ਪ੍ਰੇਰਨਾ 'ਤੇ ਔਰੰਗਜ਼ੇਬ ਨੇ ਰਾਮ ਰਾਇ ਜੀ ਤੋਂ ਪੁੱਛਿਆ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਮੁਸਲਮਾਨਾਂ ਬਾਰੇ ਲਿਖਿਆ ਹੈ, "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥" ਇਸ ਦਾ ਕੀ ਭਾਵ ਹੈ ? ਕਾਜ਼ੀਆਂ ਦੀ ਚੋਟ ਆਖ਼ਰ ਟਿਕਾਣੇ 'ਤੇ ਵੱਜੀ। ਬਾਦਸ਼ਾਹ ਨਾਲ ਬਣਿਆ ਰਸੂਖ਼ ਕਾਇਮ ਰੱਖਣ ਲਈ ਬਾਬਾ ਰਾਮ ਰਾਇ ਜੀ ਨੇ ਕਹਿ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਅਸਲ ਵਿਚ "ਮਿਟੀ ਬੇਈਮਾਨ ਕੀ" ਉਚਾਰਿਆ ਸੀ, ਲਿਖਾਰੀ ਦੀ ਭੁਲ ਨਾਲ "ਮਿਟੀ ਮੁਸਲਮਾਨ ਕੀ" ਲਿਖਿਆ ਗਿਆ ਹੈ। ਆਦਰ-ਸਤਿਕਾਰ ਵਾਲਾ ਦਬਾਉ ਸਿਰਫ਼ ਬਾਬਾ ਰਾਮ ਰਾਇ ਜੀ ਉਤੇ ਨਹੀਂ ਪਾਇਆ ਜਾ ਰਿਹਾ ਸੀ, ਇਹ ਜਾਲ,ਨਾਲ ਗਏ ਮਸੰਦਾਂ ਉਤੇ ਭੀ ਵਿਛਾਇਆ ਜਾ ਰਿਹਾ ਸੀ, ਇਸ ਦੇ ਨਤੀਜੇ ਦੇ ਤੌਰ

'ਤੇ ਹੋ ਸਕਦਾ ਹੈ ਕਿ ਇਹ ਉਕਾਈ ਕਰਨ ਦੀ ਸਲਾਹ ਬਾਬਾ ਰਾਮ ਰਾਇ ਜੀ ਨੂੰ ਉਹਨਾਂ ਮਸੰਦਾਂ ਵਿਚੋਂ ਕਿਸੇ ਨੇ ਦਿੱਤੀ ਹੋਵੇ, ਜੋ ਕੀਰਤਪੁਰੋਂ ਉਹਨਾਂ ਦੇ ਨਾਲ ਭੇਜੇ ਗਏ ਸਨ। ਫਿਰ ਭੀ ਇਸ ਉਕਾਈ ਦੀ ਜ਼ਿਮੇਵਾਰੀ ਬਾਬਾ ਰਾਮ ਰਾਇ ਜੀ ਦੇ ਸਿਰ ਹੀ ਆਉਂਦੀ ਹੈ।

ਸ਼ਾਹੀ ਰਸੂਖ਼ ਦੀ ਖ਼ਾਤਰ ਗੁਰੂ-ਆਦਰਸ਼ ਨੂੰ ਬਦਲਾ ਦੇਣਾ, ਸਿੱਖ ਧਰਮ ਦੇ ਨਿਸ਼ਾਨੇ ਤੋਂ ਇਕ ਉਕਾਈ ਸੀ। ਗੁਰੂ ਹਰਿ ਰਾਇ ਸਾਹਿਬ ਨੇ ਜਦੋਂ ਇਹ ਖ਼ਬਰ ਸੁਣੀ, ਤਾਂ ਉਹਨਾਂ ਨੂੰ ਨਿਸਚੇ ਹੋ ਗਿਆ ਕਿ ਰਾਮ ਰਾਇ ਜੀ ਹੁਣ ਇਸ ਯੋਗ ਨਹੀਂ ਰਹੇ ਕਿ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਦੀ ਰਾਖੀ ਅਤੇ ਪ੍ਰਚਾਰ ਦੀ ਜ਼ਿਮੇਵਾਰੀ ਇਹਨਾਂ ਦੇ ਸਪੁਰਦ ਕੀਤੀ ਜਾ ਸਕੇ।

ਗੁਰੂ ਹਰਿ ਰਾਇ ਸਾਹਿਬ ਨੇ ਬਾਬਾ ਰਾਮ ਰਾਇ ਜੀ ਨੂੰ ਆਪਣੇ ਇਹਨਾਂ ਖ਼ਿਆਲਾਂ ਦੀ ਖ਼ਬਰ ਭੇਜ ਦਿੱਤੀ ਅਤੇ ਕਹਿ ਭੇਜਿਆ ਕਿ ਤੁਸਾਂ ਹੁਣ ਸਾਡੇ ਪਾਸ ਨਾ ਆਉਣਾ, ਕਿਉਂਕਿ ਔਰੰਗਜ਼ੇਬ ਨਾਲ ਰਸੂਖ਼ ਕਾਇਮ ਰੱਖਣ ਦੀ ਖ਼ਾਤਰ ਤੁਸਾਂ ਗੁਰੂ ਨਾਨਕ ਪਾਤਿਸ਼ਾਹ ਦੀ ਭਾਰੀ ਨਿਰਾਦਰੀ ਕੀਤੀ ਹੈ।

ਔਰੰਗਜ਼ੇਬ ਆਪਣੀ ਚਾਲ ਵਿਚ ਕਿਸੇ ਹੱਦ ਤਕ ਕਾਮਯਾਬ ਹੋ ਗਿਆ। ਉਸ ਨੇ ਇਸ ਫੁੱਟ ਨੂੰ ਵਧਾਣ ਲਈ ਬਾਬਾ ਰਾਮ ਰਾਇ ਜੀ ਨੂੰ ਜਾਗੀਰ ਦੇ ਦਿੱਤੀ। ਪਰ ਸਿੱਖ ਕੌਮ ਵਿਚ ਧੜੇ ਪੈਦਾ ਕਰਨ ਵਿਚ ਉਹ ਕਾਮਯਾਬ ਨਾ ਹੋ ਸਕਿਆ। ਸਿੱਖਾਂ ਦੀ ਸ਼ਰਧਾ ਆਪਣੇ ਗੁਰੂ ਦੇ ਚਰਨਾਂ ਵਿਚ ਅਡੋਲ ਰਹੀ। ਇਹ ਸਾਰਾ ਜ਼ਿਕਰ ਫ਼ਰਵਰੀ ਸੰਨ ੧੬੬੦ ਤੋਂ ਪਿਛੋਂ ਦਾ ਹੈ।

## ਜੋਤੀ ਜੋਤਿ

ਆਪਣਾ ਦੇਹਾਂਤ ਨੇੜੇ ਆਉਂਦਾ ਜਾਣ ਕੇ ਸਤਿਗੁਰੂ ਜੀ ਨੇ ਆਪਣੇ ਥਾਂ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਨੂੰ ਗੁਰੂ ਬਣਾਇਆ ਅਤੇ ਆਪ ੫ ਕੱਤਕ ਸੰਮਤ ੧੭੧੮ (ਮੁਤਾਬਕ ੬ ਅਕਤੂਬਰ ਸੰਨ ੧੬੬੧) ਨੂੰ ਕੀਰਤਪੁਰ ਵਿਚ ਜੋਤੀ ਜੋਤਿ ਸਮਾਏ।

ਜਨਮ-ਤਰੀਕ : ੧੬ ਜਨਵਰੀ ੧੬੩੦।

ਜੋਤੀ ਜੋਤਿ ਸਮਾਣ ਦੀ ਤਰੀਕ : ੬ ਅਕਤੂਬਰ ੧੬੬੧।

ਕੁੱਲ ਉਮਰ : ੩੧ ਸਾਲ, ੮ ਮਹੀਨੇ, ੨੨ ਦਿਨ।

# ਗੁਰੂ ਹਰਿ ਰਾਇ ਸਾਹਿਬ ਜੀ
# ਦੇ
# ਜੀਵਨ ਵਿਚੋਂ ਸਿੱਖ ਧਰਮ ਦੀ ਤਾਲੀਮ

ਗੁਰੂ ਹਰਿ ਰਾਇ ਸਾਹਿਬ ਦੀ ਕੋਈ 'ਬਾਣੀ' ਨਹੀਂ ਮਿਲਦੀ। ਉਹਨਾਂ ਦੇ ਜੀਵਨ ਵਿਚੋਂ ਕੁਝ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਤੋਂ ਇਹ ਚਾਨਣਾ ਪੈ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦੱਸੇ ਇਨਸਾਨੀ ਜੀਵਨ ਦੇ ਆਦਰਸ਼ ਨੂੰ ਪਰਫੁਲਤ ਕਰਨ ਲਈ ਉਹਨਾਂ ਕੀ ਕੁਝ ਕੀਤਾ ਸੀ।

## ਲੋੜਵੰਦਿਆਂ ਦੀ ਸਹਾਇਤਾ

ਗੁਰੂ ਹਰਿ ਰਾਇ ਸਾਹਿਬ ਦਾ ਹਿਰਦਾ ਅੱਤ ਦਰਜੇ ਦਾ ਕੋਮਲ ਸੀ। ਸਿੱਖ-ਇਤਿਹਾਸ ਵਿਚ ਇਕ ਥਾਂ ਜ਼ਿਕਰ ਆਉਂਦਾ ਹੈ ਕਿ ਛੋਟੀ ਉਮਰੇ ਇਕ ਦਿਨ ਆਪ ਕਲੀਆਂ ਵਾਲਾ ਕੁੜਤਾ ਪਾ ਕੇ ਬਗ਼ੀਚੇ ਵਿਚ ਟਹਿਲ ਰਹੇ ਸਨ, ਕੁੜਤੇ ਦੇ ਛੁਹਣ ਨਾਲ ਕੁਝ ਫੁੱਲ ਟਾਹਣੀਆਂ ਨਾਲੋਂ ਕਿਰ ਗਏ। ਉਸ ਦਿਨ ਤੋਂ ਸਦਾ ਆਪਣੇ ਪਹਿਨੇ ਕੱਪੜਿਆਂ ਨੂੰ ਧਿਆਨ ਨਾਲ ਸਾਂਭ-ਸਿਕਰ ਕੇ ਹੀ ਬਗ਼ੀਚੇ ਵਿਚ ਫਿਰਿਆ ਕਰਦੇ ਸਨ, ਤਾਕਿ ਕੋਈ ਕਲੀ ਡਿੱਗ ਨਾ ਪਏ। ਜਿਸ ਹਿਰਦੇ ਵਿਚ ਫੁੱਲਾਂ ਵਾਸਤੇ ਇਤਨੀ ਕੋਮਲਤਾ ਸੀ, ਉਹ ਹਿਰਦਾ ਸੰਸਾਰ- ਬਗ਼ੀਚੇ ਦੇ ਜੀਵਾਂ ਵਾਸਤੇ ਤਾਂ ਪਿਆਰ ਨਾਲ ਨੱਕਾ-ਨੱਕ ਭਰਪੂਰ ਸੀ। ਆਪ ਕਈ ਅਮੋਲਕ ਦੁਰਲੱਭ ਦਵਾਈਆਂ ਸਦਾ ਆਪਣੇ ਪਾਸ ਰੱਖਣ ਦਾ ਪ੍ਰਬੰਧ ਕਰੀ ਰਖਦੇ ਸਨ, ਜਿਨ੍ਹਾਂ ਨਾਲ ਕਈ ਰੋਗੀਆਂ ਦੇ ਅਸਾਧ ਰੋਗ ਦੂਰ ਹੋ ਜਾਂਦੇ ਸਨ। ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਭੀ ਜਦੋਂ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ ਗਿਆ ਸੀ, ਤਾਂ ਉਸ ਦੇ ਅਜੀਰਣ ਰੋਗ ਲਈ ਦਵਾਈ ਗੁਰੂ ਹਰਿ ਰਾਇ ਸਾਹਿਬ ਪਾਸੋਂ ਹੀ ਮਿਲੀ ਸੀ। ਦਾਰਾ ਸ਼ਿਕੋਹ ਕੁਝ ਪਹਿਲਾਂ ਹੀ



 www.sikhbookclub.com

ਮਹਾਤਮਾ ਲੋਕਾਂ ਦੀ ਸੰਗਤ ਕਰਨ ਦੇ ਸੁਭਾਵ ਵਾਲਾ ਸੀ, ਸਰੀਰਕ ਰੋਗ ਦੂਰ ਹੋਣ 'ਤੇ ਉਹ ਸਤਿਗੁਰੂ ਜੀ ਦਾ ਹੋਰ ਭੀ ਸ਼ਰਧਾਲੂ ਹੋ ਗਿਆ।

## ਗਰੀਬਾਂ ਨਾਲ ਨੇੜੇ ਦੀ ਸਾਂਝ

ਇਕ ਵਾਰੀ ਮਾਲਵੇ ਦੀ ਇਕ ਗਰੀਬ ਮਾਈ ਆਪਣੇ ਇਲਾਕੇ ਦੀ ਸੰਗਤ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ। ਮਾਈ ਗੁਰੂ ਹਰਿ ਰਾਇ ਸਾਹਿਬ ਵਾਸਤੇ ਖੱਦਰ ਦੀ ਇਕ ਚਾਦਰ ਲਿਆਈ ਅਤੇ ਉਹਨਾਂ ਨੂੰ ਛਕਾਣ ਵਾਸਤੇ ਘਰੋਂ ਰੋਟੀਆਂ ਭੀ ਪਕਾ ਲਿਆਈ। ਪਰ ਗੁਰੂ ਕੇ ਦਰਬਾਰ ਦੀ ਮਹਿਮਾ ਵੇਖ ਕੇ ਮਾਈ ਆਪਣੀਆਂ ਗਰੀਬੀ ਦਾਅਵੇ ਦੀਆਂ ਉਹ ਭੇਟਾਂ ਪੇਸ਼ ਕਰਨ ਤੋਂ ਝੱਕ ਗਈ। ਸਗੋਂ, ਦੀਵਾਨ ਤੋਂ ਦੁਰੇਡੀ ਹੀ ਖਲੋਤੀ ਰਹੀ ਅਤੇ ਦਿਲ ਵਿਚ ਅਰਾਧਨਾ ਕਰਦੀ ਰਹੀ ਕਿ ਮੇਰੀ ਗਰੀਬਣੀ ਦੀ ਰੋਟੀ ਤੇ ਚਾਦਰ ਕਬੂਲ ਕਰੋ। ਗੁਰੂ ਹਰਿ ਰਾਇ ਸਾਹਿਬ ਲੌਂਢੇ ਪਹਿਰ ਦੇ ਸੈਰ ਵੇਲੇ ਉਚੇਚੇ ਉਸ ਪਾਸੇ ਵਲ ਚੱਲ ਪਏ, ਤੇ ਮਾਈ ਕੋਲ ਪਹੁੰਚ ਕੇ ਆਪ ਹੀ ਦੋਵੇਂ ਚੀਜ਼ਾਂ ਮੰਗ ਲਈਓ ਨੇ।

## ਗੁਰਬਾਣੀ ਵਾਸਤੇ ਸਤਿਕਾਰ ਤੇ ਸ਼ਰਧਾ

ਜੇ ਵਿਦਿਆਰਥੀ ਦੇ ਦਿਲ ਵਿਚ ਆਪਣੇ ਉਸਤਾਦ ਲਈ ਸਤਿਕਾਰ ਤੇ ਸ਼ਰਧਾ ਨਾ ਹੋਵੇ, ਤਾਂ ਉਸਤਾਦ ਦੀ ਦਿੱਤੀ ਤਾਲੀਮ ਉਤੇ ਉਸ ਦਾ ਯਕੀਨ ਨਹੀਂ ਬੱਝ ਸਕਦਾ। ਜੇ ਸਿੱਖ ਦੇ ਹਿਰਦੇ ਵਿਚ ਗੁਰੂ ਵਾਸਤੇ ਪ੍ਰੀਤ ਤੇ ਪ੍ਰਤੀਤ ਨਹੀਂ ਹੈ, ਤਾਂ ਉਹ ਗੁਰੂ ਦੇ ਦੱਸੇ ਰਾਹ ਉਤੇ ਨਹੀਂ ਤੁਰ ਸਕਦਾ। ਗੁਰੂ ਤੇ ਸਿੱਖ ਦਾ ਸੰਬੰਧ 'ਬਾਣੀ' ਦੀ ਰਾਹੀਂ ਹੀ ਪੈਂਦਾ ਹੈ। ਇਸੇ ਵਾਸਤੇ ਗੁਰਮਤਿ ਅਨੁਸਾਰ ਗੁਰੂ ਤੇ ਗੁਰੂ ਦੀ ਬਾਣੀ ਇਕ-ਰੂਪ ਹਨ। ਬਾਣੀ ਦਾ ਆਦਰ ਗੁਰੂ ਦਾ ਆਦਰ ਹੈ। ਹਰੇਕ ਗੁਰ-ਵਿਅਕਤੀ ਨੇ ਆਪੋ-ਆਪਣੇ ਸਮੇ ਸਿੱਖਾਂ ਦਾ ਧਿਆਨ ਇਸ ਪਾਸੇ ਵਲ ਖ਼ਾਸ ਤੌਰ 'ਤੇ ਦਿਵਾਇਆ ਹੈ। ਗੁਰੂ ਹਰਿ ਰਾਇ ਸਾਹਿਬ ਨੇ ਭੀ ਇਹ ਆਦਰਸ਼ ਸਦਾ ਸਾਹਮਣੇ ਰਖਿਆ।

ਇਕ ਦਿਨ ਲੌਂਢੇ ਪਹਿਰ ਮੰਜੇ ਉਤੇ ਸਤਿਗੁਰੂ ਜੀ ਲੇਟੇ ਹੋਏ ਸਨ, ਇਕ ਸਿੱਖ-ਜਥਾ ਦਰਸ਼ਨ ਲਈ ਆਇਆ। ਉਹ ਸਾਰੇ ਰਲ ਕੇ ਸ਼ਬਦ-ਕੀਰਤਨ ਕਰਦੇ ਆਉਂਦੇ ਸਨ। ਜਿਸ ਵੇਲੇ ਸਤਿਗੁਰੂ ਜੀ ਦੇ ਕੰਨੀਂ ਸ਼ਬਦ ਦੀ 'ਵਾਜ ਪਈ, ਉਹ ਉਸੇ ਵੇਲੇ ਬੜੀ ਕਾਹਲੀ ਨਾਲ ਮੰਜੇ ਤੋਂ ਥੱਲੇ ਉਤਰ ਆਏ, ਜਿਸ ਕਰਕੇ ਗੋਡੇ

ਨੂੰ ਸੱਟ ਭੀ ਲੱਗ ਗਈ। ਤੇ, ਅਗਾਂਹ ਨੂੰ ਉਹਨਾਂ ਨੇ ਦਿਨ ਵੇਲੇ ਮੰਜੇ ਉਤੇ ਲੇਟਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਸ਼ਬਦ ਦੀ ਨਿਰਾਦਰੀ ਹੁੰਦੀ ਸੀ।

ਸਤਿਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਬੜੇ ਹੋਣਹਾਰ ਸਨ, ਕਰਣੀ ਵਾਲੇ ਭੀ ਸਨ। ਪਰ ਜਦੋਂ ਔਰੰਗਜ਼ੇਬ ਵਲੋਂ ਮਿਲੇ ਆਦਰ-ਸਤਿਕਾਰ ਦੇ ਭਾਰ ਹੇਠ ਆ ਕੇ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨਿੱਕੀ ਜਿਹੀ ਤਬਦੀਲੀ ਕਰ ਕੇ ਬਾਦਸ਼ਾਹ ਨੂੰ ਖ਼ੁਸ਼ ਕਰਨ ਦੀ ਕੋਸ਼ਸ਼ ਕੀਤੀ, ਤਾਂ ਸਤਿਗੁਰੂ ਜੀ ਨੇ ਇਤਨੇ ਹੋਨਹਾਰ ਪੁੱਤਰ ਨਾਲੋਂ ਆਪਣਾ ਸੰਬੰਧ ਸਦਾ ਲਈ ਤੋੜ ਲਿਆ।

## ਸਿੱਖ ਧਰਮ ਦੇ ਪ੍ਰਚਾਰ ਲਈ ਉੱਦਮ

ਗੁਰੂ ਨਾਨਕ ਦੇਵ ਜੀ ਨੇ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਰਨ ਲਈ ਸਾਰੇ ਭਾਰਤ ਵਿਚ ਚੱਕਰ ਲਾਇਆ। ਬਾਹਰਲੇ ਦੇਸ਼ਾਂ ਵਿਚ ਭੀ ਗਏ। ਜਿਨ੍ਹਾਂ ਇਲਾਕਿਆਂ ਵਿਚ ਗੁਰੂ ਸਾਹਿਬ ਦੇ ਸਿੱਖਾਂ ਦੀ ਗਿਣਤੀ ਕਾਫ਼ੀ ਹੋ ਗਈ, ਉਹਨਾਂ ਨੂੰ ਗੁਰੂ ਅਮਰਦਾਸ ਜੀ ਨੇ ੨੨ ਹਿੱਸਿਆਂ ਵਿਚ ਵੰਡ ਕੇ ਹਰੇਕ ਵਿਚ ਸਿੱਖ-ਧਰਮ ਦੇ ਪ੍ਰਚਾਰ ਲਈ 'ਮੰਜੀਆਂ' ਥਾਪੀਆਂ। ਜਿਉਂ ਜਿਉਂ ਸਿੱਖ ਕੌਮ ਵਧਦੀ ਗਈ, ਇਸ ਦੀ ਜਥੇਬੰਦੀ ਨੂੰ ਪੱਕਾ ਕਰਨ ਲਈ, ਤੇ ਹਰ ਪਹਿਲੂ ਤੋਂ ਇਸ ਨੂੰ ਸਹੀ ਇਨਸਾਨੀ ਆਦਰਸ਼ ਉਤੇ ਕਾਇਮ ਰੱਖਣ ਲਈ ਉੱਦਮ ਕੀਤੇ ਜਾਂਦੇ ਰਹੇ। ਗੁਰੂ ਅਰਜਨ ਸਾਹਿਬ ਨੇ ਹੋਰ ਪ੍ਰਚਾਰਕ ਮੁਕੱਰਰ ਕੀਤੇ, ਜੋ ਬਾਣੀ ਦੇ ਪ੍ਰਚਾਰ ਤੋਂ ਇਲਾਵਾ ਆਪੋ ਆਪਣੇ ਨਿਯਤ ਇਲਾਕੇ ਵਿਚੋਂ ਹਰੇਕ ਸਿੱਖ ਘਰਾਣੇ ਦੀ ਕਮਾਈ ਦਾ 'ਦਸਵੰਧ' ਭੀ ਗੁਰੂ ਪਾਸ ਲਿਆਉਂਦੇ ਸਨ। ਇਹਨਾਂ ਪ੍ਰਚਾਰਕਾਂ ਨੂੰ 'ਮਸੰਦ' ਨਾਮ ਨਾਲ ਸੱਦਿਆ ਜਾਂਦਾ ਸੀ।

ਪਰ ਸਹਿਜੇ ਸਹਿਜੇ ਕਈ ਮਸੰਦ ਆਪਣੀ ਜ਼ਿਮੇਵਾਰੀ ਨਿਬਾਹੁਣ ਵਿਚ ਢਿੱਲੇ ਹੁੰਦੇ ਗਏ। 'ਦਸਵੰਧ' ਦੀ ਮਾਇਆ ਦੇ ਅਸਰ ਹੇਠ ਆ ਕੇ ਇਹ ਕਮਜ਼ੋਰੀ ਆਉਣੀ ਕੁਦਰਤੀ ਸੀ। ਇਸ ਕਮੀ ਨੂੰ ਪੂਰਾ ਕਰਨ ਲਈ ਗੁਰੂ ਹਰਿ ਰਾਇ ਸਾਹਿਬ ਨੇ ਉਤਸ਼ਾਹ-ਭਰੇ ਹੋਰ ਨਵੇਂ ਪ੍ਰਚਾਰਕ ਥਾਪ ਦਿੱਤੇ। ਉਹਨਾਂ ਵਿਚੋਂ ਭਗਤ ਭਗਵਾਨ ਅਤੇ ਭਾਈ ਫੇਰੂ ਇਹ ਦੋ ਸਿੱਖ ਇਤਿਹਾਸ ਦੇ ਚਮਕਦੇ ਸਤਾਰੇ ਹਨ।

(੧) ਭਗਤ ਭਗਵਾਨ ਬੋਧ ਗਇਆ ਦਾ ਸੰਨਿਆਸੀ ਮਹੰਤ ਸੀ। ਇਸ

ਦਾ ਪਹਿਲਾ ਨਾਂ ਭਗਵਾਨ ਗਿਰ ਸੀ। ਇਸ ਨੇ ਕੀਰਤਪੁਰ ਆ ਕੇ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਕੀਤੇ। ਸਿੱਖ ਬਣਿਆ, ਤੇ ਬੜੀ ਸ਼ਰਧਾ ਵਾਲਾ ਸਿੱਖ ਬਣਿਆ। ਸਿੱਖ-ਧਰਮ ਵਿਚ ਪਰਪੱਕ ਕਰ ਕੇ ਗੁਰੂ ਹਰਿ ਰਾਇ ਸਾਹਿਬ ਨੇ ਭਗਤ ਭਗਵਾਨ ਨੂੰ ਉਸ ਦੇ ਆਪਣੇ ਵਤਨ ਵੱਲ ਹੀ ਪ੍ਰਚਾਰ ਲਈ ਭੇਜ ਦਿੱਤਾ। ਇਸ ਦੇ ਆਪਣੇ ਪਹਿਲੇ ਸਾਧੂ ਭੀ ਸਿੱਖ ਬਣ ਗਏ, ਜਿਨ੍ਹਾਂ ਦੇ ਪਟਨੇ ਦੇ ਜ਼ਿਲੇ ਵਿਚ ੩੬੦ ਡੇਰੇ ਹਨ। ਭਗਤ ਭਗਵਾਨ ਦੀ ਗੱਦੀ ਪਟਨੇ ਤੋਂ ਨੇੜੇ ਹੀ ਦਾਨਾਪੁਰ ਵਿਚ ਹੈ।

ਭਾਈ ਫੇਰੂ ਕੀਰਤਪੁਰ ਦਾ ਇਕ ਹਟਵਾਣੀਆ ਸੀ, ਜਾਤ ਦਾ ਉੱਪਲ ਖੱਤਰੀ। ਸੰਗਤ ਦੀ ਲਾਗ ਨਾਲ ਗੁਰੂ ਹਰਿ ਰਾਇ ਸਾਹਿਬ ਦਾ ਸਿੱਖ ਬਣਿਆ, ਬੜੀ ਸ਼ਰਧਾ ਨਾਲ ਗੁਰੂ ਕੇ ਲੰਗਰ ਦੀ ਸੇਵਾ ਕਰਨ ਲੱਗਾ। ਆਖ਼ਰ ਸਤਿਗੁਰੂ ਜੀ ਨੇ ਇਸ ਨੂੰ ਇਸ ਯੋਗ ਵੇਖਿਆ ਕਿ ਸਿੱਖ-ਧਰਮ ਦਾ ਪ੍ਰਚਾਰ ਕਰ ਸਕੇ। ਲੰਮੇ ਦੇਸ ਦਾ ਪ੍ਰਚਾਰਕ (ਮਸੰਦ) ਬਣਾ ਕੇ ਭੇਜ ਦਿੱਤੋਨੇ। ਤੇ, ਲੰਗਰ ਚਲਾਣ ਦੀ ਖ਼ਾਸ ਤਾਕੀਦ ਕੀਤੀਓਨੇ। ਭਾਈ ਫੇਰੂ ਨੇ ਚੂਨੀਆਂ ਦੇ ਪਰਗਣੇ ਵਿਚ ਪਿੰਡ ਮੀਆਂ ਮੌੜ ਜਾ ਡੇਰਾ ਕੀਤਾ। ਉਹ ਬਾਹਰੇ ਵਿਚ ਭਾਈ ਫੇਰੂ ਜੀ ਦੇ ਲੰਗਰ ਦੀ ਬਹੁਤ ਮਹਿਮਾ ਤੇ ਸ਼ੋਭਾ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਮਸੰਦਾਂ ਦੀ ਆਮ ਬਦਖ਼ੋਈ ਹੋਣ ਲੱਗ ਪਈ, ਤਾਂ ਸਤਿਗੁਰੂ ਜੀ ਨੇ ਸਭ ਮਸੰਦਾਂ ਨੂੰ ਅਨੰਦਪੁਰ ਵਿਚ ਮੰਗਵਾਇਆ। ਭਾਈ ਫੇਰੂ ਜੀ ਭੀ ਹਾਜ਼ਰ ਹੋਏ। ਪਰ ਇਹਨਾਂ ਦੀ ਸੇਵਾ ਉਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਇਹਨਾਂ ਨੂੰ 'ਸੰਗਤਿ ਸਾਹਿਬ' ਦੀ ਪਦਵੀ ਬਖ਼ਸ਼ੀ। ਬਦਨਾਮ ਹੋਏ ਮਸੰਦਾਂ ਨੂੰ ਦਾੜ੍ਹੀਓਂ ਫੜ ਕੇ ਸਦਵਾਇਆ ਗਿਆ ਸੀ। ਭਾਈ ਫੇਰੂ ਜੀ ਦੇ ਉੱਚ-ਜੀਵਨ ਸਦਕਾ ਕੋਈ ਸਿੱਖ ਇਹਨਾਂ ਦੀ ਦਾੜ੍ਹੀ ਨੂੰ ਹੱਥ ਪਾਣ ਦਾ ਹੀਆ ਨਹੀਂ ਸੀ ਕਰਦਾ, ਇਸ ਵਾਸਤੇ ਇਹ ਆਪ ਹੀ ਆਪਣੀ ਦਾੜ੍ਹੀ ਨੂੰ ਹੱਥ ਵਿਚ ਫੜ ਕੇ ਹਾਜ਼ਰ ਹੋਏ ਸਨ। ਜਦੋਂ ਸਤਿਗੁਰੂ ਜੀ ਦੇ ਦਰਬਾਰ ਵਿਚ ਅਨੰਦਪੁਰ ਹਾਜ਼ਰ ਹੋਏ, ਤਾਂ ਸਤਿਗੁਰੂ ਜੀ ਨੇ ਆਦਰ-ਪਿਆਰ ਨਾਲ ਆਖਿਆ—ਆਓ, ਭਾਈ ਫੇਰੂ ਸੱਚੀ ਦਾੜ੍ਹੀ! ਤੁਸਾਂ ਦਾੜ੍ਹੀ ਦੀ ਲਾਜ ਰੱਖ ਲ਼ਈ ਹੈ, ਕਿਉਂਕਿ ਤੁਸੀਂ ਆਪਣੇ ਸੁੱਚੇ ਜੀਵਨ ਨਾਲ ਗੁਰਮਤਿ ਦਾ ਪ੍ਰਚਾਰ ਕਰ ਰਹੇ ਹੋ। ਦਸਵੰਧ ਦਾ ਹਿਸਾਬ ਲਿਖਣ ਵਾਲੇ ਮੁਨੀਮ ਨੇ ਕੋਲੋਂ ਆਖਿਆ ਕਿ ਭਾਈ ਫੇਰੂ ਨੇ ਕਦੇ ਆਪਣੇ ਇਲਾਕੇ ਦੀ ਸੰਗਤ ਦਾ ਦਸਵੰਧ ਇਥੇ ਨਹੀਂ ਭੇਜਿਆ। ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਭਾਈ ਫੇਰੂ ਜੀ ਲੰਗਰ ਦੀ ਰਾਹੀਂ ਗਰੀਬਾਂ ਤੇ ਅੱਭਿਆਗਤਾਂ ਦੀ ਸੇਵਾ ਕਰ

 www.sikhbookclub.com

ਕੇ ਦਸਵੰਧ ਸਾਨੂੰ ਸਿੱਧਾ ਹੀ ਅਪੜਾ ਦੇਂਦੇ ਹਨ। ਗਰੀਬਾਂ ਦਾ ਮੂੰਹ ਗੁਰੂ ਕੀ ਗੋਲਕ ਹੈ।

ਭਾਈ ਫੇਰੂ ਜੀ ਦੀ ਸੰਪ੍ਰਦਾਇ ਦੇ ਉਦਾਸੀ ਸਿੱਖ 'ਸੰਗਤਿ ਸਾਹਿਬ' ਅਖਵਾਂਦੇ ਹਨ।

## ਸੇਵਾ ਤੇ ਕੁਰਬਾਨੀ ਦੀ ਕਦਰ

### (੧) ਭਾਈ ਜੀਊਣ

ਗੁਰੂ ਹਰਿ ਰਾਇ ਸਾਹਿਬ ਜੀ ਦਾ ਵੱਡਾ ਭਰਾ ਬਾਬਾ ਧੀਰਮਲ ਕਰਤਾਰਪੁਰ (ਜ਼ਿਲਾ ਜਲੰਧਰ) ਰਹਿੰਦਾ ਸੀ। ਜਿਨ੍ਹੀਂ ਦਿਨੀਂ ਇਸ ਦੇ ਲੜਕੇ ਦੇ ਵਿਆਹ 'ਤੇ ਸਤਿਗੁਰੂ ਜੀ ਕਰਤਾਰਪੁਰ ਆਏ ਹੋਏ ਸਨ, ਇਕ ਬ੍ਰਾਹਮਣ ਦਾ ਇਕਲੌਤਾ ਪੁੱਤਰ ਮਰ ਗਿਆ। ਬ੍ਰਾਹਮਣ ਲੋਕ ਗੁਰੂ-ਘਰ ਨਾਲ ਤਾਂ ਮੁੱਢ ਤੋਂ ਹੀ ਖਾਰ ਰਖਦੇ ਆਏ ਸਨ, ਕਿਉਂਕਿ ਸਤਿਗੁਰੂ ਜੀ ਉੱਚੀ ਨੀਵੀਂ ਜਾਤ ਦੇ ਵਿਤਕਰੇ ਮਿਟਾਣ ਉਤੇ ਖ਼ਾਸ ਜ਼ੋਰ ਦਿਆ ਕਰਦੇ ਸਨ। ਉਸ ਬ੍ਰਾਹਮਣ ਦਾ ਮੁੰਡਾ ਮਰਨ 'ਤੇ ਉਥੇ ਦੇ ਬ੍ਰਾਹਮਣਾਂ ਨੇ ਉਸ ਨੂੰ ਚੁੱਕਿਆ ਕਿ ਗੁਰੂ ਨਾਨਕ ਦੇਵ ਦੀ ਗੱਦੀ ਦੇ ਮਾਲਕ ਗੁਰੂ ਹਰਿ ਰਾਇ ਸਬੱਬ ਨਾਲ ਆਏ ਹੋਏ ਹਨ, ਉਹਨਾਂ ਦੇ ਦਰ 'ਤੇ ਜਾ ਡਿੱਗ, ਤੇ ਆਖ ਕਿ ਮੇਰਾ ਪੁੱਤਰ ਸੁਰਜੀਤ ਕਰੋ। ਬ੍ਰਾਹਮਣਾਂ ਨੂੰ ਇਹ ਆਸ ਸੀ ਕਿ ਮਰਿਆ ਪੁੱਤਰ ਤਾਂ ਮੁੜ ਜੀਊਣੋਂ ਰਿਹਾ, ਇਸ ਤਰ੍ਹਾਂ ਗੁਰੂ-ਘਰ ਦੀ ਹੇਠੀ ਹੋ ਸਕੇਗੀ ਅਤੇ ਸਾਡਾ ਰਸੂਖ਼ ਫਿਰ ਬਣ ਜਾਏਗਾ। ਉਸ ਬ੍ਰਾਹਮਣ ਨੇ ਉਵੇਂ ਹੀ ਕੀਤਾ। ਪੁੱਤਰ ਦੀ ਲੋਥ ਲੈ ਕੇ ਗੁਰੂ-ਦਰ 'ਤੇ ਧਰਨਾ ਮਾਰ ਕੇ ਬਹਿ ਗਿਆ। ਉਸ ਦੇ ਕੀਰਨੇ ਸੁਣ ਕੇ ਸਿੱਖਾਂ ਦਾ ਮਨ ਭੀ ਪੱਘਰਿਆ। ਆਪੋ ਵਿਚ ਗੱਲਾਂ ਚਲ ਪਈਆਂ ਕਿ ਸਤਿਗੁਰੂ ਜੀ ਨੂੰ ਇਹ ਮੁੰਡਾ ਜਿਵਾਲ ਦੇਣਾ ਚਾਹੀਦਾ ਹੈ, ਨਹੀਂ ਤਾਂ ਗੁਰੂ-ਘਰ ਦੀ ਹੇਠੀ ਹੋਵੇਗੀ। ਆਖ਼ਰ ਇਹ ਘੋਰ-ਮਸੋਰੇ ਸਤਿਗੁਰੂ ਜੀ ਦੇ ਕੰਨਾਂ ਤਕ ਭੀ ਅੱਪੜ ਗਏ, ਤਾਂ ਉਹਨਾਂ ਫ਼ੁਰਮਾਇਆ ਕਿ ਦੂਜਿਆਂ ਦੀ ਭਲਾਈ ਵਾਸਤੇ ਨਿਰੀ ਇੱਛਿਆ ਹੀ ਕੁਝ ਸਵਾਰ ਨਹੀਂ ਸਕਦੀ, ਜੇ ਉਸ ਭਲਾਈ ਦੀ ਖ਼ਾਤਰ ਕੋਈ ਉੱਦਮ ਨਾ ਕੀਤਾ ਜਾਏ, ਕੋਈ ਕੁਰਬਾਨੀ ਨਾ ਕੀਤੀ ਜਾਏ। ਸਿੱਖ-ਇਤਿਹਾਸ ਨੇ ਲਿਖਿਆ ਹੈ ਕਿ ਜਦੋਂ ਗੁਰੂ ਹਰਿ ਰਾਇ ਸਾਹਿਬ ਨੇ ਇਸੇ ਸੰਬੰਧ ਵਿਚ ਇਹ ਆਖਿਆ ਕਿ ਜਿਸ ਸਿੱਖ ਨੂੰ ਬ੍ਰਾਹਮਣ ਦਾ ਮੋਇਆ ਮੁੰਡਾ ਨਾ ਜਿਵਾਲਣ ਵਿਚ ਗੁਰੂ-ਘਰ ਦੀ ਹੇਠੀ ਜਾਪਦੀ ਹੈ, ਤਾਂ ਉਹ ਜਿੰਦ ਦੇ ਵੱਟੇ

ਜਿੰਦ ਦੇਵੇ। ਮਾਲਵੇ ਦੇ ਪ੍ਰਸਿੱਧ ਮਸੰਦ (ਗੁਰਪੁਰ ਵਾਸੀ) ਭਾਈ ਭਗਤੂ ਦਾ ਲੜਕਾ ਭਾਈ ਜੀਊਣ ਭੀ (ਜਿਸ ਨੂੰ ਸਤਿਗੁਰੂ ਜੀ ਨੇ ਪਿਉ ਦੇ ਥਾਂ ਪ੍ਰਚਾਰਕ ਦਾ ਕੰਮ ਸੌਂਪਿਆ ਸੀ) ਉਥੇ ਹੀ ਦੀਵਾਨ ਵਿਚ ਬੈਠਾ ਸੀ। ਸਤਿਗੁਰੂ ਜੀ ਦਾ ਬਚਨ ਸੁਣ ਕੇ ਉਸ ਨੇ ਬਾਹਰ ਇਕਾਂਤ ਵਿਚ ਜਾ ਕੇ ਅਰਦਾਸ ਕੀਤੀ, ਤੇ ਆਪਣੀ ਜਿੰਦ ਅਰਪਣ ਕਰ ਦਿੱਤੀ, ਜਿਸ ਕਰਕੇ ਬ੍ਰਾਹਮਣ ਦਾ ਮੁੰਡਾ ਜੀਉ ਪਿਆ। ਸਤਿਗੁਰੂ ਜੀ ਨੇ ਭਾਈ ਜੀਊਣ ਦੀ ਇਸ ਕੁਰਬਾਨੀ ਦੀ ਬੜੀ ਸ਼ਲਾਘਾ ਕੀਤੀ।

## (੨) ਭਾਈ ਗਉਰਾ

ਮਾਲਵੇ ਦੇ ਮਸੰਦ ਭਾਈ ਭਗਤੂ ਦੇ ਦੋ ਪੁੱਤਰ ਸਨ—ਭਾਈ ਗਉਰਾ ਤੇ ਭਾਈ ਜੀਊਣਾ। ਭਾਈ ਭਗਤੂ ਦੀ ਵਹੁਟੀ ਚਲਾਣਾ ਕਰ ਗਈ, ਤਾਂ ਉਸ ਨੇ ਦੂਜੀ ਸ਼ਾਦੀ ਕਰ ਲਈ। ਜਦੋਂ ਪਹਿਲੀ ਵਾਰੀ ਕੀਰਤਪੁਰ ਤੋਂ ਚੱਲ ਕੇ ਸਤਿਗੁਰੂ ਜੀ ਕਰਤਾਰਪੁਰ ਆਏ, ਭਾਈ ਭਗਤੂ ਭੀ ਇਥੇ ਦਰਸ਼ਨ ਕਰਨ ਲਈ ਆਇਆ, ਤੇ ਇਥੇ ਹੀ ਬੀਮਾਰ ਹੋ ਕੇ ਚਲਾਣਾ ਕਰ ਗਿਆ। ਸਤਿਗੁਰੂ ਜੀ ਦੀ ਸੇਵਾ ਵਿਚ ਰਹਿਣ ਵਾਲੇ ਇਕ ਸਿੱਖ ਭਾਈ ਜੱਸੇ ਨੇ ਉਸ ਵਿਧਵਾ ਨਾਲ ਵਿਆਹ ਕਰਨ ਦਾ ਖ਼ਿਆਲ ਪਰਗਟ ਕੀਤਾ, ਪਰ ਉਸ ਲੜਕੀ ਨੂੰ ਇਹ ਗੱਲ ਪਸੰਦ ਨਾ ਆਈ। ਭਾਈ ਭਗਤੂ ਦਾ ਵੱਡਾ ਲੜਕਾ ਭਾਈ ਗਉਰਾ ਬਠਿੰਡੇ ਦੇ ਇਲਾਕੇ ਵਿਚ ਇਕ ਮੰਨਿਆ-ਪ੍ਰਮੰਨਿਆ ਆਦਮੀ ਸੀ, ਵਿਧਵਾ ਲੜਕੀ ਆਪਣੇ ਉਸ ਪੁੱਤਰ ਪਾਸ ਚਲੀ ਗਈ। ਜਦੋਂ ਗਉਰੇ ਨੂੰ ਇਹ ਪਤਾ ਲੱਗਾ ਕਿ ਜੱਸਾ ਉਸ ਦੀ ਵਿਧਵਾ ਮਾਂ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ, ਤਾਂ ਉਸ ਨੂੰ ਇਸ ਵਿਚ ਆਪਣੀ ਬੜੀ ਹੇਠੀ ਜਾਪੀ। ਜਿਨ੍ਹੀਂ ਦਿਨੀਂ ਗੁਰੂ ਹਰਿ ਰਾਇ ਸਾਹਿਬ ਮਾਲਵੇ ਵਿਚ ਵਿਚਰਦੇ ਹੋਏ ਭਾਈ ਭਗਤੂ ਦੇ ਪਿੰਡ ਬਿੰਝੂ-ਕੇ ਗਏ ਸਨ, ਤਦੋਂ ਭਾਈ ਗਉਰੇ ਨੇ ਭਾਈ ਜੱਸੇ ਨੂੰ ਕਤਲ ਕਰਾ ਦਿੱਤਾ। ਸਤਿਗੁਰੂ ਜੀ ਨੂੰ ਗਉਰੇ ਦੀ ਇਹ ਕਰਤੂਤ ਪਸੰਦ ਨਾ ਆਈ। ਉਹ ਭੀ ਕੀਤੇ ਉਤੇ ਬੜਾ ਪਸ਼ੇਮਾਨ ਹੋਇਆ ਅਤੇ ਭੁੱਲ ਬਖ਼ਸ਼ਾਣ ਲਈ ਮੌਕਾ ਲੱਭਣ ਲੱਗਾ। ਗੁਰੂ ਜੀ ਕੀਰਤਪੁਰ ਨੂੰ ਵਾਪਸ ਮੁੜੇ, ਤਾਂ ਗਉਰਾ ਭੀ ਆਪਣੇ ਸਾਥੀਆਂ ਸਮੇਤ ਦੋ ਤਿੰਨ ਮੀਲਾਂ ਦੀ ਵਿੱਥ 'ਤੇ ਪਿੱਛੇ ਪਿੱਛੇ ਰਿਹਾ। ਕੀਰਤਪੁਰ ਆ ਕੇ ਸਤਿਗੁਰੂ ਜੀ ਦੇ ਘੋੜਿਆਂ ਵਾਸਤੇ ਘਾਹ ਖ਼ੁਤਰਾ ਕੇ ਭੇਜਦਾ ਰਿਹਾ। ਬਾਬਾ ਧੀਰਮਲ ਦੇ ਲੜਕੇ ਦੀ ਸ਼ਾਦੀ 'ਤੇ ਗੁਰੂ ਸਾਹਿਬ ਫਿਰ ਕਰਤਾਰਪੁਰ ਆਏ, ਗਉਰਾ ਭੀ ਸਾਥੀਆਂ ਸਮੇਤ ਪਿੱਛੇ ਪਿੱਛੇ ਆਇਆ। ਸਤਿਗੁਰੂ ਜੀ ਸਤਲੁਜ ਦਾ ਪੱਤਣ ਲੰਘ ਕੇ ਉਰਾਰ ਆ ਗਏ। ਪਰਿਵਾਰ ਅਜੇ ਪਿੱਛੇ ਹੀ ਸੀ।


www.sikhbookclub.com

ਇਧਰੋਂ ਮੁਖ਼ਲਸ ਖ਼ਾਂ ਦਾ ਪੁੱਤਰ ਮੁਹੰਮਦਯਾਰ ਖ਼ਾਂ ਕੁਝ ਸਵਾਰਾਂ ਸਮੇਤ ਦਿੱਲੀ ਨੂੰ ਜਾ ਰਿਹਾ ਸੀ। ਮੁਖ਼ਲਸ ਖ਼ਾਂ, ਲੋਹਗੜ੍ਹ ਵਾਲੇ ਜੰਗ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਹੱਥੋਂ ਮਾਰਿਆ ਗਿਆ ਸੀ। ਜਦੋਂ ਮੁਹੰਮਦਯਾਰ ਖ਼ਾਂ ਨੂੰ ਪਤਾ ਲੱਗਾ ਕਿ ਗੁਰੂ ਹਰਿ ਰਾਇ ਸਾਹਿਬ ਦੇ ਪਰਿਵਾਰ ਦਾ ਡੇਰਾ ਜਾ ਰਿਹਾ ਹੈ ਤਾਂ ਪਿਉ ਦੀ ਮੌਤ ਵਾਲਾ ਵੈਰ ਉਸ ਅੰਦਰ ਜਾਗ ਪਿਆ। ਡੇਰੇ 'ਤੇ ਹੱਲਾ ਕਰਾ ਦਿੱਤੋਸੁ। ਪਰ ਭਾਈ ਗਉਰਾ, ਜੋ ਅਜੇ ਭੀ ਭੁੱਲ ਬਖ਼ਸ਼ਾਣ ਦੀ ਖ਼ਾਤਰ ਪਿੱਛੇ ਪਿੱਛੇ ਹੀ ਆ ਰਿਹਾ ਸੀ, ਸਾਥੀਆਂ ਸਮੇਤ ਮੁਹੰਮਦਯਾਰ ਖ਼ਾਂ ਦੇ ਮੁਕਾਬਲੇ ਉਤੇ ਆ ਅੜਿਆ। ਦੋਹਾਂ ਪਾਸਿਆਂ ਵਲੋਂ ਚੰਗੇ ਕਰਾਰੇ ਹੱਥ ਦਿਖਾਏ ਗਏ। ਇਤਨੇ ਨੂੰ ਉਤੋਂ ਰਾਤ ਹੋ ਗਈ, ਤੇ ਮੁਹੰਮਦਯਾਰ ਖ਼ਾਂ ਟਾਕਰਾ ਛੱਡ ਕੇ ਸਤਲੁਜੋਂ ਪਾਰ ਲੰਘ ਗਿਆ।

ਭਾਈ ਗਉਰੇ ਦੀ ਇਸ ਕੁਰਬਾਨੀ ਦੀ ਖ਼ਬਰ ਗੁਰੂ ਹਰਿ ਰਾਇ ਸਾਹਿਬ ਨੂੰ ਮਿਲੀ, ਉਹਨਾਂ ਗਉਰੇ ਨੂੰ ਸੱਦ ਭੇਜਿਆ ਅਤੇ ਉਸ ਦੀ ਪਹਿਲੀ ਭੁੱਲ ਬਖ਼ਸ਼ ਦਿੱਤੀ। ਗਉਰਾ ਸਤਿਗੁਰੂ ਜੀ ਦੀ ਪ੍ਰਸੰਨਤਾ ਲੈ ਕੇ ਬਠਿੰਡੇ ਨੂੰ ਵਾਪਸ ਆ ਗਿਆ।

## ਹੱਕ ਦੀ ਕਮਾਈ

ਸਿੱਖ-ਧਰਮ ਇਸ ਗੱਲ ਉਤੇ ਬੜਾ ਜ਼ੋਰ ਦੇਂਦਾ ਹੈ ਕਿ ਹਰੇਕ ਮਨੁੱਖ ਆਪਣੀ ਰੋਜ਼ੀ ਆਪ ਕਮਾਏ ਅਤੇ ਈਮਾਨਦਾਰੀ ਦੀ ਮਿਹਨਤ ਨਾਲ ਕਮਾਏ। ਫਿਰ ਉਸ ਕਮਾਈ ਵਿਚੋਂ ਉਹਨਾਂ ਦੀ ਸੇਵਾ ਸਹਾਇਤਾ ਕਰੇ, ਜੋ ਕਿਸੇ ਕਾਰਨ ਆਪ ਕਮਾਣ-ਜੋਗੇ ਨਹੀਂ ਰਹੇ। ਸਿਰਫ਼ ਇਹੋ ਜਿਹੇ ਜੀਵਨ ਵਾਲੇ ਬੰਦਿਆਂ ਨੇ ਹੀ ਜ਼ਿੰਦਗੀ ਦਾ ਸਹੀ ਰਸਤਾ ਲੱਭਾ ਹੈ।

ਗੁਰੂ ਹਰਿ ਰਾਇ ਸਾਹਿਬ ਦਾ ਇਕ ਸਿੱਖ ਸੀ। ਉਸ ਦਾ ਨਾਮ ਸੀ ਪੁੰਗਰ। ਕੀਰਤਪੁਰ ਤੋਂ ਨੇੜੇ ਹੀ ਕਿਸੇ ਪਿੰਡ ਵਿਚ ਰਹਿੰਦਾ ਸੀ ਅਤੇ ਵਾਹੀ ਦਾ ਕੰਮ ਕਰ ਕੇ ਆਪਣਾ ਨਿਰਬਾਹ ਕਰਦਾ ਸੀ। ਸਤਿਗੁਰੂ ਜੀ ਦਾ ਹੱਕ ਦੀ ਕਮਾਈ ਵਾਲਾ ਉਪਦੇਸ਼ ਉਹ ਚੰਗੀ ਤਰ੍ਹਾਂ ਆਪਣੇ ਰੋਜ਼ਾਨਾ ਕਾਰ-ਵਿਹਾਰ ਵਿਚ ਕਮਾ ਰਿਹਾ ਸੀ। ਪੁੰਗਰ ਭਾਵੇਂ ਗਰੀਬ ਹੀ ਸੀ, ਪਰ ਉਸ ਥੋੜ੍ਹੀ ਕਮਾਈ ਵਿਚੋਂ ਭੀ ਉਹ ਆਏ ਗਏ ਪਰਦੇਸੀ ਦੀ ਖਿੜੇ-ਮੱਥੇ ਵਿਤ ਅਨੁਸਾਰ ਸੇਵਾ ਕਰਦਾ ਸੀ। ਇਕ ਵਾਰੀ ਇਕ ਸੰਨਿਆਸੀ ਉਸ ਪਿੰਡ ਆ ਗਿਆ। ਪਿੰਡ ਦੇ ਲੋਕਾਂ ਨੇ ਆਪਣੇ ਨਿੱਤ ਦੇ ਰਵੱਈਏ ਅਨੁਸਾਰ ਉਸ ਨੂੰ ਭਾਈ ਪੁੰਗਰ ਵੱਲ ਭੇਜ ਦਿੱਤਾ। ਪੁੰਗਰ ਨੇ ਸੇਵਾ ਕੀਤੀ। ਸੰਨਿਆਸੀ ਨੂੰ ਉਸ ਦੀ ਗ਼ਰੀਬੀ ਉਤੇ ਤਰਸ ਆਇਆ। ਉਸ

ਦੇ ਕੋਲ ਰਸਾਇਣ ਦੀ ਡੱਬੀ ਸੀ; ਜਿਸ ਨਾਲ ਸੋਨਾ ਬਣਾਇਆ ਜਾ ਸਕਦਾ ਸੀ। ਪੁੰਗਰ ਨੂੰ ਸੰਨਿਆਸੀ ਨੇ ਉਸ ਰਸਾਇਣ ਦੀ ਸਿਫ਼ਤ ਸੁਣਾਈ, ਤੇ ਆਖਣ ਲੱਗਾ, ਇਹ ਡੱਬੀ ਤੂੰ ਰੱਖ ਲੈ, ਇਸ ਨਾਲ ਤੂੰ ਆਪ ਭੀ ਸੌਖਾ ਹੋ ਜਾਏਂਗਾ, ਤੇ ਆਏ-ਗਏ ਪਰਦੇਸੀ ਦੀ ਸੇਵਾ ਮਨ ਦੀ ਰੀਝ ਨਾਲ ਕਰ ਸਕੇਂਗਾ। ਪਰ ਭਾਈ ਪੁੰਗਰ ਨੇ ਉਹ ਰਸਾਇਣ ਲੈਣੋਂ ਇਨਕਾਰ ਕਰ ਦਿੱਤਾ। ਉੱਤਰ ਦਿਤੋਸੁ ਕਿ ਮੁਫ਼ਤ ਦਾ ਆਇਆ ਮਾਲ ਸਦਾ ਇੱਲਤਾਂ ਪੈਦਾ ਕਰਦਾ ਹੈ, ਜੁਗਤ ਨਾਲ ਸਿਰਫ਼ ਉਹੀ ਧਨ ਵਰਤ ਸਕੀਦਾ ਹੈ, ਜੋ ਆਪਣੀ ਈਮਾਨਦਾਰੀ ਦੀ ਮਿਹਨਤ ਨਾਲ ਕਮਾਈਏ।

# ਕੀਰਤਪੁਰ ਵਿਚ ਗੁਰ-ਅਸਥਾਨ

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ ਕੀਰਤਪੁਰ ਵਿਖੇ ਹੇਠ ਲਿਖੇ ਗੁਰ-ਅਸਥਾਨਾਂ ਦਾ ਜ਼ਿਕਰ ਕੀਤਾ ਹੈ :

(੧) **ਸ਼ੀਸ਼ ਮਹੱਲ** : ਅਬਾਦੀ ਦੇ ਵਿਚਕਾਰ ਸਤਿਗੁਰਾਂ ਦੇ ਨਿਵਾਸ ਦੇ ਮਕਾਨ। ਇਨ੍ਹਾਂ ਮਹਿਲਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਸੰਮਤ ੧੬੯੧ ਵਿਚ ਆਏ ਅਤੇ ਅੰਤ ਤੀਕ ਇੱਥੇ ਹੀ ਰਹੇ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਇਨ੍ਹਾਂ ਹੀ ਮਹਿਲਾਂ ਵਿਚ ਹੋਇਆ ਹੈ। ਇਨ੍ਹਾਂ ਮਹਿਲਾਂ ਤੋਂ ਉਤਰ ਵੱਲ ਗੁਰੂ ਸਾਹਿਬਾਨ ਦੇ ਇਸ਼ਨਾਨ ਕਰਨ ਦੇ ਅਸਥਾਨ ਹਨ।

(੨) **ਹਰਿਮੰਦਰ ਸਾਹਿਬ** : ਕੀਰਤਪੁਰ ਦੀ ਅਬਾਦੀ ਦੇ ਵਿਚ ਹੀ ਇਹ ਭੀ ਗੁਰੂ ਹਰਿਗੋਬਿੰਦ ਸਾਹਿਬ ਦੇ ਨਿਵਾਸ ਦਾ ਅਸਥਾਨ ਹੈ।

(੩) **ਖੂਹ ਗੁਰੂ ਕਾ** : ਇਹ ਕੂਆ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਲਗਵਾਇਆ ਹੋਇਆ ਹੈ।

(੪) **ਚਰਨ ਕਮਲ** : ਕੀਰਤਪੁਰ ਦੇ ਪਾਸ ਹੀ ਵਾਯਵੀ ਕੋਣ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਪਹਾੜੀ ਯਾਤ੍ਰਾ ਸਮੇ ਗੁਰੂ ਸਾਹਿਬ ਏਧਰ ਆਏ ਸਨ। ਸਾਂਈ ਬੁੱਢਣ ਸ਼ਾਹ ਨੂੰ ਉਪਦੇਸ਼ ਦੇ ਕੇ ਕ੍ਰਿਤਾਰਥ ਕੀਤਾ।

(੫) **ਚੁਬੱਚਾ ਸਾਹਿਬ** : ਸ਼ਹਿਰ ਦੇ ਵਿਚ ਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਇੱਥੇ ਇਕ ਵੱਡੇ ਭਾਰੀ ਚੁਬੱਚੇ ਵਿਚ ਘੋੜਿਆਂ ਲਈ ਦਾਣਾ ਭਿਉਂ ਕੇ ਸਤਿਗੁਰੂ ਜੀ ਕਈ ਵਾਰੀ ਆਪਣੀ ਹੱਥੀਂ ਵਰਤਾਉਂਦੇ ਹੁੰਦੇ ਸਨ, ਤਿਸ ਸਮੇ ਦੀ ਯਾਦਗਾਰ ਵਿਚ ਇਹ ਗੁਰਦੁਆਰਾ ਹੈ।

(੬) **ਤਖ਼ਤ ਸਾਹਿਬ** : ਕੀਰਤਪੁਰ ਦੀ ਅਬਾਦੀ ਵਿਚ ਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੂੰ ਗੁਰਿਆਈ ਦੇ ਤਿਲਕ ਹੋਣ ਦੀ ਯਾਦਗਾਰ ਵਿਚ ਗੁਰਦੁਆਰਾ ਹੈ।



Page 287 www.sikhbookclub.com

(੭) **ਤੀਰ ਮੰਜੀ ਸਾਹਿਬ** : ਕੀਰਤਪੁਰ ਤੋਂ ਦੱਖਣ ਦਿਸ਼ਾ ਵਲ ਅੱਧ ਮੀਲ ਦੇ ਕਰੀਬ ਦੇਹਰਾ ਬਾਬਾ ਗੁਰਦਿੱਤਾ ਜੀ ਦੇ ਪਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਹੈ। ਸਤਿਗੁਰੂ ਜੀ ਇਥੇ ਬੈਠ ਕੇ ਤੀਰ ਚਲਾਇਆ ਕਰਦੇ ਸਨ।

(੮) **ਦਮਦਮਾ ਸਾਹਿਬ** : ਕੀਰਤਪੁਰ ਦੇ ਵਿਚਕਾਰ ਹਰਿਮੰਦਰ ਦੇ ਪਾਸ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਇਸ ਥਾਂ ਦੀਵਾਨ ਸਜਾਇਆ ਕਰਦੇ ਸਨ।

(੯) **ਦੇਹਰਾ ਬਾਬਾ ਗੁਰਦਿੱਤਾ ਜੀ** : ਕੀਰਤਪੁਰ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਇਹ ਆਲੀਸ਼ਾਨ ਇਮਾਰਤ ਹੈ। ਇਸ ਥਾਂ ਬਾਬਾ ਗੁਰਦਿੱਤਾ ਜੀ ਦਾ ਸਸਕਾਰ ਹੋਇਆ ਹੈ।

(੧੦) **ਪਤਾਲਪੁਰੀ** : ਕੀਰਤਪੁਰ ਤੋਂ ਨੈਰਤ ਕੋਣ ਦੋ ਫ਼ਰਲਾਂਗ ਦੇ ਕਰੀਬ ਸਤਲੁਜ ਕਿਨਾਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਦੇਹੁਰਾ ਹੈ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਬਿਭੂਤੀ ਭੀ ਦਿੱਲੀ ਤੋਂ ਲਿਆ ਕੇ ਇੱਥੇ ਅਸਥਾਪਨ ਕੀਤੀ ਗਈ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਯਾਦਗਾਰ ਵਿਚ ਤਾਂ ਕੇਵਲ ਮੰਜੀ ਸਾਹਿਬ ਬਣੇ ਹੋਏ ਹਨ, ਪਰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਦੇਹੁਰਾ ਵੱਡਾ ਉੱਚਾ ਸੁਨਹਿਰੀ ਕਲਸ ਵਾਲਾ ਬਣਿਆ ਹੋਇਆ ਹੈ।

(੧੧) **ਬੁੱਢਣਸ਼ਾਹ ਜੀ ਦਾ ਤਕੀਆ** : ਕੀਰਤਪੁਰ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਬਾਬਾ ਗੁਰਦਿੱਤਾ ਜੀ ਦੇ ਦਰਬਾਰ ਪਾਸ ਸਾਂਈ ਬੁੱਢਣਸ਼ਾਹ ਜੀ ਦਾ ਤਕੀਆ ਹੈ। ਇਸ ਥਾਂ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਗੁਰਦਿੱਤਾ ਜੀ ਦੇ ਚਰਨ ਪਏ ਹਨ।

(੧੨) **ਵਿਮਾਨ ਗੜ੍ਹ** : ਕੀਰਤਪੁਰ ਦੇ ਵਿਚ ਹੀ ਉਹ ਅਸਥਾਨ ਹੈ, ਜਿੱਥੇ ਦਿੱਲੀ ਤੋਂ ਆਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਟਿਕਾਇਆ ਗਿਆ ਸੀ, ਅਤੇ ਇਸ ਥਾਂ ਤੋਂ ਵਿਮਾਨ ਵਿਚ ਰੱਖ ਕੇ ਸ਼ਬਦ ਕੀਰਤਨ ਕਰਦੇ ਹੋਏ ਸੰਗਤਿ ਸਾਥ ਗੁਰੂ ਗੋਬਿੰਦ ਸਿੰਘ ਅਨੰਦਪੁਰ ਲੈ ਗਏ ਸਨ।

ੴ ਸਤਿਗੁਰਪ੍ਰਸਾਦਿ ॥

ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ

**(੧੬੫੬—੧੬੬੪)**

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦੋ ਸਾਹਿਬਜ਼ਾਦੇ ਸਨ—ਬਾਬਾ ਰਾਮ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਜਨਮ ਕੀਰਤਪੁਰ ਵਿਚ ਹੋਇਆ ਸੀ। ਸੋਮਵਾਰ ਦਾ ਦਿਨ ਸੀ, ੮ ਸਾਵਣ ਸੰਮਤ ੧੭੧੩। ਚੰਦ੍ਰਮਾ ਦੇ ਹਿਸਾਬ ਨਾਲ ਸਾਵਣ ਵਦੀ ੧੦ ਸੀ (ਹਾੜ ਦੀ ਪੂਰਨਮਾਸ਼ੀ ਤੋਂ ਪਿਛੋਂ ਦਸਵਾਂ ਦਿਨ, ਹਨੇਰਾ ਪੱਖ)। ਈਸਵੀ ਸੰਨ ੧੬੫੬ ਤੇ ਜੁਲਾਈ ਦੀ ੭ ਤਰੀਕ ਸੀ।

## ਗੁਰਿਆਈ

ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੇ ਔਰੰਗਜ਼ੇਬ ਦੇ ਅਸਰ-ਰਸੂਖ਼ ਵਿਚ ਆ ਕੇ ਉਸ ਨੂੰ ਖ਼ੁਸ਼ ਕਰਨ ਦੀ ਖ਼ਾਤਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲਾ ਦਿੱਤੀ ਸੀ। ਇਸ ਵਾਸਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿਮੇਵਾਰੀ ਉਹਨਾਂ ਨੂੰ ਨਹੀਂ ਸੌਂਪੀ ਜਾ ਸਕਦੀ ਸੀ। ਗੁਰੂ ਹਰਿ ਰਾਇ ਸਾਹਿਬ ੫ ਕੱਤਕ ਸੰਮਤ ੧੭੧੮ (ਮੁਤਾਬਕ ੬ ਅਕਤੂਬਰ ਸੰਨ ੧੬੬੧) ਨੂੰ ਜੋਤੀ ਜੋਤਿ ਸਮਾਏ। ਇਸ ਤੋਂ ਪਹਿਲਾਂ ਉਨ੍ਹਾਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਗੁਰੂ ਥਾਪ ਦਿੱਤਾ। ਉਸ ਵੇਲੇ ਇਹਨਾਂ ਦੀ ਉਮਰ ੫ ਸਾਲ ਤੇ ਤਕਰੀਬਨ ੩ ਮਹੀਨੇ ਦੀ ਸੀ।

## ਸਿੱਖ-ਸ਼ਰਧਾ ਦੀ ਪਰਖ ਦਾ ਵੇਲਾ

ਅਸੀ ਪਿਛੇ ਵੇਖ ਆਏ ਹਾਂ ਕਿ ਆਪਣੇ ਸ਼ਰੀਕ ਭਰਾਵਾਂ ਵਲੋਂ ਬੇਫ਼ਿਕਰ



 www.sikhbookclub.com

ਹੋ ਕੇ ਔਰੰਗਜ਼ੇਬ ੧੩ ਫ਼ਰਵਰੀ ਸੰਨ ੧੬੬੦ ਨੂੰ ਦਿੱਲੀ ਵਾਪਸ ਆਇਆ ਸੀ। ਉਸ ਤੋਂ ਪਿਛੋਂ ਉਸ ਨੇ ਪੰਜਾਬ ਦੇ ਰਾਜਸੀ ਹਾਲਾਤ ਅੱਖਾਂ ਅੱਗੇ ਲਿਆ ਕੇ ਸਿੱਖ ਧਰਮ ਦੀ ਵਧ ਰਹੀ ਤਾਕਤ ਦੇ ਰਾਹ ਵਿਚ ਕੋਈ ਰੋਕ ਪਾਣ ਲਈ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਸੱਦ ਭੇਜਿਆ ਸੀ। ਸਤਿਗੁਰੂ ਜੀ ਨੇ ਆਪਣੇ ਥਾਂ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਘੱਲਿਆ ਸੀ। ਔਰੰਗਜ਼ੇਬ ਸਿੱਖ ਕੌਮ ਦੇ ਵਿਰੁੱਧ ਆਪਣੀ ਪਹਿਲੀ ਕੋਸ਼ਸ਼ ਵਿਚ ਇਤਨਾ ਕੁ ਕਾਮਯਾਬ ਹੋ ਗਿਆ ਕਿ ਬਾਬਾ ਰਾਮ ਰਾਇ ਜੀ ਨੇ ਸ਼ਾਹੀ ਰਸੂਖ਼ ਨੂੰ ਕਾਇਮ ਰੱਖਣ ਦੀ ਖ਼ਾਤਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਤਬਦੀਲੀ ਕਰਨ ਦੀ ਉਕਾਈ ਕਰ ਦਿੱਤੀ। ਮਨ ਇੱਕ ਵਾਰੀ ਤਿਲ੍ਹਕ ਪਏ, ਤਾਂ ਇਸ ਉਤੇ ਬੇ-ਪ੍ਰਤੀਤੀ ਹੋ ਜਾਂਦੀ ਹੈ, ਦੁਨੀਆ ਦੀਆਂ ਵਡਿਆਈਆਂ ਦੀ ਖ਼ਾਤਰ ਫਿਰ ਇਹ ਡਿੱਗਦਾ ਹੀ ਡਿੱਗਦਾ ਹੈ। ਔਰੰਗਜ਼ੇਬ ਨੇ ਇਸ ਬਣੀ ਵਿੱਥ ਨੂੰ ਕਾਇਮ ਰੱਖਣ ਲਈ ਬਾਬਾ ਰਾਮ ਰਾਇ ਜੀ ਨੂੰ ਜਾਗੀਰ ਭੀ ਦੇ ਦਿੱਤੀ। ੬ ਅਕਤੂਬਰ ਸੰਨ ੧੬੬੧ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤਿ ਸਮਾ ਗਏ। ਪਰ ਇਸ ਡੇਢ ਸਾਲ ਦੇ ਅੰਦਰ ਸਿੱਖ ਕੌਮ ਦੀ ਜਥੇਬੰਦੀ ਦੀ ਨਿੱਗਰਤਾ ਵਿਚ ਕੋਈ ਖ਼ਾਸ ਫ਼ਰਕ ਨਾ ਪਿਆ।

ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਥਾਂ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਗੁਰੂ ਬਣਾਇਆ। ਉਹਨਾਂ ਦੀ ਉਮਰ ਉਸ ਵੇਲੇ ਸਿਰਫ਼ ਸਵਾ ਪੰਜ ਸਾਲ ਦੀ ਸੀ। ਸਿੱਖਾਂ ਵਾਸਤੇ ਭਾਰੀ ਪਰਖ ਦਾ ਸਮਾ ਆਇਆ। ਜਾਤਿ-ਅਭਿਮਾਨੀ ਤਾਂ ਗੁਰੂ ਨਾਨਕ ਜੀ ਦੇ ਵੇਲੇ ਤੋਂ ਹੀ ਸਿੱਖ-ਧਰਮ ਨਾਲ ਲੱਗਦੇ ਚਲੇ ਆ ਰਹੇ ਸਨ। ਉਹਨਾਂ ਨੂੰ ਆਸਾਂ ਬਣਨ ਲੱਗੀਆਂ ਕਿ ਸਿੱਖੀ ਅਸਰ ਘਟੇਗਾ ਅਤੇ ਬ੍ਰਾਹਮਣ ਦੀ ਪੂਜਾ-ਮਾਨਤਾ ਫਿਰ ਆਪਣੇ ਟਿਕਾਣੇ ਉਤੇ ਪਹੁੰਚ ਜਾਏਗੀ। ਬਾਬਾ ਰਾਮ ਰਾਇ ਜੀ ਨੂੰ ਜਾਗੀਰ ਮਿਲਿਆਂ ਅਜੇ ਇੱਕ ਸਾਲ ਦੇ ਕਰੀਬ ਹੀ ਹੋਇਆ ਸੀ। ਔਰੰਗਜ਼ੇਬ ਬੜੇ ਗਹੁ ਨਾਲ ਉਡੀਕ ਰਿਹਾ ਸੀ ਕਿ ਇਸ ਹੋਣਹਾਰ ਗੱਭਰੂ ਨੂੰ ਸਿੱਖ ਧਰਮ ਵਲੋਂ ਨਿਖੇੜਿਆਂ ਸਿੱਖ-ਜਥੇਬੰਦੀ ਉਤੇ ਕਦੋਂ ਕੁ ਅਸਰ ਪੈਂਦਾ ਹੈ। ਸਵਾ ਪੰਜ ਸਾਲ ਦੀ ਉਮਰ ਦੇ ਬਾਲ-ਗੁਰੂ ਨੂੰ ਗੁਰਿਆਈ ਮਿਲਣ 'ਤੇ ਉਸ ਨੂੰ ਭੀ ਆਸਾਂ ਬਣ ਪਈਆਂ ਕਿ ਫੁੱਟ ਦਾ ਲਾਇਆ ਬੂਟਾ ਜ਼ਰੂਰ ਮਨ-ਭਾਉਂਦਾ ਫਲ ਦੇਵੇਗਾ।

## ਕੁਝ ਮਸੰਦਾਂ ਦੀ ਗਿਰਾਵਟ

ਮਸੰਦ-ਸੰਪ੍ਰਦਾ ਗੁਰੂ ਅਰਜਨ ਸਾਹਿਬ ਨੇ ਸ਼ੁਰੂ ਕੀਤੀ ਸੀ। ਜਿਉਂ ਜਿਉਂ

ਦੂਰ ਦੂਰ ਦੇ ਇਲਾਕਿਆਂ ਵਿਚ ਸਿੱਖਾਂ ਦੀ ਗਿਣਤੀ ਵਧਦੀ ਗਈ, ਉਹਨਾਂ ਵਿਚ ਸਿੱਖ-ਧਰਮ ਦਾ ਪ੍ਰਚਾਰ ਕਰਨ ਲਈ ਅਤੇ ਉਹਨਾਂ ਨੂੰ ਜਥੇਬੰਦ ਰੱਖਣ ਲਈ ਇਹ ਲੋੜ ਭੀ ਪੈਂਦੀ ਗਈ ਕਿ ਸਿਆਣੇ, ਵਿਦਵਾਨ ਤੇ ਈਮਾਨਦਾਰ ਸਿੱਖ ਇਸ ਕੰਮ 'ਤੇ ਲਾਏ ਜਾਣ। ਇਸ ਸਾਰੇ ਮਹਾਨ ਭਾਰੇ ਕਾਰਜ ਲਈ ਮਾਇਆ ਦੀ ਲੋੜ ਤਾਂ ਪੈਣੀ ਹੀ ਸੀ। ਸੋ, ਹਰੇਕ ਸਿੱਖ ਆਪਣੀ ਕਮਾਈ ਦਾ ਦਸਵੰਧ ਇਹਨਾਂ ਮਸੰਦਾਂ ਦੀ ਰਾਹੀਂ ਸਿੱਖ ਕੌਮ ਦੇ ਕੇਂਦਰੀ ਖ਼ਜ਼ਾਨੇ ਗੁਰੂ-ਘਰ ਵਿਚ ਭੇਜਦਾ ਸੀ। ਮਸੰਦਾਂ ਉਤੇ ਇਹ ਬੜੀ ਭਾਰੀ ਜ਼ਿਮੇਵਾਰੀ ਸੀ। ਇਸ ਦੇ ਨਿਬਾਹੁਣ ਨਾਲ ਉਹਨਾਂ ਦੀ ਪ੍ਰਭਤਾ ਭੀ ਦਿਨੋ-ਦਿਨ ਵਧਦੀ ਜਾ ਰਹੀ ਸੀ। ਇਸ ਦਾ ਨਤੀਜਾ ਇਹ ਨਿਕਲਣ ਲੱਗ ਪਿਆ ਕਿ ਕਿਤੇ ਕਿਤੇ ਕੋਈ ਕੋਈ ਮਸੰਦ ਮਾਇਆ ਦੇ ਫੇਰ ਵਿਚ ਆ ਕੇ; ਗੁਰੂ ਵਲੋਂ ਖੁੰਝ ਕੇ ਆਪਣੀ ਨਿਜੀ ਪ੍ਰਭਤਾ-ਵਡਿਆਈ ਬਣਾਣ ਤੇ ਕਾਇਮ ਰੱਖਣ ਦੇ ਆਹਰ ਕਰਨ ਲੱਗ ਪਿਆ।

## ਬਾਬਾ ਰਾਮ ਰਾਇ ਜੀ ਨੂੰ ਚੁੱਕਣਾ

ਇਤਨੀ ਵੱਡੀ ਤਾਕਤ ਵਾਲੀ ਮੁਗ਼ਲ ਹਕੂਮਤ ਦੇ ਬਾਦਸ਼ਾਹ ਨਾਲ ਰਸੂਖ਼ ਬਣਨਾ ਕੋਈ ਨਿੱਕੀ ਗੱਲ ਨਹੀਂ ਸੀ। ਕੁਝ ਮਸੰਦਾਂ ਨੇ ਬਾਬਾ ਰਾਮ ਰਾਇ ਜੀ ਨੂੰ ਇਹ ਰਸੂਖ਼ ਪੱਕਾ ਰੱਖਣ ਲਈ ਪ੍ਰੇਰਿਆ ਸੀ ਕਿ ਇਸ ਦੀ ਖ਼ਾਤਰ ਗੁਰੂ ਕੀ ਬਾਣੀ ਵਿਚ ਰਤਾ ਕੁ ਹੇਰਾ-ਫੇਰੀ ਕਰ ਲੈਣ ਵਿਚ ਕੋਈ ਹਰਜ ਨਹੀਂ, ਪਰ ਜਿਸ ਵਿਅਕਤੀ ਦੇ ਆਸਰੇ ਉਹ ਆਪਣੀ ਪ੍ਰਭਤਾ-ਵਡਿਆਈ ਬਣੀ ਰਹਿਣ ਦੀ ਆਸ ਰੱਖਦੇ ਸਨ, ਉਸ ਦੀ ਆਪਣੀ ਹੀ ਪ੍ਰਭਤਾ ਸਿੱਖ ਕੌਮ ਵਿਚੋਂ ਮੁੱਕ ਗਈ ਕਿਉਂਕਿ ਉਹਨਾਂ ਦੀ ਪ੍ਰੇਰਨਾ ਨਾਲ ਖਾਧੀ ਉਕਾਈ ਦੇ ਕਾਰਨ ਬਾਬਾ ਰਾਮ ਰਾਇ ਜੀ ਗੁਰਿਆਈ ਤੋਂ ਵਾਂਜੇ ਰਹਿ ਗਏ। ਫਿਰ ਭੀ ਮਸੰਦਾਂ ਨੇ ਅਜੇ ਹੌਂਸਲਾ ਨਾ ਹਾਰਿਆ। ਸਿੱਖ-ਇਤਿਹਾਸ ਉਹਨਾਂ ਦੇ ਮੋਢੀ ਦਾ ਨਾਮ ਗੁਰਦਾਸ ਦੱਸਦਾ ਹੈ। ਗੁਰਦਾਸ ਨੇ ਬਾਬਾ ਰਾਮ ਰਾਇ ਜੀ ਨੂੰ ਹੋਰ ਪੱਟੀ ਪੜ੍ਹਾਈ। ਬਾਬਾ ਰਾਮ ਰਾਇ ਜੀ ਨੇ ਔਰੰਗਜ਼ੇਬ ਨੂੰ ਆਖਿਆ ਕਿ ਮੇਰੇ ਨਾਲ ਬੇ-ਇਨਸਾਫ਼ੀ ਹੋਈ ਹੈ, ਬਾਦਸ਼ਾਹ ਆਪ ਦਖ਼ਲ ਦੇ ਕੇ ਮੇਰਾ ਹੱਕ ਦਿਵਾਏ। ਇਸ ਮਾਮਲੇ ਵਿਚ ਬਾਦਸ਼ਾਹ ਦੀ ਦਿਲਚਸਪੀ ਪੈਦਾ ਕਰਨ ਲਈ ਮਸੰਦ ਗੁਰਦਾਸ ਦੀ ਚੁੱਕ 'ਤੇ ਇਹ ਵੀ ਆਖ ਦਿੱਤਾ ਕਿ ਪੰਜ ਸਾਲਾਂ ਦਾ ਬਾਲਕ-ਗੁਰੂ ਸਿੱਖ ਕੌਮ ਨੂੰ ਵੱਸ ਵਿਚ ਨਹੀਂ ਰੱਖ ਸਕੇਗਾ, ਕਈ ਤੁਰਨੇ ਸਿਰ ਚਾਲਾਕ ਬੰਦੇ ਇਸ ਤੋਂ ਅਯੋਗ ਲਾਭ ਖੱਟਣ ਦੀ ਖ਼ਾਤਰ ਦੇਸ਼ ਵਿਚ ਕੋਈ ਗੜਬੜ ਕਰਾ ਦੇਣਗੇ। ਔਰੰਗਜ਼ੇਬ ਦੇ ਦ੍ਰਿਸ਼ਟੀਕੋਣ ਤੋਂ ਇਹ ਬਹੁਤ ਚੰਗੀ

ਗੱਲ ਹੋਈ ਕਿ ਜਿਸ ਗੁਰ-ਪ੍ਰਣਾਲੀ ਨੇ ਤੁਰਕ ਤੇ ਖਤ੍ਰੀ ਹਾਕਮਾਂ ਦੇ ਵਿਰੁੱਧ ਭਾਰਤ ਦੀ ਜਨਤਾ ਨੂੰ ਖੜਾ ਕਰ ਦਿੱਤਾ ਸੀ, ਉਸ ਦੇ ਆਪਣੇ ਹੀ ਘਰ ਵਿਚ ਫੁੱਟ ਪੈ ਗਈ, ਉਸ ਨੂੰ ਆਸ ਬਣ ਗਈ ਕਿ ਜਨਤਾ ਨੂੰ ਹੱਲਾ-ਸ਼ੇਰੀ ਦੇਣ ਵਾਲਾ ਪਾਸਾ ਕਮਜ਼ੋਰ ਹੋ ਜਾਏਗਾ ਤੇ ਇਸ ਤੁਰਕ-ਹਕੂਮਤ ਦੇ ਡੋਲਣ ਦਾ ਕੋਈ ਖ਼ਤਰਾ ਪੈਦਾ ਨਹੀਂ ਹੋਵੇਗਾ।

## ਕੁਝ ਬ੍ਰਾਹਮਣਾਂ ਦੀਆਂ ਨਵੀਆਂ ਆਸਾਂ, ਜਾਂਦਾ ਰਸੂਖ਼ ਮੁੜ ਜਿਵਾਲਣ ਦੇ ਜਤਨ

ਗੁਰੂ ਨਾਨਕ ਦੇਵ ਜੀ ਨੇ ਪਰਤੱਖ ਵੇਖ ਲਿਆ ਸੀ ਕਿ ਭਾਰਤ ਦੀ ਗਰੀਬ ਹਿੰਦੂ ਜਨਤਾ ਦੇ ਦੁੱਖਾਂ ਦਾ ਮੂਲ ਕਾਰਨ ਤਿੰਨ ਧੜੇ ਸਨ: ਬ੍ਰਾਹਮਣ, ਖੱਤ੍ਰੀ ਕਰਮਚਾਰੀ ਅਤੇ ਤੁਰਕ ਹਾਕਮ। ਜਿੱਥੇ ਕਿਤੇ ਮੌਕਾ ਬਣਦਾ ਰਿਹਾ, ਸਤਿਗੁਰੂ ਜੀ ਇਹਨਾਂ ਦੇ ਅੱਤਿਆਚਾਰਾਂ ਨੂੰ ਨਸ਼ਰ ਕਰਦੇ ਰਹੇ ਤੇ ਗਰੀਬ ਲੋਕਾਂ ਨੂੰ ਢਾਰਸ ਦੇਂਦੇ ਰਹੇ। ਹਰੇਕ ਗੁਰ-ਵਿਅਕਤੀ ਦਾ ਪ੍ਰਚਾਰ, ਇਹਨਾਂ ਹੀ ਲੀਹਾਂ 'ਤੇ ਰਿਹਾ ਤੇ ਲੋਕਾਂ ਦੇ ਦਿਲਾਂ ਤੋਂ ਇਹਨਾਂ ਤਿੰਨਾਂ ਹੀ ਧੜਿਆਂ ਦਾ ਦਬਾਉ ਘਟਦਾ ਗਿਆ।

ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਬਾਲ-ਗੁਰੂ ਨੂੰ ਵੇਖ ਕੇ ਸਥਾਨਕ ਬ੍ਰਾਹਮਣਾਂ ਨੂੰ ਆਸਾਂ ਬਣਨ ਲੱਗ ਪਈਆਂ ਕਿ ਉਹਨਾਂ ਦਾ ਭਰਮ-ਭਾ ਫਿਰ ਬਣ ਜਾਏਗਾ। ਜਦੋਂ ਭੀ ਅਵਸਰ ਬਣਿਆ, ਇਹਨਾਂ ਲੋਕਾਂ ਨੇ ਗਰੀਬ ਜਨਤਾ ਨੂੰ ਇਹ ਟਪਲੇ ਦੇਣੇ ਸ਼ੁਰੂ ਕੀਤੇ ਕਿ ਗੁਰੂ-ਘਰ ਹੁਣ ਹੌਲਾ ਪੈ ਗਿਆ ਹੈ। ਸਿੱਖ-ਇਤਿਹਾਸ ਦੀ ਰਾਹੀਂ ਸਾਡੇ ਪਾਸ ਵੰਨਗੀ ਵਜੋਂ ਹੀ ਕੁਝ ਕੁ ਘਟਨਾਵਾਂ ਅੱਪੜੀਆਂ ਹਨ। ਗਰੀਬ ਦੁਖੀਏ ਲੋਕਾਂ ਨੂੰ ਸਭ ਤੋਂ ਪਹਿਲਾਂ ਦੁੱਖ ਭੁੱਖ ਦਾ ਹੋਣਾ ਹੋਇਆ, ਭੁੱਖ ਤੋਂ ਸਰੀਰਕ ਕਮਜ਼ੋਰੀ ਤੇ ਫਿਰ ਸਰੀਰਕ ਰੋਗ ਉਪਜਣੇ ਹੋਏ। ਕਿਸੇ ਮਹਾਂ ਪੁਰਖ ਦੀ ਉੱਚਤਾ ਦਾ ਮਾਪ ਗਰੀਬ ਅਨਪੜ੍ਹ ਲੋਕਾਂ ਪਾਸ ਆਮ ਤੌਰ ਤੇ ਇਹੀ ਹੋਇਆ ਕਰਦਾ ਹੈ ਕਿ ਉਹ ਕੋਈ ਅਚੰਭਾ ਕਰ ਵਿਖਾਏ, ਜਿਸ ਨਾਲ ਉਹਨਾਂ ਦੇ ਦੁੱਖ-ਦਲਿੱਦਰ ਦੂਰ ਹੋ ਜਾਣ। ਬ੍ਰਾਹਮਣਾਂ ਨੇ ਲੋਕਾਂ ਦੀ ਇਸ ਸੁਭਾਵਕ ਰੁਚੀ ਨੂੰ ਵਰਤਿਆ। ਕੀਰਤਪੁਰ ਦੇ ਇਲਾਕੇ ਵਿਚ ਕੋਈ ਰੋਗੀ ਦੁਖੀਆ ਮਿਲੇ, ਤੁਰਤ ਉਸ ਦੇ ਕੰਨਾਂ ਵਿਚ ਫੂਕ ਮਾਰ ਦੇਣੀ ਕਿ ਗੁਰੂ ਨਾਨਕ ਦੇ ਘਰ ਵਿਚ ਜਾਵੋ, ਉਹ ਇਕੋ ਨਿਗਾਹ ਨਾਲ ਨਰੋਆ ਕਰ ਦੇਣਗੇ। ਸਿੱਖ-ਇਤਿਹਾਸ ਲਿਖਦਾ ਹੈ:

ਇਕ ਦਿਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਪਾਲਕੀ ਵਿਚ ਸਵਾਰ ਹੋ ਕੇ ਬਾਹਰ

ਸੈਰ ਨੂੰ ਜਾ ਰਹੇ ਸਨ। ਬ੍ਰਾਹਮਣਾਂ ਦਾ ਸਿਖਾਇਆ ਇਕ ਕੋਹੜਾ ਬ੍ਰਾਹਮਣ ਪਾਲਕੀ ਦੇ ਅੱਗੇ ਆ ਲੇਟਿਆ ਤੇ ਰੋਗ ਰਾਜ਼ੀ ਕਰਾਣ ਲਈ ਤਰਲੇ ਕਰਨ ਲੱਗਾ।

ਬ੍ਰਾਹਮਣਾਂ ਦੇ ਜੂਲੇ ਹੇਠੋਂ ਕੱਢੀ ਹੋਈ ਗਰੀਬ ਜਨਤਾ ਨੂੰ ਸਤਿਗੁਰੂ ਜੀ ਨੇ ਉਹਨਾਂ ਦੇ ਇਹਨਾਂ ਵਰਤੇ ਢੰਗਾਂ ਨਾਲ ਮੁੜ ਉਸ ਜਾਲ ਵਿਚ ਫਸਣ ਨਹੀਂ ਸੀ ਦੇਣਾ। ਆਪ ਨੇ ਆਪਣੇ ਹੱਥ ਮੂੰਹ ਪੂੰਝਣ ਵਾਲਾ ਰੁਮਾਲ ਉਸ ਨੂੰ ਦੇ ਕੇ ਆਗਿਆ ਕੀਤੀ ਕਿ ਇਹ ਰੁਮਾਲ ਆਪਣੇ ਪਿੰਡੇ ਤੇ ਫੇਰਿਆ ਕਰ ਤੇ ਅਰਦਾਸ ਕਰਿਆ ਕਰ, ਗੁਰੂ ਨਾਨਕ ਦੇ ਘਰ ਵਿਚ ਸਭ ਕੁਝ ਹੈ। ਕੋਹੜੀ ਰਾਜ਼ੀ ਹੋ ਗਿਆ। ਇਹ ਚਾਲ ਬ੍ਰਾਹਮਣਾਂ ਨੂੰ ਪੁੱਠੀ ਪਈ। ਗੁਰੂ-ਘਰ ਦੀ ਸ਼ੋਭਾ ਸਗੋਂ ਵਧਣ ਲੱਗ ਪਈ।

## ਔਰੰਗਜ਼ੇਬ ਕਸ਼ਮੀਰ ਨੂੰ

ਔਰੰਗਜ਼ੇਬ ਬੜਾ ਪੱਕਾ ਮੁਸਲਮਾਨ ਸੀ। ਨਿਮਾਜ਼ ਰੋਜ਼ੇ ਆਦਿਕ ਸ਼ਰਹ ਦੇ ਹਰੇਕ ਹੁਕਮ ਦੀ ਤਨੋਂ ਮਨੋਂ ਪਾਲਣਾ ਕਰਦਾ ਸੀ। ਨਵਾਂ ਨਵਾਂ ਤਖ਼ਤ ਹਾਸਲ ਕਰਨ ਕਰਕੇ ਅਜੇ ਰਾਜਸੀ ਰੁਝੇਵੇਂ ਤੇ ਝੰਬੇਲੇ ਭੀ ਬਹੁਤ ਸਨ, ਫਿਰ ਭੀ ਔਰੰਗਜ਼ੇਬ ਨਿਮਾਜ਼ ਰੋਜ਼ੇ ਵਿਚ ਕੋਈ ਉਕਾਈ ਨਹੀਂ ਹੋਣ ਦੇਂਦਾ ਸੀ।

ਸੰਨ ੧੬੬੨ ਦੇ ਰੋਜ਼ੇ ੧੦ ਅਪਰੈਲ ਤੋਂ ੯ ਮਈ ਤਕ ਆਏ। ਦਿੱਲੀ ਵਿਚ ਉਹਨੀਂ ਦਿਨੀਂ ਕਾਫ਼ੀ ਗਰਮੀ ਪੈਣ ਲੱਗ ਜਾਂਦੀ ਹੈ। ਰੋਜ਼ਿਆਂ ਦੇ ਦਿਨਾਂ ਵਿਚ ਔਰੰਗਜ਼ੇਬ ਅੱਧੀ ਅੱਧੀ ਰਾਤ ਤਕ ਕੁਰਾਨ ਸ਼ਰੀਫ਼ ਪੜ੍ਹਦਾ ਰਿਹਾ। ਰਾਜਸੀ ਜ਼ਿਮੇਵਾਰੀਆਂ, ਰੋਜ਼ਿਆਂ ਵਿਚ ਇਹ ਤਪ ਅਤੇ ਗਰਮੀ—ਇਹਨਾਂ ਸਭਨਾਂ ਨੇ ਉਸ ਦੀ ਸਿਹਤ ਉਤੇ ਬਹੁਤ ਅਸਰ ਪਾਇਆ। ੯ ਮਈ ਨੂੰ ਰੋਜ਼ੇ ਖ਼ਤਮ ਹੋਏ, ੧੨ ਮਈ ਨੂੰ ਔਰੰਗਜ਼ੇਬ ਨੂੰ ਫੂਕ ਕੇ ਤਾਪ ਚੜ੍ਹ ਗਿਆ, ਕਈ ਦਿਨ ਬੇ-ਹੋਸ਼ੀ ਰਹੀ। ਪਰ ਆਖ਼ਰ ਤਾਪ ਨੇ ਮੋੜਾ ਖਾਧਾ। ਔਰੰਗਜ਼ੇਬ ੧੭ ਜੂਨ ਨੂੰ ਬਿਲਕੁਲ ਨਰੋਆ ਹੋ ਗਿਆ। ਸ਼ਾਹੀ ਹਕੀਮਾਂ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ ਕਿ ਸਿਹਤ ਠੀਕ ਕਰਨ ਵਾਸਤੇ ਕਸ਼ਮੀਰ ਜਾਣਾ ਜ਼ਰੂਰੀ ਹੈ।

ਔਰੰਗਜ਼ੇਬ ੮ ਦਸੰਬਰ ਸੰਨ ੧੬੬੨ ਨੂੰ ਦਿੱਲੀ ਤੋਂ ਚੱਲ ਕੇ ੮ ਫ਼ਰਵਰੀ ਸੰਨ ੧੬੬੩ ਨੂੰ ਲਾਹੌਰ ਪਹੁੰਚ ਗਿਆ। ਪੰਜਾਬ 'ਚ ਤਦੋਂ ਤਕ ਭਰ-ਸਿਆਲ ਲੰਘ ਕੇ ਮਿੱਠੀ ਮਿੱਠੀ ਰੁੱਤ ਆ ਜਾਂਦੀ ਹੈ। ਔਰੰਗਜ਼ੇਬ ੩ ਮਹੀਨੇ ਲਾਹੌਰ ਠਹਿਰਿਆ ਰਿਹਾ। ਉਸ ਨੇ ਪੰਜਾਬ ਦੇ ਰਾਜਸੀ ਹਾਲਾਤ ਚੰਗੀ ਤਰ੍ਹਾਂ ਵੇਖਣੇ

 www.sikhbookclub.com

ਪੜਤਾਲਣੇ ਸਨ। ਸਿੱਖ ਧਰਮ ਦੇ ਵਿਰੋਧੀਆਂ ਵਲੋਂ ਸਿੱਖ-ਕੌਮ ਦੀ ਵਧ ਰਹੀ ਤਾਕਤ ਦਾ ਮਾੜਾ ਮਾੜਾ ਤੌਖਲਾ ਉਸ ਦੇ ਦਿਲ ਵਿਚ ਪਾਇਆ ਗਿਆ ਹੋਇਆ ਸੀ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਗੁਰੂ ਬਣਿਆਂ ਸਵਾ ਸਾਲ ਹੋ ਚੁਕਿਆ ਸੀ। ਉਸ ਦੀਆਂ ਆਪਣੀਆਂ ਮਿੱਥੀਆਂ ਆਸਾਂ ਅਨੁਸਾਰ ਔਰੰਗਜ਼ੇਬ ਨੂੰ ਬਾਲਕ-ਗੁਰੂ ਵਲੋਂ ਸਿੱਖਾਂ ਵਿਚ ਸ਼ਰਧਾ ਘਟਦੀ ਨਹੀਂ ਦਿਸੀ ਸੀ। ਹੁਣ ਲਾਹੌਰ ੩ ਮਹੀਨੇ ਟਿਕ ਕੇ ਉਸ ਨੇ ਗਹੁ ਨਾਲ ਵੇਖ ਲਿਆ ਕਿ ਨਿਰਾ ਉਡੀਕਣ ਨਾਲ ਸਿੱਖ ਕੌਮ ਵਿਚ ਫੁੱਟ ਦਾ ਬੀਜ ਫਲ ਨਹੀਂ ਦੇ ਸਕੇਗਾ। ਕੁਝ ਆਪ ਭੀ ਉੱਦਮ ਕਰਨਾ ਹੀ ਪਏਗਾ।

ਢਾਈ ਮਹੀਨੇ ਕਸ਼ਮੀਰ ਰਹਿ ਕੇ ਔਰੰਗਜ਼ੇਬ ੨੯ ਸਤੰਬਰ ਸੰਨ ੧੬੬੩ ਨੂੰ ਲਾਹੌਰ ਵਾਪਸ ਆਇਆ ਅਤੇ ੧੯ ਜਨਵਰੀ ਸੰਨ ੧੬੬੪ ਨੂੰ ਦਿੱਲੀ ਅੱਪੜਿਆ।

## ਸ਼ਾਹੀ ਸੱਦਾ ਦੂਜੀ ਵਾਰੀ

ਜਿਵੇਂ ਸੰਨ ੧੬੬੦ ਵਿਚ ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸੱਦਾ ਘੱਲਿਆ ਸੀ, ਤਿਵੇਂ ਹੁਣ ਦੂਜੀ ਵਾਰੀ ਸੰਨ ੧੬੬੪ ਵਿਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਭੀ ਉਸ ਨੇ ਸੱਦ ਭੇਜਿਆ। ਸਿੱਖ-ਇਤਿਹਾਸ ਲਿਖਦਾ ਹੈ ਕਿ ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਦਿੱਲੀ ਆਉਣ ਲਈ ਪ੍ਰੇਰਨਾ ਕੀਤੀ ਜਾਏ।

## ਗੁਰੂ ਤੇ ਸਿੱਖ ਦੀ ਸਾਂਝ

ਮਿਰਜ਼ਾ ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਪ੍ਰਾਰਥਨਾ ਕਰਨੀ, ਤੇ ਉਹਨਾਂ ਨੂੰ ਬੜੇ ਆਦਰ-ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲੈ ਆਉਣਾ। ਸਿੱਖ ਕੌਮ ਵਾਸਤੇ ਇਕ ਭਾਰੀ ਅਜ਼ਮਾਇਸ਼ ਦਾ ਸਮਾ ਆਇਆ। ਗੁਰੂ ਅਰਜਨ ਸਾਹਿਬ ਭੀ ਜਹਾਂਗੀਰ ਦੇ ਰਾਜ ਸਮੇ ਲਾਹੌਰ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਭੀ ਗਵਾਲੀਅਰ ਗਏ ਸਨ। ਰੌਸ਼ਨ-ਦਿਮਾਗ਼ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਸਭ ਕੁਝ ਸੋਚਿਆ, ਵਿਚਾਰਿਆ। ਆਪ ਦੀ ਉਮਰ ਉਸ ਵਕਤ ੭ ਸਾਲ ਹੋ ਚੁਕੀ ਹੋਈ ਸੀ। ਗੁਰੂ


www.sikhbookclub.com

ਨਾਨਕ ਦੇਵ ਜੀ ਨੇ ਭੀ ੭ ਸਾਲ ਦੀ ਉਮਰੇ ਹੀ ਤਲਵੰਡੀ ਦੇ ਪਾਂਧੇ ਪਾਸ ਪੜ੍ਹਨ ਗਿਆਂ ਆਪਣੀ ਉੱਚੀ ਸੂਝ-ਬੂਝ ਨਾਲ ਉਸ ਨੂੰ ਚਕ੍ਰਿਤ ਕਰ ਦਿੱਤਾ ਸੀ। ਇਥੇ ਭੀ ਉਹੀ ਜੋਤਿ ਸੀ। ਬਾਬਾ ਦਾਤੂ ਜੀ ਨੇ ਦੋਖੀਆਂ ਦੀ ਚੁੱਕ ਵਿਚ ਆ ਕੇ ਗੁਰੂ ਅਮਰਦਾਸ ਜੀ ਤੋਂ ਗੁਰੂ-ਸਿੱਖ ਵਾਲੀ ਸਾਂਝ ਬਦੋ-ਬਦੀ ਖੋਹਣੀ ਚਾਹੀ ਸੀ। ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਮੌਕਾ ਦੇ ਦਿੱਤਾ, ਪਰ ਸਿੱਖ-ਸੰਗਤ ਨੇ ਗੁਰੂ ਅੰਗਦ ਸਾਹਿਬ ਦੀ ਕੀਤੀ ਹੋਈ ਚੋਣ ਉਤੇ ਹੀ ਸ਼ਰਧਾ ਦੇ ਫੁੱਲ ਚਾੜ੍ਹੇ ਸਨ। ਹੁਣ ਭੀ ਉਹੀ ਮਰਯਾਦਾ ਕਾਇਮ ਰਹਿਣੀ ਸੀ।

## ਦਿੱਲੀ ਵੱਲ ਰਵਾਨਗੀ

ਸਿੱਖਾਂ ਨੂੰ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਵਾਲੀਆਂ ਘਟਨਾਵਾਂ ਯਾਦ ਸਨ। ਕੀਰਤਪੁਰ ਅਤੇ ਦੁਆਲੇ ਦੇ ਜਿਨ੍ਹਾਂ ਜਿਨ੍ਹਾਂ ਨੇ ਸੁਣਿਆ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਔਰੰਗਜ਼ੇਬ ਦੇ ਸੱਦੇ 'ਤੇ ਦਿੱਲੀ ਜਾ ਰਹੇ ਹਨ, ਸਭ ਨੂੰ ਤੌਖਲਾ ਹੋਇਆ। ਸਤਿਗੁਰੂ ਜੀ ਦੇ ਤੁਰਨ ਸਮੇ ਤੱਕ ਸਿੱਖ ਸੰਗਤਾਂ ਦੀ ਭਾਰੀ ਭੀੜ ਬਣ ਗਈ, ਗੁਰੂ ਸਾਹਿਬ ਨੇ ਸਭ ਨੂੰ ਧੀਰਜ ਹੌਸਲਾ ਦਿੱਤਾ, ਫਿਰ ਭੀ ਸੈਂਕੜੇ ਸਿੱਖ ਨਾਲ ਚੱਲ ਪਏ। ਕੀਰਤਪੁਰ ਤੋਂ ਦਿੱਲੀ ਪੌਣੇ ਦੋ ਕੁ ਸੌ ਮੀਲਾਂ ਦੀ ਵਿੱਥ 'ਤੇ ਸਿੱਧਾ ਦੱਖਣ ਵੱਲ ਹੈ। ਜਦੋਂ ਸਤਿਗੁਰੂ ਜੀ ਸੱਠ ਕੁ ਮੀਲ ਮੁਕਾ ਕੇ ਅੰਬਾਲੇ ਦੇ ਇਲਾਕੇ ਵਿਚ ਪੰਜੋਖਰੇ ਪਹੁੰਚੇ, ਤਾਂ ਕੁਝ ਕੁ ਉੱਘੇ ਸਿੱਖਾਂ ਤੋਂ ਛੁੱਟ ਬਾਕੀ ਸਭਨਾਂ ਨੂੰ ਪਿਛਾਂਹ ਮੋੜ ਦਿੱਤਾ ਅਤੇ ਆਪ ਅਗਾਂਹ ਚੱਲ ਪਏ। ਪੰਜੋਖਰਾ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਛੇ ਮੀਲ ਪੂਰਬ ਵਾਲੇ ਪਾਸੇ ਪੱਕੀ ਸੜਕ ਉਤੇ ਹੈ। ਇਸ ਪਿੰਡ ਤੋਂ ਇਕ ਫ਼ਰਲਾਂਗ ਉਤਰ-ਪੂਰਬ ਵੱਲ ਗੁਰੂ ਹਰਿ ਕ੍ਰਿਸ਼ਨ ਜੀ ਦਾ ਗੁਰਦੁਆਰਾ ਹੈ।

## ਇਕ ਬ੍ਰਾਹਮਣ ਦੀ ਫਿਰ ਉਹੀ ਚਾਲ

ਦਿੱਲੀ ਨੂੰ ਜਾਣ ਵਾਸਤੇ ਕੁਰਖੇਤਰ, ਥਨੇਸਰ, ਪਾਨੀਪਤ ਆਦਿਕ ਸ਼ਹਿਰ ਰਸਤੇ ਵਿਚ ਹੀ ਪੈਂਦੇ ਹਨ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਕੁਰਖੇਤਰ ਪਹੁੰਚ ਕੇ ਡੇਰਾ ਕੀਤਾ। ਹਿੰਦੂ ਲੋਕ ਤਾਂ ਅਜਿਹੇ ਤੀਰਥਾਂ 'ਤੇ ਆ ਕੇ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰਦੇ ਹਨ ਅਤੇ ਉਥੋਂ ਦੇ ਇਸ਼ਨਾਨ ਨੂੰ ਬੜਾ ਭਾਰਾ ਉੱਤਮ ਕਰਮ ਸਮਝਦੇ ਹਨ; ਪਰ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਵਿਚ ਪਰਮਾਤਮਾ ਦੀ ਯਾਦ ਤੇ ਪਰਮਾਤਮਾ ਦੀ ਖ਼ਲਕਤ ਦੀ, ਖ਼ਾਸ ਤੌਰ 'ਤੇ ਗਰੀਬ ਦੁਖੀਏ ਦੀ, ਸੇਵਾ ਹੀ ਮਨੁੱਖਤਾ ਦਾ ਸਭ


www.sikhbookclub.com

ਤੋਂ ਸੁੱਚਾ ਨਿਸ਼ਾਨਾ ਹੈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਉਸ ਤੀਰਥ ਅਤੇ ਤੀਰਥ ਦੇ ਪਾਂਡਿਆਂ ਨੂੰ ਕੋਈ ਉਚੇਰੀ ਮਾਣ-ਵਡਿਆਈ ਨਾ ਦਿੱਤੀ। ਇਹੀ ਰਵੱਈਆ ਨਾਲ-ਗਏ ਸਿੱਖਾਂ ਦਾ ਸੀ। ਪਾਂਡੇ ਇਸ ਗੱਲੋਂ ਬੜੇ ਚਿੜ੍ਹੇ, ਉਹਨਾਂ ਦੀਆਂ ਸਾਮੀਆਂ ਘਟਦੀਆਂ ਸਨ, ਉਹਨਾਂ ਦੀ ਆਮਦਨ ਘਟਦੀ ਸੀ। ਪਰ ਨੇਹੁੰ ਨ ਲੱਗਦੇ ਜੋਰੀਂ। ਸਿੱਖ, ਕਰਮ-ਕਾਂਡ ਦੇ ਉਸ ਜਾਲ ਵਿਚੋਂ ਨਿਕਲ ਚੁਕੇ ਸਨ।

ਇਕ ਪੰਡਿਤ ਕ੍ਰਿਸ਼ਨ ਲਾਲ ਬਹੁਤ ਖਿੱਝਿਆ, ਸਿੱਖਾਂ ਨੂੰ ਸੁਣਾ ਸੁਣਾ ਕੇ ਆਖਣ ਲੱਗਾ ਕਿ ਦੁਆਪੁਰ ਦੇ ਅਵਤਾਰ ਕ੍ਰਿਸ਼ਨ ਜੀ ਨੇ ਗੀਤਾ ਲਿਖੀ, ਇਹ ਸੱਤ ਅੱਠ ਸਾਲ ਦੇ ਬਾਲ ਆਪਣੇ ਆਪ ਨੂੰ ਹਰਿ ਕ੍ਰਿਸ਼ਨ ਜੀ ਅਖਵਾਂਦੇ ਹਨ, ਲੋਕ ਇਹਨਾਂ ਨੂੰ 'ਗੁਰੂ ਗੁਰੂ' ਆਖਦੇ ਹਨ, ਜੇ ਇਹਨਾਂ ਵਿਚ ਸਚਮੁਚ ਕੋਈ ਆਤਮਕ ਸਮਰੱਥਾ ਹੈ ਤਾਂ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸ਼ਲੋਕ ਦੇ ਅਰਥ ਕਰ ਵਿਖਾਣ। ਅੱਪੜਦੀ ਅੱਪੜਦੀ ਇਹ ਗੱਲ ਗੁਰੂ ਹਰਿ ਕ੍ਰਿਸ਼ਨ ਸਾਹਿਬ ਤਕ ਅੱਪੜੀ। ਉਸ ਪੰਡਿਤ ਨੇ ਉਸੇ ਤਰ੍ਹਾਂ ਹੀ ਸਤਿਗੁਰੂ ਜੀ ਨੂੰ ਭੀ ਆ ਵੰਗਾਰਿਆ। ਕੀਰਤਪੁਰ ਵਿਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਅਜਿਹੇ ਕਈ ਬ੍ਰਾਹਮਣਾਂ ਨਾਲ ਅੱਗੇ ਕਈ ਵਾਰੀ ਵਾਹ ਪੈ ਚੁਕਿਆ ਸੀ। ਉਹ ਜਾਣਦੇ ਸਨ ਕਿ ਸਾਡੀ ਸਰੀਰਕ ਬਾਲ-ਉਮਰ ਤੋਂ ਲੋਕਾਂ ਨੂੰ ਟਪਲਾ ਲਵਾ ਕੇ ਕਈ ਬ੍ਰਾਹਮਣ ਅੰਞਾਣ ਹਿੰਦੂ ਜਨਤਾ ਉਤੇ ਮੁੜ ਆਪਣਾ ਕਰਮ-ਕਾਂਡ ਵਾਲਾ ਦਬਾਉ ਪੱਕਾ ਕਰਨਾ ਚਾਹੁੰਦੇ ਹਨ। ਪੰਡਿਤ ਕ੍ਰਿਸ਼ਨ ਲਾਲ ਦਾ ਭੀ ਇਹੀ ਜਤਨ ਸੀ ਕਿ ਗੁਰ-ਉਪਦੇਸ਼ ਦੀ ਰਾਹੀਂ ਕੁਰਖੇਤਰ ਆਦਿਕ ਤੀਰਥਾਂ ਵਲੋਂ ਹਿੰਦੂ ਜਨਤਾ ਦੀ ਬੇ-ਰੁਖ਼ੀ ਨਾ ਹੋ ਜਾਏ। ਸੋ ਸਤਿਗੁਰੂ ਜੀ ਨੇ ਪੰਡਿਤ ਨੂੰ ਆਖਿਆ ਕਿ ਮਨੁੱਖਤਾ ਦੀਆਂ ਠੀਕ ਲੀਹਾਂ ਉਤੇ ਤੁਰ ਕੇ ਦੂਜਿਆਂ ਦੀ ਭਲਾਈ ਲਈ ਜੀਊਣਾ ਹੋਰ ਗੱਲ ਹੈ, ਅਤੇ ਹੁਣ ਮਰ-ਚੁਕੀ ਬੋਲੀ ਵਿਚ ਅੱਜ ਤੋਂ ਸਦੀਆਂ ਪਹਿਲਾਂ ਲਿਖੇ ਸ਼ਲੋਕਾਂ ਦੇ ਅਰਥ ਕਰਨੇ ਹੋਰ ਗੱਲ ਹੈ। ਉਸ ਵੇਲੇ ਦੇ ਕੋਸ਼ ਤੇ ਵਿਆਕਰਣ ਨੂੰ ਯਾਦ ਕਰ ਕੇ ਉਹਨਾਂ ਦੀ ਸਹਾਇਤਾ ਨਾਲ ਉਸ ਵਕਤ ਦੀਆਂ ਪੁਸਤਕਾਂ ਦੇ ਅਰਥ ਕਰ ਸਕਣ ਤੋਂ ਇਹ ਸਿੱਧ ਨਹੀਂ ਹੋ ਜਾਂਦਾ ਕਿ ਅਰਥ ਕਰਨ ਵਾਲਾ ਮਨੁੱਖ ਜੀਵਨ ਦੇ ਦ੍ਰਿਸ਼ਟੀਕੋਣ ਤੋਂ ਬੜਾ ਮਹਾਂ ਪੁਰਖ ਹੈ। ਪਰ ਜੇ ਅਸਾਂ ਅਰਥ ਕਰ ਭੀ ਦਿੱਤੇ, ਤਾਂ ਭੀ ਤੇਰੀ ਤਸੱਲੀ ਨਹੀਂ ਹੋਣੀ, ਕਿਉਂਕਿ ਇਹ ਢੁੱਚਰ ਤਸੱਲੀ ਕਰਨ ਦੀ ਖ਼ਾਤਰ ਤਾਂ ਪੇਸ਼ ਕੀਤੇ ਹੀ ਨਹੀਂ ਗਏ। ਤੁਸੀਂ ਤਾਂ ਜਨਤਾ ਵਿਚੋਂ ਜਾਂਦੇ ਰਸੂਖ਼ ਨੂੰ ਮੁੜ ਕਾਇਮ ਕਰਨ ਲਈ ਇਹ ਅੱਕੀਂ ਪਲਾਹੀਂ ਹੱਥ ਪਾ ਰਹੇ ਹੋ। ਸਾਡੇ ਅਰਥ ਕੀਤਿਆਂ ਤੁਸੀ ਇਹ ਕਹਿ ਦਿਉਗੇ ਕਿ ਅਮੀਰ ਘਰ ਵਿਚ ਜੰਮੇ-ਪਲੇ ਹਨ, ਕੋਈ ਉਚੇਚਾ ਅਧਿਆਪਕ

ਲਾ ਕੇ ਸੰਸਕ੍ਰਿਤ ਪੜ੍ਹ ਲਈ ਹੋਵੇਗੀ। ਸੋ, ਜੇ ਗੁਰੂ ਨਾਨਕ ਪਾਤਿਸ਼ਾਹ ਦੀਆਂ ਬਖ਼ਸ਼ਸ਼ਾਂ ਦੀ ਬਰਕਤ ਜ਼ਰੂਰੀ ਵੇਖਣੀ ਹੀ ਹੈ, ਤਾਂ ਆਪਣੇ ਨਗਰ ਵਿਚੋਂ ਆਪੇ ਹੀ ਕਿਸੇ ਨੂੰ ਲੈ ਆਵੋ, ਸਤਿਗੁਰੂ ਨਾਨਕ ਦੇਵ ਜੀ ਦੀ ਮਿਹਰ ਨਾਲ ਉਹ ਤੁਹਾਡੀ ਤਸੱਲੀ ਕਰਾ ਦੇਵੇਗਾ। ਪੰਡਿਤ, ਛੱਜੂ ਨਾਮੀ ਇਕ ਬੜੇ ਮੂਰਖ ਝੀਊਰ ਨੂੰ ਲੈ ਆਇਆ। ਸਤਿਗੁਰੂ ਦੀ ਮਿਹਰ ਦੀ ਨਜ਼ਰ ਨਾਲ ਉਹ ਝੀਊਰ ਇਕ ਉੱਘੇ ਵਿਦਵਾਨ ਵਕਤਾ ਵਾਂਗ ਗੀਤਾ ਦੇ ਸ਼ਲੋਕਾਂ ਦਾ ਪਾਠ ਤੇ ਅਰਥ ਸੁਣਾਣ ਲੱਗ ਪਿਆ। ਕੁਰਖੇਤਰ ਦੇ ਪੰਡਿਤਾਂ ਨੂੰ ਇਹ ਚਾਲ ਮਹਿੰਗੀ ਪਈ। ਸਤਿਗੁਰੂ ਦੀ ਮਹਿਮਾ ਸਗੋਂ ਹੋਰ ਵਧੀ।

## ਸਤਿਗੁਰੂ ਜੀ ਦਾ ਦਿੱਲੀ ਪਹੁੰਚਣਾ

ਬਨੇਸਰ, ਕੁਰਖੇਤਰ, ਪਾਨੀਪਤ ਤੋਂ ਹੁੰਦੇ ਹੋਏ ਸੰਗਤ ਸਮੇਤ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਪਹੁੰਚੇ। ਰਾਜਾ ਜੈ ਸਿੰਘ ਨੇ ਆਪਣੇ ਮਹੱਲ (ਬੰਗਲੇ) ਵਿਚ ਉਤਾਰਾ ਦਿੱਤਾ। ਜਿਥੇ ਸਤਿਗੁਰੂ ਜੀ ਟਿਕੇ ਸਨ, ਉਥੇ ਨਵੀਂ ਦਿੱਲੀ ਰਾਇਸੀਨਾ ਵਿਚ ਗੁਰਦੁਆਰਾ ਹੈ, ਜਿਸ ਦਾ ਨਾਮ ਬੰਗਲਾ ਸਾਹਿਬ ਹੈ।[੧] ਅਮੀਰ ਲੋਕਾਂ ਦੀ ਘਰੀਂ ਬ੍ਰਾਹਮਣਾਂ ਨਾਈਆਂ ਆਦਿਕ ਦਾ ਅਸਰ-ਰਸੂਖ਼ ਬਹੁਤ ਹੋਇਆ ਕਰਦਾ ਹੈ ਅਤੇ ਬਹੁਤੇ ਵਹਿਮ-ਭਰਮ ਇਹਨਾਂ ਦੇ ਹੀ ਪੈਦਾ ਕੀਤੇ ਹੁੰਦੇ ਹਨ, ਕਿਉਂਕਿ ਇਹ ਭਰਮ-ਵਹਿਮ ਉਹਨਾਂ ਦੀ ਆਜੀਵਕਾ ਦਾ ਵਸੀਲਾ ਹੋਇਆ ਕਰਦੇ ਹਨ, ਦਾਨ-ਪੁੰਨ ਜੁ ਜਜਮਾਨਾਂ ਤੋਂ ਕਰਾਣੇ ਹੋਏ। ਸੋ, ਜੀਵਨ ਦਾ ਛਲ-ਹੀਣ ਪੱਧਰਾ ਰਾਹ ਦੱਸਣ ਵਾਲੇ ਮਹਾਂ ਪੁਰਖਾਂ ਤੋਂ ਅਮੀਰਾਂ ਦੀ ਸ਼ਰਧਾ ਛੇਤੀ ਡੋਲ ਜਾਂਦੀ ਹੈ ਤੇ ਇਸ ਡੋਲਾਣ ਵਿਚ ਵਧੀਕ ਹੱਥ ਹੁੰਦਾ ਭੀ ਬ੍ਰਾਹਮਣ ਬ੍ਰਾਹਮਣੀਆਂ ਦਾ ਹੀ ਹੈ। ਰਾਜਾ ਜੈ ਸਿੰਘ ਨੇ ਭਾਵੇਂ ਆਦਰ-ਸਤਿਕਾਰ ਬਹੁਤ ਕੀਤਾ ਪਰ ਉਸ ਦੀ ਰਾਣੀ ਦੇ ਦਿਲ ਵਿਚ ਬਾਲਕ-ਉਮਰ ਗੁਰੂ ਬਾਰੇ ਵਹਿਮ-ਭਰਮ ਪਾਇਆ ਜਾ ਚੁਕਿਆ ਸੀ। ਕੀਰਤਪੁਰ ਤੇ ਕੁਰਖੇਤਰ ਵਾਲੀ ਕਹਾਣੀ ਮੁੜ ਦਿੱਲੀ ਵਿੱਚ ਦੁਹਰਾਈ ਗਈ। ਰਾਜਾ ਜੈ ਸਿੰਘ ਦੀ ਰਾਣੀ ਨੇ ਸਤਿਗੁਰੂ ਜੀ ਦਾ ਦਰਸ਼ਨ ਕਰਨ ਦੀ ਤਾਂਘ ਪਰਗਟ ਕੀਤੀ, ਪਰ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ ਘਰ ਨੂੰ ਪਰਖਣ ਦੀ ਨੀਅਤ ਭੀ ਧਾਰ ਲਈ। ਹੋਰ ਕਈ ਅਮੀਰ ਘਰਾਣਿਆਂ ਦੀਆਂ ਜ਼ਨਾਨੀਆਂ ਨੂੰ ਆਪਣੇ ਮਹੱਲ ਵਿਚ ਮੰਗਾ ਲਿਆ, ਤੇ ਮਨ ਵਿਚ ਇਹ ਧਾਰ

---

੧. ਇਹ ਗੁਰਦੁਆਰਾ ਅਜਮੇਰੀ ਦਰਵਾਜ਼ੇ ਤੋਂ ਬਾਹਰ ਹਨੂਮਾਨ ਦੇ ਮੰਦਰ ਤੋਂ ਅੱਗੇ ਗੁਰਦੁਆਰਾ ਸੀਸ ਗੰਜ ਤੋਂ ਢਾਈ ਮੀਲਾਂ ਦੀ ਵਿੱਥ ਤੇ ਹੈ।

ਲਿਆ ਕਿ ਜੇ ਗੁਰੂ ਸੱਚਾ ਹੈ ਤਾਂ ਇਹਨਾਂ ਸਭਨਾਂ ਨੂੰ ਛੱਡ ਕੇ ਮੇਰੀ ਹੀ ਗੋਦ ਵਿਚ ਆ ਕੇ ਬੈਠੇ। ਗੁਰੂ ਹਰਿ ਕ੍ਰਿਸ਼ਨ ਸਾਹਿਬ ਰਣਵਾਸ ਵਿਚ ਗਏ; ਤੇ ਹੋਰ ਸਭਨਾਂ ਦੇ ਕੋਲੋਂ ਦੀ ਲੰਘ ਕੇ ਰਾਜਾ ਜੈ ਸਿੰਘ ਦੀ ਰਾਣੀ ਦੀ ਗੋਦ ਵਿਚ ਹੀ ਬੈਠ ਗਏ। ਗੁਰੂ ਨਾਨਕ ਦੇਵ ਜੀ ਦੇ ਘਰ ਦਾ ਰਸੂਖ਼ ਘਟਦਾ ਵੇਖਣ ਦੇ ਚਾਹਵਾਨਾਂ ਦੀ ਆਸ ਇਥੇ ਭੀ ਪੂਰੀ ਨਾ ਹੋਈ।

## ਅਸਚਰਜ ਆਤਮਕ ਉੱਚਤਾ

ਦਿੱਲੀ ਪਹੁੰਚ ਕੇ ਸਤਿਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਇਹ ਕੋਈ ਸਧਾਰਨ ਜਿਹੀ ਗੱਲ ਨਹੀਂ ਸੀ। ਇਤਨੀ ਵੱਡੀ ਮੁਗ਼ਲ ਤਾਕਤ ਦੇ ਜਿਸ ਬਾਦਸ਼ਾਹ ਦੇ ਦੀਦਾਰ ਨੂੰ ਲੋਕ ਤਰਲੇ ਲੈਂਦੇ ਸਨ, ਅੱਠ ਸਾਲਾਂ ਦਾ ਬਾਲਕ ਗੁਰੂ ਬਾਦਸ਼ਾਹ ਦੇ ਖ਼ਾਹਸ਼ ਪ੍ਰਗਟ ਕਰਨ 'ਤੇ ਭੀ ਮਿਲਣ ਤੋਂ ਨਾਂਹ ਕਰੇ, ਆਤਮਕ-ਉੱਚਤਾ ਦੀ ਆਪਣੇ ਆਪ ਵਿਚ ਹੀ ਇਕ ਵੱਡੀ ਕਰਾਮਾਤ ਸੀ। ਔਰੰਗਜ਼ੇਬ ਉਤੇ ਸਤਿਗੁਰੂ ਜੀ ਦੀ ਇਸ ਮਹਾਨ ਆਤਮਕ ਤਾਕਤ ਦਾ ਅਸਰ ਹੋਣੋਂ ਰਹਿ ਨਾ ਸਕਿਆ। ਸਿੱਖ-ਇਤਿਹਾਸ ਲਿਖਦਾ ਹੈ ਬਾਦਸ਼ਾਹ ਨੇ ਆਪਣੇ ਵੱਡੇ ਪੁੱਤਰ ਮੁਅੱਜ਼ਮ ਸ਼ਾਹ ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਪਾਸ ਭੇਜਿਆ। ਸ਼ਾਹਜ਼ਾਦਾ ਤੇ ਸਤਿਗੁਰੂ ਜੀ ਉਮਰੋਂ ਹਾਣੀ ਹੀ ਸਨ। ਸ਼ਾਹਜ਼ਾਦੇ ਦੀ ਭਾਵਨਾ ਅਨੁਸਾਰ ਰਾਜਾ ਜੈ ਸਿੰਘ ਦੇ ਬਾਗ਼ ਵਿਚੋਂ ਉਸ ਨੂੰ ਕਈ ਬੇ-ਬਹਾਰੇ ਫਲ ਖਵਾਇਓ ਨੇ।

ਔਰੰਗਜ਼ੇਬ ਨੂੰ ਕੀਰਤਪੁਰ ਤੋਂ ਦਿੱਲੀ ਤਕ ਦੀਆਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਆਤਮਕ ਉੱਚਤਾ ਬਾਰੇ ਸਭ ਖ਼ਬਰਾਂ ਨਾਲੋਂ-ਨਾਲ ਅੱਪੜ ਰਹੀਆਂ ਸਨ। ਬਾਲਕ ਗੁਰੂ ਜੀ ਦੀ ਨਿਰਭੈਤਾ ਭੀ ਉਸ ਨੇ ਵੇਖ ਲਈ। ਮਾਇਆ ਦੇ ਵਿਗਾੜੇ ਹੋਏ ਮਸੰਦਾਂ ਦੀ ਚੁਕਣਾ ਤੇ ਕੀਤੇ ਹੋਏ ਬਾਬਾ ਰਾਮ ਰਾਇ ਜੀ ਦੇ ਦਾਅਵੇ ਸੰਬੰਧੀ ਔਰੰਗਜ਼ੇਬ ਨੇ ਬਾਬਾ ਰਾਮ ਰਾਇ ਜੀ ਦਾ ਪੱਖ ਨਾ ਲਿਆ, ਕਿਉਂਕਿ ਉਹ ਇਹ ਭੀ ਵੇਖ ਰਿਹਾ ਸੀ ਕਿ ਸਿੱਖ ਸੰਗਤਾਂ ਦੀ ਸ਼ਰਧਾ ਕਿਸ ਪਾਸੇ ਵਲ ਸੀ। ਪਰ ਔਰੰਗਜ਼ੇਬ ਇਹ ਭੀ ਚਾਹੁੰਦਾ ਸੀ ਕਿ ਗੁਰੂ ਨਾਨਕ ਦਾ ਘਰ ਕਿਤੇ ਬਹੁਤਾ ਤਕੜਾ ਹੋ ਕੇ ਮੁਗ਼ਲ ਰਾਜ ਵਾਸਤੇ ਖ਼ਤਰਨਾਕ ਨਾ ਹੋ ਜਾਏ। ਸੋ, ਉਸ ਨੇ ਬਾਬਾ ਰਾਮ ਰਾਇ ਜੀ ਦਾ ਵਿਰੋਧੀ ਧੜਾ ਤਕੜਾ ਕਰਨ ਲਈ ਬਾਬਾ ਜੀ ਨੂੰ ਦਿੱਤੀ ਭਾਰੀ ਜਾਗੀਰ ਪੱਕੀ ਕਰ ਦਿੱਤੀ, ਜੋ ਹੁਣ ਤਕ ਡੇਹਰਾਦੂਨ ਦੇ ਇਲਾਕੇ ਵਿਚ ਚਲੀ ਆ ਰਹੀ ਹੈ। ਸ਼ਾਹ ਜਹਾਨ ਨੇ ਭੀ ਗੁਰੂ ਹਰਿ ਰਾਇ ਸਾਹਿਬ ਦੇ ਟਾਕਰੇ 'ਤੇ

ਖੜਾ ਕਰਨ ਲਈ ਬਾਬਾ ਧੀਰਮਲ ਜੀ ਨੂੰ ਵੱਡੀ ਸਾਰੀ ਜਾਗੀਰ ਦਿੱਤੀ ਸੀ, ਜੋ ਅਜੇ ਤਕ ਉਸ ਖ਼ਾਨਦਾਨ ਵਿਚ ਕਾਇਮ ਹੈ।

## ਜੋਤੀ ਜੋਤਿ ਸਮਾਣਾ

ਫੱਗਣ-ਚੇਤਰ ਦੀ ਮਿੱਠੀ ਮਿੱਠੀ ਰੁੱਤੇ ਸਾਡੇ ਦੇਸ ਵਿਚ ਆਮ ਤੌਰ ਤੇ ਚੇਚਕ ਦੀ ਬੀਮਾਰੀ ਫੁੱਟ ਪੈਂਦੀ ਹੈ। ਚੇਚਕ ਛੂਤ ਦੀ ਬੀਮਾਰੀ ਹੈ ਅਤੇ ਬੜੀ ਹੀ ਖ਼ਤਰਨਾਕ ਹੈ। ਜਦੋਂ ਕਿਸੇ ਇਕ ਆਦਮੀ ਨੂੰ ਇਹ ਰੋਗ ਹੋ ਜਾਏ ਤਾਂ ਉਸ ਤੋਂ ਬੇਅੰਤ ਜਿਰਮ ਪੈਦਾ ਹੋ ਕੇ ਉਸ ਦੇ ਚੁਗਿਰਦੇ ਦੇ ਕੱਪੜਿਆਂ ਵਿਚ ਤੇ ਹਵਾ ਵਿਚ ਟਿਕੇ ਰਹਿੰਦੇ ਹਨ। ਫਿਰ ਜਿਉਂ ਜਿਉਂ ਉਹ ਜਿਰਮ ਹੋਰ ਮਨੁੱਖਾਂ ਨੂੰ ਛੂੰਹਦੇ ਹਨ, ਤਿਉਂ ਤਿਉਂ ਬੀਮਾਰੀ ਵਧਦੀ ਜਾ ਕੇ ਉਸ ਸਾਰੇ ਇਲਾਕੇ ਦੀ ਹਵਾ ਵਿਚ ਜਿਰਮਾਂ ਦੀ ਭਰਮਾਰ ਹੋ ਜਾਂਦੀ ਹੈ। ਇਸ ਤਰ੍ਹਾਂ ਸਾਰੇ ਦੇਸ ਵਿਚ ਹੀ ਚੇਚਕ ਤਬਾਹੀ ਮਚਾ ਦੇਂਦੀ ਹੈ।

ਹਵਾ ਵਿਚੋਂ ਚੰਬੜੇ ਜਿਰਮਾਂ ਦਾ ਅਸਰ ਕੁਝ ਦਿਨ ਹੁੰਦਾ ਰਹਿੰਦਾ ਹੈ। ਫਿਰ ਅਚਨਚੇਤ ਮਨੁੱਖ ਨੂੰ ਫੂਕ ਕੇ ਤਾਪ ਚੜ੍ਹ ਜਾਂਦਾ ਹੈ ਅਤੇ ਸਾਰਾ ਪਿੰਡਾ ਬੜਾ ਸਖ਼ਤ ਪੀੜ ਕਰਦਾ ਹੈ। ਲੱਕ ਤਾਂ ਦਰਦ ਨਾਲ ਮਾਨੋ, ਟੁੱਟ ਹੀ ਜਾਂਦਾ ਹੈ। ਤਾਪ ਦੀ ਘੂਕੀ ਨਾਲ ਰੋਗੀ ਬੇ-ਸੁਰਤ ਪਿਆ ਰਹਿੰਦਾ ਹੈ। ਤਿੰਨਾਂ ਦਿਨਾਂ ਵਿਚ ਪਿੰਡੇ ਉਤੇ ਬਰੀਕ ਬਰੀਕ ਫੁਹਾਰ ਨਿਕਲ ਆਉਂਦੀ ਹੈ। ਇਹ ਫੁਹਾਰ ਬੜੀ ਛੇਤੀ ਵਧਣੀ ਸ਼ੁਰੂ ਹੋ ਜਾਂਦੀ ਹੈ, ਵੱਡੇ ਵੱਡੇ ਛਾਲੇ ਬਣ ਜਾਂਦੇ ਹਨ, ਉਹਨਾਂ ਵਿਚ ਪਾਕ ਪੈ ਜਾਂਦੀ ਹੈ ਅਤੇ ਬੜੇ ਦੁਖਦੇ ਹਨ। ਇਸ ਪਾਕੇ ਦੇ ਕਾਰਨ ਬੀਮਾਰ ਨੂੰ ਦੂਜੀ ਵਾਰੀ ਫਿਰ ਜ਼ੋਰ ਦਾ ਬੁਖ਼ਾਰ ਆ ਚੜ੍ਹਦਾ ਹੈ ਅਤੇ ਆਮ ਤੌਰ ਤੇ ਇਹ ਹਾਲਤ ਮੌਤ ਦਾ ਸੁਨੇਹਾ ਹੀ ਹੁੰਦੀ ਹੈ।

ਜਦੋਂ ਔਰੰਗਜ਼ੇਬ ਕਸ਼ਮੀਰ ਤੋਂ ਵਾਪਸ ਜਨਵਰੀ ਸੰਨ ੧੬੬੪ ਵਿਚ ਦਿੱਲੀ ਪਹੁੰਚਿਆ, ਤਾਂ ਉਹਨੀਂ ਦਿਨੀਂ ਚੇਚਕ ਦੀ ਬੀਮਾਰੀ ਫੁੱਟ ਪਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦਿੱਲੀ ਅੱਪੜਨ ਦੇ ਵੇਲੇ ਤਕ ਤਾਂ ਉਥੇ ਚੇਚਕ ਭਰ ਜ਼ੋਰਾਂ ਵਿਚ ਸੀ। ਕੋਈ ਭੀ ਮਰੀ ਪਏ, ਉਸ ਦਾ ਸ਼ਿਕਾਰ ਆਮ ਤੌਰ ਤੇ ਗਰੀਬ ਲੋਕ ਹੀ ਹੋਇਆ ਕਰਦੇ ਹਨ, ਕਿਉਂਕਿ ਜਿਥੇ ਭੁੱਖ ਹੋਵੇ, ਜਿਥੇ ਸਫ਼ਾਈ ਦੀ ਅਣਹੋਂਦ ਹੋਵੇ, ਉਥੇ ਹੀ ਮਰੀ ਨੂੰ ਪਲ੍ਹਰਨ ਲਈ ਫਬਵਾਂ ਥਾਂ ਮਿਲਦਾ ਹੈ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਦਿੱਲੀ ਪਹੁੰਚਦਿਆਂ ਹੀ ਦੁਖੀ ਗਰੀਬਾਂ ਦੀ

ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਪਾਠਕ ਇਹ ਗੱਲ ਚੇਤੇ ਰੱਖਣ ਕਿ ਦਸਵੰਧ ਦੀ ਮਰਯਾਦਾ ਦੇ ਕਾਰਨ ਗੁਰੂ-ਘਰ ਦਾ ਖ਼ਜ਼ਾਨਾ ਸਦਾ ਭਰਪੂਰ ਰਹਿੰਦਾ ਸੀ, ਅਤੇ ਉਹ ਖ਼ਜ਼ਾਨਾ ਸਿੱਖ ਕੌਮ ਦੀ ਉੱਨਤੀ ਅਤੇ ਗਰੀਬਾਂ, ਦੁਖੀਆਂ, ਲੋੜਵੰਦਿਆਂ ਦੀ ਸਹਾਇਤਾ ਵਾਸਤੇ ਵਰਤਿਆ ਜਾਂਦਾ ਸੀ। ਅਕਬਰ, ਜਹਾਂਗੀਰ ਤੇ ਸ਼ਾਹ ਜਹਾਨ ਦੇ ਵੇਲੇ ਜਦੋਂ ਜਦੋਂ ਕਾਲ ਪੈਂਦਾ ਰਿਹਾ ਜਾਂ ਕੋਈ ਮਰੀ ਫੁੱਟਦੀ ਰਹੀ, ਤਦੋਂ ਤਦੋਂ ਹੀ ਸਤਿਗੁਰੂ ਜੀ ਦਸਵੰਧ ਦੀ ਮਾਇਆ ਵਰਤ ਕੇ ਲੋੜਵੰਦਿਆਂ ਦੀ ਮਦਦ ਕਰਦੇ ਰਹੇ।

ਘਬਰਾਏ ਲੋਕਾਂ ਨੂੰ ਢਾਰਸ ਤੇ ਮਾਇਕ ਸਹਾਇਤਾ ਦੇਣ ਲਈ ਸਤਿਗੁਰੂ ਜੀ ਨੂੰ ਉਹਨਾਂ ਇਲਾਕਿਆਂ ਵਿਚ ਭੀ ਜਾਣਾ ਪੈਂਦਾ ਸੀ ਜਿਥੇ ਚੇਚਕ ਦਾ ਜ਼ੋਰ ਸੀ। ਉਹਨਾਂ ਦੀ ਆਪਣੀ ਉਮਰ ਅਜੇ ਪੌਣੇ ਅੱਠ ਸਾਲਾਂ ਤੋਂ ਘੱਟ ਹੀ ਸੀ। ਇਸ ਉਮਰੇ ਚੇਚਕ ਉੱਡ ਕੇ ਪੈਂਦੀ ਹੈ। ਪਰ ਗਰੀਬਾਂ ਦੀ ਖ਼ਾਤਰ ਜਿਤਨਾ ਚਿਰ ਸਤਿਗੁਰੂ ਜੀ ਆਪ ਆਪਣਾ ਸਿਰ ਤਲੀ ਉਤੇ ਨਾ ਰੱਖਣ, ਨਿਰੀ ਪ੍ਰੇਰਨਾ ਨਾਲ ਹੋਰ ਕੌਣ ਬਲਦੀ ਦੀ ਬੁੱਥੇ ਜਾਵੇ ? ਇਸ ਦਾ ਨਤੀਜਾ ਇਹ ਨਿਕਲਿਆ ਕਿ ਇਕ ਦਿਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਭੀ ਬੜੇ ਜ਼ੋਰ ਦਾ ਬੁਖ਼ਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਉਤੇ ਭੀ ਚੇਚਕ ਦੇ ਲੱਛਣ ਦਿੱਸਣ ਲੱਗ ਪਏ। ਉਹਨਾਂ ਆਪਣਾ ਸਰੀਰਕ ਅੰਤ ਨੇੜੇ ਆਇਆ ਪੱਕ ਨਿਸ਼ਚੇ ਕਰ ਲਿਆ। ਰਾਜਾ ਜੈ ਸਿੰਘ ਦੇ ਮਹੱਲ ਵਿਚੋਂ ਬਾਹਰ ਜਮਨਾ ਦੇ ਕੰਢੇ ਇਕ ਖੁਲ੍ਹੇ ਥਾਂ ਡੇਰੇ ਦਾ ਪ੍ਰਬੰਧ ਕਰਾਇਓ ਨੇ, ਕੀਰਤਪੁਰੋਂ ਆਈ ਸੰਗਤ ਸਮੇਤ ਜਮਨਾ ਦੇ ਕੰਢੇ ਪਾਲਕੀ ਵਿਚ ਚਲੇ ਗਏ। ਗੁਰੂ ਨਾਨਕ ਦੇਵ ਜੀ ਦੇ ਸਮੇ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ ਸਤਿਗੁਰੂ ਜੀ ਨੇ ਪੰਜ ਪੈਸੇ ਮੰਗਾਏ, ਹੱਥਾਂ ਨਾਲ ਹੀ ਤਿੰਨ ਪਰਕਰਮਾਂ ਕੀਤੀਆਂ, ਤੇ ਕੋਲ ਬੈਠੀ ਸਾਰੀ ਸੰਗਤ ਨੂੰ ਹੁਕਮ ਦਿੱਤਾ ਕਿ 'ਬਾਬਾ ਬਕਾਲੇ' ਹੈ; ਜਿਸ ਦਾ ਭਾਵ ਇਹ ਸੀ ਕਿ ਸਾਥੋਂ ਪਿਛੋਂ ਗੁਰਿਆਈ ਦੀ ਜ਼ਿਮੇਵਾਰੀ ਸੰਭਾਲਣ ਵਾਲਾ ਮਹਾਂਪੁਰਖ ਪਿੰਡ ਬਕਾਲੇ ਵਿਚ ਹੈ ਤੇ ਸਾਡਾ ਬਾਬਾ ਭੀ ਹੈ।

ਇਸ ਤੋਂ ਪਿਛੋਂ ਆਪ ਜੋਤੀ ਜੋਤਿ ਸਮਾ ਗਏ। ਉਸ ਦਿਨ ਬੁਧਵਾਰ ਸੀ। ਵੈਸਾਖ ਦੀ ੩ ਤਰੀਕ ਸੰਮਤ ੧੭੨੧। ਚੰਦ੍ਰਮਾ ਦੇ ਮਹੀਨਿਆਂ ਦੇ ਹਿਸਾਬ ਉਸ ਦਿਨ ਚੇਤਰ ਸੁਦੀ ੧੪ ਸੀ। ਈਸਵੀ ਸੰਨ ੧੬੬੪ ਅਤੇ ਮਾਰਚ ਦੀ ੩੦ ਤਰੀਕ ਸੀ। ਜਿਥੇ ਜਮਨਾ ਦੇ ਕੰਢੇ ਆਪ ਦੇ ਸਰੀਰ ਦਾ ਸਸਕਾਰ ਕੀਤਾ ਗਿਆ, ਉਥੇ ਹੁਣ ਗੁਰਦੁਆਰਾ ਹੈ, ਦੇਹੁਰਾ ਬਾਲਾ ਜੀ।


www.sikhbookclub.com

ਜਨਮ—ਕੀਰਤਪੁਰ, ੮ ਸਾਵਣ ਸੰਮਤ ੧੭੧੩ (ਮੁਤਾਬਿਕ ੭ ਜੁਲਾਈ ਸੰਨ ੧੬੫੬)।

ਜੋਤੀ ਜੋਤਿ—ਦਿੱਲੀ, ਜਮਨਾ ਦੇ ਕੰਢੇ ੩ ਵੈਸਾਖ ਸੰਮਤ ੧੭੨੧ (ਮੁਤਾਬਿਕ ੩੦ ਮਾਰਚ ਸੰਨ ੧੬੬੪)।

ਕੁੱਲ ਉਮਰ ੭ ਸਾਲ ਤੇ ਤਕਰੀਬਨ ਸਾਢੇ ਅੱਠ ਮਹੀਨੇ।

## ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਤਾਲੀਮ

**ਸ਼ਰਧਾ ਤੇ ਸਤਿਕਾਰ :**

ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਕੋਈ ਬਾਣੀ ਨਹੀਂ ਉਚਾਰੀ ਲਿਖੀ, ਪਰ ਉਹਨਾਂ ਦੇ ਜੀਵਨ ਨਾਲ ਸੰਬੰਧ ਰੱਖਣ ਵਾਲੀਆਂ ਜੋ ਸਾਖੀਆਂ ਉੱਪਰ ਲਿਖੀਆਂ ਗਈਆਂ ਹਨ, ਉਹਨਾਂ ਦੇ ਚਾਨਣ ਵਿਚ ਨਿਸ਼ੰਗ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਗੁਰੂ ਉਤੇ ਪੂਰੀ ਸ਼ਰਧਾ ਰੱਖਣ ਅਤੇ ਗੁਰੂ ਦਾ ਪੂਰਾ ਆਦਰ-ਸਤਿਕਾਰ ਕਾਇਮ ਰੱਖਣ ਦੇ ਖ਼ਾਸ ਪੂਰਨੇ ਪਾਏ ਸਨ।



Page 301 www.sikhbookclub.com

# ਦਿੱਲੀ ਵਿਚ ਗੁਰ-ਅਸਥਾਨ

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ ਦਿੱਲੀ ਵਿਖੇ ਹੇਠ-ਲਿਖੇ ਗੁਰ-ਅਸਥਾਨਾਂ ਦਾ ਜ਼ਿਕਰ ਕੀਤਾ ਹੈ :

(੧) **ਸੀਸਗੰਜ** : ਇਹ ਚਾਂਦਨੀ ਚੌਕ ਵਿਚ ਹੈ। ਇੱਥੇ ੧੨ ਮੱਘਰ ਸੰਮਤ ੧੭੩੨ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਦੇਸ ਅਤੇ ਧਰਮ ਦੀ ਖ਼ਾਤਰ ਸੀਸ ਕੁਰਬਾਨ ਕੀਤਾ।

(੨) **ਰਕਾਬ ਗੰਜ** : ਇਥੇ ਗੁਰੂ (ਤੇਗ ਬਹਾਦਰ) ਸਾਹਿਬ ਦੇ ਧੜ ਦਾ ਸਸਕਾਰ ਹੋਇਆ ਹੈ। ਇਹ ਅਸਥਾਨ ਗੁਰਦੁਆਰਾ ਰੋਡ 'ਤੇ ਹੈ, ਜੋ ਚਾਂਦਨੀ ਚੌਕ ਤੋਂ ਤਿੰਨ ਮੀਲ ਹੈ।

(੩) **ਬੰਗਲਾ ਸਾਹਿਬ** : ਜਯਸਿੰਘ ਪੁਰੇ ਵਿਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੰਮਤ ੧੭੨੦ ਵਿਚ ਵਿਰਾਜੇ ਸਨ। ਉਸ ਸਮੇ ਗੁਰੂ ਸਾਹਿਬ ਦੇ ਨਿਵਾਸ ਲਈ ਅੰਬਰਪਤਿ ਮਿਰਜ਼ਾ ਜਯ ਸਿੰਘ ਨੇ ਬੰਗਲਾ ਬਣਵਾਇਆ ਸੀ। ਇਹ ਗੁਰਦੁਆਰਾ ਜਯਸਿੰਘ ਰੋਡ ਅਤੇ ਕੈਂਟੋਨਮੈਂਟ ਰੋਡ (Cantonement Road) ਦੇ ਮਧ ਵਿਚ ਹੈ।

(੪) **ਬਾਲਾ ਸਾਹਿਬ** : ਬਾਲਾ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਰੀਰ ਦਾ ਸਸਕਾਰ ਇਸ ਥਾਂ ਸੰਮਤ ੧੭੨੧ ਵਿਚ ਹੋਇਆ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦਾ ਸਸਕਾਰ ਵੀ ਇਸੇ ਥਾਂ ਹੋਇਆ ਹੈ। ਦਿੱਲੀ ਦਰਵਾਜ਼ੇ ਤੋਂ ਬਾਹਰ ਬਾਰਾਂਪੁਲਾ ਲੰਘ ਕੇ ਨਾਲੇ ਤੋਂ ਪਾਰ ਇਹ ਅਸਥਾਨ ਹੈ, ਜੋ ਚਾਂਦਨੀ ਚੌਕ ਤੋਂ ਚਾਰ ਮੀਲ ਹੈ।

(੫) **ਮੋਤੀ ਬਾਗ਼** : ਇਸ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੬੪ ਵਿਚ ਚਰਨ ਪਾਏ ਸਨ। ਇਹ ਗੁਰਦੁਆਰਾ ਅਜਮੇਰੀ ਦਰਵਾਜ਼ੇ ਤੋਂ ਬਾਹਰ ਚਾਂਦਨੀ ਚੌਕ ਤੋਂ ਪੰਜ ਮੀਲ ਹੈ।



 www.sikhbookclub.com

(੬) **ਦਮਦਮਾ ਸਾਹਿਬ** : ਇਸ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਾਥੀ ਨਾਲ ਝੋਟੇ ਦੀ ਲੜਾਈ ਕਰਵਾਈ ਸੀ। ਗੁਰਦੁਆਰਾ, ਹਮਾਯੂੰ ਦੇ ਮਕਬਰੇ ਪਾਸ ਹੈ। ਚਾਂਦਨੀ ਚੌਂਕ ਤੋਂ ਤਿੰਨ ਮੀਲ ਹੈ।

(੭) **ਮਾਤਾ ਸੁੰਦਰੀ ਜੀ ਦੀ ਹਵੇਲੀ** : ਜੋ ਤੁਰਕਮਾਨ ਦਰਵਾਜ਼ੇ ਤੋਂ ਬਾਹਰ ਚਾਂਦਨੀ ਚੌਂਕ ਤੋਂ ਡੇਢ ਮੀਲ ਹੈ। ਇਥੇ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇਹਾਂਤ ਤੀਕ ਨਿਵਾਸ ਕਰਦੇ ਰਹੇ।

(੮) **ਮਜਨੂੰ ਦਾ ਟਿੱਲਾ** : ਇੱਥੇ ਜਗਤ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜੇ ਹਨ, ਅਰ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਰਹਿਣ ਸਮੇ ਬਾਬਾ ਰਾਮ ਰਾਇ ਜੀ ਦਾ ਨਿਵਾਸ ਭੀ ਇਥੇ ਹੀ ਰਿਹਾ ਹੈ। ਇਹ ਗੁਰਦੁਆਰਾ ਜਮਨਾ ਕਿਨਾਰੇ ਚੰਦ੍ਰਾਵਲ ਪਿੰਡ ਪਾਸ ਹੈ। ਕਸ਼ਮੀਰੀ ਦਰਵਾਜ਼ੇ ਤੋਂ ਬਾਹਰ, ਚਾਂਦਨੀ ਚੌਂਕ ਤੋਂ ਤਿੰਨ ਮੀਲ ਹੈ।

(੯) **ਨਾਨਕ ਪਿਆਊ** : ਸਤਿਗੁਰੂ ਨਾਨਕ ਦੇਵ ਜੀ ਨੇ ਇਸ ਖੂਹ ਤੋਂ ਜਲ ਕੱਢ ਕੇ ਤ੍ਰਿਖਾਤੁਰ ਰਾਹੀਆਂ ਨੂੰ ਪਿਆਇਆ ਸੀ। ਇਹ ਅਸਥਾਨ ਕਰਨਾਲ ਰੋਡ ਦੇ ਕਿਨਾਰੇ ਸੀਸਗੰਜ ਤੋਂ ਉੱਤਰ-ਪੱਛਮ ਚਾਰ ਮੀਲ ਹੈ। ਇਸ ਨੂੰ 'ਪਊ ਸਾਹਿਬ' ਭੀ ਆਖਦੇ ਹਨ।



 www.sikhbookclub.com

ੴ ਸਤਿਗੁਰਪ੍ਰਸਾਦਿ ॥

ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

(੧੬੨੧-੧੬੭੫)

# ਪਹਿਲਾ ਕਾਂਡ

### ਜਨਮ-ਅਸਥਾਨ

ਗੁਰੂ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜਵੇਂ ਤੇ ਸਭਨਾਂ ਤੋਂ ਛੋਟੇ ਸਾਹਿਬਜ਼ਾਦੇ ਸਨ। ਇਹਨਾਂ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ ਸੀ। 'ਗੁਰੂ ਬਜ਼ਾਰ' ਵਿਚੋਂ ਇਕ ਗਲੀ ਵਿਚ ਉਹ ਅਸਥਾਨ ਅਜੇ ਤਕ ਕਾਇਮ ਹੈ, ਉਸ ਦਾ ਨਾਮ 'ਗੁਰੂ ਕੇ ਮਹਲ' ਹੈ।

### ਜਨਮ-ਤਰੀਕ

ਗੁਰੂ ਤੇਗ ਬਹਾਦਰ ਜੀ ਦਾ ਜਨਮ ੫ ਵੈਸਾਖ ਸੰਮਤ ੧੬੭੮ ਨੂੰ ਹੋਇਆ ਸੀ। ਚੰਦ ਦੇ ਹਿਸਾਬ ਤਦੋਂ ਵੈਸਾਖ ਵਦੀ ੫ ਸੀ। ਐਤਵਾਰ ਦਾ ਦਿਨ। ਈਸਵੀ ਸੰਨ ਦੇ ਹਿਸਾਬ ੧ ਅਪ੍ਰੈਲ ੧੬੨੧ ਸੀ।

### ਬਾਲ-ਉਮਰ

ਗੁਰੂ ਹਰਿਗੋਬਿੰਦ ਸਾਹਿਬ ਸੰਨ ੧੬੩੦ ਤਕ ਅੰਮ੍ਰਿਤਸਰ ਵਿਚ ਰਹੇ, ਤੇ ਫਿਰ ਇਥੋਂ ਪਰਵਾਰ ਸਮੇਤ ਕਰਤਾਰਪੁਰ (ਜ਼ਿਲਾ ਜਲੰਧਰ) ਚਲੇ ਗਏ ਸਨ। ਸੋ, ਗੁਰੂ ਤੇਗ ਬਹਾਦਰ ਜੀ ਨੇ ਆਪਣੀ ਉਮਰ ਦੇ ਪਹਿਲੇ ੯ ਸਾਲ ਅੰਮ੍ਰਿਤਸਰ ਵਿਚ ਗੁਜ਼ਾਰੇ।

ਜਦੋਂ ਸੰਨ ੧੬੩੪ ਵਿਚ ਪੈਂਦੇ ਖ਼ਾਂ ਗੁਰੂ ਵਲੋਂ ਬੇ-ਮੁਖ ਹੋ ਕੇ, ਲਾਹੌਰ ਦੇ ਸੂਬੇਦਾਰ ਨੂੰ ਪ੍ਰੇਰ ਕੇ, ਉਸ ਪਾਸੋਂ ਕਾਲੇ ਖ਼ਾਂ ਦੀ ਕਮਾਨ ਹੇਠ ਕੁਝ ਸ਼ਾਹੀ ਫ਼ੌਜ ਲੈ ਕੇ, ਗੁਰੂ ਹਰਿਗੋਬਿੰਦ ਸਾਹਿਬ ਦੇ ਵਿਰੁੱਧ ਕਰਤਾਰਪੁਰ ਚੜ੍ਹ ਆਇਆ





www.sikhbookclub.com

ਸੀ, ਤਦੋਂ (ਗੁਰੂ) ਤੇਗ ਬਹਾਦਰ ਜੀ ਭੀ ਉਥੇ ਹੀ ਸਨ। ਕਰਤਾਰਪੁਰ ਦੇ ਜੰਗ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਸਨ ਅਤੇ (ਗੁਰੂ) ਤੇਗ ਬਹਾਦਰ ਜੀ ਨੂੰ ਉਹਨਾਂ ਦੀ ਮਾਤਾ ਸਮੇਤ ਉਹਨਾਂ ਦੇ ਪਿੰਡ ਬਕਾਲੇ ਭੇਜ ਦਿੱਤਾ ਸੀ। ਬਕਾਲਾ ਉਹਨਾਂ ਦਾ ਨਾਨਕਾ ਪਿੰਡ ਸੀ।

## ਗੁਰਿਆਈ

ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਵਿਚ ੩ ਵੈਸਾਖ (ਚੇਤਰ ਸੁਦੀ ੧੪) ਸੰਮਤ ੧੭੨੧ (ਮੁਤਾਬਿਕ ੩੦ ਮਾਰਚ ਸੰਨ ੧੬੬੪) ਨੂੰ ਜੋਤੀ ਜੋਤਿ ਸਮਾਏ ਅਤੇ ਸੰਗਤ ਨੂੰ ਹਦਾਇਤ ਕਰ ਗਏ ਕਿ 'ਬਾਬਾ ਬਕਾਲੇ' ਹੈ। ਲਫ਼ਜ਼ 'ਬਾਬਾ' ਸਿਖ-ਬੋਲੀ ਵਿਚ 'ਗੁਰੂ' ਵਾਸਤੇ ਆਮ ਵਰਤਿਆ ਜਾਣ ਲੱਗ ਪਿਆ ਸੀ। ਭਾਈ ਗੁਰਦਾਸ ਜੀ ਨੇ ਆਪਣੀ ਰਚਨਾ 'ਵਾਰਾਂ' ਵਿਚ ਗੁਰੂ ਨਾਨਕ ਦੇਵ ਜੀ ਵਾਸਤੇ ਲਫ਼ਜ਼ 'ਬਾਬਾ' ਕਈ ਵਾਰੀ ਵਰਤਿਆ ਹੈ। ਪਰ ਅਸੀ ਪੰਜਾਬੀ ਲੋਕ ਇਹ ਲਫ਼ਜ਼ 'ਦਾਦੇ' ਵਾਸਤੇ ਭੀ ਵਰਤਦੇ ਹਾਂ, ਅਤੇ ਗੁਰੂ ਤੇਗ ਬਹਾਦਰ ਜੀ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ 'ਦਾਦੇ' ਹੀ ਲੱਗਦੇ ਸਨ। ਉਹਨਾਂ ਜੋਤੀ ਜੋਤਿ ਸਮਾਣ ਤੋਂ ਪਹਿਲਾਂ ਗੁਰਿਆਈ ਦੀ ਜ਼ਿੰਮੇਵਾਰੀ ਆਪਣੇ ਦਾਦੇ ਗੁਰੂ ਤੇਗ ਬਹਾਦਰ ਜੀ ਨੂੰ ਸੌਂਪੀ।

## ਬਾਈ ਦਾਅਵੇਦਾਰ

ਸਿਖ ਕੌਮ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਅੰਦਰਖ਼ਾਨੇ ਦੇ ਰਾਜਨੀਤਕ ਚਾਲੇ ਵਰਤ ਕੇ ਪਹਿਲਾਂ ਬਾਬਾ ਰਾਮ ਰਾਇ ਜੀ ਨੂੰ ਗੁਰੂ ਹਰਿ ਰਾਇ ਸਾਹਿਬ ਨਾਲੋਂ ਤੋੜਿਆ ਗਿਆ, ਪਰ ਇਸ ਵਿਚ ਸਿੱਖਾਂ ਨੂੰ ਕਮਜ਼ੋਰ ਕਰਨ ਵਾਲੀ ਚਾਲ ਕਾਮਯਾਬ ਨਾ ਹੋਈ। ਸਿਖ ਬਾਬਾ ਰਾਮ ਰਾਇ ਜੀ ਵਲ ਨਾ ਝੁਕ ਸਕੇ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਸਵਾ ਪੰਜ ਸਾਲਾਂ ਦੀ ਉਮਰ ਵਿਚ ਗੁਰੂ ਬਣੇ। ਉਹਨਾਂ ਦੇ ਟਾਕਰੇ ਉਤੇ ਬਾਬਾ ਰਾਮ ਰਾਇ ਜੀ ਨੂੰ ਹੱਲਾ-ਸ਼ੇਰੀ ਦਿੱਤੀ ਗਈ, ਪਰ ਸਿਖ ਕੌਮ ਫਿਰ ਭੀ ਸਿਦਕ ਵਿਚ ਅਡੋਲ ਰਹੀ।

ਚੀਚਕ ਦੇ ਮਾਰੂ ਤਾਪ ਦੀ ਅੱਤ ਦਰਜੇ ਦੀ ਘੂਕੀ ਅਤੇ ਸਰੀਰਕ ਕਮਜ਼ੋਰੀ ਦੇ ਕਾਰਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਆਪਣੇ ਜਾ-ਨਸ਼ੀਨ ਗੁਰੂ ਬਾਰੇ ਦੱਸੇ ਹੋਏ ਪੂਰੇ ਲਫ਼ਜ਼ ਸਿੱਖਾਂ ਤਕ ਨਾ ਪਹੁੰਚ ਸਕੇ। ਸਿਰਫ਼ ਲਫ਼ਜ਼ 'ਬਾਬਾ' ਅਤੇ 'ਬਕਾਲਾ' ਹੀ ਸਮਝੇ ਜਾ ਸਕੇ।

ਜਿਨ੍ਹਾਂ ਵਿਰੋਧੀਆਂ ਨੂੰ ਅਜੇ ਤਕ ਨਿਰਾਸਤਾ ਸੀ ਉਹਨਾਂ ਨੂੰ ਸਿਖ ਕੌਮ

ਵਿਚ ਤਕੜੀ ਫੁਟ ਪਵਾਣ ਦਾ ਮੌਕਾ ਜਾਪਿਆ। ਗੁਰਿਆਈ ਵਾਸਤੇ ਕਈ ਹੱਕਦਾਰ ਖੜੇ ਕਰਨ ਲਈ ਚੁੱਕ-ਚਕਾਵੇ ਸ਼ੁਰੂ ਕੀਤੇ-ਕਰਾਏ ਗਏ।

ਇਸ ਪ੍ਰੇਰਨਾ ਦੇ ਅਸਰ ਹੇਠ ਆ ਕੇ ਲਫ਼ਜ਼ 'ਬਾਬਾ' ਦੀ ਦੁ-ਤਰਫ਼ੀ ਵਰਤੋਂ ਤੋਂ ਲਾਭ ਉਠਾਣ ਲਈ ਕੁਝ ਕੁ ਸੋਢੀ ਸਾਹਿਬਜ਼ਾਦਿਆਂ ਨੇ ਹੱਥ-ਪੈਰ ਮਾਰੇ। ਸਿਖ-ਇਤਿਹਾਸ ਲਿਖਦਾ ਹੈ ਕਿ ਪਿੰਡ ਬਕਾਲੇ ਵਿਚ ੨੨ ਸੋਢੀ ਸਾਹਿਬਜ਼ਾਦੇ ਗੱਦੀਆਂ ਲਾ ਕੇ ਬਹਿ ਗਏ ਅਤੇ ਹਰੇਕ ਨੇ ਆਪਣੇ ਆਪ ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਜਾ-ਨਸ਼ੀਨ ਦੱਸਿਆ। ਬਾਬਾ ਧੀਰਮਲ ਜੀ ਇਹਨਾਂ ਸਭਨਾਂ ਵਿਚੋਂ ਉੱਘੇ ਸਨ। ਬਾਕੀ ਦਾਅਵੇਦਾਰਾਂ ਨਾਲੋਂ ਇਹਨਾਂ ਦਾ ਪਾਸਾ ਇਸ ਗੱਲੋਂ ਭੀ ਵਧੀਕ ਪੱਕਾ ਸੀ ਕਿ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ 'ਆਦਿ ਬੀੜ' ਇਹਨਾਂ ਦੇ ਕਬਜ਼ੇ ਵਿਚ ਸੀ। ਬਾਬਾ ਧੀਰਮਲ ਜੀ ਉਹ 'ਬੀੜ' ਭੀ ਕਰਤਾਰਪੁਰ ਤੋਂ ਆਪਣੇ ਨਾਲ ਬਕਾਲੇ ਲੈ ਆਏ ਹੋਏ ਸਨ।

ਦਸਵੰਧ ਦੀ ਉਗਰਾਹੀ ਦੇ ਕਾਰਨ ਕਈ ਮਸੰਦਾਂ ਵਿਚ ਗਿਰਾਵਟ ਤਾਂ ਸ਼ੁਰੂ ਹੋ ਗਈ ਸੀ। ਸੋ, ਕਈ ਮਸੰਦ ਆਪਣੀ ਵਧੇਰੀ ਤਾਕਤ ਬਣਨ ਦੀ ਆਸ ਤੇ ਗੁਰਿਆਈ ਦੇ ਇਹਨਾਂ ਨਵੇਂ ਦਾਅਵੇਦਾਰ ਸਾਹਿਬਜ਼ਾਦਿਆਂ ਦੇ ਨਾਲ ਸ਼ਾਮਲ ਹੋ ਗਏ। ਗੁਰੂ ਤੇਗ ਬਹਾਦਰ ਸਾਹਿਬ ਛੋਟੀ ਉਮਰ ਤੋਂ ਹੀ ਵੈਰਾਗ-ਸੁਭਾਵ ਵਾਲੇ ਸਨ। ਇਹਨਾਂ ਲੋਕਾਂ ਦੀ ਦੌੜ-ਭੱਜ ਦਾ ਉਹਨਾਂ ਉਤੇ ਕੋਈ ਅਸਰ ਨਾ ਪਿਆ। ਉਹ ਆਪਣੀ ਸਾਦਗੀ ਵਿਚ ਅਟੰਕ ਹੀ ਟਿਕੇ ਰਹੇ।

## ਗੁਰੂ ਲਾਧੋ

ਜਦੋਂ ਸਿਖ-ਸੰਗਤਾਂ ਨੂੰ ਪਤਾ ਲੱਗਾ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਤੋਂ ਪਿੱਛੋਂ ਨੌਵੇਂ ਸਤਿਗੁਰੂ ਜੀ ਬਕਾਲੇ ਵਿਚ ਹਨ, ਤਾਂ ਦਰਸ਼ਨ ਕਰਨ ਵਾਸਤੇ ਉਹਨਾਂ ਦਾ ਹੁੰਮ-ਹੁਮਾ ਕੇ ਬਕਾਲੇ ਆਉਣਾ ਇਕ ਕੁਦਰਤੀ ਗੱਲ ਸੀ। ਪਰ ਅੱਗੇ ਗੁਰਿਆਈ ਦੇ ੨੨ ਦਾਅਵੇਦਾਰ ਵੇਖ ਕੇ ਸਭ ਨੂੰ ਬੜੀ ਨਿਰਾਸਤਾ ਹੁੰਦੀ ਰਹੀ। ਕੁਝ ਦਿਨ ਇਹ ਗੜਬੜ ਟਿਕੀ ਰਹੀ। ਇਤਨੇ ਨੂੰ ਇਕ ਸਿਖ ਵਣਜਾਰਾ ਭਾਈ ਮੱਖਣ ਸ਼ਾਹ ਲੁਬਾਣਾ ਭੀ ਸਤਿਗੁਰੂ ਦੀ ਭਾਲ ਵਿਚ ਇੱਥੇ ਆ ਅੱਪੜਿਆ। ਮੱਖਣ ਸ਼ਾਹ ਜ਼ਿਲਾ ਜਿਹਲਮ ਦੇ ਨਗਰ ਟਾਂਡੇ ਦਾ ਰਹਿਣ ਵਾਲਾ ਸੀ, ਅਤੇ ਦੇਸ-ਦੇਸਾਂਤਰਾਂ ਵਿਚ ਵਪਾਰ ਕਰਦਾ ਸੀ। ਵਪਾਰ ਦੇ ਨਫ਼ੇ ਵਿਚੋਂ ਪੰਜ ਸੌ ਮੋਹਰਾਂ ਭੇਟਾ ਲੈ ਕੇ ਇਹ ਆਇਆ ਸੀ। ਪਰ ੨੨ 'ਗੁਰੂ' ਵੇਖ ਕੇ ਇਹ ਭੀ ਬੜਾ ਹੈਰਾਨ ਤੇ ਦਿਲਗੀਰ ਹੋਇਆ। ਆਖ਼ਰ ਇਸ ਨੂੰ ਵਿਉਂਤ ਸੁੱਝੀ। ਹਰੇਕ 'ਗੁਰੂ' ਅੱਗੇ ਦੋ ਦੋ ਮੋਹਰਾਂ ਰੱਖ ਕੇ ਮੱਥਾ ਟੇਕਦਾ ਗਿਆ। ਇਸ ਨੂੰ ਯਕੀਨ ਸੀ ਕਿ ਸੱਚਾ

 www.sikhbookclub.com

ਸਤਿਗੁਰੂ ਅੰਤਰਜਾਮੀ ਹੈ, ਉਹ ਆਪ ਹੀ ਇਹ ਗੁੰਝਲ ਹੱਲ ਕਰ ਦੇਵੇਗਾ। ਉਹਨਾਂ ੨੨ 'ਗੁਰੂਆਂ' ਵਿਚੋਂ ਕਿਸੇ ਨੇ ਭੀ ਮੱਖਣ ਸ਼ਾਹ ਦੀ ਭਾਵਨਾ ਨਾ ਸਮਝੀ। ਪੁੱਛ-ਪੁਛਾ ਕੇ ਫਿਰ ਉਹ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਭੀ ਜਾ ਪਹੁੰਚਿਆ। ਉਹ ਆਪਣੇ ਘਰ ਇਕੱਲੇ ਇਕਾਂਤ ਵਿਚ ਬੈਠੇ ਸਨ ਅਤੇ ਗੁਰਿਆਈ ਦੀ ਦੌੜ-ਭੱਜ ਵਲੋਂ ਬਿਲਕੁਲ ਬੇ-ਪਰਵਾਹ ਸਨ। ਮੱਖਣ ਸ਼ਾਹ ਨੇ ਇਹਨਾਂ ਅੱਗੇ ਭੀ ਦੋ ਮੋਹਰਾਂ ਰੱਖ ਦਿੱਤੀਆਂ। ਸਤਿਗੁਰੂ ਜੀ ਨੇ ਉਸ ਨੂੰ ਅਸਲੀ ਸਾਰੀ ਮਿਥੀ ਭੇਟਾ ਦਾ ਚੇਤਾ ਕਰਾਇਆ। ਮੱਖਣ ਸ਼ਾਹ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਕੋਠੇ ਉਤੇ ਚੜ੍ਹ ਕੇ ਉਸ ਨੇ ਢੰਡੋਰਾ ਦੇ ਦਿੱਤਾ—'ਗੁਰੂ ਲਾਧੋ ਰੇ, ਗੁਰੂ ਲਾਧੋ ਰੇ'। ਬਕਾਲੇ ਵਿਚ ਆਏ ਹੋਏ ਸਭ ਸਿਖ ਆਪੋ-ਆਪਣੇ ਵਿਤ ਅਨੁਸਾਰ ਭੇਟ ਲੈ ਕੇ ਦਰਸ਼ਨ ਨੂੰ ਹਾਜ਼ਰ ਹੋਏ। ਉਸ ਦਿਨ ਸਾਵਣ ਦੀ ਪੂਰਨਮਾਸ਼ੀ ਸੀ। ਤਦੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਉਮਰ ੪੩ ਸਾਲ ਅਤੇ ਤਕਰੀਬਨ ੪ ਮਹੀਨੇ ਸੀ।

## ਵਿਰੋਧੀਆਂ ਦੀ ਚੋਟ

ਦਾਅਵੇਦਾਰ 'ਗੁਰੂ' ਹੁਣ ਦਾਲ ਨਾ ਗਲਦੀ ਵੇਖ ਕੇ ਬਕਾਲਾ ਛੱਡ ਕੇ, ਆਪੋ-ਆਪਣੇ ਰਾਹ ਪਏ। ਬਾਬਾ ਧੀਰਮਲ ਜੀ ਦੇ ਮਸੰਦ ਸ਼ੀਹੇਂ ਨੇ ਜਾਂਦੀ ਬਾਜ਼ੀ ਸਮਝ ਕੇ ਅਜੇ ਇਕ ਹੋਰ ਹੱਥ ਖੇਡਿਆ। ਗੁਰੂ ਤੇਗ ਬਹਾਦਰ ਸਾਹਿਬ ਨੂੰ ਇਕੱਲੇ ਬੈਠਿਆਂ ਵੇਖ ਕੇ ਉਸ ਨੇ ਉਹਨਾਂ ਉੱਤੇ ਬੰਦੂਕ ਦਾ ਵਾਰ ਕੀਤਾ, ਪਰ ਨਿਸ਼ਾਨਾ ਖੁੰਝ ਗਿਆ ਅਤੇ ਬਚਾਅ ਹੋ ਗਿਆ। ਸ਼ੀਹੇਂ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ, ਗੁਰੂ-ਘਰ ਵਿਚੋਂ ਜੋ ਸਾਮਾਨ ਤੇ ਪੈਸਾ-ਟਕਾ ਲੱਭਾ, ਉਹ ਲੁੱਟ ਲਿਆ, ਅਤੇ ਬਾਬਾ ਧੀਰਮਲ ਦੇ ਨਾਲ ਸਾਰੇ ਕਰਤਾਰਪੁਰ ਨੂੰ ਚੱਲ ਪਏ।

ਗੁਰੂ ਤੇਗ ਬਹਾਦਰ ਸਾਹਿਬ ਇਹ ਸਾਰੀ ਵਧੀਕੀ ਵੇਖ ਕੇ ਭੀ ਸ਼ਾਂਤ-ਚਿੱਤ ਅਡੋਲ ਟਿਕੇ ਰਹੇ।

ਪਾਠਕ ਇੱਥੇ ਚੇਤਾ ਰੱਖਣ ਕਿ ਅਜਿਹੀ ਅੱਤ ਦੀ ਵਧੀਕੀ ਕਿਸੇ ਕਿੱਲੇ ਦੇ ਜ਼ੋਰ ਹੀ ਕੀਤੀ ਜਾ ਸਕਦੀ ਹੈ। ਸਰਕਾਰੀ ਚੁੱਕਣਾ ਵਿਚ ਆ ਕੇ ਦਾਅਵੇਦਾਰ ਤਾਂ ਬਥੇਰੇ ਖਲੋ ਗਏ ਸਨ, ਪਰ ਜਦੋਂ ਪਾਜ ਉੱਘੜਿਆ, ਉਹ ਸਾਰੇ ਘਰੋ-ਘਰੀ ਚਲੇ ਗਏ। ਸਤਿਗੁਰੂ ਜੀ ਦੀ ਜਿੰਦ ਉਤੇ ਵਾਰ ਕਰਨਾ ਬਾਬਾ ਧੀਰਮਲ ਜੀ ਦੇ ਮਸੰਦ ਦੇ ਹਿੱਸੇ ਹੀ ਆ ਸਕਦਾ ਸੀ। ਬਾਬਾ ਧੀਰਮਲ ਜੀ ਨੂੰ ਬਾਦਸ਼ਾਹ ਵਲੋਂ ਜਗੀਰ ਮਿਲੀ ਹੋਈ ਸੀ। ਅਜਿਹੀ ਸਰਪ੍ਰਸਤੀ ਕਿਸੇ ਨਾਜ਼ਕ ਸਮੇ ਹੀ ਆਪਣਾ ਰੰਗ ਵਿਖਾਇਆ ਕਰਦੀ ਹੈ। ਜੇ ਸ਼ਰੀਕਾਂ ਦੀ ਚਮਕਾਈ ਹੋਈ ਪਰਸਪਰ ਫੁਟ ਦੀ ਰਾਹੀਂ ਹੀ ਕਿਸੇ ਕੌਮ ਦੀ ਤਾਕਤ ਨੂੰ ਕਮਜ਼ੋਰ ਕੀਤਾ ਜਾ ਸਕੇ, ਤਾਂ

ਕਿਸੇ ਹੋਰ ਸਿਰ-ਦਰਦੀ ਦੀ ਕੀ ਲੋੜ ? ਇਸ ਤਰ੍ਹਾਂ ਸਗੋਂ ਦੋਸ਼ ਭੀ ਸ਼ਰੀਕਾਂ ਦੇ ਮੱਥੇ ਹੀ ਆ ਜਾਂਦਾ ਹੈ। ਪਰ ਪਰਮਾਤਮਾ ਦੀ ਕਿਰਪਾ ਨਾਲ ਵੈਰੀਆਂ ਦਾ ਇਹ ਵਾਰ ਭੀ ਖ਼ਾਲੀ ਗਿਆ।

## ਸਤਿਗੁਰੂ ਜੀ ਦੀ ਉਦਾਰਤਾ

ਮੱਖਣ ਸ਼ਾਹ ਨੇ ਨੇੜੇ ਹੀ ਡੇਰਾ ਕੀਤਾ ਹੋਇਆ ਸੀ। ਕਈ ਹੋਰ ਸਿਖ ਭੀ ਅਜੇ ਬਕਾਲੇ ਵਿਚ ਹੀ ਸਨ। ਬੰਦੂਕ ਚੱਲਣ ਦਾ ਖੜਾਕ ਸੁਣ ਕੇ ਸਭ ਆ ਇਕੱਠੇ ਹੋਏ। ਅਸਲ ਘਟਨਾ ਦਾ ਪਤਾ ਲੱਗਣ 'ਤੇ ਮੱਖਣ ਸ਼ਾਹ ਸਮੇਤ ਕਈਆਂ ਨੇ ਬਾਬਾ ਧੀਰਮਲ ਦਾ ਪਿੱਛਾ ਕੀਤਾ। ਗੁਰੂ-ਘਰ ਤੋਂ ਲੁੱਟਿਆ ਹੋਇਆ ਮਾਲ ਉਹ ਮੋੜ ਲਿਆਏ। ਬਾਬਾ ਧੀਰਮਲ ਤੋਂ 'ਆਦਿ ਬੀੜ' ਭੀ ਖੋਹ ਲਈਓ ਨੇ। ਪਰ ਸਤਿਗੁਰੂ ਜੀ ਨੂੰ ਇਹ ਗੱਲ ਪਸੰਦ ਨਾ ਆਈ, ਉਹਨਾਂ ਉਹ ਸਾਰਾ ਸਾਮਾਨ ਤੇ 'ਆਦਿ ਬੀੜ' ਸਭ ਕੁਝ ਧੀਰਮਲ ਜੀ ਨੂੰ ਭੇਜ ਦਿੱਤਾ। ਇਹ ਜ਼ਿਕਰ ਅਗਸਤ ੧੬੬੪ ਦਾ ਹੈ।

## ਸ੍ਰੀ ਅੰਮ੍ਰਿਤਸਰ ਦੇ ਦਰਸ਼ਨ

ਤ੍ਰੀਹ ਸਾਲ ਬਕਾਲੇ ਵਿਚ ਟਿਕੇ ਰਹਿਣ ਪਿਛੋਂ ਹੁਣ ਸਤਿਗੁਰੂ ਜੀ ਬਾਹਰ ਦੁਆਲੇ ਦੇ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਸਨੇਹਾ ਪਰਚਾਰਨ ਲਈ ਚੱਲ ਪਏ। ਭਾਈ ਮੱਖਣ ਸ਼ਾਹ ਭੀ ਅਜੇ ਨਾਲ ਹੀ ਸੀ। ਕਈ ਪਿੰਡਾਂ ਵਿਚੋਂ ਹੁੰਦੇ ਹੋਏ ਸਤਿਗੁਰੂ ਜੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ।

ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸੰਨ ੧੬੩੦ ਵਿਚ ਚਲੇ ਗਏ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਤਸੰਗ ਆਦਿਕ ਦਾ ਪਰਬੰਧ ਰੋਜ਼ਾਨਾ ਸੇਵਾ ਕਰਨ ਵਾਲੇ ਸਿਖ-ਸੇਵਕਾਂ ਦੇ ਸਪੁਰਦ ਕਰ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਮੁੜ ਅੰਮ੍ਰਿਤਸਰ ਨਹੀਂ ਆਏ। ਸੰਨ ੧੬੪੪ ਵਿਚ ਉਹਨਾਂ ਦੇ ਜੋਤੀ ਜੋਤਿ ਸਮਾਣ 'ਤੇ ਗੁਰੂ ਹਰਿ ਰਾਏ ਸਾਹਿਬ ਜੀ ਗੁਰੂ ਬਣੇ। ਉਹ ਭੀ ਸਾਰਾ ਸਮਾ ਕੀਰਤਪੁਰ ਦੇ ਇਲਾਕੇ ਵਿਚ ਹੀ ਰਹੇ। ਸਿਰਫ਼ ਇਕ ਵਾਰੀ ਸੰਨ ੧੬੫੪ ਵਿਚ ਛੇ ਕੁ ਮਹੀਨੇ ਅੰਮ੍ਰਿਤਸਰ ਆ ਕੇ ਟਿਕੇ, ਜਦੋਂ ਆਪ ਮਾਝੇ, ਮਾਲਵੇ ਤੇ ਦੁਆਬੇ ਦੇ ਪਿੰਡਾਂ ਵਿਚ ਚਾਰ ਕੁ ਸਾਲਾਂ ਲਈ ਚੱਕਰ ਲਾਣ ਆਏ ਸਨ। ਗੁਰੂ ਤੇਗ ਬਹਾਦਰ ਸਾਹਿਬ ਸੰਨ ੧੬੬੫ ਦੇ ਸ਼ੁਰੂ ਵਿਚ ਅੰਮ੍ਰਿਤਸਰ ਆਏ। ਪੁਜਾਰੀਆਂ ਸੇਵਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦਾ ਕੰਮ ਕਰਦਿਆਂ ੩੪ ਸਾਲ ਹੋ ਚੁਕੇ ਸਨ। ਇਥੋਂ ਦੀ ਪੂਜਾ-ਭੇਟ ਦੀ ਆਮਦਨ ਹੀ ਉਹਨਾਂ ਦੀ



 www.sikhbookclub.com

ਰੋਜ਼ੀ ਦਾ ਵਸੀਲਾ ਬਣ ਚੁਕੀ ਸੀ। ਜੇ ਗੁਰੂ ਤੇਗ ਬਹਾਦਰ ਸਾਹਿਬ ਅੰਮ੍ਰਿਤਸਰ ਨੂੰ ਆਪਣਾ ਨਿਵਾਸ-ਅਸਥਾਨ ਬਣਾ ਲੈਂਦੇ, ਤਾਂ ਉਹਨਾਂ ਪੁਜਾਰੀਆਂ ਦੀ ਰੋਜ਼ੀ ਦੇ ਡੋਲਣ ਦਾ ਖ਼ਤਰਾ ਸੀ। ਸੋ, ਸਤਿਗੁਰੂ ਜੀ ਦੇ ਇਥੇ ਆਇਆਂ ਪੁਜਾਰੀਆਂ ਨੂੰ ਸ਼ਾਇਦ ਇਹੀ ਤੌਖਲਾ ਆ ਪਿਆ। ਬਕਾਲੇ ਦੇ ੨੨ ਦਾਅਵੇਦਾਰਾਂ ਨਾਲ ਮਿਲ ਕੇ ਕੁਝ ਮਸੰਦਾਂ ਦਾ ਕੁਹਜਾ ਰਵੱਈਆ ਭੀ ਇਹ ਸੁਣ ਵੇਖ ਚੁਕੇ ਸਨ। ਇਸ ਗੱਲ ਦੀ ਭੀ ਪੁਜਾਰੀਆਂ ਨੂੰ ਸ਼ਹਿ ਮਿਲੀ। ਸਰਕਾਰੀ ਹਵਾ ਦਾ ਰੁਖ਼ ਭੀ ਅੰਦਰੋ-ਅੰਦਰ ਸਿਖ-ਕੌਮ ਵਿਚ ਫੁਟ ਪਵਾਣ ਵਲ ਹੀ ਸੀ।

ਗੁਰੂ ਤੇਗ ਬਹਾਦਰ ਸਾਹਿਬ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ, ਤਾਂ ਪੁਜਾਰੀ ਦਰਵਾਜ਼ੇ ਬੰਦ ਕਰ ਕੇ ਚਲੇ ਗਏ। ਸਤਿਗੁਰੂ ਜੀ ਢੇਰ ਸਮਾ ਉਥੇ ਹੀ ਬੈਠੇ ਉਡੀਕਦੇ ਰਹੇ, ਪਰ ਦਰਵਾਜ਼ੇ ਬੰਦ ਹੀ ਰਹੇ। ਆਖ਼ਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਿਨਾ ਹੀ ਸਤਿਗੁਰੂ ਜੀ ਅੰਮ੍ਰਿਤਸਰ ਤੋਂ ਵਾਪਸ ਮੁੜ ਪਏ। ਜਿਸ ਥਾਂ ਪੁਜਾਰੀਆਂ ਦੇ ਮੁੜ ਆਉਣ ਦੀ ਉਡੀਕ ਵਿਚ ਗੁਰੂ ਤੇਗ ਬਹਾਦਰ ਸਾਹਿਬ ਬੈਠੇ ਰਹੇ ਸਨ ਉਥੇ ਹੁਣ ਗੁਰਦੁਆਰਾ 'ਥੜ੍ਹਾ ਸਾਹਿਬ' ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਾੜ ਪਾਸੇ ਵਲ ਸੌ ਕੁ ਗਜ਼ਾਂ ਦੀ ਵਿੱਥ 'ਤੇ।

## ਪਿੰਡ ਵੱਲੇ ਦੀ ਸੰਗਤ

ਅੰਮ੍ਰਿਤਸਰ ਤੋਂ ਵਾਪਸੀ 'ਤੇ ਪਿੰਡ ਵੱਲੇ ਦੀ ਸੰਗਤ ਨੇ ਬੜੇ ਆਦਰ ਸਤਿਕਾਰ ਨਾਲ ਸੇਵਾ ਕੀਤੀ। ਸਤਿਗੁਰੂ ਜੀ ਨੂੰ ਵੱਲੇ ਦੇ ਵਸਨੀਕ ਆਪਣੇ ਪਿੰਡ ਲੈ ਆਏ। ਇਹ ਪਿੰਡ ਸ਼ਹਿਰ ਅੰਮ੍ਰਿਤਸਰ ਦੇ ਦਰਵਾਜ਼ਾ ਸੁਲਤਾਨਵਿੰਡ ਤੋਂ ਚੜ੍ਹਦੇ ਪਾਸੇ ਦੋ ਢਾਈ ਮੀਲਾਂ ਦੀ ਵਿੱਥ 'ਤੇ ਹੈ। ਵੱਲੇ ਪਿੰਡ ਵਿਚ ਸਤਿਗੁਰੂ ਜੀ ਦੇ ਚਰਨ ਪਾਉਣ ਦੀ ਯਾਦ ਵਿਚ ਉਥੇ ਹੁਣ ਸਾਲ ਦੇ ਸਾਲ ਮਾਘ ਦੀ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ। ਦੁਆਲੇ ਦੇ ਪਿੰਡਾਂ ਤੋਂ ਅਤੇ ਸ਼ਹਿਰ ਅੰਮ੍ਰਿਤਸਰ ਤੋਂ ਹਜ਼ਾਰਾਂ ਨਰ-ਨਾਰ ਗੁਰਦੁਆਰੇ ਦੇ ਦਰਸ਼ਨ ਨੂੰ ਜਾਂਦੇ ਹਨ, ਜੋ ਪਿੰਡ ਦੇ ਵਿਚਕਾਰ ਬਣਿਆ ਹੋਇਆ ਹੈ।

## ਅੰਤਰ ਸੜੀਏ

ਜਦੋਂ ਸਤਿਗੁਰੂ ਜੀ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਜੀ ਵਲ ਚੱਲੇ, ਭਾਈ ਮੱਖਣ ਸ਼ਾਹ ਆਪਣੇ ਸਾਥੀਆਂ ਸਮੇਤ ਨਾਲ ਹੀ ਆਇਆ ਸੀ। ਪੁਜਾਰੀਆਂ ਨੂੰ ਕਾਫ਼ੀ ਸਮਾ ਉਡੀਕ ਕੇ ਸਤਿਗੁਰੂ ਜੀ ਤਾਂ ਉਥੋਂ ਚੱਲ ਪਏ, ਭਾਈ ਮੱਖਣ ਸ਼ਾਹ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਭੇਟਾ ਪੇਸ਼ ਕਰਨ ਲਈ ਪਿੱਛੇ ਛੱਡ ਗਏ। ਵੇਲਾ ਤਾੜ ਕੇ ਪੁਜਾਰੀ ਭੀ ਵਾਪਸ ਆ ਗਏ। ਕਵੀ ਸੰਤੋਖ

ਸਿੰਘ ਜੀ ਲਿਖਦੇ ਹਨ ਕਿ ਭਾਈ ਮੱਖਣ ਸ਼ਾਹ ਨੇ ਉਹਨਾਂ ਨੂੰ ਮਿੱਠੀ ਜਿਹੀ ਝਾੜ ਪਾਈ, ਤੇ ਆਖਿਆ :

**ਸ੍ਰੀ ਗੁਰ ਕਾਰਣ ਕਰਣ ਕ੍ਰਿਪਾਲ॥**
**ਚਲਿ ਕਰਿ ਆਏ ਕਰਨ ਨਿਹਾਲ॥**
**ਤੁਮ ਬੇਮੁਖ ਹੁਇ ਦੂਰੇ ਘਰਨ ਮੈ॥**
**ਨਹਿ ਦਰਸਨ ਕੀਨਸਿ ਤਿਸ ਛਿਨ ਮੈ॥੭॥.....**
**ਅਬ ਭੀ ਜਾਹੁ ਜਾਚਨਾ ਕਰੋ॥**
**ਰਿਦੇ ਦੁਸ਼ਟਤਾ ਸਗਰੀ ਹਰੋ॥੧੯॥**

ਮਸੰਦਾਂ ਪੁਜਾਰੀਆਂ ਨੇ ਸੋਚਿਆ ਕਿ ਜੇ ਇਸ ਦੀ ਗੱਲ ਨਾ ਮੰਨੀ, ਤਾਂ ਕਿਤੇ ਵਿਗੜ ਹੀ ਨਾ ਤੁਰੇ, ਸਾਡਾ ਭੀ ਉਹੀ ਹਾਲ ਨਾ ਹੋਵੇ ਜੋ ਧੀਰਮਲ ਦਾ ਹੋਇਆ। ਪੁਜਾਰੀ ਭਾਈ ਮੱਖਣ ਸ਼ਾਹ ਦੇ ਨਾਲ ਹੋ ਤੁਰੇ, ਕੁਝ ਭੇਟਾ ਭੀ ਲੈ ਲਈਓ ਨੇ। ਪਰ ਮਨ ਦਾ ਖੋਟ ਗੁਰੂ ਪਾਸੋਂ ਕਿਵੇਂ ਲੁਕਿਆ ਰਹੇ ? ਕਵੀ ਸੰਤੋਖ ਸਿੰਘ ਦੇ ਲਫ਼ਜ਼ਾਂ ਅਨੁਸਾਰ ਹਜ਼ੂਰ ਨੇ ਫ਼ੁਰਮਾਇਆ :

**ਨਹਿ ਮਸੰਦ ਤੁਮ ਅੰਮ੍ਰਿਤਸਰੀਏ॥**
**ਤ੍ਰਿਸ਼ਨਾਗਨਿ ਤੇ ਅੰਤਰ ਸੜੀਏ॥੩੨॥**

***ਭਾਵ***: ਤੁਸੀ ਸ੍ਰੀ ਹਰਿਮੰਦਰ ਸਾਹਿਬ ਦੇ ਮਸੰਦ (ਸੇਵਾਦਾਰ) ਨਹੀਂ, ਤੁਸੀ ਤਾਂ ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ।

ਮਸੰਦ ਖੋਟ ਉੱਘੜਿਆ ਵੇਖ ਕੇ ਵਾਪਸ ਆ ਗਏ।

## ਅਨੰਦਪੁਰ

ਵੱਲੇ ਤੋਂ ਬਕਾਲੇ ਅਤੇ ਬਕਾਲੇ ਤੋਂ ਕਰਤਾਰਪੁਰ ਦੇ ਰਸਤੇ ਸਿਖ-ਸੇਵਕਾਂ ਸਮੇਤ ਸਤਿਗੁਰੂ ਜੀ ਕੀਰਤਪੁਰ ਅੱਪੜੇ। ਭਾਈ ਮੱਖਣ ਸ਼ਾਹ ਪਿੰਡ ਵੱਲੇ ਤੋਂ ਹੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਵਤਨ ਚਲਾ ਗਿਆ।

ਸੰਨ ੧੬੩੪ ਤੋਂ ੧੬੬੪ ਤਕ ਤ੍ਰੀਹ ਸਾਲ ਕੀਰਤਪੁਰ ਹੀ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ ਸੀ। ਪਰ ਹੁਣ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਆਂਢੀ ਰਿਆਸਤ ਕਹਿਲੂਰ ਦੇ ਰਾਜੇ ਦੀਪਚੰਦ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਉਥੇ ਨਗਰ ਅਨੰਦਪੁਰ ਵਸਾਇਆ। ੨੬ ਅੱਸੂ ਸੰਮਤ ੧੭੨੨ (ਅਕਤੂਬਰ ੧੬੬੫) ਨੂੰ ਅਨੰਦਪੁਰ ਦੀ ਨੀਂਹ ਰੱਖੀ ਗਈ ਸੀ।


www.sikhbookclub.com

# ਦੂਜਾ ਕਾਂਡ

## ਪੂਰਬ ਵਲ ਦੌਰਾ
(੧੬੬੫ ਤੋਂ ੧੬੭੦)

### ਔਰੰਗਜ਼ੇਬ ਦੀ ਮਜ਼ਹਬੀ ਨੀਤੀ

੩੧ ਜੁਲਾਈ ੧੬੫੮ ਨੂੰ ਔਰੰਗਜ਼ੇਬ ਨੇ ਦਿੱਲੀ ਵਿਚ ਆਪਣੀ ਤਾਜ-ਪੋਸ਼ੀ ਦੀ ਰਸਮ ਅਦਾ ਕੀਤੀ। ਇਹ ਤਖ਼ਤ ਉਸ ਨੇ ਬੜੇ ਮਹਿੰਗੇ ਭਾਅ ਲਿਆ ਸੀ। ਰਾਜ ਦੀ ਖ਼ਾਤਰ ਔਰੰਗਜ਼ੇਬ ਨੇ ਆਪਣੇ ਪਿਉ ਸ਼ਾਹ ਜਹਾਨ ਨੂੰ ਆਗਰੇ ਦੇ ਕਿਲ੍ਹੇ ਵਿਚ ੧੮ ਜੂਨ ੧੬੫੮ ਨੂੰ ਕੈਦ ਕੀਤਾ। ਵੱਡੇ ਭਰਾ ਦਾਰਾ ਸ਼ਿਕੋਹ ਨੂੰ ਘਰੋਂ ਬੇ-ਘਰ ਕਰ ਕੇ ਜੀ-ਭਿਆਣੇ ਨੂੰ ਪੰਜਾਬ ਵਲ ਭਜਾਇਆ ਅਤੇ ਆਪਣੇ ਸਾਥੀ ਛੋਟੇ ਭਰਾ ਮੁਰਾਦ ਨਾਲ ਬੇ-ਵਫ਼ਾਈ ਕਰ ਕੇ ਉਸ ਨੂੰ ੫ ਜੁਲਾਈ ੧੬੫੮ ਨੂੰ ਮਥਰਾ ਪਹੁੰਚ ਕੇ ਕੈਦ ਕਰ ਲਿਆ।

ਇਹਨਾਂ ਕਰਤੂਤਾਂ ਕਰਕੇ ਔਰੰਗਜ਼ੇਬ ਦੇ ਰਾਜਸੀ ਆਚਰਨ ਬਾਰੇ ਲੋਕਾਂ ਦੀ ਰਾਇ ਚੰਗੀ ਨਹੀਂ ਹੋ ਸਕਦੀ ਸੀ। ਕੁਦਰਤੀ ਗੱਲ ਸੀ ਕਿ ਮੁਸਲਮਾਨ ਭੀ ਉਸ ਦੀਆਂ ਇਹਨਾਂ ਹਰਕਤਾਂ ਨੂੰ ਪਸੰਦ ਨਾ ਕਰਨ। ਹਿੰਦੂਆਂ ਨੂੰ ਤਾਂ ਮੁਗ਼ਲਾਂ ਨੇ ਤਲਵਾਰ ਦੇ ਜ਼ੋਰ ਦਬਾਇਆ ਹੋਇਆ ਸੀ, ਉਹਨਾਂ ਪਾਸੋਂ ਕੋਈ ਡਰ-ਖ਼ਤਰਾ ਹੀ ਨਹੀਂ ਸੀ। ਪਰ ਮੁਸਲਮਾਨਾਂ ਦੀ ਹਮਦਰਦੀ ਹਾਸਲ ਕਰਨੀ ਔਰੰਗਜ਼ੇਬ ਵਾਸਤੇ ਜ਼ਰੂਰੀ ਸੀ। ਇਸ ਦਾ ਸਭ ਤੋਂ ਸੌਖਾ ਤਰੀਕਾ ਇਹ ਸੀ ਕਿ ਉਹ ਆਪਣੇ ਆਪ ਨੂੰ ਇਸਲਾਮ ਦਾ ਰਾਖਾ ਅਤੇ ਪੱਕਾ ਮੁਸਲਮਾਨ ਸਾਬਤ ਕਰੇ। ਸੋ, ਉਸ ਨੇ ਸਹਿਜੇ ਸਹਿਜੇ ਹਿੰਦੂ-ਧਰਮ ਉੱਤੇ ਹੱਥ ਪਾਣਾ ਸ਼ੁਰੂ ਕਰ ਦਿੱਤਾ।

੧੦ ਮਾਰਚ ੧੬੫੯ ਨੂੰ ਔਰੰਗਜ਼ੇਬ ਨੇ ਬਨਾਰਸ ਸ਼ਹਿਰ ਆ ਕੇ ਫ਼ੁਰਮਾਨ ਜਾਰੀ ਕੀਤਾ ਕਿ ਹਿੰਦੂਆਂ ਦੇ ਪੁਰਾਣੇ ਮੰਦਰਾਂ ਨੂੰ ਨਾ ਛੇੜਿਆ ਜਾਏ, ਪਰ ਨਵੇਂ ਮੰਦਰ ਬਣਨ ਨਾ ਦਿੱਤੇ ਜਾਣ। ਜਦੋਂ ਹਿੰਦੂ ਇਸ ਹੁਕਮ ਨੂੰ ਸਹਿ ਗਏ, ਤਾਂ ਸੰਨ ੧੬੬੪ ਵਿਚ ਇਕ ਨਵਾਂ ਹੁਕਮ ਜਾਰੀ ਕੀਤਾ ਗਿਆ ਕਿ ਪੁਰਾਣੇ



 www.sikhbookclub.com

ਮੰਦਰਾਂ ਦੀ ਮੁਰੰਮਤ ਨਾ ਹੋਣ ਦਿੱਤੀ ਜਾਏ।

ਪੂਰਬੀ ਬੰਗਾਲ ਅਤੇ ਉੜੀਸਾ ਪ੍ਰਾਂਤ ਵਾਲੇ ਪਾਸੇ ਵਾਮ-ਮਾਰਗ ਦਾ ਭੀ ਅੰਦਰੇ-ਅੰਦਰ ਬੜਾ ਜ਼ੋਰ ਸੀ। ਕਈ ਮੰਦਰ ਭੀ ਐਸੇ ਸਨ ਜਿੱਥੇ ਮੂਰਤੀਆਂ ਬਣਾ ਕੇ ਅਯੋਗ ਜਿਹੇ ਆਸਣ ਵਿਖਾਏ ਗਏ ਸਨ। ਗ਼ੈਰਤ ਵਾਲੇ ਹਰੇਕ ਬੰਦੇ ਵਾਸਤੇ ਇਹ ਗੱਲ ਅਸਹਿ ਹੁੰਦੀ ਹੈ ਕਿ ਇਸ ਤਰ੍ਹਾਂ ਖੁਲ੍ਹਮ-ਖੁਲ੍ਹਾ ਦੁਰਾਚਾਰ ਦਾ ਪਰਚਾਰ ਕੀਤਾ ਜਾਏ। ਔਰੰਗਜ਼ੇਬ ਨੇ ਹੁਕਮ ਦੇ ਦਿੱਤਾ ਕਿ ਪੂਰਬੀ ਬੰਗਾਲ ਅਤੇ ਉੜੀਸਾ ਪ੍ਰਾਂਤ ਦੇ ਸਾਰੇ ਹੀ ਮੰਦਰ ਢਾਹ ਦਿੱਤੇ ਜਾਣ।

ਬਾਦਸ਼ਾਹ ਵਲੋਂ ਇਸ਼ਾਰੇ ਦੀ ਹੀ ਲੋੜ ਸੀ। ਇਸ ਦਾ ਅਸਰ ਬਾਕੀ ਪ੍ਰਾਂਤਾਂ ਉੱਤੇ ਭੀ ਪੈਣਾ ਸ਼ੁਰੂ ਹੋ ਗਿਆ। ਜਦੋਂ ਬੰਗਾਲ ਦੇ ਗਵਰਨਰ ਮੀਰ ਜੁਮਲਾ ਨੇ ੧੯ ਦਸੰਬਰ ੧੬੬੧ ਨੂੰ ਕੂਚ ਬਿਹਾਰ ਦੀ ਰਾਜਧਾਨੀ ਉੱਤੇ ਕਬਜ਼ਾ ਕੀਤਾ, ਤਾਂ ਉਸ ਨੇ ਸ਼ਹਿਰ ਦੇ ਸਾਰੇ ਮੰਦਰ ਢਹਾ ਦਿੱਤੇ। ਨਾਰਾਇਣ ਦੀ ਮੂਰਤੀ ਉਸ ਨੇ ਆਪਣੇ ਹੱਥੀਂ ਕੁਹਾੜੇ ਨਾਲ ਢਾਹੀ।

ਸ਼ਹਿਰਾਂ ਵਿਚ ਚੁੰਗੀ-ਮਸੂਲ ਲਿਆ ਜਾਂਦਾ ਹੈ, ਜੋ ਸ਼ਹਿਰ ਦੇ ਕੇਂਦਰੀ ਖ਼ਜ਼ਾਨੇ ਤੋਂ ਸਾਰੇ ਸ਼ਹਿਰ-ਵਾਸੀਆਂ ਦੀ ਸਿਹਤ-ਸਫ਼ਾਈ ਆਦਿਕ ਹਰ ਕਿਸਮ ਦੀ ਭਲਾਈ ਵਾਸਤੇ ਵਰਤਿਆ ਜਾਂਦਾ ਹੈ। ਸ਼ਹਿਰ-ਨਿਵਾਸੀ ਕਿਸੇ ਭੀ ਧਰਮ ਮਜ਼ਹਬ ਦਾ ਹੋਵੇ, ਬਿਨਾ ਕਿਸੇ ਵਿਤਕਰੇ ਦੇ ਹਰੇਕ ਦੀ ਭਲਾਈ ਮੁੱਖ ਰੱਖੀ ਜਾਂਦੀ ਹੈ। ਪਰ ਔਰੰਗਜ਼ੇਬ ਨੇ ੧੦ ਅਪ੍ਰੈਲ ਸੰਨ ੧੬੬੫ ਨੂੰ ਹੁਕਮ ਜਾਰੀ ਕੀਤਾ ਕਿ ਮੁਸਲਮਾਨਾਂ ਪਾਸੋਂ ਚੁੰਗੀ-ਮਸੂਲ ਢਾਈ ਫ਼ੀ ਸਦੀ ਲਿਆ ਜਾਏ, ਅਤੇ ਹਿੰਦੂਆਂ ਪਾਸੋਂ ਪੰਜ ਫ਼ੀ ਸਦੀ। ਕੁਝ ਚਿਰ ਪਿਛੋਂ ਮੁਸਲਮਾਨਾਂ ਪਾਸੋਂ ਇਹ ਮਸੂਲ ਉੱਕਾ ਹੀ ਬੰਦ ਕਰ ਦਿੱਤਾ ਗਿਆ।

ਮਥਰਾ ਵਿਚ ਸ੍ਰੀ ਕੇਸ਼ਵ ਰਾਇ ਦਾ ਇਕ ਉੱਘਾ ਮੰਦਰ ਸੀ। ਦਾਰਾ ਸ਼ਿਕੋਹ ਨੇ ਉਸ ਮੰਦਰ ਦੇ ਦੁਆਲੇ ਪੱਥਰ ਦਾ ਇਕ ਸੋਹਣਾ ਜੰਗਲਾ ਲਵਾ ਦਿੱਤਾ ਹੋਇਆ ਸੀ। ਔਰੰਗਜ਼ੇਬ ਨੇ ੧੪ ਅਕਤੂਬਰ ਸੰਨ ੧੬੬੬ ਨੂੰ ਹੁਕਮ ਜਾਰੀ ਕੀਤਾ ਕਿ ਉਹ ਜੰਗਲਾ ਢਹਾ ਦਿੱਤਾ ਜਾਏ। ਜਨਵਰੀ ੧੬੭੦ ਵਿਚ ਰਮਜ਼ਾਨ ਦੇ ਮਹੀਨੇ ਉਹ ਸਾਰਾ ਮੰਦਰ ਹੀ ਗਿਰਾ ਦਿੱਤਾ ਗਿਆ ਸੀ।

## ਪਾੜ ਕੇ ਰਾਜ ਕਰਨ ਦੀ ਨੀਤੀ

ਧਾਰਮਿਕ ਤੰਗ-ਦਿਲੀ ਦੇ ਦ੍ਰਿਸ਼ਟੀ-ਕੋਣ ਤੋਂ ਇਹ ਸਖ਼ਤੀਆਂ ਸਿਰਫ਼

ਔਰੰਗਜ਼ੇਬ ਦੇ ਵੇਲੇ ਹੀ ਸ਼ੁਰੂ ਨਹੀਂ ਹੋਈਆਂ ਸਨ। ਜਦੋਂ ਤੋਂ ਮੁਸਲਮਾਨਾਂ ਨੇ ਹਿੰਦੁਸਤਾਨ ਵਿਚ ਪੈਰ ਪਾਇਆ ਸੀ, ਅਜਿਹੇ ਕਾਰੇ ਹੁੰਦੇ ਹੀ ਆ ਰਹੇ ਸਨ।

ਪਰ ਨਿਰੇ ਤਲਵਾਰ ਦੇ ਦਾਬੇ ਨਾਲ ਜ਼ੁਲਮ ਬਹੁਤਾ ਚਿਰ ਆਪਣਾ ਸਹਿਮ ਕਾਇਮ ਨਹੀਂ ਰੱਖ ਸਕਦਾ। ਹਿੰਦੂ ਕੌਮ ਦੇ ਧਾਰਮਿਕ ਨੇਤਾ ਬ੍ਰਾਹਮਣ ਲੋਕ ਸਨ। ਹਿੰਦੂ ਜਨਤਾ ਨੇ ਆਪਣੇ ਸਾਰੇ ਜੀਵਨ ਦੀਆਂ ਲੋੜਾਂ ਸਮੇ, ਸਭ ਰੀਤਾਂ-ਰਸਮਾਂ ਦੇ ਨਜਿੱਠਣ ਸਮੇ ਅਤੇ ਹਰੇਕ ਕਿਸਮ ਦੇ ਸੁੱਖ-ਦੁੱਖ ਵੇਲੇ ਬ੍ਰਾਹਮਣ ਦੀ ਅਗਵਾਈ ਵਿਚ ਹੀ ਤੁਰਨਾ ਹੁੰਦਾ ਹੈ। ਮੁਸਲਮਾਨ ਹਾਕਮ ਸਿੰਧ ਦੇ ਮੁਹੰਮਦ-ਬਿਨ-ਕਾਸਮ ਦੇ ਸਮੇ ਤੋਂ ਹੀ ਬ੍ਰਾਹਮਣਾਂ ਨੂੰ ਖ਼ਾਸ ਖ਼ਾਸ ਰਿਆਇਤਾਂ ਦੇਂਦੇ ਆ ਰਹੇ ਸਨ। ਬ੍ਰਾਹਮਣਾਂ ਪਾਸੋਂ ਜਜ਼ੀਆ ਨਹੀਂ ਲਿਆ ਜਾਂਦਾ ਸੀ। ਇਸ ਦਾ ਕੁਦਰਤੀ ਨਤੀਜਾ ਇਹ ਨਿਕਲਦਾ ਆ ਰਿਹਾ ਸੀ ਕਿ ਰਿਆਇਤ ਲੈਣ ਵਾਲੇ ਲੋਕ ਹਾਕਮਾਂ ਦਾ ਹੱਥ-ਠੋਕਾ ਬਣ ਕੇ ਆਪਣੇ ਕੌਮ-ਭਾਈਆਂ ਨੂੰ ਵਧੀਕੀ ਸਹਾਰਨ ਦਾ ਹੀ ਉਪਦੇਸ਼ ਕਰਦੇ ਸਨ। ਇਸ ਤਰ੍ਹਾਂ ਕਾਇਰਤਾ ਵਧਦੀ ਗਈ। ਲੋਕ ਸਹਿਮ ਹੇਠ ਦਿਨ-ਕੱਟੀ ਕਰਨ ਲਗ ਪਏ।

# ਤੀਜਾ ਕਾਂਡ

## ਪੂਰਬ ਦੇਸ ਵਲ ਜਾਣਾ

ਗੁਰੂ ਨਾਨਕ ਦੇਵ ਜੀ ਸਾਢੇ ਅਠੱਤੀ ਸਾਲਾਂ ਦੇ ਸਨ, ਜਦੋਂ ਦੁਖੀ ਦੇਸ-ਵਾਸੀਆਂ ਦੀ ਅਗਵਾਈ ਵਾਸਤੇ ਸੰਨ ੧੫੦੭ ਵਿਚ ਆਪ ਸੁਲਤਾਨਪੁਰ ਤੋਂ ਚੱਲੇ ਅਤੇ ਉੱਤਰ ਪ੍ਰਾਂਤ, ਬਿਹਾਰ, ਆਸਾਮ, ਬੰਗਾਲ, ਉੜੀਸਾ, ਮੱਧ ਪ੍ਰਾਂਤ, ਮਦਰਾਸ, ਬੰਬਈ, ਰਾਜਸਥਾਨ ਵਿਚੋਂ ਦੀ ਹੋ ਕੇ ਅੱਠ ਸਾਲਾਂ ਦਾ ਲੰਮਾ ਚੱਕਰ ਕੱਟ ਕੇ ਪੰਜਾਬ ਮੁੜੇ ਸਨ। ਥਾਂ ਥਾਂ ਕਈ ਇਲਾਕਿਆਂ ਵਿਚ ਸਿਖ ਧਰਮ ਦੇ ਪਰਚਾਰ-ਕੇਂਦਰ ਕਾਇਮ ਕੀਤੇ, ਜਿਸ ਕਰਕੇ ਅਨੇਕਾਂ ਬੰਦੇ ਗੁਰੂ-ਘਰ ਦੇ ਸ਼ਰਧਾਲੂ ਬਣਦੇ ਗਏ। ਸਿਖ-ਇਤਿਹਾਸ ਇਸ ਨੂੰ ਗੁਰੂ ਸਾਹਿਬ ਦੀ ਪਹਿਲੀ 'ਉਦਾਸੀ' ਦਾ ਨਾਮ ਦੇਂਦਾ ਹੈ।

ਦੂਜੀ 'ਉਦਾਸੀ' ਵਿਚ ਸਤਿਗੁਰੂ ਜੀ ਕਰਤਾਰਪੁਰ ਤੋਂ ਚੱਲ ਕੇ ਉੱਤਰ ਪਾਸੇ ਵਲ ਜੰਮੂ ਕਸ਼ਮੀਰ ਆਦਿਕ ਇਲਾਕਿਆਂ ਵਿਚ ਗਏ। ਕਰਤਾਰਪੁਰ ਪਹਿਲੀ 'ਉਦਾਸੀ' ਖ਼ਤਮ ਹੋਣ 'ਤੇ ਸੰਨ ੧੫੧੫ ਦੇ ਅੰਤ ਵਿਚ ਰਾਵੀ ਦੇ ਕੰਢੇ ਵਸਾਇਆ ਗਿਆ ਸੀ। ਇਹ ਦੂਜੀ 'ਉਦਾਸੀ' ਸਿਰਫ਼ ਇਕ ਸਾਲ ਦੀ ਸੀ। ਤੀਜੀ 'ਉਦਾਸੀ' ਵਿਚ ਪੱਛਮੀ ਪੰਜਾਬ, ਬਹਾਵਲਪੁਰ, ਸਿੰਧ ਵਿਚੋਂ ਦੀ ਲੰਘ ਕੇ ਗੁਰੂ ਨਾਨਕ ਦੇਵ ਜੀ ਅਰਬ, ਫ਼ਾਰਸ, ਅਫ਼ਗਾਨਿਸਤਾਨ ਵਿਚੋਂ ਦੀ ਹੋ ਕੇ ਤਿੰਨ ਸਾਲਾਂ ਪਿਛੋਂ ਕਰਤਾਰਪੁਰ ਮੁੜੇ ਸਨ।

ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਸਾਰੇ ਭਾਰਤ ਵਿਚ ਉਹਨਾਂ ਦੇ ਆਪਣੇ ਵਕਤ ਦੇ ਬਣੇ ਪਰਚਾਰ-ਕੇਂਦਰਾਂ ਦੀ ਰਾਹੀਂ ਸਿਖ-ਧਰਮ ਦਾ ਪਰਚਾਰ ਤਾਂ ਹੁੰਦਾ ਰਿਹਾ, ਪਰ ਵਧੀਕ ਜ਼ੋਰ ਪੰਜਾਬ ਵਿਚ ਹੀ ਲਾਇਆ ਗਿਆ, ਉਹ ਭੀ ਮਾਝੇ ਮਾਲਵੇ ਦੁਆਬੇ ਵਿਚ। ਉਂਞ ਹਰੇਕ ਗੁਰ-ਵਿਅਕਤੀ ਆਪੋ-ਆਪਣੇ ਸਮੇ ਉੱਘੇ ਵਿਦਵਾਨ ਤੇ ਉੱਚੇ ਜੀਵਨ ਵਾਲੇ ਸਿੱਖਾਂ ਨੂੰ ਪਰਚਾਰ ਵਾਸਤੇ ਭੇਜਦੇ ਰਹੇ। ਭਾਈ ਗੁਰਦਾਸ ਜੀ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਉੱਤਰ ਪ੍ਰਾਂਤ ਵਿਚ

ਗੁਜ਼ਾਰਿਆ। ਭਾਈ ਅਲਮਸਤ ਜੀ ਭੀ ਉਸੇ ਪ੍ਰਾਂਤ ਵਿਚ ਨਾਨਕ ਮਤੇ ਦੇ ਇਲਾਕੇ ਵਿਚ ਪਰਚਾਰ ਕਰਦੇ ਰਹੇ। ਗੁਰ-ਵਿਅਕਤੀਆਂ ਵਿਚੋਂ ਗੁਰੂ ਅਮਰਦਾਸ ਜੀ ਹਰਿਦੁਆਰ ਤਕ ਗਏ। ਗੁਰੂ ਹਰਿਗੋਬਿੰਦ ਸਾਹਿਬ ਉੱਤਰ ਪ੍ਰਾਂਤ ਵਿਚ ਨਾਨਕ ਮਤੇ ਤਕ ਪਹੁੰਚੇ ਅਤੇ ਉੱਤਰ ਪਾਸੇ ਜੰਮੂ ਕਸ਼ਮੀਰ ਦੇ ਇਲਾਕੇ ਵਿਚ ਪਹੁੰਚੇ। ਗੁਰੂ ਹਰਿ ਕ੍ਰਿਸ਼ਨ ਸਾਹਿਬ ਭੀ ਦਿੱਲੀ ਤਕ ਗਏ।

ਗੁਰੂ ਤੇਗ ਬਹਾਦਰ ਸਾਹਿਬ ਅਗਸਤ ਸੰਨ ੧੬੬੪ ਵਿਚ ਗੁਰੂ ਬਣੇ ਸਨ। ਉਸ ਵਕਤ ਤਕ ਔਰੰਗਜ਼ੇਬ ਨੇ ਧਾਰਮਿਕ ਵਿਤਕਰਾ ਸ਼ੁਰੂ ਕਰ ਦਿੱਤਾ ਸੀ। ਪੂਰਬ ਦੇਸ ਵਿਚ ਹਿੰਦੂਆਂ ਉੱਤੇ ਸਖ਼ਤੀ ਸ਼ੁਰੂ ਹੋ ਚੁਕੀ ਸੀ, ਜੋ ਕਿ ਪੂਰਬੀ ਬੰਗਾਲ, ਉੜੀਸਾ ਆਦਿਕ ਵਲ ਖ਼ਾਸ ਜ਼ੋਰਾਂ 'ਤੇ ਜਾ ਪਹੁੰਚੀ ਸੀ। ਇਹ ਖ਼ਬਰਾਂ ਪੰਜਾਬ ਵਿਚ ਭੀ ਪਹੁੰਚ ਰਹੀਆਂ ਸਨ। ਸਹਿਮੀ ਹੋਈ ਹਿੰਦੂ ਕੌਮ ਨੂੰ ਸਹਾਰੇ ਦੀ ਲੋੜ ਸੀ। ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਪਹਿਲਾਂ ਪੂਰਬ ਦੇਸ ਦਾ ਰੁਖ਼ ਕੀਤਾ। ਇਹਨਾਂ ਦੀ ਬਾਣੀ ਪੜ੍ਹ ਕੇ ਵੇਖੋ, ਸਾਰੀ ਹੀ ਹਿੰਦੀ ਵਿਚ ਹੈ। ਤਕਰੀਬਨ ਹਰੇਕ ਸ਼ਬਦ ਵਿਚ ਦਰੋਪਤੀ, ਗਜ, ਅਜਾਮਲ, ਧ੍ਰੂ ਆਦਿਕ ਦਾ ਹਵਾਲਾ ਦੇ ਕੇ ਨਿਰਭੈਤਾ ਦਾ ਉਪਦੇਸ਼ ਕੀਤਾ ਹੋਇਆ ਹੈ। ਇਹ ਸਾਰਾ ਉੱਦਮ ਸਹਿਮੇ ਹੋਏ ਪੂਰਬੀ ਹਿੰਦੂਆਂ ਵਾਸਤੇ ਹੀ ਸੀ। ਸੋ, ਹਿੰਦੂ ਜਨਤਾ ਨੂੰ ਧੀਰਜ ਦੇਣ ਲਈ, ਸਿਖ-ਧਰਮ ਦੇ ਪਰਚਾਰ ਦੇ ਕੰਮ ਨੂੰ ਵਧੀਕ ਪੱਕੇ ਪੈਰਾਂ 'ਤੇ ਖੜਾ ਕਰਨ ਲਈ ਅਤੇ ਦੂਰ-ਦੁਰੇਡੇ ਵੱਸਦੇ ਸਿੱਖਾਂ ਵਿਚ ਸਿੱਖੀ ਜੀਵਨ ਦੀ ਰੌ ਤਿੱਖੀ ਕਰਨ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਭੀ ਪੂਰਬ ਦੇਸ ਵਲ ਲੰਮਾ ਚੱਕਰ ਲਾਇਆ। ਪਰਵਾਰ ਸਮੇਤ ਹੀ ਗਏ ਸਨ। ਕੀਰਤਨੀਏ, ਰਬਾਬੀ ਅਤੇ ਕੁਝ ਹੋਰ ਉੱਘੇ ਸਿਖ ਭੀ ਨਾਲ ਗਏ। ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਉਸ ਸਾਰੇ ਇਲਾਕੇ ਵਿਚ ਸਿਖ ਧਰਮ ਦਾ ਪਰਚਾਰ ਹੋ ਹੀ ਰਿਹਾ ਸੀ, ਹਰੇਕ ਨਗਰ ਵਿਚ ਗੁਰੂ-ਘਰ ਦੇ ਸ਼ਰਧਾਲੂ ਮੌਜੂਦ ਸਨ, ਇਸ ਵਾਸਤੇ ਇਸ ਗੱਲ ਦੀ ਲੋੜ ਨਹੀਂ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਭੀ ਗੁਰੂ ਨਾਨਕ ਦੇਵ ਜੀ ਵਾਂਗ ਫ਼ਕੀਰੀ ਰੰਗ ਵਿਚ ਇਕੱਲੇ ਹੀ ਜਾਂਦੇ।

## ਮਾਲਵੇ ਵਿਚੋਂ ਦੀ

ਉਞ ਤਾਂ ਹਰੇਕ ਮੁਗ਼ਲ ਬਾਦਸ਼ਾਹ ਦੇ ਪਿਛੋਂ ਤਖ਼ਤ ਦੀ ਵਾਰਸੀ ਦਾ ਫ਼ੈਸਲਾ ਤਲਵਾਰ ਦੀ ਰਾਹੀਂ ਹੁੰਦਾ ਰਿਹਾ, ਪਰ ਔਰੰਗਜ਼ੇਬ ਨੂੰ ਤਖ਼ਤ ਹਾਸਲ

ਕਰਨ ਲਈ ਹੋਰਨਾਂ ਨਾਲੋਂ ਵਧੀਕ ਖ਼ੂਨ-ਖ਼ਰਾਬਾ ਕਰਨਾ ਪਿਆ ਸੀ, ਕਿਉਂਕਿ ਇਸ ਦੇ ਸ਼ਰੀਕ ਭਰਾ ਤਕੜੇ ਹੱਡ-ਕਾਠ ਵਾਲੇ ਸਾਬਤ ਹੋਏ ਸਨ। ਇਸ ਖ਼ੂਨ-ਖ਼ਰਾਬੇ ਦਾ ਬਹੁਤਾ ਭਾਰ ਪੰਜਾਬ ਉਤੇ ਪਿਆ ਸੀ। ਸ਼ਾਹੀ ਫ਼ੌਜਾਂ ਦੀ ਆਵਾ-ਜਾਈ ਦੇ ਕਾਰਨ ਲੋਕਾਂ ਦੇ ਵਣਜ-ਵਪਾਰ ਰੁਕ ਗਏ। ਰਾਜ-ਗਰਦੀ ਦੇ ਪਿੱਛੇ ਪਿੱਛੇ ਕਾਲ ਨੇ ਭੀ ਆ ਮੂੰਹ ਵਿਖਾਇਆ। ਸੰਨ ੧੬੫੮ ਤੋਂ ਲੈ ਕੇ ਦੋ ਸਾਲ ਤਕ ਪੰਜਾਬ ਵਿਚ ਵਣਜ-ਵਪਾਰ ਦੇ ਸਿਲਸਿਲੇ ਰੁਕਣ ਕਰਕੇ ਅੰਨ ਦੀ ਬੜੀ ਥੁੜ ਹੋ ਗਈ। ਸੰਨ ੧੬੬੦ ਵਿਚ ਔੜ ਲੱਗ ਪਈ, ਇਸ ਨੇ ਲੋਕਾਂ ਦਾ ਹੋਰ ਲੱਕ ਤੋੜ ਦਿੱਤਾ। ਰਾਜ-ਗਰਦੀ, ਕਾਲ ਅਤੇ ਔੜ ਨੇ ਪੰਜਾਬ-ਵਾਸੀਆਂ ਦੇ ਆਚਰਨ ਨੂੰ ਡੇਗਣ ਵਿਚ ਬਹੁਤ ਮਦਦ ਕੀਤੀ। ਸਹਿਮੇ ਹੋਏ ਲੋਕ ਭਰਮਾਂ-ਵਹਿਮਾਂ ਦਾ ਸ਼ਿਕਾਰ ਹੋ ਕੇ ਗੋਰ-ਗੁੱਗੇ ਆਦਿਕ ਨੂੰ ਪੂਜਣ ਲਗ ਪਏ। ਚੋਰੀ ਬਹੁਤ ਵਧ ਗਈ। ਅਣਖ-ਹੀਣੇ ਲੋਕ ਧੀਆਂ ਦਾ ਪੈਸਾ ਲੈਣ ਲਗ ਪਏ। ਮਾਲਵੇ ਵਿਚ ਇਕ ਹੋਰ ਔਖਿਆਈ ਭੀ ਸੀ। ਆਲਸੀ ਲੋਕਾਂ ਦੇ ਡੂੰਘੇ ਖੂਹ ਪੁੱਟਣ ਤੋਂ ਸੰਕੋਚ ਦੇ ਕਾਰਨ ਉਪਰਲੀ ਤਹਿ ਦੇ ਖਾਰੇ ਪਾਣੀ ਦੇ ਹੀ ਖੂਹ ਬਹੁਤ ਥਾਈਂ ਸਨ। ਇਸ ਖਾਰੇ ਪਾਣੀ ਨਾਲ ਹੀ ਲੋਕ ਦਿਨ-ਕਟੀ ਕਰ ਰਹੇ ਸਨ। ਰਾਜਸੀ ਗੜਬੜ ਨੇ ਲੋਕਾਂ ਦਾ ਜੀਵਨ ਬੇ-ਸੁਆਦਾ ਬਣਾ ਦਿੱਤਾ ਹੋਇਆ ਸੀ। ਉੱਚੇ-ਸੁੱਚੇ ਜੀਵਨ ਵਲੋਂ ਦਿਲਚਸਪੀ ਆਮ ਤੌਰ 'ਤੇ ਘਟੀ ਹੋਈ ਸੀ। ਅਜਿਹੀ ਨਿੱਘਰੀ ਹੋਈ ਦਸ਼ਾ ਸਮੇ ਰੋਜ਼ਾਨਾ ਦੁੱਖਾਂ-ਕਲੇਸ਼ਾਂ ਨੂੰ ਭੁਲਾਣ ਲਈ ਲੋਕ ਨਸ਼ਿਆਂ ਦਾ ਆਸਰਾ ਲੈਂਦੇ ਹਨ। ਤਮਾਕੂ ਹੋਰ ਸਾਰੇ ਨਸ਼ਿਆਂ ਨਾਲੋਂ ਸਸਤੀ ਚੀਜ਼ ਹੈ। ਸਾਹ-ਸਤ ਹੀਣੇ ਅਤੇ ਆਲਸੀ ਲੋਕ ਆਮ ਤੌਰ 'ਤੇ ਤਮਾਕੂ ਦੇ ਆਸਰੇ ਵਿਹਲੜਾਂ ਵਾਲਾ ਜੀਵਨ ਗੁਜ਼ਾਰਦੇ ਹਨ। ਇਹ ਸੀ ਉਹਨੀਂ ਦਿਨੀਂ ਪੰਜਾਬ ਦੀ ਆਮ ਹਾਲਤ।

ਜਿਵੇਂ ਗੁਰੂ ਅਰਜਨ ਸਾਹਿਬ ਨੇ ਕਾਲ ਅਤੇ ਔੜ ਦੇ ਸਮੇ ਮਾਝੇ ਵਿਚ ਖ਼ਾਸ ਜ਼ੋਰ ਲਾਇਆ ਸੀ, ਤਿਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਮਾਲਵੇ ਅਤੇ ਬਾਂਗਰ (ਕੈਥਲ ਕਰਨਾਲ ਦੇ ਆਸ-ਪਾਸ ਦੇ ਇਲਾਕੇ) ਵਿਚ ਲੋਕਾਂ ਦੀ ਆਰਥਕ ਅਤੇ ਸਦਾਚਾਰਕ ਹਾਲਤ ਸੁਧਾਰਨ ਵਲ ਖ਼ਾਸ ਧਿਆਨ ਦਿੱਤਾ। ਸਿਖ-ਕੌਮ ਦੀ ਦਸਵੰਧ ਦੀ ਭੇਟਾ ਨੇ ਗ਼ਰੀਬ ਲੋਕਾਂ ਨੂੰ ਬਹੁਤ ਢਾਰਸ ਦਿੱਤੀ।

**ਮੂਲੋਵਾਲ**

ਅਨੰਦਪੁਰ ਤੋਂ ਚੱਲ ਕੇ ਘਨੌਲੀ, ਰੋਪੜ, ਦਾਦੂਮਾਜਰਾ-ਨੌਲੱਖਾ, ਲੰਗ

ਆਦਿਕ ਪਿੰਡਾਂ ਵਿਚੋਂ ਦੀ ਹੋ ਕੇ ਸਤਿਗੁਰੂ ਜੀ ਪਿੰਡ ਮੂਲੋਵਾਲ ਪਹੁੰਚੇ। ਇਥੇ ਪੰਜ ਦਿਨ ਟਿਕਾਣਾ ਕੀਤਾ। ਪਿੰਡ ਦਾ ਪਾਣੀ ਖਾਰਾ ਸੀ। ਸਤਿਗੁਰੂ ਜੀ ਦੀ ਹਦਾਇਤ ਅਤੇ ਮਾਇਕ ਸਹਾਇਤਾ ਦੀ ਬਰਕਤ ਨਾਲ ਡੂੰਘੇ ਪੁੱਟੇ ਖੂਹਾਂ ਵਿਚੋਂ ਮਿੱਠਾ ਪਾਣੀ ਨਿਕਲਿਆ। ਇਥੇ ਹੁਣ ਗੁਰਦੁਆਰਾ ਹੈ, ਜੋ ਮਹਾਰਾਜਾ ਕਰਮ ਸਿੰਘ ਨੇ ਸੰਮਤ ੧੮੮੨ (ਸੰਨ ੧੮੨੫) ਵਿਚ ਬਣਾਇਆ ਸੀ।

## ਸਰਵਰੀਏ

ਮੂਲੋਵਾਲ ਤੋਂ ਫਰਵਾਹੀ, ਹੰਢਾਇਆ, ਭੰਦੇਹਰ, ਖੀਵਾ, ਭੀਖੀ ਆਦਿਕ ਪਿੰਡਾਂ ਵਿਚ ਸਤਿਗੁਰੂ ਜੀ ਨੇ ਲੋੜ ਅਨੁਸਾਰ ਟਿਕਾਣਾ ਕੀਤਾ। ਪੰਜਾਬ ਵਿਚ ਜਿਹੜੇ ਹਿੰਦੂ, ਮੁਸਲਮਾਨ ਹੋਣ ਤੋਂ ਬਚੇ ਰਹੇ ਸਨ, ਉਹ ਕਈ ਮੁਸਲਮਾਨ ਪੀਰਾਂ ਫ਼ਕੀਰਾਂ ਦੇ ਚੇਲੇ ਬਣੇ ਹੋਏ ਸਨ। ਬਹੁਤੀ ਗਿਣਤੀ ਸੁਲਤਾਨ ਦੇ ਮੁਰੀਦਾਂ ਦੀ ਸੀ, ਜੋ ਸਰਵਰੀਏ ਅਖਵਾਂਦੇ ਸਨ। ਇਹ ਲੋਕ ਆਪਣੇ ਪੀਰ ਸੁਲਤਾਨ ਨੂੰ ਸਖੀ ਸਰਵਰ ਦੇ ਨਾਮ ਨਾਲ ਯਾਦ ਕਰਦੇ ਸਨ। ਸੁਲਤਾਨ ਮੁਸਲਮਾਨ ਫ਼ਕੀਰ ਸੀ, ਮੁਲਤਾਨ ਦੇ ਲਾਗੇ ਇਕ ਪਿੰਡ ਦਾ ਰਹਿਣ ਵਾਲਾ। ਆਪਣੇ ਮਸੇਰ ਭਰਾਵਾਂ ਦੇ ਵਿਰੋਧ ਦੇ ਕਾਰਨ ਸੁਲਤਾਨ ਉਥੋਂ ਵਜ਼ੀਰਾਬਾਦ ਦੇ ਨੇੜੇ ਧੌਂਕਲ ਆ ਗਿਆ। ਉਥੋਂ ਭੀ ਉਸ ਨੂੰ ਡੇਰਾ ਇਸਮਾਈਲ ਖ਼ਾਂ ਦੇ ਜ਼ਿਲੇ ਵਿਚ ਨੂਰਪੁਰ ਜਾਣਾ ਪੈ ਗਿਆ, ਜਿਥੇ ਉਸ ਦੇ ਮੁਢਲੇ ਵੈਰੀਆਂ ਨੇ ਆ ਕੇ ਉਸ ਨੂੰ ਮਾਰ ਦਿੱਤਾ ਸੀ। ਭਿਰਾਈ ਲੋਕਾਂ ਦੀ ਰਾਹੀਂ ਪੰਜਾਬ ਦੇ ਅਨੇਕਾਂ ਹਿੰਦੂ ਜੱਟ ਉਸ ਦੇ ਮੁਰੀਦ ਬਣੇ।

ਇਹਨਾਂ ਲੋਕਾਂ ਨੂੰ ਇਸਲਾਮੀ ਅਸਰ ਹੇਠੋਂ ਕੱਢਣ ਲਈ ਕਰਤਾਰਪੁਰ (ਰਾਵੀ ਦੇ ਕੰਢੇ), ਖਡੂਰ, ਗੋਇੰਦਵਾਲ, ਅੰਮ੍ਰਿਤਸਰ ਅਤੇ ਕੀਰਤਪੁਰ ਪਰਚਾਰ-ਕੇਂਦਰ ਬਣਾਏ ਗਏ ਸਨ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਹਰੇਕ ਗੁਰੂ ਸਾਹਿਬ ਨੇ ਇਸ ਕੰਮ ਵਲ ਖ਼ਾਸ ਧਿਆਨ ਦਿੱਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭੀ ਮਾਲਵੇ ਵਿਚੋਂ ਲੰਘਦਿਆਂ ਇਹਨਾਂ ਲੋਕਾਂ ਨੂੰ ਗੋਰ-ਗੁੱਗਾ ਆਦਿਕ ਪੂਜਣ ਤੋਂ ਵਰਜ ਕੇ ਇਕ ਅਕਾਲ ਪੁਰਖ ਦੀ ਭਗਤੀ ਦਾ ਰਾਹ ਦੱਸਿਆ।

## ਸਾਬੋ ਕੀ ਤਲਵੰਡੀ

ਭੀਖੀ ਤੋਂ ਅਗਾਂਹ ਪਿੰਡ ਦਲੇਉ, ਅਲੀਸ਼ੇਰ, ਖਿਆਲਾ, ਮੌੜ, ਮਾਈਸਰ ਖਾਨਾ ਆਦਿਕ ਤੋਂ ਹੁੰਦੇ ਹੋਏ ਸਤਿਗੁਰੂ ਜੀ ਸਾਬੋ ਕੀ ਤਲਵੰਡੀ ਅੱਪੜੇ। ਇਥੇ

ਗੁਰਦੁਆਰਾ ਦਮਦਮਾ ਸਾਹਿਬ ਹੈ। ਤਲਵੰਡੀ ਵਿਚ ਸਤਿਗੁਰੂ ਜੀ ਕਈ ਦਿਨ ਟਿਕੇ। ਇਥੋਂ ਅਗਾਂਹ ਧਰਮੂ ਦਾ ਕੋਟ, ਬੱਛੋਆਣਾ, ਗੋਬਿੰਦਪੁਰਾ, ਸੰਘੇੜੀ ਤੇ ਗੁਰਨਾ ਆਦਿਕ ਪਿੰਡਾਂ ਵਿਚੋਂ ਦੀ ਲੰਘੇ। ਜਿੱਥੇ ਜਿੱਥੇ ਭੀ ਸਤਿਗੁਰੂ ਜੀ ਜਾਂਦੇ ਸਨ, ਲੋਕਾਂ ਨੂੰ ਮੰਦ-ਕਰਮਾਂ ਵਲੋਂ ਰੋਕਦੇ ਸਨ। ਚੋਰੀ ਕਰਨੀ, ਧੀਆਂ ਦਾ ਪੈਸਾ ਲੈਣਾ, ਅਜਿਹੇ ਕਈ ਕੁਕਰਮਾਂ ਤੋਂ ਬਚਣ ਲਈ ਉਪਦੇਸ਼ ਕੀਤਾ।

## ਬਾਂਗਰ ਦੇਸ (ਕਰਨਾਲ ਰੋਹਤਕ ਹਿਸਾਰ ਦੇ ਜ਼ਿਲੇ)

### *ਭਾਈ ਮੀਹਾਂ*

ਕਈ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਗੁਰੂ ਤੇਗ ਬਹਾਦਰ ਸਾਹਿਬ ਧਮਧਾਣ ਪਹੁੰਚੇ। ਧਮਧਾਣ ਹੁਣ ਰੇਲ ਦਾ ਸਟੇਸ਼ਨ ਹੈ, ਪਟਿਆਲੇ ਦੀ ਤਹਿਸੀਲ ਨਰਵਾਣਾ ਵਿਚ।

ਇਸ ਦੇਸ-ਯਾਤਰਾ ਵਿਚ ਇਕ ਸਿਖ ਭਾਈ ਰਾਮਦੇਵ ਜਥੇ ਦੇ ਨਾਲ ਰਿਹਾ। ਪਾਣੀ ਦੀਆਂ ਮਸ਼ਕਾਂ ਭਰ ਭਰ ਕੇ ਲਿਆਉਂਦਾ ਤੇ ਸਭ ਨੂੰ ਪਿਲਾਉਣ ਅਤੇ ਇਸ਼ਨਾਨ ਦੀ ਸੇਵਾ ਕਰਦਾ ਸੀ। ਲੰਗਰ ਵਿਚ ਭੀ ਗਾਗਰਾਂ ਭਰ ਕੇ ਲੈ ਜਾਂਦਾ ਤੇ ਡੇਰੇ ਵਿਚ ਲੋੜ ਅਨੁਸਾਰ ਛਿੜਕਾਉ ਭੀ ਕਰਦਾ ਸੀ। ਧਮਧਾਣ ਅੱਪੜ ਕੇ ਸਤਿਗੁਰੂ ਜੀ ਨੇ ਉਸ ਦੀ ਸੇਵਾ 'ਤੇ ਪ੍ਰਸੰਨ ਹੋ ਕੇ ਉਸ ਦਾ ਨਾਮ ਭਾਈ ਮੀਹਾਂ ਰੱਖਿਆ ਅਤੇ ਉਸ ਨੂੰ ਪੂਰਬ ਦੇਸ ਵਲ ਸਿਖ ਧਰਮ ਦਾ ਪਰਚਾਰ ਕਰਨ ਲਈ ਭੇਜ ਦਿੱਤਾ। ਸੋ, ਮੁਰਾਦਾਬਾਦ, ਲਖਨਊ, ਬਾਰਾਬੰਕੀ, ਨਵਾਬ-ਗੰਜ ਆਦਿਕ ਦੇ ਇਲਾਕਿਆਂ ਵਿਚ ਮੀਹਾਂ ਸਾਹਿਬ ਦੇ ਉਪਦੇਸ਼ ਨਾਲ ਬਣੇ ਹੋਏ ਬਥੇਰੇ ਸਿਖ ਵੱਸਦੇ ਹਨ। ਇਸ ਦੀ ਸੰਪ੍ਰਦਾਇ ਦੇ ਉਦਾਸੀ ਸਾਧੂ ਮੀਹਾਂ ਸ਼ਾਹੀ ਅਤੇ ਮੀਹਾਂ ਦਾਸੀਏ ਅਖਵਾਂਦੇ ਹਨ। ਪਟਿਆਲੇ ਵਿਚ ਬਾਵਾ ਮਗਨੀ ਰਾਮ ਜੀ ਦਾ, ਲਖਨਊ ਵਿਚ ਬਾਵਾ ਗੁਰ ਨਰਾਇਣ ਜੀ ਦਾ ਅਤੇ ਸਿੰਧ ਵਿਚ ਸਾਧ ਬੇਲਾ ਮੀਹਾਂ ਸ਼ਾਹੀਆਂ ਦੇ ਪਵਿੱਤਰ ਅਸਥਾਨ ਹਨ।

### *ਕੁਰਖੇਤ੍ਰ*

ਧਮਧਾਣ ਤੋਂ ਸਤਿਗੁਰੂ ਜੀ ਪਿੰਡ ਖਰਕ, ਖਟਕੜ, ਟੇਕ ਹੁੰਦੇ ਹੋਏ ਕੈਂਥਲ ਅੱਪੜੇ। ਇਥੋਂ ਚੱਲ ਕੇ ਬਾਰਨੇ ਪਿੰਡ, ਤੇ ਬਾਰਨੇ ਤੋਂ ਥਨੇਸਰ ਸ਼ਹਿਰ ਪਹੁੰਚੇ। ਲੋਕਾਂ ਨੂੰ ਚੋਰੀ, ਗੋਰ-ਗੁੱਗੇ ਦੀ ਪੂਜਾ ਅਤੇ ਤਮਾਕੂ ਪੀਣ ਤੋਂ ਵਰਜ ਕੇ ਖ਼ਲਕਤ

ਦੀ ਸੇਵਾ ਤੇ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿੱਤਾ। ਭਾਰਤ ਵਿਚ ਤਮਾਕੂ ਪੀਣ ਦੀ ਮੰਦੀ ਬਾਣ ਬਹੁਤ ਵਧ ਰਹੀ ਸੀ। ਇਸ ਦੇਸ ਵਿਚ ਇਹ ਚੀਜ਼ ਅਜੇ ਨਵੀਂ ਨਵੀਂ ਹੀ ਆਈ ਸੀ, ਸਸਤੀ ਭੀ ਸੀ। ਇਸ ਵਾਸਤੇ ਲੋਕ ਇਸ ਨੂੰ ਬਹੁਤ ਵਰਤਣ ਲੱਗ ਪਏ ਸਨ। ਹੋਰ ਨਸ਼ਿਆਂ ਤੋਂ ਇਲਾਵਾ ਇਸ ਨਵੀਂ ਵਧ ਰਹੀ ਬੁਰਾਈ ਨੂੰ ਰੋਕਣ ਦਾ ਖ਼ਾਸ ਜਤਨ ਕਰਨਾ ਪਿਆ।

ਗੁਰੂ ਨਾਨਕ ਦੇਵ ਜੀ ਭੀ ਪਹਿਲੀ 'ਉਦਾਸੀ' ਸਮੇ ਥਨੇਸਰ ਆਏ ਸਨ। ਸੂਰਜ-ਗ੍ਰਹਿਣ ਦੇ ਮੌਕੇ 'ਤੇ ਕੁਰਖੇਤ੍ਰ ਲੱਖਾਂ ਹਿੰਦੂ ਜਾਤਰੂ ਆਉਂਦੇ ਹਨ। ਸਤਿਗੁਰੂ ਜੀ ਗ੍ਰਹਿਣ ਸਮੇ ਹੀ ਪਹੁੰਚੇ ਸਨ। ਗੁਰੂ ਤੇਗ ਬਹਾਦਰ ਸਾਹਿਬ ਭੀ ਸੂਰਜ-ਗ੍ਰਹਿਣ ਦੇ ਮੌਕੇ 'ਤੇ ਹੀ ਗਏ, ਅਤੇ ਗੁਰੂ ਨਾਨਕ ਦੇਵ ਜੀ ਦਾ ਜੀਵਨ-ਰਸਤਾ ਲੋਕਾਂ ਨੂੰ ਮੁੜ ਸਮਝਾਇਓ ਨੇ।

ਥਨੇਸਰ ਤੋਂ ਬਨੀ ਬਦਰ, ਕੜਾ ਮਾਣਕਪੁਰ ਪਹੁੰਚੇ। ਕੜੇ ਮਾਣਕਪੁਰ ਇਕ ਜੋਗੀਰਾਜ ਮਲੂਕਦਾਸ ਰਹਿੰਦਾ ਸੀ। ਪੰਜ ਦਿਨ ਉਸ ਦੇ ਪਾਸ ਰਹੇ, ਉਹ ਸ਼ਰਧਾਵਾਨ ਬਣਿਆ।

# ਚੌਥਾ ਕਾਂਡ

## ਉੱਤਰ ਪ੍ਰਦੇਸ਼ (ਮਥਰਾ, ਕਾਨਪੁਰ, ਪ੍ਰਾਗ, ਕਾਂਸ਼ੀ)

ਕੜੇ ਮਾਣਕਪੁਰ ਤੋਂ ਸਤਿਗੁਰੂ ਜੀ ਸਾਰੇ ਸਾਥ ਸਮੇਤ ਮਥਰਾ ਪਹੁੰਚੇ। ਮਥਰਾ ਤੋਂ ਸ਼ਹਿਰ ਆਗਰੇ ਗਏ। ਉਥੇ ਮਾਈ ਥਾਨ ਦੇ ਕੋਲ ਇਸ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਇਥੋਂ ਨਗਰ ਅਟਾਵਾ ਹੁੰਦੇ ਹੋਏ ਕਾਨਪੁਰ ਗਏ। ਗੰਗਾ ਦੇ ਕੰਢੇ ਡੇਰਾ ਕੀਤਾ, ਉਥੇ ਹੁਣ ਇਕ ਗੁਰਦੁਆਰਾ ਹੈ। ਕਾਨਪੁਰ ਤੋਂ ਗੁਰੂ ਤੇਗ ਬਹਾਦਰ ਸਾਹਿਬ ਅਲਾਹਾਬਾਦ (ਪ੍ਰਯਾਗ) ਪਹੁੰਚੇ। ਅਹੀਆਪੁਰ ਦੇ ਮਹੱਲੇ ਵਿਚ ਡੇਰਾ ਕੀਤੋ ਨੇ। ਉਥੇ ਹੁਣ ਇਕ 'ਪੱਕੀ ਸੰਗਤਿ' (ਗੁਰਦੁਆਰਾ) ਹੈ। ਪ੍ਰਯਾਗ ਹਿੰਦੂਆਂ ਦਾ ਭਾਰਾ ਤੀਰਥ ਹੈ। ਉਥੇ ਤਿੰਨ ਨਦੀਆਂ ਮਿਲਦੀਆਂ ਹਨ, ਲੋਕ ਉਸ ਤ੍ਰਿਬੇਣੀ ਵਿਚ ਇਸ਼ਨਾਨ ਕਰਨ ਨੂੰ ਬੜਾ ਮਹਾਤਮ ਸਮਝਦੇ ਹਨ। ਸਤਿਗੁਰੂ ਜੀ ਨੇ ਉਥੇ ਆਏ ਜਾਤਰੂਆਂ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਰਾਹੀਂ ਸਮਝਾਇਆ ਕਿ ਸਭ ਤੋਂ ਸ੍ਰੇਸ਼ਟ ਤੀਰਥ ਸਾਧ ਸੰਗਤ ਹੈ, ਸਤਸੰਗ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਕੀਤਿਆਂ ਪ੍ਰਭੂ ਨਾਲ ਮੇਲ ਹੁੰਦਾ ਹੈ, ਪ੍ਰਭੂ-ਮਿਲਾਪ ਹੀ ਪੂਰਾ ਇਸ਼ਨਾਨ ਹੈ।

ਪ੍ਰਯਾਗ ਤੋਂ ਚੱਲ ਕੇ ਮਿਰਜ਼ਾਪੁਰ ਗਏ, ਗੰਗਾ ਦੇ ਕੰਢੇ ਡੇਰਾ ਕੀਤਾ, ਜਿਥੇ ਹੁਣ ਗੁਰੂ ਕੀ ਸੰਗਤਿ[੧] ਹੈ। ਇਥੋਂ ਕਾਂਸ਼ੀ ਪਹੁੰਚੇ। ਰੇਸ਼ਮ ਦੇ ਮਹੱਲੇ ਟਿਕਾਣਾ ਕੀਤਾ, ਉਥੇ ਗੁਰਦੁਆਰਾ ਹੈ। ਭਾਈ ਗੁਰਦਾਸ ਜੀ ਦੇ ਉੱਦਮ ਨਾਲ ਉਥੇ ਅਨੇਕਾਂ ਸਿਖ ਗੁਰੂ-ਘਰ ਦੇ ਸ਼ਰਧਾਲੂ ਸਨ। ਕਾਂਸ਼ੀ ਤੋਂ ਚਾਲੀ ਕੁ ਮੀਲਾਂ ਦੀ ਵਿੱਥ 'ਤੇ ਨਗਰ ਜੌਨਪੁਰ ਹੈ। ਜੌਨਪੁਰ ਦੇ ਸਿਖ ਦਰਸ਼ਨ ਕਰਨ ਲਈ ਆਏ।

## ਬਿਹਾਰ ਪ੍ਰਾਂਤ (ਸਸਰਾਮ, ਗਯਾ, ਪਟਨਾ, ਮੁੰਗੇਰ)

ਕਾਂਸ਼ੀ ਤੋਂ ਪੂਰਬ ਪਾਸੇ ਪੰਜਤਾਲੀ ਕੁ ਮੀਲਾਂ ਦੀ ਵਿੱਥ 'ਤੇ ਨਗਰ ਸਸਰਾਮ

---

੧. ਉਧਰ ਲੋਕ ਗੁਰਦੁਆਰੇ ਧਰਮਸਾਲ ਨੂੰ 'ਸੰਗਤਿ' ਆਖਦੇ ਹਨ।



Page 320 www.sikhbookclub.com

ਹੈ। ਹਮਾਯੂੰ ਨੂੰ ਭਾਂਜ ਦੇਣ ਵਾਲਾ ਸ਼ੇਰਸ਼ਾਹ ਸਸਰਾਮ ਦਾ ਹੀ ਜੰਮਿਆ ਪਲਿਆ ਸੀ। ਗੁਰੂ ਤੇਗ ਬਹਾਦਰ ਸਾਹਿਬ ਕਾਂਸ਼ੀ ਤੋਂ ਚੱਲ ਕੇ ਸ਼ਹਿਰ ਸਸਰਾਮ ਪਹੁੰਚੇ। ਭਾਈ ਫੱਗੋ ਮਸੰਦ ਦੇ ਉੱਦਮ ਨਾਲ ਉਥੇ ਅਗਰੈਰੀ ਬਾਣੀਏ ਬਹੁਤ ਗਿਣਤੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਿਖ ਚਲੇ ਆ ਰਹੇ ਸਨ। ਉਹਨਾਂ ਦੀ ਔਲਾਦ ਵਿਚੋਂ ਕਲਕੱਤੇ ਵਿਚ ਬੜੇ ਬੜੇ ਸ਼ਾਹੂਕਾਰ ਹਨ। ਗੁਰਦੁਆਰਾ ਬੜੀ ਸਿਖ ਸੰਗਤਿ ਅਤੇ ਛੋਟੀ ਸਿਖ ਸੰਗਤਿ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ਹਨ। ਪਰ ਪਰਚਾਰ ਦੀ ਘਾਟ ਦੇ ਕਾਰਨ ਬਹੁਤਿਆਂ ਨੇ ਜਨੇਊ ਭੀ ਪਾਏ ਹੋਏ ਹਨ ਤੇ ਕੇਸਾਧਾਰੀ ਭੀ ਹਨ।

***ਗਯਾ***

ਸਸਰਾਮ ਤੋਂ ਪੰਜਾਹ ਕੁ ਮੀਲਾਂ ਦੀ ਵਿੱਥ 'ਤੇ ਪੂਰਬ ਵਲ ਹਿੰਦੂਆਂ ਦਾ ਪਰਸਿੱਧ ਤੀਰਥ-ਅਸਥਾਨ ਗਯਾ ਹੈ। ਹਿੰਦੂ ਲੋਕ ਇਥੇ ਆ ਕੇ ਪਿੱਤਰਾਂ ਨਮਿੱਤ ਪਿੰਡ ਭਰਾਂਦੇ ਹਨ। ਜਵਾਂ ਦੇ ਆਟੇ ਦੇ ਪੇੜੇ ਬਣਾਏ ਜਾਂਦੇ ਹਨ, ਬ੍ਰਾਹਮਣ ਮੰਤ੍ਰ ਆਦਿਕ ਪੜ੍ਹਦਾ ਹੈ, ਉਹ ਆਟਾ ਫਿਰ ਮੱਛੀਆਂ ਆਦਿਕ ਨੂੰ ਪਾ ਦਿੱਤਾ ਜਾਂਦਾ ਹੈ। ਪਿੰਡ ਭਰਾਣ ਵਾਲਾ ਆਦਮੀ ਸਮਝਦਾ ਹੈ ਕਿ ਇਹ ਖ਼ੁਰਾਕ ਮਰ ਚੁਕੇ ਸੰਬੰਧੀਆਂ ਨੂੰ ਪਿੱਤਰ-ਲੋਕ ਵਿਚ ਪਹੁੰਚ ਗਈ ਹੈ। ਗੁਰੂ ਨਾਨਕ ਦੇਵ ਜੀ ਭੀ ਇਥੇ ਆਏ ਸਨ। ਉਹਨਾਂ ਇਸ ਤੀਰਥ 'ਤੇ ਪਿੰਡ ਭਰਾਣ ਆਏ ਲੋਕਾਂ ਨੂੰ ਸਮਝਾਇਆ ਸੀ ਕਿ ਅਕਾਲ ਪੁਰਖ ਦਾ ਨਾਮ ਹੀ ਜੀਵਾਤਮਾ ਨੂੰ ਚਾਨਣ ਦੇਣ ਵਾਲਾ ਹੈ, ਇਹੀ ਜਿੰਦ ਦੀ ਖ਼ੁਰਾਕ ਹੈ। ਗੁਰੂ ਤੇਗ ਬਹਾਦਰ ਸਾਹਿਬ ਭੀ ਜਦੋਂ ਗਯਾ ਪਹੁੰਚੇ, ਤਾਂ ਉਥੋਂ ਦੇ ਪਾਂਡਿਆਂ ਨੇ ਇਹਨਾਂ ਨੂੰ ਭੀ ਪਿੱਤਰਾਂ ਨਮਿੱਤ ਪਿੰਡ ਭਰਾਣ ਲਈ ਪ੍ਰੇਰਿਆ, ਪਰ ਇਹਨਾਂ ਭੀ ਗੁਰੂ ਨਾਨਕ ਦੇਵ ਜੀ ਵਾਲਾ ਉੱਤਰ ਹੀ ਦਿੱਤਾ।

***ਪਟਨਾ***

ਸ਼ਹਿਰ ਪਟਨਾ ਗਯਾ ਤੋਂ ਠੀਕ ਉੱਤਰ ਵਲ ਚਾਲੀ ਕੁ ਮੀਲਾਂ ਦੀ ਵਿੱਥ 'ਤੇ ਹੈ। ਰੇਲਵੇ ਸਟੇਸ਼ਨ ਮੁਗ਼ਲਸਰਾਇ (ਜੋ ਬਨਾਰਸ ਤੋਂ ਥੋੜਾ ਹੀ ਅਗਾਂਹ ਹੈ) ਤੋਂ ਪੂਰਬ ਨੂੰ ਜਾਣ ਵਾਲੀਆਂ ਦੋ ਲਾਈਨਾਂ ਹੋ ਜਾਂਦੀਆਂ ਹਨ। ਉੱਤਰੀ ਲਾਈਨ ਪਟਨੇ ਦੇ ਰਸਤੇ ਲੰਘਦੀ ਹੈ ਅਤੇ ਦੱਖਣੀ ਲਾਈਨ ਗਯਾ ਦੇ ਰਸਤੇ। ਦੋਵੇਂ ਲਾਈਨਾਂ ਅਗਾਂਹ ਜਾ ਕੇ ਸਟੇਸ਼ਨ ਲੱਖੀ-ਸਰਾਇ ਉਤੇ ਫਿਰ ਮਿਲ ਜਾਂਦੀਆਂ ਹਨ।

ਗਯਾ ਤੋਂ ਗੁਰੂ ਤੇਗ ਬਹਾਦਰ ਸਾਹਿਬ ਉੱਤਰ ਵਲ ਰੁਖ਼ ਕਰ ਕੇ ਪਟਨੇ ਗਏ। ਪਹਿਲੀ 'ਉਦਾਸੀ' ਸਮੇ ਗੁਰੂ ਨਾਨਕ ਦੇਵ ਜੀ ਪਟਨੇ ਚਾਰ ਮਹੀਨੇ ਠਹਿਰੇ ਸਨ। ਸਾਲਸ ਰਾਇ ਜੌਹਰੀ ਅਤੇ ਉਸ ਦਾ ਨੌਕਰ ਅਧਰਕਾ ਸਿਖ ਬਣੇ ਸਨ। ਇਥੇ ਸਿਖ-ਧਰਮ ਦੇ ਪਰਚਾਰ ਦਾ ਕੇਂਦਰ ਭੀ ਥਾਪਿਆ ਗਿਆ ਸੀ।

ਗੁਰੂ ਤੇਗ ਬਹਾਦਰ ਸਾਹਿਬ ਪਹਿਲਾਂ ਸ਼ਹਿਰ ਤੋਂ ਬਾਹਰ ਇਕ ਬਾਗ਼ ਵਿਚ ਉਤਰੇ, ਇਕ ਇੰਬਲੀ ਦੇ ਰੁੱਖ ਹੇਠ। ਹੁਣ ਤਕ ਉਹ ਥਾਂ 'ਗੁਰੂ ਕਾ ਬਾਗ' ਸਦਾਉਂਦਾ ਹੈ। ਫਿਰ ਉਥੋਂ ਦਾ ਪਰਸਿੱਧ ਸ਼ਰਧਾਲੂ ਸਿਖ ਭਾਈ ਜੈਤਾ, ਜੋ ਹਲਵਾਈ ਦਾ ਕੰਮ ਕਰਦਾ ਸੀ, ਉਹਨਾਂ ਨੂੰ ਆਪਣੇ ਘਰ ਲੈ ਗਿਆ। ਕੁਝ ਦਿਨ ਸਤਿਗੁਰੂ ਜੀ ਪਟਨੇ ਵਿਚ ਟਿਕੇ। ਫਿਰ ਪਰਵਾਰ ਨੂੰ ਇੱਥੇ ਛੱਡ ਕੇ ਆਪ ਅਗਾਂਹ ਆਸਾਮ ਵੱਲ ਚੱਲ ਪਏ।

### *ਮੁੰਗੇਰ*

ਬਿਹਾਰ ਪ੍ਰਾਂਤ ਦੇ ਵਿਚ ਹੀ ਪਟਨੇ ਤੋਂ ਸੱਤਰ-ਅੱਸੀ ਮੀਲਾਂ ਦੀ ਵਿੱਥ 'ਤੇ ਮੁੰਗੇਰ ਸ਼ਹਿਰ ਹੈ, ਗੰਗਾ ਦੇ ਕੰਢੇ 'ਤੇ। ਸਤਿਗੁਰੂ ਜੀ ਪਟਨੇ ਤੋਂ ਉਥੇ ਪਹੁੰਚੇ। ਅਗਾਂਹ ਪੂਰਬ ਵਲ ਨਗਰ ਭਾਗਲਪੁਰ ਗਏ, ਜੋ ਮੁੰਗੇਰ ਤੋਂ ਪੰਝੀ ਕੁ ਮੀਲਾਂ 'ਤੇ ਹੈ। ਇਥੋਂ ਰਾਜ ਮਹਲ ਪਹੁੰਚੇ। ਰਾਜ ਮਹਲ ਭਾਗਲਪੁਰ ਤੋਂ ਪੂਰਬ ਵਲ ਚਾਲੀ ਕੁ ਮੀਲਾਂ ਦੀ ਵਿੱਥ 'ਤੇ ਹੈ।

### ਬੰਗਾਲ ਪ੍ਰਾਂਤ

ਅਗਾਂਹ ਬੰਗਾਲ ਪ੍ਰਾਂਤ ਦੀ ਹੱਦ ਆ ਗਈ। ਸਤਿਗੁਰੂ ਜੀ ਨੇ ਨਗਰ ਮਾਲਦਾ ਵਿਚ ਡੇਰਾ ਜਾ ਕੀਤਾ। ਇਥੋਂ ਦੱਖਣ ਵੱਲ ਦਾ ਰੁਖ਼ ਕਰ ਕੇ ਪੰਜਾਹ ਕੁ ਮੀਲਾਂ 'ਤੇ ਮੁਰਸ਼ਿਦਾਬਾਦ ਪਹੁੰਚੇ। ਇਸ ਸਾਰੇ ਇਲਾਕੇ ਵਿਚ ਰੇਸ਼ਮ ਦੀ ਘਰੇਲੂ ਦਸਤਕਾਰੀ ਬਹੁਤ ਸੀ। ਰੇਸ਼ਮ ਬੋਣੇ ਬਹੁਤ ਲੋਕ ਗੁਰੂ-ਘਰ ਦੇ ਸ਼ਰਧਾਲੂ ਸਨ।

### ਢਾਕਾ

ਮੁਰਸ਼ਿਦਾਬਾਦ ਤੋਂ ਸਵਾ ਕੁ ਸੌ ਮੀਲ ਪੂਰਬ ਵੱਲ ਪੂਰਬੀ ਬੰਗਾਲ ਦਾ ਵੱਡਾ ਉੱਘਾ ਸ਼ਹਿਰ ਢਾਕਾ ਹੈ। ਗੁਰੂ ਨਾਨਕ ਦੇਵ ਜੀ ਭੀ ਪਹਿਲੀ 'ਉਦਾਸੀ' ਸਮੇ ਉਥੇ ਗਏ ਸਨ। ਢਾਕੇ ਦੀ ਬਰੀਕ ਮਲਮਲ ਤੇ ਰੇਸ਼ਮੀ ਕੱਪੜੇ ਦੀ ਦਸਤਕਾਰੀ ਸਾਰੇ ਭਾਰਤ ਵਿਚ ਪਰਸਿੱਧ ਸੀ। ਗੁਰੂ ਨਾਨਕ ਦੇਵ ਜੀ ਨੇ ਬੰਗਾਲ



 www.sikhbookclub.com

ਵਿਚ ਪਰਚਾਰ ਕਰਨ ਲਈ ਢਾਕੇ ਨੂੰ ਕੇਂਦਰ ਥਾਪਿਆ ਸੀ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਢਾਕੇ ਪਹੁੰਚੇ ਤਦੋਂ ਭਾਈ ਬਲਾਕੀ ਦਾਸ ਮਸੰਦ ਪਰਚਾਰਕ ਸੀ। ਆਸਾਮ ਤੇ ਬੰਗਾਲ ਵਿਚ ਸਿਖ-ਧਰਮ ਦਾ ਪਰਚਾਰ ਕਰਨ ਲਈ ਢਾਕਾ ਇਕ ਉੱਘਾ ਕੇਂਦਰੀ ਅਸਥਾਨ ਸੀ।

ਸਤਿਗੁਰੂ ਜੀ ਅਜੇ ਢਾਕੇ ਵਿਚ ਹੀ ਸਨ, ਜਦੋਂ ਪਟਨੇ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ੨੬ ਦਸੰਬਰ ਸੰਨ ੧੬੬੬ ਨੂੰ ਜਨਮ ਲੈਣ ਦੀ ਖ਼ਬਰ ਆਈ। ਗੁਰੂ ਤੇਗ ਬਹਾਦਰ ਸਾਹਿਬ ਨੇ ਪਟਨੇ ਦੀ ਸੰਗਤ ਨੂੰ ਧੰਨਵਾਦ ਦੀ ਚਿੱਠੀ ਲਿਖੀ ਕਿ ਸੰਗਤ ਨੇ ਉਹਨਾਂ ਦੇ ਪਰਵਾਰ ਦੀ ਸੇਵਾ ਆਦਿਕ ਦਾ ਪੂਰਾ ਧਿਆਨ ਰੱਖਿਆ। ਅਗਾਂਹ ਨੂੰ ਭੀ ਅਜੇ ਧਿਆਨ ਰੱਖਣ ਦੀ ਤਾਕੀਦ ਲਿਖੀ ਅਤੇ ਆਪ ਢਾਕੇ ਤੋਂ ਆਸਾਮ ਪ੍ਰਾਂਤ ਵੱਲ ਚੱਲ ਪਏ।



 www.sikhbookclub.com

# ਪੰਜਵਾਂ ਕਾਂਡ

## ਆਸਾਮ ਪ੍ਰਾਂਤ ਦੀ ਭੂਗੋਲਿਕ ਜਾਣ-ਪਛਾਣ

ਨਕਸ਼ੇ ਤੋਂ ਵੇਖੋ। ਆਸਾਮ ਇਕ ਤਿਕੋਨ ਜਿਹੀ ਸ਼ਕਲ ਵਾਲਾ ਪ੍ਰਾਂਤ ਹੈ। ਇਸ ਲਈ ਉਪਰਲੀ ਬਾਹੀ ਹਿਮਾਲਾ ਪਰਬਤ ਦੇ ਨਾਲ ਨਾਲ ਸ਼ਹਿਰ 'ਸਦੀਆ' ਤੋਂ ਲੈ ਕੇ ਸਿੱਧੀ ਪੱਛਮ ਵਲ ਚਾਰ ਸੌ ਮੀਲਾਂ ਤਕ 'ਕੂਚ ਬਿਹਾਰ' 'ਤੇ ਆ ਮੁੱਕਦੀ ਹੈ। ਬਾਕੀ ਦੋਵੇਂ ਤਿਰਛੀਆਂ ਬਾਹੀਆਂ 'ਸਦੀਆ' ਤੋਂ ਅਤੇ 'ਕੂਚ ਬਿਹਾਰ' ਤੋਂ ਚੱਲ ਕੇ ਲੋਸ਼ਾਈ ਪਹਾੜੀਆਂ ਦੇ ਹੇਠ-ਵਾਰ ਮਿਲ ਕੇ ਨੁੱਕਰ ਬਣਾ ਦੇਂਦੀਆਂ ਹਨ।

ਆਸਾਮ ਦੇ ੧੩ ਜ਼ਿਲੇ ਹਨ—ਸਦੀਆ, ਲਖੀਮਪੁਰ (ਡਿਬਰੂਗੜ੍ਹ), ਦਰਾਂਗ, ਤੇਜਪੁਰ, ਕਾਮਰੂਪ (ਗੋਹਾਟੀ) ਅਤੇ ਗੁਆਲਪਾੜਾ—ਇਹ ਛੇ ਜ਼ਿਲੇ ਉੱਪਰਲੀ ਬਾਹੀ ਦੇ ਨਾਲ ਨਾਲ ਹਨ। ਸਦੀਆ ਧੁਰ ਪੂਰਬ ਦੀ ਗੁੱਠੇ ਹੈ ਅਤੇ ਗੁਆਲਪਾੜਾ ਕੂਚ ਬਿਹਾਰ ਦੇ ਨਾਲ-ਲਗਵਾਂ ਹੈ। ਬਾਕੀ ਦੇ ਸੱਤ ਜ਼ਿਲੇ ਦੂਜੀਆਂ ਬਾਹੀਆਂ ਦੇ ਨਾਲ ਹਨ।

### ਦਰਿਆ ਬ੍ਰਹਮ ਪੁੱਤਰ

ਹਿਮਾਲਾ ਪਰਬਤ ਦੀ ਹਜ਼ਾਰਾਂ ਮੀਲ ਲੰਮੀ ਧਾਰਾ ਭਾਰਤ ਦੀ ਧੁਰ ਉੱਤਰ-ਪੂਰਬੀ ਗੁੱਠ ਵਲ ਜਾ ਕੇ ਪਾਟਦੀ ਹੈ, ਜਿਥੋਂ ਦੀ ਤਿੱਬਤ ਦੀਆਂ ਉੱਚੀਆਂ ਪਰਬਤੀ ਪੱਧਰਾਂ ਦੇ ਪਾਣੀ ਵਹਿ ਕੇ ਹਿੰਦੁਸਤਾਨ ਵਿਚ ਦਾਖ਼ਲ ਹੁੰਦੇ ਹਨ। ਇਹਨਾਂ ਦੇ ਹੇਠਲੇ ਪਾਸੇ ਗਾਰੋ, ਖਾਸੀ, ਜੈਂਤੀਆ ਅਤੇ ਨਾਗਾ ਪਹਾੜੀਆਂ ਦੀ ਕੰਧ ਦੀ ਕੰਧ ਬਣੀ ਹੋਈ ਹੈ, ਜੋ ਪਾਣੀ ਦੇ ਉਹਨਾਂ ਹੜ੍ਹਾਂ ਨੂੰ ਦੱਖਣ ਵਲ ਨਹੀਂ ਲੰਘਣ ਦੇਂਦੀ। ਉਹ ਅਸਗਾਹ ਪਾਣੀ ਡੂੰਘੀ ਚੌੜੀ ਨਦੀ ਦੀ ਸ਼ਕਲ ਵਿਚ 'ਸਦੀਆ' ਤੋਂ ਸ਼ਹਿਰ ਧੂਬਰੀ ਤਕ ਚਾਰ ਸੌ ਮੀਲ ਲਹਿੰਦੇ ਵਲ ਵਹਿੰਦਾ ਜਾਂਦਾ ਹੈ, ਅਤੇ ਧੂਬਰੀ ਤੋਂ ਸਿੱਧਾ ਦੱਖਣ ਵਲ ਪੈ ਕੇ ਗੋਲੁੰਡੋ ਦੇ ਪਾਸ ਦਰਿਆ ਗੰਗਾ ਵਿਚ ਆ ਰਲਦਾ ਹੈ। ਇਹ ਹੈ ਦਰਿਆ ਬ੍ਰਹਮ ਪੁੱਤਰ।


www.sikhbookclub.com

## ਹੋਰ ਨਦੀਆਂ

ਹਿਮਾਲਾ ਪਰਬਤ ਦੀਆਂ ਬੇਅੰਤ ਬਾਰਸ਼ਾਂ ਦੇ ਕਾਰਨ ਮੀਂਹ ਦਾ ਅਸਗਾਹ ਪਾਣੀ ਪਰਬਤ ਤੋਂ ਹੇਠ-ਵਾਰ ਆਸਾਮ ਵਲ ਕਈ ਡੂੰਘੀਆਂ ਪਹਾੜੀ ਨਦੀਆਂ ਬਣਾਂਦਾ ਆਉਂਦਾ ਹੈ। ਬ੍ਰਹਮ ਪੁੱਤਰ ਦੇ ਉੱਤਰੀ ਪਾਸੇ ਭੀ ਆਸਾਮ ਪ੍ਰਾਂਤ ਦਾ ਬਹੁਤ ਸਾਰਾ ਹਿੱਸਾ ਹੈ। ਇਹ ਹਿੱਸਾ ਹਿਮਾਲਾ ਪਰਬਤ ਵਲੋਂ ਆਉਣ ਵਾਲੀਆਂ ਨਦੀਆਂ ਨੇ ਕਈ ਹਿੱਸਿਆਂ ਵਿਚ ਕੱਟ ਦਿੱਤਾ ਹੈ। ਉਹਨਾਂ ਵਿਚੋਂ ਮਸ਼ਹੂਰ ਨਦੀਆਂ ਇਹ ਹਨ—(ਪੂਰਬ ਵਲੋਂ ਸ਼ੁਰੂ ਕਰ ਕੇ) ਭੜਾਲੀ ਬਾੜ ਨਦੀ, ਮੋਨਾਸ ਅਤੇ ਸੂਨ ਕੋਸ਼ੀ। ਦਰਿਆ ਸੂਨ ਕੋਸ਼ੀ ਤੋਂ ਲਹਿੰਦੇ ਪਾਸੇ ਕੂਚ ਬਿਹਾਰ ਹੈ ਅਤੇ ਚੜ੍ਹਦੇ ਪਾਸੇ ਆਸਾਮ।

## ਬਰਮਾ ਦੀ ਹੱਦ

ਆਸਾਮ ਦੇ ਪੂਰਬ ਵਲ ਬਰਮਾ ਦੇਸ ਹੈ। ਦੋਹਾਂ ਦੇ ਵਿਚਕਾਰ ਨਾਗਾ ਪਹਾੜੀਆਂ ਅਤੇ ਪਟਕੋਈ ਪਹਾੜੀਆਂ ਦੀ ਕੁਦਰਤੀ ਹੱਦ ਹੈ।

## ਆਸਾਮ ਦੀ ਕੁਦਰਤੀ ਰਾਖੀ

ਆਸਾਮ ਦੇ ਉੱਤਰ ਪੂਰਬ ਅਤੇ ਦੱਖਣ ਵਲ ਪਹਾੜ ਹੀ ਪਹਾੜ ਹਨ। ਇਹਨਾਂ ਦੇ ਪੈਰਾਂ ਵਿਚ ਜਾਂਗਲੀ ਕਬੀਲੇ ਵੱਸਦੇ ਹਨ। ਇਹਨਾਂ ਪਾਸਿਆਂ ਤੋਂ ਆਸਾਮ ਉਤੇ ਕੋਈ ਵੈਰੀ-ਦੇਸ ਚੜ੍ਹਾਈ ਨਹੀਂ ਸੀ ਕਰ ਸਕਦਾ। ਪੱਛਮੀ ਪਾਸਾ ਢਲਦਾ ਢਲਦਾ ਉੱਤਰੀ ਬੰਗਾਲ ਦੇ ਮੈਦਾਨਾਂ ਨਾਲ ਪੱਧਰਾ ਹੋ ਕੇ ਜਾ ਮਿਲਦਾ ਹੈ। ਪਹਿਲੀ ਹੀ ਨਾਲ-ਲਗਵੀਂ ਰਿਆਸਤ ਕੂਚ ਬਿਹਾਰ ਹੈ। ਇਹੀ ਪਾਸਾ ਹੈ, ਜਿਥੋਂ ਦੀ ਬ੍ਰਹਮ ਪੁੱਤਰ ਦੇ ਉੱਤਰੀ ਆਸਾਮ ਉਤੇ ਹਮਲੇ ਹੁੰਦੇ ਰਹੇ ਹਨ।

ਆਸਾਮ ਉੱਤੇ ਹਮਲਾ ਕਰਨ ਦਾ ਇਕ ਹੋਰ ਪਾਸਾ ਭੀ ਹੈ, ਜੋ ਕਦੇ ਕਦੇ ਕਿਸੇ ਮਨਚਲੇ ਨੇ ਹੀ ਵਰਤਿਆ ਹੈ, ਉਹ ਹੈ ਪੂਰਬੀ ਬੰਗਾਲ ਦੇ ਪਰਸਿੱਧ ਸ਼ਹਿਰ ਢਾਕੇ ਤੋਂ। ਬ੍ਰਹਮ ਪੁੱਤਰ ਦੀ ਖੱਬੀ ਬਾਹੀ ਦੇ ਨਾਲ ਨਾਲ ਗਾਰੋ ਪਹਾੜੀਆਂ ਦਾ ਪੱਛਮੀ ਪਾਸਾ ਲੰਘ ਕੇ ਢਾਕੇ ਪਹੁੰਚੀਦਾ ਹੈ। ਪਰ ਇਸ ਪਾਸੇ ਵਲੋਂ ਦੱਖਣੀ ਆਸਾਮ ਉੱਤੇ ਹਮਲਾ ਕਰਨਾ, ਹੈ ਬੜਾ ਖ਼ਤਰਨਾਕ। ਜੰਗੀ ਬੇੜੀਆਂ ਦੀ ਮਦਦ ਨਾਲ ਹੀ ਇਹ ਮੁਹਿੰਮ ਅਰੰਭੀ ਜਾ ਸਕਦੀ ਹੈ। ਜੇ ਦਰਿਆ ਬ੍ਰਹਮ ਪੁੱਤਰ ਦਾ ਕਬਜ਼ਾ ਖੁੱਸ ਜਾਏ ਤਾਂ ਉਤਲੇ ਪਾਸਿਓਂ ਆਸਾਮੀਆਂ ਦੀ ਦਰਿਆਈ ਤਾਕਤ ਅਤੇ ਹੇਠਾਂ ਦੱਖਣੀ ਪਹਾੜੀਆਂ ਦੇ ਜਾਂਗਲੀ ਲੋਕ—ਇਹਨਾਂ ਵਿਚ ਫਸ ਕੇ ਹਮਲਾ-ਆਵਰ ਘੁਣ ਵਾਂਗ ਪਿਸ ਜਾਂਦਾ ਹੈ।



 www.sikhbookclub.com

## ਅਹੋਮੀ ਕਬੀਲਾ

ਆਸਾਮ ਦਾ ਨਕਸ਼ਾ ਵੇਖੋ। ਜ਼ਿਲਾ ਸਦੀਆ ਅਤੇ ਸਿਬ ਸਾਗਰ ਦਾ ਇਲਾਕਾ ਉੱਤਰੀ ਬਰਮਾ ਦੇ ਨਾਲ ਲਗਦਾ ਹੈ। ਦੋਹਾਂ ਨੂੰ ਪਟਕੋਈ ਪਹਾੜੀਆਂ ਨਿਖੇੜਦੀਆਂ ਹਨ। ਉੱਤਰੀ ਬਰਮਾ ਵਿਚ ਸ਼ਾਨ ਕੌਮ ਦਾ ਅਹੋਮ ਕਬੀਲਾ ਵੱਸਦਾ ਸੀ। ਤੇਰ੍ਹਵੀਂ ਸਦੀ ਵਿਚ ਇਕ ਅਹੋਮ ਸਰਦਾਰ ਕੁਝ ਮਨਚਲੇ ਸਾਥੀਆਂ ਨੂੰ ਨਾਲ ਲੈ ਕੇ ਪਟਕੋਈ ਪਹਾੜੀਆਂ ਲੰਘ ਕੇ ਬ੍ਰਹਮ ਪੁੱਤਰ ਤੋਂ ਹੇਠ-ਵਾਰ 'ਸਦੀਆ' ਦੇ ਇਲਾਕੇ ਵਿਚ ਆ ਵੱਸਿਆ। ਸਹਿਜੇ ਸਹਿਜੇ ਅਹੋਮੀਆਂ ਨੇ ਪੱਛਮ ਵਲ ਵਧਣਾ ਸ਼ੁਰੂ ਕਰ ਦਿੱਤਾ। ਸਾਰਾ ਸਿਬ ਸਾਗਰ ਆ ਮੱਲਿਓ ਨੇ। ਇਧਰ ਦੇ ਵਸਨੀਕ ਭੀ ਇਹਨਾਂ ਦੇ ਭਰਾ-ਭਾਈ ਹੀ ਸਨ। ਰਲਵੀਂ-ਤਕੜੀ ਤਾਕਤ ਬਣ ਗਈ। ਕਾਮਰੂਪ ਤਕ ਅੱਪੜ ਗਏ, ਉੱਤਰ-ਪੱਛਮ ਵਿਚ ਬਾੜ ਨਦੀ ਤਕ ਅਤੇ ਦੱਖਣ-ਪੱਛਮ ਵਿਚ ਕਲਾਂਗ ਦਰਿਆ ਤਕ। ਪਹਿਲਾਂ ਤਾਂ ਇਹ ਜਾਂਗਲੀ ਹੀ ਸਨ, ਪਰ ਕੂਚ-ਬਿਹਾਰ ਨਾਲ ਨਾਤੇ-ਰਿਸ਼ਤੇ ਹੋਣ ਕਰਕੇ ਇਹਨਾਂ ਭੀ ਹਿੰਦੂ-ਮਤ ਗ੍ਰਹਿਣ ਕਰ ਲਿਆ। ਸ਼ੰਕਰਦੇਵ ਦੇ ਪਰਚਾਰੇ ਵੈਸ਼ਨਵ ਮਤ ਨੇ ਇਥੇ ਪੱਕੀਆਂ ਨੀਹਾਂ ਗੱਡ ਲਈਆਂ। ਅਹੋਮੀਏ ਪੱਕੇ ਹਿੰਦੂ ਬਣ ਗਏ, ਨਾਮ ਭੀ ਪੱਕੇ ਹਿੰਦੂਆਂ ਵਾਲੇ ਹੀ ਰੱਖਣ ਲੱਗ ਪਏ।

## ਅਹੋਮੀਆਂ ਅਤੇ ਮੁਗ਼ਲਾਂ ਦੀ ਨਿੱਕੀ ਜਿਹੀ ਟੱਕਰ

ਜਹਾਂਗੀਰ ਦੇ ਵੇਲੇ ਮੁਗ਼ਲ ਹਕੂਮਤ ਨੇ ਕਾਮਰੂਪ ਉਤੇ ਕਬਜ਼ਾ ਕਰ ਲਿਆ। ਕਾਮਰੂਪ ਦੇ ਇਕ ਰਾਜਕੁਮਾਰ ਨੇ ਅਹੋਮੀਆਂ ਦੀ ਸ਼ਰਨ ਜਾ ਲਈ, ਕਿਉਂਕਿ ਕਾਮਰੂਪ ਦੇ ਚੜ੍ਹਦੇ ਪਾਸੇ ਬਾੜ ਨਦੀ ਤੋਂ ਪਾਰ ਅਹੋਮੀਆਂ ਦਾ ਇਲਾਕਾ ਸੀ। ਮੁਗ਼ਲ ਹਕੂਮਤ ਨੇ ਅਹੋਮੀਆਂ ਨਾਲ ਭੀ ਜਾ ਟੱਕਰ ਲਈ। ਸ਼ਾਹ ਜਹਾਨ ਦੇ ਵੇਲੇ ਸੰਨ ੧੬੩੮ ਵਿਚ ਦੋਹੀਂ ਧਿਰੀਂ ਰਾਜ਼ੀ-ਨਾਮਾ ਹੋ ਗਿਆ, ਜਿਸ ਅਨੁਸਾਰ ਬਾੜ ਨਦੀ ਤੋਂ ਪੱਛਮ ਵਲ ਦਾ ਇਲਾਕਾ ਮੁਗ਼ਲ ਰਾਜ ਦਾ ਪੱਕਾ ਹੋ ਗਿਆ। ਇਹ ਰਾਜ਼ੀ-ਨਾਮਾ ਸੰਨ ੧੬੫੯ ਤਕ ੨੧ ਸਾਲ ਟਿਕਿਆ ਰਿਹਾ।

ਕੂਚ ਬਿਹਾਰ ਨੂੰ ਹੇਠਲੇ ਪਾਸਿਓਂ ਬੰਗਾਲ ਦੇ ਪਠਾਣ ਹਾਕਮਾਂ ਦਾ ਅਤੇ ਪੂਰਬ ਵਲੋਂ ਕਾਮਰੂਪ ਦੇ ਰਾਜਿਆਂ ਦਾ ਡਰ ਰਹਿੰਦਾ ਸੀ, ਇਸ ਵਾਸਤੇ ਉਹ ਸਦਾ ਮੁਗ਼ਲ ਸਰਕਾਰ ਦੇ ਵਫ਼ਾਦਾਰ ਰਹਿੰਦੇ ਸਨ।

ਸੰਨ ੧੬੫੭ ਵਿਚ ਜਦੋਂ ਔਰੰਗਜ਼ੇਬ ਦਾ ਭਰਾ ਸ਼ੁਜਾਹ ਫ਼ੌਜ ਲੈ ਕੇ ਬੰਗਾਲ ਵਲੋਂ ਚਲਾ ਗਿਆ, ਕੂਚ ਬਿਹਾਰ ਦੇ ਰਾਜੇ ਨੇ ਕਾਮਰੂਪ ਦੇ ਮੁਗ਼ਲ ਹਿੱਸੇ ਉਤੇ



 www.sikhbookclub.com

ਹੱਲਾ ਬੋਲ ਦਿੱਤਾ। ਉਧਰੋਂ ਅਹੋਮੀਆਂ ਨੇ ਦਰਿਆ ਕਲਾਂਗ ਉਤੇ ਪੁਲ ਬੰਨ੍ਹ ਲਿਆ, ਉਹ ਭੀ ਕਾਮਰੂਪ ਵਲ ਵਧੇ। ਗੋਹਾਟੀ (ਕਾਮਰੂਪ) ਦਾ ਫ਼ੌਜਦਾਰ ਦੁ-ਪਾਸੀਂ ਹੱਲਾ ਵੇਖ ਕੇ ਬੇੜੀਆਂ ਰਾਹੀਂ ਢਾਕੇ ਨੂੰ ਭੱਜ ਗਿਆ। ਅਹੋਮੀਆਂ ਨੇ ਸਾਰੇ ਕਾਮਰੂਪ ਉਤੇ ਹੀ ਕਬਜ਼ਾ ਕਰ ਲਿਆ। ਉਹਨਾਂ ਦੀ ਹੱਦ ਕਾਲੀ ਬਾੜੀ ਤਕ ਹੋ ਗਈ, ਜੋ ਢਾਕੇ ਤੋਂ ਸਿਰਫ਼ ਪੰਜ ਦਿਨਾਂ ਦਾ ਰਾਹ ਹੈ। ਇਹ ਜ਼ਿਕਰ ਸੰਨ ੧੬੫੮ ਦਾ ਹੈ। ਸੰਨ ੧੬੬੦ ਤਕ ਅਹੋਮੀ ਮੌਜ ਵਿਚ ਟਿਕੇ ਰਹੇ।

## ਸ਼ਾਹੀ ਫ਼ੌਜ ਦਾ ਹਮਲਾ ਅਤੇ ਦੁਰਗਤਿ

ਔਰੰਗਜ਼ੇਬ ਨੇ ਮੀਰ ਜੁਮਲਾ ਨੂੰ ਬੰਗਾਲ ਦਾ ਗਵਰਨਰ ਬਣਾ ਕੇ ਭੇਜਿਆ। ਫ਼ੌਜ ਅਤੇ ਦਰਿਆਈ ਬੇੜਾ ਲੈ ਕੇ ਮੀਰ ਜੁਮਲਾ ੧ ਨਵੰਬਰ ਸੰਨ ੧੬੬੧ ਨੂੰ ਢਾਕੇ ਤੋਂ ਚੱਲ ਪਿਆ। ਪਹਿਲਾਂ ਉਸ ਨੇ ਕੂਚ ਬਿਹਾਰ ਸਰ ਕੀਤਾ। ਫਿਰ ਆਸਾਮ ਉਤੇ ਹਮਲਾ ਕਰਨ ਲਈ ੪ ਜਨਵਰੀ ੧੬੬੨ ਨੂੰ ਮੀਰ ਜੁਮਲਾ ਰੰਗਾ-ਮਾਟੀ ਪਹੁੰਚਿਆ। ਰੰਗਾ-ਮਾਟੀ ਕਾਮਰੂਪ ਦੀ ਪੱਛਮੀ ਸਰਹੱਦ ਉਤੇ ਹੈ। ਢਾਈ ਮਹੀਨਿਆਂ ਵਿਚ ਹੀ ਮੁਗ਼ਲ ਫ਼ੌਜ ਨੇ ਅਹੋਮੀਆਂ ਤੋਂ ਸਾਰੇ ਇਲਾਕੇ ਖੋਹ ਕੇ ਉਨ੍ਹਾਂ ਦੀ ਆਪਣੀ ਰਾਜਧਾਨੀ ਗੜ੍ਹਗਾਉਂ ਨੂੰ ਭਜਾ ਦਿੱਤਾ। ਅਹੋਮੀ ਰਾਜਾ ਬਾੜ ਗੁਹੈਣ ਆਸਾਮ ਦੀ ਆਖ਼ਰੀ ਗੁੱਠੇ ਕਾਮਰੂਪ ਵਿਚ ਜਾ ਲੁਕਿਆ।

ਹੁਣ ਉਤੋਂ ਵਰਖਾ ਰੁੱਤ ਆ ਗਈ। ਅਹੋਮੀਏ ਫਿਰ ਉੱਠ ਪਏ। ਮੁਗ਼ਲ ਘੇਰੇ ਵਿਚ ਆ ਗਏ। ਅਗਸਤ ਵਿਚ ਮਲੇਰੀਆ ਤਾਪ ਟੁੱਟ ਕੇ ਆ ਪਿਆ। ਜੰਗ ਦੇ ਕਾਰਨ ਕਾਲ ਪੈ ਗਿਆ। ਸਤੰਬਰ ਦੇ ਤੀਜੇ ਹਫ਼ਤੇ ਵਿਚ ਕੁਝ ਠੰਢ-ਠੰਢੋਰਾ ਹੋਇਆ। ਜੰਗ, ਕਾਲ ਅਤੇ ਮਰੀ ਦੇ ਕਾਰਨ ਅਹੋਮੀਆਂ ਦਾ ਭੀ ਲੱਕ ਟੁੱਟ ਗਿਆ ਸੀ। ਦੋਵੇਂ ਧਿਰਾਂ ਹੰਭ ਗਈਆਂ ਸਨ। ਮੁਗ਼ਲ ਫ਼ੌਜੀ ਉਸ ਦੇਸ ਦੇ ਹੜ੍ਹਾਂ, ਭੁਚਾਲਾਂ, ਬੀਮਾਰੀਆਂ ਅਤੇ ਜਾਦੂ ਤੋਂ ਤੰਗ ਸਨ। ਦੁਵੱਲੀ ਸੁਲਹ ਦੀ ਮੰਗ ਹੋਈ। ਸ਼ਰਤਾਂ ਤੈਅ ਹੋ ਗਈਆਂ। ਇਹ ਜ਼ਿਕਰ ਜਨਵਰੀ ੧੬੬੩ ਦਾ ਹੈ।

## ਮੁਗ਼ਲਾਂ ਦੀ ਬੇ-ਕੌਲੀ

ਮੀਰ ਜੁਮਲਾ ਉਥੋਂ ਵਾਪਸੀ 'ਤੇ ਮਲੇਰੀਏ ਤਾਪ ਨਾਲ ੩੦ ਮਾਰਚ ਸੰਨ ੧੬੬੩ ਨੂੰ ਫ਼ੌਤ ਹੋ ਗਿਆ। ਉਸ ਦੇ ਪਿਛੋਂ ਸਥਾਨਕ ਮੁਗ਼ਲ ਹਾਕਮਾਂ ਨੇ ਸੁਲਹ ਦੀਆਂ ਸ਼ਰਤਾਂ ਭੰਨ ਦਿੱਤੀਆਂ। ਕੂਚ ਬਿਹਾਰ ਦੇ ਲੋਕਾਂ ਨੂੰ ਬਹੁਤ



 www.sikhbookclub.com

ਔਖਾ ਕਰਨ ਲੱਗ ਪਏ। ਆਖ਼ਰ ਕੂਚ ਬਿਹਾਰ ਮੁਗ਼ਲਾਂ ਦੇ ਹੱਥੋਂ ਨਿਕਲ ਗਿਆ। ਅਹੋਮੀ ਨਵਾਂ ਰਾਜਾ ਚੱਕ੍ਰਧ੍ਵਜ ਭੀ, ਜੋ ਨਵੰਬਰ ੧੬੬੩ ਵਿਚ ਗੱਦੀ 'ਤੇ ਬੈਠਾ ਸੀ, ਮੁਗ਼ਲ ਹਾਕਮਾਂ ਦੀ ਬਦ-ਸਲੂਕੀ ਤੋਂ ਬਹੁਤ ਤੰਗ ਆ ਗਿਆ। ਆਂਢ-ਗੁਆਂਢ ਦੇ ਛੋਟੇ ਵੱਡੇ ਸਰਦਾਰਾਂ ਨਾਲ ਮੇਲ ਕਰ ਕੇ ਅਹੋਮੀਆਂ ਨੇ ਮੁਗ਼ਲਾਂ ਦੇ ਮੱਲੇ ਹੋਏ ਆਸਾਮੀ ਇਲਾਕੇ ਉਤੇ ਹੱਲਾ ਕਰ ਦਿਤਾ। ਇਕੋ ਹੀ ਹੱਲੇ ਨਾਲ ਅਹੋਮੀ ਗੋਹਾਟੀ ਤਕ ਆ ਪਹੁੰਚੇ, ਉਹਨਾਂ ਦੀ ਹੱਦ ਮੋਨਾਸ ਦਰਿਆ ਤਕ ਆ ਪਹੁੰਚੀ। ਇਹ ਜ਼ਿਕਰ ਨਵੰਬਰ ੧੬੬੭ ਦਾ ਹੈ।

ਇਹ ਸਨ ਰਾਜਸੀ ਹਾਲਾਤ, ਜਦੋਂ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵਿਚ ਗਏ।

# ਛੇਵਾਂ ਕਾਂਡ

## ਰਾਜਾ ਰਾਮ ਸਿੰਘ ਆਸਾਮ ਨੂੰ

ਔਰੰਗਜ਼ੇਬ ਦਾ ਇਤਬਾਰੀ ਸਿਆਣਾ ਤਜਰਬੇਕਾਰ ਜਰਨੈਲ ਮੀਰ ਜੁਮਲਾ ਆਸਾਮ ਦੀ ਮੁਹਿੰਮ ਵਿਚ ੩੦ ਮਾਰਚ ੧੬੬੩ ਨੂੰ ਮਲੇਰੀਏ ਨਾਲ ਮਰ ਗਿਆ। ਉਸ ਦੀ ਮੌਤ ਮੁਗ਼ਲ ਹਕੂਮਤ ਵਾਸਤੇ ਇਕ ਕਾਰੀ ਸੱਟ ਸੀ। ਸੰਨ ੧੬੬੨ ਦੀਆਂ ਗਰਮੀਆਂ ਵਿਚ ਔਰੰਗਜ਼ੇਬ ਸਖ਼ਤ ਬੀਮਾਰ ਹੋ ਗਿਆ ਸੀ। ਉਸ ਤੋਂ ਪਿਛੋਂ ਸ਼ਾਹੀ ਹਕੀਮਾਂ ਦੇ ਮਸ਼ਵਰੇ 'ਤੇ ਉਹ ਕਸ਼ਮੀਰ ਗਿਆ, ਜਿਥੋਂ ੧੯ ਜਨਵਰੀ ਸੰਨ ੧੬੬੪ ਨੂੰ ਉਹ ਵਾਪਸ ਦਿੱਲੀ ਪਹੁੰਚਿਆ ਸੀ।

ਉੱਤਰੀ ਆਸਾਮ ਦੇ ਨਿੱਕੇ ਜਿਹੇ ਅਹੋਮ ਕਬੀਲੇ ਨੇ ਆਪਣੇ ਦੇਸ ਦੇ ਭੂਗੋਲਿਕ ਹਾਲਾਤ ਦੀ ਮਦਦ ਨਾਲ ਇਤਨੀ ਵੱਡੀ ਮੁਗ਼ਲ ਹਕੂਮਤ ਨੂੰ ਚੰਗੇ ਹੱਥ ਵਿਖਾਏ ਸਨ। ਫਿਰ ਦੋਹਾਂ ਧਿਰਾਂ ਨੇ ਜੰਗ ਦੀ ਤਬਾਹੀ ਤੋਂ ਥੱਕ-ਅੱਕ ਕੇ ਆਖ਼ਰ ਸੁਲਹ ਕਰ ਲਈ ਸੀ, ਪਰ ਸਥਾਨਕ ਮੁਗ਼ਲ ਹਾਕਮਾਂ ਦੀ ਹੈਂਕੜ ਨੇ ਇਹ ਸੁਲਹ ਬਹੁਤਾ ਚਿਰ ਟਿਕੀ ਨਾ ਰਹਿਣ ਦਿੱਤੀ। ਸੰਨ ੧੬੬੭ ਵਿਚ ਕੂਚ ਬਿਹਾਰ ਆਕੀ ਹੋ ਗਿਆ, ਅਤੇ ਅਹੋਮੀਆਂ ਨੇ ਭੀ ਦਰਿਆ ਮੁਨਾਸ ਤਕ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਉਸ ਵਕਤ ਅਹੋਮੀ ਕਬੀਲੇ ਦਾ ਰਾਜਾ ਚੱਕ੍ਰਧ੍ਵਜ ਸੀ।

ਮੁਗ਼ਲ ਸਰਦਾਰ ਮੀਰ ਜੁਮਲੇ ਦਾ ਅਤੇ ਉਸ ਦੀ ਫ਼ੌਜ ਦਾ ਹਸ਼ਰ ਸੁਣ ਵੇਖ ਚੁਕੇ ਸਨ। ਵਸੇਂ ਵਸੇਂ ਕੋਈ ਭੀ ਉਧਰ ਮੂੰਹ ਕਰਨ ਨੂੰ ਤਿਆਰ ਨਹੀਂ ਸੀ। ਔਰੰਗਜ਼ੇਬ ਨੇ ਦਸੰਬਰ ਸੰਨ ੧੬੬੭ ਵਿਚ ਮਿਰਜ਼ਾ ਰਾਜਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਨੂੰ ਆਸਾਮ ਵੱਲ ਜਾਣ ਦਾ ਹੁਕਮ ਦਿੱਤਾ, ਅਸਲ ਵਿਚ ਰਾਮ ਸਿੰਘ ਨੂੰ ਇਹ ਸਜ਼ਾ ਦਿੱਤੀ ਗਈ ਸੀ। ਸੇਵਾ ਜੀ ਆਗਰੇ ਦੇ ਕਿਲ੍ਹੇ ਵਿਚੋਂ ਨਿਕਲ ਗਿਆ ਸੀ, ਔਰੰਗਜ਼ੇਬ ਨੂੰ ਸ਼ੱਕ ਸੀ ਕਿ ਉਸ ਦੇ ਨੱਸਣ ਵਿਚ ਰਾਜਾ ਰਾਮ ਸਿੰਘ ਦਾ ਭੀ ਹੱਥ ਸੀ। ਰਾਜਾ ਰਾਮ ਸਿੰਘ ਨੂੰ ਆਪਣੇ ਹੀ ਤਨਖ਼ਾਹਦਾਰ ਚਾਰ ਹਜ਼ਾਰ ਰਾਜਪੂਤ ਲੈ ਜਾਣੇ ਪਏ ਸਨ। ਮੁਗ਼ਲ ਫ਼ੌਜ ਦੇ


www.sikhbookclub.com

ਸਿਰਫ਼ ਪੰਦਰ੍ਹਾਂ ਸੌ ਸਿਪਾਹੀ ਹੀ ਉਸ ਨੂੰ ਮਦਦ ਵਾਸਤੇ ਮਿਲੇ ਸਨ।

ਰਾਜਾ ਰਾਮ ਸਿੰਘ ਬੜੇ ਟੁੱਟੇ ਹੋਏ ਦਿਲ ਨਾਲ ਆਸਾਮ ਵੱਲ ਆ ਰਿਹਾ ਸੀ। ਪਰ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵਿਚ ਗਏ ਹੋਏ ਹਨ, ਤਾਂ ਉਸ ਨੂੰ ਕੁਝ ਢਾਰਸ ਮਿਲਦੀ ਰਹੀ। ਫ਼ਰਵਰੀ ਸੰਨ ੧੬੬੯ ਵਿਚ ਰਾਮ ਸਿੰਘ ਰੰਗਾਮਾਟੀ ਪਹੁੰਚਿਆ, ਜੋ ਕਾਮਰੂਪ ਦੀ ਪੱਛਮੀ ਸਰਹੱਦ ਉਤੇ ਹੈ। ਅਹੋਮੀ ਕੌਮ ਦੀ ਕੌਮ ਹੀ ਉੱਠ ਖਲੋਤੀ। ਦਰਿਆਈ ਤਾਕਤ ਭੀ ਅਹੋਮੀਆਂ ਦੇ ਹੱਥ ਸੀ। ਨਾਗਾ ਕਬੀਲਾ ਭੀ ਉਹਨਾਂ ਦੇ ਨਾਲ ਰਲ ਗਿਆ। ਰਾਜਾ ਰਾਮ ਸਿੰਘ ਨੂੰ ਇਕ ਹੋਰ ਘਾਟਾ ਭੀ ਰਿਹਾ। ਗੋਹਾਟੀ ਦਾ ਮੁਗ਼ਲ ਫ਼ੌਜਦਾਰ ਰਸ਼ੀਦ ਖ਼ਾਂ ਉਸ ਦਾ ਹੁਕਮ ਨਹੀਂ ਸੀ ਮੰਨਦਾ। ਦੋਹਾਂ ਦੀ ਖਟਪਟੀ ਹੀ ਲੱਗੀ ਰਹੀ।

## ਸ਼ਾਹੀ ਦਲ ਅਤੇ ਅਹੋਮੀਆਂ ਦੀ ਟੱਕਰ

ਰੰਗਾਮਾਟੀ ਨੂੰ ਪੈਂਤੜਾ ਬਣਾ ਕੇ ਰਾਮ ਸਿੰਘ ਬ੍ਰਹਮ ਪੁੱਤਰ ਦੇ ਉੱਤਰੀ ਕੰਢੇ ਦੇ ਨਾਲ ਨਾਲ ਵਧਿਆ। ਅਹੋਮੀਏ ਪਿਛਾਂਹ ਹਟਦੇ ਗਏ, ਬਾੜ ਨਦੀ ਤਕ। ਇਥੇ ਟਾਕਰਾ ਹੋਇਆ। ਰਾਮ ਸਿੰਘ ਨੂੰ ਕਾਮਯਾਬੀ ਨਾ ਹੋਈ। ਚਾਰ ਮਹੀਨੇ ਪਰਸਪਰ ਝੜਪਾਂ ਹੁੰਦੀਆਂ ਰਹੀਆਂ।

## ਗੁਰੂ ਤੇਗ ਬਹਾਦਰ ਸਾਹਿਬ ਉੱਤਰੀ ਆਸਾਮ ਵਿਚ

ਗੁਰੂ ਤੇਗ ਬਹਾਦਰ ਸਾਹਿਬ ਦੱਖਣੀ ਆਸਾਮ ਵਲੋਂ ਹੋ ਕੇ ਉਹਨੀਂ ਦਿਨੀਂ ਉੱਤਰੀ ਆਸਾਮ ਵਿਚ ਪਹੁੰਚੇ। ਰਾਜਾ ਰਾਮ ਸਿੰਘ ਲੜਾਈ ਤੋਂ ਤੰਗ ਆ ਚੁਕਾ ਸੀ। ਅਹੋਮੀਏ ਭੀ ਹੰਭੇ ਹੋਏ ਸਨ। ਸਤਿਗੁਰੂ ਜੀ ਨੇ ਵਿਚ ਪੈ ਕੇ ਦੋਹਾਂ ਧਿਰਾਂ ਨੂੰ ਸਮਝਾਇਆ। ਰਾਜਾ ਚੱਕ੍ਰਧ੍ਵਜ ਅਤੇ ਰਾਜਾ ਰਾਮ ਸਿੰਘ ਦੇ ਵਿਚਕਾਰ ਸੁਲਹ ਦੀ ਗੱਲ-ਬਾਤ ਸ਼ੁਰੂ ਹੋਈ। ਰਾਮ ਸਿੰਘ ਨੇ ਤਜਵੀਜ਼ ਕੀਤੀ ਕਿ ਦੋਵੇਂ ਧਿਰਾਂ ਆਪਣੀਆਂ ਪੁਰਾਣੀਆਂ ਹੱਦਾਂ 'ਤੇ ਟਿਕ ਜਾਣ। ਇਸ ਤਰ੍ਹਾਂ ਦੋਹਾਂ ਧਿਰਾਂ ਦੀ ਰਹਿ ਆਈ, ਅਤੇ ਖ਼ੂਨ-ਖ਼ਰਾਬਾ ਬੰਦ ਹੋਇਆ। ਇਹ ਜ਼ਿਕਰ ੧੬੭੦ ਦਾ ਹੈ।

ਸਿਖ-ਇਤਿਹਾਸ ਲਿਖਦਾ ਹੈ ਕਿ ਦਰਿਆ ਬ੍ਰਹਮ ਪੁੱਤਰ ਦੇ ਪੂਰਬਲੇ ਕੰਢੇ ਉਤੇ ਵੱਸਦੇ ਸ਼ਹਿਰ ਧੂਬਰੀ ਦੇ ਪਾਸ ਦੋਹਾਂ ਪਾਸਿਆਂ ਦੀ ਫ਼ੌਜ ਦੇ ਹਰੇਕ ਸਿਪਾਹੀ ਨੇ ਮਿੱਟੀ ਪੁੱਟ ਕੇ ਆਪੋ-ਆਪਣੀ ਢਾਲ ਵਿਚ ਲਿਆ ਕੇ ਉਥੇ ਇਕ ਉੱਚਾ ਦਮਦਮਾ ਤਿਆਰ ਕਰ ਦਿੱਤਾ, ਜੋ ਹੁਣ ਤਕ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿਚ ਕਾਇਮ ਹੈ।

 www.sikhbookclub.com

## ਹਿੰਦੂ ਕੌਮ ਉਤੇ ਵਧੀਕੀਆਂ

ਮੁਗ਼ਲ ਰਾਜ ਦੀਆਂ ਜੜ੍ਹਾਂ ਅਕਬਰ ਦੇ ਵੇਲੇ ਹੀ ਭਾਰਤ ਵਿਚ ਪੱਕੀਆਂ ਹੋਈਆਂ ਸਨ। ਉਸ ਦੀ ਰਾਜਨੀਤੀ ਠਰ੍ਹੰਮੇ ਤੇ ਸ਼ਾਂਤੀ ਵਾਲੀ ਸੀ, ਆਪ ਜੀਵੋ ਤੇ ਦੂਜਿਆਂ ਨੂੰ ਜੀਊਣ ਦਿਓ। ਅਕਬਰ ਗ਼ੈਰ-ਮੁਸਲਿਮ ਲੋਕਾਂ ਦੀਆਂ ਧਾਰਮਿਕ ਰੀਤਾਂ-ਰਸਮਾਂ ਵਿਚ ਕੋਈ ਦਖ਼ਲ ਨਹੀਂ ਦੇਂਦਾ ਸੀ, ਹਰੇਕ ਨੂੰ ਆਪੋ-ਆਪਣੇ ਅਕੀਦੇ-ਵਿਸ਼ਵਾਸ ਦੀ ਖੁਲ੍ਹ ਸੀ। ਕੱਟੜ ਕਾਜ਼ੀ ਅਕਬਰ ਦੀ ਇਸ ਨੀਤੀ ਨਾਲ ਸੰਤੁਸ਼ਟ ਨਹੀਂ ਸਨ। ਉਹ ਜ਼ੋਰੀਂ ਇਸਲਾਮ ਦਾ ਦਬਾਉ ਪਾਣਾ ਚਾਹੁੰਦੇ ਸਨ। ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਨ ਦੇ ਵੇਲੇ ਉਹਨਾਂ ਦੀ ਪੇਸ਼ ਨਾ ਜਾ ਸਕੀ। ਇਹ ਖੁਲ੍ਹ ਮਿਲੀ ਉਹਨਾਂ ਨੂੰ ਔਰੰਗਜ਼ੇਬ ਦੇ ਤਖ਼ਤ ਉਤੇ ਬੈਠਣ ਤੋਂ ਕੁਝ ਸਾਲ ਪਿਛੋਂ। ਤਖ਼ਤ ਉਤੇ ਬੈਠਣ ਤੋਂ ਪਹਿਲਾਂ ਭੀ ਜਦੋਂ ਅਜੇ ਇਹ ਗੁਜਰਾਤ ਦਾ ਗਵਰਨਰ ਸੀ, ਇਸ ਨੇ ਸੰਨ ੧੬੪੪ ਵਿਚ ਅਹਿਮਦਾਬਾਦ ਵਿਚ ਚਿੰਤਾਮਣੀ ਦੇ ਮੰਦਰ ਨੂੰ ਢਹਾ ਦਿੱਤਾ ਸੀ, ਤੇ ਕਈ ਹੋਰ ਮੰਦਰ ਭੀ ਮੁਕਾਏ ਸਨ।

ਜਦੋਂ ਔਰੰਗਜ਼ੇਬ ਤਖ਼ਤ ਉੱਤੇ ਬੈਠਾ, ਤਾਂ ਉਸ ਨੇ ਉੜੀਸਾ ਪ੍ਰਾਂਤ ਦੇ ਸਥਾਨਕ ਹਾਕਮਾਂ ਨੂੰ ਹਦਾਇਤਾਂ ਭੇਜੀਆਂ ਸਨ ਕਿ ਦਸ ਬਾਰ੍ਹਾਂ ਸਾਲਾਂ ਦੇ ਅੰਦਰ ਅੰਦਰ ਬਣੇ ਹੋਏ ਸਭ ਮੰਦਰ ਤੇ ਸਾਧੂਆਂ ਦੀਆਂ ਕੁਟੀਆਂ ਢਾਹ ਦਿੱਤੀਆਂ ਜਾਣ, ਤੇ ਕਿਸੇ ਪੁਰਾਣੇ ਮੰਦਰ ਦੀ ਮੁਰੰਮਤ ਨਾ ਹੋਣ ਦਿੱਤੀ ਜਾਵੇ।

ਸੰਨ ੧੬੬੯ ਵਿਚ ਜਿਨ੍ਹੀਂ ਦਿਨੀਂ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਬੰਗਾਲ ਵਿਚ ਆਏ ਹੋਏ ਸਨ, ਔਰੰਗਜ਼ੇਬ ਨੇ ਸਾਰੇ ਭਾਰਤ ਵਾਸਤੇ ਇਕ ਨਵਾਂ ਹੁਕਮ ਜਾਰੀ ਕੀਤਾ ਕਿ ਕਾਫ਼ਰਾਂ ਦੀਆਂ ਸਭ ਪਾਠਸ਼ਾਲਾਂ ਅਤੇ ਮੰਦਰ ਢਾਹ ਦਿੱਤੇ ਜਾਣ, ਉਹਨਾਂ ਦੀਆਂ ਧਾਰਮਿਕ ਰਸਮਾਂ ਤੇ ਤਾਲੀਮ ਨੂੰ ਮੁਕਾ ਦਿੱਤਾ ਜਾਵੇ। ਇਸ ਹੁਕਮ ਦਾ ਨਤੀਜਾ ਇਹ ਨਿਕਲਿਆ ਕਿ ਮਥਰਾ, ਅਜੁੱਧਿਆ, ਬਨਾਰਸ ਆਦਿਕ ਹਿੰਦੂ-ਸੱਭਿਅਤਾ ਵਾਲੇ ਸ਼ਹਿਰਾਂ ਦੇ ਸਦੀਆਂ ਪੁਰਾਣੇ ਮੰਦਰ ਢਾਹ ਦਿੱਤੇ ਗਏ ਅਤੇ ਕਈਆਂ ਨੂੰ ਮਸਜਿਦਾਂ ਵਿਚ ਤਬਦੀਲ ਕਰ ਦਿੱਤਾ ਗਿਆ। ਹਿੰਦੂਆਂ ਉਤੇ ਜਜ਼ੀਆ ਲਗਾ ਦਿੱਤਾ ਗਿਆ, ਧਾਰਮਿਕ ਮੇਲਿਆਂ ਉਤੇ ਬੜੀਆਂ ਕਰੜੀਆਂ ਬੰਦਸ਼ਾਂ ਲਾ ਦਿੱਤੀਆਂ, ਹਿੰਦੂ ਸਰਕਾਰੀ ਨੌਕਰੀਆਂ ਤੋਂ ਸਹਿਜੇ ਸਹਿਜੇ ਕੱਢੇ ਜਾਣ ਲੱਗ ਪਏ।

ਹਿੰਦੂ-ਕੌਮ ਦੇ ਨੇਤਾ ਤਾਂ ਬ੍ਰਾਹਮਣ ਅਤੇ ਸ਼ਸਤ੍ਰਧਾਰੀ ਰਾਜਪੂਤ ਆਦਿਕ ਖੱਤਰੀ ਹੀ ਸਨ। ਖੱਤਰੀ ਕਰਮਚਾਰੀ ਦਬਾਏ ਜਾ ਚੁਕੇ ਸਨ। ਉਹ ਸਗੋਂ ਮੁਗ਼ਲਾਂ

ਦਾ ਹੱਥ-ਠੋਕਾ ਬਣ ਕੇ ਹਿੰਦੂਆਂ ਉਤੇ ਹੀ ਜ਼ੋਰ-ਜ਼ੁਲਮ ਕਰਨ ਲੱਗ ਪਏ ਸਨ। ਬ੍ਰਾਹਮਣਾਂ ਅਗੇ ਸਿਰਫ਼ ਇਕੋ ਨਿਸ਼ਾਨਾ ਸੀ—ਹਿੰਦੂ ਅਨਪੜ੍ਹ ਜਨਤਾ ਨੂੰ ਕਰਮ-ਕਾਂਡ ਦੇ ਜਾਲ ਵਿਚ ਫਸਾਈ ਰੱਖ ਕੇ ਆਪਣੀ ਸੌਖੀ ਰੋਜ਼ੀ ਦਾ ਪਰਬੰਧ ਕਾਇਮ ਰੱਖਣਾ। ਸੋ, ਇਸ ਤਰ੍ਹਾਂ ਆਗੂ-ਹੀਣ ਪਏ ਕਮਜ਼ੋਰ ਹਿੰਦੂ ਲੋਕ ਦਮ ਤੋੜ ਰਹੇ ਸਨ।

ਪਰ ਹਿੰਦੂਆਂ ਉਤੇ ਨਿਰਾ ਧੱਕਾ ਹੀ ਨਹੀਂ ਵਰਤਿਆ ਜਾ ਰਿਹਾ ਸੀ, ਇਸਲਾਮ ਕਬੂਲ ਕਰਨ ਵਾਲਿਆਂ ਨੂੰ ਆਰਥਕ ਰਿਆਇਤਾਂ ਤੇ ਇਨਾਮ ਭੀ ਮਿਲਦੇ ਸਨ।

# ਸਤਵਾਂ ਕਾਂਡ

## ਪੰਜਾਬ ਵਲ ਵਾਪਸੀ

ਔਰੰਗਜ਼ੇਬ ਦੀ ਇਸ ਨਵੀਂ ਰਾਜਨੀਤੀ ਦਾ ਅਸਰ ਸੁਣ ਵੇਖ ਕੇ ਗੁਰੂ ਤੇਗ ਬਹਾਦਰ ਸਾਹਿਬ ਛੇਤੀ ਪੰਜਾਬ ਨੂੰ ਪਰਤੇ। ਪਹਿਲਾਂ ਪਟਨੇ ਅੱਪੜੇ, ਇਥੇ ਭੀ ਬਹੁਤ ਥੋੜਾ ਸਮਾ ਟਿਕੇ। (ਗੁਰੂ) ਗੋਬਿੰਦ ਸਿੰਘ ਜੀ ਨੂੰ ਉਥੇ ਹੀ ਪਰਵਾਰ ਤੇ ਸ਼ਰਧਾਲੂ ਸਿੱਖਾਂ ਦੀ ਨਿਗਰਾਨੀ ਵਿਚ ਛੱਡ ਕੇ ਆਪ ਬਕਸਰ, ਬਨਾਰਸ ਤੇ ਅਜੁੱਧਿਆ ਆਦਿਕ ਸ਼ਹਿਰਾਂ ਵਿਚੋਂ ਦੀ ਹੁੰਦੇ ਹੋਏ ਢਾਈ ਤਿੰਨ ਮਹੀਨਿਆਂ ਵਿਚ ਹੀ ਅਨੰਦਪੁਰ ਵਾਪਸ ਪਹੁੰਚ ਗਏ। ਥੋੜੇ ਹੀ ਸਮੇ ਪਿਛੋਂ ਸਤਿਗੁਰੂ ਜੀ ਨੇ ਸਾਰੇ ਪਰਵਾਰ ਨੂੰ ਭੀ ਪਟਨੇ ਤੋਂ ਮੰਗਾ ਲਿਆ।

ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀ-ਕੋਣ ਤੋਂ ਮਨੁੱਖਤਾ ਦਾ ਆਦਰਸ਼ ਹੀ ਇਹ ਹੈ ਕਿ ਨਾ ਕਿਸੇ ਨੂੰ ਡਰਾਵੋ ਤੇ ਨਾ ਹੀ ਕਿਸੇ ਪਾਸੋਂ ਡਰੋ। ਔਰੰਗਜ਼ੇਬ ਦੀ ਨਵੀਂ ਚਲਾਈ ਜ਼ੁਲਮ-ਰੌ ਵਿਚ ਖੇਰੂ ਹੋ ਹੋ ਕੇ ਰੁੜ੍ਹ ਰਹੇ ਹਿੰਦੂਆਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਇਹੀ ਸਿੱਖਿਆ ਦੇਣੀ ਸ਼ੁਰੂ ਕੀਤੀ ਕਿ ਜਥੇਬੰਦ ਹੋ ਕੇ, ਇਕ-ਮੁੱਠ ਹੋ ਕੇ, ਸ਼ਾਂਤ ਰਹਿ ਕੇ, ਮਰਦਾਨਾ-ਵਾਰ ਇਸ ਜ਼ੁਲਮ ਨੂੰ ਸਹਾਰੋ। ਸਤਿਗੁਰੂ ਜੀ ਔਰੰਗਜ਼ੇਬ ਦੇ ਵੇਲੇ ਦੀ ਮੁਗ਼ਲ-ਤਾਕਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਪਰ ਫਿਰ ਭੀ ਸਿਖ-ਧਰਮ ਦਾ ਇਹੀ ਮੁੱਖ ਚਲਨ ਸੀ ਕਿ ਦੁਖੀਆਂ ਦੀ ਬਾਂਹ ਫੜੀ ਜਾਏ ਤੇ ਉਸ ਵੇਲੇ ਹਾਲਾਤ ਅਨੁਸਾਰ ਦੁਖੀਆਂ ਨੂੰ ਇਸ ਗੱਲ ਲਈ ਪ੍ਰੇਰਿਆ ਜਾਏ ਕਿ ਸਾਰੇ ਡਰ-ਸਹਿਮ ਦੂਰ ਕਰ ਕੇ ਸੂਰਮਿਆਂ ਵਾਂਗ ਹੱਸ ਹੱਸ ਕੇ ਮੌਤ ਦਾ ਸਾਹਮਣਾ ਕਰਨਾ।

## ਸਖ਼ਤੀ ਦਾ ਉਲਟਾ ਫਲ

ਸ਼ਾਹ ਜਹਾਨ ਆਪਣੇ ਪੁੱਤਰ ਦੀ ਕੈਦ ਵਿਚ ਹੀ ਜਨਵਰੀ ਸੰਨ ੧੬੬੬ ਵਿਚ ਫ਼ੌਤ ਹੋਇਆ। ਮੁਗ਼ਲ-ਇਤਿਹਾਸ ਲਿਖਦਾ ਹੈ ਕਿ ਔਰੰਗਜ਼ੇਬ ਉਸ ਦੇ ਜਨਾਜ਼ੇ 'ਤੇ ਭੀ ਨਹੀਂ ਸੀ ਪਹੁੰਚਿਆ। ਕੁਦਰਤੀ ਗੱਲ ਸੀ ਕਿ ਲੋਕਾਂ ਦੇ ਦਿਲਾਂ



Page 333 www.sikhbookclub.com

ਵਿਚ ਅਜਿਹੇ ਪੁੱਤਰ ਦੇ ਵਿਰੁੱਧ ਨਫ਼ਰਤ ਪੈਦਾ ਹੋਵੇ। ਇਸ ਬਦਨਾਮੀ ਨੂੰ ਧੋਣ ਲਈ ਔਰੰਗਜ਼ੇਬ ਨੇ ਆਪਣੇ ਆਪ ਨੂੰ ਇਸਲਾਮ ਦਾ ਖ਼ਾਸ ਰਾਖਾ ਜ਼ਾਹਰ ਕਰਨ ਦਾ ਉੱਦਮ ਸ਼ੁਰੂ ਕੀਤਾ। ਹਿੰਦੂ-ਧਰਮ ਦੇ ਵਿਰੁੱਧ ਦਿਨੋ-ਦਿਨ ਸਖ਼ਤੀ ਵਧਣ ਲੱਗ ਪਈ। ਜਿਉਂ ਜਿਉਂ ਇਹ ਸਖ਼ਤੀ ਅਸਹਿ ਹੁੰਦੀ ਗਈ, ਕਈ ਮਨਚਲੇ ਸਿਰ ਚੁੱਕਣ ਲੱਗ ਪਏ।

ਸੰਨ ੧੬੬੯ ਦੇ ਸ਼ੁਰੂ ਵਿਚ ਜ਼ਿਲਾ ਮਥਰਾ ਦੇ ਕਿਸਾਨਾਂ ਨੇ ਬਗ਼ਾਵਤ ਕਰ ਦਿੱਤੀ। ਇਕ ਕਿਸਾਨ ਗੋਲਕ ਦੀ ਅਗਵਾਈ ਵਿਚ ਹਜ਼ਾਰਾਂ ਗੱਭਰੂ ਹਥਿਆਰ-ਬੰਦ ਹੋ ਖਲੋਤੇ। ਸਾਰਾ ਸਾਲ ਮੁਗ਼ਲ ਫ਼ੌਜਾਂ ਨੂੰ ਹੱਥ-ਪੈਰ ਪਏ ਰਹੇ। ਆਖ਼ਰ ਇਕ ਇਕੱਲਾ ਜ਼ਿਲਾ ਸਾਰੀ ਮੁਗ਼ਲ-ਹਕੂਮਤ ਦਾ ਟਾਕਰਾ ਕਿਵੇਂ ਕਰਦਾ ? ਅਗਲੇ ਸਾਲ ਦੇ ਮਾਰਚ ਵਿਚ ਮਸਾਂ ਮਸਾਂ ਅਮਨ ਕਾਇਮ ਹੋ ਸਕਿਆ।

ਦਿੱਲੀ ਤੋਂ ਦੱਖਣ-ਪੱਛਮ ਵੱਲ ਸੱਤਰ ਕੁ ਮੀਲਾਂ ਦੀ ਵਿੱਥ 'ਤੇ ਜ਼ਿਲਾ ਨਾਰਨੌਲ ਦੇ ਇਲਾਕੇ ਵਿਚ ਸਤਨਾਮੀਏ ਲੋਕ ਵੱਸਦੇ ਸਨ। ਹਿੰਦੂ ਕੌਮ ਦਾ ਹੀ ਇਹ ਇਕ ਫ਼ਿਰਕਾ ਸੀ। ਲੋਕ ਇਹਨਾਂ ਨੂੰ 'ਮੁੰਡੀਆ' ਆਖਦੇ ਸਨ, ਕਿਉਂਕਿ ਇਹ ਪਿੰਡੇ ਦੇ ਸਾਰੇ ਹੀ ਵਾਲ ਤੇ ਰੋਮ ਮੁਨਾ ਦੇਂਦੇ ਸਨ। ਸਤਨਾਮੀਏ ਰਹਿੰਦੇ ਤਾਂ ਸਾਧ-ਭੇਖ ਵਿਚ ਸਨ, ਪਰ ਆਪਣੀ ਕਿਰਤ-ਕਾਰ ਆਪ ਹੀ ਕਰਦੇ ਸਨ। ਹੱਕ ਦੀ ਕਮਾਈ ਇਹਨਾਂ ਦਾ ਖ਼ਾਸ ਅਸੂਲ ਸੀ। ਕਿਸੇ ਦੀ ਵਧੀਕੀ ਭੀ ਸਹਾਰਨ ਨੂੰ ਇਹ ਤਿਆਰ ਨਹੀਂ ਸਨ। ਇਹਨਾਂ ਵਿਚੋਂ ਬਹੁਤੇ ਸਦਾ ਸ਼ਸਤ੍ਰਧਾਰੀ ਰਹਿੰਦੇ ਸਨ।

ਕਿਸੇ ਸਿਰ-ਫਿਰੇ ਹਾਕਮ ਦੀ ਵਧੀਕੀ ਦੇ ਕਾਰਨ ਇਹਨਾਂ ਨਾਲ ਝਗੜਾ ਬਣ ਖਲੋਤਾ, ਜੋ ਇਤਨਾ ਵਧਿਆ ਕਿ ਮਈ ੧੬੭੦ ਵਿਚ ਸਾਰੇ ਦਾ ਸਾਰਾ ਸਤਨਾਮੀ ਫ਼ਿਰਕਾ ਉੱਠ ਖੜਾ ਹੋਇਆ। ਸ਼ਹਿਰ ਨਾਰਨੌਲ 'ਤੇ ਕਬਜ਼ਾ ਕਰ ਕੇ ਸਤਨਾਮੀਏ ਦਿੱਲੀ ਵਲ ਭੀ ਵਧ ਤੁਰੇ। ਪਰ ਗ਼ਰੀਬ ਸਤਨਾਮੀਏ ਮਮੂਲੀ ਹਥਿਆਰਾਂ ਨਾਲ ਕਦ ਤਕ ਮੁਗ਼ਲ-ਹਕੂਮਤ ਦਾ ਟਾਕਰਾ ਕਰਦੇ ? ਅਗਲੇ ਸਾਲ ਦੇ ਮਾਰਚ ਮਹੀਨੇ ਵਿਚ ਬੜੀ ਬੇ-ਰਹਿਮੀ ਨਾਲ ਉਹਨਾਂ ਨੂੰ ਮਾਰ ਮੁਕਾਇਆ ਗਿਆ।

ਇਹ ਲੱਛਣ ਦੱਸ ਰਹੇ ਸਨ ਕਿ ਮੁਗ਼ਲ-ਹਕੂਮਤ ਕੁਹਜੀ ਰਾਜਨੀਤੀ ਦੇ ਰਸਤੇ ਪੈ ਗਈ ਸੀ। ਪਰ ਹਕੂਮਤ ਤੇ ਤਾਕਤ ਦੇ ਨਸ਼ੇ ਨੇ ਇਹ ਸੂਝ ਨਾ ਆਉਣ ਦਿੱਤੀ।



 www.sikhbookclub.com

## ਕਸ਼ਮੀਰੀ ਪੰਡਿਤ

ਸਾਰੇ ਉੱਤਰੀ ਤੇ ਪੂਰਬੀ ਭਾਰਤ ਵਿਚ ਹੀ ਔਰੰਗਜ਼ੇਬ ਦੇ ਹੁਕਮ ਨਾਲ ਸਖ਼ਤੀ ਦੀ ਇਹ ਲਹਿਰ ਚਲਾਈ ਗਈ ਸੀ। ਇਹ ਆਮ ਪਰਸਿੱਧ ਗੱਲ ਸੀ ਕਿ ਕਸ਼ਮੀਰ ਵਿਚ ਬੜੇ ਬੜੇ ਵਿਦਵਾਨ ਪੰਡਿਤ ਰਹਿੰਦੇ ਸਨ। ਕਸ਼ਮੀਰ ਪੰਡਿਤਾਂ ਦਾ ਗੜ੍ਹ ਸੀ। ਉਹਨੀਂ ਦਿਨੀਂ ਬਾਦਸ਼ਾਹ ਵਲੋਂ ਸ਼ੇਰ ਅਫ਼ਗਨ ਖ਼ਾਂ ਉਥੇ ਸੂਬੇਦਾਰ ਸੀ। ਉਸ ਨੇ ਭੀ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਨਾ ਸ਼ੁਰੂ ਕਰ ਦਿੱਤਾ। ਇਹ ਖ਼ਬਰਾਂ ਭੀ ਸਾਰੀ ਹਿੰਦੂ ਜਨਤਾ ਤਕ ਪਹੁੰਚ ਚੁਕੀਆਂ ਹੋਈਆਂ ਸਨ ਕਿ ਸਤਿਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਜਾ-ਨਸ਼ੀਨ ਗੁਰੂ ਆਪੋ-ਆਪਣੇ ਸਮੇ ਕਮਜ਼ੋਰ ਗ਼ਰੀਬ ਲੋਕਾਂ ਵਿਚ ਸ੍ਵੈ-ਮਾਣ ਪੈਦਾ ਕਰਨ ਦੇ ਜਤਨ ਕਰਦੇ ਆ ਰਹੇ ਸਨ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਤੋਂ ਕਸ਼ਮੀਰੀ ਲੋਕ ਚੰਗੀ ਤਰ੍ਹਾਂ ਜਾਣੂ ਸਨ, ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਆਪ ਭੀ ਕਸ਼ਮੀਰ ਵਿਚ ਆਏ ਹੋਏ ਸਨ। ਸੋ, ਕਸ਼ਮੀਰੀ ਪੰਡਿਤਾਂ ਨੇ ਮੁਗ਼ਲਾਂ ਦੀ ਤਲਵਾਰ ਅਗੇ ਝੁਕਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦਾ ਆਸਰਾ ਲਿਆ। ਕੁਝ ਸਿਆਣੇ ਸਿਆਣੇ ਪੰਡਿਤਾਂ ਨੇ ਅਨੰਦਪੁਰ ਆ ਕੇ ਸਤਿਗੁਰੂ ਜੀ ਪਾਸੋਂ ਸਹਾਇਤਾ ਮੰਗੀ, ਜਿਸ ਕਰਕੇ ਇਸ ਮੁਸੀਬਤ ਤੋਂ ਬਚਿਆ ਜਾ ਸਕੇ।

## ਕੁਰਬਾਨੀ ਦੇ ਪੂਰਨੇ

ਸਹਿਮ ਨਾਲ ਨਿਤਾਣੇ ਹੋਏ ਲੋਕ ਕੁਰਬਾਨੀ ਦੇ ਨਿਰੇ ਦੱਸੇ ਹੋਏ ਰਾਹ ਉਤੇ ਨਹੀਂ ਤੁਰ ਸਕਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਜ਼ਰੂਰੀ ਸਮਝਿਆ ਕਿ ਕਮਜ਼ੋਰਾਂ ਵਿਚ ਜਿੰਦ ਪਾਉਣ ਲਈ ਉਹਨਾਂ ਦੀ ਖ਼ਾਤਰ ਜ਼ੁਲਮ ਅਗੇ ਨਿਡਰ ਹੋ ਕੇ ਆਪਣਾ ਸਿਰ ਪੇਸ਼ ਕੀਤਾ ਜਾਏ। (ਗੁਰੂ) ਗੋਬਿੰਦ ਸਿੰਘ ਜੀ ਭਾਵੇਂ ਅਜੇ ਅੱਠ ਸਾਲਾਂ ਦੇ ਹੀ ਸਨ, ਉਹਨਾਂ ਨੇ ਭੀ ਪਿਤਾ-ਗੁਰੂ ਜੀ ਦੇ ਇਸ ਖ਼ਿਆਲ ਦੀ ਪ੍ਰਸੰਸਾ ਕੀਤੀ। ਕਸ਼ਮੀਰੀ ਪੰਡਿਤਾਂ ਨੂੰ ਸਤਿਗੁਰੂ ਜੀ ਨੇ ਕਹਿ ਦਿੱਤਾ ਕਿ ਤੁਸੀਂ ਬੇ-ਸ਼ੱਕ ਬਾਦਸ਼ਾਹ ਨੂੰ ਲਿਖ ਭੇਜੋ, ਜੁ ਗੁਰੂ ਤੇਗ ਬਹਾਦਰ ਸਾਡੇ ਧਾਰਮਿਕ ਰਾਹਬਰ ਹਨ, ਜੇ ਉਹ ਮੁਸਲਮਾਨ ਬਣ ਗਏ ਤਾਂ ਅਸੀ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ।

ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਸਿਖ-ਧਰਮ ਦੇ ਪਰਚਾਰ ਲਈ ਸਮੇ ਸਮੇ ਥਾਪੇ ਹੋਏ ਕੇਂਦਰਾਂ ਤੋਂ ਮੁਖੀ ਸਿਖ ਦੱਬੀ ਹੋਈ ਹਿੰਦੂ ਜਨਤਾ ਵਿਚ ਪਰਚਾਰ



 www.sikhbookclub.com

ਤਾਂ ਕਰਦੇ ਆ ਰਹੇ ਸਨ ਅਤੇ ਸਿਖ-ਧਰਮ ਦਾ ਮੁਖ ਪਰਚਾਰ ਭੀ ਇਹੀ ਹੈ ਕਿ ਨਾ ਕਿਸੇ ਤੋਂ ਡਰੋ ਅਤੇ ਨਾ ਕਿਸੇ ਨੂੰ ਡਰਾਵੋ। ਫਿਰ ਭੀ ਸਮੇ ਦੇ ਹਾਲਾਤ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਜ਼ਰੂਰੀ ਸਮਝਿਆ ਕਿ ਆਪਣੇ ਆਪ ਨੂੰ ਔਰੰਗਜ਼ੇਬ ਦੀ ਤਲਵਾਰ ਅਗੇ ਪੇਸ਼ ਕਰਨ ਤੋਂ ਪਹਿਲਾਂ ਘਬਰਾਏ ਹੋਏ ਲੋਕਾਂ ਪਾਸ ਥਾਂ ਥਾਂ ਪਹੁੰਚ ਕੇ ਉਹਨਾਂ ਨੂੰ ਧੀਰਜ ਦਿੱਤੀ ਜਾਏ ਅਤੇ ਉਹਨਾਂ ਦੇ ਦਿਲਾਂ ਵਿਚੋਂ ਮੌਤ ਦਾ ਸਹਿਮ ਦੂਰ ਕੀਤਾ ਜਾਏ।

## ਔਰੰਗਜ਼ੇਬ ਹਸਨ ਅਬਦਾਲ ਦੇ ਇਲਾਕੇ ਵਿਚ

ਹਿੰਦੁਸਤਾਨ ਅਤੇ ਅਫ਼ਗਾਨਿਸਤਾਨ ਦੇ ਸਰਹੱਦੀ ਇਲਾਕੇ ਵਿਚ ਕਈ ਪਠਾਣ ਕਬੀਲੇ ਵੱਸਦੇ ਹਨ, ਜੋ ਅੱਜ ਤੋਂ ਨੌਂ ਦਸ ਸਦੀਆਂ ਪਹਿਲਾਂ ਅਸੱਭਯ ਗਿਣੇ ਜਾਂਦੇ ਸਨ। ਲੁੱਟ-ਮਾਰ ਕਰਨਾ ਇਹਨਾਂ ਦਾ ਕਿੱਤਾ ਸੀ। ਇਸਲਾਮ ਕਬੂਲ ਕਰ ਕੇ ਭੀ ਇਹਨਾਂ ਦੇ ਸੁਭਾਵ ਆਚਰਨ ਵਿਚ ਬਹੁਤਾ ਫ਼ਰਕ ਨਾ ਪਿਆ। ਇਹ ਲੋਕ ਬੜੇ ਦਲੇਰ ਸਨ, ਪਰ ਵੱਖ ਵੱਖ ਕਬੀਲੇ ਸਦਾ ਆਪੋ ਵਿਚ ਲੜਦੇ ਰਹਿੰਦੇ ਸਨ, ਜਿਸ ਕਰਕੇ ਇਹਨਾਂ ਦੀ ਕਦੇ ਮਿਲਵੀਂ ਤਕੜੀ ਤਾਕਤ ਨਾ ਬਣ ਸਕੀ। ਇਹਨਾਂ ਵਿਚੋਂ ਉੱਘੇ ਚਾਰ ਕਬੀਲੇ ਹਨ—ਅਫ਼ਰੀਦੀ, ਸ਼ਿਨਵਾਰੀ, ਯੂਸਫ-ਜ਼ਈ ਅਤੇ ਖਟਕ।

ਇਹਨਾਂ ਦੇ ਆਪਣੇ ਪਹਾੜੀ ਇਲਾਕੇ ਵਿਚ ਇਹਨਾਂ ਦੀ ਵਧਦੀ ਵੱਸੋਂ ਵਾਸਤੇ ਕਾਫ਼ੀ ਅੰਨ ਪੈਦਾ ਨਹੀਂ ਹੁੰਦਾ। ਸੋ, ਹਿੰਦੁਸਤਾਨ ਤੇ ਕਾਬਲ ਵਿਚਕਾਰ ਹੋ ਰਹੇ ਵਣਜ-ਵਪਾਰ ਉੱਤੇ ਇਹ ਲੋਕ ਮਨ-ਮੰਨਿਆ ਮਸੂਲ ਲਾਂਦੇ ਚਲੇ ਆ ਰਹੇ ਸਨ। ਮੁਗ਼ਲ-ਹਕੂਮਤ ਨੇ ਇਹਨਾਂ ਦਾ ਇਹ ਹੱਕ ਅਮਲੀ ਤੌਰ 'ਤੇ ਮੰਨਿਆ ਹੋਇਆ ਸੀ। ਫਿਰ ਭੀ ਮੁਗ਼ਲਾਂ ਨਾਲ ਇਹਨਾਂ ਦਾ ਇੱਟ-ਖੜੱਕਾ ਕਦੇ ਕਦੇ ਲੱਗ ਹੀ ਜਾਂਦਾ ਸੀ।

ਅਕਬਰ ਦੇ ਵੇਲੇ ਮੁਗ਼ਲ ਹਕੂਮਤ ਦਾ ਟਾਕਰਾ ਯੂਸਫ਼-ਜ਼ਈਆਂ ਨਾਲ ਹੋ ਪਿਆ ਸੀ। ਯੂਸਫ਼-ਜ਼ਈ ਸਵਾਤ ਤੇ ਬਜੌਰ ਦੀਆਂ ਵਾਦੀਆਂ ਵਿਚ ਅਤੇ ਪਿਸ਼ੌਰ ਤੋਂ ਉੱਤਰ ਦੇ ਇਲਾਕੇ ਵਿਚ ਵੱਸਦੇ ਹਨ। ਸੰਨ ੧੫੮੬ ਵਿਚ ਜਿਹੜੇ ਅੱਠ ਹਜ਼ਾਰ ਮੁਗ਼ਲ ਫ਼ੌਜੀ ਬੀਰਬਲ ਦੀ ਕਮਾਨ ਹੇਠ ਭੇਜੇ ਗਏ ਸਨ, ਉਹ ਬੀਰਬਲ ਸਮੇਤ ਤਕਰੀਬਨ ਸਾਰੇ ਹੀ ਮਾਰੇ ਗਏ ਸਨ।

ਔਰੰਗਜ਼ੇਬ ਦੇ ਵੇਲੇ ਸੰਨ ੧੬੬੭ ਦੇ ਸ਼ੁਰੂ ਵਿਚ ਯੂਸਫ਼-ਜ਼ਈਆਂ ਨੇ ਫਿਰ ਸਿਰ ਚੁੱਕਿਆ। ਸਹਿਜੇ ਸਹਿਜੇ ਕਈ ਹੋਰ ਛੋਟੇ ਵੱਡੇ ਕਬੀਲੇ ਭੀ ਉਹਨਾਂ

ਦੇ ਨਾਲ ਸ਼ਾਮਲ ਹੁੰਦੇ ਗਏ, ਪਰ ੧੬੭੧ ਵਿਚ ਰਾਠੌਰ ਰਾਜਪੂਤਾਂ ਨੇ ਆ ਕੇ ਇਹਨਾਂ ਨੂੰ ਦਬਾ ਲਿਆ। ਅਗਲੇ ਸਾਲ ਅਫ਼ਰੀਦੀਆਂ ਨਾਲ ਟੱਕਰ ਹੋ ਪਈ, ਫਿਰ ਖਟਕਾਂ ਨਾਲ। ਖਟਕ ਜ਼ਿਲਾ ਕੋਹਾਟ ਅਤੇ ਬੰਨੂੰ ਦੇ ਇਲਾਕੇ ਵਿਚ ਅਤੇ ਜ਼ਿਲਾ ਪਿਸ਼ੌਰ ਦੇ ਦੱਖਣੀ ਇਲਾਕੇ ਵਿਚ ਵੱਸਦੇ ਸਨ। ਸਾਰੇ ਹੀ ਪਠਾਣ ਕਬੀਲੇ ਇਕੱਠੇ ਹੋ ਗਏ। ਉੱਤਰੀ ਆਸਾਮ ਦੇ ਅਹੋਮ ਕਬੀਲੇ ਨੇ ਜੋ ਭੁਗਤ ਮੀਰ ਜੁਮਲਾ ਦੀ ਸਵਾਰੀ ਸੀ ਉਹੀ ਉਸ ਦੇ ਪੁੱਤਰ ਮੁਹੰਮਦ ਅਮੀਨ ਖ਼ਾਂ ਦੀ ਇਹਨਾਂ ਪਠਾਣਾਂ ਨੇ ਸਵਾਰੀ।

ਆਖ਼ਰ ਔਰੰਗਜ਼ੇਬ ਨੂੰ ਆਪ ਜਾਣਾ ਪਿਆ। ਔਰੰਗਜ਼ੇਬ ੨੬ ਜੂਨ ਸੰਨ ੧੬੭੪ ਨੂੰ ਹਸਨ ਅਬਦਾਲ ਜਾ ਪਹੁੰਚਿਆ, ਅਤੇ ਡੇਢ ਸਾਲ ਉਥੇ ਟਿਕਿਆ ਰਿਹਾ। ਜਦੋਂ ਉਥੋਂ ਦੇ ਕੁਝ ਹਾਲਾਤ ਸੁਧਰੇ, ਤਾਂ ਸੰਨ ੧੬੭੫ ਦੇ ੨੩ ਦਸੰਬਰ ਨੂੰ ਹਸਨ ਅਬਦਾਲ ਤੋਂ ਚੱਲ ਕੇ ਔਰੰਗਜ਼ੇਬ ੨੯ ਮਾਰਚ ਸੰਨ ੧੬੭੬ ਨੂੰ ਦਿੱਲੀ ਵਾਪਸ ਪਹੁੰਚਿਆ। ਹਿਜਰੀ ਸਾਲ ਦੇ ਮਹੀਨਾ ਸ਼ਵਾਲ ਦੀ ੧੫ ਤਰੀਕ ਨੂੰ ਔਰੰਗਜ਼ੇਬ ਹਸਨ ਅਬਦਾਲ ਤੋਂ ਚੱਲਿਆ ਤੇ ਮਹੀਨਾ ਮੁਹੱਰਮ ਦੀ ੨੨ ਤਰੀਕ ਨੂੰ ਦਿੱਲੀ ਪਹੁੰਚਿਆ ਸੀ।

 www.sikhbookclub.com

# ਅੱਠਵਾਂ ਕਾਂਡ

## ਸਤਿਗੁਰੂ ਜੀ ਦਾ ਦੇਸ-ਰਟਨ

### ਸੈਫ਼ਾਬਾਦ, ਸਮਾਣਾ

ਅਨੰਦਪੁਰ-ਵਾਸੀਆਂ ਨੂੰ ਅਤੇ ਪਰਵਾਰ ਨੂੰ, ਸਭ ਨੂੰ ਇਹ ਭਾਸ ਰਿਹਾ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਮੁੜ ਇਥੇ ਵਾਪਸ ਨਹੀਂ ਆਉਣਗੇ। ਸਤਿਗੁਰੂ ਜੀ ਨੇ ਸਭ ਨੂੰ ਹੌਸਲਾ ਦਿਤਾ ਅਤੇ ਸਮਝਾਇਆ ਕਿ ਦੁਖੀਆਂ ਦੀ ਬਾਂਹ ਫੜਨਾ ਇਨਸਾਨੀ ਜੀਵਨ ਦਾ ਇਕ ਉੱਚਾ ਆਦਰਸ਼ ਹੈ। ਫਿਰ ਆਪ ਸੰਨ ੧੬੭੪ ਵਿਚ ਅਨੰਦਪੁਰ ਤੋਂ ਚੱਲ ਪਏ। ਕਈ ਸਿਖ ਨਾਲ ਹੋ ਤੁਰੇ, ਕਿਉਂਕਿ ਅਜੇ ਦੇਸ ਵਿਚ ਸਹਿਮੇ ਹੋਏ ਲੋਕਾਂ ਨੂੰ ਨਿਡਰਤਾ ਦਾ ਪਰਚਾਰ ਕਰਨ ਹੀ ਤੁਰੇ ਸਨ।

ਅਨੰਦਪੁਰ ਤੋਂ ਕੀਰਤਪੁਰ ਆਏ। ਇਥੋਂ ਰੋਪੜ ਨਨਹੇੜਾ ਆਦਿਕ ਪਿੰਡਾਂ ਵਿਚੋਂ ਸਿੱਧੇ ਦੱਖਣ ਵਲ ਆਉਂਦੇ ਹੋਏ ਸੈਫ਼ਾਬਾਦ ਪਹੁੰਚੇ, ਜੋ ਰੋਪੜ ਤੋਂ ਚਾਲੀ ਕੁ ਮੀਲ ਦੱਖਣ ਵਲ ਅਤੇ ਪਟਿਆਲੇ ਤੋਂ ਪੰਜ ਕੁ ਮੀਲ ਉੱਤਰ ਵਲ ਹੈ। ਇਥੋਂ ਦਾ ਰਹਿਣ ਵਾਲਾ ਸੱਯਦ ਸੈਫ਼ ਅਲੀ ਖ਼ਾਂ ਦਰਸ਼ਨ ਕਰਨ ਆਇਆ। ਜਦੋਂ ਉਸ ਨੇ ਸੁਣਿਆ ਕਿ ਗੁਰੂ ਤੇਗ ਬਹਾਦਰ ਜੀ ਦੁਖੀ ਪਰਜਾ ਨੂੰ ਹੌਸਲਾ ਧੀਰਜ ਦੇਣ ਅਤੇ ਔਰੰਗਜ਼ੇਬ ਵਲੋਂ ਜਾਰੀ ਕੀਤੇ ਜ਼ੁਲਮਾਂ ਦਾ ਮਰਦਾਂ ਵਾਂਗ ਸ਼ਾਂਤ-ਚਿੱਤ ਰਹਿ ਕੇ ਟਾਕਰਾ ਕਰਨ ਦਾ ਉਪਦੇਸ਼ ਕਰਨ ਲਈ, ਮਜ਼ਲੂਮਾਂ ਦੀ ਖ਼ਾਤਰ ਆਪਣੇ ਆਪ ਨੂੰ ਖ਼ਤਰੇ ਵਿਚ ਪਾਉਣ ਲਈ ਤੁਰੇ ਹਨ, ਅਤੇ ਕਸ਼ਮੀਰੀ ਬ੍ਰਾਹਮਣਾਂ ਵਾਸਤੇ ਆਪਣੇ ਆਪ ਨੂੰ ਪੇਸ਼ ਭੀ ਕਰ ਚੁਕੇ ਹਨ, ਤਾਂ ਸੈਫ਼ ਅਲੀ ਖ਼ਾਂ ਉਤੇ ਬੜਾ ਡੂੰਘਾ ਅਸਰ ਪਿਆ। ਉਸ ਦੇ ਪ੍ਰੇਮ ਦੇ ਖਿੱਚੇ ਹੋਏ ਸਤਿਗੁਰੂ ਜੀ ਦੋ ਕੁ ਮਹੀਨੇ ਉਸ ਦੇ ਪਾਸ ਟਿਕੇ।

ਸੈਫ਼ਾਬਾਦ ਤੋਂ ਸਮਾਣੇ ਆਏ। ਮੁਹੰਮਦ ਬਖ਼ਸ਼ ਮੜ੍ਹਲ ਰਾਜਪੂਤ ਸਮਾਣੇ ਦਾ ਤੁਰਨੇ-ਸਿਰ ਚੌਧਰੀ ਸੀ। ਸੱਯਦ ਸੈਫ਼ ਅਲੀ ਖ਼ਾਂ ਪਾਸ ਇਹ ਸਤਿਗੁਰੂ ਜੀ

ਦੇ ਦਰਸ਼ਨ ਕਰ ਆਇਆ ਸੀ, ਅਤੇ ਸੈਫ਼ ਅਲੀ ਖ਼ਾਂ ਵਾਂਗ ਹੀ ਸ਼ਰਧਾਲੂ ਬਣ ਚੁਕਾ ਸੀ। ਮੁਹੰਮਦ ਬਖ਼ਸ਼ ਚਾਹੁੰਦਾ ਸੀ ਕਿ ਸਤਿਗੁਰੂ ਜੀ ਉਥੇ ਉਸ ਦੇ ਪਾਸ ਰਹਿਣ, ਪਰ ਉਹ ਉਹਨਾਂ ਨੂੰ ਪ੍ਰੇਰਨ ਵਿਚ ਕਾਮਯਾਬ ਨਾ ਹੋ ਸਕਿਆ।

## ਕੈਥਲ, ਲੱਖਣ ਮਾਜਰਾ, ਰੋਹਤਕ

ਸਮਾਣੇ ਤੋਂ ਦੱਖਣ ਵਲ ਚੱਲ ਕੇ ਸਤਿਗੁਰੂ ਜੀ ਕੈਥਲ, ਲੱਖਣ ਮਾਜਰੇ ਦੇ ਰਸਤੇ ਰੋਹਤਕ ਆਏ। ਕੈਥਲ ਕਰਨਾਲ ਤੋਂ ੧੯ ਕੋਹ ਪੱਛਮ ਵਲ ਹੈ। ਉਥੇ ਗੁਰੂ ਤੇਗ ਬਹਾਦਰ ਜੀ ਦੇ ਦੋ ਗੁਰਦੁਆਰੇ ਹਨ—ਇਕ ਠੰਢਾਰ ਤੀਰਥ ਉਤੇ, ਦੂਜਾ ਸ਼ਹਿਰ ਵਿਚ। ਲੱਖਣ ਮਾਜਰੇ ਅਤੇ ਰੋਹਤਕ ਭੀ ਉਹਨਾਂ ਦੀ ਯਾਦਗਾਰ ਵਿਚ ਸੁੰਦਰ ਗੁਰਦੁਆਰੇ ਬਣੇ ਹੋਏ ਹਨ। ਰੋਹਤਕ ਦੇ ਸੀਤਲਾ ਦਰਵਾਜ਼ੇ ਤੋਂ ਬਾਹਰ ਗੁਰਦੁਆਰਾ ਹੈ ਜੋ ਰੇਲਵੇ ਸਟੇਸ਼ਨ ਤੋਂ ਢਾਈ ਮੀਲ ਦੇ ਕਰੀਬ ਹੈ।

ਰਸਤੇ ਵਿਚ ਜਿਥੇ ਜਿਥੇ ਪਾਣੀ ਦੀ ਘਾਟ ਕਰਕੇ ਲੋਕਾਂ ਨੂੰ ਔਖਿਆਈ ਸੀ, ਉਥੇ ਉਥੇ ਖੂਹ ਤੇ ਬਾਉਲੀਆਂ ਲਵਾਂਦੇ ਗਏ ਅਤੇ ਘਾਬਰੇ ਹਿੰਦੂ ਲੋਕਾਂ ਨੂੰ ਦਲੇਰੀ ਦੇਂਦੇ ਗਏ। ਸਤਿਗੁਰੂ ਜੀ ਨੇ ਆਪਣੇ ਨਾਲ ਖ਼ਾਸ ਸੇਵਕ ਤਾਂ ਪੰਜ ਹੀ ਰੱਖੇ ਸਨ—ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਊਦਾ ਅਤੇ ਭਾਈ ਜੈਤਾ—ਪਰ ਇਲਾਕਿਆਂ ਵਿਚ ਜਿਉਂ ਜਿਉਂ ਲੋਕਾਂ ਨੇ ਸਤਿਗੁਰੂ ਜੀ ਦੇ ਇਸ ਦੇਸ-ਰਟਨ ਦਾ ਕਾਰਨ ਸੁਣਿਆ, ਤਿਉਂ ਤਿਉਂ ਲੋਕ ਹੁੰਮ-ਹੁੰਮਾ ਕੇ ਦਰਸ਼ਨ ਲਈ ਇਕੱਠੇ ਆ ਹੁੰਦੇ ਅਤੇ ਆਪੋ-ਆਪਣੇ ਵਿਤ ਅਨੁਸਾਰ ਭੇਟਾ ਪੇਸ਼ ਕਰਦੇ ਰਹੇ। ਇਸ ਤਰ੍ਹਾਂ ਇਕੱਠੀ ਹੋ ਰਹੀ ਬੇ-ਅੰਤ ਮਾਇਆ ਸਤਿਗੁਰੂ ਜੀ ਉਸੇ ਉਸੇ ਇਲਾਕੇ ਵਿਚ ਲੋਕਾਂ ਦੀ ਸਾਂਝੀ ਭਲਾਈ ਵਾਸਤੇ ਖ਼ਰਚ ਕਰਦੇ ਗਏ। ਉਧਰ ਪਾਣੀ ਦੀ ਬੜੀ ਕਿੱਲਤ ਸੀ। ਇਸ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਬਹੁਤ ਬਾਉਲੀਆਂ ਤੇ ਖੂਹ ਲਵਾਏ। ਇਹ ਕੰਮ ਆਮ ਤੌਰ 'ਤੇ ਇਲਾਕੇ ਦੇ ਮਸੰਦਾਂ ਦੀ ਰਾਹੀਂ ਕਰਾਇਆ ਜਾ ਰਿਹਾ ਸੀ। ਪਰ ਕਿਤੇ ਕਿਤੇ ਕਈ ਮਸੰਦ ਤੁਰਕਾਂ ਦੇ ਜ਼ੁਲਮ ਤੋਂ ਡਰ ਗਏ ਸਨ। ਸਤਿਗੁਰੂ ਜੀ ਨੇ ਡਰੇ ਹੋਏ ਮਸੰਦਾਂ ਨੂੰ ਭੀ ਹੌਸਲਾ ਦਿੱਤਾ।

## ਤੁਰਕ ਹਾਕਮਾਂ ਵਲੋਂ ਰਪੋਟਾਂ

ਜਿਸ ਜਿਸ ਇਲਾਕੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਗਏ, ਅਨੇਕਾਂ

ਹਿੰਦੂਆਂ ਸਿੱਖਾਂ ਦੀ ਭੀੜ ਬਣਨ ਲੱਗ ਪਈ। ਲੋਕਾਂ ਦੇ ਦਿਲਾਂ ਵਿਚੋਂ ਮੁਗ਼ਲਾਂ ਦਾ ਡਰ ਦੂਰ ਹੋਣ ਲੱਗ ਪਿਆ। ਸੁਤੇ ਹੀ ਉਹਨਾਂ ਦੀ ਜਥੇਬੰਦੀ ਭੀ ਬਣਦੀ ਗਈ। ਤੁਰਕ ਹਾਕਮਾਂ ਨੂੰ ਲੋਕਾਂ ਦੀ ਇਹ ਬਦਲਦੀ ਦਸ਼ਾ ਕਿਵੇਂ ਚੰਗੀ ਲੱਗ ਸਕਦੀ ਸੀ ? ਉਹਨਾਂ ਔਰੰਗਜ਼ੇਬ ਪਾਸ ਰਪੋਟਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਕਿ ਗੁਰੂ ਤੇਗ ਬਹਾਦਰ ਆਪਣੇ ਨਾਲ ਲੁਟੇਰੇ ਧਾੜਵੀ ਲੈ ਕੇ ਹਿੰਦੂਆਂ ਨੂੰ ਡਰਾ ਡਰਾ ਕੇ ਉਨ੍ਹਾਂ ਦਾ ਧਨ-ਮਾਲ ਲੁੱਟ ਰਿਹਾ ਹੈ। ਇਹੀ ਇਲਜ਼ਾਮ ਇਕ ਮੁਸਲਮਾਨ ਸੂਫ਼ੀ ਫ਼ਕੀਰ ਹਾਫ਼ਿਜ਼ ਆਦਮ ਉਤੇ ਲਾਇਆ ਗਿਆ ਕਿ ਉਹ ਮੁਸਲਮਾਨਾਂ ਨੂੰ ਲੁੱਟ ਰਿਹਾ ਹੈ। ਉਹਨੀਂ ਦਿਨੀਂ ਸਤਿਗੁਰੂ ਜੀ ਹਾਂਸੀ ਰੋਹਤਕ ਦੇ ਇਲਾਕੇ ਵਿਚੋਂ ਦੀ ਅਗਾਂਹ ਦੱਖਣ ਪੂਰਬ ਵਲ ਜਾ ਰਹੇ ਸਨ।

## ਗ੍ਰਿਫ਼ਤਾਰੀ ਦਾ ਹੁਕਮ

ਔਰੰਗਜ਼ੇਬ ਹਸਨ ਅਬਦਾਲ ਵਾਲੇ ਪਾਸੇ ਗਿਆ ਹੋਇਆ ਸੀ। ਉਸ ਪਾਸ ਤੁਰਕ ਹਾਕਮਾਂ ਦੀਆਂ ਰਪੋਟਾਂ ਪਹੁੰਚੀਆਂ, ਕਸ਼ਮੀਰੀ ਬ੍ਰਾਹਮਣਾਂ ਦੀ ਅਰਜ਼ੀ ਭੀ ਅੱਪੜੀ। ਗੁਰੂ ਤੇਗ ਬਹਾਦਰ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕੀਤੇ ਗਏ। ਨਾਲ ਹੀ ਆਖਿਆ ਗਿਆ ਕਿ ਉਹਨਾਂ ਨੂੰ ਮੁਸਲਮਾਨ ਬਣਾਣ ਦਾ ਜਤਨ ਕੀਤਾ ਜਾਏ। ਇਤਨੇ ਨੂੰ ਸਤਿਗੁਰੂ ਜੀ ਆਗਰੇ ਦੇ ਇਲਾਕੇ ਵਿਚ ਪਹੁੰਚ ਚੁਕੇ ਸਨ, ਅਤੇ ਉਹਨਾਂ ਦੇ ਨਾਲ ਉੱਪਰ-ਲਿਖੇ ਪੰਜ ਸਿਖ ਹੀ ਸਨ।

ਸੈਰੁਲ-ਮਤਾਖ਼ਰੀਨ ਦਾ ਲਿਖਾਰੀ ਲਿਖਦਾ ਹੈ ਕਿ "ਆਲਮਗੀਰ ਬਾਅਦ ਇਸਤਮਾਏ ਈਂ ਖ਼ਬਰ ਬ-ਹਾਕਮ ਲਾਹੌਰ ਨਵਿਸ਼ਤ ਕਿ ਤੇਗ ਬਹਾਦਰ ਰਾ ਗ੍ਰਿਫ਼ਤਾਰ ਮੁਕੈਦੋ ਮਹਬੂਸ ਦਾਰੰਦ। ਚੁਨਾਂਚਿ ਹਸਬੁਲ ਹੁਕਮ ਬ-ਅਮਲ ਆਮਦ।"—ਭਾਵ, ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਲਿਖਿਆ ਕਿ (ਗੁਰੂ) ਤੇਗ ਬਹਾਦਰ ਨੂੰ ਕੈਦ ਕਰ ਕੇ ਬੰਦੀ ਵਿਚ ਰੱਖਿਆ ਜਾਏ। ਇਸ ਹੁਕਮ ਉਤੇ ਅਮਲ ਕੀਤਾ ਗਿਆ।

ਸਿਖ-ਇਤਿਹਾਸ ਨੇ ਸਤਿਗੁਰੂ ਜੀ ਦੀ ਗ੍ਰਿਫ਼ਤਾਰੀ ਬਾਰੇ ਇਉਂ ਲਿਖਿਆ ਹੈ—ਆਗਰੇ ਵਿਚ ਇਕ ਬੁੱਢਾ ਤੇ ਗ਼ਰੀਬ ਸੱਯਦ ਰਹਿੰਦਾ ਸੀ, ਜਿਸ ਦਾ ਨਾਮ ਹਸਨ ਅਲੀ ਸੀ। ਉਸ ਨੂੰ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਹੋ ਚੁਕੇ ਸਨ। ਚੂੰਕਿ ਸਤਿਗੁਰੂ ਜੀ ਅਨੰਦਪੁਰ ਤੋਂ ਪੂਰਬ ਦੇਸ ਵਲ ਆ ਗਏ ਹਨ, ਉਹਨਾਂ ਨੂੰ ਫੜਾਣ ਵਾਲੇ ਨੂੰ ਇਕ ਹਜ਼ਾਰ ਰੁਪਏ ਦਾ ਇਨਾਮ ਮਿਲੇਗਾ। ਸੋ, ਇਹ ਹਸਨ ਅਲੀ ਆਪਣੇ ਮਨ ਵਿਚ


www.sikhbookclub.com

ਅਰਜ਼ੋਈ ਕਰਦਾ ਸੀ ਕਿ ਹੇ ਸਤਿਗੁਰੂ! ਜੇ ਤੁਸਾਂ ਗ੍ਰਿਫ਼ਤਾਰ ਹੀ ਹੋਣਾ ਹੈ ਤਾਂ ਮੇਰੀ ਰਾਹੀਂ ਹੋਣਾ, ਤਾਕਿ ਮੇਰੀ ਗਰੀਬੀ ਦੀ ਬਿਪਤਾ ਕੱਟੀ ਜਾਏ।

ਗੁਰੂ ਤੇਗ ਬਹਾਦਰ ਸਾਹਿਬ ਸ਼ਹਿਰ ਆਗਰੇ ਤੋਂ ਬਾਹਰ ਉਸ ਬਾਗ਼ ਦੇ ਕੋਲ ਜਾ ਉਤਰੇ ਜਿਥੇ ਹਸਨ ਅਲੀ ਦਾ ਪੋਤਰਾ ਬਕਰੀਆਂ ਚਾਰ ਰਿਹਾ ਸੀ। ਸਤਿਗੁਰੂ ਜੀ ਨੇ ਉਸ ਨੂੰ ਇਕ ਸੋਨੇ ਦੀ ਮੁੰਦਰੀ ਤੇ ਦੁਸ਼ਾਲਾ ਦਿੱਤਾ ਅਤੇ ਆਖਿਆ ਕਿ ਆਪਣੇ ਬਾਬੇ ਨੂੰ ਨਾਲ ਲੈ ਕੇ ਇਹ ਮੁੰਦਰੀ ਗਹਿਣੇ ਪਾ ਦੇਣੀ ਤੇ ਦੁਸ਼ਾਲੇ ਵਿਚ ਦੋ ਰੁਪਇਆਂ ਦੀ ਮਿਠਾਈ ਲੈ ਆਉਣੀ। ਇਹ ਇਕ ਅਨੋਖੇ ਤਰੀਕੇ ਦਾ ਸੌਦਾ ਸੀ। ਪੁਲਸ ਨੇ ਬਾਬੇ ਪੋਤਰੇ ਨੂੰ ਫੜ ਲਿਆ। ਉਹ ਪੁਲਸ ਨੂੰ ਆਪਣੇ ਨਾਲ ਉਸ ਬਾਗ਼ ਵਿਚ ਲੈ ਗਏ ਜਿਥੇ ਸਤਿਗੁਰੂ ਜੀ ਬੈਠੇ ਹੋਏ ਸਨ। ਸਤਿਗੁਰੂ ਜੀ ਨੇ ਇਹ ਕੌਤਕ ਰਚਿਆ ਹੀ ਆਪਣੀ ਗ੍ਰਿਫ਼ਤਾਰੀ ਵਾਸਤੇ ਸੀ।

ਸਤਿਗੁਰੂ ਜੀ ਨੂੰ ਅਨੰਦਪੁਰ ਤੋਂ ਚੱਲਿਆਂ ਇਕ ਸਾਲ ਹੋ ਚੁਕਾ ਸੀ ਤੇ ਹੁਣ ਸੰਨ ੧੬੭੫ ਸੀ ਜਦੋਂ ਆਗਰੇ ਦੀ ਪੁਲਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ।

# ਨੌਵਾਂ ਕਾਂਡ

## ਕੈਦ ਤੇ ਸ਼ਹੀਦੀ

ਪੰਜਾਂ ਸਿੱਖਾਂ ਸਮੇਤ ਸਤਿਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਭੇਜੇ ਹੁਕਮ ਅਨੁਸਾਰ ਸਥਾਨਕ ਹਾਕਮਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾਣ ਲਈ ਲਾਲਚ ਪੇਸ਼ ਕੀਤੇ, ਮੌਤ ਦੇ ਡਰਾਵੇ ਭੀ ਦਿੱਤੇ। ਇਹ ਭੀ ਆਖਿਆ ਗਿਆ ਕਿ ਤੁਸੀ ਹਿੰਦੂਆਂ ਦਾ ਸਾਥ ਛੱਡ ਦਿਉ। ਪਰ ਨਾ ਕਿਸੇ ਲਾਲਚ ਦਾ ਤੇ ਨਾ ਕਿਸੇ ਡਰਾਵੇ ਦਾ ਸਤਿਗੁਰੂ ਜੀ ਉਤੇ ਕੋਈ ਅਸਰ ਹੋ ਸਕਿਆ। ਦੁਖੀਆਂ ਦੀ ਬਾਂਹ ਫੜਨੀ ਭੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਅਨੁਸਾਰ ਹੀ ਸੀ, ਇਸ ਦੇ ਛੱਡਣ ਤੋਂ ਭੀ ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ। ਉਹਨਾਂ ਦੇ ਸਾਹਮਣੇ ਤਾਂ ਨਿਸ਼ਾਨਾ ਇਹ ਸੀ ਕਿ ਨਿਡਰਤਾ ਨਾਲ ਮੌਤ ਦਾ ਸਾਹਮਣਾ ਕੀਤਿਆਂ, ਸਹਿਮੇ ਹੋਏ ਲੋਕਾਂ ਦੀਆਂ ਅੱਖਾਂ ਅਗੇ ਇਕ ਉਹ ਦ੍ਰਿਸ਼ ਖੜਾ ਹੋ ਜਾਏਗਾ, ਜਿਸ ਦੇ ਆਸਰੇ ਉਹ ਮਰਦਾਂ ਵਾਂਗ ਮੌਤ ਨਾਲ ਖੇਡਣ ਦੀ ਜਾਚ ਸਿੱਖ ਲੈਣਗੇ ਅਤੇ ਔਰੰਗਜ਼ੇਬ ਦੀ ਜ਼ੁਲਮ ਦੀ ਤਲਵਾਰ ਖੁੰਢੀ ਹੋ ਜਾਏਗੀ।

## ਭਿਆਨਕ ਮੌਤ ਦੇ ਡਰਾਵੇ

ਇਤਨੇ ਨੂੰ ਔਰੰਗਜ਼ੇਬ ਦਾ ਦੂਜਾ ਹੁਕਮ ਆ ਗਿਆ ਕਿ (ਗੁਰੂ) ਤੇਗ ਬਹਾਦਰ (ਜੀ) ਨੂੰ ਕਤਲ ਕਰ ਦਿੱਤਾ ਜਾਏ। ਸੈਰੁਲ ਮਤਾਖ਼ਰੀਨ ਦਾ ਲਿਖਾਰੀ ਲਿਖਦਾ ਹੈ ਕਿ "ਬਾਅਦ ਚੰਦ ਰੋਜ਼ ਹੁਕਮਿ ਦੀਗਰ ਦਰ ਬਾਰਾਏ ਤੇਗ਼ ਬਹਾਦਰ ਰਸੀਦ ਕਿ ਊ ਰਾ ਕੁਸ਼ਤਹ ਵਜੂਦਸ਼ ਰਾ ਚੰਦ ਹਿੱਸਾ ਨਮੂਦਹ ਅਤਰਾਫ਼ੇ ਸ਼ਹਿਰ ਬਿਆਵੇਜ਼ੰਦ।"—ਭਾਵ, ਗੁਰੂ ਤੇਗ ਬਹਾਦਰ ਨੂੰ ਕਤਲ ਕੀਤਾ ਜਾਏ, ਉਸ ਦੇ ਜਿਸਮ ਦੇ ਟੋਟੇ ਕਰ ਕੇ ਸ਼ਹਿਰ ਦੇ ਸਭਨੀ ਪਾਸੀਂ ਲਟਕਾ ਦਿੱਤੇ ਜਾਣ।

ਭਿਆਨਕ ਮੌਤ ਦੇ ਡਰਾਵੇ ਦੇਣ ਲਈ ਤੁਰਕ ਹਾਕਮਾਂ ਨੇ ਸਤਿਗੁਰੂ ਜੀ ਦੇ ਸਾਹਮਣੇ ਪਹਿਲਾਂ ਭਾਈ ਮਤੀਦਾਸ ਜੀ ਨੂੰ ਜੀਉਂਦਿਆਂ ਹੀ ਆਰੇ ਨਾਲ

ਚਿਰਾਇਆ, ਫਿਰ ਭਾਈ ਦਿਆਲੇ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਪਾ ਕੇ ਸ਼ਹੀਦ ਕੀਤਾ ਗਿਆ। ਪਰ ਉਹਨਾਂ ਦੇ ਡਰਾਵੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਆਪਣੇ ਨਿਸਚੇ ਤੋਂ ਡੇਗ ਨਾ ਸਕੇ। ਆਖ਼ਰ ੧੧ ਨਵੰਬਰ ਸੰਨ ੧੬੭੫ ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਦਿਨ ਵੀਰਵਾਰ ਸੀ। ਦੇਸੀ ਸੰਮਤ ੧੭੩੨ ਮੱਘਰ ਦੀ ੧੧ ਤਰੀਕ ਸੀ। ਚੰਨ ਦੇ ਹਿਸਾਬ ਮੱਘਰ ਸੁਦੀ ੫ ਸੀ। ਅਰਬ ਦੇਸ ਦੇ ਹਿਜਰੀ ਸਾਲ ਦੇ ਮਹੀਨੇ ਰਮਜ਼ਾਨ ਦੀ ੩ ਤਰੀਕ। ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ, ਉਥੇ ਚਾਂਦਨੀ ਚੌਕ ਵਿਚ ਹੁਣ ਗੁਰਦੁਆਰਾ ਹੈ, ਜਿਸ ਦਾ ਨਾਮ ਸੀਸ ਗੰਜ ਹੈ। ਇਹ ਗੁਰਦੁਆਰਾ ਸੰਨ ੧੭੯੦ ਵਿਚ ਸ: ਬਘੇਲ ਸਿੰਘ ਕਰੋੜ-ਸਿੰਘੀਏ ਨੇ ਬਣਵਾਇਆ ਸੀ।

## ਭਾਈ ਜੈਤੇ ਦੀ ਹਿੰਮਤ

ਗੁਰੂ ਤੇਗ ਬਹਾਦਰ ਸਾਹਿਬ ਨੂੰ ਕਤਲ ਕਰਾਣ ਤੋਂ ਪਹਿਲੇ ਦਿਨ ਤੁਰਕ ਹਾਕਮਾਂ ਵਲੋਂ ਸ਼ਹਿਰ ਵਿਚ ਮੁਨਾਦੀ ਕਰਾਈ ਗਈ ਸੀ। ੧੧ ਨਵੰਬਰ ਨੂੰ ਸਵੇਰੇ ਦਿੱਲੀ ਦੇ ਚਾਂਦਨੀ ਚੌਕ ਵਿਚ ਵੇਖਣ ਵਾਲਿਆਂ ਦੀ ਭੀੜ ਲੱਗ ਗਈ, ਜਿਸ ਵਿਚ ਮੁਸਲਮਾਨ, ਸਿਖ, ਹਿੰਦੂ ਸਭੇ ਹੀ ਸਨ।

ਦੁਖੀ ਲੋਕਾਂ ਦੀ ਖ਼ਾਤਰ ਆਪਣੇ ਆਪ ਨੂੰ ਪੇਸ਼ ਕਰਨ, ਸਹਿਮੇ ਹੋਏ ਬੰਦਿਆਂ ਨੂੰ ਹੌਸਲਾ ਦੇ ਕੇ ਇਤਨੀ ਵਡੀ ਮੁਗ਼ਲ ਹਕੂਮਤ ਨੂੰ ਵੰਗਾਰਨਾ ਅਤੇ ਫਿਰ ਸ਼ਾਂਤ-ਚਿੱਤ ਰਹਿ ਕੇ ਹੱਸਦੇ-ਮੱਥੇ ਮੌਤ ਦਾ ਸਾਹਮਣਾ ਕਰਨਾ—ਇਹ ਕੋਈ ਸਾਧਾਰਨ ਜਿਹੀ ਗੱਲ ਨਹੀਂ ਸੀ। ਆਪਣੇ ਧਰਮ ਦੀ ਖ਼ਾਤਰ ਤਾਂ ਲੋਕ ਕੁਰਬਾਨੀਆਂ ਦੇਂਦੇ ਆਏ, ਪਰ ਇਹ ਇਕ ਅਲੌਕਿਕ ਖੇਡ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਉਸ ਜੰਞੂ ਤਿਲਕ ਆਦਿਕ ਦੀ ਰਾਖੀ ਲਈ ਸੂਰਮਿਆਂ ਵਾਂਗ ਸਿਰ ਦੇ ਰਹੇ ਸਨ ਜਿਸ ਵਿਚ ਉਹਨਾਂ ਦੀ ਆਪਣੀ ਕੋਈ ਸ਼ਰਧਾ ਨਹੀਂ ਸੀ, ਜਿਸ ਦੇ ਵਿਰੁੱਧ ਸਗੋਂ ਉਹ ਆਪ ਹੀ ਪਰਚਾਰ ਕਰਦੇ ਸਨ। ਪਰ ਲੋਕਾਂ ਨੂੰ ਕਿਸੇ ਭੁਲੇਖੇ ਵਿਚੋਂ ਕੱਢਣ ਲਈ ਧੀਰਜ ਨਾਲ ਪਿਆਰ ਨਾਲ ਸਮਝਾਣਾ ਹੋਰ ਗੱਲ ਹੈ ਤੇ ਮੌਤ ਦੇ ਡਰਾਵੇ ਦੇ ਦੇ ਕੇ ਹਟਾਣਾ ਹੋਰ ਗੱਲ ਹੈ।

ਸੂਰਮਿਆਂ ਵਾਲੀ ਇਹ ਅਦੁੱਤੀ ਸ਼ਹੀਦੀ ਵੇਖ ਕੇ ਲੋਕਾਂ ਦੇ ਦਿਲ ਹਿੱਲ ਗਏ। ਚੁਫੇਰੇ ਹਾਹਾਕਾਰ ਮਚ ਗਈ। ਜਿਤਨੇ ਮੂੰਹ ਉਤਨੀਆਂ ਗੱਲਾਂ। ਉਸ ਹਫੜਾ-ਤਫੜੀ ਵਿਚ ਭਾਈ ਜੈਤੇ ਨੂੰ ਮੌਕਾ ਮਿਲ ਗਿਆ। ਸਤਿਗੁਰੂ ਜੀ ਦਾ

ਸੀਸ ਉਥੋਂ ਚੁੱਕ ਕੇ ਉਹ ਸਿੱਧਾ ਅਨੰਦਪੁਰ ਨੂੰ ਚੱਲ ਪਿਆ। ਦਿੱਲੀ ਤੋਂ ਅਨੰਦਪੁਰ ਉੱਤਰ ਵੱਲ ਦੋ ਕੁ ਸੌ ਮੀਲਾਂ ਦੀ ਵਿੱਥ 'ਤੇ ਹੈ।

## ਰਕਾਬਗੰਜ, ਲੱਖੀ ਵਣਜਾਰਾ

ਸਤਿਗੁਰੂ ਜੀ ਦਾ ਸੀਸ ਚੁੱਕਿਆ ਗਿਆ ਵੇਖ ਕੇ ਮੁਗ਼ਲ ਹਾਕਮਾਂ ਨੇ ਧੜ ਕੋਲ ਪਹਿਰਾ ਲਵਾ ਦਿੱਤਾ। ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਆਉਣ ਵਾਲੇ ਪੰਜਾਂ ਸਿੱਖਾਂ ਵਿਚੋਂ ਭਾਈ ਊਦਾ ਦਿੱਲੀ ਵਿਚ ਹੀ ਮੁਸਲਮਾਨੀ ਭੇਸ ਵਿਚ ਫਿਰ ਰਿਹਾ ਸੀ ਤੇ ਗੁਰੂ ਸਾਹਿਬ ਦੇ ਸਰੀਰ ਨੂੰ ਉਥੋਂ ਚੁੱਕ ਲੈ ਜਾਣ ਵਾਸਤੇ ਵਿਉਂਤ ਸੋਚ ਰਿਹਾ ਸੀ। ਇਤਨੇ ਨੂੰ ਇਕ ਵਪਾਰੀ ਛੇ ਸਤ ਸੌ ਬਲਦ ਲੈ ਕੇ ਉਥੋਂ ਦੀ ਲੰਘਿਆ। ਲੱਖੀ ਇਸ ਦਾ ਨਾਮ ਸੀ। ਇਹ ਜਾਤਿ ਦਾ ਲਬਾਣਾ ਸੀ, ਚੂਨੇ ਕਲੀ ਦਾ ਵਪਾਰ ਕਰਦਾ ਸੀ। ਲੱਖੀ ਗੁਰੂ ਕਾ ਸਿਖ ਸੀ। ਅਨੇਕਾਂ ਲਬਾਣੇ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਸਿਖ ਬਣੇ ਚਲੇ ਆ ਰਹੇ ਹਨ। ਨਾਰਨੌਲ[੧] ਤੋਂ ਲੱਖੀ ਵਣਜਾਰਾ ਕਲੀ ਚੂਨੇ ਦੇ ਛੇ ਸਤ ਸੌ ਬਲਦ ਲੱਦ ਕੇ ਲਿਆਇਆ ਸੀ, ਤੇ ਦਿੱਲੀ ਦੇ ਕਿਲ੍ਹੇ ਵਿਚ ਸੁੱਟ ਕੇ ਵਾਪਸ ਆਪਣੇ ਪਿੰਡ ਨੂੰ ਵਾਪਸ ਜਾ ਰਿਹਾ ਸੀ। ਦਿਨ ਡੁੱਬਣ ਵਾਲਾ ਹੀ ਸੀ। ਭਾਂਈਂ ਊਦੇ ਨੇ ਆਪਣੇ ਦਿਲ ਦਾ ਦੁੱਖ ਉਸ ਨੂੰ ਦੱਸਿਆ। ਦੋਹਾਂ ਨੇ ਸਲਾਹ ਮੇਲੀ। ਲੱਖੀ ਆਪਣੇ ਬਲਦਾਂ ਨੂੰ ਚਾਂਦਨੀ ਚੌਕ ਵਿਚੋਂ ਦੀ ਲੈ ਤੁਰਿਆ। ਉਹਨਾਂ ਦੇ ਪੈਰਾਂ ਨਾਲ ਉੱਡ ਉੱਡ ਕੇ ਘੱਟੇ ਦਾ ਤੂਫ਼ਾਨ ਜਿਹਾ ਉੱਠ ਖਲੋਤਾ। ਪਹਿਰੇਦਾਰ ਪਰੇ ਦੁਰੇਡੇ ਹਟ ਖਲੋਤੇ। ਮੌਕਾ ਤਾੜ ਕੇ ਭਾਈ ਊਦੇ ਨੇ ਸਤਿਗੁਰੂ ਜੀ ਦਾ ਧੜ ਇਕ ਬਲਦ ਉਤੇ ਲੱਦ ਲਿਆ। ਸ਼ਹਿਰੋਂ ਤਿੰਨ ਕੁ ਮੀਲਾਂ 'ਤੇ ਲੱਖੀ ਦਾ ਪਿੰਡ ਸੀ, ਰਕਾਬ ਗੰਜ। ਅੱਪੜਦੇ ਨੇ ਹੀ ਧੜ ਆਪਣੇ ਮਕਾਨ ਵਿਚ ਰੱਖ ਕੇ, ਸਣੇ ਸਾਰੇ ਅਸਬਾਬ ਦੇ ਘਰ ਨੂੰ ਅੱਗ ਲਾ ਦਿੱਤੀ।

ਚਾਂਦਨੀ ਚੌਕ ਵਿਚੋਂ ਸਾਰੇ ਬਲਦ ਲੰਘ ਜਾਣ 'ਤੇ ਜਦੋਂ ਗਰੰਦਾ ਮੱਠਾ ਪਿਆ, ਤਾਂ ਪਹਿਰੇਦਾਰਾਂ ਨੇ ਆ ਕੇ ਵੇਖਿਆ ਕਿ ਸਤਿਗੁਰੂ ਜੀ ਦਾ ਧੜ ਭੀ ਉਥੋਂ ਗ਼ੈਬ ਸੀ। ਭਾਲ ਸ਼ੁਰੂ ਹੋਈ। ਕੁਝ ਸਿਪਾਹੀਆਂ ਨੇ ਬਲਦਾਂ ਦਾ ਪਿੱਛਾ ਭੀ ਕੀਤਾ। ਪਰ ਰਕਾਬ ਗੰਜ ਅੱਪੜ ਕੇ ਉਹਨਾਂ ਵੇਖਿਆ ਕਿ ਲੱਖੀ ਵਣਜਾਰੇ ਦਾ ਸਾਰਾ ਘਰ ਸੜ ਰਿਹਾ ਸੀ ਅਤੇ ਲੱਖੀ ਕੋਲ ਖਲੋਤਾ 'ਲੁੱਟੇ ਗਏ, ਮਾਰੇ

---

੧. ਦਿੱਲੀ ਤੋਂ ਸੱਤਰ ਕੁ ਮੀਲ ਦੱਖਣ-ਪੱਛਮ ਵੱਲ ਹੈ, ਤੇ ਹੁਣ ਦਿੱਲੀ ਤੋਂ ਅਜਮੇਰ ਜਾਣ ਵਾਲੀ ਰੇਲਵੇ-ਲਾਈਨ ਉੱਤੇ ਰੀਵਾੜੀ ਤੋਂ ਅਗਾਂਹ ਵੀਹ ਕੁ ਮੀਲਾਂ ਦੀ ਵਿੱਥ 'ਤੇ ਰੇਲ ਦਾ ਸਟੇਸ਼ਨ ਹੈ।


www.sikhbookclub.com

ਗਏ' ਦਾ ਰੌਲਾ ਪਾਈ ਜਾ ਰਿਹਾ ਸੀ। ਇਸ ਤਰ੍ਹਾਂ ਲੱਖੀ ਉਤੇ ਕੋਈ ਸ਼ੱਕ ਨਾ ਪੈਣ ਕਰਕੇ ਸਿਪਾਹੀ ਵਾਪਸ ਮੁੜ ਗਏ।

ਹੁਣ ਇਹ ਥਾਂ ਨਵੀਂ ਦਿੱਲੀ ਵਿਚ ਹੈ। ਇਥੇ ਭੀ ਗੁਰਦੁਆਰਾ ਹੈ, ਜਿਸ ਦਾ ਨਾਮ ਗੁਰਦੁਆਰਾ ਰਕਾਬ ਗੰਜ ਹੈ। ਇਹ ਭੀ ਸਰਦਾਰ ਬਘੇਲ ਸਿੰਘ ਨੇ ਹੀ ਸੰਨ ੧੭੯੦ ਵਿਚ ਬਣਵਾਇਆ ਸੀ।

## ਗੁਰੂ ਕੇ ਬੇਟੇ

ਭਾਈ ਜੈਤਾ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਲੈ ਕੇ ਸਵਾ ਦੋ ਸੌ ਮੀਲਾਂ ਦਾ ਪੈਂਡਾ ਮੁਕਾਣ ਲਈ ਦਿਨ ਰਾਤ ਇਕ ਕਰੀ ਜਾ ਰਿਹਾ ਸੀ। ਪਰ ਉਸ ਨੂੰ ਰਸਤੇ ਵਿਚ ਲੋਕਾਂ ਦੀ ਨਜ਼ਰ ਭੀ ਬਚਾਣੀ ਪੈ ਰਹੀ ਸੀ।

ਧੜ ਦਾ ਸਸਕਾਰ ਕਰ-ਕਰਾ ਕੇ ਭਾਈ ਊਦਾ ਭੀ ਵਾਹੋ-ਦਾਹੀ ਅਨੰਦਪੁਰ ਨੂੰ ਚੱਲ ਪਿਆ। ਭਾਈ ਜੈਤੇ ਨੂੰ ਕੀਰਤਪੁਰ ਜਾ ਮਿਲਿਆ। ਦੋਵੇਂ ਰਲ ਕੇ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਪਹੁੰਚੇ। ਸਤਿਗੁਰੂ ਜੀ ਨੇ ਦੋਹਾਂ ਦੀ ਕੁਰਬਾਨੀ ਦੀ ਕਦਰ ਕੀਤੀ। ਭਾਈ ਜੈਤੇ ਨੂੰ ਗਲ ਨਾਲ ਲਾ ਕੇ ਬਚਨ ਕੀਤੋ ਨੇ, 'ਰੰਘਰੇਟੇ ਗੁਰੂ ਕੇ ਬੇਟੇ'। ਭਾਈ ਜੈਤਾ ਪੱਛੜੀ ਹੋਈ ਸ਼੍ਰੇਣੀ ਵਿਚੋਂ ਸੀ। ਜਦੋਂ ਸੰਨ ੧੬੯੯ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਸਜਾਇਆ ਸੀ, ਤਾਂ ਇਹਨਾਂ ਦੋਹਾਂ ਨੇ ਭੀ ਅੰਮ੍ਰਿਤ ਛਕ ਲਿਆ ਸੀ। ਭਾਈ ਜੈਤਾ 'ਜੀਉਣ ਸਿੰਘ' ਅਤੇ ਭਾਈ ਊਦਾ 'ਉਦੈ ਸਿੰਘ' ਬਣ ਗਿਆ ਸੀ। ਭਾਈ ਜੀਊਣ ਸਿੰਘ ਚਮਕੌਰ ਸਾਹਿਬ ਦੇ ਜੁੱਧ ਵਿਚ ਸ਼ਹੀਦ ਹੋਇਆ ਸੀ।

ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦਾ ਸਸਕਾਰ ਅਨੰਦਪੁਰ ਵਿਚ ਕੀਤਾ ਗਿਆ। ਉਥੇ ਹੁਣ ਗੁਰਦੁਆਰਾ ਸੀਸ ਗੰਜ ਹੈ।

## ਜੀਵਨ-ਸੰਖੇਪ

ਜਨਮ-ਅਸਥਾਨ : ਅੰਮ੍ਰਿਤਸਰ, ਗੁਰੂ ਕੇ ਮਹਲ।

ਜਨਮ-ਤਰੀਕ : ੫ ਵੈਸਾਖ ਸੰਮਤ ੧੬੭੮ (੧ ਅਪ੍ਰੈਲ ਸੰਨ ੧੬੨੧)।

ਗੁਰਿਆਈ : ਅਪ੍ਰੈਲ ੧੬੬੪। (ਪ੍ਰਗਟੇ, ਸਾਵਣ ਦੀ ਪੂਰਨਮਾਸ਼ੀ ਪਿੰਡ ਬਾਬੇ ਬਕਾਲੇ ਵਿਚ)। ਅੰਮ੍ਰਿਤਸਰ ਤੋਂ ਹੋ ਕੇ ਬਕਾਲੇ ਦੇ ਰਸਤੇ ਕੀਰਤਪੁਰ ਗਏ।

ਅਨੰਦਪੁਰ ਵਸਾਇਆ: ੧੬੬੫ ਵਿਚ।

ਪੂਰਬ ਦੇਸ ਦਾ ਦੌਰਾ: ਪੰਜ ਸਾਲ ਸੰਨ ੧੬੬੫ ਤੋਂ ੧੬੭੦ ਤਕ।

ਵਾਪਸ ਅਨੰਦਪੁਰ ਆ ਕੇ ਤਿੰਨ-ਚਾਰ ਸਾਲ ਟਿਕੇ।

ਹਿੰਦੂ ਜਨਤਾ ਨੂੰ ਤੁਰਕਾਂ ਦੇ ਨਵੇਂ ਜਾਰੀ ਕੀਤੇ ਜ਼ੁਲਮ ਦੇ ਸਹਿਮ ਤੋਂ ਬਚਾਣ ਲਈ ਦੇਸ-ਰਟਨ ੧੬੭੪-੭੫।

ਗ੍ਰਿਫ਼ਤਾਰੀ: ਔਰੰਗਜ਼ੇਬ ਦੇ ਹੁਕਮ ਨਾਲ ਆਗਰੇ ਗ੍ਰਿਫ਼ਤਾਰੀ।

ਸ਼ਹੀਦੀ: ੧੧ ਨਵੰਬਰ ਸੰਨ ੧੬੭੫, ਦਿੱਲੀ।

# ਦਸਵਾਂ ਕਾਂਡ

## ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ

ਗੁਰੂ ਤੇਗ ਬਹਾਦਰ ਸਾਹਿਬ ਦੇ ਲਿਖੇ ਹੋਏ ੫੯ ਸ਼ਬਦ ਅਤੇ ੫੭ ਸਲੋਕ ਹਨ। ਸਲੋਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ ਹਨ, ਸ਼ਬਦ ਹੇਠ-ਲਿਖੇ .੧੫ ਰਾਗਾਂ ਵਿਚ ਹਨ:

| | | | |
|---|---|---|---|
| ਗਉੜੀ | ੯ | ਤਿਲੰਗ | ੩ |
| ਆਸਾ | ੧ | ਬਿਲਾਵਲੁ | ੩ |
| ਦੇਵਗੰਧਾਰੀ | ੩ | ਰਾਮਕਲੀ | ੩ |
| ਬਿਹਾਗੜਾ | ੧ | ਮਾਰੂ | ੩ |
| ਸੋਰਠਿ | ੧੨ | ਬਸੰਤ | ੫ |
| ਧਨਾਸਰੀ | ੪ | ਸਾਰੰਗ | ੪ |
| ਜੈਤਸਰੀ | ੩ | ਜੈਜਾਵੰਤੀ | ੪ |
| ਟੋਡੀ | ੧ | ਜੋੜ | ੫੯ |

***ਨੋਟ :*** ਜੈਜਾਵੰਤੀ ਰਾਗ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਨੇ ਵਰਤਿਆ ਹੈ, ਹੋਰ ਕਿਸੇ ਗੁਰ-ਵਿਅਕਤੀ ਦੀ ਬਾਣੀ ਇਸ ਰਾਗ ਵਿਚ ਨਹੀਂ ਹੈ। ਗੁਰੂ ਅਰਜਨ ਸਾਹਿਬ ਦੀ ਲਿਖਵਾਈ 'ਆਦਿ ਬੀੜ' ਵਿਚ ਸਿਰਫ਼ ੩੦ ਰਾਗ ਹਨ। ਇਕੱਤੀਵਾਂ ਰਾਗ ਜੈਜਾਵੰਤੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇ ਤੋਂ ਨਵੇਂ ਉਤਾਰਿਆਂ ਵਿਚ ਦਰਜ ਹੋਣਾ ਸ਼ੁਰੂ ਹੋਇਆ।

ਗੁਰੂ ਸਾਹਿਬ ਦੀ ਸਾਰੀ ਬਾਣੀ ਹਿੰਦੀ ਵਿਚ ਹੈ।


www.sikhbookclub.com

# ਪਰਸਿੱਧ ਗੁਰਦੁਆਰੇ

(੧) ਜਨਮ ਅਸਥਾਨ—'ਗੁਰੂ ਕਾ ਮਹਲ' ਅੰਮ੍ਰਿਤਸਰ (ਸੰਨ ੧੬੨੧)

(੨) ਬਾਬਾ ਬਕਾਲਾ ਜ਼ਿਲਾ ਅੰਮ੍ਰਿਤਸਰ—ਪਰਗਟ ਹੋਏ (ਸੰਨ ੧੬੬੪)।

(੩) ਥੜ੍ਹਾ ਸਾਹਿਬ ਅੰਮ੍ਰਿਤਸਰ—ਸ੍ਰੀ ਅਕਾਲ ਤਖ਼ਤ ਤੋਂ ਪੰਜਾਹ ਕੁ ਗਜ਼ਾਂ ਦੀ ਵਿੱਥ 'ਤੇ ਉੱਤਰ ਵਲ। ਸੰਨ ੧੬੬੪ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਇਥੇ ਠਹਿਰੇ ਸਨ।

(੪) ਕੋਠਾ ਸਾਹਿਬ (ਪਿੰਡ ਵੱਲਾ, ਜ਼ਿਲਾ ਅੰਮ੍ਰਿਤਸਰ)। ਅੰਮ੍ਰਿਤਸਰ ਤੋਂ ਵਾਪਸੀ 'ਤੇ ਇਸ ਪਿੰਡ ਟਿਕੇ ਸਨ।

(੫) ਅਨੰਦਪੁਰ ਸਾਹਿਬ।

## ਪੂਰਬ ਦੇਸ ਦਾ ਦੌਰਾ

(੧) ਮੰਜੀ ਸਾਹਿਬ (ਸਾਬੋ ਕੀ ਤਲਵੰਡੀ ਰਿਆਸਤ ਪਟਿਆਲਾ)।

(੨) ਕੜਾ ਮਾਣਕ ਪੁਰ (ਜਮਨਾ ਤੋਂ ਪਾਰ)।

(੩) ਪ੍ਰਯਾਗ (ਮਹੱਲਾ ਅਹੀਆਪੁਰ)।

(੪) ਗੁਰਦੁਆਰਾ ਬੜੀ ਸੰਗਤਿ (ਕਟੜਾ ਰੇਸ਼ਮ, ਬਨਾਰਸ)।

(੫) ਬੜੀ ਸੰਗਤਿ (ਸਸਰਾਮ, ਬਿਹਾਰ ਪ੍ਰਾਂਤ)।

(੬) ਪਟਨਾ—ਗੁਰੂ ਕਾ ਬਾਗ਼।

## ਸ਼ਹੀਦੀ ਸਮੇ ਆਗਰੇ ਨੂੰ ਜਾਂਦਿਆਂ

(੧) ਲੱਖਣ ਮਾਜਰਾ (ਜ਼ਿਲਾ ਰੋਹਤਕ)।

(੨) ਰੋਹਤਕ।

(੩) ਆਗਰਾ।

(੪) ਗੁਰਦੁਆਰਾ ਸੀਸ ਗੰਜ, ਦਿੱਲੀ।

(੫) ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ।


www.sikhbookclub.com

# ੧੧ਵਾਂ ਕਾਂਡ

## ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਖ਼ਸੀਅਤ

### (੧) ਕੋਮਲਤਾ, ਨਿਰਵੈਰਤਾ ਤੇ ਵੈਰਾਗ

ਸਤਿਗੁਰੂ ਜੀ ਦੇ ਜੀਵਨ-ਇਤਿਹਾਸ ਵਿਚ ਅਸੀ ਵੇਖ ਚੁੱਕੇ ਹਾਂ ਕਿ ਉਹਨਾਂ ਦਾ ਹਿਰਦਾ ਕਿਤਨਾ ਕੋਮਲ ਤੇ ਨਿਰਵੈਰ ਸੀ, ਦੁਨੀਆ ਦੀਆਂ ਮੱਲਾਂ ਮੱਲਣ ਵਲੋਂ ਉਹਨਾਂ ਨੂੰ ਹੱਦ ਦਰਜੇ ਦੀ ਉਪਰਾਮਤਾ ਸੀ।

ਗੁਰਿਆਈ ਦੀ ਜ਼ਿੰਮੇਵਾਰੀ ਦੇ ਜਾਇਜ਼ ਤੇ ਯੋਗ ਵਾਰਸ ਹੁੰਦਿਆਂ ਭੀ ਜਦੋਂ ਉਹਨਾਂ ਇਹ ਵੇਖਿਆ ਕਿ ਕੁਝ ਸੁਆਰਥੀ ਸ਼ਖ਼ਸ ਮਾਨ-ਪ੍ਰਤਿਸ਼ਟਾ ਤੇ ਮਾਇਆ ਹਾਸਲ ਕਰਨ ਲਈ ਜ਼ੋਰੋ-ਜ਼ੋਰੀ ਕਬਜ਼ਾ ਕਰਨਾ ਚਾਹੁੰਦੇ ਸਨ, ਤਾਂ ਗੁਰੂ ਅਮਰਦਾਸ ਜੀ ਵਾਂਗ ਇਹਨਾਂ ਨੇ ਭੀ ਇਕਾਂਤ ਵਿਚ ਟਿਕੇ ਰਹਿਣਾ ਪਸੰਦ ਕੀਤਾ। ਪਰ ਜਦੋਂ ਸੁਆਰਥੀਆਂ ਦਾ ਪਾਜ ਉਹਨਾਂ ਦੇ ਆਪਣੇ ਹੀ ਹੌਲੇ ਜੀਵਨ ਦੀ ਰਾਹੀਂ ਉੱਘੜ ਗਿਆ, ਤੇ ਜਦੋਂ ਬਾਬਾ ਧੀਰਮਲ ਤੇ ਉਸ ਦੇ ਮਸੰਦ ਨੇ ਇਹ ਬਾਜ਼ੀ ਹੱਥੋਂ ਜਾਂਦੀ ਵੇਖ ਕੇ ਸਤਿਗੁਰੂ ਜੀ ਉੱਤੇ ਮਾਰੂ ਵਾਰ ਕਰ ਕੇ ਘਰ-ਘਾਟ ਭੀ ਲੁੱਟ ਲਿਆ, ਤਦੋਂ ਭੀ ਗੁਰੂ ਤੇਗ ਬਹਾਦਰ ਸਾਹਿਬ ਸ਼ਾਂਤ-ਚਿਤ ਅਡੋਲ ਟਿਕੇ ਰਹੇ, ਦਿਲ ਵਿਚ ਰਤਾ ਭਰ ਭੀ ਮੈਲ ਨਾ ਆਉਣ ਦਿੱਤੀਓ ਨੇ। ਇਥੋਂ ਤਕ ਕਿ ਜਦੋਂ ਭਾਈ ਮੱਖਣ ਸ਼ਾਹ ਸਾਥੀਆਂ ਦੀ ਸਹਾਇਤਾ ਨਾਲ ਉਹ ਲੁੱਟਿਆ ਹੋਇਆ ਮਾਲ ਮੋੜ ਲਿਆਇਆ ਤੇ 'ਆਦਿ ਬੀੜ' ਭੀ ਖੋਹ ਲਿਆਇਆ, ਤਾਂ ਸਤਿਗੁਰੂ ਜੀ ਨੇ ਉਸੇ ਵੇਲੇ ਉਹ ਸਭ ਕੁਝ ਮੋੜ ਭੇਜਿਆ।

ਸਤਿਗੁਰੂ ਜੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ। ੩੪ ਸਾਲਾਂ ਤੋਂ ਬੈਠੇ ਸੇਵਕ ਪੁਜਾਰੀਆਂ ਨੇ ਆਪਣੀ ਰੋਜ਼ੀ ਦਾ ਵਸੀਲਾ ਹੀ ਇਸ ਥਾਂ ਨੂੰ ਬਣਾ ਲਿਆ ਹੋਇਆ ਸੀ। ਸ੍ਰੀ ਹਰਿਮੰਦਰ ਸਾਹਿਬ ਨੂੰ ਜੰਦਰੇ ਮਾਰ ਕੇ ਉਹਨਾਂ ਸਤਿਗੁਰੂ ਜੀ ਦੀ ਨਿਰਾਦਰੀ ਪੁੱਜ ਕੇ ਕੀਤੀ ਸੀ। ਪਰ ਇਸ ਨਿਰਾਦਰੀ ਤੋਂ ਭੀ ਗੁਰੂ ਤੇਗ ਬਹਾਦਰ ਸਾਹਿਬ ਨੇ ਰਤਾ ਭਰ ਮੱਥੇ ਉੱਤੇ ਵੱਟ



 www.sikhbookclub.com

ਨਹੀਂ ਪੈਣ ਦਿੱਤਾ। ਭਾਈ ਮੱਖਣ ਸ਼ਾਹ, ਜੋ ਬਕਾਲੇ ਤੋਂ ਨਾਲ ਹੀ ਆਇਆ ਸੀ, ਕੁਝ ਖਰ੍ਹਵਾ ਹੋਣ ਲੱਗਾ, ਤਾਂ ਸਤਿਗੁਰੂ ਜੀ ਨੇ ਧੀਰਜ ਨਾਲ ਉਸ ਨੂੰ ਵਰਜ ਦਿੱਤਾ।

ਜਦੋਂ ਸਤਿਗੁਰੂ ਜੀ ਕੀਰਤਪੁਰ ਗਏ ਤਾਂ ਸ਼ਰੀਕ ਸੋਢੀਆਂ ਨੂੰ ਜਾਇਦਾਦ ਦੀ ਮਲਕੀਅਤ ਵਲੋਂ ਕੁਝ ਤੌਖਲਾ ਪਿਆ। ਹੱਕ ਹੁੰਦਿਆਂ ਭੀ ਆਪ ਨੇ ਕੋਈ ਹੱਕ ਨਹੀਂ ਜਤਾਇਆ। ਸ਼ਰੀਕਾਂ ਦੀ ਪੂਰੀ ਨਿਸਚਿੰਤਤਾ ਦੀ ਖ਼ਾਤਰ ਸਤਿਗੁਰੂ ਜੀ ਨੇ ਉਹ ਨਗਰ ਹੀ ਛੱਡ ਦਿੱਤਾ, ਤੇ ਓਥੋਂ ਪਰੇ ਕਹਿਲੂਰ ਰਿਆਸਤ ਵਿਚ ਇਕ ਪਿੰਡ ਦੀ ਕੁਝ ਜ਼ਮੀਨ ਮੁੱਲ ਲੈ ਕੇ ਨਵਾਂ ਨਗਰ ਵਸਾ ਲਿਆ।

## ਖ਼ਲਕਤ ਨਾਲ ਪਿਆਰ

ਬਿਗਾਨੇ ਰਾਜ ਵਿਚ ਹਿੰਦੂ ਜਨਤਾ ਦਿਨੋ-ਦਿਨ ਦੁੱਖਾਂ ਦੇ ਮੂੰਹ ਪੈਂਦੀ ਜਾ ਰਹੀ ਸੀ। ਉਹਨਾਂ ਦੁਖੀਆਂ ਨੂੰ ਕੋਈ ਸਹਾਰਾ ਨਹੀਂ ਸੀ ਦਿੱਸ ਰਿਹਾ। ਸਤਿਗੁਰੂ ਜੀ ਆਸਾਮ ਤਕ ਲੰਮੇ ਦੌਰੇ 'ਤੇ ਗਏ। ਪੰਜ ਸਾਲਾਂ ਦਾ ਸਫ਼ਰ ਝਾਗਿਓ ਨੇ। ਮਾਲਵੇ ਦੇ ਬਾਂਗਰ ਵਿਚ ਲੋਕਾਂ ਨੂੰ ਪਾਣੀ ਦੀ ਬਹੁਤ ਕਿੱਲਤ ਸੀ। ਰਸਤੇ ਵਿਚ ਸ਼ਰਧਾਲੂ ਸੇਵਕ ਜੋ ਮਾਇਆ ਭੇਟ ਕਰਦੇ ਰਹੇ, ਸਤਿਗੁਰੂ ਜੀ ਉਹ ਸਾਰੀ ਹੀ ਪਾਣੀ ਖੁਣੋਂ ਔਖੇ ਲੋਕਾਂ ਦੇ ਕਸ਼ਟ ਕੱਟਣ ਲਈ ਵਰਤਦੇ ਗਏ ਤੇ ਲੋੜ ਅਨੁਸਾਰ ਖੂਹ ਤੇ ਬਾਉਲੀਆਂ ਲਵਾਂਦੇ ਗਏ।

ਜਦੋਂ ਆਪ ਆਸਾਮ ਵਿਚ ਸਨ, ਤਾਂ ਔਰੰਗਜ਼ੇਬ ਨੇ ਮਿਰਜ਼ਾ ਰਾਜਾ ਰਾਮ ਸਿੰਘ ਨੂੰ ਆਸਾਮੀਆਂ ਦੇ ਵਿਰੁੱਧ ਫ਼ੌਜ ਦੇ ਕੇ ਭੇਜਿਆ। ਜੰਗਾਂ ਦੇ ਮੌਕੇ 'ਤੇ ਲੁੱਟ-ਮਾਰ, ਸਾੜ-ਫੂਕ, ਕਤਲਾਮ ਤੇ ਇਸਤ੍ਰੀਆਂ ਦੀ ਬੇ-ਪਤੀ ਤਾਂ ਹੋਣੀ ਹੀ ਹੋਈ। ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਪੂਰਾ ਰਸੂਖ਼ ਦੋਹੀਂ ਪਾਸੀਂ ਵਰਤ ਕੇ ਸੁਲਹ ਕਰਾਈ ਤੇ ਖ਼ਲਕਤ ਨੂੰ ਬਿਪਤਾ ਤੋਂ ਬਚਾਇਆ। ਹਰ ਥਾਂ ਆਪ ਨੇ ਇਹੀ ਸਿੱਖਿਆ ਦਿੱਤੀ ਕਿ ਜੀਊਣ ਦੇਵੋ ਤੇ ਜੀਵੋ, ਨਾ ਕਿਸੇ ਨੂੰ ਡਰਾਵੋ ਤੇ ਨਾ ਕਿਸੇ ਤੋਂ ਡਰੋ।

ਜਦੋਂ ਔਰੰਗਜ਼ੇਬ ਦੀ ਕੁਟਿਲ ਰਾਜਨੀਤੀ ਦੇ ਕਾਰਨ ਸਾਰੇ ਭਾਰਤ ਵਿਚ ਜ਼ੁਲਮ ਦੀ ਅੱਗ ਮੱਚ ਪਈ, ਹਿੰਦੂ ਲੋਕ ਸਹਿਮ ਗਏ, ਨਿਤਾਣੇ ਜਿਹੇ ਹੋ ਕੇ ਹਰ ਕਿਸਮ ਦੀ ਮਾਰ ਤੇ ਨਿਰਾਦਰੀ ਅੱਗੇ ਇਉਂ ਸਿਰ ਨਿਵਾਣ ਲੱਗ ਪਏ ਕਿ ਉਹਨਾਂ ਦੇ ਅੰਦਰੋਂ ਮਨੁੱਖਤਾ ਦਾ ਅਹਿਸਾਸ ਮੁੱਕਣ ਲੱਗ ਪਿਆ, ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਮਾਲ ਦਰਜੇ ਦੀ ਸੂਰਬੀਰਤਾ ਵਿਖਾ ਕੇ ਉੱਚੇ


www.sikhbookclub.com

ਤੋਂ ਉੱਚੇ ਦਰਜੇ ਦੀ ਮਨੁੱਖਤਾ ਦਾ ਆਦਰਸ਼ ਸਿਖਾਇਆ। ਦੁਨੀਆ ਦੇ ਲੋਕ ਆਪਣੇ ਵਾਸਤੇ ਜੀਊ ਰਹੇ ਸਨ, ਸਤਿਗੁਰੂ ਜੀ ਨੇ ਆਪਣੀ ਜਿੰਦ ਭੇਟਾ ਕਰ ਕੇ ਇਹ ਪੂਰਨੇ ਪਾਏ ਕਿ ਦੂਜਿਆਂ ਵਾਸਤੇ ਜੀਊਣਾ-ਮਰਨਾ ਹੀ ਅਸਲ ਮਨੁੱਖਤਾ ਹੈ।

## ਤਾਲੀਮ, ਉਹਨਾਂ ਦੀ ਬਾਣੀ ਵਿਚੋਂ

ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੀ ਤਾਲੀਮ ਸਮਝਣ ਵਾਸਤੇ ਹੇਠ-ਲਿਖੀਆਂ ਗੱਲਾਂ ਨੂੰ ਆਪਣੇ ਸਾਹਮਣੇ ਰੱਖਣਾ ਪਏਗਾ :

(੧) ਉਹਨਾਂ ਦੇ ਸਾਰੇ ਹੀ ੬੦ ਸ਼ਬਦਾਂ ਵਿਚ ਕੋਈ ਇਕ ਲਫ਼ਜ਼ ਭੀ ਫ਼ਾਰਸੀ, ਅਰਬੀ ਦਾ ਨਹੀਂ ਹੈ।

(੨) ਕਿਤੇ ਭੀ ਉਹਨਾਂ ਇਸਲਾਮ ਦਾ ਰਤਾ ਭਰ ਜ਼ਿਕਰ ਨਹੀਂ ਕੀਤਾ।

(੩) ਸਾਰੀ ਹੀ ਬਾਣੀ ਹਿੰਦੀ ਲਫ਼ਜ਼ਾਂ ਨਾਲ ਭਰਪੂਰ ਹੈ।

(੪) ਗੁਰਿਆਈ ਦੀ ਜ਼ਿੰਮੇਵਾਰੀ ਸਾਂਭਦਿਆਂ-ਸਾਰ ਹੀ ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੇਸ ਵਲ ਚਲੇ ਗਏ ਸਨ। ਉੱਤਰ ਪ੍ਰਾਂਤ, ਬਿਹਾਰ, ਬੰਗਾਲ ਤੇ ਆਸਾਮ ਵਿਚ ਪੰਜ ਸਾਲਾਂ ਦਾ ਦੌਰਾ ਕਰ ਕੇ ਵਾਪਸ ਮੁੜੇ ਸਨ।

(੫) ਜਦੋਂ ਔਰੰਗਜ਼ੇਬ ਨੇ ਖੁਲ੍ਹਮ-ਖੁਲ੍ਹਾ ਹਿੰਦੂ-ਮੰਦਰ ਢੁਹਾਣੇ ਸ਼ੁਰੂ ਕਰ ਦਿੱਤੇ, ਹਿੰਦੂਆਂ ਨੂੰ ਬਦੋ-ਬਦੀ ਮੁਸਲਮਾਨ ਬਣਾਣ ਦੇ ਹੁਕਮ ਜਾਰੀ ਕਰ ਦਿੱਤੇ ਤੇ ਕਸ਼ਮੀਰ ਦੇ ਬ੍ਰਾਹਮਣ ਸਤਿਗੁਰੂ ਜੀ ਪਾਸ ਸਹਾਇਤਾ ਲਈ ਆਏ, ਤਦੋਂ ਭੀ ਗੁਰੂ ਤੇਗ ਬਹਾਦਰ ਸਾਹਿਬ ਮੁੜ ਦੂਜੀ ਵਾਰ ਪੂਰਬ ਦੇਸ ਵਲ ਹੀ ਚੱਲ ਪਏ, ਨਗਰਾਂ ਤੇ ਪਿੰਡਾਂ ਵਿਚ ਇਕ ਸਾਲ ਦਾ ਚੱਕਰ ਲਾ ਕੇ ਆਖ਼ਰ ਆਗਰੇ ਪਹੁੰਚ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤੋ ਨੇ।

ਇਥੋਂ ਸਾਫ਼ ਦਿੱਸ ਰਿਹਾ ਹੈ ਕਿ ਸਤਿਗੁਰੂ ਜੀ ਨੂੰ ਔਰੰਗਜ਼ੇਬ ਦੀ ਚੋਟ ਦਾ ਖ਼ਤਰਨਾਕ ਅਸਰ ਪੂਰਬ ਦੇਸ ਦੇ ਹਿੰਦੂਆਂ ਉੱਤੇ ਪੈਂਦਾ ਜਾਪ ਰਿਹਾ ਸੀ। ਪੰਜਾਬ ਵਿਚ ਪਹਿਲੇ ਅੱਠ ਗੁਰ-ਵਿਅਕਤੀਆਂ ਦੀ ਹਿੰਮਤ, ਦਲੇਰੀ ਤੇ ਕੁਰਬਾਨੀ ਨਾਲ ਹਿੰਦੂ ਕੌਮ ਦੇ ਦਿਲਾਂ ਵਿਚੋਂ ਮੁਗ਼ਲਾਂ ਦਾ ਸਹਿਮ ਦੂਰ ਹੋ ਚੁੱਕਿਆ ਹੋਇਆ ਸੀ, ਇਥੋਂ ਤਕ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਕਮਾਨ ਹੇਠ ਪੰਜਾਬ-ਨਿਵਾਸੀਆਂ ਨੇ ਮੁਗ਼ਲਾਂ ਦੇ ਮੁਕਾਬਲੇ 'ਤੇ ਤਲਵਾਰ ਫੜ ਲਈ ਸੀ। ਸੋ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸਾਰਾ ਜ਼ੋਰ ਪੂਰਬ ਦੇਸ ਦੇ



 www.sikhbookclub.com

ਹਿੰਦੂਆਂ ਵਿਚ ਦਲੇਰੀ ਤੇ ਨਿਰਭੈਤਾ ਪੈਦਾ ਕਰਨ ਲਈ ਲਾਇਆ। ਦਰੋਪਤੀ, ਗਜ, ਅਜਾਮਲ, ਧ੍ਰੂ ਆਦਿਕ ਦੀਆਂ ਜਿਹੜੀਆਂ ਸਾਖੀਆਂ ਉਹ ਬ੍ਰਾਹਮਣਾਂ ਪਾਸੋਂ ਸੁਣਦੇ ਆ ਰਹੇ ਸਨ ਉਹਨਾਂ ਦਾ ਹੀ ਮੁੜ ਮੁੜ ਹਵਾਲਾ ਦੇ ਕੇ ਸਹਿਮੇ ਹੋਏ ਹਿੰਦੂਆਂ ਨੂੰ ਸਮਝਾ ਰਹੇ ਹਨ ਕਿ ਜੇ ਨਿਤ ਸਤਸੰਗ ਵਿਚ ਆ ਕੇ ਪਰਮਾਤਮਾ ਦਾ ਆਸਰਾ ਲਵੋਗੇ, ਤਾਂ ਤੁਹਾਡੇ ਅੰਦਰ ਭੀ ਇਸ ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰਭੂ ਹਿੰਮਤ ਪੈਦਾ ਕਰ ਦੇਵੇਗਾ। ਸਤਸੰਗ ਦੀ ਬਰਕਤ ਨਾਲ ਪੈਦਾ ਹੋਈ ਜਥੇਬੰਦੀ ਜਾਬਰ ਦਾ ਮੂੰਹ ਭਵਾ ਦੇਵੇਗੀ।

ਸੋ, ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਹੇਠ-ਲਿਖਿਆ ਖ਼ਾਸ ਲੀਹਾਂ ਉੱਤੇ ਉਪਦੇਸ਼ ਤੇ ਚੇਤਾਵਨੀ ਹੈ:

### *(੧) ਜਗਤ ਦੀ ਅਨ-ਸਥਿਰਤਾ*

ਇਹ ਸਰੀਰ ਸਦਾ ਟਿਕਿਆ ਨਹੀਂ ਰਹਿ ਸਕਦਾ। ਮੌਤ ਹਰੇਕ ਨੂੰ ਆ ਦਬਾਏਗੀ। ਧਨ, ਦੌਲਤ, ਇਸਤ੍ਰੀ ਤੇ ਪੁੱਤਰ ਕਿਸੇ ਨਾਲ ਭੀ ਸਦਾ ਦਾ ਸਾਥ ਨਹੀਂ ਹੈ। ਜੋ ਬੜਾ ਹਿਤ-ਪਿਆਰ ਕਰਦੇ ਹਨ, ਮੌਤ ਆਇਆਂ ਸਭ ਪਰੇ ਹਟ ਜਾਂਦੇ ਹਨ ਤੇ ਮਿਰਤਕ ਸਰੀਰ ਨੂੰ ਅੱਗ ਵਿਚ ਸਾੜ ਆਉਂਦੇ ਹਨ। ਫਿਰ, ਜੋ ਮੌਤ ਹਰੇਕ ਉੱਤੇ ਆਉਣੀ ਹੈ, ਉਸਦਾ ਇਤਨਾ ਸਹਿਮ ਕਿਉਂ?

### *(੨) ਦੁੱਖ ਸੁੱਖ ਦਾ ਚੱਕਰ*

ਦੁੱਖ ਸੁੱਖ ਹਰੇਕ ਨੂੰ ਵਾਪਰਦੇ ਹਨ, ਕਦੇ ਸੁੱਖ ਹੈ ਕਦੇ ਦੁੱਖ ਹੈ। ਸੁੱਖਾਂ ਦੀ ਪ੍ਰਾਪਤੀ ਤੇ ਦੁੱਖਾਂ ਦੀ ਨਵਿਰਤੀ ਵਾਸਤੇ ਧਿਰ ਧਿਰ ਦੀ ਖ਼ੁਸ਼ਾਮਦ ਕੀਤਿਆਂ ਲੋਕਾਂ ਦੀਆਂ ਨਜ਼ਰਾਂ ਵਿਚ ਸ਼ਰਮਸਾਰ ਭੀ ਹੋਵੀਦਾ ਹੈ ਤੇ ਖੱਜਲ-ਖੁਆਰ ਭੀ। ਵੇਖੋ, ਸੁੱਖ ਦੁੱਖ ਤੋਂ ਨਿਰਲੇਪ ਪ੍ਰਭੂ ਤੁਹਾਡੇ ਅੰਦਰ ਵੱਸਦਾ ਹੈ, ਉਸ ਦੀ ਯਾਦ ਵਿਚ ਜੁੜੋ ਤਾਂ ਸੁੱਖਾਂ ਦੁੱਖਾਂ ਵਲੋਂ ਬੇ-ਪਰਵਾਹੀ ਹੋ ਜਾਏਗੀ।

### *(੩) ਮੌਤ ਦਾ ਡਰ-ਸਹਿਮ ਦੂਰ ਕਰੋ*

ਜਿਸ ਪਰਮਾਤਮਾ ਨੇ ਅਨਾਥ ਦਰੋਪਤੀ ਦੀ ਲਾਜ ਅਹੰਕਾਰੇ ਕੈਰਵਾਂ ਦੀ ਸਭਾ ਵਿਚ ਰੱਖ ਲਈ ਤੇ ਉਸ ਨੂੰ ਨਗਨ ਹੋਣ ਤੋਂ ਬਚਾਇਆ, ਜਿਸ ਨਰਾਇਣ ਨੇ ਇਕ ਫੁੱਲ ਦੀ ਭੇਟਾ 'ਤੇ ਪ੍ਰਸੰਨ ਹੋ ਕੇ ਗਜ ਨੂੰ ਤੈਂਦਵੇ ਦੀ ਫਾਹੀ ਤੋਂ ਬਚਾ ਲਿਆ, ਜਿਸ ਨੇ ਅਨਾਥ ਬਾਲਕ ਧ੍ਰੂ ਨੂੰ ਅਟੱਲ ਪਦਵੀ ਦੇ ਦਿੱਤੀ, ਤੁਸੀ ਭੀ

ਜੇ ਉਸ ਦਾ ਆਸਰਾ ਪਰਨਾ ਲਵੋਗੇ, ਤਾਂ ਤੁਹਾਨੂੰ ਭੀ ਉਹ ਇਸ ਭਿਆਨਕ ਜ਼ੁਲਮ ਤਸ਼ੱਦਦ ਤੋਂ ਹੱਥ ਦੇ ਕੇ ਰੱਖ ਲਏਗਾ, ਤੁਹਾਨੂੰ ਆਤਮਕ ਮੌਤੇ ਮਰਨ ਨਹੀਂ ਦੇਵੇਗਾ।

*(੪) ਮੋਹ ਦਾ ਤਿਆਗ*

ਇਸ ਮੋਹ ਨੂੰ ਛੱਡੋ। ਇਹ ਤੁਹਾਨੂੰ ਸਰੀਰ ਤੋਂ ਉੱਚਾ ਨਹੀਂ ਹੋਣ ਦੇਂਦਾ। ਇਹੀ ਧਿਰ ਧਿਰ ਦੀ ਮੁਥਾਜੀ ਕਰਾ ਰਿਹਾ ਹੈ। ਇਸੇ ਦੀ ਪ੍ਰੇਰਨਾ ਨਾਲ ਦੁਨੀਆ ਦੇ ਚਸਕੇ, ਰੰਗ-ਤਮਾਸ਼ੇ ਮਿੱਠੇ ਲੱਗ ਰਹੇ ਹਨ ਤੇ ਜੀਵਨ ਸੁਆਰਥੀ ਬਣਦਾ ਜਾ ਰਿਹਾ ਹੈ। ਨਿਰਾ ਆਪਣੀ ਖ਼ਾਤਰ ਜੀਊਣਾ ਸਹੀ ਜੀਵਨ ਨਹੀਂ ਹੈ, ਇਹ ਨੀਵਾਂ-ਪਨ ਹੈ, ਇਹ ਆਤਮਕ ਮੌਤ ਹੈ। ਇਸ ਨੂੰ ਤਿਆਗੋ। ਤੁਹਾਨੂੰ ਅੰਦਰ ਵੱਸਦਾ ਰੱਬ ਦਿੱਸ ਪਏਗਾ ਤੇ ਤੁਸੀ ਨਿਡਰ ਨਿਰਭੈ ਹੋ ਜਾਉਗੇ।

*(੫) ਭੇਖ, ਤੀਰਥ ਤੇ ਤਪ*

ਇਹਨਾਂ ਭੇਖੀ ਸਾਧੂਆਂ ਤੋਂ ਬਚੋ। ਇਹਨਾਂ ਨੇ ਨਿਰੇ ਪੇਟ ਪਾਲਣ ਦੇ ਪਰਪੰਚ ਰਚੇ ਹੋਏ ਹਨ। ਤੀਰਥਾਂ ਵਲ ਭੱਜਿਆਂ ਤੇ ਪਹਾੜਾਂ ਜੰਗਲਾਂ ਦੇ ਗੋਸ਼ਿਆਂ ਵਿਚ ਲੁਕਿਆਂ ਭੀ ਇਹ ਆਈ ਬਿਪਤਾ ਟਲ ਨਹੀਂ ਸਕੇਗੀ। ਸਹਿਮ ਪਿਆ ਹੀ ਰਹੇਗਾ। ਘਟ ਘਟ ਵਿਚ ਵਸਦੇ ਪ੍ਰਭੂ ਦਾ ਆਸਰਾ ਫੜੋ, ਸਭ ਸਹਿਮ ਦੂਰ ਹੋ ਜਾਣਗੇ। ਪ੍ਰਭੂ ਦੀ ਯਾਦ ਹੀ ਜੀਵਨ ਦਾ ਸਹੀ ਮਨੋਰਥ ਹੈ।

 www.sikhbookclub.com